ਨਾਨਕ ਸਿੰਘ

ਅੱਗ ਦੀ ਖੇਡ



1

"ਪਿਠੇ ਹੋਏ ਨੂੰ ਪੀਹਣ ਦਾ ਮੈਂ ਕਹਿਨਾ, ਕੋਈ ਫ਼ਾਇਦਾ ਨਹੀਂ। ਜਹੰਨਮ ਵਿਚ ਜਾਏ ਤੁਹਾਡੀ ਇਹ ਇਤਿਹਾਦ ਸਭਾ, ਨਾਲੇ ਇਸ ਦੇ ਮੈਂਬਰ, ਜਦ ਕਿ ਉਧਰ ਸਾਡੇ ਹਜ਼ਾਰਹਾਂ ਭਰਾਵਾਂ ਨੂੰ ਭੇਡਾਂ ਬੱਕਰੀਆਂ ਵਾਂਗ ਕੋਹਿਆ ਜਾ ਰਿਹਾ ਹੈ, ਸਾਡੀਆਂ ਬੇ-ਸ਼ੁਮਾਰ ਭੈਣਾਂ ਨੂੰ ਨੰਗਿਆਂ ਕਰ ਕੇ ਉਹਨਾਂ ਦੇ ਜਲੂਸ ਕਢੇ ਜਾ ਰਹੇ ਨੇ — ਸਰੇ-ਬਾਜ਼ਾਰ ਜਿਨ੍ਹਾਂ ਨਾਲ ਬਦ-ਫ਼ੇਹਲੀ ਕੀਤੀ ਜਾ ਰਹੀ ਹੈ। ਤੁਸੀਂ ਡੁਬ ਕੇ ਕਿਉਂ ਨਹੀਂ ਮਰ ਜਾਂਦੇ ਇਤਿਹਾਦ-ਇਤਿਹਾਦ ਦੀਆਂ ਦੁਹਾਈਆਂ ਦੇਣ ਵਾਲੇ। ਮੈਂ ਕਹਿਨਾ ਵਾਂ, ਤੁਸੀਂ ਸਾਰੇ ਜਾਂ ਤਾਂ ਖ਼ੁਦਗਰਜ਼ ਹੋ, ਜਾਂ ਨਾਮਰਦ। ਤੁਹਾਡੇ ਡੌਲਿਆਂ ਵਿਚ ਜੇ ਅਜੇ ਵੀ ਕੋਈ ਲਹੂ ਦੀ ਬੂੰਦ ਬਾਕੀ ਹੈ, ਤਾਂ ਇਹ ਓਦੋਂ ਹੀ ਫਰਕੇਗੀ ਜਦੋਂ ਮੁਸਲਮਾਨ ਤੁਹਾਡੇ ਘਰਾਂ ਵਿਚ ਆ ਵੜਨਗੇ ਤੇ ਤੁਹਾਡੀਆਂ ਮਾਵਾਂ ਭੈਣਾਂ ਨੂੰ ਉਸੇ ਤਰ੍ਹਾਂ ਬੇ... ..."

ਜਵਾਲਾਮੁਖੀ 'ਚੋਂ ਉਬਲਦੇ ਹੋਏ ਲਾਵੇ ਵਾਂਗ ਨੌਜਵਾਨ ਦੇ ਮੂੰਹੋਂ ਇਹ ਵਾਕ ਨਿਕਲ ਨਿਕਲ ਕੇ ਕਮਰੇ ਦੇ ਵਾਤਾਵਰਣ ਵਿਚ ਤਲਖ਼ੀ ਪੈਦਾ ਕਰ ਰਹੇ ਸਨ। ਉਹ ਜਿਉਂ ਜਿਉਂ ਬੋਲਦਾ ਗਿਆ, ਉਸ ਦੀ ਆਵਾਜ਼ ਵਿਚ ਦੋ ਚੱਟਾਨਾਂ ਦੇ ਟਕਰਾਉਣ ਵਰਗੀ ਭਿਆਨਕਤਾ ਗੂੰਜਦੀ ਗਈ ਤੇ ਉਸ ਦੇ ਚਿਹਰੇ ਦਾ ਰੰਗ ਜਿਵੇਂ ਲਾਲ ਹੁੰਦਾ ਗਿਆ।

ਬੋਲਣ ਵਾਲਾ ਇਕ ਬਾਈਆਂ ਚਵ੍ਹੀਆਂ ਵਰ੍ਹਿਆਂ ਦਾ ਸਿਖ ਨੌਜਵਾਨ ਸੀ, ਜਿਹੜਾ ਪਹਿਰਾਵੇ ਤੋਂ ਕਾਲਜੀਏਟ ਜਾਪਦਾ ਸੀ।

ਅੰਮ੍ਰਿਤਸਰ ਦੀ ਗਰਾਂਡ ਟਰੰਕ ਰੋਡ ਤੇ — ਖ਼ਾਲਸਾ ਕਾਲਜ ਤੇ ਪੁਤਲੀਘਰ ਦੇ ਵਿਚਾਲੇ ਕਰ ਕੇ ਦਰਮਿਆਨੀ ਜਿਹੀ ਬਣਤਰ ਦੀ ਇਕ ਕੋਠੀ ਵਿਚ ਇਹ ਇਕ ਕਮਰਾ ਸੀ, ਜਿਸ ਵਿਚ ਇਸ ਵੇਲੇ ਸਾਰੇ ਰਲਾ ਕੇ ਬਾਰਾਂ ਨੌਜਵਾਨ ਇਕ ਮੇਜ਼ ਦੁਆਲੇ, ਕੁਰਸੀਆਂ ਤੇ ਬੈਠੇ ਸਨ, ਜਿਨ੍ਹਾਂ ਵਿਚ ਛੇ ਸਿਖ, ਚਾਰ ਹਿੰਦੂ ਤੇ ਦੋ ਮੁਸਲਮਾਨ ਸਨ।

ਮਾਰਚ ਦੇ ਮਹੀਨੇ ਦਾ ਪਹਿਲਾ ਪੱਖ ਸੀ ਤੇ ਸ਼ਾਮ ਦਾ ਵਕਤ। ਹੋਲੀਆਂ ਦੀ ਆਮਦ ਨੇੜੇ ਸੀ, ਜਿਸ ਕਰ ਤੇਜ਼ ਹਵਾਵਾਂ ਨੇ ਗਲੀਆਂ ਤੇ ਬਾਜ਼ਾਰਾਂ ਦਾ ਘੱਟਾ ਉਡਾ ਉਡਾ ਕੇ ਲੋਕਾਂ ਦੀਆਂ ਅੱਖਾਂ ਵਿਚ ਭਰਨਾ ਸ਼ੁਰੂ ਕਰ ਦਿਤਾ ਸੀ। ਨੌਜਵਾਨਾਂ ਦੀ ਇਹ ਛੋਟੀ ਜਿਹੀ ਪਾਰਟੀ, ਜਿਸ ਨੂੰ ਕਾਇਮ ਹੋਇਆਂ ਡੇਢ ਦੋ ਮਹੀਨੇ ਹੋਏ ਹਨ, ਅਸਲੋਂ ਹੀ ਏਨੀ ਛੋਟੀ ਨਹੀਂ ਸੀ। ਮੁਢਲੇ ਦਿਨੀਂ ਇਸ ਦੀ ਬੈਠਕ ਵਿਚ ਅੱਸੀ, ਸੌ ਦੇ ਲਗ ਪਗ ਮੈਂਬਰ ਹੁੰਦੇ ਸਨ, ਜਿਹੜੇ ਘਟਦੇ ਘਟਦੇ ਹੁਣ ਇਕ ਦਰਜਨ ਤੇ ਆ ਪਹੁੰਚੇ ਹਨ ਤੇ ਅਜ ਦੀ ਇਕੱਤ੍ਰਤਾ ਵਿਚ ਜਿਨ੍ਹਾਂ ਜਜ਼ਬਿਆਂ ਦਾ ਵਿਖਾਲਾ ਕੀਤਾ ਜਾ ਰਿਹਾ ਹੈ, ਇਸ ਤੋਂ ਤਾਂ ਇਹੋ ਜਾਪਦਾ ਹੈ ਕਿ ਇਸ ਸਭਾ ਦਾ ਕੀਰਤਨ ਸੋਹਿਲਾ ਜੇ ਅਜ ਨਹੀਂ ਤਾਂ ਹੋਰ ਚਹੁੰ ਦਿਨਾਂ ਤੀਕ ਅਵੱਸ਼ ਹੀ ਪੜ੍ਹਿਆ ਜਾਏਗਾ।

ਨੌਜਵਾਨ ਦੀ ਇਸ ਤਕਰੀਰ ਨੇ ਸਾਰੇ ਸਰੋਤਿਆਂ ਨੂੰ ਨਿਰਵਾਕ ਕਰ ਦਿਤਾ, ਜਿਨ੍ਹਾਂ ਦੇ ਚਿਹਰਿਆਂ ਉਤੇ ਇਸ ਵੇਲੇ ਡਰ, ਜੋਸ਼, ਆਤਮ-ਗਿਲਾਨੀ ਤੇ ਸ੍ਵੈ-ਮਾਣ ਦੇ ਚਿੰਨ੍ਹ ਵਰਤਮਾਨ ਸਨ। ਜਿਉਂ ਜਿਉਂ ਉਸ ਦੀ ਤਕਰੀਰ ਲੰਮੇਰੀ ਹੁੰਦੀ ਗਈ, ਸਰੋਤਿਆਂ ਵਿਚ ਇਕ ਪਾਸ਼ਵਿਕ ਜਿਹਾ ਜਜ਼ਬਾ ਉਛਲਦਾ ਚਲਾ ਗਿਆ ਤੇ ਜਿਉਂ ਹੀ ਕੋਲ ਬੈਠੇ ਇਕ ਹੋਰ ਸਿਖ ਗੱਭਰੂ ਨੇ ਬਿਜਲੀ ਦੀ ਤੇਜ਼ੀ ਨਾਲ ਉਠ ਕੇ ਸੱਜੇ ਹੱਥ ਦੇ ਪੰਜੇ ਨਾਲ ਬੋਲਣ ਵਾਲੇ ਦਾ ਮੂੰਹ ਬੰਦ ਕਰ

ਦਿਤਾ ਕਿ ਇਹ ਜਜ਼ਬਾ ਇਕ ਬਦਅਮਨੀ ਜਿਹੀ ਦੀ ਸ਼ਕਲ ਅਖ਼ਤਿਆਰ ਕਰ ਗਿਆ।

ਰੋਕਣ ਵਾਲੇ ਨੇ ਬਿਨਾਂ ਕਿਸੇ ਨਤੀਜੇ ਦੇ ਖਿਆਲ ਕੀਤਿਆਂ ਕੜਕਵੀਂ ਅਵਾਜ਼ ਵਿਚ ਉਸ ਬੋਲਣ ਵਾਲੇ ਨੂੰ ਕਹਿਣਾ ਸ਼ੁਰੂ ਕੀਤਾ — "ਸੁਦਰਸ਼ਨ ! ਤੂੰ ਆਊਟ ਆਫ ਸੈਂਸ ਹੋ ਕੇ ਬੋਲ ਰਿਹਾ ਏਂ। ਤੈਨੂੰ ਭੁੱਲਣਾ ਨਹੀਂ ਚਾਹੀਦਾ ਕਿ ਅਸੀਂ ਸਾਰੇ 'ਇਤਿਹਾਦ ਸਭਾ' ਦੇ ਮੈਂਬਰ ਹਾਂ, ਜਿਨ੍ਹਾਂ ਦਾ ਫਰਜ਼ ਹੈ ਅੱਗ ਨੂੰ ਬੁਝਾਣਾ, ਨਾਕਿ ਇਹੋ ਜਿਹੀਆ ਤਕਰੀਰਾਂ ਕਰ ਕਰ ਕੇ ਇਸ ਨੂੰ ਭੜਕਾਣਾ। ਮੰਨਿਆਂ ਕਿ ਤੇਰੀਆਂ ਗੱਲਾਂ ਸੱਚੀਆਂ ਨੇ, ਪਰ ਇਸ ਦਾ ਇਹ ਮਤਲਬ ਤਾਂ ਨਹੀਂ ਕਿ ਅਸੀਂ ਵੀ ਉਸੇ ਫਿਰਕਾ-ਪ੍ਰੱਸਤੀ ਦੇ ਹੜ੍ਹ ਵਿਚ ਰੁੜ੍ਹ ਜਾਈਏ ਜਿਸ ਵਿਚੋਂ ਲੋਕਾਂ ਨੂੰ ਬਚਾਉਣ ਲਈ ਅਸੀਂ ਕੱਠੇ... ..."

ਉਸ ਦੀ ਗਲ ਨੂੰ ਵਿਚੋਂ ਹੀ ਟੋਕ ਕੇ ਸੁਦਰਸ਼ਨ ਉਸੇ ਉਬਲਦੀ ਆਵਾਜ਼ ਵਿਚ ਬੋਲਿਆ — "ਅਸੀਂ ਜ਼ਿਸ ਮਤਲਬ ਲਈ ਇਕੱਠੇ ਹੋਏ ਹਾਂ, ਉਹ ਮਤਲਬ ਕਿਆਮਤ ਤਕ ਵੀ ਪੂਰਾ ਨਹੀਂ ਹੋ ਸਕਦਾ ਸਤਨਾਮ ! ਇਹ ਗਲ ਮੇਰੀ ਨੋਟ ਕਰ ਲੈ। ਯਕੀਨਨ ਹੁਣ ਉਹ ਵਕਤ ਆ ਗਿਆ ਹੈ ਜਦੋਂ ਇੱਟ ਦਾ ਜਵਾਬ ਪੱਥਰ ਦੀ ਸ਼ਕਲ ਵਿਚ ਦੇਣਾ ਜ਼ਰੂਰੀ ਹੋ ਜਾਂਦਾ ਹੈ। ਸਰਹੱਦੀ ਇਲਾਕੇ ਵਿਚੋਂ ਆਏ ਹੋਏ ਲੋਕਾਂ ਦੀਆਂ ਗਲਾਂ ਸੁਣ ਸੁਣ ਕੇ ਮੇਰਾ ਦਿਲ ਜ਼ਖ਼ਮੀ ਹੋ ਚੁਕਾ ਏ ਤੇ ਮੈਂ ਆਪਣੇ ਦਿਲ ਨਾਲ ਇਸ ਗਲ ਦਾ ਦੋ-ਟੁੱਕ ਫ਼ੈਸਲਾ ਕਰ ਚੁਕਾ ਹਾਂ ਕਿ ਆਪਣੇ ਇਕ ਇਕ ਹਮ ਮਜ਼ਹਬ ਦੀ ਜਾਨ ਬਦਲੇ ਚਾਰ ਚਾਰ ਜਾਨਾਂ ਲੈ ਕੇ ਛਡਾਂਗਾ। ਮੈਂ ਅਜ ਇਸ ਮੀਟਿੰਗ ਨੂੰ ਅਟੈਂਡ ਕਰਨ ਨਹੀਂ ਆਇਆ, ਮੈਂ ਇਸ ਦੀ ਮੈਂਬਰਸ਼ਿਪ ਦਾ ਗਲਾਵਾਂ ਗਲੋਂ ਉਤਾਰਨ ਲਈ ਆਇਆ ਹਾਂ — "ਔਹ ਲਓ।" ਤੇ ਕਹਿੰਦਿਆਂ ਕਹਿੰਦਆਂ ਉਸ ਨੇ ਕੋਟ ਦੀ ਅੰਦਰਲੀ ਜੇਬ 'ਚੋਂ ਇਕ ਤਹਿ ਕੀਤਾ ਹੋਇਆ ਕਾਗਜ਼ ਕਢ ਕੇ ਸਤਨਾਮ ਦੇ ਅਗੇ ਸੁਟ ਦਿਤਾ।

ਅਸਤੀਫ਼ੇ ਦਾ ਕਾਗ਼ਜ਼ ਫੜ ਕੇ ਸਤਨਾਮ ਸਿੰਘ ਨੇ ਬਿਨਾਂ ਪੜ੍ਹਿਆਂ ਹੀ ਮੇਜ਼ ਤੇ ਰਖ ਦਿਤਾ। ਬਹੁਤੀ ਚਿੰਤਾ ਉਸ ਨੂੰ ਏਸ ਗਲ ਦੀ ਪੈਦਾਂ ਹੋ ਗਈ ਸੀ ਕਿ ਕਿਤੇ ਇਹ ਅਜ ਦੀ ਮੀਟਿੰਗ, ਖ਼ੂਨ ਖ਼ਰਾਬ਼ੇ ਦੀ ਹਾਲਤ ਵਿਚ ਨਾ ਸਮਾਪਤ ਹੋਂਵੇ। ਸਾਹਮਣੀਆਂ ਦੁਹਾਂ ਕੁਰਸੀਆਂ ਤੇ ਬੈਠੇ ਹੋਏ ਦੋ ਮੁਸਲਮਾਨ ਮੈਂਬਰਾਂ ਦਾ ਫ਼ਿਕਰ ਉਸ ਨੂੰ ਸਭ ਤੋਂ ਜ਼ਿਆਦਾ ਪਰੇਸ਼ਾਨ ਕਰ ਰਿਹਾ ਸੀ, ਜਿਹੜੇ ਇਸ ਵੇਲੇ ਖਿਝੇ ਹੋਏ ਆਪਣੇ ਆਪ ਵਿਚ ਵਿਸ ਘੋਲ ਰਹੇ ਸਨ। ਕੋਲ ਬੈਠੇ ਹਿੰਦੂ ਸਿਖ ਮੈਂਬਰ ਉਨ੍ਹਾਂ ਵਲ ਕੈਰੀ ਨਜ਼ਰ ਨਾਲ ਤੱਕ ਰਹੇ ਸਨ।

ਨਾਲ ਦੀ ਕੁਰਸੀ ਤੋਂ ਇਕ ਹਿੰਦੂ ਗੱਭਰੂ ਬੋਲ ਉਠਿਆ, "ਸਰਦਾਰ ਸਤਨਾਮ ਸਿੰਘ ਜੀ ਮੁਆਫ ਕਰਨਾ, ਸੁਦਰਸ਼ਨ ਦੀ ਗੱਲ ਸੁਟ ਪਾਉਣ ਵਾਲੀ ਨਹੀਂ। ਉਸ ਦੀਆਂ ਗਲਾਂ ਨੂੰ ਜ਼ਰਾ ਡੀਪਲੀ ਸੋਚਣਾ ਚਾਹੀਦਾ ਏ। ਮੈਨੂੰ ਤੇ ਖ਼ੁਦ ਇਹ ਇਤਿਹਾਦ ਸਭਾ ਨਿਰਾ ਢੌਂਗ ਜਿਹਾ ਈ ਵਿਖਾਈ ਦੇਂਦੀ ਏ। ਅਸਲ ਵਿਚ ਮਜ਼ਹਬੀ ਖਿਚੋਤਾਣ ਦੀ ਮਰਜ਼ ਹੁਣ ਇਸ ਕਦਰ ਲਾ-ਇਲਾਜ ਹੋ ਚੁਕੀ ਹੈ ਕਿ ਤੁਹਾਡੇ ਇਹ ਇਤਿਹਾਦ ਸਭਾਈ ਨੁਸਖ਼ੇ ਕੁਝ ਵੀ ਸਵਾਰ ਨਹੀਂ ਸਕਦੇ। ਤੁਸੀਂ ਆਪ ਹੀ ਸੋਚ ਕੇ ਜਵਾਬ ਦਿਓ ਇਸ ਗਲ ਦਾ, ਕਿ ਪਿਛਲੇ ਦੋਂਹ ਢਾਈਆਂ ਮਹੀਨਿਆਂ ਤੋਂ ਜੁ ਅਸੀਂ ਇਤਨਾ ਸੰਘ ਪਾੜਦੇ ਫਿਰੇ, ਹਜ਼ਾਰਾਂ ਦੀ ਗਿਣਤੀ ਵਿਚ ਪੈਂਮਫਲੈਟ ਛਾਪ ਕੇ ਵੰਡੇ, ਅਖ਼ਬਾਰਾਂ ਵਿਚ ਆਰਟੀਕਲ ਕਢਾਏ, ਕਈ ਵਾਰੀ ਵਡੇ ਵਡੇ ਪੋਸਟਰ ਛਾਪ ਕੇ ਲਵਾਏ, ਤਕਰੀਰਾਂ ਕੀਤੀਆਂ, ਪਰ ਇਸ ਦਾ ਨਤੀਜਾ ਵੀ ਕੁਝ ਨਿਕਲਿਆ ? ਫ਼ਿਰਕੂ ਜ਼ਹਿਰ ਦੇ ਅਸਰ ਨੂੰ ਅਸੀਂ ਜਿਉਂ ਜਿਉਂ ਘਟਾਣ ਦੀ ਕੋਸ਼ਿਸ਼ ਕਰਦੇ ਗਏ, ਇਹ ਘਟਣ ਦੀ ਬਜਾਏ ਸਗੋਂ ਦਿਨੋ ਦਿਨ ਵਧਦਾ ਹੀ ਚਲਾ ਗਿਆ। ਫਿਰ ਇਹ ਵੀ ਤੁਹਾਥੋਂ ਲੁਕਿਆ ਨਹੀਂ ਕਿ ਇਸ ਵੇਲੇ ਸਾਰੇ ਅੰਮ੍ਰਿਤਸਰ ਮੁਸਲਮਾਨ ਪੁਲੀਸ ਦੇ ਰਹਿਮ ਉਤੇ ਹੈ, ਜਿਹੜੀ ਮੁਸਲਮਾਨਾਂ ਨੂੰ ਸ਼ਹਿ ਦੇ ਦੇ ਕੇ ਹਿੰਦੂਆਂ ਸਿਖਾਂ ਦੇ ਖ਼ਿਲਾਫ਼ ਜੇਹਾਦ ਕਰਨ ਲਈ ਉਕਸਾ ਰਹੀ ਹੈ।"

"ਤੇ ਮੇਰੀ ਗਲ ਯਾਦ ਰਖਣੀ" ਇਕ ਅੰਗਰੇਜ਼ੀ ਟੋਪ ਵਾਲੇ ਹਿੰਦੂ ਜੈਂਟਲਮੈਨ ਦੀ ਆਵਾਜ਼ ਆਈ — "ਤੁਸੀਂ ਭਾਵੇਂ ਕਿਆਮਤ ਤੀਕ ਲਗੇ ਰਹੋ, ਇਹ ਨੁਸਖ਼ੇ ਕਦੀ ਵੀ ਕਾਰਗਰ ਨਹੀਂ ਜੇ ਹੋਣੇ। ਦੋ ਮਹੀਨੇ ਹੋ ਚਲੇ ਨੇ ਇਹ ਸਭਾ ਬਣੀ ਨੂੰ, ਮੈਨੂੰ ਦਸਿਆ ਜਾਵੇ ਕਿ ਇਸ ਨੇ ਅਜ ਤੀਕ ਕਾਰਗੁਜ਼ਾਰੀ ਕਰ ਦਿਖਾਈ ਏ, ਸਿਵਾਇ ਇਸ ਤੋਂ ਕਿ ਖ਼ਾਹਮਖ਼ਾਹ ਲੋਕਾਂ ਦਾ ਵਕਤ ਜ਼ਾਇਆ ਕਰਨ ਲਈ ਕਦੀ ਕਿਤੇ ਤੇ ਕਦੀ ਕਿਤੇ ਮੀਟਿੰਗ ਕਾਲ ਕਰ ਦਿਤੀ। ਜਿਹੜੀਆਂ ਖ਼ਬਰਾਂ ਅਸੀਂ ਅਖ਼ਬਾਰਾਂ ਵਿਚ ਪੜ੍ਹ ਰਹੇ ਹਾਂ, ਉਹਨਾਂ ਤੋਂ ਤਾਂ ਇਹੋ ਜ਼ਾਹਰ ਹੁੰਦਾ ਹੈ ਕਿ ਹਿੰਦੂਆਂ ਸਿਖਾਂ ਦੀ ਬੁਰਦਬਾਰੀ ਤੋਂ ਫਾਇਦਾ ਉਠਾ ਕੇ ਮੁਸਲਮਾਨ ਸਗੋਂ ਦਿਨੋ ਦਿਨ ਮਛਰਦੇ ਜਾ ਰਹੇ ਨੇ। ਹਜ਼ਾਰੇ ਤੇ ਪੋਠੋਹਾਰ ਦੀ ਤਬਾਹੀ ਇਸ ਦੀ ਜ਼ਿੰਦਾ ਮਿਸਾਲ ਸਾਡੇ ਸਾਹਮਣੇ ਮੌਜੂਦ ਹੈ।"

"ਪਰ ਮਿਸਟਰ ਕੁਮਾਰ ! ਇਸ ਦੀ ਵਜ੍ਹਾ ਕੀ ਏ ਤੁਹਾਡੇ ਖ਼ਿਆਲ ਵਿਚ ?" ਸਤਨਾਮ ਨੇ ਉਸ ਹਿੰਦੂ ਨੌਜਵਾਨ ਉਤੇ ਸਵਾਲ ਕੀਤਾ। ਜਿਸ ਦੇ ਜਵਾਬ ਵਿਚ ਉਹ ਜ਼ਰਾ ਅਗਾਂਹ ਝੁਕ ਕੇ ਬੋਲਿਆ — "ਵਜ੍ਹਾ ਇਹੋ ਕਿ ਮੁਸਲਮਾਨਾਂ ਦਾ ਜਨੂੰਨੀ ਤਬਕਾ ਇਸ ਵੇਲੇ ਇਨਸਾਨੀਅਤ ਦੀਆਂ ਸਾਰੀਆਂ ਹੱਦਾਂ ਟਪ ਚੁਕਾ ਏ। ਪਿਛਲੇ ਇਕ ਮਹੀਨੇ ਤੋਂ ਲੈ ਕੇ ਅਜ ਤਕ ਦੇ ਅਖਬਾਰਾਂ ਦੀਆਂ ਫ਼ਾਈਲਾਂ ਕਢ ਕੇ ਵੇਖੋ। ਹਜ਼ਾਰਾ ਤੇ ਪੋਠੋਹਾਰ ਦੇ ਹਾਲਾਤ ਪੜ੍ਹ ਕੇ ਖ਼ੁਦ-ਬਖ਼ੁਦ ਤੁਸੀਂ ਮੰਨੋਗੇ ਕਿ ਤੁਹਾਡੀ ਇਹ ਇਤਿਹਾਦ ਸਭਾ ਫ਼ਜ਼ੂਲ ਹੀ ਆਪਣਾ ਵਕਤ ਜ਼ਾਇਆ ਕਰ ਰਹੀ ਏ, ਜਦ ਕਿ ਇੱਟਾਂ ਪੱਥਰਾਂ ਦੇ ਜਵਾਬ ਵਿਚ ਫੁਲ ਵਰਸਾਣੇ ਇਸ ਨੇ ਆਪਣਾ ਆਦਰਸ਼ ਬਣਾਇਆ ਹੋਇਆ ਹੈ।"

"ਤਾਂ ਤੁਹਾਡਾ ਮਤਲਬ ਇਹ ਹੈ" ਕੁਮਾਰ ਤੋਂ ਚੌਥੀ ਸੀਟ ਤੇ ਬੈਠਾ ਹੋਇਆ ਮੁਸਲਮਾਨ ਗੱਭਰੂ 'ਇਸਹਾਕ' ਬੋਲ ਉਠਿਆ — "ਕਿ ਇਟਾਂ ਦਾ ਮੁਕਾਬਲਾ ਪੱਥਰਾਂ ਨਾਲ ਕੀਤਾ ਜਾਵੇ ? ਜੇ ਇਸੇ ਵਿਚ ਤੁਸੀਂ ਆਪਣੇ ਸ਼ਹਿਰ ਤੇ ਆਪਣੇ ਵਤਨ ਦੀ ਨਜਾਤ ਸਮਝਦੇ ਹੋ ਤਾਂ ਵਾਕਿਆ ਹੀ ਇਸ ਸੁਸਾਇਟੀ ਦਾ ਵਜੂਦ ਹੁਣ ਕਿਸੇ ਮਰਜ਼ ਦੀ ਦਵਾ ਨਹੀਂ।"

"ਸਚ ਪੁਛੋ ਤਾਂ" ਤ੍ਰਿਲੋਚਨ ਸਿੰਘ ਜਿਹੜਾ ਸਤਨਾਮ ਦੇ ਸਜੇ ਹਥ ਬੈਠਾ ਸੀ, ਬੋਲਿਆ — "ਇਸ ਸੁਸਾਇਟੀ ਦਾ ਵਜੂਦ ਆਟੋਮੈਟੀਕਲੀ ਖ਼ਤਮ ਹੋ ਚੁਕਾ ਹੈ, ਜਦ ਕਿ ਕਈਆਂ ਸਿਟਿੰਗਜ਼ ਤੋਂ ਇਸ ਦਾ ਕੋਰਮ ਹੀ ਪੂਰਾ ਨਹੀਂ ਹੁੰਦਾ। ਸੌ ਦੇ ਕਰੀਬ ਮੈਂਬਰਸ਼ਿਪ ਹੋਵੇ ਤੇ ਹਾਜ਼ਰੀ ਹੋਵੇ ਬਾਰ੍ਹਾਂ।"

ਇਸਹਾਕ ਦੇ ਲਾਗਿਓਂ ਮਿਸਟਰ 'ਸਲਮਾਨੀ' ਨੇ ਸਪਨਾ ਦਾ ਧਿਆਨ ਆਪਣੇ ਵਲ ਖਿਚਦਿਆਂ ਹੋਇਆਂ ਕਿਹਾ — "ਜਿਸ ਮਜ਼ਹਬੀ ਤਅੱਸਬ ਤੋਂ ਲੋਕਾਂ ਦਾ ਖਹਿੜਾ ਛੁਡਾਣ ਲਈ ਅਸਾਂ ਇਹ ਸਭਾ ਬਣਾਈ ਸੀ, ਮੇਰਾ ਖ਼ਿਆਲ ਹੈ ਸਾਡੇ ਮੈਂਬਰ ਵੀ ਜੇ ਸਾਰੇ ਨਹੀਂ ਤਾਂ ਨੱਬੇ, ਪਚਾਨਵੇਂ ਫੀ ਸਦੀ ਅਜ ਮੈਨੂੰ ਓਸੇ ਤਅੱਸਬ ਦਾ ਸ਼ਿਕਾਰ ਨਜ਼ਰੀਂ ਆ ਰਹੇ ਨੇ। ਸੁਦਰਸ਼ਨ ਵਰਗੇ ਸਰਗਰਮ ਕਾਰਕੁਨ ਦੀ ਤਕਰੀਰ ਤੇ ਅਸਤੀਫ਼ਾ ਇਸ ਦੀ ਜ਼ਿੰਦਾ ਮਿਸਾਲ ਤੁਹਾਡੇ ਸਾਹਮਣੇ ਮੌਜੂਦ ਹੈ।"

ਮਾਨੋ ਪਹਿਲਾਂ ਤੋਂ ਹੀ ਵਰ੍ਹਨ ਨੂੰ ਤਿਆਰ ਸੀ, ਸੁਦਰਸ਼ਨ ਉਸੇ ਤੇਜ਼ੀ ਨਾਲ ਸਲਮਾਨੀ ਉਤੇ ਵਰ੍ਹਿਆ — "ਮਿਸਟਰ ਸਲਮਾਨੀ ਦੇ ਸਾਹਮਣੇ ਮੈਂ ਆਪਣੀ ਪੁਜ਼ੀਸ਼ਨ ਇਕ ਵਾਰੀ ਫਿਰ ਵਾਜ਼ਿਆ ਕਰ ਦੇਣੀ ਚਾਹੁੰਦਾ ਹਾਂ ਕਿ ਜੇ ਆਪਣੇ ਭਰਾਵਾਂ ਦਾ ਕਤਲਿਆਮ ਤੇ ਆਪਣੀਆਂ ਭੈਣਾਂ ਦੀ ਬੇ-ਹੁਰਮਤੀ ਵੇਖ ਕੇ ਮੁਤਅੱਸਰ ਹੋਣਾ ਤਅੱਸਬ ਕਿਹਾ ਜਾ ਸਕਦਾ ਹੈ ਤਾਂ ਮੈਨੂੰ ਆਪਣੇ ਖ਼ੇਅਲ ਉਤੇ ਜ਼ਰਾ ਵੀ ਸ਼ਰਮਿੰਦਗੀ ਨਹੀਂ।"

ਸਲਮਾਨੀ ਵੀ ਤੇਜ਼ ਹੋ ਪਿਆ — "ਤਾਂ ਫਿਰ ਤਗੜੇ ਹੋਵੋ ਮਿਸਟਰ ਸੁਦਰਸ਼ਨ ਤੁਸੀਂ ਆਪਣੀ ਬਦਲੇ ਦੀ ਸਕੀਮ ਨੂੰ ਜਲਦੀ ਤੋਂ ਜਲਦੀ ਪਾਇਆ ਤਕਮੀਲ ਤਕ ਪਹੁੰਚਾਣ ਦੀ

ਕੋਸ਼ਿਸ਼ ਕਰੇ, ਪਰ ਇਸ ਦੇ ਜਵਾਬ ਦੀ ਵੀ ਤੁਹਾਨੂੰ ਪੂਰੀ ਤਰ੍ਹਾਂ ਤਵੱਕਾ ਰਖਣੀ ਚਾਹੀਦੀ ਹੈ।"

"ਇਨ੍ਹਾਂ ਧਮਕੀਆਂ ਨਾਲ ਤੁਸੀ ਸਾਨੂੰ ਡਰਾ ਨਹੀਂ ਸਕਦੇ ਮਿਸਟਰ ਸਲਮਾਨੀ ! ਕਿਉਂਕਿ ਇਹ ਅਮਲ ਤਾਂ ਹੁਣ ਯਕੀਨੀ ਹੈ ਕਿ ਜਦ ਤੀਕ ਮੁਸਲਿਮ ਤੇ ਗ਼ੈਰ ਮੁਸਲਿਮ, ਦੂਹਾਂ ਦੇ ਆਪ ਵਿਚ ਖੁਲ੍ਹੇ ਦੋ ਦੋ ਹਥ ਨਹੀਂ ਹੋ ਜਾਂਦੇ ਤਦ ਤੀਕ ਇਹ ਝੇੜਾ ਨਹੀਂ ਮੁਕਣਾ।"

"ਗੋਇਆ ਇਸ ਸਭਾ ਵਿਚ ਬੈਠ ਕੇ ਅਜ ਤੁਸੀਂ ਮੁਸਲਮਾਨਾਂ ਨੂੰ ਲੜਨ ਲਈ ਚੈਲਿੰਜ ਕਰ ਰਹੇ ਹੋ।" ਇਸਹਾਕ ਪੂਰੇ ਭੁਖਾ ਵਿਚ ਬੋਲ ਉਠਿਆ। ਜਿਸ ਦੇ ਜਵਾਬ ਵਿਚ ਹਿੰਦੂ ਤੇ ਸਿਖ ਮੈਂਬਰਾਂ ਦੀਆਂ ਇਕੱਠੀਆਂ ਹੀ ਕਈ ਜ਼ਬਾਨਾਂ ਚਲਣੀਆਂ ਸ਼ੁਰੂ ਹੋ ਗਈਆਂ। ਛੇਕੜ ਸਤਨਾਮ ਨੇ ਇਹ ਕਹਿ ਕੇ ਸਭ ਨੂੰ ਖ਼ਾਮੋਸ਼ ਕਰ ਦਿਤਾ —

"ਦੋਸਤੋ ! ਮੈਨੂੰ ਅਫ਼ਸੋਸ ਹੈ ਕਿ ਅਜ ਮੈਂ ਤੁਸਾਂ ਕਰੀਬਨ ਸਾਰਿਆਂ ਨੂੰ ਉਸੇ ਜ਼ਹਿਰ ਵਿਚ ਡੁਬੇ ਹੋਏ ਵੇਖ ਰਿਹਾ ਹਾਂ, ਜਿਸ ਦੇ ਅਸਰ ਨੂੰ ਆਪਣੇ ਭਰਾਵਾਂ ਦੇ ਦਿਲਾਂ 'ਚੋਂ ਦੂਰ ਕਰਨ ਦਾ ਇਕ ਦਿਨ ਅਸਾਂ ਬੀੜਾ ਚੁਕਿਆ ਸੀ। ਤੁਹਾਨੂੰ ਯਾਦ ਹੈ ਉਹ ਦਿਨ ਜਦ ਤੁਸਾਂ ਸਾਰਿਆਂ ਨੇ ਮੇਰੇ ਘਰ ਵਿਚ ਬੈਠ ਕੇ ਇਕੋ ਥਾਂ ਰੋਟੀ ਖਾਧੀ ਤੇ ਇਕੋ ਗਲਾਸ ਵਿਚ ਪਾਣੀ ਪੀਤਾ ਸੀ ? ਯਾਦ ਜੇ ਉਸ ਵੇਲੇ ਤੁਸਾਂ ਸਾਰਿਆਂ ਨੇ ਕੀ ਪ੍ਰਣ ਕੀਤਾ ਸੀ, ਜਿਸਨੂੰ ਦੁਹਰਾਉਂਦਿਆਂ ਇਸ ਵੇਲੇ ਮੈਨੂੰ ਸ਼ਰਮ ਮਹਿਸੂਸ ਹੁੰਦੀ ਹੈ ? ਕਾਸ਼ ! ਕਦੇ ਤੁਸੀ ਉਸੇ ਨਜ਼ਰੀਏ ਨਾਲ ਆਪਣੇ ਦੁਆਲੇ ਤੱਕਦੇ, ਜਿਹੜਾ ਤੁਸਾਂ ਉਸ ਦਿਨ ਕਾਇਮ ਕੀਤਾ ਸੀ। ਸੁਦਰਸ਼ਨ ਨੇ ਜਿਹੜੀ ਹਜ਼ਾਰੇ ਤੇ ਪੋਠੋਹਾਰ ਦੀ ਮਿਸਾਲ ਦਿਤੀ ਹੈ, ਇਸ ਵਿਚ ਕੋਈ ਸ਼ਕ ਨਹੀਂ ਕਿ ਉਨ੍ਹਾਂ ਇਲਾਕਿਆਂ ਦੇ ਮੁਸਲਮਾਨਾਂ ਨੇ ਬੇਸਮਝੀ ਨਾਲ ਆਪਣੇ ਹਮਸਾਇਆਂ ਉਤੇ ਜ਼ੁਲਮ ਢਾਏ ਪਰ ਇਸ ਦਾ ਇਲਾਜ ਇਹ ਤਾਂ ਨਹੀਂ ਕਿ ਏਧਰ ਅਸੀਂ ਵੀ ਆਪਣੇ ਹਮਸਾਇਆਂ ਦੇ ਲਹੂ ਵਿਚ ਹਥ ਰੰਗਣੇ ਸ਼ੁਰੂ ਕਰ ਦੇਈਏ। ਜ਼ਰਾ ਸੋਚੋ, ਜੇ ਇਸੇ ਅਮਲ ਦੀ ਵਰਤੋਂ ਦੂਹਾਂ ਪਾਸਿਆਂ ਤੋਂ ਸ਼ੁਰੂ ਹੋ ਗਈ ਤਾਂ ਇਹ ਸਿਲਸਿਲਾ ਕਿਥੇ ਕੁ ਜਾ ਕੇ ਖ਼ਤਮ ਹੋਵੇਗਾ — ਕੀ ਇਸ ਨਾਲ ਦੁਪਾਸੀ ਤਬਾਹੀ... ..."

ਉਸ ਦੀ ਗਲ ਟੋਕ ਕੇ ਇਕ ਹੋਰ ਮੈਂਬਰ ਇਕਬਾਲ ਸਿੰਘ ਕੜਕਿਆ — "ਸਰਦਾਰ ਸਤਨਾਮ ਸਿੰਘ ! ਮਿਹਰਬਾਨੀ ਕਰ ਕੇ ਹੁਣ ਭੋਗ ਪਾਓ ਇਸ ਸੰਤਪਣੇ ਦਾ। ਹੁਣ ਤਾਂ ਉਹੀ ਗਲ ਹੋ ਕੇ ਰਹੇਗੀ — 'ਲਾਤਨ ਕੇ ਭੂਤ ਕਬੀ ਬਾਤਨ ਸੇ ਜਾਇੰ ਨਾਹੀ, ਜੁਤੀ ਦਿਆਂ ਰੋਗੀਆਂ ਦੀ ਜੁਤੀ ਹੀ ਦਵਾਈ ਹੈ।'"

"ਸਰਦਾਰ ਸਾਹਿਬ !" ਸਲਮਾਨੀ ਦਾ ਸਬਰ ਬੇਕਾਬੂ ਹੋ ਉਠਿਆ — "ਜ਼ਬਾਨ ਸੰਭਾਲ ਕੇ ਲਫ਼ਜ਼ ਵਰਤੋ ਜ਼ਰਾ। ਜਿਨ੍ਹਾਂ ਲੋਕਾਂ ਨੂੰ ਤੁਸੀ ਲੱਤਾਂ ਦੇ ਭੂਤ ਦਸ ਕੇ 'ਜੁਤੀ' ਦਾ ਡਰਾਵਾ ਦੇ ਰਹੇ ਹੋ, ਇਹ ਨਾ ਭੁਲਣਾ ਕਿ ਉਨ੍ਹਾਂ ਦੇ ਸੀਨਿਆਂ ਵਿਚ ਵੀ ਅਣਖ ਦਾ ਜਜ਼ਬਾ ਮੌਜੂਦ ਹੈ। ਇਸ ਵੇਲੇ ਤੁਸੀ ਉਸ ਆਲਿਮਗੀਰ ਇਸਲਾਮ ਦੀ ਹੱਤਕ ਕਰ ਰਹੇ ਹੋ, ਜਿਸ ਦਾ ਇਕ ਇਕ ਫ਼ਰਜ਼ੰਦ ਆਪਣੀ ਕੌਮੀ ਅਣਖ ਬਦਲੇ ਖ਼ੂਨ ਦੇ ਦਰਿਆ ਵਹਾਉਣ ਨੂੰ ਤਿਆਰ ਬੈਠਾ ਹੈ।"

ਤੇ ਇਸ ਤੋਂ ਬਾਅਦ ਜੋ ਕੁਝ ਹੋਇਆ, ਉਸ ਬਾਬਤ ਏਨਾ ਹੀ ਦਸਣਾ ਕਾਫ਼ੀ ਹੈ ਕਿ ਸਤਨਾਮ ਸਿੰਘ ਦੀ ਮੌਕਾਸ਼ਨਾਸੀ ਜੇ ਆਪਣਾ ਜਾਦੂ ਅਸਰ ਨਾ ਦਿਖਾਂਦੀ ਤਾਂ ਵੇਖਦਿਆਂ ਹੀ ਵੇਖਦਿਆਂ ਇਹ ਕਮਰਾ ਮਨੁਖੀ ਲਹੂ ਨਾਲ ਲਥ ਪਥ ਹੋ ਜਾਂਦਾ।

ਅਜ ਦੀ ਮੀਟਿੰਗ ਇਸੇ 'ਤੂੰ ਤੂੰ ਮੈਂ ਮੈਂ' ਦੇ ਰੌਲੇ ਵਿਚ ਖ਼ਤਮ ਹੋਈ। ਸ਼ੁਕਰ ਦੀ ਗਲ ਸੀ ਕਿ ਮਾਮਲਾ ਜ਼ਬਾਨਦਰਾਜ਼ੀ ਤੋਂ ਅਗੇਰੇ ਨਹੀਂ ਪਹੁੰਚਿਆ ਤੇ ਇਸ 'ਨਾ-ਪਹੁੰਚਣ' ਦਾ ਸਿਹਰਾ ਸਤਨਾਮ ਸਿੰਘ ਦੇ ਸਿਰ ਸੀ।

2

ਸਾਉਣ ਸਿੰਘ, ਰਾਮਗੜ੍ਹੀਆ ਖ਼ਾਨਦਾਨ ਵਿਚੋਂ ਸੀ, ਪਰ ਵਪਾਰਕ ਰੁਚੀਆਂ ਵਲ ਉਸ ਦਾ ਮੁਢ ਤੋਂ ਹੀ ਝੁਕਾਉ ਰਿਹਾ। ਤੇ ਉਸ ਦੀਆਂ ਵਪਾਰਕ ਰੁਚੀਆਂ ਦਾ ਹੀ ਫਲ ਹੈ ਕਿ ਮਰਨ ਵੇਲੇ ਉਹ ਤੀਹ ਚਾਲੀ ਹਜ਼ਾਰ ਦੀ ਪੂੰਜੀ ਛਡ ਗਿਆ।

ਸਤਨਾਮ ਸਿੰਘ ਉਸ ਦਾ ਜੇਠਾ ਪੁਤਰ ਹੈ, ਜਿਸ ਦੇ ਤਿੰਨ ਭੈਣਾਂ ਭਰਾ ਹੋਰ ਹਨ। ਦੋ ਭੈਣਾਂ ਤੇ ਇਕ ਭਰਾ। ਉਸ ਦੀ ਆਪਣੇ ਤੋਂ ਵਡੀ ਭੈਣ ਵਿਆਹੀ ਹੋਈ ਹੈ। ਜਿਨ੍ਹਾਂ ਦਾ ਕਾਰੋਬਾਰ ਆਗਰੇ ਵਿਚ ਹੈ ਤੇ ਉਸ ਦਾ ਛੋਟਾ ਭਰਾ 'ਨਰਿੰਦਰ' ਇਸੇ ਸ਼ਹਿਰ ਦੇ ਰਾਮਗੜ੍ਹੀਆ ਹਾਈ ਸਕੂਲ ਵਿਚ ਅਠਵੀਂ ਜਮਾਤੇ ਪੜ੍ਹਦਾ ਹੈ। ਸਭ ਤੋਂ ਛੋਟੀ ਹੈ 'ਸੁਖਵੰਤ' ਜਿਸ ਨੂੰ 'ਮੁੰਨੀ' ਕਹਿ ਕੇ ਬੁਲਾਇਆ ਜਾਂਦਾ ਹੈ। ਇਸ ਦੀ ਉਮਰ ਅਜੇ ਗੁਡੀਆਂ ਪਟੋਲੇ ਖੇਡਣ ਦੀ ਹੈ। ਬੜੀ ਪਿਆਰੀ, ਭੋਲੀ ਭਾਲੀ ਤੇ ਮੂੰਹ ਹਥ ਲਗਦੀ ਕੁੜੀ ਹੈ ਇਹ। ਇਕ ਤਾਂ ਸਭ ਤੋਂ ਛੋਟੀ ਹੋਣ ਕਰਕੇ, ਦੂਜਾ ਸੁਭਾਵਕ ਹੀ ਮਿਲਾਪੜੀ ਤੇ ਲਡਿੱਕੇ ਜਿਹੀ ਹੋਣ ਕਰ ਕੇ ਇਹ ਹਰ ਇਕ ਦੇ ਪਿਆਰ ਤੇ ਦਿਲ ਪਰਚਾਵੇ ਦੀ ਪੂੰਜੀ ਹੈ। ਇਸ ਹਰਦਿਲ ਅਜ਼ੀਜ਼ੀ ਉਤੇ ਘਰ ਦੇ ਛਡ ਕੇ ਗਲੀ ਮਹੱਲੇ ਦੇ ਲੋਕ ਵੀ ਮੁਰਾਧ ਸਨ।

ਇਸ ਵੇਲੇ ਸਤਨਾਮ ਸਿੰਘ ਦੋ ਮਕਾਨਾਂ ਦਾ ਮਾਲਕ ਹੈ — ਇਕ ਤਾਂ ਕਟੜਾ ਸ਼ੇਰ ਸਿੰਘ ਵਾਲੀ ਦੁਕਾਨ ਉਸ ਦੇ ਪਿਤਾ ਦੀ ਜ਼ਰ ਖ਼ਰੀਦ ਹੈ, ਦੂਜਾ ਕਟੜਾ ਰਾਮਗੜ੍ਹੀਆ ਦੀ ਵਧਾਉ ਵਾਲੀ ਗਲੀ ਵਿਚ ਉਸ ਦਾ ਇਹ ਰਿਹਾਇਸ਼ੀ ਮਕਾਨ।

ਸਤਨਾਮ ਸਿੰਘ ਦੇ ਸੁਰਗਵਾਸੀ ਪਿਉ ਨੇ ਦੁਕਾਨ ਦਾ ਕਾਰੋਬਾਰ ਬਿਜਲੀ ਦੇ ਸਾਮਾਨ ਤਕ ਹੀ ਮਹਿਦੂਦ ਰਖਿਆ ਸੀ, ਪਰ ਸਤਨਾਮ ਦੇ ਹਥ ਵਿਚ ਜਦ ਤੋਂ ਇਸਦੀ ਵਾਗਡੋਰ ਆਈ ਹੈ, ਇਸ ਨੇ ਨਾਲ ਹੋਰ ਕਈ ਵਿਹਾਰ ਸ਼ਾਮਲ ਕਰ ਲਏ ਹਨ, ਰੇਡੀਓ ਸੈੱਟ, ਗ੍ਰਾਮੋਫ਼ੂਨ ਆਦਿ ਚੀਜ਼ਾਂ ਦੀਆਂ ਕਈ ਏਜੰਸੀਆਂ ਉਸ ਨੇ ਲੈ ਲਈਆਂ ਹਨ। ਇਸ ਤੋਂ ਛੁਟ ਸੁਭਾਵਕ ਹੀ ਮਕੈਨਿਕ ਰੁਚੀਆਂ ਵਾਲਾ ਹੋਣ ਕਰ ਕੇ ਰੇਡੀਓ ਦੀ ਮੁਰੰਮਤ ਦਾ ਕੰਮ ਵੀ ਉਸ ਨੇ ਬੜੀ ਸਫਲਤਾ ਨਾਲ ਚਲਾ ਲਿਆ ਹੈ।

ਸਤਨਾਮ ਦੀ ਉਮਰ ਇਸ ਵੇਲੇ ਚੜ੍ਹੀਆਂ ਪੰਝੀਆਂ ਵਰ੍ਹਿਆਂ ਦੀ ਹੈ, ਤੇ ਪੜ੍ਹਾਈ ਉਸ ਐਫ. ਐਸ. ਸੀ. ਤਕ ਕੀਤੀ ਹੋਈ ਹੈ। ਔਸਤ ਕੱਦ ਦਾ, ਚੰਗਾ ਭਰਵਾਂ ਤੇ ਡੀਲ ਡੌਲ ਵਾਲਾ ਜਵਾਨ ਹੈ। ਕਸਰਤ ਦਾ ਮੁਢ ਤੋਂ ਅਭਿਆਸੀ ਹੋਣ ਕਰ ਕੇ ਸਰੀਰ ਦਾ ਕੁਝ ਭਾਰਾ ਹੁੰਦਿਆਂ ਹੋਇਆਂ ਵੀ ਉਸ ਵਿੱਚ ਸ਼ਹਿਰੀਆਂ ਵਰਗਾ ਭੱਦਾਪਨ ਨਹੀਂ ਆਇਆ, ਸਗੋਂ ਹਦ ਦਰਜੇ ਦਾ ਫੁਰਤੀਲਾ ਤੇ ਸੁਡੋਲ ਹੈ। ਆਮ ਕਾਲਜੀਏਟਾਂ ਵਾਂਗ ਸਤਨਾਮ ਵੀ ਅਪ-ਟੂ-ਡੇਟ ਫ਼ੈਸ਼ਨੇਬਲ ਹੈ, ਉਸ ਦੇ ਭਰਵੇਂ ਕਤਾਬੀ ਚੇਹਰੇ ਉਤੇ, ਫ਼ਿਕਸ ਕੀਤੀ ਹੋਈ ਦਾਹੜੀ ਖੂਬ ਫੱਬਦੀ ਹੈ। ਪੱਗ ਵੀ ਉਹ ਆਮ ਤੌਰ ਤੇ ਲਹਿਰੀਏਦਾਰ ਬੰਨ੍ਹਦਾ ਹੈ, ਪਰ ਨਵੀਂ ਕਿਸਮ ਦੇ ਕਾਲਜੀਏਟ ਸਿਖਾਂ ਵਰਗੀ ਛੱਜ ਨੁਮਾ ਜਾਂ ਸੂਰ-ਮੂੰਹੀ ਨਹੀਂ, ਸਗੋਂ ਪੂਰੀ ਗੋਲਾਈ ਵਿਚ ਤੇ ਮੱਥੇ ਤੇ ਸੋਚਵੀਂ ਨੁਕਰ ਵਾਲੀ, ਜਿਸ ਨਾਲ ਉਸ ਦਾ ਪ੍ਰਭਾਵ ਹੋਰ ਵੀ ਮਨ-ਖਿਚਵਾਂ ਹੋ ਜਾਂਦਾ ਹੈ।

ਸਕੂਲ ਤੋਂ ਲੈ ਕੇ ਕਾਲਿਜ ਦੀ ਪੜ੍ਹਾਈ ਤਕ ਤੇ ਇਸ ਤੋਂ ਬਾਅਦ ਅਜ ਤੀਕ ਸਤਨਾਮ ਦੇ ਸੁਭਾਉ ਵਿਚ ਇਕ ਇਹ ਵਾਧਾ ਰਿਹਾ ਹੈ ਕਿ ਉਹ ਮਜ਼ਹਬੀ ਤਅੱਸਬ ਦੀ ਵਲਗਣ ਵਿਚ ਕੈਦ ਨਹੀਂ ਰਿਹਾ। ਆਪਣੇ ਧਰਮ ਦਾ ਪੂਰਾ ਸ਼ਰਧਾਵਾਨ ਹੋਣ ਤੇ ਵੀ ਉਹ ਕਿਸੇ ਦੂਸਰੇ ਮਜ਼ਹਬ ਦੀ ਹੇਠੀ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਕਦਾਚਿਤ ਇਸ ਦਾ ਸਬੱਬ ਇਹ ਹੋਵੇ ਕਿ ਸ਼ੁਰੂ ਤੋਂ ਹੀ ਉਸ ਦੀ ਦੋਸਤੀ ਗ਼ੈਰ ਮਜ਼ਹਬ ਦੇ ਮੁੰਡਿਆਂ ਨਾਲ ਆਮ ਰਹੀ ਹੈ।

ਇਹਨਾਂ ਹੀ ਸ਼ਾਇਦ ਮੁਢਲੇ ਸੰਸਕਾਰਾਂ ਦਾ ਅਸਰ ਸੀ ਕਿ ਜਦੋਂ ਦੀ ਮਜ਼ਹਬੀ ਖਿਚਾ ਖਿਚੀ

ਦੀ ਵਬਾਅ ਸ਼ੁਰੂ ਹੋਈ ਤੇ ਉਸ ਤੋਂ ਬਾਅਦ ਫਿਰਕੂ ਫਸਾਦਾਂ ਦੀ ਲਹਿਰ ਚਲੀ, ਸਤਨਾਮ ਦੇ ਦਿਲ ਤੇ ਇਸ ਦਾ ਬਹੁਤ ਗਹਿਰਾ ਅਸਰ ਹੋਇਆ। ਉਸਦੀ ਪਹੁੰਚ ਦਾ ਦਾਇਰਾ ਭਾਵੇਂ ਏਡਾ ਮੋਕਲਾ ਨਹੀਂ ਸੀ, ਫਿਰ ਵੀ ਜਿੰਨਾ ਕੁਝ ਉਸ ਦੇ ਵਸ ਵਿਚ ਸੀ, ਉਸ ਨੇ ਆਪਣੇ ਸ਼ਹਿਰ ਨੂੰ ਆਉਣ ਵਾਲੇ ਖ਼ਤਰਿਆਂ ਤੋਂ ਸੁਰੱਖਿਅਤ ਰਖਣ ਲਈ ਕਾਫੀ ਹਥ ਪੈਰ ਮਾਰੇ। ਅੰਮ੍ਰਿਤਸਰ ਵਿਚ ਸਿਖ ਹਿੰਦੂ ਤੇ ਮੁਸਲਮਾਨ ਨੌਜਵਾਨਾਂ ਦੀ ਰਲਵੀਂ ਇਤਿਹਾਦ ਸਭਾ ਦੀ ਸਥਾਪਨਾ ਸਤਨਾਮ ਦੇ ਹੀ ਪੁਰਸ਼ਾਰਥ ਦਾ ਨਤੀਜਾ ਹੈ।

ਸ਼ੁਰੂ ਸ਼ੁਰੂ ਵਿਚ ਉਸਦੀ ਚਲਾਈ ਹੋਈ ਏਸ ਸਭਾ ਨੇ ਕਾਫੀ ਚਮਕ ਦਮਕ ਵਿਖਾਈ। ਸ਼ਹਿਰ ਦੇ ਕਈਆਂ ਵਖੋ ਵਖ ਹਿਸਿਆ ਵਿਚ ਬਹੁਤ ਸਾਰੇ ਕਾਮਯਾਬ ਇਕੱਠ ਹੋਏ, ਜਿਨ੍ਹਾਂ ਰਾਹੀਂ ਸ਼ਹਿਰ ਦੀ ਜਨਤਾ ਤੀਕ ਇਤਿਹਾਦ ਤੇ ਮੈਤਰੀ ਦੇ ਪੈਗ਼ਾਮ ਪਹੁੰਚਾਏ ਜਾਂਦੇ ਰਹੇ ਤੇ ਇਸ ਪੁਰਸ਼ਾਰਥ ਦਾ ਅਸਰ ਵੀ ਆਸ-ਭਰਪੂਰ ਹੋਇਆ।

ਆਮ ਨਜ਼ਰ ਨਾਲ ਵੇਖਿਆਂ ਇਹੋ ਮਲੂਮ ਹੁੰਦਾ ਸੀ ਕਿ ਅੰਮ੍ਰਿਤਸਰ ਦੀ ਜਨਤਾ, ਕਿਸੇ ਵੀ ਆਉਣ ਵਾਲੇ ਫਿਰਕੂ ਝੱਖੜ ਦਾ ਮੁਕਾਬਲਾ ਪੂਰੀ ਸਿਦਕ-ਦਿਲੀ ਨਾਲ ਕਰ ਸਕੇਗੀ। ਪਰ ਪਿਛਲੇ ਥੋੜ੍ਹੇ ਜਿਹੇ ਦਿਨਾਂ ਵਿਚ ਸਤਨਾਮ ਦੇ ਵੇਖਣ ਵਿਚ ਜੋ ਕੁਝ ਆਇਆ, ਇਹ ਸਾਰੇ ਦਾ ਸਾਰਾ ਹੀ ਉਸ ਦੇ ਨਿਸਚੇ ਤੇ ਉਸ ਦੇ ਇਰਾਦਿਆਂ ਤੋਂ ਉਲਟ ਸਾਬਤ ਹੋਇਆ। ਜਿਨ੍ਹਾਂ ਲੋਕਾਂ ਨੇ ਛਾਤੀ ਤੇ ਹਥ ਮਾਰ ਕੇ ਉਸ ਨਾਲ ਪ੍ਰਣ ਕੀਤੇ ਸਨ ਕਿ ਉਹ ਫ਼ਿਰਕੂ ਜ਼ਿਹਨੀਅਤ ਨੂੰ ਕੁਚਲਣ ਲਈ ਆਖ਼ਰੀ ਦਮ ਤੀਕ ਉਸ ਦਾ ਸਾਥ ਦੇਣਗੇ, ਸਤਨਾਮ ਦੇ ਵੇਖਦਿਆਂ ਹੀ ਵੇਖਦਿਆਂ ਉਹਨਾਂ ਲੋਕਾਂ ਨੇ ਅੱਖਾਂ ਮਥੇ ਤੇ ਰਖ ਲਈਆਂ। ਫ਼ਿਰਕੂ-ਪੁਣੇ ਦੀ ਨਦੀ ਵਿਚ ਜਿਹੜੀ ਵੀ ਨਵੀਂ ਲਹਿਰ ਉਠਦੀ, ਉਹ ਉਸ ਦੇ ਅਨੇਕਾਂ ਸਾਥੀਆਂ ਨੂੰ ਆਪਣੇ ਵਹਾਉ ਵਿਚ ਵਹਾ ਕੇ ਲੈ ਜਾਂਦੀ।

ਤੇ ਨਤੀਜਾ ? ਇਤਿਹਾਦ ਸਭਾ ਦੀਆਂ ਬੈਠਕਾਂ — ਜਿਹੜੀਆਂ ਹਰ ਹਫ਼ਤੇ ਤੇ ਕਈ ਹਫ਼ਤੇ ਵਿਚ ਦੋ ਦੋ, ਤਿੰਨ ਤਿੰਨ ਵਾਰੀ ਸ਼ਹਿਰ ਦੇ ਵਖੋ ਵਖ ਹਿਸਿਆਂ ਵਿਚ ਹੋਇਆ ਕਰਦੀਆਂ ਸਨ, ਹੌਲੀ ਹੌਲੀ ਜਿਥੇ ਇਹਨਾਂ ਦੀ ਹਾਜ਼ਰੀ ਘਟਦੀ ਗਈ, ਉਥੇ ਮੈਂਬਰਾਂ ਦੀ ਗਿਣਤੀ ਵਿਚ ਵੀ ਦਿਨੋ ਦਿਨ ਘਾਟਾ ਹੋਣ ਲਗਾ ਤੇ ਅਖ਼ੀਰ ਜਿਹੜੀ ਮੀਟਿੰਗ ਪਰਸੋਂ ਖ਼ਾਲਸਾ ਕਾਲਜ ਤੇ ਪੁਤਲੀ ਘਰ ਦੇ ਵਿਚਾਲੇ ਉਸ ਕੋਠੀ ਵਿਚ ਹੋਈ ਸੀ, ਉਸ ਨੇ ਤਾਂ ਸਤਨਾਮ ਦੇ ਉਤਸ਼ਾਹ ਦਾ ਰਹਿੰਦਾ ਖੂੰਹਦਾ ਲੱਕ ਵੀ ਤੋੜ ਦਿਤਾ।

ਉਤਸ਼ਾਹ ਦਾ ਟੁਟਣਾ ਸੀ ਕਿ ਸਤਨਾਮ ਨੇ ਮਹਿਸੂਸ ਕੀਤਾ ਜਿਵੇਂ ਉਸ ਦਾ ਸਰੀਰ, ਉਸ ਦਾ ਦਿਲ ਤੇ ਉਸ ਦੀ ਸ਼ਖ਼ਸੀਅਤ, ਇਹ ਸਭ ਕੁਝ ਟੁਟ ਭੱਜ ਗਿਆ ਹੈ।

ਪਰਸੋਂ ਤੋਂ ਬਾਅਦ ਕਲ੍ਹ ਸ਼ਾਮੀ ਉਸ ਨੇ ਇਕ ਹੋਰ ਚੀਜ਼ ਵੇਖੀ, ਜਿਸ ਨੂੰ ਵੇਖ ਕੇ ਉਸ ਦੇ ਦਿਲ ਵਿਚ ਪੱਕਾ ਯਕੀਨ ਬਝ ਗਿਆ ਕਿ ਹੁਣ ਆਉਣ ਵਾਲੀ ਫਿਰਕੂ ਹਨੇਰੀ ਤੋਂ ਨਾ ਅੰਮ੍ਰਿਤਸਰ ਬਚ ਸਕਦਾ ਹੈ, ਨਾ ਲਾਹੌਰ ਤੇ ਨਾ ਹੀ ਪੰਜਾਬ ਦਾ ਕੋਈ ਹੋਰ ਸ਼ਹਿਰ ਜਾਂ ਪਿੰਡ। ਉਸ ਦਾ ਦਿਲ ਪੁਕਾਰ ਪੁਕਾਰ ਕੇ ਕਹਿ ਰਿਹਾ ਸੀ ਕਿ ਬਸ ਹੁਣ ਤਬਾਹੀ ਯਕੀਨੀ ਹੈ, ਤੇ ਇਸ ਤਬਾਹੀ ਨੂੰ ਰੋਕਣਾ ਹੁਣ ਸ਼ਾਇਦ ਕਿਸੇ ਦੇ ਵਸ ਦਾ ਰੋਗ ਨਹੀਂ।

ਕੀ ਸੀ ਇਹ ਅਨੋਖੀ ਚੀਜ਼, ਜਿਸ ਨੂੰ ਵੇਖ ਕੇ ਸਤ਼ਨਾਮ ਦੇ ਮਨ ਨੇ ਇਹ ਕਲਪਨਾ ਕਲਪੀ ? ਕਿਹ ਸੀ ਕਲ੍ਹ ਸ਼ਾਮ ਦਾ ਗੁਰੂ ਕੇ ਬਾਗ਼ ਵਿਚ ਹਿੰਦੂ ਸਿਖਾਂ ਦਾ ਉਹ ਇਕੱਠ, ਜਿਸ ਤੋਂ ਬਾਅਦ ਹਰ ਵਡੇ ਛੋਟੇ ਦੀ ਜ਼ਬਾਨ ਤੇ ਇਹ ਨਾਹਰਾ ਗੂੰਜ ਰਿਹਾ ਸੀ — "ਜੋ ਮਾਂਗੇਗਾ ਪਾਕਿਸਤਾਨ, ਉਸ ਕੋ ਦੇਂਗੇ ਕਬਰਿਸਤਾਨ।"

ਸਤਨਾਮ ਇਸ ਵੇਲੇ ਆਪਣੇ ਮਕਾਨ ਦੇ ਉਪਰਲੇ ਕਮਰੇ ਵਿਚ ਆਰਾਮ ਕਰ ਰਿਹਾ ਸੀ।

ਰਾਤ ਹਨ੍ਹੇਰੀ ਸੀ, ਦੂਜਾ ਪਹਿਰ ਬੀਤ ਰਿਹਾ ਸੀ। ਇਹ ਤਿੰਨ ਘੰਟੇ ਉਸ ਨੇ ਆਪਣੀ ਨਿਘੀ ਕੂਲੀ ਰਜ਼ਾਈ ਵਿਚ ਇਸ ਤਰ੍ਹਾਂ ਬਿਤਾਏ, ਜਿਵੇਂ ਰੂੰ ਦੇ ਥਾਂ ਇਸ ਵਿਚ ਕਿਸੇ ਨੇ ਕੰਡੇ ਭਰ ਦਿਤੇ ਹੋਣ। ਬੀਤ ਚੁਕੀ ਸਾਰੀ ਦਿਹਾੜੀ ਉਸ ਨੇ ਆਪਣੇ ਕੁਝ ਸਾਥੀਆਂ ਨਾਲ ਰਲਕੇ ਸ਼ਹਿਰ ਵਿਚ ਫਿਰਦਿਆਂ ਗੁਜ਼ਾਰੀ ਸੀ। ਜੋ ਕੁਝ ਉਸ ਨੇ ਇਸ ਸਾਰੀ ਦਿਹਾੜੀ ਵਿਚ ਵੇਖਿਆ ਤੇ ਜੋ ਕੁਝ ਸੁਣਿਆ, ਇਸ ਸਭ ਵਿਚ ਕਿਸੇ ਭਿਆਨਕ ਹੋਣੀ ਦੇ ਲੱਛਣ ਉਸ ਨੂੰ ਦਿਖਾਈ ਦੇਂਦੇ ਰਹੇ ਸਨ। ਹਰ ਇਕ ਜ਼ਬਾਨ ਤੇ ਇਕੋ ਤਰ੍ਹਾਂ ਦਾ ਮਜ਼ਮੂਨ ਸੀ — "ਫਸਾਦ ਹਰ ਹੀਲੇ ਹੋ ਕੇ ਹੀ ਰਹੇਗਾ... ...ਲਹੂ ਦੀਆਂ ਨਦੀਆਂ ਚਲ ਕੇ ਹੀ ਰਹਿਣਗੀਆਂ... ...ਔਤਕਾਂ ਦੀਆਂ ਹੋਲੀਆਂ, ਰੰਗ ਦੇ ਥਾਂ ਲਹੂ ਨਾਲ ਖੇਡੀਆਂ ਜਾਣਗੀਆਂ... ..." ਆਦਿ। ਇਹ ਗੱਲਾਂ ਕੇਵਲ ਜ਼ਬਾਨੀ ਹੀ ਸਤਨਾਮ ਨੇ ਸੁਣੀਆਂ ਹੋਣ, ਇਹ ਨਹੀਂ, ਸਗੋਂ ਸ਼ਾਮ ਪੈਦਿਆਂ ਤੀਕ ਇਹਨਾਂ ਭਵਿਸ਼ਬਾਣੀਆਂ ਦੀ ਅਮਲੀ ਵਰਤੋਂ ਦਾ ਮੁਢ ਬਝਦਾ ਵੀ ਉਸ ਨੇ ਵੇਖਿਆ, ਜਦ ਕਿ ਸਭ ਤੋਂ ਪਹਿਲਾਂ ਇਕ ਸਿਖ ਢੰਡੋਰਚੀ-ਜਿਹੜਾ ਟਾਂਗੇ ਉਤੇ ਨਗਾਰਾ ਵਜਾਂਦਾ ਹੋਇਆ ਭਲਕੇ ਹੋਣ ਵਾਲੇ ਇਕ ਪਬਲਿਕ ਜਲਸੇ ਦੀ ਮੁਨਾਦੀ ਕਰਦਾ ਫਿਰਦਾ ਸੀ — ਮੋਨੀ ਦੇ ਚੌਂਕ ਲਾਗੇ ਮੁਸਲਮਾਨਾਂ ਦੇ ਹਥੋਂ ਵਢਿਆ ਗਿਆ। ਤੇ ਇਸ ਤੋਂ ਅੱਧਾ ਹੀ ਘੰਟਾ ਬਾਅਦ ਜਲ੍ਹਿਆਂ ਵਾਲੇ ਬਾਗ਼ ਦੇ ਮੋੜ ਤੇ ਇਕ ਮੁਸਲਮਾਨ ਦੀ ਟੋਟੇ ਟੋਟੇ ਹੋਈ ਲਾਸ਼ ਵੇਖੀ ਗਈ।

ਆਪਣੀ ਜ਼ਿੰਦਗੀ ਵਿਚ ਸਤਨਾਮ ਨੇ ਅਰਥੀਆਂ ਜਨਾਜ਼ੇ ਤਾਂ ਕਈ ਵੇਖੇ ਸਨ, ਪਰ 'ਆਦਮੀ' ਦੇ ਹਥੋਂ ਮਾਰੇ ਹੋਏ ਆਦਮੀ ਨੂੰ ਵੇਖਣ ਦਾ ਉਸ ਲਈ ਇਹ ਪਹਿਲਾ ਹੀ ਮੌਕਾ ਸੀ। ਇਤਨੀ ਬੇਦਰਦੀ ਨਾਲ ਕੋਈ ਆਦਮੀ, ਆਦਮੀ ਉਤੇ ਛੁਰਾ ਕ੍ਰਿਪਾਨ ਚਲਾ ਸਕਦਾ ਹੈ, ਸਤਨਾਮ ਦਾ ਦਿਲ ਇਸ ਗਲ ਉਤੇ ਯਕੀਨ ਹੀ ਨਹੀਂ ਸੀ ਕਰ ਸਕਦਾ।

ਅਜ ਸ਼ਾਮੀ ਉਸ ਨੇ ਰੋਟੀ ਨਹੀਂ ਸੀ ਖਾਧੀ ਭਾਵੇਂ ਮਾਂ ਨੇ ਉਸ ਨੂੰ ਖੁਆਉਣ ਦੀ ਬਥੇਰੀ ਕੋਸ਼ਿਸ਼ ਕੀਤੀ।

ਇਸ ਵੇਲੇ, ਜਦ ਕਿ ਨਿੱਘੀ ਰਜ਼ਾਈ ਵਿਚ ਉਸ ਦਾ ਸਰੀਰ ਢਕਿਆ ਹੋਇਆ ਸੀ, ਉਹ ਦੋਵੇਂ ਲੋਥਾਂ ਉਸ ਦੀਆਂ ਅੱਖਾਂ ਅਗੇ ਸਾਮਰਤੱਖ ਸਨ। ਹਜ਼ਾਰ ਕੋਸ਼ਿਸ਼ ਕਰਨ ਤੇ ਵੀ ਉਹ ਉਹਨਾਂ ਨੂੰ ਅਖਾਂ ਅਗੋਂ ਹਟਾ ਨਾ ਸਕਿਆ। ਉਸ ਦੀ ਬੇ-ਆਰਾਮੀ ਭਰੀ ਤਕਲੀਫ ਵਧਦੀ ਗਈ ਤੇ ਬਰਾਬਰ ਵਧਦੀ ਗਈ।

ਜ਼ਰਾ ਕੁ ਉਸ ਨੂੰ ਝਪਕੀ ਜਿਹੀ ਆਈ ਸੀ ਕਿ ਇਕ ਤੇਜ਼ ਆਵਾਜ਼ ਨੇ ਉਸ ਨੂੰ ਡਰਾ ਦਿਤਾ — "ਭਾਪਾ ਜੀ — ਅੱਗ" ਇਹ ਆਵਾਜ਼ 'ਨਰਿੰਦਰ' ਦੀ ਸੀ।

ਰਜ਼ਾਈ ਉਸ ਨੇ ਪੈਰਾਂ ਦੇ ਝਟਕੇ ਨਾਲ ਲਾਹ ਕੇ ਪੈਂਦ ਵਲ ਸੁਟ ਦਿਤੀ ਤੇ ਛਲਾਂਗ ਮਾਰ ਕੇ ਮੰਜੇ ਤੋਂ ਉਤਰਿਆ। ਬਾਹਰ ਕੋਠੇ ਤੇ ਕਾਫੀ ਰੌਲਾ ਪੈ ਰਿਹਾ ਸੀ, ਜਿਸ ਵਿਚੋਂ ਸਭ ਤੋਂ ਪਹਿਲੀ ਆਵਾਜ਼ ਉਸ ਦੇ ਕੰਨੀ ਪਈ — "ਬੱਲੇ, ਬੱਲੇ, ਬੱਲੇ ! ਕਿੰਨੀ ਜ਼ਬਰਦਸਤ ਅੱਗ ਹੈ।'

ਉਪਰਲੀ ਛੱਤੇ ਜਾ ਕੇ ਉਸ ਨੇ ਜੋ ਕੁਝ ਡਿਠਾ, ਇਸ ਦੇ ਅਸਰ ਨਾਲ ਉਸ ਦੀਆਂ ਲੱਤਾਂ ਡੋਲਣ ਲਗ ਪਈਆਂ। ਸਾਹਮਣੇ ਕੁਝ ਦੂਰੀ ਉਤੇ ਕਾਲੇ ਧੂੰਏਂ ਦੇ ਗੁਬਾਰ ਉਡ ਉਡ ਕੇ ਨੀਲੇ ਅਸਮਾਨ ਨੂੰ ਢਕਦੇ ਜਾ ਰਹੇ ਸਨ। ਉਸ ਦੇ ਵੇਖਦਿਆਂ ਵੇਖਦਿਆਂ ਇਕ ਤੋਂ ਬਾਅਦ ਦੂਜਾ, ਦੂਜੇ ਤੋਂ ਬਾਅਦ ਤੀਜਾ, ਇਹੋ ਜਿਹੇ ਕਈ ਹੋਰ ਗੁਬਾਰ ਵਖੋ ਵਖ ਪਾਸਿਆਂ ਤੋਂ ਉਠਣੇ ਸ਼ੁਰੂ ਹੋ ਗਏ।

"ਇਕ-ਦੋ-ਤਿੰਨ-ਚਾਰ" ਉਸ ਦੀ ਛਿਆਂ ਸਤਾਂ ਵਰ੍ਹਿਆਂ ਦੀ ਭੈਣ — ਜਿਵੇਂ ਕੋਈ ਦਿਲਚਸਪ ਤਮਾਸ਼ਾ ਵੇਖਦੀ ਹੋਵੇ — ਗਿਣਤੀ ਕਰਦੀ ਤੇ ਸਤਨਾਮ ਦੀ ਬਨੈਣ ਖਿਚਦੀ ਹੋਈ ਬੋਲੀ — "ਭਾਪਾ ਜੀ, ਛਿਆਂ ਥਾਵਾਂ ਤੇ ਅੱਗਾਂ ਲਗੀਆਂ ਹੋਈਆਂ ਜੇ।"

ਸਤਨਾਮ ਨੂੰ ਮੁੰਨੀ ਦੀ ਗਲ ਨਹੀਂ ਸੁਣਾਈ ਦਿਤੀ। ਉਸ ਦੀਆਂ ਅੱਖਾਂ ਬਰਾਬਰ ਧੂੰਏਂ ਦੇ ਬੱਦਲਾਂ ਵਿਚ ਗਡੀਆਂ ਹੋਈਆਂ ਸਨ, ਜਿਨ੍ਹਾਂ ਦੇ ਹੇਠੋਂ ਹੁਣ ਲਾਲ ਲਾਲ ਲਾਟਾਂ ਵੀ ਦਿਸਣ ਲਗ ਪਈਆਂ ਸਨ। ਬਾਜ਼ਾਰਾਂ ਵਿਚ ਕੰਨ ਪਾੜਵਾਂ ਰੌਲਾ ਮਚਿਆ ਹੋਇਆ ਸੀ। ਉਹ ਹੋਰ ਬੜੀ ਦੇਰ ਓਦੇਂ ਤੱਕਦਾ ਰਿਹਾ ਤੇ ਫਿਰ ਤੇਜ਼ੀ ਨਾਲ ਪੌੜੀਆਂ ਉਤਰਦਾ ਹੋਇਆ, ਆਪਣੇ ਸੌਣ ਵਾਲੇ ਕਮਰੇ ਵਲ ਚਲਾ ਗਿਆ।

ਰਾਤ ਦਾ ਕਾਫ਼ੀ ਹਿੱਸਾ ਲੋਕਾਂ ਨੇ ਕੋਠਿਆਂ ਦੀਆਂ ਛੱਤਾਂ ਤੇ ਹੀ ਗੁਜ਼ਾਰਿਆ। ਅੱਗ ਭਾਵੇਂ ਦੂਰ ਸੀ, ਪਰ ਹਰ ਇਕ ਨੂੰ ਇਹੋ ਜਾਪ ਰਿਹਾ ਸੀ ਕਿ ਬਸ ਅਜ ਦੀ ਰਾਤ 'ਚੇ ਵਿਚ ਵਿਚ ਹੀ ਸਾਰਾ ਅੰਮ੍ਰਿਤਸਰ ਇਸ ਦੀ ਲਪੇਟ ਵਿਚ ਆ ਕੇ ਖ਼ਾਕ ਸਿਆਹ ਹੋ ਜਾਏਗਾ — ਕੁਝ ਵੀ ਨਹੀਂ ਬਚੇਗਾ। ਹਰ ਇਕ ਚਿਹਰੇ ਉਤੇ ਮੁਰਦੇਹਾਣੀ ਛਾਈ ਹੋਈ ਤੇ ਹਰ ਇਕ ਦਿਲ ਕਿਸੇ ਭਵਿੱਖਤ ਅਨਰਥਕਾਰੀ ਦੇ ਸਹਿਮ ਵਿਚ ਘਟਦਾ ਜਾ ਰਿਹਾ ਸੀ। ਸਾਰੀ ਰਾਤ ਕੋਠਿਆਂ ਉਤੇ ਨਾਹਰਿਆਂ ਦੀ ਗੂੰਜ ਅਸਮਾਨ ਨੂੰ ਕੰਬਾਂਦੀ ਰਹੀ। ਮੌਤ ਆਪਣਾ ਤਾਂਡਵ ਨਾਚ ਨਚਦੀ ਹੋਈ ਹਰ ਇਕ ਸਿਰ ਉਤੇ ਮੰਡਲਾ ਰਹੀ ਸੀ।

ਦਿਨ ਚੜ੍ਹੇ ਜਦ ਲੋਕੀਂ ਵਾਹੋ ਦਾਹੀ ਘਰਾਂ 'ਚੋਂ ਨਿਕਲ ਕੇ ਬਜ਼ਾਰਾਂ ਵਿਚ ਪਹੁੰਚੇ ਤਾਂ ਇਉਂ ਮਹਿਸੂਸ ਹੁੰਦਾ ਸੀ, ਜਿਵੇਂ ਇਸ ਇਕੋ ਰਾਤ ਵਿਚ ਸਭ ਕੁਝ ਵਟ ਗਿਆ ਹੈ — ਕੁਝ ਵੀ ਪਹਿਲਾ ਵਰਗਾ ਨਹੀਂ ਰਿਹਾ।

ਆਪਣੇ ਤਿੰਨਾਂ ਚਹੁੰ ਦੋਸਤਾਂ ਸਣੇ ਸਤਨਾਮ ਵੀ ਘਰੋਂ ਨਿਕਲਿਆ, ਤੇ ਸਭ ਤੋਂ ਪਹਿਲਾ ਇਸ ਛੋਟੀ ਜਿਹੀ ਪਾਰਟੀ ਨੇ ਦਰਬਾਰ ਸਾਹਿਬ ਵਲ ਰੁਖ ਕੀਤਾ।

ਬਾਜ਼ਾਰਾਂ ਵਿਚ ਮੋਢੇ ਨਾਲ ਮੋਢਾ ਖਹਿ ਰਿਹਾ ਸੀ। ਹਰ ਇਕ ਦੀ ਜ਼ਬਾਨ ਉਤੇ ਰਾਤ ਦੀਆਂ ਘਟਨਾਵਾਂ ਬਾਰੇ ਹੀ ਕੋਈ ਨਾ ਕੋਈ ਗਲ ਸੀ — "ਦੇਵੀ ਵਾਲੀ ਗਲੀ ਸਾਰੀ ਦੀ ਸਾਰੀ ਸੜ ਗਈ, ਮੌਤੇ ਵਾਲੀ ਗਲੀ ਦਾ ਇਕ ਘਰ ਵੀ ਸਾਬਤ ਨਹੀਂ ਰਿਹਾ, ਸਭ ਇਮਾਰਤਾਂ ਧਰਤੀ ਨਾਲ ਮਿਲ ਗਈਆਂ....."

ਸਤਨਾਮ ਜਿਉਂ ਜਿਉਂ ਇਨ੍ਹਾਂ ਗੱਲਾਂ ਨੂੰ ਸੁਣਦਾ ਜਾਂਦਾ, ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਜਾਂਦੀ ਸੀ। ਉਸ ਦਾ ਇਕ ਸਾਥੀ — ਕੁਲਦੀਪ ਕਹਿ ਰਿਹਾ ਸੀ — "ਮੈਂ ਤੈਨੂੰ ਕਿਹਾ ਸੀ ਕਿ ਜਾ ਪੰਜ ਮਾਰਚ ਨੂੰ ਕੋਈ ਨਾ ਕੋਈ ਕਾਰਾ ਵਰਤੇਗਾ" ਪਰ ਸਤਨਾਮ ਦਾ ਧਿਆਨ ਉਸ ਦੀਆਂ ਗਲਾਂ ਵਲ ਨਹੀਂ ਸੀ। ਉਸ ਦੇ ਦਿਲ ਦਿਮਾਗ਼ ਵਿਚ ਹਲਚਲੀ ਮਚੀ ਹੋਈ ਸੀ।

ਦਰਬਾਰ ਸਾਹਿਬ ਪਹੁੰਚ ਕੇ ਉਸ ਨੇ ਜੋ ਕੁਝ ਤਕਿਆ, ਇਸ ਨੇ ਉਹਨੂੰ ਅਸਲੋਂ ਹੀ ਡਾਵਾਂ ਡੋਲ ਕਰ ਦਿਤਾ। ਸਾਰੀ ਪਰਕਰਮਾ ਸ਼ਿ-ਪੀੜਤ ਪਰਵਾਰਾਂ ਨਾਲ ਅਟੀ ਪਈ ਸੀ। ਥਾਂ ਥਾਂ ਟਰੰਕ ਬਿਸਤਰਿਆਂ ਤੇ ਗੱਠੜੀਆਂ ਦੇ ਢੇਰਾਂ ਨਾਲ ਢਾਸਣਾ ਲਾਈ ਹਜ਼ਾਰਾਂ ਤੀਵੀਆਂ, ਬੱਚੇ ਤੇ ਮਰਦ ਉਂਧੀ ਪਾਈ ਬੈਠੇ ਸਨ। ਤੀਵੀਆਂ ਧੁਸਕ ਰਹੀਆਂ ਸਨ, ਮਰਦ ਹਉਕੇ ਭਰ ਰਹੇ, ਤੇ ਛੋਟੇ ਛੋਟੇ ਬੱਚੇ ਆਪਣੀਆਂ ਸਿਮ੍ਰਤੀਆਂ ਮਾਵਾਂ ਵਲ ਤਕ ਤਕ ਕੇ ਡਡੋਲਿਕੇ ਹੋ ਰਹੇ ਸਨ। ਰਾਤੀ ਜਿਹੜੇ ਆਪਣੇ ਵਸਦੇ ਘਰਾਂ ਵਿਚ ਸਨ, ਇਸ ਵੇਲੇ ਸਭ ਕੁਝ ਗੁਆ ਕੇ — ਕੇਵਲ ਹਥ [illegible], ਤੇ ਆਪ ਆਪਣੀਆਂ ਜਾਨਾਂ ਲੈ ਕੇ ਇਸ ਮੁਕਦਸ ਅਸਥਾਨ ਦੀ ਛਤ ਹੇਠ ਆ ਗਏ ਸਨ।

ਅੰਮ੍ਰਿਤਸਰ ਦੇ ਲੋਕਾਂ ਵਿਚ ਹੋਰ ਕੋਈ ਸਿਫ਼ਤ ਹੋਵੇ ਭਾਵੇਂ ਨਾ, ਪਰ ਦਾਨ ਪੁੰਨ, ਤੇ ਸੇਵਾ ਭਾਵ ਇਨ੍ਹਾਂ ਲੋਕਾਂ ਵਿਚ — ਖ਼ਾਸ ਕਰ ਕੇ [illegible] ਤਬਕੇ ਵਿਚ ਕੁਟ ਕੁਟ ਕੇ ਭਰਿਆ ਹੋਇਆ ਹੈ। ਇਹ ਇਸੇ ਗਲ ਦਾ ਸਬੂਤ ਸੀ ਕਿ ਦਿਨ ਚੜ੍ਹਦਿਆਂ ਹੀ ਸੈਂਕੜੇ ਤੀਵੀਆਂ ਮਰਦ ਸਿਰ ਤੇ ਰੋਟੀਆਂ ਦੇ ਟੋਕਰੇ ਚੁਕੀ ਤੇ ਹੱਥ ਵਿਚ ਦਾਲਾਂ ਸਬਜ਼ੀਆਂ ਦੀਆਂ ਬਾਲਟੀਆਂ ਲਮਕਾਈ

ਪਰਕਰਮਾਂ ਵਿਚ ਆ ਪਹੁੰਚੇ। ਵੇਖਣ ਵਾਲੇ ਹੈਰਾਨ ਹੋ ਰਹੇ ਸਨ ਕਿ ਇਤਨੀ ਛੇਤੀ ਇਹ ਇੰਨਾ ਕੁਝ ਕਿਵੇਂ ਰਿਝ ਪੱਕ ਗਿਆ ਹੋਵੇਗਾ।

"ਲਓ ਮਾਈ ਜੀ ਪਰਸ਼ਾਦਾ... ...ਲੈ ਬੀਬੀ ਰੋਲ... ...ਭਾਜੀ ਭੈਣ ਜੀ... ...ਦਾਲਾ ਵੀਰ ਜੀ... ..." ਜਿਧਰ ਵੇਖੋ ਇਹੋ ਆਵਾਜ਼ਾਂ, ਤੇ ਇਨ੍ਹਾਂ ਆਵਾਜ਼ਾਂ ਦੇ ਜਵਾਬ ਵਿਚ ਉਹਨਾਂ ਲੋਕਾਂ ਦੇ ਹਥ ਫੈਲ ਰਹੇ ਸਨ, ਜਿਹੜੇ ਖ਼ੁਦ ਕਈਆਂ ਨੂੰ ਖਵਾ ਕੇ ਖਾਂਦੇ ਹੁੰਦੇ ਸਨ।

ਹਥ ਫੈਲ ਰਹੇ ਸਨ — ਅੱਥਰੂ ਡੁਲਕ ਰਹੇ ਸਨ, ਭੁਖੀਆਂ ਆਂਦਰਾਂ ਦੀ ਜਠਰਾਗਨ ਬੁਝਾਣ ਲਈ ਅੰਨ ਦੀਆਂ ਬੁਰਕੀਆਂ ਅੰਦਰ ਲੰਘਾਣ ਦੀ ਕੋਸ਼ਸ਼ ਕੀਤੀ ਜਾ ਰਹੀ ਸੀ, ਪਰ ਅੰਦਰੋਂ ਉਠ ਰਹੇ ਅਰਮਾਨਾਂ ਦੇ ਤੂਫ਼ਾਨ ਤੇ ਅੱਥਰੂਆਂ ਦੀਆਂ ਲਹਿਰਾਂ ਉਨ੍ਹਾਂ ਬੁਰਕੀਆਂ ਨੂੰ ਬਾਹਰ ਧੱਕ ਰਹੀਆਂ ਸਨ। ਵਰਤਾਵਿਆਂ ਦੇ ਦਿਲ ਇਨ੍ਹਾਂ ਨਜ਼ਾਰਿਆਂ ਨੂੰ ਵੇਖ ਵੇਖ ਕੰਬਦੇ ਸਨ। ਕੜਛੀਆਂ ਉਨ੍ਹਾਂ ਦੇ ਹੱਥਾਂ 'ਚੋਂ ਡਿਗ ਡਿਗ ਪੈਂਦੀਆਂ ਸਨ।

ਸਤਨਾਮ ਆਪਣੇ ਸਾਥੀਆਂ ਨਾਲ ਪ੍ਰਕਰਮਾਂ ਵਿਚ ਫਿਰਦਾ ਹੋਇਆ ਇਹ ਸਭ ਕੁਝ ਵੇਖ ਰਿਹਾ ਸੀ। ਉਸ ਦੇ ਸਾਥੀ ਪੂਰੇ ਦੁਖ ਤੇ ਅਫ਼ਸੋਸ ਵਿਚ ਗੱਲਾਂ ਕਰਦੇ ਜਾ ਰਹੇ ਸਨ, ਪਰ ਸਤਨਾਮ ਦਾ ਦਿਲ ਨਹੀਂ ਸੀ ਕਰਦਾ ਕੋਈ ਗਲ ਕਰਨ ਜਾਂ ਸੁਣਨ ਨੂੰ, ਉਸ ਦਾ ਦਿਲ ਜੋ ਕੁਝ ਕਰਨ ਨੂੰ ਚਾਹ ਰਿਹਾ ਸੀ, ਇਸ ਤੋਂ ਉਹ ਅਸਮਰੱਥ ਸੀ। ਉਸ ਨੂੰ ਆਪਣੀ ਛਾਤੀ — ਗਲੇ ਤੀਕ ਅੱਥਰੂਆਂ ਨਾਲ ਭਰੀ ਹੋਈ ਮਹਿਸੂਸ ਹੋ ਰਹੀ ਸੀ, ਜਿਸ ਨੂੰ ਉਹ ਕਿਤੇ ਕਿਸੇ ਨਵੇਕਲੇ ਖੂੰਜੇ ਜਾ ਕੇ ਉਲੱਦ ਦੇਣਾ ਚਾਹੁੰਦਾ ਸੀ, ਜਿਥੇ ਉਸ ਨੂੰ ਕੋਈ ਵੀ ਅੱਖ ਨਾ ਤੱਕ ਸਕੇ।

ਇਕ ਥਾਂ, ਜਿਥੇ ਭੀੜ ਬਹੁਤ ਜ਼ਿਆਦਾ ਸੀ, ਸਤਨਾਮ ਨੇ ਸਾਥੀਆਂ ਪਾਸੋਂ ਆਪਣੇ ਆਪ ਨੂੰ ਵਖ ਕਰ ਲਿਆ। ਹੁਣ ਉਹ ਇਕੱਲਾ ਸੀ।

"ਅਜੇ ਸਰਾਂ ਨਹੀਂ ਵੇਖੀ ਤੂੰ ?" ਉਸ ਦੇ ਕੋਲੋਂ ਲੰਘਦਾ ਹੋਇਆ ਇਕ ਨੌਜਵਾਨ ਆਪਣੇ ਨਾਲ ਟੁਰੀ ਜਾਂਦੀ ਤੀਵੀਂ ਨੂੰ ਕਹਿ ਰਿਹਾ ਸੀ — "ਕਦੀ ਤੂੰ ਵੇਖੇਂ ਤੇ ਜਾਣੇ।"

ਸਤਨਾਮ ਇਸ ਵੇਲੇ ਤਕ ਸਾਰੀ ਪ੍ਰਕਰਮਾ ਖ਼ਤਮ ਕਰ ਚੁਕਾ ਸੀ। ਉਹ ਉਥੋਂ ਨਿਕਲ ਕੇ ਸਿਧਾ ਗੁਰੂ ਰਾਮਦਾਸ ਦੀ ਸਰਾਂ ਵਲ ਟੁਰ ਪਿਆ। ਅੰਦਰ ਜਾ ਕੇ ਉਸ ਜੋ ਕੁਝ ਵੇਖਿਆ, ਇਹ ਉਸ ਦੇ ਕਿਆਸ ਦੀ ਹਦ ਤੋਂ ਵੀ ਪਰ੍ਹੇ ਸੀ। ਬੂਹੇ ਤੋਂ ਲੈ ਕੇ ਅੰਦਰਲੀਆਂ ਦੂਹਾਂ ਮੰਜ਼ਲਾਂ ਤਕ — ਸਣੇ ਅੰਠਾਂ ਵਡੇ ਹਾਲ ਕਮਰਿਆਂ ਦੇ, ਸਾਰੀ ਸਰਾਂ ਵਿਚ ਕੁਰਬਲ ਕੁਰਬਲ ਹੋ ਰਹੀ ਸੀ। ਤਬਾਹ ਹਾਲ ਟੱਬਰਾਂ ਨਾਲ ਕੀ ਕੋਠੜੀਆਂ ਤੇ ਕੀ ਵਰਾਂਡੇ, ਪਾਟਣ ਆਏ ਹੋਏ ਸਨ। ਤੀਵੀਆਂ ਦੇ ਦਿਲ-ਚੀਰਵੇਂ ਵਿਰਲਾਪ ਸੁਣੇ ਨਹੀਂ ਸਨ ਜਾਂਦੇ। ਹਰ ਪਾਸੇ ਇਕ ਹਾਹਾਕਾਰ ਮਚੀ ਹੋਈ ਸੀ, ਹਰ ਕੋਈ ਰਾਤ ਵਾਲੀ ਦੁਰਘਟਨਾ ਬਾਰੇ ਆਪੋ ਆਪਣੀ ਹੱਡਬੀਤੀ ਸੁਣਾ ਰਿਹਾ ਸੀ — "ਸਾਡੇ ਘਰ ਦੇ ਸਤਾਂ ਵਿਚੋਂ ਚਾਰ ਜੀ ਮੁਸਲਮਾਨਾਂ ਨੇ ਮਾਰ ਦਿਤੇ... ...ਮੇਰਾ ਘਰ ਵਾਲਾ ਤੀਜੀ ਛੱਤ ਤੋਂ ਹੇਠਾਂ ਸੁਟ ਕੇ ਉਨ੍ਹਾਂ ਚੂਰ ਚੂਰ ਕਰ ਦਿਤਾ।... ...ਅਸੀ ਸਾਰਾ ਟੱਬਰ ਇਹਨਾਂ ਕਪੜਿਆਂ ਨਾਲ ਹੀ ਮਸਾਂ ਜਾਨਾਂ ਬਚਾ ਕੇ ਨਿਕਲ ਸਕੇ ਸਾਂ... ..." ਆਦਿ।

ਅੰਨ ਪਾਣੀ ਵਰਤਾਉਣ ਵਾਲੀਆਂ ਅਨੇਕਾਂ ਪਾਰਟੀਆਂ ਇਥੇ ਵੀ ਆਪਣਾ ਕੰਮ ਬੜੀ ਲਗਨ ਨਾਲ ਕਰ ਰਹੀਆਂ ਸਨ। ਪਰ ਉਹਨਾਂ ਦੀ ਦਾਨ-ਸ਼ੀਲਤਾ ਤੋਂ ਵਧੇਰੇ ਲਾਭ ਉਠਾ ਰਹੇ ਸਨ, ਸ਼ਹਿਰ ਦੇ ਮੰਗਤੇ, ਬਾਬੇ ਪਹੌੜੀ ਵਾਲੇ ਮਹੱਲੇ ਦੇ ਭਾਟੜਿਆਂ ਦੇ ਢਾਣਾ ਬਿੰਡੇ ਮੁੰਡੇ ਕੁੜੀਆਂ, ਤੇ ਜਾਂ ਕੋਈ ਪਰਦੇਸੀ ਯਾਤਰੂ। ਜਿਨ੍ਹਾਂ ਲੋਕਾਂ ਲਈ ਇਹ ਸਭ ਕੁਝ ਰਿੰਨ੍ਹ ਪਕਾ ਕੇ ਲਿਆਂਦਾ ਗਿਆ ਸੀ, ਉਹਨਾਂ ਨੂੰ ਨਾ ਖਾਣ ਦੀ ਸੁਧ ਸੀ ਨਾ ਪੀਣ ਦੀ। ਹਾਂ, ਜੇ ਕਿਸੇ ਨੂੰ, ਦਾਨੀ ਹੱਥ ਹੇਠ ਬੁਰਕ ਅੱਪੜਦਾ ਪੈਂਦਾ ਤਾਂ ਉਨ੍ਹਾਂ ਨੂੰ, ਜਿਨ੍ਹਾਂ ਦੇ ਨਿਆਣੇ ਰਾਤ ਤੋਂ ਭੁਖੇ ਸਨ।

ਆਹ ਦਾ ਨਾਹਰਾ ਮਾਰਿਆ ਸਤਨਾਮ ਦੇ ਦਿਲ ਨੇ, ਉਹ ਉਥੇ ਹੋਰ ਨਾ ਠਹਿਰ ਸਕਿਆ।

3

ਛੇ ਤੇ ਬਾਅਦ ਸਤ ਮਾਰਚ ਦਾ ਸੂਰਜ ਚੜ੍ਹਿਆ ਤੇ ਇਸ ਤੋਂ ਬਾਅਦ ਡੁਬ ਵੀ ਗਿਆ, ਪਰ ਆਪਣੇ ਨਾਲ ਹੀ ਸ਼ਹਿਰ ਦੇ ਬਚੇ ਖੁਚੇ ਅਮਨਚੈਨ ਨੂੰ ਵੀ ਲੈ ਡੁਬਿਆ। ਜਿਸ ਤਰ੍ਹਾਂ ਦੀ ਕਾਲੀ ਬੋਲੀ ਰਾਤ ਉਹ ਆਪਣੇ ਪਿਛੇ ਛਡ ਗਿਆ ਸੀ, ਉਸੇ ਤਰ੍ਹਾਂ ਹੀ ਸਹਿਮਾਂ ਤੇ ਕੀਰਨਿਆਂ ਭਰੀ ਰਾਤ ਲੋਕਾਂ ਦੇ ਦਿਲਾਂ ਉਤੇ ਛਾਈ ਹੋਈ ਸੀ। ਕਲ੍ਹ ਸਵੇਰ ਤੋਂ ਹੀ ਸਾਰਾ ਸ਼ਹਿਰ ਬੰਦ ਸੀ। ਹਰ ਇਕ ਸ਼ਹਿਰੀ ਦੇ ਚਿਹਰਿਆਂ ਤੋਂ ਕਿਸੇ ਭਿਆਨਕ ਹੋਣੀ ਦੇ ਚਿੰਨ੍ਹ ਪ੍ਰਗਟ ਹੋ ਰਹੇ ਸਨ। ਗਲੀਆਂ ਵਿਚ, ਬਾਜ਼ਾਰਾਂ ਵਿਚ, ਮੰਡੀਆਂ ਤੇ ਕਟੜਿਆਂ ਵਿਚ, ਜਿਧਰ ਵੇਖੋ ਇਹੋ ਫਸਾਦਾਂ ਦਾ ਚਰਚਾ ਸੀ। ਸਾਰੇ ਸ਼ਹਿਰ ਵਿਚ ਹੜਤਾਲ ਸੀ। ਬਹੁਤ ਗਿਣਤੀ ਵਿਚ ਲੋਕੀ ਸ਼ਹਿਰ ਨੂੰ ਛਡ ਕੇ ਦਿੱਲੀ ਆਦਿ ਦੇ ਸਫਰ ਕਰਨ ਵਿਚ ਰੁਝੇ ਹੋਏ ਸਨ।

ਸ਼ਹਿਰ ਵਿਚ ਹਿੰਦੂ ਸਿਖ ਵੀ ਫਿਰਦੇ ਦਿਖਾਈ ਦੇਂਦੇ ਸਨ ਤੇ ਮੁਸਲਮਾਨ ਵੀ ਪਰ ਦੋਵੇਂ ਧਿਰਾਂ ਇਸ ਤਰ੍ਹਾਂ ਦੀਆਂ ਸ਼ੱਕੀ ਤੇ ਈਰਖੀ ਨਜ਼ਰ ਨਾਲ ਇਕ ਦੂਜੇ ਵਲ ਚੋਰ ਅੱਖੀ ਤੱਕਦੀਆਂ ਸਨ, ਜਿਵੇਂ ਇਕ ਨੂੰ ਦੂਜਾ ਆਦਮੀ ਨਹੀਂ, ਦਰਿੰਦਾ ਨਜ਼ਰ ਆ ਰਿਹਾ ਹੈ।

ਰਾਤ ਦੀ ਹੋ ਚੁਕੀ, ਸਾੜ ਫੂਕ ਤੋਂ ਬਾਅਦ ਆਮ ਤੌਰ ਤੇ ਹਿੰਦੂਆਂ ਅਤੇ ਖ਼ਾਸ ਤੌਰ ਤੇ ਸਿਖਾਂ ਵਿਚ ਬੇਓੜਕ ਜੋਸ਼ ਸੀ। ਮਾਨੋ ਹਰ ਇਕ ਹਿੰਦੂ ਸਿਖ ਆਪਣੇ ਮਨ, ਬਚਨ ਤੇ ਕਰਮ ਦਵਾਰਾ ਇਹੋ ਨਿਸਚਾ ਕਰੀ ਬੈਠਾ ਸੀ ਕਿ ਰਾਤ ਪੈਣ ਦੀ ਦਿਲ ਹੈ ਕਿ ਮੁਸਲਮਾਨਾਂ ਦੀ ਕਰਨੀ ਦੇ ਗਿਣ ਗਿਣ ਕੇ ਬਦਲੇ ਲਏ ਜਾਣਗੇ ਪਰ ਇਨ੍ਹਾਂ ਭਾਵਾਂ ਦੇ ਨਾਲ ਨਾਲ ਹੀ ਕਿਸੇ ਅਚਿੰਤੀ ਦੁਰਘਟਨਾ ਦੀ ਸੰਭਾਵਨਾ ਨੇ ਵੀ ਹਰ ਇਕ ਦੇ ਸੰਤਰ ਸੁਕਾਏ ਹੋਏ ਸਨ, ਕਿਉਂਕਿ ਉਨ੍ਹਾਂ ਨੂੰ ਇਸ ਗਲ ਦਾ ਵੀ ਅੰਦੇਸ਼ਾ ਸੀ ਕਿ ਸ਼ਹਿਰ ਦੀ ਪੋਲੀਸ — ਜਿਸ ਵਿਚ ਤਿੰਨ ਚੌਥਾਈ ਤੋਂ ਜ਼ਿਆਦਾ ਗਿਣਤੀ ਮੁਸਲਮਾਨਾਂ ਦੀ ਤੇ ਜਿਸ ਦੇ ਅਫ਼ਸਰ ਤਾਂ ਲਗ ਪਗ ਸਾਰੇ ਹੀ ਮੁਸਲਮਾਨ ਹਨ — ਪੂਰੇ ਜ਼ੋਰ ਸ਼ੋਰ ਨਾਲ ਮੁਸਲਮਾਨਾਂ ਦੀ ਮਦਦ ਕਰਦੀ ਹੈ।

ਪਰ ਇਸ ਸੰਭਾਵਨਾ ਦੇ ਹੁੰਦਿਆਂ ਵੀ ਜੋਸ਼ ਦੀ ਘਾਟ ਕਿਤੇ ਨਹੀਂ ਸੀ ਦਿਸਦੀ। ਸ਼ਹਿਰ ਵਿਚ ਜਿੰਨੀਆਂ ਵੀ ਹਿੰਦੂਆਂ ਜਾਂ ਸਿਖਾਂ ਦੀਆਂ ਜ਼ਿੰਮੇਵਾਰ ਸੁਸਾਇਟੀਆਂ ਸਨ, ਲਗ ਪਗ ਸਾਰੀਆਂ ਹੀ ਮੁਸਲਮਾਨਾਂ ਪਾਸੋਂ ਬਦਲਾ ਲੈਣ ਲਈ ਤੁਲੀਆਂ ਹੋਈਆਂ ਸਨ। ਕਈਆਂ ਵਲੋਂ ਤਾਂ ਜਿਥੋਂ ਤੀਕ ਉਦਮ ਹੋਇਆ ਕਿ ਲਾਗ ਪਾਸ ਦੇ ਪਿੰਡਾਂ ਵਿਚ ਵੀ ਸੁਨੇਹੇ ਭੇਜ ਦਿਤੇ ਗਏ।

ਇਧਰ ਇਹ ਤਿਆਰੀਆਂ ਹੋ ਰਹੀਆਂ ਸਨ ਤੇ ਉਧਰ ਪੁਲਿਸ ਦਾ ਮਹਿਕਮਾ ਕਿਸੇ ਨੂੰ ਪਤਾ ਨਹੀਂ ਸੀ ਕਿਹੜੇ ਖੂੰਜੇ ਜਾ ਵੜਿਆ। ਨਾ ਤਾਂ ਕਲ੍ਹ ਰਾਤ ਵਾਲੀ ਤਬਾਹੀ ਬਾਰੇ ਕੋਈ ਪਕੜ ਪਕੜਾ ਹੋਈ ਤੇ ਨਾ ਹੀ ਇਸ ਅਜ ਦੀ ਤੂਫਾਨੀ ਤਿਆਰੀ ਨੂੰ ਰੋਕਣ ਦਾ ਕੋਈ ਉਪਰਾਲਾ ਨਜ਼ਰੀਂ ਆਉਂਦਾ ਸੀ। ਜਿਵੇਂ ਹਰ ਕਿਸੇ ਦਾ ਆਪਣਾ ਰਾਜ ਸੀ — ਕੋਈ ਕਿਸੇ ਨੂੰ ਪੁੱਛਣ ਗਿੱਛਣ ਵਾਲਾ ਨਹੀਂ ਸੀ।

ਦੁਪਹਿਰ ਤੋਂ ਬਾਅਦ ਸ਼ਾਮਾਂ ਪੈਂਦਿਆਂ ਹੀ ਗੁੰਡਾ ਪਾਰਟੀਆਂ ਨੇ ਹਥਿਆਰਬੰਦ ਹੋ ਕੇ ਸ਼ਹਿਰ ਦੇ ਬਾਜ਼ਾਰਾਂ ਵਿਚ ਗਸ਼ਤ ਲਾਣੀ ਸ਼ੁਰੂ ਕਰ ਦਿਤੀ। ਗਲੀਆਂ ਮੁਹੱਲਿਆਂ ਵਿਚ ਦਬਾ ਦਬ ਮੋਰਚੇਬੰਦੀਆਂ ਤੇ ਕੂਚਾਬੰਦੀਆਂ ਸ਼ੁਰੂ ਹੋ ਗਈਆਂ। ਹਰ ਕਿਸੇ ਨੂੰ ਆਪੋ ਆਪਣੇ ਜਾਨ ਮਾਲ ਦਾ ਫ਼ਿਕਰ ਪੈ ਗਿਆ ਸੀ ਤੇ ਇਸ ਕੰਮ ਲਈ ਨਵੇਂ ਤੋਂ ਨਵੇਂ ਢੰਗ ਸੋਚੇ ਜਾਣ ਲਗੇ। ਇੱਟਾਂ ਰੋੜਿਆਂ ਨਾਲ ਛੱਤਾਂ ਤੇ ਬਨੇਰੇ ਭਰ ਦਿਤੇ ਗਏ, ਪਾਣੀ ਦੇ ਪੀਪੇ ਤੇ ਬਾਲਟੀਆਂ ਭਰ ਭਰ ਕੇ ਛੱਤਾਂ ਤੇ ਰਖ ਦਿਤੇ ਗਏ। ਇਥੋਂ ਤਕ ਕਿ ਕਈ ਥਾਈਂ ਤਾਂ ਤੇਜ਼ਾਬ ਦੇ ਗੈਲਿਨ ਤੇ ਪਿਚਕਾਰੀਆਂ ਤਕ ਚੀਜ਼ਾਂ ਜਮ੍ਹਾਂ ਕਰ ਲਈਆਂ ਗਈਆਂ। ਬਾਕੀ ਰਹੀ ਹਥਿਆਰਾਂ ਦੀ ਗਲ। ਛਵਾ, ਕਿਰਪਾਨ, ਟਕੂਆ, ਕੁਹਾੜੀ, ਜੋ ਵੀ ਕਿਸੇ ਦੇ ਹੱਥ ਲਗਾ ਸੰਭਾਲ ਕੇ ਰਖ ਲਿਆ ਗਿਆ। ਕਿਰਪਾਨਾਂ

ਦੀਆਂ ਦੁਕਾਨਾਂ — ਜਿਨ੍ਹਾਂ ਉਤੇ ਪਿਛਲੇ ਮਹੀਨੇ ਤੋਂ ਹੀ ਦੀਵਾਲੀ ਵਿਸਾਖੀ ਦੇ ਮੇਲੇ ਵਰਗੀ ਭੀੜ ਰਹਿੰਦੀ ਸੀ, ਹੁਣ ਉਨ੍ਹਾਂ ਉਤੇ ਗਾਹਕਾਂ ਦੀ ਭੀੜ ਦਾ ਇਹ ਹਾਲ ਸੀ ਕਿ ਜਿਸ ਜਿਸ ਬਾਜ਼ਾਰ ਵਿਚ ਕੋਈ ਕਿਰਪਾਨਾਂ ਦੀ ਦੁਕਾਨ ਸੀ, ਉਸ ਰਸਤਿਓਂ ਟਾਂਗੇ ਛਡ ਕੇ ਆਦਮੀ ਦਾ ਲੰਘਣਾ ਮੁਸ਼ਕਲ ਸੀ ਪਰ ਇਤਨੀ ਬੇਪਨਾਹ ਗਾਹਕੀ ਨੂੰ ਸ਼ਹਿਰ ਦੀਆਂ ਪੰਜ ਸਤ ਦੁਕਾਨਾਂ ਕੀਕਣ ਭੁਗਤਾ ਸਕਦੀਆਂ ਸੰਨ। ਪੰਜਾਂ ਪੰਜਾਂ ਸੱਤਾਂ ਸੱਤਾਂ ਰੁਪਿਆਂ ਦੀ ਕਿਰਪਾਨ ਦਾ ਮੁਲ, ਚੜ੍ਹਦਾ ਚੜ੍ਹਦਾ ਪੰਜਾਹ ਪੰਜਾਹ ਸਠ ਸਠ ਰੁਪਿਆਂ ਤਕ ਪਹੁੰਚ ਗਿਆ। ਫਿਰ ਵੀ ਲੋਕੀ ਦਬਾ ਦਬ ਖ਼ਰੀਦੀ ਜਾ ਰਹੇ ਸਨ। ਸ਼ਾਇਦ ਇਸ ਵੇਲੇ ਸੋਨੇ ਨਾਲ ਤੋਲ ਕੇ ਵੀ ਲੈਣ ਤੋਂ ਉਹ ਦਰੇਗ ਨਾ ਕਰਦੇ ਪਰ ਬਦਕਿਸਮਤੀ ਉਨ੍ਹਾਂ ਦੀ, ਕਿ ਸ਼ਾਮ ਤੀਕ ਸਾਰੀਆਂ ਦੁਕਾਨਾਂ 'ਚੋਂ ਕਿਰਪਾਨਾਂ ਦਾ ਸਟਾਕ ਖ਼ਤਮ ਹੋ ਗਿਆ।

ਉਧਰ ਗਾਹਕਾਂ ਦੀ ਭੀੜ ਵਿਚ ਕਮੀ ਹੋਣ ਦੇ ਥਾਂ ਸਗੋਂ ਪੈਰੋ ਪੈਰ ਵਾਧਾ ਹੀ ਹੁੰਦਾ ਗਿਆ। ਆਖ਼ਰ ਜਦ ਦੁਕਾਨਦਾਰਾਂ ਨੇ ਕਿਰਪਾਨਾਂ ਦੇਣ ਤੋਂ ਇਨਕਾਰ ਕਰ ਦਿਤਾ, ਤਾਂ ਲੋਕਾਂ ਨੇ ਗੁੱਸੇ ਵਿਚ ਆ ਕੇ ਕਈਆਂ ਦੁਕਾਨਾਂ ਤੇ ਹਲਾ ਬੋਲ ਦਿਤਾ ਤੇ ਜੋ ਕੁਝ ਕਿਸੇ ਦੇ ਹਥ ਆਇਆ — ਕਿਰਪਾਨਾਂ ਦੇ ਅਣਘੜੇ ਫਲ, ਮਿਆਨ, ਦਸਤੇ ਤੇ ਲੋਹੇ ਦੀਆਂ ਛੜਾਂ ਤਕ ਲੋਕੀ ਲੁਟ ਕੇ ਲੈ ਗਏ।

ਬੀਤੀ ਰਾਤੀਂ ਜਿਹੜੀਆਂ ਅੱਗਾਂ ਮੁਸਲਮਾਨਾਂ ਨੇ ਲਾਈਆਂ ਸਨ, ਉਨ੍ਹਾਂ ਦਾ ਧੂੰਆਂ ਅਜੇ ਤੀਕ ਬਰਾਬਰ ਉਠ ਰਿਹਾ ਸੀ ਫ਼ਾਇਰ ਬਰਗੇਡ ਦਾ ਕੋਈ ਪਤਾ ਨਹੀਂ ਸੀ, ਸ਼ਾਇਦ ਉਸ ਮਹਿਕਮੇ ਨੂੰ ਆਪਣੇ ਅੱਗ ਬੁਝਾਊ ਇੰਜਨਾਂ ਦੇ ਸਾੜੇ ਜਾਂ ਤਬਾਹ ਕੀਤੇ ਜਾਣ ਦਾ ਫ਼ਿਕਰ ਪੈ ਗਿਆ ਸੀ।

ਸ਼ਹਿਰ ਦੇ ਕੀ ਹਿੰਦੂ ਸਿਖ ਤੇ ਕੀ ਮੁਸਲਮਾਨ, ਸਭਨਾਂ ਲਈ ਅਜ ਦੀ ਰਾਤ ਪਰਲੋ ਅਤੇ ਕਿਆਮਤ ਦੀ ਰਾਤ ਸੀ। ਕਿਸੇ ਨੂੰ ਵੀ ਭਰੋਸਾ ਨਹੀਂ ਕਿ ਜਿਸ ਛਤ ਹੇਠ ਬੈਠੇ ਜਾਂ ਸੁਤੇ ਹੋਏ ਸਨ, ਦਿਨ ਚੜ੍ਹਦੇ ਤੀਕ ਇਹ ਉਨ੍ਹਾਂ ਦੇ ਸਿਰਾਂ ਤੇ ਸਹੀ ਸਲਾਮਤ ਰਹੇਗੀ। ਹਰ ਪਾਸੇ ਮੌਤ ਹੀ ਮੌਤ ਦਿਖਾਈ ਦੇ ਰਹੀ ਸੀ।

ਸ਼ਾਮ ਦੇ ਘੁਸਮੁਸੇ ਤੋਂ ਬਾਅਦ ਜਿਉਂ ਹੀ ਰਾਤ ਦਾ ਹਨ੍ਹੇਰਾ ਫੈਲਣਾ ਸ਼ੁਰੂ ਹੋਇਆ ਕਿ ਇਸ ਦੇ ਨਾਲ ਹੀ ਮੁਸਲਮਾਨੀ ਮਹੱਲਿਆਂ ਵਿਚੋਂ ਅੱਗ ਦੀਆਂ ਲਾਟਾਂ ਉਠਣ ਲਗ ਪਈਆਂ। ਕੋਠਿਆਂ ਤੇ ਚੜ੍ਹੇ ਹੋਏ ਲੋਕ ਦੂਰ ਤੀਕ ਨਜ਼ਰਾਂ ਟਿਕਾਈ ਇਹੋ ਪੁਕਾਰ ਰਹੇ ਸਨ — "ਅਹੁ ਫਰੀਦ ਦੇ ਚੌਕ ਨੂੰ ਅੱਗ ਲਗ ਪਈ... ...ਅਹੁ ਫੌਜ ਵਾਲਾ ਬਾਜ਼ਾਰ ਸੜ ਰਿਹਾ ਜੇ... ...ਅਹੁ ਕਟੜਾ ਸ਼ੇਰ ਸਿੰਘ ਫੁਕਿਆ ਜਾ ਰਿਹਾ ਹੈ ਜੇ... ..." ਆਦਿ।

ਸਤਨਾਮ ਆਪਣੀ ਘੁਰ ਉਪਰਲੀ ਛਤ ਦੇ ਬਨੇਰੇ ਨਾਲ ਲਗਾ ਖੜੋਤਾ ਸੀ, ਜਿਸ ਦੇ ਸੱਜੇ ਪਾਸੇ ਉਸ ਦੀ ਮਾਂ ਤੇ ਖੱਬੇ ਪਾਸੇ ਉਨ੍ਹਾਂ ਦਾ ਨੌਕਰ ਕਨ੍ਹਈਆ ਸੀ। ਜਿਉਂ ਹੀ ਇਹ "ਕਟੜਾ ਸ਼ੇਰ ਸਿੰਘ" ਦਾ ਨਾਉਂ ਕੇਸਰ ਕੌਰ ਦੇ ਕੰਨੀਂ ਪਿਆ ਕਿ ਇਕ ਲੰਮੀ ਚੀਕ ਉਸ ਦੇ ਮੂੰਹੋਂ ਨਿਕਲੀ ਤੇ ਪਲਕ ਝਲਕ ਵਿਚ ਉਸ ਦੇ ਚਿਹਰੇ ਦਾ ਰੰਗ ਬੱਗਾ ਪੂਣੀ ਹੋ ਗਿਆ। ਮਥੇ ਤੇ ਕਚੀਆਂ ਤ੍ਰੇਲੀਆਂ ਛੁਟ ਪਈਆਂ। ਉਸਨੇ ਇਕੋ ਸਾਹ ਪੁਕਾਰਨਾ ਸ਼ੁਰੂ ਕਰ ਦਿਤਾ, "ਤਾਂ ਸਾਡੀ ਦੁਕਾਨ ਵੀ ਸੜ ਗਈ ਹੋਵੇਗੀ। ਹਾਏ ਹੁਣ ਕੀ ਬਣੇਗਾ... ..." ਬੋਲਦੀ ਬੋਲਦੀ ਉਹ ਗਸ਼ ਖਾ ਉਥੇ ਹੀ ਡਿਗ ਪਈ।

ਸਤਨਾਮ ਤੇ ਕਈਆਂ ਹੋਰਾਂ ਦੀ ਮਦਦ ਨਾਲ ਉਸ ਨੂੰ ਥੰਮ੍ਹ ਸੰਭਾਲ ਕੇ ਹੇਠਾਂ ਲਿਆਂਦਾ ਗਿਆ। ਆਂਢਣਾਂ ਗੁਆਂਢਣਾਂ ਉਸ ਦਾ ਦਿਲ ਰੱਖਣ ਲਈ ਕਹਿ ਰਹੀਆਂ ਸਨ — "ਨੀ ਭੈਣੇ, ਕੀ ਵਰਗ ਗਈਆਂ ਨੇ ਤੈਨੂੰ। ਐਵੇਂ ਸੁਖੀਂ ਸਾਂਦੀ ਚੰਦਰੇ ਖ਼ਿਆਲ ਦਿਲ ਵਿਚ ਲਿਆਉਂਣ ਡਹੀ ਹੋਈ ਏਂ, ਕਹਿਣ ਵਾਲਿਆਂ ਦੀ ਕਿਹੜੀ ਗਲ ਏ, ਐਵੇਂ 'ਵਾ ਨੂੰ ਸੋਟੇ ਮਾਰੀ ਜਾਂਦੇ ਨੇ। ਖ਼ਬਰੇ ਕਿਹੜੇ ਬਾਜ਼ਾਰ ਵਿਚ ਲਗੀ ਏ ਤੇ ਕਿਹੜੇ ਵਿਚ ਨਹੀਂ, ਹੌਸਲਾ ਕਰ... ..."

ਮਾਂ ਦੀ ਹਾਲਤ ਤੋਂ ਘਬਰਾ ਕੇ ਸਤਨਾਮ ਉਸ ਦੀ ਸਰ੍ਹਾਂਦੀ ਬੈਠਾ ਕਹਿ ਰਿਹਾ ਸੀ — "ਬੀਬੀ, ਮਰਦੀ ਕਿਉਂ ਜਾਨੀ ਏਂ ਐਵੇਂ ਖਾਹ ਮਖਾਹ। ਅਸੀਂ ਕੋਈ ਦੁਨੀਆਂ ਨਾਲੋਂ ਵੱਖਰੇ ਆਂ ? ਜੇ ਲਗ ਵੀ ਗਈ ਤਾ ਹਨੇਰ ਕਿਧਰ ਦਾ ਆ ਗਿਆ। ਸਾਡੀ ਦੁਕਾਨ ਦਾ ਤੇ ਫੇਰ ਵੀ ਬੀਮਾ ਹੋਇਆ ਹੋਇਆ — ਅੱਧਾ ਪਚੱਧਾ ਪਲੇ ਪੈ ਈ ਜਾਏਗਾ। ਜਿਹੜੇ ਵਿਚਾਰੇ ਕਲ੍ਹ ਲੱਖਾਂ ਵਿਚ ਖੇਡਦੇ ਸਨ ਤੇ ਅਜ ਧੂੰਏਂ ਦੇ ਮਲੰਗ ਹੋਏ ਬੈਠੇ ਨੇ, ਉਨ੍ਹਾਂ ਵਲ ਤਕ ਖਾਂ... ..."

ਪਰ ਕੇਸਰ ਕੌਰ ਉਤੇ ਇਨ੍ਹਾਂ ਦਿਲਬਰੀਆਂ ਦਾ ਕੁਝ ਵੀ ਅਸਰ ਨਹੀਂ ਸੀ ਹੋ ਰਿਹਾ। ਹੋਸ਼ ਆਉਣ ਤੋਂ ਬਾਅਦ ਉਹ ਬਰਾਬਰ ਖੁਸ਼ਕ ਹੁੰਦੇ ਜਾ ਰਹੇ ਗਲੇ ਚੋਂ ਚਿੱਲਾਈ ਜਾਂਦੀ ਸੀ — "ਹਾਏ ਮੇਰੀ ਉਮਰਾਂ ਦੀ ਕਮਾਈ — ਮੇਰੀ ਭਰੀ ਭਕੁੰਨੀ ਦੁਕਾਨ — ਹਾਏ ਮੈਂ ਕਿਸੇ ਪਾਸੇ ਜੋਗੀ ਨਾ ਰਹੀ ਵੇ ਲੋਕੋ !"

ਸਤਨਾਮ ਭਾਵੇਂ ਬੜੀ ਦਲੇਰੀ ਨਾਲ ਮਾਂ ਨੂੰ ਨਸੀਹਤਾਂ ਕਰ ਰਿਹਾ ਸੀ, ਪਰ ਅੰਦਰਖਾਨੇ ਉਸ ਦਾ ਵੀ ਦਿਲ ਉਡਿਆ ਹੋਇਆ ਸੀ। ਇਸ ਵਿਚ ਸ਼ੱਕ ਨਹੀਂ ਕਿ ਉਸ ਦੇ ਪਿਉ ਨੇ ਕਿਸੇ ਭਲੇ ਵੇਲੇ ਦੁਕਾਨ ਦਾ ਦਸ ਹਜ਼ਾਰ ਦਾ ਬੀਮਾ ਕਰਾ ਦਿਤ ਸੀ ਪਰ ਪੰਜਾਹ ਸਠ ਹਜ਼ਾਰ ਦੇ ਟਾਕਰੇ ਦਸ ਹਜ਼ਾਰ ਕੀ ਸੀ। ਗੋਹੜੇ ਵਿਚੋਂ ਪੂਣੀ ਜਿੰਨਾ ਹੀ ਮਸੇ।

"ਮਤੇ ਕਟੜਾ ਸ਼ੇਰ ਸਿੰਘ ਦੇ ਥਾਂ ਕਿਸੇ ਹੋਰ ਬਜ਼ਾਰ ਨੂੰ ਲਗੀ ਹੋਵੇ" ਇਸੇ ਕਚੀ ਤੰਦ ਵਰਗੀ ਆਸ ਨੂੰ ਲਈ ਉਹ ਮੁੜ ਕੋਠੇ ਤੇ ਜਾ ਚੜ੍ਹਿਆ। ਮਾਂ ਦੀ ਖ਼ਬਰਗੀਰੀ ਲਈ ਉਸ ਨੇ ਨਰਿੰਦਰ ਤੇ ਕਨ੍ਹਈਏ ਨੂੰ ਉਸ ਦੇ ਕੋਲ ਛਡ ਦਿਤਾ।

ਉਪਰ ਜਾ ਕੇ ਉਸ ਵੇਖਿਆ, ਜਿਸ ਅੱਗ ਨੂੰ ਵੇਖ ਕੇ ਉਹ ਹੇਠਾਂ ਉਤਰਿਆ ਸੀ, ਉਸ ਤੋਂ ਕੋਈ ਦਸ ਗੁਣਾਂ ਵਧੀਕ ਫੈਲਾਉ ਵਿਚ ਹੁਣ ਉਸ ਨੇ ਤੱਕੀ ਤੇ ਲਾਗੇ ਪਾਸੇ ਹੋਰ ਵੀ ਕਈਆਂ ਨਵੇਂ ਥਾਵਾਂ ਤੋਂ ਧੂੰਏਂ ਦੇ ਗੁਬਾਰੇ ਉਠਣੇ ਸ਼ੁਰੂ ਹੋ ਗਏ ਸਨ।

ਉਸ ਨੂੰ ਯਕੀਨ ਹੋ ਗਿਆ ਕਿ ਨਾ ਕਟੜਾ ਸ਼ੇਰ ਸਿੰਘ ਬਚਿਆ ਹੈ, ਨਾ ਹੀ ਉਸ ਦੀ ਦੁਕਾਨ। ਹਉਕਾ ਭਰ ਉਹ ਲਾਗੇ ਡਠੀ ਹੋਈ ਇਕ ਛੋਟੀ ਮੰਜੀ ਤੇ ਲੇਟ ਗਿਆ ਤੇ ਲੇਟਿਆਂ ਹੀ ਲੇਟਿਆਂ ਸੋਚਣ ਲਗਾ — "ਅਜੇ ਪਰਸੋਂ ਚੌਥ ਹੀ ਰੇਡੀਓ ਸੈੱਟਾਂ ਦੀ ਬਿਲਟੀ ਬੈਂਕ 'ਚੋਂ ਛੁੜਾ ਕੇ ਲਿਆਂਦੀ ਸੀ, ਕੈਸ਼ ਸਾਢੇ ਤਿੰਨ ਹਜ਼ਾਰ ਦੇ ਕੇ, ਪਤਾ ਹੁੰਦਾ ਤਾਂ ਹੋਰ ਚਾਰ ਦਿਨ ਪਈ ਰਹਿਣ ਦੇਂਦੇ... ...ਟੇਬਲ ਫੈਨ ਜਿਹੜੇ ਕਲ੍ਹ ਸ਼ਾਮੀਂ ਪੇਟੀਆਂ 'ਚੋਂ ਕਢ ਕੇ ਜੋੜੇ ਸਨ, ਪਤਾ ਹੁੰਦਾ ਤਾਂ ਚਾਰੇ ਦਰਜਨ ਪਖੇ ਘਰ ਵਿਚ ਲਿਆ ਰਖਦਾ... ...ਚਾਲ੍ਹੀ ਵੋਲਟ ਦੇ ਬਲਬਾਂ ਦੀਆਂ ਡੇਢ ਸੌ ਰੀਲਾਂ ਪਲੱਗਾਂ ਦੀ ਭਰੀ ਹੋਈ ਅਲਮਾਰੀ... ...ਟੇਬਲ ਲੈਂਪਾਂ ਦਾ ਨਵਾਂ ਆਇਆ ਹੋਇਆ ਚਲਾਨ... ...।"

ਇਕ ਵਾਰੀ ਫਿਰ ਉਠ ਕੇ ਤੇ ਬਨੇਰੇ ਵਲ ਹੋ ਕੇ ਉਸ ਨੇ ਸਾਹਮਣੇ ਨਜ਼ਰ ਚੁਕੀ, ਬੇ-ਹਿਸਾਬੇ ਲੋਕ ਛਤਾਂ ਤੇ ਖੜੇ ਸਨ। ਉਪਰ ਨੀਲੇ ਆਕਾਸ਼ ਵਿਚ ਤਾਰੇ ਸਦਾ ਵਾਂਗ ਚਮਕ ਰਹੇ ਸਨ, ਇਹਨਾਂ ਦੀ ਚਮਕ ਵਿਚੋਂ ਉਸ ਨੂੰ ਖ਼ੁਮਾਰੀ ਜਿਹੀ ਟਪਕਦੀ ਦਿਖਾਈ ਦਿਤੀ। ਸ਼ਹਿਰ ਦੇ ਚੜ੍ਹਦੇ ਪਾਸੇ ਦਾ ਹਿੱਸਾ ਪਹਿਲਾਂ ਨਾਲੋਂ ਵੀ ਵਧੇਰੇ ਤੇਜ਼ੀ ਨਾਲ ਬਲ ਰਿਹਾ ਸੀ। ਇਸ ਤੋਂ ਛੁਟ ਲਹਿੰਦੇ ਵਲ — ਉਸ ਦੇ ਮਹੱਲੇ ਤੋਂ ਕਾਫੀ ਨੇੜੇ ਨੇੜੇ ਕਈਆਂ ਹੋਰ ਥਾਵਾਂ ਤੋਂ ਵੀ ਧੂੰਆਂ ਨਿਕਲਣਾ ਸ਼ੁਰੂ ਹੋ ਗਿਆ ਸੀ। ਜਿਸ ਤੋਂ ਉਸ ਨੇ ਅੰਦਾਜ਼ਾ ਲਾਇਆ ਕਿ ਅੱਗਾਂ ਲਾਣ ਦਾ ਕੰਮ ਬੜੀ ਤੇਜ਼ੀ ਨਾਲ ਕੀਤਾ ਜਾ ਰਿਹਾ ਹੈ।

ਪਹਿਲਾਂ ਵਖੋ ਵੱਖ ਕਈਆਂ ਥਾਵਾਂ ਤੇ ਜਿਹੜੇ ਧੂੰਏਂ ਦੇ ਬੱਦਲ ਦਿਖਾਈ ਦੇਂਦੇ ਸਨ, ਉਹ ਕਈ ਥਾਵਾਂ ਤੋਂ ਫੈਲਦੇ ਫੈਲਦੇ ਹੁਣ ਆਪੋ ਵਿਚ ਰਲਦੇ ਮਿਲਦੇ ਜਾ ਰਹੇ ਸਨ। ਹਰ ਪਾਸਿਓਂ ਉੱਚੀ ਉੱਚੀ ਰੌਲੇ ਦੀ ਗੂੰਜ ਸੁਣਾਈ ਦੇ ਰਹੀ ਸੀ। ਜਿਸ ਵਿਚ ਕਈ ਕਿਸਮ ਦੇ ਨਾਹਰੇ, ਬੱਚਿਆਂ ਤੇ ਤੀਵੀਆਂ ਦਾ ਚੀਕ ਚਿਹਾੜਾ, ਹੱਲਾਸ਼ੇਰੀਆਂ ਤੇ ਲਲਕਾਰਾਂ ਆਦਿ ਕਿੰਨੀ ਹੀ ਕਿਸਮ ਦੀਆਂ

ਆਵਾਜ਼ਾਂ ਰਲੀਆਂ ਹੋਈਆਂ ਸਨ। ਬਾਜ਼ਾਰਾਂ ਵਿਚੋਂ ਲੋਕੀ ਦਗੜ ਦਗੜ ਲੰਘ ਰਹੇ ਸਨ। ਕਈਆਂ ਦੇ ਸਿਰਾਂ ਤੇ ਭਾਰੀਆਂ ਪੰਡਾਂ ਸਨ, ਕੋਈ ਹੱਥ ਰੇਹੜੀਆਂ ਤੇ ਠੇਲ੍ਹਿਆਂ ਉਤੇ ਬਜਾਜੀ ਦੇ ਸਮੁਚੇ ਥਾਨ ਲੱਦੀ ਘਿਰਰ ਘਿਰਰ ਕਰ ਕੇ ਲਈ ਜਾ ਰਹੇ ਸਨ, ਕਿਸੇ ਦੀਆਂ ਬਾਹਾਂ ਵਿਚ ਛਤਰੀਆਂ ਦਾ ਬੰਘਾ, ਕੋਈ ਨਵੇਂ ਬੂਟਾਂ ਜੁਤੀਆਂ ਦੇ ਭਰੇ ਹੋਏ ਝੋਲਿਆਂ ਨੂੰ ਸੰਭਾਲਦਾ ਤੇ ਕੋਈ ਮੁਨਿਆਰੀ ਦੀਆਂ ਭਰੀਆਂ ਹੋਈਆਂ ਬੋਰੀਆਂ ਨੂੰ ਜ਼ਮੀਨ ਤੇ ਘਸੀਟਦਾ ਹੋਇਆ ਨੱਸੀ ਜਾ ਰਿਹਾ ਸੀ।

ਉਸ ਨੂੰ ਸਾਰੀ ਗਲ ਦੀ ਸਮਝ ਆ ਗਈ। ਮੁਸਲਮਾਨਾਂ ਦੇ ਘਰ ਤੇ ਦੁਕਾਨਾਂ ਲੁਟੀਆਂ ਜਾ ਰਹੀਆਂ ਸਨ। ਪਿੰਡਾਂ ਵਿਚੋਂ ਜਿਹੜੇ ਲੋਕੀ ਫਸਾਦ ਦੀਆਂ ਖ਼ਬਰਾਂ ਸੁਣ ਕੇ ਅੰਮ੍ਰਿਤਸਰ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਆ ਇਕੱਠੇ ਹੋਏ ਸਨ, ਬਹੁਤਾ ਉਹੋ ਇਸ ਵੇਲੇ ਲੁਟ-ਖਸੁਟ ਦੇ ਕੰਮ ਵਿਚ ਸਰਗਰਮੀ ਵਿਖਾ ਰਹੇ ਸਨ। ਇਹ ਲੋਕੀ ਜੰਦਰੇ ਤੋੜਨ ਤੇ ਮਾਲ ਅਸਬਾਬ ਲੱਦਣ ਦਾ ਸਾਮਾਨ ਲਗਦੀ ਵਾਹ ਨਾਲ ਹੀ ਲੈ ਕੇ ਪਿੰਡਾਂ 'ਚੋਂ ਆਏ ਸਨ। ਇਸ ਵੇਲੇ ਇਹਨਾਂ ਲੋਕਾਂ ਦੀਆਂ ਬੇਓੜਕ ਢਾਣੀਆਂ ਬਾਜ਼ਾਰਾਂ ਵਿਚ ਫਿਰ ਰਹੀਆਂ ਸਨ। ਜਿਥੇ ਕਿਸੇ ਮੁਸਲਮਾਨ ਦੀ ਹਟੀ ਵੇਖਦੇ ਕਿ ਜੰਦਰੇ ਤੋੜ ਕੇ ਲੁਟਣੀ ਸ਼ੁਰੂ ਕਰ ਦੇਂਦੇ। ਮਗਰੋਂ ਦੁਕਾਨ ਨੂੰ ਅੱਗ ਲਾ ਦੇਂਦੇ, ਜਿਸ ਨਾਲ ਮੁਸਲਮਾਨਾਂ ਤੋਂ ਛੁਟ ਹਿੰਦੂਆਂ ਸਿਖਾਂ ਦੇ ਮਕਾਨ ਵੀ ਅਗ ਦੀ ਲਪੇਟ ਵਿਚ ਆ ਰਹੇ ਸਨ, ਪਰ ਲੁਟੇਰਿਆਂ ਨੂੰ ਇਸ ਗਲ ਨਾਲ ਕੀ। ਉਨ੍ਹਾਂ ਦਾ ਕੰਮ ਤਾਂ ਸੀ ਲੁਟਣਾ। ਇਹਨਾਂ ਲੋਕਾਂ ਦੀ ਦਲੇਰੀ ਦਾ ਇਹ ਹਾਲ ਸੀ ਮਾਲ ਢੋਣ ਲਈ ਗਡੇ, ਘੋੜੇ ਤੇ ਊਠ ਤਕ ਨਾਲ ਲੈ ਆਏ ਸਨ।

ਬਿਜਲੀ ਦਾ ਸਿਲਸਿਲਾ ਕਲ੍ਹ ਰਾਤ ਤੋਂ ਹੀ ਕਟਿਆ ਜਾਣ ਕਰਕੇ ਸਾਰਾ ਸ਼ਹਿਰ ਅੰਧ ਗੁਬਾਰ ਬਣਿਆ ਹੋਇਆ ਸੀ, ਜਿਸ ਕਰ ਕੇ ਜਾਣ ਆਉਣ ਵਾਲਿਆਂ ਦੀਆਂ ਸ਼ਕਲਾਂ ਪਛਾਣਨੀਆਂ ਮੁਸ਼ਕਲ ਸਨ, ਕੇਵਲ ਪ੍ਰੇਤਾਂ ਦੇ ਪਰਛਾਵਿਆਂ ਵਾਂਗ ਸਾਰੇ ਦਿਖਾਈ ਦੇਂਦੇ ਸਨ। ਲੁਟੇਰਿਆਂ ਨੂੰ ਇਸ ਹਨੇਰੇ ਪਾਸੋਂ ਹੋਰ ਵੀ ਮਦਦ ਮਿਲ ਰਹੀ ਸੀ।

ਰਾਤ ਤੋਂ ਲੈ ਕੇ ਪ੍ਰਭਾਤ ਤੀਕ ਇਹੋ ਭੂਤ ਨਾਚ ਨਚੀਂਦਾ ਰਿਹਾ ਤੇ ਸਤਨਾਮ ਉਸੇ ਤਰ੍ਹਾਂ ਹੋਰ ਲੋਕਾਂ ਵਾਂਗ ਬਨੇਰੇ ਨਾਲ ਹਿਕ ਲਾਈ ਇਹ ਸਭ ਕੁਝ ਵੇਖਦਾ ਤੇ ਸੁਣਦਾ ਰਿਹਾ।

ਤਾਂ ਹੀ ਹੇਠੋਂ ਗਲੀ ਵਿਚੋਂ ਰੌਲੇ ਦੀ ਆਵਾਜ਼ ਸੁਣਾਈ ਦਿਤੀ। ਜਿਸ ਤੋਂ ਤੀਵੀਆਂ ਬੱਚੇ ਘਬਰਾ ਕੇ ਦੁਬਕ ਗਏ ਤੇ ਨੌਜਵਾਨ ਆਪੋ ਆਪਣੇ ਹਥੀਂ ਫੜੇ ਹੋਏ ਡਾਂਗਾਂ ਟਕੂਏ ਜਾਂ ਕਿਰਪਾਨਾਂ ਜੋ ਕੁਝ ਵੀ ਜਿਸ ਕੋਲ ਸੀ, ਸੰਭਾਲਦੇ ਹੋਏ ਹੇਠਾਂ ਗਲੀ ਵਿਚ ਉਤਰ ਆਏ। ਸਭਨਾਂ ਦਾ ਖ਼ਿਆਲ ਸੀ ਕਿ ਭਾਵੇਂ ਮੁਸਲਮਾਨਾਂ ਦੇ ਹਜੂਮ ਨੇ ਇਸ ਗਲੀ ਉਤੇ ਵੀ ਹੱਲਾ ਬੋਲ ਦਿਤਾ ਹੋਵੇ।

ਸਤਨਾਮ ਵੀ ਆਪਣੇ ਕੁਝ ਸਾਥੀਆਂ ਸਮੇਤ ਉਤਰ ਕੇ ਗਲੀ ਦੇ ਫਾਟਕ ਪਾਸ ਜਾ ਪਹੁੰਚਿਆ, ਪਰ ਜਿਸ ਸ਼ੰਕਾ ਨੂੰ ਲੈ ਕੇ ਇਹ ਗੱਭਰੂ ਆਏ ਸਨ, ਉਹ ਨਿਰਮੂਲ ਨਿਕਲੀ। ਮਾਮਲਾ ਕੁਝ ਹੋਰ ਹੀ ਸੀ। ਕੁਝ ਪਿੰਡ ਦੇ ਆਦਮੀਆਂ ਨੇ ਲੁਟ ਦਾ ਮਾਲ ਲਿਆਂਦਾ ਸੀ — ਵਡੀਆਂ ਵਡੀਆਂ ਚਾਰ ਪੰਜ ਪੰਡਾਂ ਫਾਟਕ ਦੇ ਅੰਦਰ ਕਰ ਕੇ ਇਕ ਪਾਸੇ ਪਈਆਂ ਸਨ, ਜਿਨ੍ਹਾਂ ਦੇ ਕੋਲ ਹੀ ਗਰਮ, ਸੂਤੀ ਤੇ ਰੇਸ਼ਮੀ ਬਜਾਜੀ ਦੇ ਕਈ ਥਾਨ ਖਿਲਰੇ ਪਏ ਸਨ, ਕੁਝ ਦਰੀਆਂ ਦੇ ਸਰਬੰਧ ਬੰਡਲ।

"ਮਾਮਲਾ ਕੀ ਏ ?" ਸਤਨਾਮ ਨੇ ਅਗਾਂਹ ਹੋ ਕੇ ਜਦ ਪੁਛਿਆ, ਤਾਂ ਉਸ ਨੂੰ ਪਤਾ ਲਗਾ ਕਿ ਇਹ ਇਕ ਸੌਦੇਬਾਜ਼ੀ ਹੋ ਰਹੀ ਹੈ। ਲੁਟੇਰੇ, ਜਿਹੜੇ ਸ਼ਕਲ ਸੂਰਤ ਤੋਂ ਪੇਂਡੂ ਸਿਖ ਜਾਪਦੇ ਸਨ — ਗਲੀ ਵਾਲਿਆਂ ਨੂੰ ਕਹਿ ਰਹੇ ਸਨ ਕਿ ਇਸ ਮਾਲ ਵਿਚੋਂ ਅਧਾ ਉਹ ਲੈ ਲੈਣ ਤੇ ਬਾਕੀ ਅਧਾ ਉਨ੍ਹਾਂ ਦੀ ਅਮਾਨਤ ਸਮਝ ਕੇ ਕਿਤੇ ਰਖ ਛਡਣ, ਤਾਂ ਜੁ ਉਹ ਉਚਰ ਤੀਕ ਇਕ ਅਧਾ ਫੇਰਾ ਹੋਰ ਲਾ ਆਉਣ। ਉਨ੍ਹਾਂ ਦਾ ਕਹਿਣਾ ਸੀ ਕਿ ਜਿਹੋ ਜਿਹੇ ਮਾਲ ਨੂੰ ਤੱਕ ਤੇ ਉਹ ਘਰੋਂ ਆਏ ਸਨ, ਉਹ ਅਜੇ ਉਹਨਾਂ ਨੂੰ ਮਿਲਿਆ ਨਹੀਂ — ਚਾਂਦੀ ਸੋਨਾਂ ਜਾਂ ਨਕਦੀ ਆਦਿ।

"ਹਟ ਜਾਓ ਪਿਛਾਂਹ ਸਾਰੇ" ਸਤਨਾਮ ਨੇ ਦਬਕਾ ਮਾਰਿਆ। ਸਾਰੇ ਪਿਛਾਂਹ ਹਟ ਗਏ। ਬਦਤਰ ਦੇ ਇਸ ਜੰਗਲ ਪੁਣਾ ਇਸ ਮੰਦਭਾਗੀ ਵਿਚ ਮਾਰੇ ਹੋ ਕੇ ਇੰਨਾ ਸੀ, ਕਦੀ ਸਨ — ਸਹਿਮ ਭੈਭੀਤ ਤੇ ਭੀੜ ਦੀ ਲੀਕ ਦੇ ਵੇਰ ਵੇਖ ਵੇਖ ਕੇ ਜਿਨ੍ਹਾਂ ਦੇ ਮੂੰਹਾਂ ਵਿਚੋਂ ਲਾਰ ਟਪਕ ਰਹੀਆਂ ਸਨ, ਉਹ ਵੀ ਪਿਛਾਂਹ ਹਟ ਗਏ।

"ਇਹ ਚੀਜ਼ਾਂ ਤੁਸੀਂ ਕਿਥੋਂ ਲਿਆਏ ਜੇ ?" ਸਤਨਾਮ ਨੇ ਕੜਕ ਕੇ ਉਨ੍ਹਾਂ ਪਾਂਧੂਆਂ ਨੂੰ ਪੁਛਿਆ। "ਦੁਕਾਨਾਂ ਦੀਆਂ ਦੁਕਾਨਾਂ ਲੁਟ ਕੇ, ਹੋਰ ਕਿਥੋਂ ?" ਲੁਟੇਰਿਆਂ ਵਿਚੋਂ ਇਕ ਬੋਲਿਆ। "ਕਿਹੜੇ ਦੁਕਾਨ ?" ਸਤਨਾਮ ਨੇ ਪੁਛਿਆ ਤੇ ਇਸ ਦਾ ਉੱਤਰ ਉਸ ਨੂੰ ਮਿਲਿਆ ਅਨਸਾਂ।

ਸਤਨਾਮ ਗੁਸੇ ਨਾਲ ਕਚੀਚੀਆਂ ਤੋਂ ਬਾਹਰ ਹੋ ਕੇ ਬੋਲਿਆ — "ਮੁਸਲਮਾਨ ਨਹੀਂ, ਸਭ ਤੇ ਵਡ ਦੁਸ਼ਮਣ ਸਾਡੇ ਤੁਸੀਂ ਹੋ, ਜਿਹੜੇ ਸਾਡੇ ਸ਼ਹਿਰ ਦੀ ਇਜ਼ਤ ਨੂੰ ਹੋਰ ਰੋਲੀ ਜਾਂਦੇ ਜਾਂਦੇ ਹੋ।"

"ਕਿਵੇਂ ?" ਇਕ ਨੇ ਹੋਰ ਸਵਾਲ ਕੀਤਾ।

"ਇਸ ਤਰ੍ਹਾਂ ਕਿ ਤੁਸੀਂ ਤਾਂ ਲੁਟ ਪੁਟ ਕੇ ਚਲਦੇ ਬਣੋਗੇ ਤੇ ਕਲ੍ਹਕੇ ਇਸ ਲੁਟ ਦਾ ਬਦਲਾ ਇਸ ਸ਼ਹਿਰ ਨੂੰ ਸਾਰੇ ਲੋਕਾਂ। ਤੁਹਾਨੂੰ ਤਾਂ ਕਿਸੇ ਨਹੀਂ ਪੁਛਣਾ ਜਾ ਕੇ। ਅਗੇ ਹੀ ਜੇ ਕੁਝ ਇਹ ਦੇ ਕਿਹਾ ਹੈ ਘਟ ਨਹੀਂ ਤੇ ਹੁਣ ਖੁਸ਼ੀ ਕਸਰ ਹੁਣ ਤੁਸੀਂ ਲਗੇ ਹੋ ਪੂਰੀ ਕਰਨ ? ਮੈਂ ਤੁਹਾਨੂੰ ਇਹ ਹਰਗਿਜ਼ ਨਹੀਂ ਕਰਨ ਦਿਆਂਗਾ।" ਤੇ ਫਿਰ ਉਹ, ਪਿਛੇ ਖੜੋਤੇ ਆਪਣੀ ਗਲੀ ਦੇ ਉਨ੍ਹਾਂ ਮੁੰਡਿਆਂ ਵਲ ਪਰਤਿਆ — "ਤੁਸੀਂ — ਮੈਂ ਪੁਛਦਾ ਹਾਂ ਕੁਝ ਸੋਚਦੇ ਸਮਝਦੇ ਵੀ ਹੋ ਕਿ ਐਵੇਂ ਹਰ ਗਲ ਵਿਚ ਚੌਧਰੀ ਬਣ ਬਹਿੰਦੇ ਓ। ਜਾਣਦੇ ਹੋ ਤੁਹਾਡੀ ਇਸ ਕਰਤੂਤ ਦਾ ਕੀ ਨਤੀਜਾ ਹੋਵੇਗਾ ? ਅਜ ਤਾਂ ਤੁਸੀਂ ਖੁਸ਼ੀ ਖੁਸ਼ੀ ਇਨ੍ਹਾਂ ਨਵੀਆਂ ਨਵੀਆਂ ਚੀਜ਼ਾਂ ਨੂੰ ਅੰਦਰੀ ਜਾ ਰਖਿਓ, ਪਰ ਕਲ੍ਹ ਨੂੰ ਜੇ ਤਫਤੀਸ਼ ਵਾਲਿਆਂ ਦਾ ਡੰਡਾ ਆ ਸਿਰ ਤੇ ਖੜਕਿਆ ਤਾਂ ਫਿਰ ਪਤਾ ਜੇ ਕੀ ਕਰੋਗੇ ਤੁਸੀਂ ? ਇਨ੍ਹਾਂ ਹੀ ਚੀਜ਼ਾਂ ਨੂੰ ਚੁਕ ਚੁਕ ਕੇ ਜਾਂ ਖੂਹਾਂ ਵਿਚ ਸੁਟੋਗੇ ਜਾਂ ਤੰਦੂਰ ਵਿਚ ਬਾਲੋਗੇ। ਫਿਰ ਵੀ ਨਾ ਜਾਣੀਏ ਕੌਣ ਕੌਣ ਤੁਹਾਡੇ ਵਿਚੋਂ ਕਾਨੂੰਨ ਦੀ ਕੁੜਿਕੀ ਵਿਚ ਫਸ ਜਾਵੇ।"

ਗਲਾਂ ਸਚੀਆਂ ਸਚੀਆਂ ਸਨ ਤੇ ਕਿਸੇ ਪਾਸ ਵੀ ਇਨ੍ਹਾਂ ਦਾ ਜਵਾਬ ਨਹੀਂ ਸੀ। ਸਭ ਦੇ ਹੋਸ਼ ਗੁਮ ਹੋ ਗਏ — ਚੋਰਾਂ ਦੇ ਵੀ ਤੇ ਖਰੀਦਾਰਾਂ ਦੇ ਵੀ। ਵਿਚੋਂ ਭਾਵੇਂ ਕਈਆਂ ਨੇ ਦਬਵੀਆਂ ਅਵਾਜ਼ ਗਲੀਆਂ — 'ਚਲੋ ਜੋ ਆ ਗਿਆ ਹੈ ਉਸ ਨੂੰ ਕਾਹਨੂੰ ਉਛਾਲਦੇ ਜੇ' ਪਰ ਬਹੁਤੀ ਅਵਾਜ਼ ਸਤਨਾਮ ਨਾਲ ਸਹਿਮਤ ਸੀ, ਜਿਸ ਕਰ ਕੇ ਇਹ ਸੌਦਾ ਸਿਰੇ ਨਾ ਚੜ੍ਹ ਸਕਿਆ।

"ਚੰਗਾ ਤਾਂ ਅਸੀਂ ਲੈ ਜਾਂਦੇ ਹਾਂ" ਕਹਿ ਕੇ ਜਿਉਂ ਹੀ ਲਿਆਉਣ ਵਾਲਿਆਂ ਨੇ ਆਪੋ ਆਪਣੀਆਂ ਗੰਢੜੀਆਂ ਵਲ ਹਥ ਵਧਾਇਆ ਕਿ ਸਤਨਾਮ ਨੇ ਸਭ ਦੀਆਂ ਬਾਹਾਂ ਝਟਕ ਕੇ ਪਰ੍ਹੇ ਕਰਦਿਆਂ ਕਿਹਾ — 'ਤੁਸੀਂ ਇਨ੍ਹਾਂ ਚੀਜ਼ਾਂ ਨੂੰ ਹਥ ਨਹੀਂ ਲਾ ਸਕਦੇ — ਭਲੀ ਚਾਹੁੰਦੇ ਹੋ ਤਾਂ ਚੁਪ ਕਰਕੇ ਨੌਂ ਦੋ ਗਿਆਰਾਂ ਹੋ ਜਾਓ ਇਥੋਂ, ਨਹੀਂ ਤੇ' ਤੇ ਕਹਿੰਦਿਆਂ ਕਹਿੰਦਿਆਂ ਉਸ ਨੇ ਆਪਣੇ ਸਾਥੀਆਂ ਦੀ ਭੀੜ ਵਲ ਤਕਿਆ।

ਚੋਰ ਦੇ ਦਿਲ ਤਾਂ ਉਂਜ ਹੀ ਪੈਰ ਨਹੀਂ ਹੁੰਦੇ, ਦੂਜਾ ਥੋੜੇ ਚੋਰਾਂ ਦੇ ਟਾਕਰੇ ਵਿਚ ਬਹੁਤੇ ਸਾਧ। ਇਕ ਵਾਰੀ ਫੇਰ ਉਹਨਾਂ ਮਾਲ ਚੁਕਣ ਲਈ ਮਿੰਨਤ ਤਰਲਾ ਕੀਤਾ, ਪਰ ਜਦ ਸਤਨਾਮ ਤੇ ਉਸ ਦੇ ਕਈ ਹੋਰ ਸਾਥੀਆਂ ਨੇ ਦਬਕਾ ਦਿਤਾ — 'ਚੁਪ ਕਰ ਕੇ ਚਲਦੇ ਬਣੋ, ਨਹੀਂ ਤੇ ਰਾਤੀਂ ਤੁਹਾਨੂੰ ਅੰਦਰ ਡਕ ਰਖਾਂਗੇ ਤੇ ਦਿਨ ਚੜ੍ਹਦੇ ਹੀ ਇਸੇ ਮਾਲ ਸਮੇਤ ਪੁਲਸ ਦੇ ਹਵਾਲੇ ਕੀਤੇ ਜਾਓਗੇ' ਤਾਂ ਉਹ ਵਿਚਾਰੇ ਪੰਜੇ ਜਣੇ ਨਿਰਾਸ਼ ਹੋ ਕੇ ਜਿਧਰੋਂ ਆਏ ਸਨ ਮੁੜ ਗਏ।

ਹੁਣ ਜਿਹੜਾ ਸਭ ਤੋਂ ਔਖਾ ਸਵਾਲ ਸੀ ਉਹ ਇਹ ਕਿ ਇਸ ਮਾਲ ਦਾ ਕੀ ਕੀਤਾ ਜਾਵੇ। ਬਹੁਤ ਸਾਰੀ ਸੋਚ ਵਿਚਾਰ ਮਗਰੋਂ ਇਹ ਫੈਸਲਾ ਹੋਇਆ ਕਿ ਇਸ ਸਾਰੇ ਮਾਲ ਨੂੰ ਸ਼ਰਨਾਰਥੀਆਂ ਵਿਚ ਵੰਡਿਆ ਜਾਵੇ। ਤੇ ਇਸ ਫੈਸਲੇ ਅਨੁਸਾਰ ਸਭ ਕੁਝ ਚੁਕ ਕੇ ਇਕ ਮਕਾਨ ਵਿਚ ਰਖ ਦਿਤਾ ਗਿਆ।

4

ਅਖੀਰ ਕਿਸੇ ਤਰ੍ਹਾਂ ਇਹ ਅਨਰਥਕਾਰੀ ਰਾਤ ਵੀ ਬੀਤੀ, ਤੇ ਅਗਲੇ ਦਿਨ ਦਾ ਸੂਰਜ ਚੜ੍ਹਿਆ। ਮੂੰਹ ਹਨੇਰੇ ਹੀ ਲੋਕੀ ਘਰਾਂ ਤੋਂ ਨਿਕਲ ਤੁਰੇ — ਰਾਤ ਦੀ ਹੋਣੀ ਦਾ ਅਸਰ ਵੇਖਣ ਲਈ।

ਲੋਕੀ ਟੋਲੀਆਂ ਬਣੀ ਤੁਰੀ ਜਾ ਰਹੇ ਸਨ — ਆਪੋ ਆਪਣੇ ਰਿਸ਼ਤੇਦਾਰਾਂ ਦੋਸਤਾਂ ਦੀ ਸੁਖ-ਸਾਂਦ ਪੁਛਣ ਲਈ, ਤੇ ਜਾਂ ਸੜ ਚੁਕੇ ਅਥਵਾ ਸੜ ਰਹੇ ਇਲਾਕਿਆਂ ਦੀ ਵੇਖ-ਭਾਲ ਲਈ। ਜੇ ਕਦੀ ਕਿਸੇ ਦਾ ਜਾਣੂ ਪਛਾਣੂ ਮਿਲਦਾ, ਹਰ ਕੋਈ ਇਕ ਦੂਜੇ ਉਤੇ ਸਭ ਤੋਂ ਪਹਿਲਾ ਸਵਾਲ ਇਹੋ ਕਰਦਾ — 'ਸੁਣਾਓ, ਸੁਖ ਸਾਂਦ ਹੈ ?' ਤੇ ਅਗੋਂ ਬਹੁਤਿਆਂ ਦਾ ਜਵਾਬ ਨਿਰਾਸ਼ਾ ਭਰਿਆ ਹੁੰਦਾ।

ਸਤਨਾਮ ਨੇ ਰਾਤ ਦਾ ਬਾਕੀ ਹਿੱਸਾ ਜਿਸ ਤਿੱਖੀ ਉਡੀਕ ਵਿਚ ਬਿਤਾਇਆ ਸੀ ਕਿ ਕਦੋਂ ਦਿਨ ਚੜ੍ਹੇ ਤੇ ਉਹ ਕਟੜਾ ਸ਼ੇਰ ਸਿੰਘ ਵਲ ਰੁਖ ਕਰੇ। ਰਾਤੀਂ ਉਸ ਨੇ ਭਾਵੇਂ ਕਈ ਵਾਰ ਜਾਣ ਦੀ ਕੋਸ਼ਿਸ਼ ਕੀਤੀ ਸੀ, ਪਰ ਕੇਸਰ ਕੌਰ ਨੇ ਉਸ ਨੂੰ ਬਾਹਰ ਨਾ ਨਿਕਲਣ ਦਿਤਾ।

ਦਿਨ ਚੜ੍ਹਦਿਆਂ ਹੀ ਆਪਣੇ ਤਿੰਨਾਂ ਚਹੁੰ ਦੋਸਤਾਂ ਨੂੰ ਨਾਲ ਲਈ ਉਹ ਘਰੋਂ ਨਿਕਲਿਆ, ਤੇ ਸਭ ਤੋਂ ਪਹਿਲਾਂ ਕਟੜਾ ਸ਼ੇਰ ਸਿੰਘ ਵਲ ਤੁਰ ਪਿਆ। ਉਥੇ ਜਾ ਕੇ ਉਸ ਨੇ ਜੋ ਕੁਝ ਵੇਖਿਆ, ਇਹ ਉਸ ਦੀ ਕਲਪਨਾ ਤੋਂ ਵੀ ਕਿਤੇ ਦੂਰ ਸੀ। ਉਸ ਦੀ ਦੁਕਾਨ ਕਿਥੇ ਸੀ, ਇਹ ਜਾਣਨਾ ਤਾਂ ਦੂਰ ਦੀ ਗਲ, ਕਟੜਾ ਸ਼ੇਰ ਸਿੰਘ — ਉਘਾ ਤੇ ਸ਼ਹਿਰ ਦਾ ਕੇਂਦਰੀ ਬਾਜ਼ਾਰ ਕਿਹੜੇ ਥਾਂ ਹੁੰਦਾ ਸੀ, ਕਿਸੇ ਗਲ ਦਾ ਪਤਾ ਲਗਣਾ ਮੁਸ਼ਕਲ ਸੀ। ਜਿਥੋਂ ਤੀਕ ਨਜ਼ਰ ਜਾਂਦੀ, ਸੜੇ ਹੋਏ ਮਲਬੇ ਦੇ ਪਹਾੜ ਦਿਖਾਈ ਦੇਂਦੇ ਸਨ। ਬਜ਼ਾਰ ਦੀ ਖੁਲ੍ਹੀ ਚੌੜੀ ਸੜਕ, ਜਿਸ ਤੇ ਦੋ ਵਡੀਆਂ ਲਾਰੀਆਂ ਇਕ ਦੂਜੀ ਨੂੰ ਪਾਸ ਕਰ ਕੇ ਸੁਖਾਲੀਆਂ ਹੀ ਲੰਘ ਜਾਇਆ ਕਰਦੀਆਂ ਸਨ, ਉਸ ਦਾ ਇਕ ਇੰਚ ਥਾਂ ਵੀ ਕਿਤੇ ਨਜ਼ਰੀ ਨਹੀਂ ਸੀ ਆਉਂਦਾ। ਦੋਹਾਂ ਲੰਭਾਂ ਦੇ ਤ੍ਰੈ ਤ੍ਰੈ ਮੰਜ਼ਲੇ ਤੇ ਚਾਰ ਚਾਰ ਮੰਜ਼ਲੇ ਮਕਾਨ ਜ਼ਮੀਨ ਤੇ ਵਿਛ ਕੇ ਉਨ੍ਹਾਂ ਦਾ ਮਲਬਾ ਇਸ ਤਰ੍ਹਾਂ ਆਪੋ ਵਿਚ ਰਲ ਮਿਲ ਗਿਆ ਸੀ ਕਿ ਵੇਖ ਕੇ ਕੋਈ ਨਹੀਂ ਸੀ ਕਹਿ ਸਕਦਾ ਕਿ ਇਥੇ ਕਦੀ ਕੋਈ ਬਜ਼ਾਰ ਜਾਂ ਸੜਕ ਹੁੰਦੀ ਸੀ।

ਲਗ ਪਗ ਇਕ ਮੰਜ਼ਲ ਉੱਚਾ ਮਲਬਾ ਸੜਕਾਂ ਉਤੇ ਚੜ੍ਹਿਆ ਹੋਇਆ ਸੀ, ਜਿਸ ਦੇ ਉਤੇ ਬੜੀ ਔਖਿਆਈ ਨਾਲ ਲੰਘਦੇ ਹੋਏ ਹਜ਼ਾਰਾਂ ਲੋਕੀ ਆਲੇ ਦੁਆਲੇ ਦੇ ਭਿਆਨਕ ਦ੍ਰਿਸ਼ ਨੂੰ ਵੇਖਦੇ ਜਾ ਰਹੇ ਸਨ। ਨਾਲੇ ਨਾਲ ਡਰ ਵੀ ਮਹਿਸੂਸ ਕਰ ਰਹੇ ਸਨ। ਕਿਉਂਕਿ ਲਾਗੇ ਪਾਸ ਖੜੋਤੀਆਂ ਕੁਝ ਅਧ ਸੜੀਆਂ ਇਮਾਰਤਾਂ ਨਾਮ-ਮਾਤਰ ਹੀ ਅਟਕੀਆਂ ਹੋਈਆਂ ਸਨ, ਜਿਨ੍ਹਾਂ ਤੋਂ ਜਾਪਦਾ ਸੀ ਕਿ ਹਵਾ ਦੇ ਮਾੜੇ ਜਿਹੇ ਬੁਲੇ ਨਾਲ ਹੀ ਇਹ ਗੜ ਗੜ ਕਰ ਕੇ ਹੇਠਾਂ ਆ ਪੈਣਗੇ। ਬਿਜਲੀ ਦੀਆਂ ਲੰਮੀਆਂ ਤਾਰਾਂ, ਥਾਂ ਥਾਂ ਗੁਛੇ ਜਿਹੇ ਬਣ ਕੇ ਰਾਹ ਰੋਕੀ ਖੜ੍ਹੀਆਂ ਸਨ, ਤੇ ਉਨ੍ਹਾਂ ਦੇ ਉਚੇ ਲੰਮੇ ਖੰਭੇ ਇਉਂ ਦੂਹਰੇ ਤੀਹਰੇ ਹੋ ਕੇ ਆਰ ਪਾਰ ਲੇਟੇ ਹੋਏ ਸਨ ਜਿਵੇਂ ਕਿਸੇ ਰਾਕਸ਼ ਨੇ ਇਹਨਾਂ ਨੂੰ ਮਰੋੜ ਕੇ ਸੁਟ ਦਿਤਾ ਹੁੰਦਾ ਹੈ। ਘਰਾਂ ਦੇ ਨਲਕੇ ਟੁਟ ਭਜ ਕੇ ਥਾਂ ਥਾਂ ਤੇ ਵਗ ਰਹੇ ਸਨ, ਜਿਨ੍ਹਾਂ ਦਾ ਪਾਣੀ, ਮਲਬੇ ਦੀ ਸਤਹਿ ਹੇਠ ਨਿਘਰਦਾ ਹੋਇਆ ਕਿਤੇ ਦਾ ਕਿਤੇ ਜਾ ਨਿਕਲਿਆ ਸੀ।

ਐਥੇ ਹੀ ਕਿਤੇ ਸਾਡੀ ਹਾਲੇ ਸੀ ਸ਼ਾਇਦ ਸਾਡੀ ਦੁਕਾਨ।" ਇਕ ਖਾਸ ਥਾਵੇਂ ਪਹੁੰਚ ਕੇ ਸਤਨਾਮ ਨੇ ਆਪਣੇ ਦੋਸਤਾਂ ਨੂੰ ਤਕਾਇਆ। ਉਸ ਦੇ ਚੇਹਰੇ ਦੀ ਉਦਾਸੀ ਪ੍ਰਤੱਖ ਸੀ।

"ਨਹੀਂ" ਇਕ ਬੋਲਿਆ — "ਇੱਥੇ ਤੇ ਮੇਰਾ ਖਿਆਲ ਹੈ, ਇਕ ਪ੍ਰੈਸ ਹੁੰਦਾ ਸੀ ਛੋਟਾ — ਤੇਰੀ ਦੁਕਾਨ ਜੇ ਮੈਂ ਭੁਲਦਾ ਨਹੀਂ ਤਾਂ ਅਹੁ ਸੀ।" ਤੇ ਉਸ ਨੇ ਇਸ ਥਾਂ ਤੇ ਪਰ੍ਹੇ ਵਲ ਕੋਈ ਪੰਦਰਾਂ ਵੀਹ ਫੁਟ ਦਾ ਫਾਸਲਾ ਛਡ ਕੇ ਉਂਗਲ ਕੀਤੀ।

"ਸ਼ਾਇਦ ਉਹੀ ਹੋਵੇ।" ਸਤਨਾਮ ਨੇ ਅਵੇਸਲੀ ਹੋਈ ਅਵਾਜ਼ ਵਿਚ ਕਿਹਾ।

ਫਿਰਦੇ ਫਿਰਦੇ ਜਦ ਇਹ ਚਾਰੇ ਪੰਜੇ ਗੱਭਰੂ ਡੇਢ ਦੋ ਘੰਟੇ ਲਾ ਕੇ ਵਾਪਸ ਮੁੜੇ ਤਾਂ ਨਵੇਂ ਨਵੇਂ ਫਕੀਰ ਦੇ ਚੌਕ ਵਿਚ ਜਾ ਰੁਕੇ। ਇੱਥੋਂ ਦਾ ਨਜ਼ਾਰਾ, ਕਟੜਾ ਸ਼ੇਰ ਸਿੰਘ ਨਾਲੋਂ ਵੀ [illegible] ਸੀ ਜਿਸ ਨੂੰ ਵੇਖ ਵੇਖ ਕੇ ਲੋਕੀ ਇਕ ਦੂਜੇ ਨੂੰ ਦਸ ਰਹੇ ਸਨ — "ਐਥੇ ਸਾਡੀਆਂ ਦੁਕਾਨਾਂ ਹੁੰਦੀਆਂ ਸਨ, ਔਹ ਲੰਗ ਪੁਰਾਣੇ ਕੋਟ ਵੇਚਣ ਵਾਲਿਆਂ ਦੀ ਸੀ... ਐਥੇ [illegible] ਲਟੈਂਦੇ ਸਨ, ਔਹ ਤਿੰਨ ਚਾਰ ਦੁਕਾਨਾਂ ਕਰਾਏ ਤੇ ਤੰਬੂ ਕਨਾਤਾਂ ਸਪਲਾਈ ਕਰਨ ਵਾਲਿਆਂ ਦੀਆਂ ਸਨ..."

ਕਰਮੋਂ ਡਿਉਢੀ ਵਿਚੋਂ ਲੰਘਦਿਆਂ ਉਨ੍ਹਾਂ ਡਿਠਾ, ਬੂਟਾਂ ਵਾਲਿਆਂ ਧੋਬਿਆਂ ਦੀਆਂ ਵਰੀਆਂ ਦੁਕਾਨਾਂ ਜਿਨ੍ਹਾਂ ਉਤੇ ਅਜ ਤੋਂ ਦੋ ਦਿਨ ਪਹਿਲਾਂ ਗਾਹਕਾਂ ਦੀ ਭੀੜ ਲਗੀ ਰਹਿੰਦੀ ਸੀ, ਮਲਬੇ ਦੇ ਢੇਰ ਵਿਚ ਬਦਲੀਆਂ ਹੋਈਆਂ ਸਨ। ਤੇ ਇਹਨਾਂ ਢੇਰਾਂ ਉਤੇ ਅਜ ਤਕ ਵੀ ਬੂਟ, ਜੁੱਤੀਆਂ, ਚੱਪਲਾਂ ਤੇ ਸੈਂਡਲਾਂ ਦੇ ਇਕੱਲੇ ਇਕੱਲੇ ਪੈਰ ਚਿੱਕੜ ਮਿਟੀ ਨਾਲ ਲਬੜੇ ਪਏ ਹੋਏ ਇਧਰ ਉਧਰ ਰੁਲ ਰਹੇ ਸਨ।

ਇਸੇ ਤਰ੍ਹਾਂ ਦੀ ਤਬਾਹੀ ਦੇ ਨਜ਼ਾਰੇ ਵੇਖਦੇ ਵਿਖਾਂਦੇ ਉਹ ਰੋਟੀ ਵੇਲੇ ਨੂੰ ਮੁੜ ਘਰ ਆ ਪਹੁੰਚੇ। ਘਰ ਪਹੁੰਚਣ ਤੀਕ ਉਹ ਇਕੋ ਹੀ ਤਰ੍ਹਾਂ ਦੀ ਭਜੇ ਨਠੀ ਵੇਖਦੇ ਚਲੇ ਗਏ। ਹਰ ਇਕ ਅਬਾਦੀ ਵਿਚੋਂ ਦੂਜੀ ਧਿਰ ਦੇ ਲੋਕੀ ਆਪੋ ਆਪਣਾ ਬਚਿਆ ਖੁਚਿਆ ਮਾਲ ਮਤਾ ਸਮੇਟ ਕੇ ਟਾਂਗਿਆਂ, ਗਡਿਆਂ, ਛਕੜਿਆਂ ਅਤੇ ਸਿਰਾਂ ਉਤੇ ਲਦੀ ਵਾਹੋਦਾਹ ਭਜੇ ਜਾ ਰਹੇ ਸਨ। ਹਿੰਦੂਆਂ ਸਿਖਾਂ ਦੀ ਅਬਾਦੀ ਵਿਚ ਮੁਸਲਮਾਨਾਂ ਲਈ ਟਿਕਣਾ ਮੌਤ ਦੇ ਬਰਾਬਰ ਦਿਸ ਰਿਹਾ ਸੀ। ਤੇ ਮੁਸਲਮਾਨਾਂ ਦੇ ਮਹੱਲਿਆਂ ਵਿਚ ਹਿੰਦੂਆਂ ਸਿਖਾਂ ਦਾ ਵਸੇਬਾ ਅਸੰਭਵ। ਇਸ ਦੁਵੱਲੀ ਦੌੜ ਭਜਾਈ ਦਾ ਬਜ਼ਾਰ ਵਿਚ ਇਤਨਾ ਰਸ਼ ਸੀ ਕਿ ਲੰਘਣ ਲਈ ਰਸਤਾ ਨਹੀਂ ਸੀ ਲਭਦਾ। ਕੇਸਰ ਕੌਰ ਪਹਿਲਾਂ ਹੀ ਸਭ ਕੁਝ ਸੁਣ ਚੁਕੀ ਸੀ ਤੇ ਸੁਣਨ ਤੋਂ ਪਹਿਲਾਂ ਰਾਤੀ ਹੀ ਉਹ ਸਮਝ ਗਈ ਸੀ ਕਿ ਉਸ ਦੀ ਦੁਕਾਨ ਅੱਗਾਂ ਦੀ ਭੇਟ ਹੋ ਚੁਕੀ ਹੈ।

5

ਸਤਨਾਮ ਨੂੰ ਘਰ ਪਹੁੰਚਦਿਆਂ ਮਸੇ ਦਸ ਮਿੰਟ ਹੀ ਬੀਤੇ ਸਨ ਕਿ ਉਸ ਦੇ ਕੰਨਾਂ ਵਿਚ ਇਹ ਅਵਾਜ਼ ਪਈ — "ਪਰਾਗਦਾਸ ਦੇ ਚੌਕ ਵਿਚ ਲੁਟ ਸ਼ੁਰੂ ਹੋ ਗਈ।" ਸੁਣਦਿਆਂ ਹੀ ਉਹ ਵਾਹੋਦਾਹੀ ਬਾਹਰ ਨਸ ਉਠਿਆ। ਪਰਾਗਦਾਸ ਦਾ ਚੌਕ ਇਸ ਗਲੀ ਦੇ ਪਿਛਵਾੜੇ ਨਜ਼ਦੀਕ ਹੀ ਸੀ।

ਚੌਕ ਵਿਚ ਮੁਸਲਮਾਨਾਂ ਦੀ ਅਬਾਦੀ ਕਾਫੀ ਸੀ ਤੇ ਇਕ ਵਡੀ ਮਸੀਤ ਵੀ। ਸਤਨਾਮ ਨੂੰ ਪਤਾ ਯਕੀਨ ਹੋ ਚੁਕਾ ਸੀ ਕਿ ਉਨ੍ਹਾਂ ਨੇ ਹੀ ਇਹ ਸ਼ਰਾਰਤ ਸ਼ੁਰੂ ਕੀਤੀ ਹੋਵੇਗੀ, ਪਰ ਉਥੇ ਪਹੁੰਚ ਕੇ ਉਸ ਨੇ ਜੋ ਕੁਝ ਵੇਖਿਆ, ਇਹ ਸਭ ਉਸ ਦੀ ਕਲਪਨਾ ਤੋਂ ਉਲਟ ਸੀ। ਉਹ ਖਿਆਲ ਕਰਦਾ ਆਇਆ ਸੀ ਕਿ ਜਾਂਦਿਆਂ ਹੀ ਤੁਰਕੀ ਟੋਪੀਆਂ ਵਾਲਿਆਂ ਦੀ ਕੋਈ ਬਹੁਤ ਵਡੀ ਧਾੜ ਹਥ ਵਿਚ ਛੁਰੇ ਚਮਕਾਂਦੀ ਤੇ 'ਯਾ ਅਲੀ' ਦੇ ਨਾਹਰੇ ਛਡਦੀ ਹੋਈ ਉਸ ਦੀ ਨਜ਼ਰੀ ਪਏਗੀ,

ਪਰ ਉਸ ਦੀਆਂ ਅੱਖਾਂ ਨੇ ਕੁਝ ਹੋਰ ਹੀ ਡਿਠਾ — ਤੁਰਕੀ ਟੋਪੀਆਂ ਦੇ ਥਾਂ ਕਾਲੀਆਂ ਦਸਤਾਰਾਂ, ਛੁਰਿਆਂ ਦੇ ਥਾਂ ਤਿੰਨ ਫੁਟੀਆਂ ਕਿਰਪਾਨਾਂ, ਤੇ 'ਯਾ ਅਲੀ' ਦੇ ਥਾਂ 'ਸਤਿ ਸ੍ਰੀ ਅਕਾਲ' ਦੇ ਨਾਹਰਿਆਂ ਦੀ ਗੂੰਜ।

ਸਤਨਾਮ ਦੇ ਪੈਰ ਡਗਮਗਾਉਣ ਲਗੇ। ਪੇਂਡੂਆਂ ਦੀ ਇਕ ਹੱਛੀ ਖਾਸੀ ਪਾਰਟੀ — ਜਿਸ ਵਿਚ ਸ਼ਹਿਰੀ ਗੁੰਡੇ ਵੀ ਸ਼ਾਮਲ ਸਨ, ਦਬਾ ਦਬ ਮੁਸਲਮਾਨਾਂ ਦੇ ਬੂਹੇ ਭੰਨ ਭੰਨ ਕੇ ਅੰਦਰਲਾ ਮਾਲ ਅਸਬਾਬ ਲੁਟ ਰਹੀ ਸੀ। ਲੁਟ ਤੋਂ ਬਚਿਆ ਹੋਇਆ ਸਾਮਾਨ ਬਾਹਰ ਕਢ ਕੇ ਸੁਟ ਦਿਤਾ ਜਾਂਦਾ — ਸ਼ਾਇਦ ਇਸ ਮਤਲਬ ਲਈ ਕਿ ਇਹ ਚੀਜ਼ਾਂ ਉਨ੍ਹਾਂ ਦੇ ਦੂਸਰੇ ਭਰਾਵਾਂ ਦੇ ਕੰਮ ਆ ਜਾਣ।

ਸਤਨਾਮ ਤੇ ਹੋਰ ਕਈਆਂ ਨੇ ਆਪਣੀ ਵਲੋਂ ਬਥੇਰੀ ਵਾਹ ਲਾਈ, ਬਹੁਤ ਚੀਕਿਆ ਚਿਲਾਇਆ, ਲੁੱਟਣ ਵਾਲਿਆਂ ਅਗੇ ਉਸ ਨੇ ਹਥ ਜੋੜੇ, ਵਾਸਤੇ ਪਾਏ, ਪਰ ਨਗਾਰਖਾਨੇ ਵਿਚ ਤੂਤੀ ਦੀ ਅਵਾਜ਼ ਕਿਸੇ ਨਾ ਸੁਣੀ। ਲੋਕੀ ਬਿਨਾਂ ਇਸ ਹਾਲ ਦੁਹਾਈ ਦੀ ਪਰਵਾਹ ਕੀਤਿਆਂ ਪੂਰੀ ਸਰਗਰਮੀ ਨਾਲ ਆਪਣੇ ਕੰਮ ਵਿਚ ਰੁਝੇ ਹੋਏ ਸਨ। ਲੁਟੇ ਹੋਏ ਮਾਲ ਦੀਆਂ ਪੰਡਾਂ ਬੰਨ੍ਹ ਬੰਨ੍ਹ ਕੇ ਦਬਾਦਬ ਲੈ ਜਾਈਆਂ ਜਾ ਰਹੀਆਂ ਸਨ।

ਚਿਲਾ ਚਿਲਾ ਕੇ ਤੇ ਭਜ ਭਜ ਕੇ ਸਤਨਾਮ ਹਾਵਾ ਹੋ ਗਿਆ, ਬੋਲ ਬੋਲ ਕੇ ਉਸ ਦਾ ਗਲਾ ਖਿਲ ਗਿਆ। ਕੋਈ ਕੋਈ ਆਦਮੀ ਉਸ ਦੀਆਂ ਦਰਦ ਭਰੀਆਂ ਅਪੀਲਾਂ ਵਲ ਧਿਆਨ ਜ਼ਰੂਰ ਦੇਂਦਾ ਤੇ ਕਈ ਉਸ ਦੀ ਅਮਨ ਤੇ ਸ਼ਾਂਤੀ ਬਾਰੇ ਦਿਤੀਆਂ ਜਾ ਰਹੀਆਂ ਦੁਹਾਈਆਂ ਨਾਲ ਸਹਿਮਤ ਵੀ ਹੋ ਜਾਂਦੇ, ਪਰ ਇਹ ਆਦਮੀ ਅਕਸਰ ਐਸੇ ਸਨ ਜਿਹੜੇ ਆਪ ਤਾਂ ਫੜੇ ਜਾਣ ਦੇ ਡਰੋਂ ਲੁਟ ਮਾਰ ਵਿਚ ਹਿੱਸਾ ਨਹੀਂ ਸੀ ਲੈ ਰਹੇ, ਪਰ ਦੂਜਿਆਂ ਨੂੰ ਮਾਲਾਮਾਲ ਹੁੰਦਿਆਂ ਵੇਖ ਕੇ ਜਰ ਨਹੀਂ ਸਨ ਸਕਦੇ। ਹੋਰ ਕੋਈ ਵਸ ਨਾ ਚਲਦਾ ਵੇਖ ਕੇ ਇਹੋ ਜਿਹੇ ਲੋਕੀ ਕਿਸੇ ਕਿਸੇ ਵੇਲੇ ਸਤਨਾਮ ਦੇ ਪੱਖ ਵਿਚ ਹੋ ਕੇ ਦੱਬਵੀਂ ਅਵਾਜ਼ ਨਾਲ ਲੁਟੇਰਿਆਂ ਨੂੰ ਲਾਹਨਤਾਂ ਪਾਣ ਲਗ ਪੈਂਦੇ ਸਨ।

ਛੇਤੀ ਨਾਲ ਓਹ ਉਸ ਪਾਸੇ ਮੁੜਿਆ, ਜਿਧਰ ਇਕ ਪੁਲਸੀਆ — ਜਿਹੜਾ ਸ਼ਕਲ ਸੂਰਤ ਤੋਂ ਹਿੰਦੂ ਜਾਪਦਾ ਸੀ — ਖੜ੍ਹਾ ਸੀ। ਉਸ ਦੇ ਕੋਲ ਪਹੁੰਚ ਕੇ ਸਤਨਾਮ ਕੁਝ ਕਹਿਣ ਹੀ ਲਗਾ ਸੀ ਕਿ ਪੁਲਸੀਏ ਦੇ ਮੂੰਹੋਂ ਉਸ ਨੇ ਇਕ ਲਲਕਾਰ ਸੁਣੀ — "ਲੁਟ ਲੌ ਖਾਲਸਾ ਜੀ, ਸਾਫ ਕਰ ਦਿਓ ਮੁਸਲਮਾਨਾਂ ਦੇ ਘਰਾਂ ਦੁਕਾਨਾਂ ਨੂੰ।"

ਖੜ੍ਹਾ ਖੜੋਤਾ ਰਹਿ ਗਿਆ ਸਤਨਾਮ। ਜਿਸ ਪਾਸ ਫਰਿਆਦ ਕਰਨ ਲਈ ਉਹ ਆਇਆ ਸੀ, ਓਸੇ ਦੀ ਸ਼ਹਿ ਨਾਲ ਤਾਂ ਇਹ ਸਾਰਾ ਖੇਲ ਖੇਲਿਆ ਜਾ ਰਿਹਾ ਸੀ, ਫਿਰ ਵੀ ਉਹ ਇਤਨੀ ਕੁ ਗਲ ਪੁਲਸੀਏ ਨੂੰ ਕਹੇ ਬਿਨਾਂ ਨਾ ਰਹਿ ਸਕਿਆ — "ਕਿਉਂ ਜੀ, ਕੀ ਮੈਂ ਪੁਛ ਸਕਦਾ ਹਾਂ ਕਿ ਇਹ ਜਿਹੜਾ ਫਰਮਾਨ ਤੁਸੀਂ ਇਨ੍ਹਾਂ ਲੋਕਾਂ ਨੂੰ ਸੁਣਾ ਰਹੇ ਹੋ ਕਿਹੜੇ ਅਫਸਰ ਦੀ ਆਗਿਆ ਨਾਲ ਜਾਰੀ ਹੋਇਆ ਹੈ ?"

ਪੁਲਸੀਆ ਉਸ ਵਲ ਤਕ ਕੇ ਇਸ ਤਰ੍ਹਾਂ ਹੱਸਿਆ ਜਿਵੇਂ ਕੋਈ, ਛੋਟੇ ਜਿਹੇ ਬੱਚੇ ਨੂੰ ਵੇਖ ਕੇ — ਜਿਹੜਾ ਆਪਣੇ ਕਾਨਿਆਂ ਦੇ ਤੀਰ ਕਮਾਨ ਨਾਲ ਅਸਮਾਨ ਵਿਚ ਛੇਕ ਕਰਨ ਦੀ ਕੋਸ਼ਸ਼ ਕਰ ਰਿਹਾ ਹੋਵੇ। ਉਹ ਬੋਲਿਆ — "ਸਰਦਾਰ ਜੀ, ਮਲੂਮ ਹੁੰਦਾ ਏ, ਤੁਸੀਂ ਹੁਣ ਤੀਕ ਜਾਂ ਸੁਤੇ ਰਹੇ ਹੋ, ਤੇ ਜਾਂ ਮੁਸਲਮਾਨਾਂ ਦੇ ਏਜੰਟ ਹੋ।" ਤੇ ਏਨਾ ਹੀ ਕਹਿ ਕੇ ਉਹ ਫੇਰ ਆਪਣੇ ਅਸਲੀ ਕੰਮ ਵਿਚ ਰੁਝ ਗਿਆ — "ਸ਼ਾਵਾ ਸ਼ੇ ਜੁਆਨੋ, ਅਹੁ ਪਰਲੀ ਦੁਕਾਨ ਵੀ ਮੁਸਲਮਾਨਾਂ ਦੀ ਜੇ... ਅਹੁ ਮਸੀਤ ਨਾਲ ਦੇ ਚੁਬਾਰੇ ਉਤੇ ਮੇਰਾ ਖਿਆਲ ਹੈ, ਕੁਝ ਮੁਸਲੇ ਜ਼ਰੂਰ ਲੁਕੇ ਹੋਏ ਨੇ, ਉਨ੍ਹਾਂ ਦੀ ਮਰੰਮਤ ਵੀ ਲਗਦੇ ਹਥ ਕਰ ਸੁਟੋ।" ਇਸ ਦੇ ਨਾਲ ਹਜੂਮ ਵਿਚੋਂ ਕਈ ਹਰ

ਅਵਾਜ਼ਾਂ ਆਈਆਂ — "ਆਹ ਵੇਖੋ ਸਿਰ ਕਢਿਆ ਜੇ ਇਕ ਮੁਸਲੇ ਨੇ.....ਇਸ ਘਰ ਵਿਚ ਬਹੁਤ ਸਾਰੇ ਲੁਕੇ ਹੋਏ ਨੇ...ਆਓ, ਪਹਿਲਾਂ ਇਨ੍ਹਾਂ ਦਾ ਝਗੜਾ ਵਢ ਲਈਏ....."

ਇਹ ਗੱਲਾਂ ਅਜੇ ਹੋ ਹੀ ਰਹੀਆਂ ਸਨ ਕਿ ਸਾਰਾ ਹਜੂਮ ਉਸੇ ਮਕਾਨ ਦੇ ਬੂਹੇ ਅਗੇ ਆ ਜੁੜਿਆ। ਬੂਹਾ ਕਾਫ਼ੀ ਮਜ਼ਬੂਤ ਸੀ ਤੇ ਏਦੂੰ ਵੀ ਬਹੁਤੀ ਮਜ਼ਬੂਤੀ ਨਾਲ ਅੰਦਰੋਂ ਬੰਦ ਕੀਤਾ ਹੋਇਆ ਸੀ। ਪਰ ਸੈਂਕੜੇ ਆਦਮੀਆਂ ਦੇ ਵਹਿਸ਼ੀਆਂ ਵਰਗੇ ਜੋਸ਼ ਦੇ ਸਾਹਮਣੇ ਇਹ ਕਦ ਤੀਕ ਠਹਿਰ ਸਕਦਾ ਸੀ।

ਬੂਹੇ ਉਤੇ ਦੋ ਚਾਰ ਹੀ ਸੱਟਾਂ ਵਜੀਆਂ ਸਨ ਕਿ ਅਚਾਨਕ ਉਤੋਂ ਡਬਲ ਇੱਟਾਂ ਦਾ ਮੀਂਹ ਵਰ੍ਹਨਾ ਸ਼ੁਰੂ ਹੋ ਗਿਆ। ਜਿਸ ਨੇ ਇਕ ਵਾਰੀ ਤਾਂ ਹਜੂਮ ਨੂੰ ਤਿਤਰ ਬਿਤਰ ਕਰ ਦਿਤਾ, ਪਰ ਇਸ ਦੇ ਨਾਲ ਹੀ ਗੁੱਸੇ ਤੇ ਜੋਸ਼ ਦੀ ਤੇਜ਼ੀ ਇਤਨੀ ਬੇਸ਼ੁਮਾਰ ਹੋ ਗਈ ਕਿ ਹੁਣ ਕਿਸੇ ਰੋਕਿਆਂ ਇਹ ਰੁਕਣ ਵਾਲੀ ਨਹੀਂ ਸੀ।

ਝਟ ਹੀ ਇਹੋ ਕਈਆਂ ਨੂੰ ਇਕ ਜੁਗਤ ਲਭ ਪਈ। ਲੋਕਾਂ ਨੇ ਆਪਣੇ ਕੰਬਲ, ਖੇਸ ਤੇ ਚਾਦਰਾਂ ਆਦਿ ਨੂੰ ਤਹਿ ਕਰ ਕੇ ਸਿਰਾਂ ਤੇ ਲਪੇਟ ਲਿਆ ਤੇ ਸਿਧਾ ਬਜ਼ਾਰ ਦੇ ਵਿਚਾਲੇ ਹੋਣ ਦੇ ਥਾਂ ਉਨ੍ਹਾਂ ਨੇ ਸੱਪ ਵਾਂਗ ਕੰਧਾਂ ਦੇ ਨਾਲ ਨਾਲ ਘਸਰ ਕੇ ਮਕਾਨ ਤੀਕ ਪਹੁੰਚਣ ਦੀ ਕੋਸ਼ਿਸ਼ ਜਾਰੀ ਕੀਤੀ, ਜਿਸ ਵਿਚ ਉਹ ਛੇਤੀ ਹੀ ਕਾਮਯਾਬ ਹੋ ਗਏ। ਕੁਝ ਕੁ ਆਦਮੀਆਂ ਨੂੰ ਇੱਟਾਂ ਦੀਆਂ ਮਾੜੀਆਂ ਮੋਟੀਆਂ ਸੱਟਾਂ ਲਗੀਆਂ, ਪਰ ਬਹੁਤਾ ਨੁਕਸਾਨ ਨਹੀਂ ਹੋਇਆ। ਹੋਰ ਪੰਜਾਂ ਦਸਾਂ ਮਿੰਟਾਂ ਦੀ ਮਿਹਨਤ ਤੋਂ ਬਾਅਦ ਬੂਹੇ ਦੇ ਦੋਵੇਂ ਤਾਕ ਫਟੀਆਂ ਫਟੀਆਂ ਹੋ ਕੇ ਏਧਰ ਉਧਰ ਜਾ ਪਏ।

ਸਤਨਾਮ ਅੱਤ ਬੇਵਸੀ ਦੀਆਂ ਨਜ਼ਰਾਂ ਨਾਲ ਪਿਛੇ ਖੜੋਤਾ ਚੁਪ ਚਾਪ ਇਹ ਕਾਰਾ ਵੇਖ ਰਿਹਾ ਸੀ ਕਿਉਂਕਿ ਉਸ ਦੇ ਚੀਕਣ ਚਿੱਲਾਉਣ ਦੀ ਇਥੇ ਕੁਝ ਨਹੀਂ ਸੀ ਵਟੀਂਦੀ। ਆਪਣੇ ਸਰੀਰ ਨੂੰ ਉਹ ਇਸ ਤਰ੍ਹਾਂ ਮਹਿਸੂਸ ਕਰ ਰਿਹਾ ਸੀ, ਜਿਵੇਂ ਇਹ ਜ਼ਮੀਨ ਵਿਚ ਨਿਘਰਦਾ ਜਾਂਦਾ ਹੈ। ਜਿਉਂ ਹੀ ਉਸ ਨੇ ਨੰਗੀਆਂ ਕਿਰਪਾਨਾਂ ਛਵ੍ਹੀਆਂ ਤੇ ਕੁਹਾੜੀਆਂ ਨਾਲ ਮਸੱਲਾ ਹਜੂਮ ਨੂੰ ਮਕਾਨ ਦੇ ਅੰਦਰ ਘੁਸੜਦਿਆਂ ਤਕਿਆ ਕਿ ਉਸ ਦੀਆਂ ਅੱਖਾਂ ਵਿਚ ਖੂਨ ਉਤਰ ਆਇਆ ਤੇ ਜਦ ਉਸ ਨੇ ਮਕਾਨ ਅੰਦਰਲੇ ਮਰਦਾਂ ਤੀਵੀਆਂ ਤੇ ਬੱਚਿਆਂ ਦਾ ਚੀਕ ਚਿਹਾੜਾ ਸੁਣਿਆ ਤਾਂ ਉਹ ਆਪਣੇ ਕਦਮਾਂ ਤੇ ਖੜ੍ਹਾ ਨਾ ਰਹਿ ਸਕਿਆ ਤੇ ਬਿਨਾਂ ਇਹ ਸੋਚਿਆਂ ਕਿ ਅੰਦਰ ਜਾ ਕੇ ਉਹ ਕਿਸੇ ਦਾ ਕੀ ਸਵਾਰ ਤੇ ਕੀ ਵਿਗਾੜ ਸਕੇਗਾ — ਤੇਜ਼ੀ ਨਾਲ ਮਕਾਨ ਅੰਦਰ ਦਾਖਲ ਹੋ ਗਿਆ।

ਮਕਾਨ ਦੀ ਉਪਰਲੀ ਛੱਤ ਤੇ ਜਾ ਕੇ ਉਸ ਨੇ ਜੋ ਕੁਝ ਤਕਿਆ, ਇਹ ਵੇਖਣ ਲਈ ਉਹ ਤਿਆਰ ਨਹੀਂ, ਜਿਸ ਕਰ ਕੇ ਉਸ ਨੂੰ ਬੇਹੋਸ਼ੀ ਜਿਹੀ ਦੇ ਝੂਟੇ ਆਉਣ ਲਗੇ।

ਉਪਰ ਸਾਰੇ ਰਲਾ ਕੇ ਤੀਹ ਪੈਂਤੀ ਜਾਂ ਏਦੂੰ ਵੀ ਕੁਝ ਜ਼ਿਆਦਾ ਮੁਸਲਮਾਨ ਘਿਰੇ ਹੋਏ ਸਨ, ਜਿਨ੍ਹਾਂ ਵਿਚ ਅਧਿਆਂ ਦੇ ਲਗ ਪਗ ਤੀਵੀਆਂ ਤੇ ਬੱਚੇ ਸਨ, ਜਿਨ੍ਹਾਂ ਸਾਰਿਆਂ ਉਤੇ ਇਸ ਬੇਦਰਦੀ ਤੇ ਨਾਲ ਹੀ ਕੁਚੱਜੇ ਤਰੀਕਿਆਂ ਨਾਲ ਹਥਿਆਰਾਂ ਦੇ ਵਾਰ ਹੋ ਰਹੇ ਸਨ ਕਿ ਵੇਖਕੇ ਡਰ ਤੇ ਸ਼ਰਮ ਨਾਲ ਸਿਰ ਝੁਕ ਜਾਂਦਾ ਸੀ। ਜਿਨ੍ਹਾਂ ਲੋਕਾਂ ਨੇ ਕਦੀ ਸੁਪਨੇ ਵਿਚ ਵੀ ਹਥਿਆਰ ਦੀ ਵਰਤੋਂ ਕਰਕੇ ਨਹੀਂ ਸੀ ਵੇਖੀ, ਓਹ ਵੀ ਇਸ ਵੇਲੇ ਤੀਸਮਾਰ ਖਾਂ ਬਣ ਕੇ ਆਪਣੇ ਸ਼ਿਕਾਰਾਂ ਉਤੇ ਟੁਟ ਪਏ ਤੇ ਉਨ੍ਹਾਂ ਦੀ ਤੇਗ਼-ਜ਼ਨੀ ਦਾ ਇਹ ਹਾਲ ਸੀ ਕਿ ਚਾਲ੍ਹੀ ਚਾਲ੍ਹੀ, ਪੰਜਾਹ ਪੰਜਾਹ ਵਾਰ ਕਰਨ ਤੇ ਵੀ ਉਹਨਾਂ ਦੇ ਬਦਨਸੀ ਮਕਤੂਲ ਦੀ ਜਿੰਦ ਨਹੀਂ ਸੀ ਨਿਕਲ ਰਹੀ। ਜਿਹੜਾ ਵਾਰ ਉਹ ਗਿਚੀ ਦਾ ਨਿਸ਼ਾਨਾ ਬੰਨ੍ਹ ਕੇ ਕਰਦੇ, ਉਹ ਜਾ ਲਗਦਾ ਗੋਡੇ ਉਤੇ, ਤੇ ਛਾਤੀ ਵਲ ਉਲਰੀ ਹੋਈ ਕਿਰਪਾਨ ਦਾ ਫਟ ਪੈਰ ਦੀ ਅੱਡੀ ਨੂੰ ਕਟ ਜਾਂਦਾ।

ਇਧਰ ਇਸ ਤਰ੍ਹਾਂ ਦੀ ਕਟ-ਵਢ ਸ਼ੁਰੂ ਸੀ ਤੇ ਉਧਰ ਲਾਗ ਪਾਸ ਦੇ ਕੋਠਿਆਂ ਤੇ ਗੁਆਂਢੀਆਂ ਦੀਆਂ ਉਚੀਆਂ ਉਚੀਆਂ ਲਲਕਾਰਾਂ ਸੁਣਾਈ ਦੇ ਰਹੀਆਂ ਸਨ। ਕਿਸੇ ਪਾਸਿਓਂ ਅਵਾਜ਼ ਆਉਂਦੀ "ਛਡਣਾ ਨਾ ਖਾਲਸਾ ਜੀ.....ਅਹੁ ਵੇਖੋ, ਇਕ ਪਿਛਲੀ ਕੰਧ ਤੋਂ ਲਗਾ ਜੇ ਟੱਪਣ, ਜਾਣ ਨਾ ਦੇਣਾ... ...ਇਕ ਅਹੁ ਵੇਖੋ ਨੁੱਕਰ ਵਿਚ ਵੜਿਆ ਬੈਠਾ ਜੇ... ..." ਆਦਿ। ਕਿਸੇ ਹੋਰ ਪਾਸਿਓਂ ਸੁਣਾਈ ਦੇਂਦਾ — " ਇਹ ਜ਼ੁਲਮ ਨਾ ਕਰੋ ਖਾਲਸਾ ਜੀ। ਅਜ ਵਡੇ ਵੇਲੇ ਅਸਾਂ ਸਾਰੇ ਗੁਆਂਢੀਆਂ ਨੇ ਇਨ੍ਹਾਂ ਲੋਕਾਂ ਨੂੰ — ਜਦੋਂ ਇਹ ਘਰ ਛਡਣ ਦੀ ਤਿਆਰੀ ਕਰ ਰਹੇ ਸਨ — ਸਹੁੰਆਂ ਚੁਕ ਕੇ ਯਕੀਨ ਦਿਵਾਇਆ ਸੀ ਕਿ ਤੁਸੀਂ ਕਿਤੇ ਨਾ ਜਾਓ, ਕੋਈ ਤੁਹਾਡੀ 'ਵਾ ਵਲ ਨਹੀਂ ਤੱਕ ਸਕਦਾ ਤੇ ਸਾਡੀ ਜ਼ਿੰਮੇਵਾਰੀ ਉਤੇ ਹੀ ਇਨ੍ਹਾਂ ਵਿਚਾਰਿਆਂ ਨੇ ਨੱਠਣ ਦਾ ਖ਼ਿਆਲ ਛਡ ਦਿਤਾ ਸੀ। ਖਾਲਸਾ ਜੀ, ਇਨ੍ਹਾਂ ਦਾ ਖ਼ੂਨ ਸਾਡੇ ਸਿਰ ਆਵੇਗਾ — ਨਾ ਮਾਰੋ ਇਨ੍ਹਾਂ ਨੂੰ... ..." ਪਰ ਅਸਰ ਵਧੇਰੇ ਕਰ ਕੇ ਪਹਿਲੀ ਤਰ੍ਹਾਂ ਦੀਆਂ ਆਵਾਜ਼ਾਂ ਦਾ ਹੀ ਹੋ ਰਿਹਾ ਜਾਪਦਾ ਸੀ।

"ਓ ਜ਼ਾਲਮੋ ! ਛਡ ਦਿਓ ਇਨ੍ਹਾਂ ਵਿਚਾਰਿਆਂ ਨੂੰ। ਚੰਗਾ ਜੇ ਤੁਸਾਂ ਨਹੀਂ ਬਾਜ਼ ਆਉਣਾ ਤਾਂ ਘਟੋ ਘਟ ਇਨ੍ਹਾਂ ਮਾਸੂਮ ਬਚਿਆਂ ਤੇ ਵਿਚਾਰੀਆਂ ਕਮਜ਼ੋਰ ਜ਼ਨਾਨੀਆਂ ਨੂੰ ਤਾਂ ਛਡ ਦਿਓ — ਕੀ ਇਨ੍ਹਾਂ ਉਤੇ ਹਥ ਉਠਾਣ ਵਾਲਾ ਕਾਇਰ ਨਹੀਂ ?.....ਛਡ ਦਿਓ, ਗੁਰੂ ਦਾ ਵਾਸਤਾ ਜੇ, ਕੁਝ ਨਾ ਆਖੋ ਇਨ੍ਹਾਂ ਨੂੰ....." ਸਤਨਾਮ ਪੁਕਾਰ ਰਿਹਾ ਸੀ, ਉਸ ਦੀ ਆਹ ਪੁਕਾਰ ਵਿਚ ਪਥਰਾਂ ਨੂੰ ਪੰਘਾਰਨ ਵਾਲਾ ਅਸਰ ਸੀ। ਪਰ ਜਿਨ੍ਹਾਂ ਲੋਕਾਂ ਨੂੰ ਸੰਬੋਧਨ ਕਰ ਕੇ ਉਹ ਪੁਕਾਰ ਰਿਹਾ ਸੀ, ਸ਼ਾਇਦ ਉਨ੍ਹਾਂ ਦੇ ਦਿਲ ਇਸ ਵੇਲੇ ਪੱਥਰ ਤੋਂ ਵਧ ਕੇ ਫ਼ੌਲਾਦ ਦੇ ਬਣ ਚੁਕੇ ਸਨ। ਫਿਰ ਵੀ ਇਸ ਦਾ ਇਤਨਾ ਕੁ ਅਸਰ ਜ਼ਰੂਰ ਹੋ ਗਿਆ ਕਿ ਕਾਤਲਾਂ ਦੀ ਢਾਣੀ ਵਿਚੋਂ ਇਹੋ ਜਿਹੀਆਂ ਕੁਝ ਆਵਾਜ਼ਾਂ ਉਸ ਨੂੰ ਸੁਣਾਈ ਦੇਣ ਲਗੀਆਂ — "ਖਾਲਸਾ ਜੀ, ਸਰਦਾਰ ਠੀਕ ਕਹਿ ਰਹਾ ਹੈ, ਤੀਵੀਆਂ ਤੇ ਬਚਿਆਂ ਨੂੰ ਕੁਝ ਨਾ ਆਖੋ....." ਤੇ ਇਸ ਦੇ ਜਵਾਬ ਵਿਚ ਕੁਝ ਜ਼ਬਾਨਾਂ ਇਸ ਤਰ੍ਹਾਂ ਵੀ ਹਰਕਤ ਵਿਚ ਆ ਰਹੀਆਂ ਸਨ — "ਨਾ ਨਾ, ਇਕ ਵੀ ਜੀਉਂਦਾ ਨਾ ਛਡਣਾ। ਸੱਪਾਂ ਦੇ ਬੱਚੇ ਸੱਪ ਹੀ ਹੁੰਦੇ ਨੇ....."

ਪਰ ਜਿਤ ਅਖ਼ੀਰ ਸਤਨਾਮ ਦੀ ਹੀ ਰਹੀ। ਪਹਿਲੇ ਹੱਲੇ ਵਿਚ ਜਿਹੜੇ ਦੋ ਚਾਰ ਤੀਵੀਆਂ-ਬੱਚੇ ਮਾਰੇ ਗਏ ਸੋ ਮਾਰੇ ਗਏ, ਬਾਕੀ ਦੇ ਲਗਪਗ ਜੀਉਂਦੇ ਛਡ ਦਿਤੇ ਗਏ, ਪਰ ਸਾਰੇ ਹੀ ਫਟੜ ਹਾਲਤ ਵਿਚ। ਸ਼ਾਇਦ ਉਨ੍ਹਾਂ ਵਿਚ ਇਕ ਵੀ ਐਸਾ ਨਹੀਂ ਸੀ, ਜਿਸ ਨੂੰ ਕੋਈ ਨਾ ਕੋਈ ਜ਼ਖਮ ਨਾ ਆਇਆ ਹੋਵੇ।

ਮਕਾਨ ਦੇ ਸਾਰੇ ਕਮਰੇ ਲਹੂ ਨਾਲ ਚਿਕੜਾਏ ਜਾ ਚੁਕੇ ਸਨ। ਪੰਜ ਸਤ ਲੋਥਾਂ ਵਿਹੜੇ ਵਿਚ, ਦੋ ਚਾਰ ਇਕ ਕਮਰੇ ਵਿਚ, ਇਕ ਦੋ ਦੂਜੇ ਵਿਚ ਕੋਈ ਬਨੇਰੇ ਲਾਗੇ ਜਾਨ ਤੋੜ ਰਿਹਾ ਹੈ, ਕੋਈ ਜੰਗਲੇ ਲਾਗੇ ਢੇਰ ਹੋਇਆ ਪਿਆ ਹੈ।

ਸਤਨਾਮ ਹੁਣ ਬੇ-ਹਰਕਤ ਜਿਹਾ ਇਕ ਕੰਧ ਨਾਲ ਲਗਿਆ ਖੜ੍ਹਾ ਸੀ ਤੇ ਆਪਣੀ ਬੇਵਸੀ ਉਤੇ ਉਸ ਨੂੰ ਰਹਿ ਰਹਿ ਕੇ ਹਿਰਖ ਆ ਰਿਹਾ ਸੀ। ਉਸ ਦਾ ਦਿਲ ਕਰਦਾ ਕਿ ਕਿਸੇ ਪਾਸੋਂ ਇਕ ਤੇਜ਼ ਕਿਰਪਾਨ ਲੈ ਕੇ ਉਹ ਆਪਣੀ ਛਾਤੀ ਵਿਚ ਖੋਭ ਲਵੇ, ਤੇ ਇਸ ਦੁਖਾਂਤ ਨੂੰ ਵੇਖਣ ਤੋਂ ਉਸ ਦੀ ਜਿੰਦ ਖਲਾਸੀ ਪਾ ਜਾਵੇ।

ਤੇ ਜਦ ਉਸ ਨੇ ਅੱਖਾਂ ਝਪਕੀਆਂ ਤਾਂ ਉਸ ਨੇ ਮਹਿਸੂਸ ਕੀਤਾ ਜਿਵੇਂ ਉਸ ਉਤੇ ਬੇਹੋਸ਼ੀ ਛਾ ਗਈ ਸੀ ਕਿਉਂਕਿ ਹੁਣੇ ਹੁਣੇ ਜਿਹੜੀ ਕਾਤਲਾਂ ਦੀ ਭੀੜ ਉਸ ਨੇ ਕਮਰੇ ਵਿਚ ਵੇਖੀ ਸੀ, ਉਸ ਦਾ ਇਸ ਵੇਲੇ ਨਾਂ ਨਿਸ਼ਾਨ ਬਾਕੀ ਨਹੀਂ ਸੀ। ਕੇਵਲ ਲੋਥਾਂ ਸਨ, ਲਹੂ ਦੇ ਘਾਣ ਸਨ, ਜਾਂ ਜ਼ਖਮਾਂ ਨਾਲ ਪੱਛੇ ਹੋਏ ਬਚਿਆਂ ਤੇ ਬਿਧ ਜ਼ਨਾਨੀਆਂ ਦੀਆਂ ਦਰਦ ਭਰੀਆਂ ਚੀਕਾਂ। ਜਵਾਨ ਮੁਟਿਆਰਾਂ, ਜਿਹੜੀਆਂ ਉਸ ਤੱਕੀਆਂ ਸਨ ਇਥੇ ਕੋਈ ਵੀ ਨਹੀਂ ਸੀ।

ਨੇ ! ਇਹ ਕੀ ਭਾਣਾ ਵਰਤ ਗਿਆ ਪਲ ਛਲ ਵਿਚ ?" ਇਹੋ ਸੋਚਦਿਆਂ ਸੋਚਦਿਆਂ ਉਸ ਨੇ ਅਗਾਂਹ ਹੋ ਕੇ ਇਕ ਕਮਰੇ ਦੀ ਬਾਰੀ ਥਾਣੀਂ ਬਾਹਰ ਬਾਜ਼ਾਰ ਵਿਚ ਤਕਿਆ ਤੇ ਤਕਿਆਂ ਹੀ ਉਹ ਸੀਨਾ ਘੁਟ ਕੇ ਰਹਿ ਗਿਆ। ਉਤਲੀ ਭੀੜ ਹੁਣ ਹੇਠਾਂ ਮੌਜੂਦ ਸੀ ਤੇ ਇਸ ਮਕਾਨ ਨੂੰ ਅੱਗ ਲਾਣ ਵਿਚ ਰੁਝੀ ਹੋਈ ਸੀ।

ਜਿਉਂ ਹੀ ਉਸ ਨੇ ਸਿਰ ਬਾਹਰ ਕਢਿਆ ਕਿ ਆਵਾਜ਼ਾਂ ਆਈਆਂ — "ਏ ਖਾਲਸਾ ! ਹੇਠਾਂ ਉਤਰ ਛੇਤੀ ਨਾਲ ਨਹੀਂ ਤੇ ਉਨ੍ਹਾਂ ਦੇ ਨਾਲ ਹੀ ਭੜਥਾ ਹੋ ਜਾਏਂਗਾ।... ...ਝਟ ਪਟ ਸਰਦਾਰ ਜੀ, ਪੌੜੀਆਂ ਵਾਲਾ ਪਾਸਾ ਅਜੇ ਬਚਿਆ ਹੋਇਆ ਜੇ, ਹੋਰ ਦੋ ਚਾਰ ਮਿੰਟਾਂ ਦੀ ਦੇਰ ਲਾਈ ਤਾਂ ਇਧਰ ਅੱਗ ਫਿਰ ਜਾਇਗੀ ਜੇ... ...!"

ਤੇ ਇਸ ਤੋਂ ਪੰਜ ਸਤ ਮਿੰਟ ਬਾਅਦ ਜਦ ਲੋਕਾਂ ਨੇ ਸਤਨਾਮ ਨੂੰ ਮਕਾਨ 'ਚੋਂ ਬਾਹਰ ਆਉਂਦਿਆਂ ਤਕਿਆ ਤਾਂ ਉਨ੍ਹਾਂ ਦੀ ਹੈਰਾਨੀ ਦੀ ਹੱਦ ਨਾ ਰਹੀ। ਸਤਨਾਮ ਨੇ ਇਕ ਬਾਰ੍ਹਾਂ ਕੁ ਵਰ੍ਹਿਆਂ ਦੇ ਮੁੰਡੇ ਨੂੰ ਪਿਠ ਤੇ ਚੁਕਿਆ ਹੋਇਆ ਸੀ, ਜਿਸ ਦੇ ਸਰੀਰ ਉਤੇ ਛੁਰੀ ਦੇ ਚਾਰ ਪੰਜ ਨਿਸ਼ਾਨ ਸਨ ਤੇ ਇਸ ਤੋਂ ਬਾਅਦ ਉਨ੍ਹਾਂ ਲੋਕਾਂ ਵੇਖਿਆ ਕਿ ਉਸ ਦੇ ਮਗਰ ਮਗਰ ਤਿੰਨ ਚਾਰ ਵਡੇਰੀ ਉਮਰ ਦੀਆਂ ਤੀਵੀਆਂ ਸਨ, ਤੇ ਦੋ ਕੁ ਮੁੰਡੇ ਕੁੜੀਆਂ ਹੋਰ ਜਿਹੜੇ ਜ਼ਖ਼ਮਾਂ ਦੇ ਕਾਰਨ ਅਧਮੋਏ ਜਾਪਦੇ ਸਨ।

ਇਨ੍ਹਾਂ ਵਿਚੋਂ ਇਕ ਅਧਖੜ ਉਮਰ ਦੀ ਜ਼ਨਾਨੀ ਜਿਉਂ ਹੀ ਬਾਹਰ ਨਿਕਲੀ ਕਿ ਮਕਾਨ ਦੇ ਥੜ੍ਹੇ ਉਤੇ ਹੀ ਸਿਰ ਫੜ ਕੇ ਬੈਠ ਗਈ, ਫਿਰ ਵੇਖਦਿਆਂ ਹੀ ਵੇਖਦਿਆਂ ਲੇਟ ਗਈ ਤੇ ਬੇਹੋਸ਼ ਹੋ ਗਈ। ਇਸ ਦੇ ਸਰੀਰ 'ਚੋਂ ਸ਼ਾਇਦ ਬਹੁਤਾ ਲਹੂ ਨਿਕਲ ਚੁਕਾ ਸੀ। ਕਿਥੇ ਕਿਥੇ ਇਸ ਨੂੰ ਜ਼ਖ਼ਮ ਲਗੇ ਸਨ, ਇਸ ਗਲ ਦਾ ਪਤਾ ਨਹੀਂ ਸੀ ਲਗ ਸਕਦਾ, ਕਿਉਂਕਿ ਉਸ ਦੇ ਸਾਰੇ ਕਪੜੇ ਰੱਤੋ ਰੱਤ ਹੋਏ ਪਏ ਸਨ।

ਸਤਨਾਮ ਨੇ ਬਾਹਰ ਆ ਕੇ ਇਕ ਨਜ਼ਰ ਹਜੂਮ ਵਲ ਫੇਰੀ, ਫਿਰ ਪੁਕਾਰਿਆ — "ਖਾਲਸਾ ਜੀ, ਤੁਸੀਂ ਜੋ ਕੁਝ ਕਰ ਚੁਕੇ ਹੋ, ਇਸ ਬਾਬਤ ਮੈਂ ਕੁਝ ਕਹਿਣਾ ਨਹੀਂ ਚਾਹੁੰਦਾ। ਪਰ ਇਸ ਵੇਲੇ ਮੈਂ ਏਨੀ ਕੁ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਨੂੰ ਹਸਪਤਾਲ ਪਹੁੰਚਾਣ ਵਿਚ ਮੇਰੀ ਮਦਦ ਕਰੋ ਤੇ ਜੇ ਤੁਸੀਂ ਇਨ੍ਹਾਂ ਨੂੰ ਵੀ ਇਨ੍ਹਾਂ ਦੇ ਦੂਸਰੇ ਸਾਥੀਆਂ ਵਾਂਗ ਕਤਲ ਕਰਨਾ ਚਾਹੁੰਦੇ ਹੋ ਤਾਂ ਕਢੋ ਆਪਣੀਆਂ ਕਿਰਪਾਨਾਂ ਤੇ ਫਸਤਾ ਵਢ ਦਿਓ ਇਨ੍ਹਾਂ ਦਾ, ਪਰ ਪਹਿਲਾ ਵਾਰ ਤੁਹਾਨੂੰ ਮੇਰੇ ਉਤੇ ਕਰਨਾ ਪਵੇਗਾ।"

ਕਾਫ਼ੀ ਚਿਰ ਹਜੂਮ ਵਿਚ ਕੰਨਾਂ ਘੁਰਕੀਆਂ ਹੁੰਦੀਆਂ ਰਹੀਆਂ। ਅਖ਼ੀਰ ਉਹ ਸਾਰੇ ਇਹ ਕਹਿੰਦੇ ਹੋਏ ਹੌਲੀ ਹੌਲੀ ਉਥੋਂ ਖਿਸਕਣ ਲਗੇ — "ਚਲੋ ਯਾਰ ਚਲੀਏ, ਬੇਵਕੂਫ਼ ਦਾ ਦਿਮਾਗ਼ ਖ਼ਰਾਬ ਹੋਇਆ ਹੋਇਆ ਏ। ਹਸਪਤਾਲ ਪਹੁੰਚਾਓ ਨਾ, ਨਾਲੇ... ..."

ਅਚਾਨਕ ਹੀ ਜਦ ਸਤਨਾਮ ਦੀ ਨਜ਼ਰ ਆਪਣੇ ਦੋ ਸਾਥੀਆਂ ਤੇ ਪਈ ਤਾਂ ਉਸ ਦੀ ਜਾਨ ਵਿਚ ਜਾਨ ਆਈ। ਹੁਣ ਉਸ ਨੂੰ ਕਿਸੇ ਦੀ ਮੁਥਾਜੀ ਨਹੀਂ ਸੀ।

ਥੋੜੀ ਦੇਰ ਬਾਅਦ ਲੋਕਾਂ ਡਿਠਾ, ਇਕ ਲਾਮਡੋਰੀ ਜਿਹੀ ਬਾਜ਼ਾਰ ਵਿਚੋਂ ਜਾ ਰਹੀ ਸੀ — ਅਗੇ ਅਗੇ ਦੋ ਟਾਂਗੇ ਸਨ, ਜਿਨ੍ਹਾਂ ਵਿਚ ਲਹੂ ਨਾਲ ਚੌਂਦੇ ਹੋਏ ਕੁਝ ਫੱਟੜਾਂ ਨੂੰ ਦੋ ਗੱਭਰੂਆਂ ਨੇ ਸੰਭਾਲਿਆ ਹੋਇਆ ਸੀ। ਉਸ ਤੋਂ ਪਿਛੇ ਚਾਰ ਮਜ਼ਦੂਰਾਂ ਦੇ ਮੋਢਿਆਂ ਤੇ ਇਕ ਵਾਣ ਦਾ ਮੰਜਾ ਸੀ, ਜਿਸ ਉਤੇ ਇਕ ਬੇਹੋਸ਼ ਤੀਵੀਂ ਚੁਫਾਲ ਪਈ ਸੀ ਇਸ ਤੋਂ ਪਿਛੇ ਚਾਰ ਪੰਜ ਬੁਢ ਵਰੇਸ ਜ਼ਨਾਨੀਆਂ। ਇਨ੍ਹਾਂ ਤੋਂ ਛੁਟ ਤਿੰਨ ਕੁ ਅੰਞਾਣੀਆਂ ਕੁੜੀਆਂ ਤੇ ਪੰਜ ਛੇ ਮੁੰਡੇ ਸਤਨਾਮ ਦੀ ਸੰਭਾਲ ਵਿਚ ਪੈਦਲ ਤੁਰੇ ਜਾ ਰਹੇ ਸਨ।

ਥੋੜੀ ਕੁ ਅਗਾਂਹ ਜਾ ਕੇ ਮੁੰਡਿਆਂ ਵਿਚੋਂ ਇਕ, ਜਿਸ ਦੀ ਪਿਠ ਵਿਚ ਡੂੰਘਾ ਸਾਰਾ ਜ਼ਖ਼ਮ

ਸੀ — ਸੜਕ ਤੇ ਡਿਗ ਪਿਆ, ਸ਼ਾਇਦ ਪੀੜ ਕਰ ਕੇ ਉਸ ਲਈ ਟੁਰਨਾ ਮੁਸ਼ਕਲ ਹੋ ਗਿਆ ਸੀ ਤੇ ਹੋਸ਼ ਜਿਸ ਨੂੰ ਜਵਾਬ ਦੇ ਰਹੀ ਸੀ ਤੇ ਜਦ ਬਾਹ ਫੜ ਕੇ ਸਤਨਾਮ ਉਸ ਨੂੰ ਉਠਾਉਣ ਲਗਾ ਤਾਂ ਮੁੰਡਾ ਚਿਲਾ ਉਠਿਆ — "ਸਰਦਾਰ ਜੀ, ਖੁਦਾ ਦੇ ਵਾਸਤੇ ਮੈਨੂੰ ਨਾ ਮਾਰੋ। ਮੈਨੂੰ ਸਿਖ ਬਣਾ ਲਓ, ਪਰ ਮਾਰੋ ਨਾ... ..."

ਸਤਨਾਮ ਦਾ ਦਿਲ — ਜਿਹੜਾ ਅਗੇ ਹੀ ਇਸ ਖੂਨੀ ਹਾਲਤ ਦੇ ਅਸਰ ਨਾਲ ਘਾਊ ਮਾਊ ਹੋ ਰਿਹਾ ਸੀ — ਚੀਕਾਂ ਮਾਰ ਉਠਿਆ। ਉਸ ਨੇ ਮੁੰਡੇ ਨੂੰ ਬਾਹਾਂ ਵਿਚ ਭਰ ਕੇ ਕੁੱਛੜ ਚੁਕਦਿਆਂ ਹੋਇਆਂ ਬੜੇ ਪਿਆਰ ਤੇ ਦਰਦ ਭਰੀ ਆਵਾਜ਼ ਵਿਚ ਉਸ ਨੂੰ ਕਿਹਾ — "ਤੈਨੂੰ ਕੋਈ ਨਹੀਂ ਮਾਰਦਾ ਕਾਕਾ ! ਡਰ ਨਾ ਮੇਰਾ ਬਿਰ। ਮੈਂ ਤੈਨੂੰ ਹਸਪਤਾਲ ਲੈ ਜਾ ਰਿਹਾ ਹਾਂ, ਤੂੰ ਰਾਜ਼ੀ ਹੋ ਜਾਏਂਗਾ।"

ਮੁੰਡੇ ਨੇ ਸ਼ਾਇਦ ਸਤਨਾਮ ਦੀਆਂ ਗੱਲਾਂ ਦਾ ਮਤਲਬ ਨਹੀਂ ਸਮਝਿਆ। ਉਹ ਉਸੇ ਅਧ ਹੋਸ਼ੀ ਦੀ ਹਾਲਤ ਵਿਚ ਕੁਰਲਾਉਣ ਲਗਾ — "ਮਾਂ ! ਮੇਰੀ ਮਾਂ ਕਿਥੇ ਗਈ..ਮੁਸਤਫ਼ਾ ਭਾਈ ਵੀ ਮਾਰਿਆ ਗਿਆ ! ਹਾਏ ਅੰਮਾਂ !"

ਸਤਨਾਮ ਨੇ ਹੁਣ ਬਿਨਾਂ ਉਸ ਦੇ ਚਿਲਾਣ ਦਾ ਖ਼ਿਆਲ ਕੀਤਿਆਂ ਅਗੇ ਜਾ ਰਹੇ ਟਾਂਗੇ ਵਾਲੇ ਨੂੰ ਅਵਾਜ਼ ਮਾਰ ਕੇ ਰੋਕਿਆ ਤੇ ਫਿਰ ਮੁੰਡੇ ਨੂੰ ਉਸ ਵਿਚ ਲਿਟਾ ਦਿਤਾ।

ਬਜ਼ਾਰਾਂ ਦੀ ਭੀੜ ਨੂੰ "ਹਟੋ ਬਚੋ" ਦੀਆਂ ਅਵਾਜ਼ਾਂ ਨਾਲ ਹਟਾਂਦੇ ਹੋਏ ਦੋਵੇਂ ਟਾਂਗੇ ਜਾ ਰਹੇ ਸਨ ਤੇ ਉਨ੍ਹਾਂ ਦੇ ਮਗਰ ਮਗਰ ਬਾਕੀ ਸਾਰੇ। ਇਸ ਅਨੋਖੇ ਜਿਹੇ ਜਲੂਸ ਨੂੰ ਵੇਖ ਕੇ ਲੋਕੀ ਭਾਂਤ ਭਾਂਤ ਦੀਆਂ ਗੱਲਾਂ ਕਰ ਰਹੇ ਸਨ।

6

ਇਕ ਦਿਨ, ਦੋ ਦਿਨ, ਤਿੰਨ ਦਿਨ, ਸਾਰਾ ਅੰਮ੍ਰਿਤਸਰ ਦੋਜ਼ਖ਼ ਦੀ ਭਠੀ ਬਣਿਆ ਰਿਹਾ। ਜਿਥੇ ਮੁਸਲਮਾਨਾਂ ਦਾ ਜ਼ੋਰ ਸੀ, ਉਥੇ ਹਿੰਦੂਆਂ ਸਿਖਾਂ ਲਈ ਕਿਆਮਤ ਦਾ ਦੌਰ ਚਲ ਰਿਹਾ ਸੀ ਤੇ ਜਿਨ੍ਹਾਂ ਮਹੱਲਿਆਂ ਵਿਚ ਗੈਰ ਮੁਸਲਿਮ ਆਬਾਦੀ ਸੀ, ਉਥੇ ਮੁਸਲਮਾਨਾਂ ਦੀ ਤਬਾਹੀ ਹੋ ਰਹੀ ਸੀ। ਸਾਰਾ ਸ਼ਹਿਰ ਲੁਟੇਰਿਆਂ ਡਾਕੂਆਂ ਦੇ ਰਹਿਮ ਉਤੇ ਸੀ ਤੇ ਇਹ ਲੁਟੇਰੇ ਡਾਕੂ ਕੋਈ ਅਸਮਾਨੋਂ ਨਹੀਂ ਸਨ ਉਤਰ ਆਏ, ਸਗੋਂ ਇਸੇ ਸ਼ਹਿਰ ਦੇ ਗਲੀਆਂ ਮਹੱਲਿਆਂ ਜਾਂ ਲਾਗਲੇ ਪਿੰਡਾਂ ਨੇ ਇਨ੍ਹਾਂ ਨੂੰ ਉਗਾਲ ਸੁਟਿਆ ਸੀ।

ਸਾਰਾ ਸ਼ਹਿਰ ਤ੍ਰਾਹ ਤ੍ਰਾਹ ਕਰਦਾ ਹੋਇਆ ਸਰਕਾਰੀ ਮਦਦ ਲਈ ਦੁਹਾਈਆਂ ਦੇ ਰਿਹਾ ਸੀ — ਹਾਕਮਾਂ ਵਲ ਫ਼ੂਨ ਤੇ ਫ਼ੂਨ ਖੜਕ ਰਹੇ ਸਨ, ਮਦਦ ਲਈ ਡੈਪੂਟੇਸ਼ਨ ਤੇ ਡੈਪੂਟੇਸ਼ਨ ਜਾ ਰਹੇ ਸਨ ਕਿ ਸ਼ਹਿਰ ਨੂੰ ਇਸ ਖੁਦਾਈ ਕਹਿਰ ਤੋਂ ਬਚਾਣ ਦਾ ਕੋਈ ਉਪਰਾਲਾ ਕੀਤਾ ਜਾਵੇ ਪਰ ਕਿਸ ਸਿਰ-ਫਿਰੇ ਨੂੰ ਗਰਜ਼ ਪਈ ਸੀ ਆਪਣੇ ਆਪ ਨੂੰ ਬੇ-ਆਰਾਮ ਕਰਨ ਦੀ, ਜਦ ਕਿ ਸਾਡੇ ਅੰਗਰੇਜ਼ ਮਾਲਕਾਂ ਦੀਆਂ ਕੋਠੀਆਂ ਤੇ ਜ਼ਿੰਦਗੀਆਂ ਬਿਲਕੁਲ ਮਹਿਫ਼ੂਜ਼ ਸਨ। ਜੇ ਕਿਸੇ ਇਕ ਅਧੇ ਗੋਰੇ ਸਾਈ ਬਾਪ ਦਾ ਘਰ ਫੂਕਿਆ ਗਿਆ ਹੁੰਦਾ, ਜੇ ਉਨ੍ਹਾਂ,ਦਾ ਕੋਈ ਬਹਿਰਾ ਖ਼ਾਨਸਾਮਾ ਹੀ — ਭਾਵੇਂ ਉਹ ਕਾਲੇ ਲੋਕਾਂ ਵਿਚੋਂ ਹੀ ਕਿਉਂ ਨਾ ਹੁੰਦਾ — ਮੌਤ ਦੇ ਘਾਟ ਉਤਾਰਿਆ ਗਿਆ ਹੁੰਦਾ, ਤਾਂ ਫਿਰ ਪਤਾ ਲਗਦਾ ਕਿ ਕਿੰਨੀਆਂ ਵੀਹਾਂ ਦਾ ਸੌ ਹੁੰਦਾ ਹੈ। ਹੋਰ ਤਾਂ ਹੋਰ ਰਿਹਾ, ਸ਼ਹਿਰ ਦੀ ਆਮ ਹਿਫ਼ਾਜ਼ਤ ਲਈ ਜਿਹੜੀ ਥੋੜੀ ਬਹੁਤੀ ਪੁਲੀਸ ਹੋਇਆ ਕਰਦੀ ਸੀ, ਇਹਨੀਂ ਦਿਨੀਂ ਉਸ ਦਾ ਇਕ ਵੀ ਸਿਪਾਹੀ ਕਿਤੇ ਨਜ਼ਰੀਂ ਨਹੀਂ ਸੀ ਆਉਂਦਾ।

ਅਖ਼ੀਰ ਸੱਠਾਂ ਘੰਟਿਆਂ ਦੀ ਖ਼ੁਰਦਾ ਗਰਦੀ, ਵਢ ਟੁਕ ਤੇ ਸਾੜ ਫੂਕ ਤੋਂ ਬਾਅਦ ਕਿਤੇ

ਸਾਰੀ ਰੀਜੀ ਹਕੂਮਤ ਦੀ ਮਸ਼ੀਨਰੀ ਵਿਚ ਹਰਕਤ ਆਈ ਤੇ ਅਠ ਮਾਰਚ ਨੂੰ ਦਿਨ ਦੇ ਦੋ ਵਜੇ ਸ਼ਹਿਰ ਦੀ ਗੁੰਡਾਗਰਦੀ ਨੂੰ ਕਰਫਿਊ ਦੀ ਲਗਾਮ ਦਿਤੀ ਗਈ। ਲੋਕੀ ਆਪੋ ਆਪਣੇ ਘਰੀਂ ਡੱਕੇ ਗਏ, ਛੁਰੇਬਾਜ਼ਾਂ ਤੇ ਕਾਤਲਾਂ ਹਥੋਂ ਸਤਾਈ ਜਾ ਰਹੀ ਜਨਤਾ ਨੇ ਸੁਖ ਦਾ ਸਾਹ ਲਿਆ, ਪਰ ਅਸਲ ਵਿਚ ਇਹ ਸ਼ਾਂਤੀ ਜਾਂ ਅਮਨ, ਜੋ ਕੁਝ ਵੀ ਕਹੋ, ਉਪਰਾ ਤੇ ਉਧਾਰਾ ਸੀ। ਕਿਉਂਕਿ ਹੁਣ ਤੀਕ ਦੀ ਹੋ ਚੁਕੀ ਦੋ-ਤਰਫੀ ਤਬਾਹੀ ਨਿਰੀ ਗੁੰਡਾ-ਗਰਦੀ ਦਾ ਨਤੀਜਾ ਨਹੀਂ ਸੀ, ਇਹ ਤਾਂ ਚਿਰਾਂ ਤੋਂ ਚਲੀ ਆ ਰਹੀ ਫ਼ਿਰਕੂ ਖਿਚੋਤਾਣ ਦਾ ਉਹ ਨਤੀਜਾ ਸੀ, ਜਿਸ ਦੀ ਹਰ ਕੋਈ ਉਮੀਦ ਲਾਈ ਬੈਠਾ ਸੀ। ਕਿਉਂਕਿ ਵਕਤੀ ਹਾਲਾਤ ਨੇ ਇਹੋ ਜਿਹੀਆਂ ਘਟਨਾਵਾਂ ਦਾ ਇਕ ਦਿਨ ਵਾਪਰਨਾ ਯਕੀਨੀ ਕਰ ਦਿਤਾ ਸੀ।

ਮਕਾਨਾਂ ਦੁਕਾਨਾਂ ਵਿਚ ਲਾਈ ਗਈ ਅੱਗ ਤਾਂ ਵਕਤ ਪਾ ਕੇ ਬੁਝ ਜਾਂਦੀ ਸੀ ਪਰ ਬਦਲੇ ਦੀ ਜਿਹੜੀ ਦੁਵੱਲੀ ਅੱਗ ਦਿਲਾਂ ਵਿਚ ਭੜਕ ਰਹੀ ਸੀ, ਉਸ ਨੂੰ ਕੌਣ ਬੁਝਾਵੇ ? ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਭਿਆਨਕ ਤਬਾਹੀ ਤੋਂ ਬਾਅਦ ਹਰ ਕੋਈ ਅਮਨ ਦਾ ਖ਼ਾਹਿਸ਼ਮੰਦ ਨਜ਼ਰੀਂ ਆਉਣ ਲਗ ਪਿਆ ਸੀ ਪਰ ਨਾਲ ਹੀ ਹਰ ਹਿੰਦੂ ਸਿਖ ਦੇ ਦਿਲ ਵਿਚ ਇਹੋ ਤਮੰਨਾ ਸੀ ਕਿ ਮੁਸਲਮਾਨਾਂ ਦਾ ਦੁੰਨੀਆਂ ਤੋਂ ਬੀਜ ਨਾਸ ਹੋ ਜਾਵੇ। ਇਸੇ ਤਰ੍ਹਾਂ ਹਰ ਮੁਸਲਮਾਨ ਦੀ ਚਾਹ ਸੀ ਕਿ ਹਿੰਦੂਆਂ ਸਿਖਾਂ ਦਾ ਨਾਮ ਨਿਸ਼ਾਨ ਸਫ਼ਾ ਹਸਤੀ ਤੋਂ ਮਿਟ ਜਾਵੇ।

ਮੁਸਲਮਾਨ ਵੀ ਉਹੀ ਸਨ ਤੇ ਹਿੰਦੂ ਸਿਖ ਵੀ ਉਹੀ, ਪਰ ਇਹਨਾਂ ਤਿੰਨਾਂ ਚਹੁੰ ਦਿਨਾਂ ਦੀ ਹਲਚਲ ਨੇ ਕੁਝ ਐਸਾ ਵਾਯੂ-ਮੰਡਲ ਪੈਦਾ ਕਰ ਦਿਤਾ ਕਿ ਹਰ ਇਕ ਨੂੰ ਗੈਰ-ਮਜ਼ਹਬ ਵਾਲੇ ਦਾ ਚਿਹਰਾ, ਜਮਦੂਤ ਜਾਂ ਅਜ਼ਰਾਈਲ ਦਾ ਚਿਹਰਾ ਜਾਪਣ ਲਗ ਪਿਆ ਸੀ।

ਕਰਫਿਊ ਲਗ ਚੁਕਣ ਤੋਂ ਬਾਅਦ ਉਸ ਦੀ ਮਿਆਦ ਜਿਉਂ ਜਿਉਂ ਲੰਮੀ ਹੁੰਦੀ ਗਈ, ਦੰਗੇ ਫਸਾਦ, ਛੁਰੇਬਾਜ਼ੀ ਤੇ ਅੱਗਾਂ ਲਗਣ ਦੀਆਂ ਵਾਰਦਾਤਾਂ ਵਿਚ ਵਾਧਾ ਹੀ ਵਾਧਾ ਹੁੰਦਾ ਗਿਆ। ਕਰਫਿਊ ਦੀ ਕੈਦ ਵਿਚ ਬੈਠਾ ਹਰ ਇਕ ਆਦਮੀ ਜੇ ਇਕ ਪਾਸੇ ਆਪਣਿਆਂ ਗੁਰੂਆਂ ਪੀਰਾਂ ਅਗੇ ਇਸ ਦੇ ਖ਼ਾਤਮੇ ਲਈ ਅਰਦਾਸਾਂ ਕਰਦਾ, ਤਾਂ ਦੂਜੇ ਪਾਸੇ ਵਿਰੋਧੀ ਧੜੇ ਦਾ ਬੇੜਾ ਗਰਕ ਕਰਨ ਲਈ ਵੀ ਸਿਜਦੇ ਕੀਤੇ ਤੇ ਮੱਥੇ ਰਗੜੇ ਜਾ ਰਹੇ ਸਨ।

ਕਰਫਿਊ ਦੇ ਮੁਢਲੇ ਦਿਨੀਂ ਕਿੰਨੇ ਹੀ ਦਿਨ ਲੋਕਾਂ ਨੇ ਅਖ਼ਬਾਰ ਦੀ ਸ਼ਕਲ ਨਹੀਂ ਸੀ ਵੇਖੀ ਕਿਉਂਕਿ ਰੋਜ਼ਾਨਾ ਅਖ਼ਬਾਰਾਂ ਸਾਰੀਆਂ ਲਾਹੌਰ ਨਿਕਲਦੀਆਂ ਸਨ ਤੇ ਅੰਮ੍ਰਿਤਸਰ ਵਿਚ ਉਠੀ ਹੋਈ ਫ਼ਸਾਦਾਂ ਦੀ ਹਨੇਰੀ ਅੱਖ ਫਰਕੇ ਦੀ ਢਿਲ ਵਿਚ ਲਾਹੌਰ ਉਤੇ ਵੀ ਛਾ ਚੁਕੀ ਸੀ। ਜਿਸ ਕਰ ਕੇ ਅਖ਼ਬਾਰਾਂ ਛਡ ਕੇ ਡਾਕ, ਤਾਰ ਤੇ ਟੈਲੀਫ਼ੂਨ ਤਕ ਦਾ ਸਿਲਸਿਲਾ ਵੀ ਲਾਹੌਰ ਤੇ ਅੰਮ੍ਰਿਤਸਰ ਦੇ ਵਿਚਾਲੇ ਕਟਿਆ ਗਿਆ ਸੀ।

ਕਈਆਂ ਲੋਕਾਂ ਦਾ ਖ਼ਿਆਲ ਸੀ ਕਿ ਅਖ਼ਬਾਰਾਂ ਨਹੀਂ ਆਉਂਦੀਆਂ, ਇਹ ਚੰਗਾ ਹੀ ਹੋਇਆ। ਅਸਲ ਵਿਚ ਫ਼ਸਾਦਾਂ ਦੀ ਅੱਗ ਨੂੰ ਹਵਾ ਦੇਣ ਵਾਲੀਆਂ ਇਹ ਅਖ਼ਬਾਰਾਂ ਹੀ ਹਨ, ਜਿਨ੍ਹਾਂ ਨੇ ਫ਼ਿਰਕੂ ਖਿਚੋਤਾਣ ਨੂੰ ਵਧਾ ਚੜ੍ਹਾ ਕੇ ਹਾਲਤ ਇਥੋਂ ਤੀਕ ਪਹੁੰਚਾ ਦਿਤੀ ਪਰ ਇਕ ਹੋਰ ਗੱਲ ਅਖ਼ਬਾਰਾਂ ਦਾ ਨਾ ਆਉਣਾ ਇਕ ਤਰ੍ਹਾਂ ਨਾਲ ਵਧੇਰੇ ਖ਼ਤਰੇ ਦਾ ਕਾਰਨ ਬਣਦਾ ਜਾ ਰਿਹਾ ਸੀ। ਕਿਉਂਕਿ ਲੋਕੀ ਅਖ਼ਬਾਰਾਂ ਦਾ ਕੰਮ ਹੁਣ ਸੁਣੀਆਂ ਸੁਣਾਈਆਂ ਅਫ਼ਵਾਹਾਂ ਪਾਸੋਂ ਲੈਣ ਲਗ ਪਏ ਸਨ। ਹਰ ਜ਼ਬਾਨ ਤੋਂ ਨਵੀਂ ਤੋਂ ਨਵੀਂ ਖ਼ਬਰ ਸੁਣਾਈ ਦੇ ਰਹੀ ਸੀ —"ਫਲਾਣੇ ਫਲਾਣੇ ਲੀਡਰ ਨੂੰ ਕਤਲ ਕਰ ਦਿਤਾ ਗਿਆ... ...ਲਾਹੌਰ ਦੀ ਸ਼ਾਹੀ ਮਸਜਿਦ ਮਿਸਮਾਰ ਕਰ ਦਿਤੀ... ...ਪਟਿਆਲੇ ਵਾਲਾ ਰਾਜਾ ਦਰਬਾਰ ਸਾਹਿਬ ਦੀ ਹਿਫ਼ਾਜ਼ਤ ਲਈ ਇਕ ਪੂਰੀ ਰਜਮੰਟ, ਸਣੇ ਤੋਪਖ਼ਾਨੇ ਦੇ ਸਾਡੀ ਮਦਦ ਲਈ ਭੇਜ ਰਿਹਾ ਹੈ... ...ਜਹਾਜ਼ ਦਰਬਾਰ ਸਾਹਿਬ ਨੂੰ ਉਡਾਉਣ ਲਈ ਅੰਮ੍ਰਿਤਸਰ ਘਲ ਦਿਤੇ ਹਨ... ...ਸਿਖਾਂ ਨੇ ਲਾਹੌਰ ਦੇ ਇਕ ਪੂਰੇ ਮੈਗਜ਼ੀਨ ਤੇ ਕਬਜ਼ਾ

ਕਰ ਲਿਆ... ...ਮੁਸਲਮਾਨਾਂ ਨੇ ਬੰਦੂਕਾਂ ਤੇ ਪਿਸਤੌਲਾਂ ਦੇ ਭਰੇ ਹੋਏ ਤਿੰਨ ਟਰੱਕ ਸੂਬਾ ਸਰਹੱਦੀ ਤੋਂ ਮੰਗਾਏ... ..." ਆਦਿ। ਤੇ ਇਨ੍ਹਾਂ ਅਫ਼ਵਾਹਾਂ ਦਾ ਅਸਰ ? ਇਹ ਉਹੀ ਹੋਇਆ ਜੋ ਹੋਣਾ ਚਾਹੀਦਾ ਸੀ। ਪਹਿਲਾਂ ਲੋਕੀ ਛੁਰਿਆਂ ਕਿਰਪਾਨਾਂ ਨਾਲ ਬੇ-ਦੋਸ਼ਿਆਂ ਜਿੰਦਾਂ ਹਲਾਕ ਕਰਦੇ ਰਹੇ ਸਨ, ਹੁਣ ਬੰਬਾਂ ਦੀ ਵਰਤੋਂ ਸ਼ੁਰੂ ਹੋ ਗਈ। ਅੱਗ ਲਾਣ ਲਈ ਜੋ ਪਹਿਲਾਂ ਤੇਲ ਪਿਟਰੋਲ ਦੀ ਵਰਤੋਂ ਹੁੰਦੀ ਸੀ, ਤਾਂ ਹੁਣ ਪੂਟਾਸ਼ ਆਦਿ ਭੜਕਾਊ ਮਾਦੇ ਦੀ ਮਦਦ ਨਾਲ 'ਅਗਨ ਬੰਬਾਂ' ਦੀ ਕਾਢ ਨਿਕਲ ਆਈ। ਇਹ ਬੰਬ ਜਿਥੇ ਜਾ ਕੇ ਵਜਦੇ, ਅੱਗ ਭੜਕ ਉਠਦੀ।

ਇਕ ਪਾਸੇ ਤਬਾਹੀ ਮਚਾਉਣ ਲਈ ਨਵੀਆਂ ਤੋਂ ਨਵੀਆਂ ਕਾਢਾਂ ਕਢੀਆਂ ਜਾ ਰਹੀਆਂ ਸਨ, ਦੂਜੇ ਪਾਸੇ ਨਵੀਆਂ ਤੋਂ ਨਵੀਆਂ ਹਿਫ਼ਾਜ਼ਤੀ ਤਦਬੀਰਾਂ ਅਮਲ ਵਿਚ ਲਿਆਂਦੀਆਂ ਜਾਣ ਲਗੀਆਂ। ਜਿਨ੍ਹਾਂ ਮਕਾਨਾਂ ਦੁਕਾਨਾਂ ਦੇ ਬੂਹੇ ਬਾਜ਼ਾਰਾਂ ਵਲ ਖੁਲ੍ਹਦੇ ਸਨ, ਉਨ੍ਹਾਂ ਉਤੇ ਲੋਹੇ ਦੀਆਂ ਮੋਟੀਆਂ ਪਲੇਟਾਂ ਜੜੀਆਂ ਜਾਣ ਲਗ ਪਈਆਂ। ਇਥੋਂ ਤਕ ਕਿ ਕਈਆਂ ਲੋਕਾਂ ਨੇ ਇੱਟਾਂ ਚੂਨੇ ਨਾਲ ਸਮੂਚੇ ਤੌਰ ਤੇ ਬੂਹੇ ਹੀ ਚਿਣਨੇ ਸ਼ੁਰੂ ਕਰ ਦਿਤੇ।

ਫ਼ਸਾਦਾਂ ਦਾ ਦੈਂਤ, ਜੇ ਕੇਵਲ ਅੰਮ੍ਰਿਤਸਰ ਵਿਚ ਹੀ ਮਨੁਖੀ ਰੱਤ ਪੀ ਪੀ ਕੇ ਰਜ ਜਾਂਦਾ, ਤਾਂ ਵੀ ਸੁਖ ਸੀ ਪਰ ਇਸ ਜ਼ਾਲਮ ਦੀ ਪਿਆਸ ਅਬੁਝ ਸੀ, ਤੇ ਇਸ ਦੀ ਪ੍ਰਤੀਕਾਰਣੀ ਹਵਸ ਬੇਪਨਾਹ। ਜਿਸ ਨੂੰ ਪੂਰਿਆਂ ਕਰਨ ਲਈ ਇਸ ਨੇ ਅੰਮ੍ਰਿਤਸਰ ਤੋਂ ਬਾਅਦ ਲਾਹੌਰ ਵਲ ਪੈਰ ਪਸਾਰੇ, ਉਸ ਤੋਂ ਬਾਅਦ ਰਾਵਲਪਿੰਡੀ, ਅਟਕ, ਕੈਮਲਪੁਰ, ਮੁਲਤਾਨ, ਜੇਹਲਮ ਤੇ ਡੇਰਾ ਇਸਮਾਈਲ ਖ਼ਾਂ ਆਦਿ ਜ਼ਿਲ੍ਹਿਆਂ ਵਲ ਲਪਕਿਆ। ਅਖ਼ਬਾਰਾਂ ਵਿਚ ਰੋਜ਼ ਨਵੀਆਂ ਤੋਂ ਨਵੀਆਂ ਤਬਾਹਕਾਰੀਆਂ ਦੇ ਹਾਲਾਤ ਪੜ੍ਹ ਪੜ੍ਹ ਕੇ ਲੋਕਾਂ ਦੇ ਕਲੇਜੇ ਮੂੰਹ ਨੂੰ ਆਉਂਦੇ ਸਨ। ਮਜ਼ਲੂਮਾਂ ਦੀਆਂ ਦਰਦ ਕਹਾਣੀਆਂ, ਸੀਨਿਆਂ ਵਿਚ ਛੇਕ ਕਰਦੀਆਂ ਜਾ ਰਹੀਆਂ ਸਨ। ਵਤਨ-ਛੋੜ ਹਿੰਦੂਆਂ ਸਿਖਾਂ ਦੀਆਂ ਵਹੀਰਾਂ, ਜਿਹੜੀਆਂ ਸਥਾਨਕ ਰੀਲੀਫ਼ ਕੈਂਪਾਂ ਵਿਚ ਸਮਾਣੀਆਂ ਮੁਸ਼ਕਲ ਹੋ ਗਈਆਂ ਸਨ — ਅੰਮ੍ਰਿਤਸਰ ਤੋਂ ਛੁਟ ਪਟਿਆਲਾ, ਡੇਹਰਾਦੂਨ, ਹਰਦੁਆਰ ਤੇ ਦਿੱਲੀ ਤਕ ਛਾ ਗਈਆਂ। ਪੱਛਮੀ ਪੰਜਾਬ 'ਚੋਂ ਆਏ ਹੋਏ ਹਿੰਦੂ ਸਿਖ ਸ਼ਰਨਾਰਥੀਆਂ ਲਈ ਕਿਉਂਕਿ ਸਭ ਤੋਂ ਨੇੜੇ ਦਾ ਪਨਾਹ-ਟਕਾਣਾ ਅੰਮ੍ਰਿਤਸਰ ਸੀ, ਇਸ ਲਈ ਇਥੇ ਰੋਜ਼ਾਨਾ ਹਰ ਇਕ ਟ੍ਰੇਨ ਵਿਚੋਂ ਹਜ਼ਾਰਾਂ ਰੀਫ਼ਿਊਜੀ ਉਤਰਦੇ ਤੇ ਸਭ ਤੋਂ ਪਹਿਲਾਂ ਦਰਬਾਰ ਸਾਹਿਬ ਲਿਆ ਕੇ ਉਤਾਰੇ ਜਾਂਦੇ।

ਵੇਖਦਿਆਂ ਹੀ ਵੇਖਦਿਆਂ ਦਰਬਾਰ ਸਾਹਿਬ ਦੀ ਸਾਰੀ ਪ੍ਰਕਰਮਾ, ਗੁਰੂ ਰਾਮਦਾਸ ਜੀ ਦੀ ਸਰਾਂ ਦਾ ਸਾਰਾ ਹਾਤਾ ਤੇ ਜਲ੍ਹਿਆਂ ਵਾਲੇ ਬਾਗ਼ ਦਾ ਸਾਰਾ ਮੈਦਾਨ ਨਿਆਸਰੇ ਵਤਨ-ਛੋੜਾਂ ਨਾਲ ਭਰ ਗਏ। ਦਾਨੀ ਰੁਚੀਆਂ ਵਾਲੇ ਸ਼ਹਿਰ ਨੇ ਇਨ੍ਹਾਂ ਬਦਨਸੀਬਾਂ ਲਈ ਦਿਲਾਂ ਤੇ ਸੇਫ਼ਾਂ ਦੇ ਬੂਹੇ ਖੋਲ੍ਹ ਦਿਤੇ ਸਨ। ਕਈ ਰੀਲੀਫ਼ ਕਮੇਟੀਆਂ ਤੇ ਸਹਾਇਤਾ ਕੈਂਪ ਖੁਲ੍ਹ ਗਏ। ਦਿਨ ਚੜ੍ਹਦੇ, ਕਰਫਿਊ ਖੁਲ੍ਹਣ ਤੋਂ ਲੈ ਕੇ, ਜਦ ਤੀਕ ਕਰਫਿਊ ਦਾ ਵਕਤ ਖ਼ਤਮ ਨਾ ਹੋ ਜਾਂਦਾ, ਬਾਲਟੀਆਂ ਤੇ ਟੋਕਰੀਆਂ ਦੀਆਂ ਲਾਮ ਡੋਰੀਆਂ ਬੰਦ ਨਾ ਹੁੰਦੀਆਂ ਤੇ ਇਸ ਬਾਲਟੀਆਂ ਟੋਕਰਿਆਂ ਦੀ ਬਹੁਤਾਤ ਨੇ ਸਗੋਂ ਰੀਲੀਫ਼ ਕਮੇਟੀਆਂ ਨੂੰ ਛਿਥਿਆ ਪਾ ਦਿਤਾ ਸੀ। ਨਿਆਸਰਿਆਂ ਪਰਵਾਰਾਂ ਨੂੰ ਲੋਕੀ ਇਤਨਾ ਖਾਣ ਪੀਣ ਦਾ ਸਾਮਾਨ ਦੇ ਜਾਂਦੇ ਕਿ ਜਿਹੜਾ ਅਕਸਰ ਬਹੁਤ ਜ਼ਾਇਆ ਹੀ ਚਲਾ ਜਾਂਦਾ ਸੀ।

ਰੀਲੀਫ਼ ਕਮੇਟੀਆਂ ਵਾਲੇ, ਇਸ਼ਤਿਹਾਰ ਛਾਪ ਛਾਪ ਕੇ — ਢੰਡੋਰੇ ਫੇਰ ਫੇਰ ਕੇ ਲੋਕਾਂ ਨੂੰ ਸਮਝਾਉਣ ਦੀ ਕੋਸ਼ਸ਼ ਕਰਦੇ ਸਨ ਕਿ ਉਹ ਇਸ ਬੇਢੰਗੇ ਤਰੀਕੇ ਨਾਲ ਆਪਣੀ ਮਿਹਨਤ ਤੇ ਪੈਸਾ ਜ਼ਾਇਆ ਨਾ ਕਰਨ। ਜਾਂ ਤਾਂ ਉਹ ਨਕਦੀ ਦੀ ਸ਼ਕਲ ਵਿਚ ਰੀਲੀਫ਼ ਕਮੇਟੀਆਂ ਦੇ ਫੰਡ ਵਿਚ ਜਮ੍ਹਾ ਕਰਾਇਆ ਕਰਨ ਤੇ ਜਾਂ ਜੇ ਰਿੰਨ੍ਹ ਪਕਾ ਕੇ ਖੁਆਣ ਦੀ ਸਲਾਹ ਹੋਵੇ ਤਾਂ ਕਿਸੇ ਕਮੇਟੀ ਦੇ ਲੰਗਰ ਵਿਚ ਪਹੁੰਚਾਇਆ ਕਰਨ, ਤਾਂ ਜੋ ਲੋੜਵੰਦਾਂ ਨੂੰ ਉਨ੍ਹਾਂ ਦੀ ਲੋੜ ਅਨੁਸਾਰ ਚੀਜ਼ ਪਹੁੰਚਾਈ ਜਾ ਸਕੇ ਪਰ ਇਨ੍ਹਾਂ ਅਪੀਲਾਂ ਦਾ ਅਸਰ ਬਹੁਤ ਘਟ ਹੁੰਦਾ ਸੀ।

ਸਤਨਾਮ ਜਿਉਂ ਜਿਉਂ ਨਵੇਂ ਤੇ ਨਵੇਂ ਕਹਿਰੀ ਕਹਾਣੀਆਂ ਦੀਆਂ ਖਬਰਾਂ ਸੁਣਦਾ, ਉਸ ਦੇ ਦਿਲ ਦੀ ਹਾਲਤ ਜ਼ਿਆਦਾ ਤੋਂ ਜ਼ਿਆਦਾ ਖ਼ਰਾਬ ਹੁੰਦੀ ਜਾਂਦੀ। ਦੂਜਾ ਹੁਣ ਉਸ ਦੇ ਹਥ ਵਿਚ ਕੋਈ ਰੁਜ਼ਗਾਰ ਨਹੀਂ ਸੀ ਜਿਸ ਕਰ ਕੇ ਉਹ ਹੋਰ ਵੀ ਡਾਵਾਂਡੋਲ ਰਹਿਣ ਲਗਾ। [illegible] ਦੀ ਕਮਾਈ ਹੋਈ [illegible] ਇਸ ਤੋਂ ਵੀ ਪਹਿਲਾਂ ਖਤਮ ਹੋ ਚੁਕੀ ਸੀ। ਅਖੀਰ ਉਸ ਨੇ ਆਪਣੇ ਲਈ ਇਹੋ [illegible] ਲਭ ਲਿਆ — [illegible] ਦੀ ਸੇਵਾ ਕਰਨ ਦਾ। ਆਪਣੀ ਮਾਂ, [illegible] ਤੇ ਨੌਕਰ ਨੂੰ ਉਹ [illegible] ਤੇ ਸਾਰੀ [illegible] ਤੇ ਆਪ ਦੌੜ ਦੌੜ ਦੇ ਕੰਮਾਂ ਵਿਚ ਲਗਾ ਰਹਿੰਦਾ। ਇਸ ਤਰ੍ਹਾਂ ਉਸ ਦੇ ਦਿਲ ਨੂੰ ਕੁਝ ਰਾਹਤ ਰਹਿੰਦੀ।

7

ਕਨ੍ਹਈਏ ਨੂੰ ਸਤਨਾਮ ਹੋਰਾਂ ਦੇ ਘਰ ਨੌਕਰ ਹੋਇਆਂ ਪੰਦਰਾਂ ਕੁ ਵਰ੍ਹੇ ਹੋ ਗਏ ਹਨ। ਉਹ ਕਾਂਗੜੇ ਦੇ ਨੇੜੇ ਤੇੜੇ ਦੇ ਕਿਸੇ ਪਹਾੜੀ ਪਿੰਡ ਦਾ ਵਸਨੀਕ ਹੈ। ਉਸ ਦੀ ਉਮਰ ਇਸ ਵੇਲੇ ਪੈਂਤੀਆਂ [illegible] ਦੇ ਵਿਚਕਾਰ ਹੋਵੇਗੀ। ਕੱਦ ਦਾ ਲੰਮਾ ਜਿਹਾ, ਪਰ ਕੰਮ ਕਾਰ ਨੂੰ ਖੂਬ ਚੁਸਤ ਹੈ। [illegible] ਮਾਰ ਕੇ ਤੁਰਦਾ ਹੈ। ਉਸ ਦੇ ਸਿਰ ਵਿਚ [illegible] ਪਹੀਆਂ ਦੇ ਥੋੜੇ ਜਿਹੇ [illegible] ਜਿਹੇ ਮਾਸੂਮ ਹੁੰਦੇ ਹਨ। ਇਹੋ [illegible] ਹਨ ਕਿ [illegible] ਉਸ ਦੀਆਂ ਮੁੱਛਾਂ ਦੀ ਇਹ [illegible] ਦੇ ਕਾਰਨ ਇਹੋ ਜਿਹੇ ਨਾ ਸਕਦੇ, ਪਰ ਸਿਰ ਦੀ ਟਟਰੀ [illegible] ਉਸ ਦੀ ਆਪਣੀ ਹੀ ਕਰਨੀ ਦਾ ਫਲ ਹੈ। ਜਵਾਨੀ [illegible] ਨਹੀਂ, [illegible] ਕਨ੍ਹਈਏ ਦੀ [illegible] ਸ਼ੁਰੂ ਹੋਈ ਤਾਂ ਮੁੱਛਾਂ ਵਿਚ ਚਿਟੇ ਵਾਲ [illegible] ਹੋ ਗਿਆ। ਜਦੋਂ ਹੀ ਉਸ ਦਾ ਦਾਅ ਲਗਦਾ, [illegible] ਦਾ ਉਸ ਨੂੰ [illegible] ਹੋ ਗਿਆ। [illegible] ਦੀ ਮਦਦ ਨਾਲ [illegible] ਦਾ ਖੂਬ [illegible] ਵਿਚ ਲਗਾ [illegible] ਇਕ ਦਿਨ [illegible] ਵਾਲ ਪੁਟਦਾ, ਦੂਜੇ ਦਿਨ ਉਥੇ ਦੇ [illegible] ਨਵੀਆਂ ਉਗਦਾ ਹੀ ਹੁੰਦਾ। [illegible] ਪੁਟ ਪੁਟਾਈ ਵਿਚ ਉਸ ਨੇ ਮੁੱਛਾਂ ਦਾ [illegible] ਕਰ ਦਿਤਾ। ਫਿਰ ਵੀ ਜਦ ਉਹ ਆਪਣੇ ਮਨੋਰਥ ਵਿਚ ਸਫਲ ਨਾ ਹੋ ਸਕਿਆ, ਤਾਂ ਅਖੀਰ ਉਸ ਨੇ ਇਸ ਪੁਆੜੇ ਦਾ ਖਹਿੜਾ ਹੀ ਛਡ ਦਿਤਾ।

ਉਸ ਦੀਆਂ [illegible] ਵਿਚ ਕੁਝ ਇਸ ਤਰ੍ਹਾਂ ਦੇ ਖੰਮ ਪਏ ਹੋਏ ਹਨ ਕਿ ਜਦੋਂ [illegible] ਦੇ ਵਿਚਲੇ [illegible] ਸਿਹਾ ਬਣ ਜਾਂਦਾ ਹੈ, [illegible] ਆਰ-ਪਾਰ ਲੰਘ ਸਕੇ। ਉਸ ਦੇ [illegible] ਹੈ, ਜਿਸ ਵਿਚ [illegible] ਪਏ ਹੋਏ ਹਨ, ਜਿਸ ਦਾ ਸਬਬ ਉਹ ਦਸਿਆ ਕਰਦਾ ਸੀ ਕਿ [illegible] ਉਸ ਦੇ [illegible] ਹੋਈਆਂ [illegible] ਲਗੀਆਂ ਸਨ। [illegible] ਹੈ, ਜਿਵੇਂ [illegible] ਖਾ ਖਾ ਕੇ ਤੁਰਦਾ ਹੈ। [illegible] ਉਸ ਦਾ [illegible] ਨਹੀਂ, ਪਰ [illegible] ਨੇ ਇਸ ਵਿਚ [illegible] ਕਰ ਦਿਤਾ ਹੋਇਆ ਹੈ।

[illegible] ਨੇ, ਕੁਝ ਵੀ ਆਪਣਾ [illegible] ਬਦਲ ਲੈਂਦੀ ਹੈ, ਪਰ ਕਨ੍ਹਈਏ ਦੀ ਪਹਾੜੀ [illegible] ਵਿਚ [illegible] ਵੀ ਕੋਈ ਫਰਕ ਨਹੀਂ ਆਇਆ। [illegible] ਉਸ ਦੀ ਜ਼ਬਾਨ ਤੇ [illegible] ਵਿਚ ਅਤਿ [illegible] ਸ਼ਬਦ, ਜਿਨ੍ਹਾਂ ਨੂੰ ਉਸ ਦੀ [illegible] ਸਤਨਾਮ ਦਾ ਸਾਰਾ ਟੱਬਰ [illegible] ਹੈ, ਅਜ ਤੀਕ ਉਹ ਉਸ

ਨੂੰ ਛਡ ਨਹੀਂ ਸਕਿਆ। ਇਹ ਸ਼ਬਦ ਹੈ 'ਮਾਰੇ' ਜਿਹੜਾ ਅਸਲ ਵਿਚ ਮਾਂ ਦੀ ਗਾਲ੍ਹ ਦਾ ਸੰਖੇਪ ਰੂਪ ਹੈ।

ਸ਼ੁਰੂ ਸ਼ੁਰੂ ਵਿਚ ਜਦ ਉਹ ਇਸ ਘਰ ਵਿਚ ਨੌਕਰ ਹੋਇਆ ਸੀ, ਤਾਂ ਉਸ ਦਾ ਗਲ ਗਲ ਵਿਚ ਇਹ 'ਮਾਰੇ — ਮਾਰੇ' ਵਰਤਣਾ ਸਭ ਨੂੰ ਬੁਰਾ ਤੇ ਓਪਰਾ ਲਗਦਾ ਸੀ। ਸਾਰਿਆਂ ਨੇ ਉਸ ਨੂੰ ਵਰਜਿਆ — ਖ਼ਾਸ ਕਰ ਕੇ ਸਤਨਾਮ ਦੀ ਮਾਂ ਨੇ ਤਾਂ ਕਈ ਵਾਰੀ ਉਸ ਨੂੰ ਇਥੇ ਤਕ ਵੀ ਆਖ ਦਿਤਾ — "ਰੁੜ੍ਹ ਜਾਣਿਆਂ, ਜੇ ਮੁੜ ਕੇ ਇਹ ਸ਼ਬਦ ਮੂੰਹੋਂ ਕਢਿਆ, ਤਾਂ ਯਾਦ ਰਖੀਂ ਭਖਦਾ ਭਖਦਾ ਕੋਲਾ ਤੇਰੇ ਮੂੰਹ ਵਿਚ ਤੁੰਨ ਦਿਆਂਗੀ।" ਤੇ ਵਿਚਾਰਾ ਕਨ੍ਹਈਆ ਬੜੀ ਦੀਨਤਾ ਤੇ ਸ਼ਰਮਿੰਦਗੀ ਨਾਲ ਅਗੋਂ ਕਹਿੰਦਾ "ਬੀਬੀ ਜੀ, ਮੈਂ ਤੇ ਇਸ ਕੀ ਭੁਲਾਉਣੇ ਕਣੇ ਮਤਾ ਜ਼ੋਰ ਲਾਇਆ ਕਰਦਾ, ਪਰ ਮੁੜੀ ਜ਼ਬਾਨ ਮਾਰੇ ਫਿਰੀ ਫਿਰੀ ਏਹੋ ਗਲਾਂਦੀ ਇੰਦੀ।"

ਅਖੀਰ ਹਾਰ ਕੇ ਉਨ੍ਹਾਂ ਇਸ ਗਲ ਦਾ ਖਹਿੜਾ ਹੀ ਛਡ ਦਿਤਾ ਤੇ ਕਨ੍ਹਈਏ ਦਾ ਇਹ 'ਮਾਰੇ' ਤਕੀਆ ਕਲਾਮ ਬਰਾਬਰ ਉਸੇ ਤਰ੍ਹਾਂ ਜਾਰੀ ਰਿਹਾ। ਕਈ ਵਾਰੀ ਗਲੀ ਮਹੱਲੇ ਦੇ ਛੋਟੇ ਮੁੰਡੇ ਇਸ ਨੂੰ ਇਤਨਾ ਪਰੇਸ਼ਾਨ ਕਰਦੇ ਹਨ ਕਿ ਵਿਚਾਰਾ ਰੋਣ ਹਾਕਾ ਹੋ ਜਾਂਦਾ ਹੈ। ਜਿਉਂ ਹੀ ਦੋਹ ਚਹੁੰ ਮੁੰਡਿਆਂ ਦੀ ਢਾਣੀ ਨੂੰ ਕਨ੍ਹਈਆ ਨਜ਼ਰੀਂ ਪੈ ਜਾਂਦਾ ਕਿ ਉਹ — 'ਮਾਰੇ ਘਾਰੇ ਤੁਰਦਾ ! ਚੁਲ੍ਹੇ ਪਿਛੇ ਮੁਤਣਾ' ਆਖ ਕੇ ਭਜ ਜਾਂਦੇ ਤੇ ਵਿਚਾਰਾ ਕਨ੍ਹਈਆ "ਖੜ੍ਹੀ ਜਾਓ ਤੁਹਾਡੀ ਮਾਰੇ ਦੀਆਂ ਅੱਖਾਂ ਵਿਚ ਮਿਟੀਏ ਦਾ ਤੇਲ ਪਾਇਆ" ਆਦਿ ਬਕਦਾ ਝਖਦਾ ਘਰ ਨੂੰ ਆ ਜਾਂਦਾ।

ਸਤਨਾਮ ਦੀ ਮਾਂ ਇਸ ਬੇ-ਸਮਝ ਨੌਕਰ ਪਾਸੋਂ ਬਹੁਤੀ ਸੁਖੀ ਨਹੀਂ ਸੀ। ਦਿਨ ਵਿਚ ਕਈ ਵਾਰੀ ਉਸ ਨੂੰ ਇਸ ਨਾਲ ਖਹਿਬੜਨਾ ਪੈਂਦਾ। ਕਦੀ ਭਾਂਡਿਆਂ ਨਾਲ ਜੂਠ ਛਡ ਦੇਣ ਬਦਲੇ, ਕਦੀ ਬਾਜ਼ਾਰੋਂ ਸਬਜ਼ੀ ਨਿਕੰਮੀ ਜਾਂ ਮਹਿੰਗੀ ਲੈ ਆਉਣ ਕਰ ਕੇ ਤੇ ਕਦੀ ਵਡੇ ਵੇਲੇ ਚਿਰਕਾ ਜਾਗਣ ਕਰ ਕੇ। ਘਰ ਵਿਚ ਕੇਵਲ ਇਕੋ ਆਦਮੀ ਸੀ, ਜਿਸ ਪਾਸੋਂ ਉਸ ਨੂੰ ਆਦਰ ਤੇ ਪਿਆਰ ਮਿਲਿਆ ਸੀ ਤੇ ਇਹ ਸੀ ਸਤਨਾਮ ਦਾ ਪਿਉ। ਸ਼ਾਇਦ ਇਸ ਕਰ ਕੇ ਕਿ ਸਾਵਣ ਸਿੰਘ ਨੂੰ ਪਹਾੜੀ ਗੀਤ ਬੜੇ ਚੰਗੇ ਲਗਦੇ ਸਨ ਤੇ ਕਨ੍ਹਈਆ ਸੀ ਪਹਾੜੀ ਗੀਤਾਂ ਦੀ ਖਾਣ। ਨਾਲੇ ਇਹ ਗਲਪਤ ਵੀ ਪੂਰਾ ਪੂਰਾ ਸੀ। ਗਲ ਕੋਈ ਵੀ ਹੋਵੇ, ਇਹ ਉਸ ਦੀ ਲੜੀ ਨੂੰ ਖਿਚ ਘਸੀਟ ਕੇ ਆਪਣੇ ਜਵਾਨੀ ਤੇ ਬਚਪਨ ਦੇ ਸਮੇਂ ਨਾਲ ਜਾ ਮੇਲਦਾ ਤੇ ਬੜੀ ਲਚਕ ਭਰੀ ਅਦਾ ਨਾਲ ਸੁਣਾਨਾ ਸ਼ੁਰੂ ਕਰ ਦੇਂਦਾ 'ਮਾਰਾ, ਕਿਆ ਗਲਾਈਏ ਸਰਦਾਰ ਜੀ। ਕਲਜੁਗ ਆਈ ਗਿਆ ਮਾਰੇ ਕਲਜੁਗ' ਤੇ ਇਸ ਤੋਂ ਬਾਅਦ ਉਹ ਜਿਉਂ ਆਪਣੀ ਜੀਵਨ ਕਥਾ ਸ਼ੁਰੂ ਕਰਦਾ ਕਿ ਜਦ ਤੀਕ ਕੋਈ ਉਸ ਨੂੰ ਆਪ ਕਹਿ ਕੇ ਨਾ ਰੋਕੇ, ਉਸ ਦਾ ਰੁਕਣਾ ਮੁਸ਼ਕਲ ਸੀ। ਗਲਾਂ ਕਥਾਂ ਦਾ ਉਸ ਦਾ ਢੰਗ ਇਹੋ ਪ੍ਰਗਟ ਕਰਦਾ, ਜਿਵੇਂ ਕਨ੍ਹਈਆ ਤ੍ਰੇਤਾ ਜਾਂ ਦੁਆਪੁਰ ਯੁਗ ਵਿਚ ਪੈਦਾ ਹੋਇਆ ਹੋਵੇਗਾ। ਜਿਵੇਂ ਕਿਸੇ ਸਰਾਪ ਦਾ ਫਲ ਰੂਪ ਉਸ ਨੂੰ ਚੁਕ ਕੇ ਕਲਜੁਗ ਵਿਚ ਸੁਟ ਦਿਤਾ ਗਿਆ ਹੈ। ਕੁਝ ਸਚ ਤੇ ਕੁਝ ਝੂਠ ਰਲਾ ਕੇ ਉਹ ਆਪਣੇ ਬਿਆਨ ਨੂੰ ਐਸਾ ਮਜ਼ੇਦਾਰ ਬਣਾ ਦੇਂਦਾ ਕਿ ਸੁਣਨ ਵਾਲੇ ਦੀ ਰੁਚੀ ਕੀ ਮਜਾਲ ਜੁ ਪਹਿਰਾਂ ਬਧੀ ਵੀ ਹੋਰ ਕਿਤੇ ਜਾ ਸਕੇ। ਮਿਸਾਲ ਦੇ ਤੌਰ ਤੇ ਕਨ੍ਹਈਆ ਬਜ਼ਾਰ ਵਿਚ ਤੁਰਿਆ ਜਾ ਰਿਹਾ ਹੈ, ਅੰਬਾਂ ਵਾਲੇ ਦੀ ਰੇਹੜੀ ਕੋਲ ਦੇ ਚਾਰ ਗਾਹਕ ਖੜੋਤੇ ਵੇਖੇ, ਇਹ ਵੀ ਜਾ ਖੜੋਤਾ। ਭਾਅ ਪੁਛਿਆ — ਅੱਠ ਆਨੇ ਸੇਰ। ਬਸ ਫਿਰ ਕੀ ਸੀ, ਕਨ੍ਹਈਏ ਹੋਰਾਂ ਉਥੇ ਹੀ ਖੜ੍ਹਿਆਂ ਖੜ੍ਹਿਆਂ ਆਪਣੀ ਰਾਮਾਇਣ ਛੂਹ ਦਿਤੀ — "ਰਾਮ, ਰਾਮ, ਅੱਠ ਆਨੇ ਸੇਰ ! ਮਾਰੇ ਅੰਬਾਂ ਕੀ ਅਗ ਲਗੀ ਗਈ ਸਹਿਰਾਂ ਵਿਚ।" ਤੇ ਫੇਰ ਇਕ ਲੰਮਾ ਠੂੰਢਾ ਸਾਹ ਭਰ ਕੇ ਉਸ ਨੇ ਆਪਣੀ ਕਥਾ ਸ਼ੁਰੂ ਕਰ ਦਿਤੀ — "ਸਾਡੇ ਮੁਲਖੇ ਕਣੇ ਐਸੇ ਅੰਬਾਂ ਕੀ ਮਾਰੇ ਬਕਰੀਆਂ ਨਾ ਸੀ ਖਾਇਆ ਕਰਦੀਆਂ। ਬਰਸਾਤੇ ਦੀ ਰੁੱਤੇ

ਅੰਬ ਪੱਕੀ ਤੇ ਮੁਹੋ ਹੋਈ ਜਾਣੇ। ਕੈਹ ਗਲਾਵਾ ਤੁਹਾਕੀ ਬਾਬੂ ਜੀ, ਸਹੁੰ ਦੇਵੀਏ ਦੀ, ਕਿਆ ਸੰਮਤ ਆਦੇ ਕਰਦੀ ਤਿਹ੍ਹਾ ਅੰਬਾਂ ਦੀ। ਮਾਰੇ ਮਾਖੀਏ (ਸ਼ਹਿਦ) ਦੇ ਘੁਟ। ਪੰਜਾਂ ਸਤਾਂ ਜਾਣਾ (ਦਾਤਰਾ) ਕੀ ਸੇਰ ਕਣੀ ਕੈ ਅਸਾਂ ਜਾਣੀ ਬਜ਼ਾਰਾ ਜੀ ਬਾਰੀ ਮੰਡੀ ਤੇ ਰਾਧੂਏ ਕੀ ਗਲਾਣੀ ਦੇਣਾ — ਲਈਆਂ ਮਾਪਤੂਆਂ ਦੇ ਸੇਰ ਸੇਵੀਂ, ਦੋ ਸੇਰ ਦੁਧੀਆ, ਦੋ ਸੇਰ ਸਿੱਪੀ, ਦੋ ਸੇਰ ਸੰਧੂਰੀ। ਤੇ ਰਾਧੂਏ ਮਾਰੇ ਬੰਨ੍ਹੀ ਲੈਣਾ ਚਾਰਾਡੂ (ਚਾਰਾ) ਤੈ ਲਾਹੀ ਲਾਹੀ ਕੇ ਦੁਧੀਆ, ਸਿੱਪੀ, ਸੰਧੂਰੀ ਤੇ ਕਟੇ ਸੇਵੀਂ, ਜਾਣੂੰ ਅਤੀ ਮਾਰੇ ਚੋਰ ਲਾਈ ਸੇਤਣਾ। ਅਸਾਂ ਬਹੀ ਜਾਣਾ ਜੀ ਟੋਕਰੂਏ ਕੀ ਕੁਹਲੈ ਮੰਜ ਰਖੀ ਕੈ, ਤੇ ਤੂਪੀ ਤੂਪੀ ਮਾਰੇ ਸਾਂਝਾ (ਸ਼ਾਮਾ) ਪਾਈ ਦੇਣੀਆਂ... ..."

ਇਧਰ ਬਾਜ਼ਾਰ ਵਿਚ ਖੱਤਿਆਂ ਖੱਤਿਆਂ ਕਨ੍ਹਈਏ ਦੀ ਜਨਮਸਾਖੀ ਸ਼ੁਰੂ ਹੁੰਦੀ ਤੇ ਉਧਰ ਨਾ ਗਾਹਕ ਨੂੰ ਅੰਬ ਤੁਲਾਣ ਦਾ ਚੇਤਾ ਰਹਿੰਦਾ, ਨਾ ਸਰਦਾਰ ਨੂੰ। ਇਥੋਂ ਤਕ ਕਿ ਰੇਹੜੀ ਵਾਲੇ ਦਾ ਧਿਆਨ ਵੀ ਕਨ੍ਹਈਏ ਦੀ ਸੁਆਦਲੀ ਕਥਾ ਵਿਚੋਂ ਓਦੋਂ ਹੀ ਉਖੜਨਾ, ਜਦ ਕੋਲੋਂ ਲੰਘਦੀ ਗਊ ਨੇ ਮਲਕੜੇ ਹੀ ਬੁਰਕ ਮਾਰ ਕੇ ਪੰਜਾਂ ਸਤਾਂ ਅੰਬਾਂ ਦਾ ਸਫ਼ਾਇਆ ਕਰ ਜਾਣਾ।

ਕਨ੍ਹਈਏ ਨੂੰ ਸਭ ਤੋਂ ਬਹੁਤਾ ਗੁੱਸਾ ਓਦੋਂ ਆਉਂਦਾ ਸੀ, ਜਦ ਉਸ ਨੂੰ ਕੋਈ ਪੁਛ ਬਹਿੰਦਾ ਕਿ 'ਕਿਉਂ ਕਨ੍ਹਈਆ, ਤੇਰਾ ਧੀ ਪੁਤਰ, ਰੰਨ ਕੰਨ ਕੋਈ ਨਹੀਂ ?" ਇਹ ਸਵਾਲ ਉਸ ਉਤੇ ਇਸ ਕਰ ਕੇ ਅਕਸਰ ਕੀਤਾ ਜਾਂਦਾ ਸੀ ਕਿ ਇਨ੍ਹਾਂ ਪੰਦਰਾਂ ਵਰ੍ਹਿਆਂ ਦੇ ਸਾਰੇ ਸਮੇਂ ਵਿਚ ਨਾ ਤਾਂ ਕਦੀ ਉਹ ਆਪਣੇ ਵਤਨ ਗਿਆ ਤੇ ਨਾ ਉਸ ਨੇ ਘਰ ਵਾਲਿਆਂ ਨੂੰ ਕਦੀ ਕੋਈ ਖ਼ਤ ਪੱਤਰ ਜਾਂ ਮਨੀਆਰਡਰ ਆਦਿ ਭੇਜਿਆ ਸੀ। ਆਪਣੀ ਸਾਰੀ ਤਨਖ਼ਾਹ ਉਹ ਫੱਕਣ ਫੱਕਾਣ ਵਿਚ ਖ਼ਰਚ ਕਰ ਛਡਦਾ ਸੀ, ਜਿਹੜੀ ਛਿਆਂ ਰੁਪਿਆਂ ਤੋਂ ਸ਼ੁਰੂ ਹੋ ਕੇ ਹੁਣ ਬਾਰਾਂ ਤੀਕ ਪਹੁੰਚ ਚੁਕੀ ਸੀ। ਹੋਰ ਪੰਜਵੇਂ ਦਿਨ ਉਹ ਆਪਣੀ ਵਿੰਗੇ ਢੱਕਣ ਵਾਲੀ ਘਸਮੈਲੇ ਰੰਗ ਦੀ ਟਰੰਕੀ ਦਾ ਢੱਕਣ ਖੋਹ੍ਹ ਕੇ ਵਿਚੋਂ ਇਕ ਅਧ ਰੁਪਈਆ ਕਢਦਾ ਤੇ ਬਾਜ਼ਾਰ ਜਾ ਕੇ ਖ਼ਤਮ ਕਰ ਆਉਂਦਾ ਤੇ ਜਿਉਂ ਹੀ ਆਪਣੀਆਂ ਵਿਰਲੀਆਂ ਕਰੜ ਬਰੜੀਆਂ ਮੁਛਾਂ ਉਤੇ ਵਧੇ ਹੋਏ ਨਹੁੰਆਂ ਵਾਲੀਆਂ ਉਂਗਲਾਂ ਫੇਰਦਾ ਹੋਇਆ ਘਰ ਵਿਚ ਦਾਖ਼ਲ ਹੁੰਦਾ ਕਿ ਝਟ ਉਸ ਦੀ ਭੇਤਣ ਕੇਸਰ ਕੌਰ ਤਾੜ ਜਾਂਦੀ ਤੇ ਉਹਨੂੰ ਪੁਛਦੀ — 'ਕਿਉਂ ਵੇ, ਅਜ ਕੀ ਖਾ ਕੇ ਆਇਆ ਏਂ ?" ਤਾਂ ਅਗੋਂ ਉਹ ਬੜੀ ਸੰਜੀਦਗੀ ਨਾਲ ਜਵਾਬ ਦੇਂਦਾ — " ਬੀਬੀ ਜੀ, ਅੰਬਰਸਰੈ ਦੇ ਲੁਹਾਣੀਆਂ ਤੈ ਮਾਰੇ ਜੂਠੀ ਕਿਆ ਮੁਠਕੇ ਕੀ। ਅਧਾ ਗਲਾਸ ਦੁਧੈ ਦਾ ਤੇ ਪਾਈਆ ਜਲੇਬ ਦਈਕੈ ਮਾਰੇ ਚੋਦਾਂ ਆਂਨੇ ਮੁੱਠੀ ਲਏ ਮੂੜੇ ਕੰਜਰਿਓ" ਤੇ ਨਾਲ ਲਗਦਾ ਹੀ ਕਨ੍ਹਈਆ ਛੋਹ ਬਹਿੰਦਾ ਆਪਣੇ ਤ੍ਰੇਤਾ ਤੇ ਦੁਆਪਰ ਯੁਗ ਦੇ ਕਿੱਸੇ — "ਹੁਣ ਕੁਸੈ, ਕਿਆ ਖਾਣਾ ਬੀਬੀ ਜੀ। ਕਲਜੁਗ ਆਈ ਗਿਆ — ਘੋਰ ਕਲਜੁਗ। ਸਾਂਡ੍ਹਿਆਂ ਮੁਲਖਾਂ ਕਟੇ ਖਾਣੈ ਦਾ ਮਤਾ ਸੁਆਦ ਦਾ। ਮਾਰੇ ਚਾਰ ਚਾਰ ਗਾਈਆਂ ਲਿਆਈਆਂ, ਸੇਰ ਸੇਰ ਪਕਾ ਦੁਧ ਇਕੈ ਇਕੈ ਗਾਈਐ ਕਣੀ। ਮਿਠਾ ਮਾਰੇ ਸ਼ਕਰ ਪਾਇਆਂ ਮੇਰੈ। ਕਿਆ ਤੁਹਾਕੀ ਗਲਾਵਾਂ ਬੀਬੀ ਜੀ। ਕਟੈ ਤੁਲੂਏ ਮੰਗਤੂਏ ਆਈਕੈ ਰੋਟੀ ਲੈਣੀ ਰੱਖੀ ਤੈ ਭਰੀ ਦੇਣਾ ਛੰਨਾ ਕੰਢੀਆਂ ਸੀਯਾਂ। ਵਿਚ ਪਾਈ ਲੈਣੀ ਮਾਰੇ ਬੂਰੇ ਦੀ ਲਪ। ਉਂਗਲੀਐ ਸੰਗ ਘੋਲੀ ਜਾਣਾ, ਤੇ ਘੁਟੂਏ ਘੁਟੂਏ ਚਾੜ੍ਹੀ ਜਾਣਾ" ਤੇ ਗਲ ਕਰਦਿਆਂ ਕਰਦਿਆਂ ਕਨ੍ਹਈਏ ਦੇ ਸਜੇ ਹਥ ਦੀ ਪਹਿਲੀ ਉਂਗਲ, ਜਿਹੜੀ ਤੀਜੇ ਪੋਟੇ ਕੋਲੋਂ ਕੋੜੀ ਜਿਹੀ ਵਿੰਗੀ ਸੀ। ਇਸ ਤਰ੍ਹਾਂ ਹਵਾ ਵਿਚ ਹਿਲਣੀ ਸ਼ੁਰੂ ਹੋ ਜਾਂਦੀ — ਜਿਵੇਂ ਸਚ ਮੁਚ ਛੰਨੇ ਵਿਚ ਮਿਠਾ ਰਲਾ ਰਿਹਾ ਹੋਵੇ।

ਕੇਸਰ ਕੌਰ ਨੂੰ ਕਨ੍ਹਈਏ ਦੀਆਂ ਇਨ੍ਹਾਂ ਬੇ-ਸਿਰ ਪੈਰ ਗਲਾਂ ਨਾਲੋਂ ਕੰਮ ਦਾ ਵਧੇਰੇ ਫ਼ਿਕਰ ਰਹਿੰਦਾ ਸੀ। ਜਦੋਂ ਵੀ ਕਿਸੇ ਸਵਾਲ ਦੇ ਜਵਾਬ ਵਿਚ ਕਨ੍ਹਈਆ ਆਪਣੇ ਪੁਰਾਣੇ ਰਾਗ ਛੂਹਣ ਲਗਦਾ ਕਿ ਉਹ ਝਟ ਰੋਕ ਦੇਂਦੀ — "ਹੱਛਾ ਛਡ ਇਸ ਬਕਵਾਸ ਨੂੰ, ਤੇ ਪਿਛਲੀ ਕੋਠੜੀ ਚੋਂ ਬਾਲਣ ਲਿਆ ਕੇ ਤੰਦੂਰ ਵਿਚ ਸੁਟ... ..."

ਖ਼ਾਸ ਕਰ ਕੇ 'ਤੁੱਲੂ ਮੰਗਤੂ' ਦਾ ਜ਼ਿਕਰ ਕਿਸੇ ਨਾ ਕਿਸੇ ਸ਼ਕਲ ਵਿਚ ਉਹ ਆਪਣੇ ਵਾਰਤਾਲਾਪ ਵਿਚ ਜ਼ਰੂਰ ਲੈ ਆਇਆ ਕਰਦਾ ਸੀ, ਉਸ ਦੇ ਦੋ ਮਤਰਏ ਪੁੱਤਰਾਂ ਦੇ ਨਾਂ ਸਨ ਪਰ ਜੇ ਉਸ ਨੇ ਕਦੀ ਭੁਲ ਕੇ ਅਜ ਤੀਕ ਜ਼ਿਕਰ ਨਹੀਂ ਕੀਤਾ ਤਾਂ ਤੁੱਲੂ ਮੰਗਤੂ ਦੀ ਮਾਂ ਦਾ।

ਇਸੇ ਗਲੋਂ ਸਾਰੇ ਹੈਰਾਨ ਹੁੰਦੇ ਸਨ ਕਿ ਦੋਹ ਪੁੱਤਰਾਂ ਦਾ ਪਿਉ ਹੁੰਦਿਆਂ ਹੋਇਆਂ ਵੀ ਨਾ ਕਦੀ ਅਜ ਤੀਕ ਇਸ ਦਾ ਕਿਸੇ ਨਾਲ ਖ਼ਤ ਪੱਤਰ ਹੋਇਆ ਵੇਖਿਆ ਹੈ, ਨਾ ਹੀ ਹੋਰ ਕਿਸੇ ਤਰ੍ਹਾਂ ਦੀ ਸਾਂਝ। ਪਰ ਏਸ ਦਾ ਅਸਲ ਭੇਦ ਜੇ ਕਿਸੇ ਨੂੰ ਪਤਾ ਸੀ ਤਾਂ ਕੇਵਲ ਕੇਸਰ ਕੌਰ ਨੂੰ।

ਇਹੋ ਜਿਹੀਆਂ ਗਲਾਂ ਦੀ ਖੋਜ ਕਰਨ ਦੀ ਜ਼ਨਾਨੀਆਂ ਨੂੰ ਮਰਦਾਂ ਨਾਲੋਂ ਵਧੇਰੇ ਆਦਤ ਹੁੰਦੀ ਹੈ। ਪਹਿਲਾਂ ਪਹਿਲ ਜਦੋਂ ਕਨ੍ਹਈਆ ਇਸ ਘਰ ਵਿਚ ਨੌਕਰ ਹੋਇਆ ਤਾਂ ਇਸਤ੍ਰੀ ਸੁਭਾਉ ਅਨੁਸਾਰ ਕੇਸਰ ਕੌਰ ਨੇ ਉਸ ਨੂੰ ਪੁਛਿਆ, "ਘਰ ਵਿਚ ਤੇਰਾ ਕੌਣ ਕੌਣ ਹੈ ਕਨ੍ਹਈਆ ?" ਤਾਂ ਉਤਰ ਵਿਚ ਕਨ੍ਹਈਏ ਨੇ ਵਹੁਟੀ ਤੇ ਦੋਹ ਪੁੱਤਰਾਂ ਦਾ ਜ਼ਿਕਰ ਕੀਤਾ। ਵਹੁਟੀ ਉਸ ਨੇ ਸਠਾਂ ਰੁਪਈਆਂ ਤੋਂ ਇਕ ਸ਼ੀਹ੍ਹਰ ਪਾਸੋਂ ਮੁਲ ਲਿਆਂਦੀ ਸੀ ਤੇ ਤੁਲੂ ਮੰਗਤੂ, ਦੋਵੇਂ ਉਸ ਨੂੰ ਝੂੰਗੇ ਵਿਚ ਮਿਲੇ ਸਨ — ਉਸ ਤੀਵੀਂ ਦੇ ਪਿਛਲੱਗ ਪੁੱਤਰ। ਇਸ ਤੋਂ ਛੁਟ ਕਨ੍ਹਈਏ ਨੇ ਕੇਸਰ ਕੌਰ ਨੂੰ ਉਹ ਹਾਲ ਵੀ ਇਕ ਲੰਮੀ ਕਹਾਣੀ ਦੁਆਰਾ ਸੁਣਾਇਆ, ਜਿਸ ਤਰ੍ਹਾਂ ਵਹੁਟੀ ਨਾਲ ਉਸ ਦੀ ਅਨਬਣ ਹੋ ਗਈ ਤੇ ਅੱਠ ਸਾਲ ਉਸ ਨਾਲ ਇਕੱਠਿਆਂ ਗੁਜ਼ਾਰਨ ਮਗਰੋਂ ਇਕ ਦਿਨ ਉਹ ਤੁਲੂ ਤੇ ਮੰਗਤੂ ਨੂੰ ਲੈ ਕੇ ਘਰੋਂ ਨਿਕਲ ਗਈ। ਜਿਸ ਤੋਂ ਬਾਅਦ ਕਨ੍ਹਈਏ ਦਾ ਦਿਲ ਐਸਾ ਟੁਟਿਆ, ਉਹ ਆਪਣੇ ਪਿੰਡ ਨੂੰ ਸਦਾ ਲਈ ਅਲਵਿਦਾ ਆਖ ਕੇ ਪਰਦੇਸ ਚਲਾ ਆਇਆ।

ਕਨ੍ਹਈਏ ਦੀ ਇਸ ਸਾਰੀ ਹੱਡ ਬੀਤੀ ਤੋਂ ਕੇਸਰ ਕੌਰ ਨੇ ਅਨੁਮਾਨ ਲਾਇਆ ਕਿ 'ਤੁਲੂ ਮੰਗਤੂ' ਭਾਵੇਂ ਕਨ੍ਹਈਏ ਦੇ ਸਕੇ ਪੁੱਤਰ ਨਹੀਂ ਸਨ, ਫਿਰ ਵੀ ਉਨ੍ਹਾਂ ਨਾਲ ਇਸ ਦਾ ਮੋਹ ਕਾਫ਼ੀ ਸੀ। ਜਿਨ੍ਹਾਂ ਨੂੰ ਇਹ ਅਜ ਤੀਕ ਨਹੀਂ ਵਿਸਾਰ ਸਕਿਆ।

8

ਰੋਜ਼ ਦੇ ਨਿਯਮ ਅਨੁਸਾਰ ਅਜ ਵੀ ਸਤਨਾਮ ਨੇ ਰੋਟੀਆਂ ਦੀ ਟੋਕਰੀ ਤੇ ਸਬਜ਼ੀ ਵਾਲੀ ਬਾਲਟੀ ਕਨ੍ਹਈਏ ਨੂੰ ਚੁਕਾਈ ਤੇ ਦਿਨ ਚੜ੍ਹਦੇ ਹੀ ਗੁਰੂ ਰਾਮਦਾਸ ਦੀ ਸਰਾਂ ਵਲ ਟੁਰ ਪਿਆ। ਕਲ੍ਹ ਸ਼ਾਮ ਹੀ ਗਡੀਓਂ ਜਿਹੜੇ ਸ਼ਰਨਾਰਥੀ ਉਤਰੇ ਸਨ, ਉਨ੍ਹਾਂ ਦੀ ਗਿਣਤੀ ਪਿਛਲੇ ਦਿਨਾਂ ਨਾਲੋਂ ਬਹੁਤ ਜ਼ਿਆਦਾ ਸੀ। ਇਸ ਲਈ ਅਜ ਉਸ ਨੇ ਵਰਤਾਉਣ ਵਾਲੀਆਂ ਚੀਜ਼ਾਂ ਅਗੇ ਨਾਲੋਂ ਦੂਣੀਆਂ ਦੇ ਲਗ ਪਗ ਤਿਆਰ ਕਰਵਾਈਆਂ ਸਨ।

ਸਰਾਂ ਵਿਚ ਜਾ ਕੇ ਉਸ ਨੇ ਇਕ ਸਿਰੇ ਤੋਂ ਵਰਤਾਣਾ ਸ਼ੁਰੂ ਕਰ ਦਿਤਾ। ਲੋੜਵੰਦਾਂ ਦੀ ਭੀੜ ਅਗੇ ਨਾਲੋਂ ਦੂਣੀ ਦੇ ਲਗ ਪਗ ਸੀ। ਥਾਂ ਥਾਂ ਨਵੇਂ ਆਏ ਟੱਬਰਾਂ ਦੀਆਂ ਟੋਲੀਆਂ, ਆਪਣੇ ਉਦਾਸ ਮੂੰਹ ਲਈ ਬੈਠੀਆਂ ਸਨ, ਜਿਨ੍ਹਾਂ ਦੇ ਲਾਗੇ ਹੀ ਥੇਗੀਆਂ ਤੱਪੜਾਂ ਵਿਚ ਸੀਉਤੇ ਹੋਏ ਭਾਰੇ ਭਾਰੇ ਬੰਡਲ, ਗੰਢੜੀਆਂ ਤੇ ਟਰੰਕਾਂ ਦੇ ਅੰਬਾਰ ਲਗੇ ਹੋਏ ਸਨ।

ਰਿਫ਼ਿਊਜੀਆਂ ਨਾਲੋਂ ਕਈ ਹਿਸੇ ਬਹੁਤੀ ਭੀੜ ਸੀ ਦਰਸ਼ਕਾਂ ਦੀ, ਜਿਹੜੇ ਹਰ ਨਵੇਂ ਆਏ ਕੁਨਬੇ ਦੇ ਆਦਮੀਆਂ ਤੀਵੀਆਂ ਪਾਸੋਂ ਹਮਦਰਦੀ ਤੇ ਅਫ਼ਸੋਸ ਭਰੇ ਲਹਿਜੇ ਵਿਚ ਉਨ੍ਹਾਂ ਦੀ ਹਿਜਰਤ ਦੇ ਸਬੰਧ ਪੁਛ ਰਹੇ ਸਨ। ਜਵਾਬ ਵਿਚ ਜੋ ਕੁਝ ਉਨ੍ਹਾਂ ਨੂੰ ਸੁਣਾਇਆ ਜਾ ਰਿਹਾ ਸੀ, ਇਹ ਨਿਸਚੇ ਹੀ ਪੱਥਰਾਂ ਨੂੰ ਪੰਘਾਰਨ ਵਾਲਾ ਸੀ। ਕਈ ਥਾਈਂ ਸੁਣਾਨ ਵਾਲਿਆਂ ਦੇ ਵੀ ਤੇ ਸੁਣਨ ਵਾਲਿਆਂ ਦੇ ਵੀ ਅੱਥਰੂ ਵਹਿ ਰਹੇ ਸਨ। ਹਰ ਇਕ ਦੀ ਹੱਡ ਬੀਤੀ ਇਕ ਦੂਜੇ ਤੋਂ ਵਧ ਦਿਲ-ਚੀਰਵੀਂ ਸੀ।

ਸਤਨਾਮ ਵਾਂਗ ਹੋਰ ਵੀ ਕਈ ਦਾਨੀ ਆਪੋ ਆਪਣੀਆਂ ਲਿਆਂਦੀਆਂ ਹੋਈਆਂ ਚੀਜ਼ਾਂ ਵਰਤਾ ਰਹੇ ਸਨ। ਦਾਲ, ਸਬਜ਼ੀ, ਰੋਟੀ, ਚੌਲਾਂ ਤੋਂ ਛੁਟ ਕਈ ਲੋਕੀ, ਨਿਆਣਿਆਂ ਨੂੰ ਮਠਿਆਈ, ਮੁਰਮੁਰਾ ਤੇ ਹੋਰ ਇਹੋ ਜਿਹੀਆਂ ਬਾਲ-ਉਪਯੋਗੀ ਚੀਜ਼ਾਂ ਵੰਡ ਰਹੇ ਸਨ।

ਇਕ ਸਿਰਿਓਂ ਵਰਤਾਂਦਾ ਹੋਇਆ ਸਤਨਾਮ ਸਰਾਂ ਦੇ ਅਧੇ ਹਾਤੇ ਨੂੰ ਪਾਰ ਕਰ ਕੇ ਉਥੇ ਪੁਜਾ, ਜਿਥੇ ਵਰਾਂਡੇ ਦੀ ਇਕ ਨਿਵੇਕਲੀ ਨੁੱਕਰੇ ਦੋ ਸ਼ਰਨਾਰਥੀ ਬੈਠੇ ਉਸਨੂੰ ਦਿਖਾਈ ਦਿਤੇ — ਇਕ ਸੱਠਾਂ ਸਤ੍ਰਾਂ ਵਰ੍ਹਿਆਂ ਦਾ ਬ੍ਰਿਧ ਤੇ ਉਸ ਦੇ ਨਾਲ ਇਕ ਸਤਾਰਾਂ ਅਠਾਰਾਂ ਵਰ੍ਹਿਆਂ ਦੀ ਪਤਲੀ ਸੁਬਕ ਜਿਹੀ ਕੁੜੀ। ਇਨ੍ਹਾਂ ਕੋਲ ਕੋਈ ਬਹੁਤਾ ਅਸਬਾਬ ਨਹੀ ਸੀ — ਕੇਵਲ ਸਾਧਾਰਨ ਜਿਹੀਆਂ ਦੋ ਗੰਢੜੀਆਂ, ਜਿਨ੍ਹਾਂ ਵਿਚੋਂ ਇਕ ਉਤੇ ਉਹ ਕੁੜੀ ਬੈਠੀ ਸੀ ਤੇ ਦੂਜੀ ਨਾਲ ਬ੍ਰਿਧ ਨੇ ਢੋਹ ਲਾਈ ਹੋਈ ਸੀ, ਬਸ।

ਦੁਖ ਤੇ ਹਰਾਸ ਤੋਂ ਬਿਨਾਂ ਤਾਂ ਇਹਨਾਂ ਹਜ਼ਾਰਾਂ ਲੋਕਾਂ ਵਿਚ ਕੋਈ ਇਕ ਵੀ ਚਿਹਰਾ ਨਹੀ ਸੀ ਪਰ ਜੋ ਕੁਝ ਸਤਨਾਮ ਨੂੰ ਇਸ ਕੁੜੀ ਦੇ ਚਿਹਰੇ ਤੇ ਦਿਖਾਈ ਦਿਤਾ, ਇਹ ਇਸ ਤੋਂ ਪਹਿਲਾਂ ਉਸ ਦੀਆਂ ਅੱਖਾਂ ਨੇ ਕਿਤੇ ਨਹੀ ਸੀ ਤਕਿਆ। ਪਤਲੀ ਲਗਰ ਜਿਹੀ ਇਸ ਕੁੜੀ ਦੇ ਗੋਰੇ ਚਿਹਰੇ ਉਤੇ ਮੌਤ ਵਰਗੀ ਉਦਾਸੀ ਛਾਈ ਹੋਈ ਸੀ। ਉਸ ਦੀਆਂ ਮੋਟੀਆਂ ਨਿਰਮਲ ਅੱਖਾਂ ਦੇ ਕੋਣਿਆਂ, ਉਤੇ ਇਸ ਤਰ੍ਹਾਂ ਦੀ ਗਿੱਲ ਭਰੀ ਲਾਲੀ ਵਰਤਮਾਨ ਸੀ, ਜਿਹੋ ਜਿਹੀ ਬਹੁਤੇ ਅਨੀਂਦੇ ਕੱਟਣ ਜਾਂ ਬਹੁਤਾ ਰੋਂਦੇ ਰਹਿਣ ਤੋਂ ਬਾਅਦ ਹੋ ਜਾਇਆ ਕਰਦੀ ਹੈ। ਕੁੜੀ ਦੀ ਨਜ਼ਰ ਸਾਹਮਣੇ ਵਿਹੜੇ ਦੇ ਪੁਲਾੜ ਵਿਚ ਇਸ ਤਰ੍ਹਾਂ ਗਡੀ ਹੋਈ ਸੀ ਜਿਵੇਂ ਜੁਗਾਂ ਤੋਂ ਗੁਆਚੀ ਹੋਈ ਕਿਸੇ ਚੀਜ਼ ਨੂੰ ਲਭ ਰਹੀ ਹੋਵੇ।

ਕੁੜੀ ਦਾ ਬ੍ਰਿਧ ਸਾਥੀ— ਜਿਸ ਨੇ ਅੱਖਾਂ ਅਗੇ ਮੋਟੇ ਸ਼ੀਸ਼ਿਆਂ ਵਾਲੀ ਐਨਕ ਲਾਈ ਹੋਈ ਸੀ — ਗੰਢੜੀ ਨਾਲ ਪਿਠ ਜੋੜੀ — ਅੱਖਾਂ ਮੀਟੀ ਹੌਲੀ ਹੌਲੀ ਬੁਲ੍ਹ ਫਰਕ ਰਿਹਾ ਸੀ, ਜਿਸ ਦੀ ਧੀਮੀ ਆਵਾਜ਼ ਨੂੰ ਲਾਗੇ ਪਹੁੰਚ ਕੇ ਸਤਨਾਮ ਨੇ ਸੁਣਿਆ —

"ਰਖੇ ਰਖਣਹਾਰ ਆਪ ਉਬਾਰਿਅਨ।।"

ਉਹਨਾਂ ਦੋਹਾਂ ਦੇ ਸਾਹਮਣੇ ਪਹੁੰਚ ਕੇ ਸਤਨਾਮ ਨੇ ਹਥ ਵਾਲੀ ਬਾਲਟੀ ਭੁੰਜੇ ਟਿਕਾ ਦਿਤੀ ਜਿਸ ਨੂੰ ਵੇਖ ਕੇ ਕਹ੍ਹਈਏ ਨੇ ਵੀ ਕਦਮ ਰੋਕ ਲਏ।

ਸਤਨਾਮ ਦਾ ਖ਼ਿਆਲ ਸੀ ਕਿ ਹੋਰ ਲੋੜਵੰਦਾਂ ਵਾਂਗ ਇਹਨਾਂ ਦੋਹਾਂ ਵਿਚੋਂ ਵੀ ਕੋਈ ਇਕ ਆਪਣੇ ਆਪ ਹਥ ਵਧਾਏਗਾ, ਪਰ ਜਦ ਦੋਹਾਂ ਵਿਚੋਂ ਕਿਸੇ ਦਾ ਵੀ ਧਿਆਨ ਉਸ ਵਲ ਨਾ ਮੁੜਿਆ, ਤਾਂ ਉਸ ਨੇ ਆਪ ਹੀ ਕੁੜੀ ਵਲ ਤਕ ਕੇ ਅਵਾਜ਼ ਦਿਤੀ — "ਲੈ ਬੀਬੀ, ਪਰਸ਼ਾਦਾ"।

ਕੁੜੀ ਦੀ ਟਿਕੀ ਹੋਈ ਨਜ਼ਰ ਉਖੜੀ। ਬਾਬੇ ਦੀਆਂ ਅੱਖਾਂ ਵੀ ਖੁਲ੍ਹੀਆਂ। ਇਕ ਵਾਰੀ ਗਹੁ ਨਾਲ — ਜਿਕਣ ਕੋਈ ਗੂੜ੍ਹੀ ਨੀਂਦਰ ਤੋਂ ਜਾਗਿਆ ਹੋਵੇ — ਕੁੜੀ ਨੇ ਵਰਤਾਉਣ ਵਾਲੇ ਵਲ ਤਕਿਆ ਤੇ ਫਿਰ ਫੁਲਕੇ ਫੜਣ ਲਈ ਉਸ ਨੇ ਦੋਵੇਂ ਹਥ ਫੈਲਾ ਦਿਤੇ।

ਸਤਨਾਮ ਨੇ ਟੋਕਰੇ 'ਚੋਂ ਪੰਜਾਂ ਛੇਆਂ ਫੁਲਕਿਆਂ ਦੀ ਥਹੀ ਚੁਕੀ ਤੇ ਇਸ ਤੋਂ ਪਹਿਲਾਂ ਕਿ ਉਨ੍ਹਾਂ ਨੂੰ ਕੁੜੀ ਦੇ ਹਥਾਂ ਤੀਕ ਪਹੁੰਚਾਂਦਾ, ਕੋਲ ਬੈਠੇ ਬ੍ਰਿਧ ਨੇ ਆਪਣੀ ਉਭਰਵੀਆਂ ਨਾੜਾਂ ਭਰੀ — ਕੁਝ ਕੰਬਦੀ ਹੋਈ ਬਾਂਹ ਕੁੜੀ ਵਲ ਵਧਾਈ ਤੇ ਉਸ ਦੇ ਹਥ ਫੜ ਕੇ ਪਿਛਾਂਹ ਮੋੜ ਲਏ, ਪਰ ਮੂੰਹੋਂ ਕੁਝ ਨਹੀ ਕਿਹਾ — ਉਸ ਦੇ ਹੋਠਾਂ ਵਿਚੋਂ ਓਹੀ "ਰੱਖੇ ਰੱਖਣ ਹਾਰ..." ਤੁਕ ਦਾ ਉਚਾਰਨ ਜਾਰੀ ਸੀ।

"ਇਹ ਕੀ ਮਾਮਲਾ ਹੈ ?" ਦਿਲ ਵਿਚ ਸੋਚਦਿਆਂ ਉਸ ਨੇ ਬਾਬੇ ਵਲ ਡੂੰਘੇ ਧਿਆਨ ਨਾਲ ਤਕਿਆ। ਬ੍ਰਿਧ ਦੇ ਨਰੋਏ ਪਰ ਕਿਸੇ ਡੂੰਘੀ ਸੰਤਾਪ ਕਾਰਨ ਮੁਰਝਾਏ ਹੋਏ ਚਿਹਰੇ ਉਤੇ ਚਿੱਟੀ ਦੁਧ ਵਰਗੀ ਚਾਕਵੀ ਦਾਹੜੀ ਕਾਫੀ ਦਿਲ-ਭਾਉਂਟੀ ਮਲੂਮ ਹੁੰਦੀ ਸੀ। ਪਹਿਲਾਂ ਤਾਂ ਸਤਨਾਮ

ਨੇ ਉਸ ਨੂੰ ਸਿਖ ਖਿਆਲ ਕੀਤਾ ਸੀ, ਪਰ ਜਦ ਉਸ ਦੀ ਜ਼ਰਾ ਮੈਲੀ ਪੱਗ ਦੇ ਪਿਛੋਂ ਗਿੱਚੀ ਵਲੋਂ ਨਿਕਲੀਆਂ ਹੋਈਆਂ ਚਿਟੀਆਂ ਕੱਟੀਆਂ ਹੋਈਆਂ ਕੁਝ ਲਿਟਾਂ ਵਲ ਉਸ ਦਾ ਧਿਆਨ ਗਿਆ ਤਾਂ ਉਸ ਨੂੰ ਬਾਬੇ ਦੇ ਹਿੰਦੂ ਹੋਣ ਦਾ ਵਿਸ਼ਵਾਸ ਹੋ ਗਿਆ। ਕੱਟੇ ਹੋਏ ਵਾਲਾਂ ਤੋਂ ਛੁਟ ਉਸ ਦੀ ਲਾਂਗੜ ਵਾਲੀ ਧੋਤੀ ਵੀ ਇਸ ਗਲ ਦਾ ਸਬੂਤ ਸੀ। ਗਲ ਉਸ ਨੇ ਜਵਾਹਰ ਜਾਕਟ ਨਾਲ ਮਿਲਦੀ ਜੁਲਦੀ ਵਜਾ ਕਤਾ ਦੀ ਇਕ ਚਿਟੀਆਂ ਕਾਲੀਆਂ ਡਬੀਆਂ ਵਾਲੀ ਫਤੂਹੀ ਪਹਿਨੀ ਹੋਈ ਸੀ।

ਬਾਬੇ ਦਾ ਚਿਹਰਾ ਮੁਹਰਾ ਤੇ ਸਰੀਰ ਉਸ ਨੂੰ ਚੰਗਾ ਪ੍ਰਭਾਵਸ਼ਾਲੀ ਜਾਪਿਆ ਪਰ ਉਸ ਦੀ ਇਹ ਅਨੋਖੀ ਹਰਕਤ ਕਿ ਵਿਚਾਰੀ ਕੁੜੀ ਨੂੰ ਉਸ ਨੇ ਰੋਟੀ ਲੈਣ ਤੋਂ ਰੋਕ ਦਿਤਾ, ਸਤਨਾਮ ਪਾਸੋਂ ਸਹਾਰੀ ਨਾ ਗਈ। ਉਸ ਨੂੰ ਬਾਬੇ ਉਤੇ ਮਾੜਾ ਜਿਹਾ ਗੁੱਸਾ ਆਇਆ। ਕੁੜੀ ਦੇ ਨੀਲੱਤਣ ਮਾਇਲ ਹੋਠਾਂ ਅਤੇ ਉਸ ਦੇ ਰੁਲੇ ਖੁਲੇ ਰੰਗ ਢੰਗ ਤੋਂ ਸਤਨਾਮ ਨੂੰ, ਉਸ ਦੇ ਭੁਖੀ ਹੋਣ ਦਾ ਗੁਮਾਨ ਹੋ ਰਿਹਾ ਸੀ ਪਰ ਇਹ ਬਾਬਾ — ਇਸ ਨੇ ਕਿਉਂ ਨਹੀਂ ਉਸ ਵਿਚਾਰੀ ਨੂੰ ਰੋਟੀ ਲੈਣ ਦਿਤੀ।

ਕੁੜੀ ਨੇ ਜਦ ਹੱਥ ਪਿਛਾਂਹ ਹਟਾ ਲਏ ਤਾਂ ਸਤਨਾਮ ਆਪਣੇ ਆਪ ਵਿਚ ਕੁਝ ਪਚੀ ਜਿਹਾ ਹੋ ਗਿਆ। ਇਕ ਵਾਰੀ ਉਸ ਦਾ ਦਿਲ ਚਾਹਿਆ ਕਿ ਬਾਬੇ ਤੋਂ ਇਸ ਕਠੋਰਤਾ ਦਾ ਸਬੱਬ ਪੁਛੇ ਨਾਲੇ ਇਹਨਾਂ ਬੇ-ਸਰੋ-ਸਾਮਾਨ ਯਾਤਰੂਆਂ ਦਾ ਹੋਰ ਹਾਲ ਹਵਾਲ ਵੀ ਮਲੂਮ ਕਰੇ, ਜਿਵੇਂ ਉਹ ਕਈਆਂ ਪਾਸੋਂ ਰੋਜ਼ ਪੁਛਦਾ ਰਹਿੰਦਾ ਸੀ ਪਰ ਜੁਆਨ ਕੁੜੀ ਦੀ ਹੋਂਦ ਸੰਡ ਦਾ ਪਰਦਾ ਬਣ ਕੇ ਉਸ ਦੇ ਰਸਤੇ ਵਿਚ ਆ ਅਟਕੀ। ਉਹ ਚਾਹੁੰਦਾ ਹੋਇਆ ਵੀ ਕੁਝ ਪੁਛ ਨਾ ਸਕਿਆ — ਨਾ ਕੁੜੀ ਪਾਸੋਂ ਤੇ ਨਾ ਹੀ ਬ੍ਰਿਧ ਪਾਸੋਂ।

ਅਖ਼ੀਰ ਉਸ ਨੇ ਬਾਲਟੀ ਤੇ ਕਦਮ ਅਗਾਂਹ ਵਧਾਏ ਪਰ ਤੁਰਿਆ ਜਾਂਦਾ ਵੀ ਉਹ ਮਹਿਸੂਸ ਕਰ ਰਿਹਾ ਸੀ, ਜਿਵੇਂ ਕੋਈ ਚੀਜ਼ ਉਸ ਦੇ ਪੈਰਾਂ ਨੂੰ ਪਿਛਾਂਹ ਵਲ ਖਿਚ ਰਹੀ ਹੈ। ਉਹ ਬਰਾਬਰ ਸੋਚਦਾ ਜਾ ਰਿਹਾ ਸੀ — "ਵਿਚਾਰੇ ਦੋਵੇਂ ਜੀ — ਇਕ ਬੁਢੇਪੇ ਵਿਚ ਗ੍ਰਸਿਆ ਹੋਇਆ ਤੇ ਦੂਜੀ ਜਵਾਨੀ ਦੇ ਭਾਰ ਹੇਠ ਦਬੀ ਹੋਈ। ਕੀ ਇਹ ਦੋਵੇਂ ਹੀ ?... ...ਸ਼ਾਇਦ ਵਿਚਾਰਿਆਂ ਦੇ ਸਾਕ ਸੰਬੰਧੀ ਫ਼ਸਾਦ ਦੀ ਭੇਟਾ ਹੋ ਗਏ ਹੋਣ — ਕੋਈ ਵੀ ਆਸਰਾ ਪਰਨਾ ਬਾਕੀ ਨਾ ਰਿਹਾ ਹੋਵੇ ਬਦ-ਨਸੀਬਾਂ ਦਾ। ਫਿਰ ਇਹਨਾਂ ਕੋਲ ਕੋਈ ਸਾਮਾਨ ਨਹੀਂ, ਬਿਸਤਰਾ ਕੋਈ ਨਹੀ, ਨਾ ਕੋਈ ਭਾਂਡਾ ਟੀਂਡਾ। ਸਰਦੀ ਅਜੇ ਕਾਫੀ ਪੈਂਦੀ ਹੈ, ਕਿਸ ਤਰ੍ਹਾਂ ਗੁਜ਼ਰ ਹੁੰਦੀ ਹੋਵੇਗੀ ਇਹਨਾਂ ਦੀ ? ਕਿਤਨਾ ਕਠੋਰ ਹੈ ਮੇਰਾ ਦਿਲ। ਜੇ ਮੈਂ ਦੋ ਚਾਰ ਗੱਲਾਂ ਪੁਛ ਹੀ ਲੈਂਦਾ ਬਾਬੇ ਪਾਸੋਂ ਤਾਂ ਕੀ ਹਰਜ ਸੀ ਪਰ ਬੁਢਾ ਤਾਂ ਕੋਈ ਬੜਾ ਹੰਕਾਰੀ ਜਿਹਾ ਜਾਪਦਾ ਹੈ। ਹੈਂਕੜ ਤਾਂ ਵੇਖੋ ਕਿ ਵਿਚਾਰੀ ਨੂੰ ਰੋਟੀ ਦੀ ਗਰਾਹੀ ਵੀ ਨਹੀਂ ਸੂ ਲੈਣ ਦਿਤੀ — ਰਸੀ ਸੜ ਗਈ, ਪਰ ਵਟ ਨਾ ਗਿਆ।"

ਇਹਨਾਂ ਹੀ ਭਾਂਤੋਂ ਭਾਂਤੀ ਸੋਚਾਂ ਵਿਚ ਉਲਝਦਾ ਪਲਚਦਾ ਛੇਕੜ ਉਹ ਘਰ ਵਲ ਮੁੜਿਆ। ਉਸ ਦਾ ਖਿਆਲ ਸੀ ਕਿ ਘਰ ਜਾਂਦਿਆਂ ਉਹ ਇਸ ਗਲ ਨੂੰ ਭੁਲ ਭੁਲਾ ਜਾਏਗਾ ਪਰ ਇਹ ਨਹੀ ਹੋਇਆ। ਰਾਤੀਂ ਸੁਤਿਆਂ ਵੀ ਉਸ ਦੀਆਂ ਅੱਖਾਂ ਅਗੇ ਉਹਨਾਂ ਦੋਹਾਂ ਦੀ ਤਸਵੀਰ ਫਿਰਦੀ ਰਹੀ।

9

ਫ਼ਸਾਦ, ਪੰਜਾਬ ਤੋਂ ਬਾਹਰ, ਦੂਜਿਆਂ ਸੂਬਿਆਂ ਵਿਚ ਵੀ ਕਈ ਵਾਰੀ ਹੋ ਚੁਕਾ ਸੀ ਤੇ ਪੰਜਾਬ ਦੇ ਹੋਰ ਕਈਆਂ ਜ਼ਿਲ੍ਹਿਆਂ ਵਿਚ ਵੀ ਜਿਥੇ ਉਹ ਹਨ੍ਹੇਰੀ ਦੇ 'ਵਾ ਵਰੋਲੇ ਵਾਂਗ ਆਇਆ

ਤੇ ਚਲਾ ਗਿਆ ਪਰ ਇਹ ਅੰਮ੍ਰਿਤਸਰ, ਇਥੇ ਕਿਸੇ ਐਸੀ ਨਹਿਸ਼ ਘੜੀ ਇਸ ਦਾ ਕੁਲੱਛਣਾ ਪੈਖਾ ਪਿਆ ਕਿ ਹਟਣ ਦਾ ਨਾਂ ਹੀ ਨਹੀਂ ਸੀ ਲੈਂਦਾ। ਸਾਰਾ ਸ਼ਹਿਰ ਮਾਤਮ ਦੀ ਸਰਾਂ ਬਣਿਆ ਹੋਇਆ ਸੀ। ਵਪਾਰੀ ਤਬਕੇ ਦੇ ਕਾਰੋਬਾਰ ਤਬਾਹ ਹੋ ਰਹੇ ਸਨ ਤੇ ਹੇਠਲੀ ਸ਼ਰੇਣੀ ਦੇ ਲੋਕ — ਜਿਹੜੇ ਮਸੇ ਉਤਨਾ ਹੀ ਕਮਾਂਦੇ ਜਿੰਨਾ ਖਾ ਲਿਆ ਕਰਦੇ ਸਨ — ਅੰਦਰੀਂ ਬੈਠੇ ਨੱਕ ਜਾਨ ਆਏ ਹੋਏ ਸਨ। ਜਿਨ੍ਹਾਂ ਦੇ ਅੰਦਰੀਂ ਕੁਝ ਅਸਾਸਾ ਸੀ, ਉਹ ਤਾ ਭੋਰ ਭਾਰ ਕੇ ਕਿਸੇ ਤਰ੍ਹਾਂ ਦਿਨ ਕਟੀ ਕਰੀ ਜਾਂਦੇ, ਪਰ ਬਹੁਤੀ ਗਿਣਤੀ ਤਾ ਮਿਹਨਤੀ ਲੋਕਾਂ ਦੀ ਸੀ। ਕਿਸੇ ਪਾਸ ਜੇ ਕਾਠ ਖਫਣ ਲਈ ਚਾਰ ਛਿੱਲਾਂ ਜੁੜੀਆਂ ਹੋਈਆਂ ਸਨ ਤਾਂ ਉਹ ਮੁਢਲੇ ਦਿਨੀਂ ਹੀ ਖਤਮ ਹੋ ਗਈਆਂ। ਉਸ ਤੋਂ ਬਾਅਦ ਛਾਪ ਛਲੇ ਦੀ ਵਾਰੀ ਆਈ ਤੇ ਛੇਕੜ ਭਾਂਡੇ ਠਿਕਰ ਦੀ। ਹਰ ਇਕ ਦਾ ਖਿਆਲ ਸੀ ਕਿ ਚਹੁੰ ਦਿਨੀਂ, ਦਸੀਂ ਦਿਨੀਂ, ਆਖਰ ਤਾਂ ਇਹ ਫਸਾਦੀ ਵਬਾਅ ਸ਼ਹਿਰ ਦਾ ਖਹਿੜਾ ਛਡੇਗੀ ਪਰ ਉਨ੍ਹਾਂ ਦੀ ਉਮੀਦ ਪੂਰੀ ਨਹੀਂ ਹੋਈ — ਦਿਨ ਜਿਉਂ ਜਿਉਂ ਬੀਤਦੇ ਜਾਂਦੇ, ਫ਼ਸਾਦਾਂ ਦਾ ਭੂਤਨਾ ਸਗੋਂ ਭੂਹੇ ਹੋਈ ਜਾ ਰਿਹਾ ਸੀ। ਅਗਾਂ ਲਗਣ ਦੀਆਂ ਵਾਰਦਾਤਾਂ ਦਿਨੋ ਦਿਨ ਵਧ ਰਹੀਆਂ ਸਨ, ਇਨਸਾਨੀ ਖੂਨ — ਜਿਹੜਾ ਗਲੀਆਂ ਬਜ਼ਾਰਾਂ ਵਿਚ ਡੁਲ੍ਹਦਾ ਤੇ ਡੁਲ੍ਹ ਕੇ ਅਕਸਰ ਸੁਕ ਜਾਇਆ ਕਰਦਾ ਸੀ, ਹੁਣ ਚਿੱਕੜ ਦੇ ਰੂਪ ਵਿਚ ਬਦਲਣ ਲਗਾ ਤੇ ਇਨ੍ਹਾਂ ਸਭਨਾਂ ਦਾ ਫਲ ਰੂਪ ਸ਼ਹਿਰ ਉਤੇ ਕਰਫ਼ਿਊ ਦੀ ਤਲਵਾਰ ਹੋਰ ਵੀ ਤੇਜ਼ੀ ਨਾਲ ਚਲ ਰਹੀ ਸੀ। ਬੰਬਬਾਜ਼ੀ ਦਾ ਇਤਨਾ ਜ਼ੋਰ ਵਧ ਗਿਆ ਸੀ ਕਿ ਸ਼ਬੇ ਬਰਾਤ ਤੇ ਲੋਹੜੀ ਦੇ ਪਟਾਕਿਆਂ ਵਾਂਗ ਗਲੀਆਂ ਬਜ਼ਾਰਾਂ ਵਿਚ ਇਨ੍ਹਾਂ ਦੀ ਵਰਤੋਂ ਕੀਤੀ ਜਾ ਰਹੀ ਸੀ। ਰਾਤਾਂ ਦਾ ਬਹੁਤਾ ਹਿਸਾ ਲੋਕੀ ਕੋਠਿਆਂ ਤੇ ਫਿਰਦਿਆਂ ਹੀ ਗੁਜ਼ਾਰਦੇ ਸਨ ਤੇ ਸਾਰੀ ਰਾਤ ਇਹੋ ਤਿੰਨ ਤਰ੍ਹਾਂ ਦੀਆਂ ਆਵਾਜ਼ਾਂ ਸੁਣਾਈ ਦੇਂਦੀਆ ਰਹਿੰਦੀਆਂ ਸਨ — ਬੰਬਾਂ ਦੀਆਂ, ਗੋਲੀਆਂ ਦੀਆਂ ਤੇ ਜਾਂ 'ਅਹੁ ਹੋਰ ਅੱਗ ਲਗ ਗਈ" ਦੀਆਂ। ਇਕ ਚੌਥੀ ਤਰ੍ਹਾਂ ਦੀ ਅਵਾਜ਼ ਵੀ ਮੁਢਲੇ ਦਿਨੀਂ ਜ਼ੋਰਾਂ ਤੇ ਰਹੀ ਸੀ ਪਰ ਮਗਰੋਂ ਕਾਨੂੰਨ ਨੇ ਇਹ ਬੰਦ ਕਰਾ ਦਿਤੀ ਸੀ — ਨਾਹਰਿਆਂ ਦੀ।

ਮਨੁਖ ਦੀ ਜ਼ਿੰਦਗੀ ਵਿਚ ਤੇ ਮਨੁਖ ਦੀ ਇਸ ਵਿਸ਼ਾਲ ਦੁਨੀਆਂ ਵਿਚ ਕੁਝ ਵੀ ਅਸੰਭਵ ਨਹੀਂ। ਜਿਸ ਗਲ ਨੂੰ ਅਸੀ ਅਨਹੋਣੀ ਤੋਂ ਅਨਹੋਣੀ ਖਿਆਲ ਕਰਦੇ ਹਾਂ ਉਹ ਵੀ ਕਦੀ ਹੋਂਦ ਵਿਚ ਆ ਜਾਂਦੀ ਹੈ ਪਰ ਕੁਝ ਗਲਾਂ ਸਾਡੀ ਜ਼ਿੰਦਗੀ ਅਥਵਾ ਸਾਡੀ ਦੁਨੀਆਂ ਵਿਚ ਐਸੀਆਂ ਵੀ ਆਣ ਵਾਪਰਦੀਆਂ ਹਨ, ਜਿਨ੍ਹਾਂ ਨੂੰ ਅਸੀਂ ਸੰਭਵਤਾ ਤੇ ਅਸੰਭਵਤਾ, ਦੋਹਾਂ ਸ਼੍ਰੇਣੀਆਂ ਵਿਚੋਂ ਕਿਸੇ ਇਕ ਵਿਚ ਵੀ ਰਖਣ ਦੀ ਹਿੰਮਤ ਨਹੀਂ ਕਰ ਸਕਦੇ — ਸਾਡੀ ਬੁਧ, ਸਮਝਣ ਤੋਂ ਹੀ ਅਸਮਰੱਥ ਹੁੰਦੀ ਹੈ ਕਿ ਇਹ ਗਲ ਸੰਭਵ ਹੈ ਕਿ ਅਸੰਭਵ।

ਇਹੋ ਜਿਹਾ ਹੀ ਇਕ ਚਮਤਕਾਰ ਸਾਨੂੰ ਇਹਨਾਂ ਦਿਨਾਂ ਵਿਚ ਨਜ਼ਰੀ ਆ ਰਿਹਾ ਸੀ।

ਇਹ ਸੀ ਮਨੁੱਖਤਾ ਦੇ ਦੋਹਾਂ ਪ੍ਰਸਪਰ ਵਿਰੋਧੀ ਗੁਣਾਂ ਦੀ ਤਸਵੀਰ — ਮਾਨਵਤਾ ਦੀ ਤੇ ਦਾਨਵਤਾ ਦੀ। ਇਹ ਦੋਵੇਂ ਗੁਣ ਇਹਨੀਂ ਦਿਨੀ ਆਪੋਂ ਆਪਣਾ ਵਿਖਾਲਾ ਕਰਦੇ ਹੋਏ ਇਸ ਤਰ੍ਹਾਂ ਨਾਲੋ ਨਾਲ ਚਲ ਰਹੇ ਸਨ ਜਿਵੇਂ ਸਕੇ ਭਰਾ ਹੁੰਦੇ ਹਨ। ਇਕ ਪਾਸੇ ਮਾਨਵਤਾ ਆਪਣਾ ਦੈਵੀ ਰੂਪ ਪ੍ਰਦਰਸ਼ਿਤ ਕਰ ਰਹੀ ਸੀ — ਵਤਨ-ਛੋੜਾਂ ਤੇ ਮੁਸੀਬਤ ਮਾਰਿਆਂ ਦੀ ਸਹਾਇਤਾ ਲਈ ਰੀਲੀਫ਼ ਕਮੇਟੀਆਂ ਰਾਹੀ ਪਬਲਿਕ ਲਖਾਂ ਰੁਪਏ ਖਰਚ ਕਰ ਰਹੀ ਸੀ, ਰੋਜ਼ਾਨਾ ਸੈਂਕੜੇ ਮਣਾਂ ਅਨਾਜ ਘਰਾਂ 'ਚੋਂ ਪਕ ਕੇ ਜਿਥੇ ਜਿਥੇ ਵੀ ਦੀਨਾਂ ਦਾ ਉਤਾਰਾ ਸੀ, ਪਹੁੰਚਾਏ ਜਾਂਦੇ, ਤੀਵੀਆਂ ਦੀਆਂ ਅਨੇਕਾ ਪਾਰਟੀਆਂ, ਗਲੀ ਗਲੀ ਫਿਰ ਕੇ ਭਾਂਡੇ, ਕਪੜੇ, ਬਿਸਤਰੇ ਤੇ ਹੋਰ ਉਹਨਾਂ ਦੀ ਲੋੜ ਦੀਆਂ ਚੀਜ਼ਾਂ ਉਗਰਾਹੁੰਦੀਆਂ ਫਿਰਦੀਆਂ ਸਨ, ਬੇ-ਘਰਿਆਂ ਨੂੰ ਆਸਰਾ ਦੇਣ ਲਈ ਸੈਂਕੜੇ ਲੋਕਾਂ ਨੇ ਆਪਣੇ ਮਕਾਨਾਂ ਦੇ ਅੱਧੇ ਅੱਧੇ ਹਿਸੇ ਖ਼ਾਲੀ ਕਰ ਦਿਤੇ ਸਨ ਤੇ ਹੋਰ ਇਤਨਾ ਕੁਝ ਕੀਤਾ ਜਾ ਰਿਹਾ ਸੀ ਜਿਸ ਦੀ ਮਨੁਖ ਪਾਸੋਂ ਨਹੀਂ ਕਿਸੇ ਦੇਵਤੇ ਪਾਸੋਂ ਹੀ ਉਮੀਦ ਕੀਤੀ ਜਾ ਸਕਦੀ ਹੈ। ਇਹ ਸੀ ਮਨੁਖਤਾ ਦੇ ਦੈਵੀ ਗੁਣਾਂ ਦੀ ਤਸਵੀਰ।

ਤਸਵੀਰ ਤੇ ਇਸ ਦੀ ਦਾਨਵੀ ਸ਼ਕਲ ? ਇਹ ਕਿਤਨੀ ਭਿਆਨਕ ਸੀ, ਜਿਸ ਨੂੰ ਵੇਖਣ ਵਾਲਿਆਂ ਦੀ ਤਾਂ ਜੋ ਹਾਲਤ ਹੁੰਦੀ ਹੋਵੇਗੀ ਸੋ ਹੁੰਦੀ ਹੋਵੇਗੀ, ਸੁਣਨ ਵਾਲਿਆਂ ਦੇ ਵੀ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ। ਜਿਵੇਂ ਆਖੀਏ, ਮਨੁਖਤਾ ਦਾ ਇਹ ਦਾਨਵੀ ਹਿਸਾ ਸਦੀਆਂ ਤੋਂ ਏਸੇ ਉਡੀਕ ਵਿਚ ਘਾਤ ਲਾਈ ਬੈਠਾ ਸੀ ਕਿ ਲੋਕਾਂ ਉਤੇ ਕੋਈ ਮੁਸੀਬਤ ਪਵੇ ਤੇ ਉਸ ਨੂੰ ਚੰਮ ਤੇ ਦੰਮ ਚਲਾਣ ਦਾ ਮੌਕਾ ਮਿਲੇ।

ਕਰਫ਼ਿਊ ਕਦੇ ਵੀਹਾਂ ਘੰਟਿਆਂ ਲਈ, ਕਦੇ ਚਵ੍ਹੀਆਂ ਘੰਟਿਆਂ ਲਈ ਤੇ ਕਦੀ ਕਦੀ ਬਹੱਤਰ ਘੰਟਿਆਂ ਲਈ ਵੀ ਲਗਾ ਰਹਿੰਦਾ ਸੀ। ਇਕ ਮੁਸੀਬਤ ਤਾਂ ਸ਼ਹਿਰੀਆਂ ਉਤੇ ਇਹ ਆ ਪਈ ਕਿ ਕੰਮ ਕਾਰ ਬੰਦ ਹੋ ਜਾਣ ਕਰ ਕੇ ਹਰ ਕਿਸੇ ਨੂੰ ਪੈਸੇ ਦੀ ਤੋਟ ਸੀ, ਉਤੇ ਦੂਜਾ ਕਹਿਰ ਨਾਜ਼ਲ ਕਰ ਦਿਤਾ ਮਨੁੱਖਤਾ ਦੀ ਸ਼ੈਤਾਨੀ ਜ਼ਿਹਨੀਅਤ ਨੇ, ਜਿਨ੍ਹਾਂ ਨੇ ਨਿਤ-ਲੋੜੀਂਦੀਆਂ — ਖ਼ਾਸ ਕਰ ਕੇ ਖਾਣ ਪੀਣ ਦੀਆਂ ਚੀਜ਼ਾਂ ਦੇ ਮੁੱਲ ਦੂਣਿਆਂ ਤੋਂ ਵੀ ਚੜ੍ਹਾ ਦਿਤੇ ਹੋਏ ਸਨ। ਘੰਟਾ ਦੋ ਘੰਟੇ, ਜਾਂ ਜਿੰਨੇ ਸਮੇਂ ਲਈ ਸਵੇਰ ਵੇਲੇ ਕਰਫ਼ਿਊ ਖੁਲ੍ਹਦਾ, ਅੰਨ੍ਹੇਵਾਹ ਦੌੜ ਪੈਂਦੇ ਲੋੜੀਂਦੀਆਂ ਚੀਜ਼ਾਂ ਖਰੀਦਣ ਲਈ। ਉਹਨਾਂ ਨੂੰ ਫ਼ਿਕਰ ਹੁੰਦਾ ਸੀ ਕਿ ਨਾ ਜਾਣੀਏ ਹੁਣੇ ਹੀ ਕਰਫ਼ਿਊ ਦਾ ਵਕਤ ਵਧਾ ਕੇ ਦੂਣਾ ਤੀਊਣਾ ਕਰ ਦਿਤਾ ਜਾਵੇ ਤੇ ਫਿਰ ਉਹਨਾਂ ਦੇ ਬਾਲ ਬਚੇ ਨੂੰ ਕਈ ਦਿਨਾਂ ਤੀਕ ਭੁਖਿਆਂ ਰਹਿਣਾ ਪਵੇ।

ਵੇਖਦਿਆਂ ਹੀ ਵੇਖਦਿਆਂ ਹਟਵਾਣੀਆਂ, ਸਬਜ਼ੀ ਫਰੋਸ਼ਾਂ ਤੇ ਦੁਧ ਫਰੋਸ਼ਾਂ ਦੀਆਂ ਦੁਕਾਨਾਂ ਅਗੇ ਹਜੂਮ ਜੁੜ ਜਾਂਦਾ। ਹਰ ਕੋਈ ਸਖਤ ਘਬਰਾਹਟ ਵਿਚ ਕਹੀ ਜਾਂਦਾ — "ਭਾਈਆ, ਪਹਿਲਾਂ ਮੈਨੂੰ...ਵੇ ਵੀਰਾ ਤੇਰੇ ਬਚੇ ਜੀਊਣ, ਇਕ ਪਾ ਦੁਧ, ਮੇਰੀ ਮੁੰਨੀ ਰਾਤ ਦੀ... ...ਲਾਲਾ ਜੀ ਮੈਨੂੰ ਘੰਟਾ ਹੋ ਗਿਆ ਜੇ ਖੜੋਤਿਆਂ... ...ਓ ਬਾਬਾ ਛੇਤੀ ਦੇਹ ਕਰਫ਼ਿਊ ਦਾ ਵਕਤ ਹੋ ਚਲਿਆ ਈ... ..." ਤੇ ਉਧਰ ਲਾਲੇ ਹੁਰਾਂ — ਭਾਈਏ ਜਾਂ ਬਾਬੇ ਨੂੰ ਧਨ-ਤਰੌਦਸੀ ਲਗ ਰਹੀ ਹੁੰਦੀ। ਨੋਟਾਂ ਤੇ ਰੇਜ਼ਗਾਰੀ ਦਾ ਮੀਂਹ ਪੈ ਰਿਹਾ ਹੁੰਦਾ। ਕਰਫ਼ਿਊ ਖੁਲ੍ਹਣ ਵੇਲੇ ਜਿਹੜੇ ਭੂਕਾਂ ਵਾਲੇ ਗੰਢੇ ਤਿੰਨ ਆਨੇ ਸੇਰ ਵਿਕ ਰਹੇ ਹੁੰਦੇ, ਬੰਦ ਹੋਣ ਤੋਂ ਪਹਿਲਾਂ ਪਹਿਲਾਂ ਉਹਨਾਂ ਦੀ ਕੀਮਤ ਅੱਠਾਂ ਆਨਿਆਂ ਤੇ ਜਾ ਪਹੁੰਚਦੀ। ਪਤਲਾ ਕੰਗੇ ਵਰਗਾ ਦੁਧ ਬਾਰ੍ਹੀਂ ਆਨੀਂ ਸੇਰ ਵਿਕ ਰਿਹਾ ਹੈ ਤੇ ਉਹ ਵੀ ਹਲਵਾਈ ਮਹਾਤਮਾ ਐਸੇ ਤਰੀਕੇ ਨਾਲ ਮਿਣਦਾ ਹੈ ਕਿ ਵਲਟੋਹੀ 'ਚੋਂ ਨਿਕਲ ਕੇ ਗੜਵੀ ਵਿਚ ਪਹੁੰਚਦਿਆਂ ਤੀਕ ਪਾ ਦਾ ਤਿੰਨ ਛਟਾਂਕਾਂ ਰਹਿ ਜਾਂਦਾ ਹੈ। ਖ਼ਰੀਦਾਰ ਵਿਚਾਰਾ ਏਨੇ ਵਿਚ ਹੀ ਸ਼ੁਕਰ ਕਰਦਾ ਹੈ ਕਿ ਚਲੋ ਮਿਲ ਤਾਂ ਗਿਆ। ਬਾਰ੍ਹੀਂ ਆਨੀਂ ਗੜਵੀ ਜਿਹੜਾ ਦੁਧ ਉਸ ਪਾਸ ਵੇਖਿਆ ਗਿਆ ਹੈ, ਜੇ ਉਸ ਵਿਚੋਂ ਕਿਸੇ ਢੰਗ ਨਾਲ ਪਾਣੀ— ਜਿਹੜਾ ਪਹਿਲਾਂ ਗੁੱਜਰ ਨੇ ਤੇ ਫਿਰ ਹਲਵਾਈ ਨੇ ਪਾਇਆ ਸੀ — ਕਢ ਦਿਤਾ ਜਾਵੇ, ਤੇ ਮਿਣਤੀ ਜਿਹੜੀ ਘਟ ਕੀਤੀ ਗਈ ਸੀ, ਉਸ ਦੀ ਵੀ ਕਾਟ ਕਟੀ ਜਾਵੇ, ਤਾਂ ਸਮਝ ਲਓ ਇਹ ਦੁਧ (ਖ਼ਾਲਸ ਦੁਧ ਦੀ ਹਾਲਤ ਵਿਚ) ਗਾਹਕ ਨੂੰ ਪੂਰੇ ਦੋ ਰੁਪਏ ਗੜਵੀ ਪਿਆ।

ਪਰ ਉਧਰ ਹਲਵਾਈ ਨੂੰ ਅਜੇ ਵੀ ਇਹ ਸੌਦਾ ਕਸਰਵੰਦਾ ਹੀ ਜਾਪਦਾ। ਉਹ ਬੜੀ ਢਿਲੀ ਢਿਲੀ ਚਾਲ ਨਾਲ ਦੁਧ ਮਿਣਦਾ ਤੇ ਪੈਸੇ ਲੈਣ ਦੇਣ ਵਿਚ ਵੀ ਦੂਣਾ ਵਕਤ ਕੇਵਲ ਇਸ ਲਈ ਲਾਈ ਜਾਂਦਾ ਕਿ ਛੇਤੀ ਤੋਂ ਛੇਤੀ ਕਰਫ਼ਿਊ ਦਾ ਸਮਾਂ ਖ਼ਤਮ ਹੋਵੇ ਤੇ ਛੇਕੜਲੇ ਗਾਹਕਾਂ ਪਾਸੋਂ ਉਹ ਬਾਰ੍ਹਾਂ ਆਨਿਆਂ ਦੇ ਥਾਂ ਰੁਪਿਆ ਗੜਵੀ ਦੇ ਹਿਸਾਬ ਵਸੂਲ ਕਰੇ।

ਬਜ਼ਾਰਾਂ ਵਿਚ ਸਬਜ਼ੀ ਦੇ ਢੇਰ ਲਗੇ ਹੋਏ ਹਨ — "ਵਤਾਊਂ ਛੇ ਆਨੇ ਸੇਰ, ਹਲਵਾ ਕੱਦੂ ਤਿੰਨ ਆਨੇ ਸੇਰ, ਭਿੰਡੀ ਤੋਰੀ ਅਠ ਆਨੇ ਸੇਰ... ..."ਹੋਕਾ ਛਾਬੇ ਵਾਲੇ ਦੇ ਮੂੰਹ ਵਿਚ ਹੀ ਹੁੰਦਾ ਕਿ ਢੰਡੋਰੇ ਵਾਲੀ ਮੋਟਰ ਦਾ ਲਾਊਡ ਸਪੀਕਰ ਸੁਣਾਈ ਦੇਂਦਾ "ਕਰਫ਼ਿਊ ਦੀ ਮਿਆਦ ਚਵ੍ਹੀ ਦੇ ਥਾਂ ਅਠਤਾਲੀ ਘੰਟਿਆਂ ਲਈ।"

ਉਧਰ ਕਰਫ਼ਿਊ ਦੀ ਮਿਆਦ ਦੂਣੀ ਹੋਈ ਤੇ ਇਸ ਦੇ ਨਾਲ ਹੀ ਸਬਜ਼ੀ [illegible] ਅੜੀ ਲਗੀ ਹੋਈ ਭੀੜ ਦੂਣੀ ਹੋ ਗਈ ਨਾਲ ਹੀ ਕੀਮਤਾਂ ਤੀਊਣੀਆਂ। ਬਾਬਾ! ਭਿੰਡੀ ਕੀ ਭਾਅ ? ਚਾਰ ਆਨੇ ਪਾ। ਤੇ ਹਲਵਾ ਕੱਦੂ ? ਤਿੰਨ ਆਨੇ ਪਾ।

ਇਸੇ ਤਰ੍ਹਾਂ ਜਦ ਸਾਬਣਸਾਜ਼ਾਂ ਨੇ ਗਾਹਕੀ ਦਾ ਜ਼ੋਰ ਵੇਖਿਆ, ਤਾਂ ਕਾਸਟਿਕ ਸੋਡੇ [illegible] ਕਲੀ ਚੂਨਾ, ਮਿੱਟੀ ਥਾਂ (ਅਤੇ ਆਟਾ ਵਰਤਿਆ ਜਾਂਦਾ ਸੀ) ਹੁਣ ਘੜੀਆਂ ਮਿੱਟੀ ਤੇ [illegible] ਜਾਂ ਕਰੂਡ ਆਇਲ ਦੀ ਮੈਲ ਵਰਤਣੀ ਸ਼ੁਰੂ ਕਰ ਦਿੱਤੀ ਤੇ ਭਾਅ ਸਾਢੇ ਆਨੇ [illegible] ਰੁਪਿਆ ਸੇਰ।

ਇਹੋ ਹਾਲਤ ਸੀ ਦੁਆਈ ਪੇਸ਼ਾ ਲੋਕਾਂ ਦੀ। ਮਜ਼ਦੂਰ ਨੂੰ ਜੇ ਕਿਹਾ ਜਾਵੇ ਕਿ [illegible] ਸੇਰ ਚੀਜ਼ ਚੁਕ ਲੈ ਤਾਂ ਉਹ ਆਪਣੇ ਜਾਣੀ ਚੌਂਟੇਲ ਰੇਟ ਦਾ ਦਰ ਸੁਣਾ ਦੇਂਦਾ — "[illegible] ਆਨੇ ਲੱਗਣਗੇ ਸਰਦਾਰ ਜੀ।"

ਰਿਕਸ਼ਿਆਂ ਵਾਲੇ ਤੇ ਟਾਂਗੇ ਵਾਲੇ ਹਰ ਵੇਲੇ ਇਸੇ ਤੱਕ ਵਿਚ ਰਹਿੰਦੇ ਕਿ ਕਿਤੇ ਕੋਈ [illegible] ਪਵੇ ਤੇ ਉਹਨਾਂ ਨੂੰ ਪੰਜੇ ਉਂਗਲਾਂ ਘਿਉ ਵਿਚ ਡੋਬਣੀਆਂ ਨਸੀਬ ਹੋਣ। ਕਈ [illegible] ਉਤਰੇ ਹੋਏ ਮੁਸਾਫ਼ਰਾਂ ਨੂੰ ਪੰਜ ਪੰਜ ਰੁਪਏ ਸਵਾਰੀ ਦੇ ਹਿਸਾਬ ਦੇ ਕੇ ਸ਼ਹਿਰ ਤੀਕ ਪਹੁੰਚਣਾ ਨਸੀਬ ਹੁੰਦਾ।

ਹੋਰ ਤਾਂ ਹੋਰ, ਵਿਚਾਰੇ ਮੁਸੀਬਤ ਦੇ ਮਾਰੇ ਹੋਏ ਵਤਨ-ਛੋੜ ਜਦ ਰੇਲ ਤੋਂ ਉਤਰਦੇ, ਤਾਂ ਮਜ਼ਦੂਰ ਲੋਹੇ ਦੇ ਥੰਮ੍ਹ ਬਣ ਜਾਂਦੇ। ਇਕ ਇਕ ਨਗ ਦਾ ਰੁਪਿਆ ਰੁਪਿਆ ਲੈ ਕੇ [illegible] ਤਕ ਪੁਚਾਣ ਦਾ ਨਾਂ ਲੈਂਦੇ ਸਨ।

ਇਹ ਲੁਟਖਸੁਟ ਆਮ ਲੋਕਾਂ ਵਿਚ ਹੀ ਸੀਮਿਤ ਰਹੀ ਹੋਵੇ, ਇਹੋ ਨਹੀਂ। ਸਗੋਂ ਇਸ ਦਾ ਅਸਰ ਸਰਕਾਰੀ ਮਹਿਕਮਿਆਂ ਵਿਚ ਵੀ ਜਾ ਪਹੁੰਚਿਆ। ਰੇਲਵੇ ਬੁਕਿੰਗ ਕਲਰਕ ਤੇ [illegible] ਦੇ ਚਪੜਾਸੀ ਤੋਂ ਲੈ ਕੇ ਡਾਕਖ਼ਾਨੇ ਦੇ ਕਰਮਚਾਰੀਆਂ ਤੀਕ ਜਿਧਰ ਵੇਖੋ, ਬਸ 'ਟਕਾ ਧਰਮੀ ਟਕਾ ਧਰਮੇਂ' ਦਾ ਜਾਪ ਜਪਿਆ ਜਾ ਰਿਹਾ ਹੈ। ਅਗੇ ਰਿਸ਼ਵਤਖ਼ੋਰੀ ਦਾ ਕੰਮ ਕੁਝ ਪਰਦੇ ਨਾਲ ਕੀਤਾ ਜਾਇਆ ਕਰਦਾ ਸੀ ਪਰ ਇਨ੍ਹਾਂ ਦਿਨਾਂ ਵਿਚ ਕਿਸ ਤੋਂ ਪਰਦਾ ਤੇ ਕਿਸ ਦਾ ਡਰ। ਸਭ ਦਾ ਆਪਣਾ ਰਾਜ ਸੀ। ਜਿਥੋਂ ਤਕ ਕਿਆਸ ਕੰਮ ਕਰਦਾ ਹੈ ਇਸ ਦੀ ਬਹੁਤੀ ਸ਼ਹਿ [illegible] ਨੂੰ ਮਿਲਦੀ ਸੀ ਪੁਲਸੀਆਂ ਪਾਸੋਂ ਜਿਹੜੇ ਨਾਂ ਨੂੰ ਤਾਂ ਸ਼ਹਿਰ ਦਾ ਅਮਨ ਬਹਾਲ ਕਰਨ ਲਈ ਰੁਝੇ ਫਿਰਦੇ ਸਨ ਪਰ ਅਸਲ ਗਲ ਇਹ ਸੀ ਕਿ ਸ਼ਹਿਰ ਵਿਚ ਇਹਨੀ ਦਿਨੀ ਜਿਤਨੀਆਂ ਵੀ ਵਾਰਦਾਤਾਂ ਹੋ ਰਹੀਆਂ ਸਨ, ਔਸੀ ਫ਼ੀ ਸਦੀ ਪੁਲਸ-ਕਰਮਚਾਰੀਆਂ ਦੀ ਸ਼ਹਿ ਤੇ ਰਿਸ਼ਵਤਖ਼ੋਰੀ ਦੀ ਮਦਦ ਨਾਲ। ਜਦ ਅਮਨ ਦੇ ਰਾਖਿਆਂ ਦੀ ਇਹ ਹਾਲਤ ਸੀ ਤਾਂ ਦੂਸਰੇ ਮਹਿਕਮਿਆਂ ਨੂੰ ਕਿਸ ਦਾ ਡਰ।

ਮਨੁੱਖਤਾ ਦੀ ਇਹ ਹੈਵਾਨੀ ਤਸਵੀਰ ਏਨੇ ਵਿਚ ਹੀ ਮੁਕੰਮਲ ਨਹੀਂ ਸੀ ਹੋ ਗਈ, ਇਸ ਤੋਂ ਵੀ ਬਹੁਤ ਅਗੇ — ਬਹੁਤ ਦੂਰ ਜਾ ਪਹੁੰਚੀ ਸੀ। ਵਤਨ ਛੋੜਾਂ ਦੇ ਨਾਲ ਉਨ੍ਹਾਂ ਦੇ ਪਰਵਾਰ ਵੀ ਸਨ ਤੇ ਉਨ੍ਹਾਂ ਪਰਵਾਰਾਂ ਵਿਚ ਜਵਾਨ ਜਹਾਨ ਕੁੜੀਆਂ ਵੀ, ਜਿਨ੍ਹਾਂ ਨੂੰ ਵੇਖ ਵੇਖ ਕੇ ਅਨੇਕ ਹਿਰਸੀਆਂ ਦੇ ਮੂੰਹ ਵਿਚ ਪਾਣੀ ਭਰ ਆਉਂਦਾ। ਵਿਚਾਰੇ ਪਰੇਸ਼ਾਨ ਹਾਲ ਪਨਾਹਗੀਰ, ਜਿਨ੍ਹਾਂ ਨੂੰ ਆਪੋ ਆਪਣੀਆਂ ਜਾਨਾਂ ਦੀ ਬਣੀ ਹੋਈ ਸੀ, ਅਜਿਹੇ ਲੋਕ ਤਰ੍ਹਾਂ ਤਰ੍ਹਾਂ ਦੇ ਲੋਭ ਲਾਲਚ ਦੇ ਕੇ — ਆਪਣੇ ਵਡਪਣੇ ਤੇ ਅਮੀਰੀ ਦੇ ਸਬਜ਼ ਬਾਗ਼ ਦਿਖਾ ਦਿਖਾ ਕੇ ਉਨ੍ਹਾਂ ਪਾਸੋਂ ਕੁੜੀਆਂ ਲੈਣ ਦੇ ਆਹਰੇ ਜੁਟੇ ਹੋਏ ਸਨ। ਮਨੁੱਖਤਾ ਦੀ ਇਸ ਤੋਂ ਸ਼ਰਮਨਾਕ ਤਸਵੀਰ ਕਦੀ ਘਟ ਹੀ ਕਿਸੇ ਦੇ ਵੇਖਣ ਵਿਚ ਆਈ ਹੋਵੇਗੀ।

ਡੂੰਘੇ ਧਿਆਨ ਤੇ ਘੋਖ ਨਾਲ ਸਤਨਾਮ ਮਨੁੱਖੀ ਤਸਵੀਰ ਦੇ ਇਨ੍ਹਾਂ ਦੋਹਾਂ ਪਾਸਿਆਂ ਨੂੰ

ਫ਼ਰਦਾ ਤੇ ਵੇਖ ਵੇਖ ਕੇ ਅਨੁਭਵਤਾ ਕੀਆਂ ਸਿਰ ਡੰਘ ਗਹਿਰਾਈਆਂ ਵਿਚ ਡੁਬਦਾ ਜਾਂਦਾ। ਬਜ਼ਾਰਾਂ 'ਚੋਂ ਲੰਘਦਾ ਹੋਇਆ ਉਹ ਰੋਜ਼ ਹੀ ਕੋਈ ਨਾ ਕੋਈ ਨਵਾਂ ਪੋਸਟਰ ਕੰਧਾਂ ਨਾਲ ਲਗਾ ਹੋਇਆ ਪੜ੍ਹਦਾ। ਇਹ ਆਮ ਤੌਰ ਤੇ ਸ਼ਹਿਰ ਦੀਆਂ ਅਮਨ ਕਮੇਟੀਆਂ ਵਲੋਂ ਹੁੰਦੇ ਸਨ, ਜਿਨ੍ਹਾਂ ਵਿਚ ਮੋਟੇ ਮੋਟੇ ਅੱਖਰਾਂ ਵਿਚ ਛਪੀਆਂ ਹੋਈਆਂ ਇਹੋ ਜਿਹੀਆਂ ਸਤਰਾਂ ਉਹ ਬੜੇ ਧਿਆਨ ਨਾਲ ਪੜ੍ਹਦਾ — "ਅੰਮ੍ਰਿਤਸਰ ਦੇ ਸ਼ਹਿਰੀਓ ! ਖ਼ੁਦਾ ਦੇ ਨਾਮ ਪਰ, ਇਨਸਾਨੀਅਤ ਦੇ ਨਾਮ ਪਰ ਏ ਖ਼ੂਨ ਖ਼ਰਾਬਾ ਬੰਦ ਕਰੋ... ਕੌਮ ਸਭ ਭਾਈ ਭਾਈ ਹੈਂ... ਹਿੰਦੂ-ਮੁਸਲਮਾਨ ਕੇ ਬੋਲੇ...." ਤੇ ਇਨ੍ਹਾਂ ਵਡੇ ਇਸ਼ਤਿਹਾਰਾਂ ਦੇ ਨਾਲ ਨਾਲ ਹੀ ਕਦੀ ਕਦੀ ਕੁਝ ਛੋਟੇ ਇਸ਼ਤਿਹਾਰ ਵੀ ਉਸ ਨੂੰ ਲਗੇ ਹੋਏ ਦਿਖਾਈ ਦੇਂਦੇ। ਇਹ ਵਖ ਵਖ ਫ਼ਿਰਕੂ ਅੰਜੁਮਨਾਂ ਵਲੋਂ ਹੁੰਦੇ ਸਨ, ਜਿਨ੍ਹਾਂ ਦਾ ਮਜ਼ਮੂਨ ਦਾ ਲਬੋਲਬਾਬ ਹੁੰਦਾ — ਦੂਜੇ ਫ਼ਿਰਕੇ ਦਾ ਬਾਈਕਾਟ ਕਰੋ।

ਸਤਨਾਮ ਨੂੰ ਜਿਸ ਗਲ ਦੀ ਸਭ ਤੋਂ ਵਧੀਕ ਹੈਰਾਨੀ ਹੋ ਰਹੀ ਸੀ ਉਹ ਇਹ ਸੀ ਕਿ ਵਡੇ ਵਡੇ ਪੋਸਟਰਾਂ ਦਾ ਅਸਰ ਤਾਂ ਬਿਲਕੁਲ ਉਲਟ ਹੋ ਰਿਹਾ ਸੀ — ਛੁਰੇ ਮਾਰੀਆਂ ਤੇ ਅੱਗਾਂ ਲਾਣ ਦੀਆਂ ਵਾਰਦਾਤਾਂ ਦਿਨੋ ਦਿਨ ਸਗੋਂ ਤਰੱਕੀ ਕਰੀ ਜਾਂਦੀਆਂ ਸਨ, ਪਰ ਉਨ੍ਹਾਂ ਨਿੱਕੇ ਨਿੱਕੇ ਇਸ਼ਤਿਹਾਰਾਂ ਦਾ ਅਸਰ ਲੋਕਾਂ ਉਤੇ ਇਸ ਤਰ੍ਹਾਂ ਤੜਫ਼ਟ ਹੁੰਦਾ ਕਿ ਦਿਨਾਂ ਵਿਚ ਹੀ ਇਹ 'ਬਾਈਕਾਟ' ਦੀ ਲਹਿਰ ਏਕੱਲੀ ਪੂਰੀ ਤਰ੍ਹਾਂ ਕਾਮਯਾਬੀ ਦੀ ਸਿਖਰ ਤੇ ਜਾ ਪਹੁੰਚੀ। ਇਕ ਫ਼ਿਰਕੇ ਵਾਲਿਆਂ ਦਾ ਦੂਜੇ ਫ਼ਿਰਕੇ ਵਾਲਿਆਂ ਨਾਲ ਕੋਈ ਕਿਸੇ ਕਿਸਮ ਦਾ ਸਰੋਕਾਰ ਨਹੀਂ ਸੀ ਰਿਹਾ। ਕੋਈ ਵੀ ਆਦਮੀ ਦੂਜੇ ਫ਼ਿਰਕੇ ਵਾਲੇ ਦੇ ਟਾਂਗੇ ਵਿਚ ਬੈਠਣ, ਪੈਂਡ ਕੁਚਾਣ, ਸੌਦਾ ਲੈਣ ਜਾਂ ਹੋਰ ਕਿਸੇ ਤਰ੍ਹਾਂ ਦੀ ਵੀ ਸਾਂਝ ਰਖਣ ਨੂੰ ਆਪਣੇ ਲਈ ਪਾਪ ਸਮਝਣ ਲਗ ਪਿਆ ਸੀ। ਇਹ 'ਬਾਈਕਾਟ' ਦੀ ਇਹ ਵਬਾਅ ਵਧਦੀ ਵਧਦੀ ਅਖ਼ੀਰ 'ਕਟ ਵਢ' ਤੀਕ ਜਾ ਪਹੁੰਚੀ। ਇਕ ਫ਼ਿਰਕੇ ਦਾ ਕੋਈ ਆਦਮੀ ਹੀ ਜੇ ਭੁਲੇ ਚੁਕੇ ਵੀ ਦੂਜੇ ਫ਼ਿਰਕੇ ਦੇ ਇਲਾਕੇ ਵਿਚ ਜਾ ਵੜਦਾ ਤਾਂ ਇਸ ਦਾ ਨਤੀਜਾ ਹੁੰਦਾ ਕਿ ਜਾਂ ਤਾਂ ਉਸ ਦੀ ਲਾਸ਼ ਸਰਕਾਰੀ ਹਸਪਤਾਲ ਵਿਚ ਪਈ ਹੁੰਦੀ ਤੇ ਜਾਂ ਕੌਂਟੜ ਦੀ ਹਵਾਲਾਤ ਵਿਚ ਕਿਸੇ ਚੌਰਾਹੇ ਵਿਚ। ਲਾਸ਼ਾਂ ਹਰ ਰੋਜ਼ ਦੀਆਂ ਲਭ ਪੈਂਦੀਆਂ ਹੋਣ, ਇਹ ਵੀ ਅਨਹੋਣੀ ਗਲ ਬਣ ਗਈ ਸੀ, ਜਦ ਕਿ ਕਾਤਲ, ਕਾਨੂੰਨ ਦੀ ਮਾਰ ਤੋਂ ਬਚਣ ਲਈ ਹਰ ਹੀਲੇ ਉਸ ਦਾ ਖੁਰਾ ਖੋਜ ਮਿਟਾ ਛਡਦੇ। ਹਕੂਮਤ ਵਲੋਂ ਭਾਵੇਂ ਏਨ੍ਹੀਂ ਦਿਨੀਂ ਕਿਸੇ ਵੀ ਕਿਸਮ ਦਾ ਹਥਿਆਰ ਜਾਂ ਡਾਂਗ ਸੋਟੀ ਲੈ ਕੇ ਤੁਰਨ ਦੀ ਮਨਾਹੀ ਕਰ ਦਿੱਤੀ ਗਈ ਸੀ, ਪਰ ਇਸ ਦੇ ਬਾਵਜੂਦ ਸਭ ਕੁਝ ਓਵੇਂ ਕਿਵੇਂ ਹੋਈ ਜਾ ਰਿਹਾ ਸੀ।

"ਕਿਥੇ ਕੁ ਜਾ ਕੇ ਇਸ ਖ਼ੂਨ-ਨਾਟਕ ਦਾ ਅੰਤ ਹੋਵੇਗਾ ?" ਬੜੀ ਬੇ-ਅਰਾਮੀ ਤੇ ਬੇ-ਸਬਰੀ ਨਾਲ ਸਤਨਾਮ ਦਿਨੇ ਰਾਤ ਏਸੇ ਗਲ ਨੂੰ ਸੋਚਦਾ ਰਹਿੰਦਾ। ਉਸ ਦੀ ਭੁਖ ਤੇ ਨੀਂਦਰ ਲਗ ਪਗ ਜਾਂਦੀ ਰਹੀ। ਸਾਰੀ ਸਾਰੀ ਰਾਤ ਉਹ ਉਸਲਵੱਟਿਆਂ ਵਿਚ ਹੀ ਬਿਤਾ ਦੇਂਦਾ।

10

ਤੂਫ਼ਾਨ ਜਦ ਆਉਂਦਾ ਹੈ ਤਾਂ ਉਹ ਇਹ ਨਹੀਂ ਵੇਖਦਾ ਕਿ ਵਡਾ ਦਰੱਖਤ ਕਿਹੜਾ ਹੈ ਛੋਟਾ ਕਿਹੜਾ, ਅਥਵਾ ਸੁੱਕਾ ਕਿਹੜਾ ਹੈ ਤੇ ਗਿੱਲਾ ਕਿਹੜਾ। ਉਸ ਦਾ ਤਾਂ ਕੰਮ ਹੈ ਡੇਗਣਾ, ਰੋਲਣਾ, ਉਡਾਣਾ ਤੇ ਮਲੀਆਮੇਟ ਕਰਨਾ।

ਅੰਮ੍ਰਿਤਸਰ ਉਤੇ ਇਹ ਜਿਹੜਾ ਫ਼ਸਾਦਾਂ ਦਾ ਤੂਫ਼ਾਨ ਝੁੱਲ ਰਿਹਾ ਸੀ, ਇਸ ਦੀ ਮਾਰ ਪਾਸੋਂ ਤਾਂ ਬਥੇਰੇ ਲੋਕੀ ਬਚ ਗਏ ਹੋਣਗੇ, ਪਰ ਇਸ ਦੇ ਅਸਰਾਂ ਪਾਸੋਂ ? ਇਸ ਸਵਾਲ ਦਾ ਜਵਾਬ ਜ਼ਰਾ ਔਖਾ ਹੈ। ਇਤਿਹਾਦ ਤੇ ਮਿਲੱਤ ਦੇ ਬੜੇ ਬੜੇ ਦਾਹਵੇਦਾਰ ਇਹਨਾਂ ਦਿਨਾਂ ਵਿਚ ਇਸ ਤਰ੍ਹਾਂ ਫ਼ਿਰਕੂ ਰੰਗ ਵਿਚ ਰੰਗੇ ਜਾ ਚੁਕੇ ਸਨ ਕਿ ਉਹਨਾਂ ਦੀਆਂ ਮੌਜੂਦਾ ਸਰਗਰਮੀਆਂ ਵੇਖ

ਕੇ ਯਕੀਨ ਹੀ ਨਹੀਂ ਸੀ ਕੀਤਾ ਜਾ ਸਕਦਾ ਕਿ ਕਦੀ ਇਹ ਮਿੱਤਰੀ ਦੇ ਅਸੂਲ ਨੂੰ ਅਪਣਾ ਚੁਕੇ ਸਨ। ਹੋਰ ਤਾਂ ਹੋਰ, ਅਜ਼ਾਦ ਹਿੰਦ ਫ਼ੌਜ ਦੇ ਸਰਫ਼ਰੋਸ਼ ਨੌਜਵਾਨ, ਜਿਨ੍ਹਾਂ ਨੇ ਸੁਭਾਸ਼ ਦੀ ਕਮਾਨ ਹੇਠ ਰਹਿ ਕੇ ਗੁਰਮੰਤਰ ਹੀ ਦੇਸ਼-ਭਗਤੀ ਤੇ ਇਤਿਹਾਦ ਦਾ ਲਿਆ ਹੋਇਆ ਸੀ, ਅਜ ਆਪੋ ਆਪਣੇ ਫ਼ਿਰਕਿਆਂ ਦੇ ਸਭ ਤੋਂ ਵਡੇ ਲੀਡਰ ਬਣ ਕੇ ਗ਼ੈਰ ਮਜ਼ਹਬ ਦੇ ਲੋਕਾਂ ਲਈ ਮੌਤ ਦਾ ਪੈਗ਼ਾਮ ਵੰਡ ਰਹੇ ਸਨ।

ਸਤਨਾਮ ਦੇ ਦਿਲ ਨੂੰ ਜਿਹੜਾ ਸਭ ਤੋਂ ਬਹੁਤਾ ਸਦਮਾ ਪਹੁੰਚਿਆ, ਉਹ ਆਜ਼ਾਦ ਹਿੰਦ ਫ਼ੌਜ ਦੇ ਰੀਟਾਇਰਡ ਸਿਪਾਹੀਆਂ ਤੇ ਅਫ਼ਸਰਾਂ ਦੀਆਂ ਕਾਲੀਆਂ ਕਰਤੂਤਾਂ ਸੁਣ ਕੇ। ਇਹ ਲੋਕ ਜਦੋਂ ਹਿੰਦੁਸਤਾਨ ਵਿਚ ਆਏ ਸਨ, ਤਾਂ ਦੇਸ਼ ਦੀਆਂ ਇਹਨਾਂ ਉਤੇ ਬੜੀਆਂ ਬੜੀਆਂ ਆਸਾਂ ਸਨ। ਹਰ ਇਕ ਭਾਰਤੀ ਦਾ ਵਿਸ਼ਵਾਸ ਸੀ ਕਿ ਕੁਦਰਤ ਨੇ ਉਹਨਾਂ ਲਈ ਇਹ ਐਸੇ ਮੱਲਾਹ ਭੇਜੇ ਹਨ, ਜੇਹੜੇ ਗ਼ੁਲਾਮੀ ਦੇ ਦਲਦਲ ਵਿਚ ਸਦੀਆਂ ਤੋਂ ਫਸੀ ਹੋਈ ਭਾਰਤ ਦੀ ਬੇੜੀ ਨੂੰ ਅਵੱਸ਼ ਬਾਹਰ ਕੱਢਣਗੇ। ਪਰ ਇਹਨਾਂ ਲੋਕਾਂ ਵਿਚੋਂ ਬਹੁਤ ਸਾਰਿਆਂ ਦਾ ਪਾਜ ਛੇਤੀ ਹੀ ਖੁਲ੍ਹ ਗਿਆ, ਜਦ ਇਸ ਵੀਰ-ਮਾਰੂ ਮੁਹਿੰਮ ਵਿਚ ਉਹਨਾਂ ਵਿਚੋਂ ਕਈਆਂ ਨੂੰ ਆਲਮ-ਬਰਦਾਰ ਦੀ ਸ਼ਕਲ ਵਿਚ ਵੇਖਿਆ ਗਿਆ।

ਆਜ਼ਾਦ ਹਿੰਦ ਫ਼ੌਜੀਆਂ ਪਾਸ ਹਿੰਮਤ ਸੀ, ਦਲੇਰੀ ਸੀ, ਫ਼ੌਜੀ ਤਜਰਬਾ ਸੀ ਤੇ ਸਭ ਤੋਂ ਵੱਡੀ ਤੇ ਕੀਮਤੀ ਚੀਜ਼ ਉਹਨਾਂ ਪਾਸ ਸੀ, ਦੇਸ਼-ਭਗਤੀ ਦਾ ਜਜ਼ਬਾ। ਉਹਨਾਂ ਦੀਆਂ ਇਹਨਾਂ ਹੀ ਸਿਫ਼ਤਾਂ ਨੂੰ ਵੇਖ ਕੇ ਭਾਰਤ ਮਾਤਾ ਦੀਆਂ ਅੱਖਾਂ ਉਹਨਾਂ ਉਤੇ ਗੱਡੀਆਂ ਹੋਈਆਂ ਸਨ ਕਿ ਕਦੋਂ ਉਹ ਆਪਣੀ ਜਵਾਂ-ਮਰਦੀ ਦੇ ਬਲ ਨਾਲ ਉਸ ਦੇ ਸੰਕਟ ਕੱਟਣ ਵਿਚ ਸਹਾਈ ਹੁੰਦੇ ਹਨ। ਪਰ ਅਜ ਜਿਸ ਸ਼ਕਲ ਤੇ ਘ੍ਰਿਣਿਤ ਰੂਪ ਵਿਚ ਇਹਨਾਂ ਲੋਕਾਂ ਨੂੰ ਵੇਖਿਆ ਜਾ ਰਿਹਾ ਸੀ, ਕੀ ਸਚ ਮੁਚ ਭਾਰਤ ਮਾਂ ਨੂੰ ਉਹਨਾਂ ਉਤੇ ਇਹੋ ਆਸ ਸੀ ? ਅਜ ਸਿਖ ਆਜ਼ਾਦ ਹਿੰਦ ਫ਼ੌਜੀ, ਮੁਸਲਮਾਨ ਦਾ ਖੁਰਾ ਖੋਜ ਮਿਟਾਉਣ ਲਈ ਆਪਣੇ ਫ਼ੌਜੀ ਤਜਰਬਿਆਂ ਨੂੰ ਦੁਹਰਾ ਰਿਹਾ ਹੈ ਤੇ ਮੁਸਲਿਮ ਸਿਪਾਹੀ, ਗ਼ੈਰ ਮੁਸਲਿਮ ਦਾ ਬੇੜਾ ਗ਼ਰਕ ਕਰਨ ਲਈ ਆਪਣੇ ਫ਼ਿਰਕੂ ਲਾਣੇ ਦੀ ਕਮਾਨ ਕਰ ਰਿਹਾ ਹੈ।

ਬਾਕੀ ਰਹੀਆਂ ਮਜ਼੍ਹਬੀ ਜਮਾਤਾਂ, ਉਨ੍ਹਾਂ ਨੇ ਤਾਂ ਆਪਣਾ ਅਸੂਲ ਹੀ ਦੂਜੇ ਫ਼ਿਰਕੇ ਨੂੰ ਤਬਾਹ ਕਰਨਾ ਸਿਖ ਲਿਆ। ਇਹਨਾਂ ਲੋਕਾਂ ਦੇ ਤਅੱਸਬ ਦਾ ਇਹ ਹਾਲ ਸੀ ਕਿ ਦੂਜੇ ਮਜ਼ਹਬ ਵਾਲਿਆਂ ਦਾ ਰਬ ਵੀ ਜੇ ਕਦੀ ਇਹਨਾਂ ਦੇ ਸਾਹਮਣੇ ਆ ਜਾਵੇ ਤਾਂ ਇਹਨਾਂ ਦਾ ਛੁਰਾ ਕ੍ਰਿਪਾਨ ਮਿਆਨ ਵਿਚ ਬੰਦ ਨਹੀਂ ਰਹਿ ਸਕੇਗਾ।

ਮਜ਼੍ਹਬੀ ਪੱਖੀ ਤੋਂ ਇਸ ਵੇਲੇ ਅੰਮ੍ਰਿਤਸਰ ਵਿਚ ਤਿੰਨ ਉੱਘੀਆਂ ਜਮਾਤਾਂ ਸਨ — ਰਾਸ਼ਟਰੀ ਸ੍ਵੈ-ਸੇਵਕ ਸੰਘ, ਅੰਜੁਮਨ ਹਿਮਾਇਤ ਇਸਲਾਮ ਤੇ ਅਕਾਲੀ ਦਲ। ਇਹ ਤਿੰਨੇ ਜਮਾਤਾਂ ਪੂਰੀ ਸਰਗਰਮੀ ਨਾਲ ਆਪੋ ਆਪਣੇ ਪਰੋਗਰਾਮ ਦੀ ਪੂਰਤੀ ਲਈ ਅਮਲ ਦੇ ਮੈਦਾਨ ਵਿਚ ਡਟੀਆਂ ਹੋਈਆਂ ਸਨ। ਸ਼ਹਿਰ ਦੀ ਤਬਾਹੀ ਤੇ ਬਰਬਾਦੀ ਦੀ ਸਭ ਤੋਂ ਬਹੁਤੀ ਜ਼ਿੰਮੇਵਾਰੀ ਏਹਨਾਂ ਹੀ ਤਿੰਨਾਂ ਸੰਸਥਾਵਾਂ ਦੇ ਸਿਰ ਸੀ।

ਸਤਨਾਮ ਬੜੀ ਘੋਖ ਨਾਲ ਇਹਨਾਂ ਸਾਰੀਆਂ ਸਮਾਜਿਕ ਅਦਲਾ ਬਦਲੀਆਂ ਨੂੰ ਵਿਚਾਰਦਾ ਤੇ ਸੋਚ ਸੋਚ ਕੇ ਆਪਣੇ ਆਪ ਵਿਚ ਪਛਤਾਵਾ ਖਾਂਦਾ ਰਹਿੰਦਾ। ਉਸ ਨੂੰ ਸਭ ਤੋਂ ਬਹੁਤਾ ਰੰਜ ਆਪਣੇ ਉਨ੍ਹਾਂ ਸਾਥੀਆਂ ਉਤੇ ਸੀ, ਜਿਹੜੇ ਐਨ ਉਸ ਵੇਲੇ ਉਸ ਨੂੰ ਦਗ਼ਾ ਦੇ ਗਏ, ਜਦ ਉਨ੍ਹਾਂ ਦੀ ਉਸ ਨੂੰ ਸਭ ਤੋਂ ਬਹੁਤੀ ਲੋੜ ਸੀ। ਨਾ ਕੇਵਲ ਦਗ਼ਾ ਹੀ ਦੇ ਗਏ, ਸਗੋਂ ਉਸ ਦੇ ਉਹੀ ਸਾਥੀ ਅਜ ਪੂਰੀ ਸਰਗਰਮੀ ਨਾਲ ਬੰਬਬਾਜ਼ੀ ਤੇ ਇਹੋ ਜਿਹੀਆਂ ਕਈ ਕਿਸਮ ਦੀਆਂ ਤਬਾਹਕਾਰੀਆਂ ਵਿਚ ਹਿੱਸਾ ਲੈ ਕੇ ਆਪਣੀ ਜਾਣੇ ਕੌਮ ਦੀ ਸੇਵਾ ਕਰ ਰਹੇ ਸਨ।

ਮਾਰਚ ਦਾ ਮਹੀਨਾ ਬੀਤ ਕੇ ਅਪਰੈਲ ਚੜ੍ਹ ਪਿਆ। ਮੌਸਮ ਵਿਚ ਕਾਫ਼ੀ ਤਬਦੀਲੀ ਆ ਗਈ ਸੀ। ਲੋਕਾਂ ਨੇ ਅੰਦਰਾਂ ਤੋਂ ਮੰਜੇ ਕਢ ਕੇ ਬਾਹਰ ਵਿਹੜਿਆਂ ਵਰਾਂਡਿਆਂ ਵਿਚ ਡਾਹੁਣੇ ਸ਼ੁਰੂ ਕਰ ਦਿਤੇ ਸਨ। ਕਿਸੇ ਕਿਸੇ ਨੇ ਤਾਂ ਕੋਠਿਆਂ ਤੇ ਵੀ ਚੜ੍ਹਾ ਲਏ ਸਨ। ਸ਼ਾਇਦ ਇਸ ਕਰ ਕੇ ਕਿ ਐਤਕੀਂ ਗਰਮੀ ਕੁਝ ਅਗੇਤਰੀ ਪੈਣ ਲਗ ਪਈ ਸੀ।

ਸਤਨਾਮ ਦੀ ਆਦਤ ਅਕਸਰ ਅੰਦਰ ਸੌਣ ਦੀ ਸੀ। ਗਰਮੀਆਂ ਦੀ ਰੁੱਤ ਵੀ ਉਸ ਦਾ ਬਿਸਤਰਾ ਉਪਰਲੀ ਬਰਸਾਤੀ ਵਿਚ ਹੋਇਆ ਕਰਦਾ ਸੀ। ਬਰਸਾਤੀ ਦੇ ਬੂਹੇ ਬਾਰੀਆਂ ਹਵਾਦਾਰ ਸਨ, ਦੂਜਾ ਛੱਤ ਉਤੇ ਸੀਲਿੰਗ ਫ਼ੈਨ ਵੀ ਮੌਜੂਦ ਸੀ। ਜਿਸ ਕਰ ਕੇ ਸਖ਼ਤ ਗਰਮੀ ਦੀ ਰੁਤੇ ਵੀ ਉਸ ਨੂੰ ਮੰਜਾ ਬਾਹਰ ਕਢਣ ਦੀ ਲੋੜ ਨਹੀਂ ਸੀ ਮਹਿਸੂਸ ਹੁੰਦੀ।

ਜਦ ਤੋਂ ਫ਼ਸਾਦ ਸ਼ੁਰੂ ਹੋਏ, ਸਤਨਾਮ ਦੀ ਸਿਹਤ ਓਦੋਂ ਤੋਂ ਹੀ ਕੁਝ ਢਿਲੀ ਰਹਿਣ ਲਗ ਪਈ ਸੀ। ਕੋਈ ਖ਼ਾਸ ਬੀਮਾਰੀ ਨਾ ਹੁੰਦਿਆਂ ਹੋਇਆਂ ਵੀ ਉਹ ਆਪਣੇ ਆਪ ਵਿਚ ਇਸ ਤਰ੍ਹਾਂ ਅਨੁਭਵ ਕਰਦਾ, ਜਿਵੇਂ ਕਿਸੇ ਭਾਰੀ ਰੋਗ ਦਾ ਸ਼ਿਕਾਰ ਹੁੰਦਾ ਹੈ। ਇਸ ਦੇ ਕਈ ਇਕ ਸਬਬ ਸਨ। ਪਹਿਲਾ ਤੇ ਸਭ ਤੋਂ ਵਡਾ ਕਾਰਨ ਤਾਂ ਸੀ ਇਹੋ ਫ਼ਸਾਦਾਂ ਦੀ ਹਨ੍ਹੇਰੀ, ਜਿਸ ਦਾ ਅਸਰ ਕਿਸੇ ਨਾ ਕਿਸੇ ਸ਼ਕਲ ਵਿਚ ਹਰ ਇਕ ਆਦਮੀ ਉਤੇ ਹੋਣਾ ਸੁਭਾਵਿਕ ਸੀ। ਪਰ ਸਤਨਾਮ ਦੇ ਦਿਲ ਨੇ ਇਸ ਅਸਰ ਨੂੰ ਕੁਝ ਵਧੇਰੇ ਹੀ ਕਬੂਲਿਆ। ਇੱਤਿਹਾਦ ਸਭਾ ਦੀ ਸਥਾਪਨਾ ਉਸ ਨੇ ਨਿਰੀ ਸ਼ੁਗ਼ਲ ਦੇ ਤੌਰ ਤੇ ਨਹੀਂ ਸੀ ਕੀਤੀ। ਉਸ ਦੇ ਅੰਦਰ ਇਕ ਲਗਨ ਸੀ, ਬੜੀ ਡੂੰਘੀ ਲਗਨ ਕਿ ਉਹ ਆਪਣੇ ਵਤਨ ਵਾਸੀਆਂ ਵਿਚੋਂ ਫ਼ਿਰਕੂ ਜ਼ਹਿਰ ਨੂੰ ਕਢ ਕੇ ਉਨ੍ਹਾਂ ਨੂੰ ਮਿੱਤਰੀ ਦੀ ਲੜੀ ਵਿਚ ਪਰੋਣ ਦੀ ਪੂਰੀ ਕੋਸ਼ਸ਼ ਕਰੇਗਾ ਪਰ ਜਿਉਂ ਜਿਉਂ ਉਸ ਦੀ ਇਹ ਖ਼ਾਬ ਧੁੰਦਲੀ ਹੁੰਦੀ ਗਈ, ਨਾਲੋ ਨਾਲ ਉਸ ਦੀ ਮਾਨਸਿਕ ਹਾਲਤ ਵੀ ਖ਼ਰਾਬ ਹੁੰਦੀ ਗਈ।

ਏਧਰ ਕੁਝ ਦਿਨਾਂ ਤੋਂ ਉਸ ਦੇ ਅੰਦਰ ਇਕ ਹੋਰ ਕਿਸਮ ਦੀ ਜਿਹੜੀ ਖਿਚੋਤਾਣ ਪੈਦਾ ਹੋ ਰਹੀ ਸੀ, ਇਸ ਨੇ ਉਸ ਦੇ ਮਨ ਦਾ ਅਮਨ ਚੌੜ ਕਰਨ ਵਿਚ ਹੋਰ ਵੀ ਵਾਧਾ ਕਰ ਦਿਤਾ। ਇਹ ਖਿਚੋਤਾਣ ਕੀ ਸੀ ?

ਮਾਰਚ ਦੇ ਮੁਢਲੇ ਦਿਨੀਂ ਅੰਮ੍ਰਿਤਸਰ ਵਿਚ ਜਿਹੜੀ ਤਬਾਹੀ ਮਚੀ ਸੀ, ਇਸ ਦਾ ਇਤਨਾ ਖ਼ਤਰਨਾਕ ਪ੍ਰਤੀਕਰਮ ਹੋਵੇਗਾ, ਇਸ ਦੀ ਕਿਸੇ ਨੂੰ ਵੀ ਆਸ ਨਹੀਂ ਸੀ। ਮਾਰਚ ਦਾ ਦੂਜਾ, ਤੀਜਾ ਤੇ ਚੌਥਾ ਹਫ਼ਤਾ, ਇਹਨਾਂ ਤਿੰਨਾਂ ਹਫ਼ਤਿਆਂ ਵਿਚ ਪਿਸ਼ਾਵਰ ਤੋਂ ਲੈ ਕੇ ਦਰਿਆ ਰਾਵੀ ਤਕ ਮੁਸਲਮਾਨਾਂ ਵਲੋਂ ਹਿੰਦੂਆਂ ਸਿਖਾਂ ਉਤੇ ਜਿਹੜੀ ਜ਼ੁਲਮ ਦੀ ਤਲਵਾਰ ਚਲੀ, ਇਹ ਸਚ ਪੁਛੋ ਤਾਂ ਅੰਮ੍ਰਿਤਸਰ ਦੀ ਗੁੰਡਾਗਰਦੀ ਦਾ ਨਤੀਜਾ ਸੀ। ਖ਼ਾਸ ਕਰ ਕੇ 10 ਮਾਰਚ ਤੋਂ ਲੈ ਕੇ 25 ਮਾਰਚ ਤਕ ਉਹਨਾਂ ਇਲਾਕਿਆਂ ਦੀ ਗ਼ੈਰ-ਮੁਸਲਿਮ ਆਬਾਦੀ ਨੂੰ ਇਸ ਜ਼ੁਲਮੀ ਚੱਕੀ ਵਿਚ ਪਿਸਣਾ ਪਿਆ, ਇਸ ਦੀਆਂ ਸੈਂਕੜੇ ਨਹੀਂ, ਹਜ਼ਾਰਾਂ ਮਿਸਾਲਾਂ ਹਨ, ਜਿਨ੍ਹਾਂ ਵਿਚੋਂ ਹਰ ਇਕ ਮਿਸਾਲ ਆਦਮੀ ਦੇ ਰੌਂਗਟੇ ਖੜ੍ਹੇ ਕਰਨ ਵਾਲੀ ਸੀ।

ਅੰਮ੍ਰਿਤਸਰ ਵਿਚ ਅਤਿ ਦੇ ਜ਼ੁਲਮ ਤਸ਼ੱਦਦ ਹੋਏ। ਕਿਸੇ ਨੇ ਵੀ ਘਟ ਨਹੀਂ ਸੀ ਗੁਜ਼ਾਰੀ — ਨਾ ਮੁਸਲਮਾਨਾਂ ਨੇ ਹਿੰਦੂਆਂ ਸਿਖਾਂ ਨਾਲ ਤੇ ਨਾ ਹੀ ਹਿੰਦੂਆਂ ਸਿਖਾਂ ਨੇ ਮੁਸਲਮਾਨਾਂ ਨਾਲ। ਪਰ ਬੁਰਾ ਹੋਵੇ ਲਾਹੌਰ ਦੇ ਮੁਸਲਿਮ ਅਖ਼ਬਾਰਾਂ ਦਾ, ਜਿਨ੍ਹਾਂ ਨੇ ਇਨ੍ਹਾਂ ਫ਼ਸਾਦਾਂ ਦੀਆਂ ਖ਼ਬਰਾਂ ਨੂੰ ਐਸੇ ਬੇਹੂਦਾ ਤੇ ਅਤਕਥਨੀ ਭਰੇ ਢੰਗ ਨਾਲ ਪੇਸ਼ ਕਰਨਾ ਸ਼ੁਰੂ ਕੀਤਾ ਕਿ ਪੱਛਮੀ ਪੰਜਾਬ ਤੋਂ ਲੈ ਕੇ ਸੂਬਾ ਸਰਹੱਦ ਤਕ ਦੇ ਮੁਸਲਮਾਨਾਂ ਅੰਦਰ ਬਦਲੇ ਦੀ ਅੱਗ ਇਕ ਵਾਰੀ ਫੇਰ ਭੜਕ ਉਠੀ ਤੇ ਇਸ ਅਗ ਉਤੇ ਤੇਲ ਪਾਉਣ ਵਾਲੇ ਸੀ ਮੁਸਲਿਮ ਲੀਗ, ਮੁਸਲਿਮ ਨੈਸ਼ਨਲ ਗਾਰਡ, ਤੇ ਦਿਹਾਤਾਂ ਦੇ ਜਾਹਿਲ ਮੁਲਾਣੇ।

ਕੁਝ ਤਾਂ ਲਾਹੌਰੀ ਅਖ਼ਬਾਰਾਂ ਨੇ ਹੀ ਅਸਲ ਨਾਲੋਂ ਸੈਂਕੜੇ ਗੁਣਾ ਵਧਾ ਚੜ੍ਹਾ ਕੇ ਇਸ

ਮਾਮਲੇ ਨੂੰ ਪੇਸ਼ ਕੀਤਾ। ਰਹਿੰਦੀ ਕਸਰ ਉਪਰੋਕਤ ਅੰਜਮਨਾਂ ਨੇ ਪੂਰੀ ਕਰ ਦਿਤੀ। ਜਿਸ ਦਾ ਨਤੀਜਾ ਹੋਇਆ ਕਿ ਪਿਸ਼ਾਵਰ, ਅਟਕ, ਪਿੰਡੀ ਘੇਬ, ਚਕਵਾਲ, ਕੈਂਬਲਪੁਰ, ਫ਼ਤਹਿਜੰਗ, ਰਾਵਲਪਿੰਡੀ , ਗੁਜਰਖ਼ਾਨ ਆਦਿ ਥਾਵਾਂ ਦੇ ਬੇਦੋਸੇ ਹਿੰਦੂਆਂ ਸਿਖਾਂ ਵਿਚ ਤਬਾਹੀ ਫਿਰ ਗਈ। ਜੋ ਜੋ ਜ਼ੁਲਮ ਅਜ ਤੀਕ ਕਦੇ ਸੁਣੇ ਨਹੀਂ ਸਨ, ਉਨ੍ਹਾਂ ਗ਼ਰੀਬਾਂ ਉਤੇ ਢਾਏ ਗਏ।

ਲਾਹੌਰੀ ਮੁਸਲਿਮ ਅਖ਼ਬਾਰਾਂ ਨੇ ਜੋ ਕੀਤਾ, ਉਸ ਦਾ ਨਤੀਜਾ ਸਾਹਮਣੇ ਆ ਗਿਆ ਪਰ ਏਧਰ ਅੰਮ੍ਰਿਤਸਰੀ ਗ਼ੈਰ-ਮੁਸਲਿਮ ਅਖ਼ਬਾਰਾਂ ਨੇ ਜਦ ਆਪਣੇ ਅੰਕਾਂ ਵਿਚ ਸਰਹੱਦੀ ਮੁਸਲਮਾਨਾਂ ਦੇ ਜ਼ੁਲਮਾਂ ਦੀ ਤਸਵੀਰ ਦਿਖਲਾਣੀ ਸ਼ੁਰੂ ਕੀਤੀ, ਤਾਂ ਇਹਨਾਂ ਨੇ ਵੀ ਉਸੇ ਗ਼ਲਤੀ ਨੂੰ ਦੁਹਰਾਇਆ। ਅਰਥਾਤ ਲਾਹੌਰੀ ਅਖ਼ਬਾਰਾਂ ਨੇ ਜੋ ਅੱਗ ਉਤੇ ਤੇਲ ਛਿੜਕਿਆ ਸੀ, ਤਾਂ ਅੰਮ੍ਰਿਤਸਰੀ ਅਖ਼ਬਾਰਾਂ ਨੇ ਓਦੂੰ ਵੀ ਅਗਾਂਹ ਵਧ ਕੇ, ਤੇਲ ਦੇ ਥਾਂ ਪੈਟਰੋਲ ਦੀ ਵਰਤੋਂ ਕਰ ਦਿਖਾਈ।

ਅੰਮ੍ਰਿਤਸਰ ਦਾ ਸਾਰਾ ਹਿੰਦੂ ਸਿਖ ਤਬਕਾ — ਜਿਹੜਾ ਅਗੇ ਹੀ ਕਪੜਿਆਂ ਤੋਂ ਬਾਹਰ ਹੋ ਰਿਹਾ ਸੀ, ਹੋਰ ਭੜਕ ਉਠਿਆ। ਪਰ ਕਿਉਂਕਿ ਅੰਮ੍ਰਿਤਸਰ ਦੀ ਪੁਲੀਸ ਵਿਚ ਬਹੁ-ਗਿਣਤੀ ਮੁਸਲਮਾਨਾਂ ਦੀ ਸੀ, ਜਿਸ ਕਰ ਕੇ ਇਨ੍ਹਾਂ ਲੋਕਾਂ ਦੀ ਪੇਸ਼ ਨਹੀਂ ਸੀ ਜਾਂਦੀ। ਸਗੋਂ ਉਲਟਾ ਮੁਸਲਮਾਨਾਂ ਵਲੋਂ ਹੀ ਪੁਲਸ ਦੀ ਸ਼ਹਿ ਨਾਲ ਦਿਨੋਂ ਦਿਨ ਵਧੀਕੀਆਂ ਤੇ ਵਧੀਕੀਆਂ ਹੋਣ ਲਗੀਆਂ। ਇਥੋਂ ਤਕ ਕਿ ਮੁਸਲਿਮ ਸਿਪਾਹੀ ਹੁਣ ਖੁਲ੍ਹਾ ਡੁਲ੍ਹਾ ਸਾਹਮਣੇ ਖੜੇ ਕੇ ਮੁਸਲਮਾਨਾਂ ਪਾਸੋਂ ਸਿਖਾਂ ਹਿੰਦੂਆਂ ਦਾ ਕਤਲ ਕਰਵਾਂਦੇ, ਅੱਗਾਂ ਲਵਾਂਦੇ ਤੇ ਹੋਰ ਕਈ ਕਾਰੇ ਕਰਨ ਲਈ ਉਨ੍ਹਾਂ ਦੀ ਮਦਦ ਕਰਦੇ ਸਨ।

ਇਸ ਬੇ-ਬਸੀ ਦੀ ਹਾਲਤ ਵਿਚ ਗ਼ੈਰ ਮੁਸਲਿਮ ਤਬਕਾ ਅੰਦਰੋ ਅੰਦਰ ਕੌੜ ਖਾ ਰਿਹਾ ਤੇ ਆਪਣੇ ਲੀਡਰਾਂ ਤੇ ਸੁਸਾਇਟੀਆਂ ਨੂੰ ਕੋਸ ਰਿਹਾ ਸੀ ਕਿ ਉਹ ਸਮੁਚੇ ਤੌਰ ਤੇ ਕਿਉਂ ਨਹੀਂ ਕੋਈ ਐਸਾ ਠੋਸ ਕਦਮ ਉਠਾਂਦੇ ਜਿਸ ਨਾਲ ਇਕੋ ਦਿਨ ਵਿਚ ਅੰਮ੍ਰਿਤਸਰ ਦੇ ਸਾਰੇ ਮੁਸਲਮਾਨ ਤਬਾਹ ਕਰ ਦਿਤੇ ਜਾਣ।

ਸਤਨਾਮ ਦੇ ਮਨ ਦੀ ਖਿਚੋਤਾਣ ਦਾ ਕਾਰਨ ਵੀ ਇਹੋ ਸੀ। ਫ਼ਿਰਕਾ ਪ੍ਰੱਸਤੀ ਦੀ ਜਿਸ ਸਾੜਵੀ ਹਵਾ ਵਿਚ ਸਾਰਾ ਸ਼ਹਿਰ ਝੁਲਸਦਾ ਜਾ ਰਿਹਾ ਸੀ, ਉਸ ਦਾ ਦਿਲ ਭਾਵੇਂ ਹਜ਼ਾਰ ਮਜ਼ਬੂਤ ਸੀ, ਪਰ ਇਨ੍ਹਾਂ ਹਰ ਵੇਲੇ ਦੇ ਬੁੱਲਿਆਂ ਤੋਂ ਉਹ ਸੁਰਖਿਅਤ ਨਾ ਰਹਿ ਸਕਿਆ। ਮੁਸਲਮਾਨ — ਜਿਨ੍ਹਾਂ ਲਈ ਉਸ ਦੇ ਦਿਲ ਵਿਚ ਓਨੀ ਹੀ ਹਮਦਰਦੀ ਤੇ ਤਰਸ ਸੀ ਜਿੰਨਾ ਗ਼ੈਰ-ਮੁਸਲਿਮ ਲਈ — ਹੁਣ ਉਸ ਨੂੰ ਕਦੀ ਕਦੀ ਭੈੜੇ ਤੇ ਘ੍ਰਿਣਤ ਜਾਪਣ ਲਗ ਪੈਂਦੇ ਸਨ, ਉਨ੍ਹਾਂ ਦੇ ਕੀਤੇ ਹੋਏ ਜ਼ੁਲਮਾਂ ਦੀ ਯਾਦ ਉਸ ਦੇ ਸਰਬ ਹਿਤੈਸ਼ੀ ਮਨ ਨੂੰ ਕਿਸੇ ਕਿਸੇ ਵੇਲੇ ਡਾਵਾਂਡੋਲ ਕਰ ਜਾਂਦੀ ਸੀ ਪਰ ਇਤਨਾ ਨਹੀਂ ਕਿ ਉਹ ਵੀ ਆਪਣੇ ਦੂਸਰੇ ਸਾਥੀਆਂ ਵਾਂਗ ਮੁਸਲਮਾਨਾਂ ਦੀ ਤਬਾਹੀ ਲਈ ਤਿਆਰ ਹੋ ਪੈਂਦਾ। ਫਿਰ ਵੀ ਇਸ ਮਾਨਸਿਕ ਖਿੱਚੋਤਾਣ ਨੇ ਉਸ ਨੂੰ ਕਾਫ਼ੀ ਤੋਂ ਜ਼ਿਆਦਾ ਤਬਦੀਲ ਕਰ ਦਿਤਾ ਸੀ।

ਇਸ ਤੋਂ ਛੁਟ ਉਸ ਨੂੰ ਇਕ ਹੋਰ ਪਰੇਸ਼ਾਨੀ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਸੀ। ਆਗਰੇ ਤੋਂ ਉਸ ਦੀ ਵਡੀ ਭੈਣ ਤੇ ਭਣਵਈਏ ਵਲੋਂ ਚਿੱਠੀਆਂ ਤੇ ਚਿੱਠੀਆਂ ਆ ਰਹੀਆਂ ਸਨ ਕਿ ਉਹ ਸਾਰਾ ਟੱਬਰ ਅੰਮ੍ਰਿਤਸਰ ਨੂੰ ਛਡ ਕੇ ਆਗਰੇ ਚਲੇ ਆਉਣ, ਜਿਸ ਦੇ ਦੋ ਕਾਰਨ ਦਸੇ ਜਾਂਦੇ ਸਨ। ਇਕ ਤਾਂ ਉਨ੍ਹਾਂ ਦੇ ਖ਼ਿਆਲ ਵਿਚ ਅੰਮ੍ਰਿਤਸਰ ਹੁਣ ਸਦੀਵੀ ਫ਼ਸਾਦਾਂ ਦਾ ਗੜ੍ਹ ਬਣ ਚੁਕਾ ਸੀ, ਜਿਸ ਲਈ ਇਸ ਖ਼ਤਰਨਾਕ ਥਾਂ ਤੋਂ ਨਿਕਲ ਆਉਣ ਵਿਚ ਹੀ ਭਲਾਈ ਸੀ — ਦੂਜਾ ਇਹ ਕਿ ਆਗਰੇ ਵਿਚ ਹੀ ਇਕ ਰਜੇ ਪੁਜੇ ਸਿਖ ਸਰਦਾਰ ਦੇ ਘਰ ਸਤਨਾਮ ਮੰਗਿਆ ਹੋਇਆ ਸੀ। ਕੁੜਮਾਈ ਹੋਈ ਨੂੰ ਲਗ ਪਗ ਡੇਢ ਸਾਲ ਹੋ ਚੁਕਾ ਸੀ ਤੇ ਕੁੜੀ ਵਾਲੇ

ਹੁਣ ਵਿਆਹ ਲਈ ਕਾਹਲੇ ਪਏ ਹੋਏ ਸਨ। ਉਨ੍ਹਾਂ ਦੀ ਸਲਾਹ ਸੀ ਕਿ ਜੇ ਸਤਨਾਮ ਦਾ ਪਰਵਾਰ ਆਗਰੇ ਆ ਜਾਵੇ ਤਾਂ ਵਿਆਹ ਦਾ ਕੰਮ ਉਥੇ ਹੀ ਨੇਪਰੇ ਚਾੜ੍ਹਿਆ ਜਾਵੇ।

ਕੇਸਰ ਕੌਰ ਵੀ ਆਪਣੀ ਲੜਕੀ ਦੀ ਇਸ ਸਲਾਹ ਨਾਲ ਸਹਿਮਤ ਸੀ। ਜੇ ਇਹ ਵਿਆਹ ਵਾਲਾ ਮਾਮਲਾ ਨਾ ਹੁੰਦਾ ਤਾਂ ਵੀ ਅੰਮ੍ਰਿਤਸਰ ਨੂੰ ਛੱਡ ਕੇ ਆਗਰੇ ਵਰਗੇ ਸੁਰਖਿਅਤ ਥਾਵੇਂ ਚਲੇ ਜਾਣਾ ਕੇਸਰ ਕੌਰ ਨੂੰ ਜ਼ਰੂਰੀ ਜਾਪਦਾ ਸੀ। ਪਰ ਸਤਨਾਮ ਨੂੰ ਇਹ ਦੋਵੇਂ ਗੱਲਾਂ ਪਸੰਦ ਨਹੀਂ ਸਨ। ਨਾ ਤਾਂ ਉਹ ਅੰਮ੍ਰਿਤਸਰ ਨੂੰ ਛੱਡਣ ਦੇ ਹੱਕ ਵਿਚ ਸੀ ਤੇ ਨਾ ਹੀ ਹਾਲੇ ਵਿਆਹ ਦੀ ਪੰਜਾਲੀ ਗਲ ਪਵਾਣੀ ਚਾਹੁੰਦਾ ਸੀ। ਸਗੋਂ ਇਸ ਦੂਸਰੀ ਗਲ ਬਾਰੇ ਤਾਂ ਕਈ ਵਾਰੀ ਉਹ ਮਾਂ ਨਾਲ ਖਹਿਬੜ ਵੀ ਪੈਂਦਾ ਸੀ ਕਿ "ਭਾਬੀ ! ਦੁਨੀਆਂ ਮੌਤ ਦੇ ਘਾਟ ਉਤਾਰੀ ਜਾ ਰਹੀ ਏ ਤੇ ਤੈਨੂੰ ਵਿਆਹ ਸੁੱਝਣ ਡਹੇ ਹੋਏ ਨੇ... ..."

ਏਸ ਤਰ੍ਹਾਂ ਦੀ ਮਾਨਸਿਕ ਬੇਚੈਨੀ ਤੇ ਕਸ਼ਮਕਸ਼ ਵਿਚ ਉਹ ਆਪਣੇ ਦਿਨ ਤੇ ਰਾਤਾਂ ਗੁਜ਼ਾਰ ਰਿਹਾ ਸੀ। ਕੁਝ ਵੀ ਉਸ ਨੂੰ ਚੰਗਾ ਨਹੀਂ ਸੀ ਲਗਦਾ, ਕਿਸੇ ਚੀਜ਼ ਨਾਲ ਵੀ ਉਸ ਦੀ ਦਿਲਚਸਪੀ ਨਹੀਂ ਸੀ ਰਹੀ। ਕਦੀ ਕਦੀ ਜੇ ਯਾਰਾਂ ਦੋਸਤਾਂ ਨਾਲ ਤਾਸ਼ ਖੇਡਣ ਬੈਠਦਾ ਤਾਂ ਇਕ ਅਧ ਬਾਜ਼ੀ ਖੇਡ ਕੇ ਹੀ ਪੱਤੇ ਹਥੋਂ ਸੁਟ ਪਾਂਦਾ। ਫਿਰ ਇਸ ਉਤੇ ਵਡੀ ਮੁਸ਼ਕਲ ਇਹ ਕਿ ਕਰਫ਼ਯੂ ਦੇ ਕਾਰਨ ਸਾਰੇ ਸਾਰੇ ਦਿਨ ਦੀ ਕੈਦ। ਇਹ ਕੈਦ ਕਦੋਂ ਖ਼ਤਮ ਹੋਵੇਗੀ, ਇਸ ਦਾ ਵੀ ਕੋਈ ਪਤਾ ਨਹੀਂ ਸੀ। ਹੋਰ ਲੋਕੀ ਤਾਂ ਗੱਪਬਾਜ਼ੀ ਵਿਚ, ਤਾਸ਼ ਸ਼ਤਰੰਜ ਆਦਿ ਖੇਡਾਂ ਵਿਚ, ਜਾਂ ਹੋਰ ਨਹੀਂ ਤਾਂ ਕਿੱਸੇ ਕਿਤਾਬਾਂ ਪੜ੍ਹਨ ਵਿਚ ਹੀ ਆਪਣਾ ਵਕਤ ਕਿਸੇ ਨਾ ਕਿਸੇ ਤਰ੍ਹਾਂ ਗੁਜ਼ਾਰ ਲੈਂਦੇ ਸਨ, ਪਰ ਸਤਨਾਮ ਦੇ ਕਰਨ ਲਈ ਜਿਵੇਂ ਕੁਝ ਵੀ ਨਹੀਂ ਸੀ ਰਿਹਾ। ਉਹ ਅਕਸਰ ਆਪਣੇ ਕਮਰੇ ਵਿਚ ਵੜ ਕੇ ਅੰਦਰੋਂ ਕੁੰਡਾ ਅੜਾ ਲੈਂਦਾ ਤੇ ਮੰਜੇ ਤੇ ਲੇਟ ਕੇ ਡੂੰਘੀਆਂ ਸੋਚਾਂ ਤੇ ਵਹਿਣਾਂ ਵਿਚ ਵਹਿੰਦਾ ਰਹਿੰਦਾ। ਕੇਵਲ ਇਕੋ ਸ਼ੁਗਲ ਉਸ ਲਈ ਸੀ, ਰੀਫ਼ਿਊਜੀਆਂ ਵਿਚ ਜਾ ਕੇ ਕੁਝ ਅੰਨ ਪਾਣੀ ਵਰਤਾਣ ਦਾ, ਪਰ ਇਹ ਕੰਮ ਵੀ ਸਵੇਰੇ ਕਰਫ਼ਿਊ ਖੁਲ੍ਹਣ ਵੇਲੇ ਇਕ ਅਧ ਘੰਟੇ ਲਈ ਹੁੰਦਾ, ਬਾਕੀ ਸਾਰਾ ਦਿਨ ਉਸ ਲਈ ਨਾ ਕੋਈ ਕੰਮ ਸੀ, ਨਾ ਹੀ ਕੋਈ ਸ਼ੁਗਲ।

ਇਕ ਤੋਂ ਬਾਅਦ ਦੂਜਾ ਦਿਨ ਚੜ੍ਹਦਾ ਤੇ ਦੂਜੇ ਤੋਂ ਬਾਅਦ ਤੀਜਾ ਤੇ ਸਤਨਾਮ ਲਈ ਹਰ ਇਕ ਦਿਨ, ਪਹਿਲੇ ਨਾਲੋਂ ਵਧ ਬੋਝਲ ਤੇ ਅਕਾਊ ਹੁੰਦਾ ਜਾਂਦਾ।

11

ਵਿਸਾਖੀ ਦਾ ਤਿਉਹਾਰ ਆਇਆ, ਉਹੀ ਵਿਸਾਖੀ, ਜਿਹੜੀ ਅਜ ਤੋਂ ਸਤਾਈ ਸਾਲ ਪਹਿਲਾਂ ਵੀ ਇਕ ਵਾਰੀ ਇਸ ਸ਼ਹਿਰ ਉਤੇ ਰਬੀ ਕਹਿਰ ਬਣ ਕੇ ਨਾਜ਼ਲ ਹੋਈ ਸੀ — ਜਿਸ ਦਿਨ ਸਾਡੇ ਇਕ ਗੋਰੇ ਰਖਵਾਲੇ (ਜਨਰਡ ਡਾਇਰ) ਨੇ ਏਸ ਜੁਰਮ ਬਦਲੇ ਸਾਡੇ ਹਜ਼ਾਰਾਂ ਦੇਸ਼-ਵੀਰਾਂ ਨੂੰ ਮੌਤ ਦੇ ਘਾਟ ਉਤਾਰਿਆ ਸੀ ਕਿ ਉਨ੍ਹਾਂ ਨੇ ਇਕੱਠਿਆਂ ਹੋ ਕੇ ਆਪਣੀ ਰਾਜਸੀ ਤੇ ਭਾਈਚਾਰਕ ਤਬਾਹੀ ਦੇ ਪੇਸ਼ਖੇਮੇ (ਰੋਲਟ ਕਾਨੂੰਨ) ਦੇ ਵਿਰੁਧ ਫਰਿਆਦ ਕੀਤੀ ਸੀ। ਅਜ ਫੇਰ ਵਿਸਾਖੀ (13 ਅਪਰੈਲ) ਦਾ ਦਿਨ ਸੀ।

ਠੀਕ ਹੀ ਕਿਸੇ ਕਿਹਾ ਹੈ ਕਿ ਇਤਿਹਾਸ ਕਦੀ ਨਾ ਕਦੀ ਆਪਣੇ ਆਪ ਨੂੰ ਦੁਹਰਾਇਆ ਕਰਦਾ ਹੈ। ਅੰਮ੍ਰਿਤਸਰ ਦੇ ਸਤਾਈ ਸਾਲ ਪਹਿਲਾਂ ਦੇ ਇਤਿਹਾਸ ਨੇ ਵੀ ਆਪਣੇ ਆਪ ਨੂੰ ਇਸ ਵਿਸਾਖੀ ਦੇ ਰੂਪ ਵਿਚ ਦੁਹਰਾਇਆ। ਮਨੁੱਖੀ ਖ਼ੂਨ ਓਦੋਂ ਵੀ ਵਗਿਆ ਸੀ, ਅਜ ਵੀ ਵਹਿ ਰਿਹਾ ਹੈ। ਅੱਗਾਂ ਦੇ ਭਾਂਬੜ ਓਦੋਂ ਵੀ ਬਲੇ ਸਨ, ਅਜ ਵੀ ਬਲ ਰਹੇ ਹਨ। ਪਰ ਪਹਿਲੀ ਤੇ ਅਜ ਦੀ ਹਾਲਤ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਓਦੋਂ ਕਿਸੇ ਗ਼ੈਰ ਤਾਕਤ ਦੇ ਰਾਕਸ਼ ਨੇ ਹਿੰਦੂਆਂ, ਮੁਸਲਮਾਨਾਂ ਤੇ ਸਿਖਾਂ ਨੂੰ ਇਕੋ ਸਾਂਝੇ ਭੱਠ ਵਿਚ ਪਾ ਕੇ ਹੋਲਾਂ ਭੁੰਨੀਆਂ

ਸਨ — ਜਲ੍ਹਿਆਂ ਵਾਲੇ ਬਾਗ਼ ਦੀ ਸਾਰੀ ਧਰਤੀ ਨੂੰ ਤਿੰਨਾਂ ਕੌਮਾਂ ਦੇ ਸਾਂਝੇ ਲਹੂ ਨੇ ਡੁਲ੍ਹ ਕੇ ਗੁਲਨਾਰੀ ਰੰਗ ਚਾੜ੍ਹਿਆ ਸੀ, ਤਿੰਨਾਂ ਹੀ ਕੌਮਾਂ ਨੇ ਇਕੋ ਗਲਾਸ ਵਿਚ ਪਾਣੀ ਪੀ ਕੇ ਮਾਤ-ਭੂਮੀ ਦੇ ਸੱਚੇ ਪੁਤਰ ਹੋਣ ਦਾ ਸਬੂਤ ਦਿਤਾ ਸੀ। ਪਰ ਅਜ ? ਅਜ ਇਹ ਸਭ ਕੁਝ ਇਕ ਬੀਤੀ ਹੋਈ ਕਹਾਣੀ ਬਣ ਕੇ ਰਹਿ ਗਿਆ ਹੈ। ਅਜ ਜਿਹੜਾ ਬੇ-ਹਿਸਾਬਾ ਮਨੁਖੀ ਖ਼ੂਨ ਵਹਿ ਰਿਹਾ ਹੈ, ਇਹ ਸਾਡੇ ਹੱਥ ਵਿਚ ਫੜੇ ਹੋਏ ਛੁਰੇ ਨਾਲ ਸਾਡੀ ਹੀ ਹਿੱਕ ਵਿਚੋਂ ਵਹਿ ਰਿਹਾ ਹੈ। ਓਦੋਂ ਜਿਹੜੀਆਂ ਅੱਗਾਂ ਲਗੀਆਂ ਸਨ, ਉਹ ਤਿੰਨਾਂ ਫ਼ਿਰਕਿਆਂ ਦੇ ਸਾਂਝੇ ਹੱਥ ਨਾਲ ਸਰਕਾਰੀ ਇਮਾਰਤਾਂ ਨੂੰ ਲਾਈਆਂ ਗਈਆਂ ਸਨ। ਪਰ ਅਜ ਅਸੀ ਆਪੋ ਵਿਚ ਹੀ ਇਕ ਦੂਜੇ ਦਾ ਘਰ ਫੂਕ ਕੇ ਤਮਾਸ਼ਾ ਵੇਖ ਰਹੇ ਹਾਂ। ਨਾਹਰੇ ਓਦੋਂ ਵੀ ਲਗਦੇ ਸਨ ਤੇ ਅਜ ਵੀ ਲਗ ਰਹੇ ਹਨ ਪਰ ਕਿੰਨਾ ਫ਼ਰਕ ਹੈ ਇਨ੍ਹਾਂ ਦੂਹਾਂ ਵਿਚ। ਜਿਨ੍ਹਾਂ ਅੱਖਾਂ ਨੇ ਕਦੀ ਉਹ ਦ੍ਰਿਸ਼ ਤੱਕਿਆ ਸੀ, ਜਦੋਂ ਮੁਸਲਮਾਨਾਂ ਦੇ ਮੂੰਹੋਂ 'ਬੋਲੋ ਰਾਮ' ਤੇ ਹਿੰਦੂਆਂ ਸਿਖਾਂ ਦੇ ਮੂੰਹੋਂ 'ਯਾ ਹੁਸੈਨ' ਦੀਆਂ ਗੂੰਜਾਂ ਉਠਦੀਆਂ ਸਨ, ਓਹੀ ਅਭਾਗੀਆਂ ਅੱਖਾਂ ਅਜ 'ਮਾਰ ਦਿਓ' — 'ਤਬਾਹ ਕਰ ਦਿਓ' ਦੇ ਨਾਹਰੇ ਲਾਂਦੇ ਟੋਲਿਆਂ ਨੂੰ ਗੁਆਂਢੀਆਂ ਦੀ ਰੱਤ ਵਹਾਂਦਿਆਂ ਤੱਕ ਰਹੀਆਂ ਸਨ।

ਅਜ ਸਚ ਮੁਚ ਓਹੀ ਵਿਸਾਖੀ — ਖ਼ੂਨੀ ਵਿਸਾਖੀ ਬਣ ਕੇ ਇਕ ਵਾਰੀ ਫੇਰ ਅੰਮ੍ਰਿਤਸਰ ਉਤੇ ਮੰਡਲਾਂਦੀ ਏ। ਓਦੋਂ ਵਾਂਗ ਅਜ ਵੀ ਬਾਜ਼ਾਰ ਬੰਦ ਹਨ। ਫ਼ਰਕ ਸਿਰਫ਼ ਇਤਨਾ ਹੈ ਕਿ ਓਦੋਂ ਹਜ਼ਾਰਾਂ ਆਦਮੀਆਂ ਦੀ ਭੜਕੀ ਹੋਈ ਭੀੜ ਪਾਗਲਾਂ ਵਾਂਗ ਬਾਜ਼ਾਰਾਂ ਵਿਚ ਫਿਰ ਰਹੀ ਸੀ। ਅੰਗਰੇਜ਼ ਨੂੰ ਖ਼ਤਮ ਕਰਨ ਦੇ ਇਰਾਦਿਆਂ ਨਾਲ ਪਰ ਅਜ ਖ਼ੁਦਾ ਦੀ ਖ਼ੁਦਾਈ ਆਪਣੇ ਹਮਸਾਇਆਂ ਦਾ ਲਹੂ ਪੀਣ ਲਈ ਹੈਵਾਨੀਅਤ ਦਾ ਬਾਣਾ ਪਹਿਨੀ ਫਿਰਦੀ ਹੈ।

ਓਦੋਂ ਕਿਉਂਕਿ ਸਾਡੀ ਗੋਰੀ ਹਕੂਮਤ ਦੇ ਆਪਣੇ ਘਰ ਨੂੰ ਲਗੀ ਹੋਈ ਸੀ, ਜਿਸ ਲਈ ਉਸ ਨੇ ਸਾਰੀਆਂ ਤਾਕਤਾਂ ਖ਼ਰਚ ਕਰ ਕੇ ਆਪਣੇ ਤਾਜ ਤਖ਼ਤ ਨੂੰ ਬਚਾ ਲਿਆ ਸੀ, ਪਰ ਅਜ ਹਾਲਤ ਕੁਝ ਹੋਰ ਹੈ। ਅੱਗ ਬਿਗਾਨੇ ਘਰ ਨੂੰ ਲਗੀ ਹੋਈ ਹੈ, ਜਿਸ ਲਈ ਸਾਡੀ ਹਕੂਮਤ ਦੂਰ ਖੜੋਤੀ ਕੇਵਲ 'ਜੈ ਬਸੰਤਰ ਦੇਵਤਾ' ਕਹਿ ਕੇ ਤਮਾਸ਼ਾ ਵੇਖ ਰਹੀ ਹੈ ਤੇ ਬਾਹਰਲੀ ਦੁਨੀਆਂ ਦੀ ਅੱਖੀਂ ਘੱਟਾ ਪਾਣ ਖ਼ਾਤਰ ਉਸ ਨੇ ਨਾਮ ਨਿਹਾਦ ਕਰਫ਼ਿਊ ਦੀ ਰੱਸੀ ਸਾਰੇ ਸ਼ਹਿਰ ਦੇ ਦੁਆਲੇ ਲਪੇਟ ਛਡੀ ਹੈ। ਪਰ ਇਹ ਕਰਫ਼ਿਊ ਕਿਹੜੇ ਮਰਜ਼ ਦੀ ਦਵਾ ਸਾਬਤ ਹੋਇਆ ? ਇਸ ਤੋਂ ਕੋਈ ਵੀ ਅਨਜਾਣ ਨਹੀਂ।

ਸਭ ਲੋਕੀ ਕਰਫ਼ਿਊ ਦੇ ਫ਼ਰਮਾਨ ਹੇਠ ਦਿਨ ਰਾਤ ਘਰਾਂ ਅੰਦਰ ਤੜੇ ਰਹਿੰਦੇ। ਬਾਜ਼ਾਰਾਂ ਵਿਚ ਸੁੰਨਮਸਾਨ ਵਰਤੀ ਰਹਿੰਦੀ। ਕੇਵਲ ਕਿਸੇ ਕਿਸੇ ਵੇਲੇ ਜਾਂ ਤਾਂ ਲੰਘਦੇ ਹੋਏ ਪੁਲਸੀ ਸਿਪਾਹੀਆਂ ਦੇ ਭਾਰੇ ਭਾਰੇ ਬੂਟਾਂ ਦੀ ਆਵਾਜ਼ ਸੁਣਾਈ ਦੇਂਦੀ, ਜਾਂ ਕਿਸੇ ਕਿਸੇ ਵੇਲੇ ਕੁਤਿਆਂ ਦੇ ਭੌਂਕਣ ਦੀ।

ਸ਼ਹੀਦਾਂ ਦੀ ਪਾਵਨ ਧਰਤੀ ਉਤੇ ਜਲ੍ਹਿਆਂ ਵਾਲਾ ਬਾਗ਼। ਉਥੇ ਅਜ ਵੀ ਖ਼ੂਬ ਰੌਣਕਾਂ ਹਨ। ਜੇ ਫ਼ਰਕ ਹੈ ਤਾਂ ਇਹੋ ਕਿ ਓਦੋਂ ਇਸ ਦਾ ਮੈਦਾਨ ਲਾਸ਼ਾਂ ਨਾਲ ਭਰਿਆ ਗਿਆ ਸੀ, ਪਰ ਅਜ ਇਹ ਜੀਊਂਦੀਆਂ ਲਾਸ਼ਾਂ ਨਾਲ ਤੂਸਿਆ ਹੋਇਆ ਨਜ਼ਰੀਂ ਆ ਰਿਹਾ ਹੈ। ਸ਼ਰਨਾਰਥੀਆਂ ਦੇ ਨਿਆਸਰੇ ਪਰਵਾਰ ਥਾਂ ਥਾਂ ਲੰਮੇ ਪਏ ਆਪਣੀ ਬੀਤੀ ਦੀ ਯਾਦ ਤੇ ਭਵਿਸ਼ ਦੇ ਸਹਿਮ ਵਿਚ ਘੁਲਦੇ ਹੋਏ ਦਿਖਾਈ ਦੇ ਰਹੇ ਹਨ।

ਕਰਫ਼ਿਊ ਇਹਨਾਂ ਦਿਨਾਂ ਵਿਚ ਬੜੀ ਸਖ਼ਤ ਕਿਸਮ ਦਾ ਲਗਾ ਹੋਇਆ ਸੀ, ਫਿਰ ਵੀ ਕਿਉਂਕਿ ਵਿਸਾਖੀ ਸਿਖਾਂ ਹਿੰਦੂਆਂ ਦਾ ਇਕ ਮਹਾਨ ਤਿਉਹਾਰ ਸਮਝਿਆ ਜਾਂਦਾ ਹੈ, ਇਸ ਲਈ ਸਵੇਰੇ ਤਿੰਨਾਂ ਘੰਟਿਆਂ ਲਈ ਅੰਮ੍ਰਿਤਸਰ ਵਾਸੀਆਂ ਤੋਂ ਇਸ ਦਾ ਜੂਲਾ ਚੁਕ ਲਿਆ ਗਿਆ, ਤਾਂ ਜੁ ਲੋਕੀ ਆਪੋ ਆਪਣੇ ਧਰਮ ਅਸਥਾਨਾਂ ਤੇ ਜਾ ਕੇ ਪੂਜਾ ਪਾਠ ਕਰ ਸਕਣ।

ਦਿਨ ਚੜ੍ਹਦਿਆਂ ਜਿਉਂ ਹੀ ਕਰਫ਼ਿਊ ਖੁਲ੍ਹਣ ਦਾ ਘੁੱਗੂ ਵਜਿਆ ਕਿ ਲੋਕੀ, ਜਿਹੜੇ ਪਹਿਲਾਂ ਤੋਂ ਹੀ ਨਿਤ ਕਿਰਿਆ ਤੋਂ ਵਿਹਲੇ ਹੋ ਕੇ ਦਰਬਾਰ ਸਾਹਿਬ ਜਾਣ ਲਈ ਤਿਆਰ ਖੜ੍ਹੇ ਸਨ, ਵਾਹੋ ਦਾਹੀ ਘਰਾਂ ਤੋਂ ਨਸੇ। ਸਭ ਨੂੰ ਖ਼ਤਰਾ ਸੀ ਕਿ ਕਿਤੇ ਮੁੜਨ ਤੋਂ ਪਹਿਲਾਂ ਹੀ ਕਰਫ਼ਿਊ ਦਾ ਵਕਤ ਖ਼ਤਮ ਨਾ ਹੋ ਜਾਵੇ।

ਸਤਨਾਮ ਆਪਣੀ ਮਾਂ, ਭਰਾ ਤੇ ਮੁੰਨੀ ਸਮੇਤ ਸਭ ਤੋਂ ਪਹਿਲਾਂ ਗਲੀ 'ਚੋਂ ਬਾਹਰ ਨਿਕਲਿਆ। ਨਾਲ ਕਨ੍ਹਈਆ ਵੀ ਸੀ, ਜਿਸ ਨੇ ਮਿੱਠੇ ਚੌਲਾਂ ਦਾ ਵਡਾ ਪਤੀਲਾ ਚੁਕਿਆ ਹੋਇਆ ਸੀ।

ਰੋਜ਼ ਹੀ ਦਰਬਾਰ ਸਾਹਿਬ ਕਾਫ਼ੀ ਭੀੜ ਹੁੰਦੀ ਸੀ, ਪਰ ਅਜ ਤਾਂ ਖ਼ਲਕਤ ਦਾ ਕੋਈ ਧੁਰ ਪਰ ਨਹੀਂ ਸੀ ਪਾਇਆ ਜਾਂਦਾ। ਬੜੀ ਕਾਹਲੀ ਕਾਹਲੀ — ਤੇਜ਼ ਕਦਮਾਂ ਨਾਲ ਹਰ ਇਕ ਮਾਈ ਭਾਈ ਤੁਰੇ ਜਾ ਰਹੇ ਸਨ। ਕਰਫ਼ਿਊ ਦੀ ਕੈਦ ਦਾ ਸਭ ਨੂੰ ਫ਼ਿਕਰ ਸੀ।

ਬਾਬੇ ਸਾਹਿਬ ਤੋਂ ਲੰਘ ਕੇ ਸਭ ਤੋਂ ਪਹਿਲਾਂ ਸਤਨਾਮ ਆਪਣੇ ਸਾਥੀਆਂ ਸਮੇਤ ਸਰਾਂ ਵਲ ਟੁਰਿਆ। ਨਵੇਂ ਆਏ ਸ਼ਰਨਾਰਥੀਆਂ ਨੂੰ ਵੇਖਣ ਲਈ ਉਸ ਦੀ ਮਾਂ ਕਈਆਂ ਦਿਨਾਂ ਤੋਂ ਉਧਰ ਜਾਣ ਦਾ ਇਰਾਦਾ ਕਰ ਰਹੀ ਸੀ, ਪਰ ਕੁਝ ਕੰਮ ਦੀ ਬਹੁਲਤਾ ਤੇ ਕੁਝ ਕਰਫ਼ਿਊ ਦੀ ਬੰਦਸ਼ ਨੇ ਉਸ ਨੂੰ ਘਰੋਂ ਨਿਕਲਣ ਨਹੀਂ ਸੀ ਦਿਤਾ। ਇਸ ਤੋਂ ਛੁਟ ਸਰਾਂ ਵਲ ਜਾਣ ਦਾ ਉਸ ਲਈ ਇਕ ਹੋਰ ਵੀ ਕਾਰਨ ਸੀ। ਪਰਸੋਂ ਰੀਲੀਫ਼ ਕਮੇਟੀਆਂ ਵਲੋਂ ਸ਼ਹਿਰੀਆਂ ਲਈ ਇਕ ਅਪੀਲ ਛਪੀ ਸੀ, ਜਿਸ ਵਿਚ ਦਰਜ ਸੀ ਕਿ ਰੀਲੀਫ਼ ਕੈਂਪਾਂ ਵਿਚ ਥਾਂ ਦੀ ਸਖ਼ਤ ਕਿੱਲਤ ਹੋ ਗਈ ਹੈ, ਸੋ ਵਤਨ ਛੋੜਾਂ ਨੂੰ ਟਿਕਾਉਣ ਲਈ ਜਿੰਨੀ ਵੀ ਜਿਸ ਦੇ ਘਰ ਵਿਚ ਥਾਂ ਫ਼ਾਲਤੂ ਨਿਕਲ ਸਕੇ ਉਸ ਵਿਚ ਇਨ੍ਹਾਂ ਲੋਕਾਂ ਨੂੰ ਆਸਰਾ ਦਿਤਾ ਜਾਵੇ। ਇਸ ਅਪੀਲ ਨੂੰ ਪੜ੍ਹਨ ਤੋਂ ਬਾਅਦ ਕੇਸਰ ਕੌਰ ਨੇ ਸਤਨਾਮ ਦੀ ਸਲਾਹ ਨਾਲ ਘਰ ਦੇ ਹੇਠਲੇ ਹਿਸੇ ਦਾ ਜ਼ਰੂਰੀ ਸਾਮਾਨ ਉਪਰ ਪਹੁੰਚਾ ਦਿਤਾ ਸੀ ਤੇ ਵਾਧੂ ਘਾਟੂ ਚੀਜ਼ਾਂ ਇਕ ਪਿਛਲੀ ਕੋਠੜੀ ਵਿਚ ਬੰਦ ਕਰ ਕੇ, ਦੋ ਕਮਰੇ, ਇਕ ਚੌਕ ਤੇ ਇਕ ਰਸੋਈ, ਇੰਨਾਂ ਥਾਂ ਉਸ ਨੇ ਖ਼ਾਲੀ ਕਰ ਦਿਤਾ ਹੋਇਆ ਸੀ। ਅਜ ਉਹ ਇਸ ਗਲ ਦੀ ਵੀ ਭਾਲ ਵਿਚ ਸੀ ਕਿ ਲੋੜਵੰਦਾਂ ਵਿਚ ਕੋਈ ਛੋਟਾ ਜਿਹਾ ਟੱਬਰ ਉਸ ਨੂੰ ਮਿਲ ਸਕੇ ਤਾਂ ਉਸ ਦਾ ਘਰ ਵਿਚ ਉਤਾਰਾ ਕਰਾ ਦੇਵੇ।

ਸਤਨਾਮ ਤੇ ਮੁੰਨੀ, ਚੌਲ ਵੰਡਣ ਵਿਚ ਲਗੇ ਰਹੇ ਤੇ ਓਧਰ ਕੇਸਰ ਕੌਰ ਦੋ ਦੋ ਘੜੀਆਂ ਕਈਆਂ ਵਤਨ ਛੋੜਾਂ ਪਾਸ ਖੜੋਂਦੀ ਹੋਈ ਅਗਾਂਹ ਤੁਰੀ ਗਈ। ਨਰਿੰਦਰ ਨੂੰ ਆਪਣੇ ਕਈ ਦੋਸਤ ਮਿਲ ਗਏ ਸਨ, ਜਿਸ ਕਰ ਕੇ ਉਹ ਉਹਨਾਂ ਨਾਲ ਜਾ ਰਲਿਆ ਸੀ। ਇਕ ਦੋ ਛੋਟੇ ਛੋਟੇ ਟੱਬਰ ਕੇਸਰ ਕੌਰ ਨੂੰ ਆਪਣੇ ਮਤਲਬ ਦੇ ਜਚੇ, ਪਰ ਹਾਲ ਦੀ ਘੜੀ ਕਿਸੇ ਨੂੰ ਵੀ ਉਹ ਉਤਾਰਾ ਦੇਣ ਲਈ ਦਾਹਵਤ ਨਾ ਦੇ ਸਕੀ। ਉਸ ਨੂੰ ਖ਼ਿਆਲ ਆਇਆ ਕਿ ਉਸ ਦੇ ਮਕਾਨ ਦਾ ਹੇਠਲਾ ਥਾਂ ਇਤਨਾ ਸਾਫ਼ ਨਹੀਂ ਕਿ ਕੋਈ ਪਰਵਾਰ ਉਸ ਨੂੰ ਵੇਖਦਿਆਂ ਹੀ ਖ਼ੁਸ਼ੀ ਨਾਲ ਖਿੜ ਜਾਵੇ। ਧੂੰਏਂਦਾਨੀ ਕੁਝ ਖ਼ਰਾਬ ਹੋਣ ਕਰ ਕੇ ਰਸੋਈ ਦਾ ਅੰਦਰਲਾ ਹਿੱਸਾ ਕਾਫ਼ੀ ਕਾਲਾ ਹੋਇਆ ਪਿਆ ਸੀ, ਇਸੇ ਤਰ੍ਹਾਂ ਦੋਂਹ ਵਿਚੋਂ ਇਕ ਕਮਰੇ ਦੀ ਹਾਲਤ ਵੀ ਜ਼ਰਾ ਮਸਤਾਨੀ ਸੀ। ਸੋ ਉਸ ਨੇ ਸਲਾਹ ਕੀਤੀ ਕਿ ਇਕ ਅਧ ਦਿਨ ਲਈ ਕੋਈ ਸਫ਼ੈਦੀ ਕਰਨ ਵਾਲਾ ਲਾ ਕੇ ਪਹਿਲਾਂ ਥਾਂ ਨੂੰ ਠੀਕ ਕਰਵਾਇਆ ਜਾਵੇ, ਫੇਰ ਕਿਸੇ ਨੂੰ ਉਤਾਰਨ ਲਈ ਸੱਦਾ ਦਿਤਾ ਜਾਵੇਗਾ।

ਚੌਲ ਵਰਤਾ ਚੁੱਕਣ ਤੋਂ ਬਾਅਦ ਪਤੀਲਾ ਤੇ ਕੜਛੀ ਦੇ ਕੇ ਕਨ੍ਹਈਏ ਨੂੰ ਘਰ ਟੋਰ ਦਿਤਾ ਗਿਆ ਤੇ ਆਪ ਇਹ ਤਿੰਨੇ ਸਰਾਂ 'ਚੋਂ ਨਿਕਲਦੇ ਹੀ ਦਰਬਾਰ ਸਾਹਿਬ ਵਲ ਟੁਰ ਪਏ।

ਸਰਾਂ ਦਾ ਦਰਵਾਜ਼ਾ ਲੰਘਦਿਆਂ ਹੀ ਜਦ ਕੇਸਰ ਕੌਰ ਨੇ ਇਕ ਹੋਰ ਨਜ਼ਾਰਾ ਵੇਖਿਆ, ਤਾਂ ਉਸ ਦਾ ਦਿਲ ਭਰ ਆਇਆ। ਸਰਾਂ ਤੋਂ ਲੈ ਕੇ ਬਾਬੇ ਸਾਹਿਬ ਦੇ ਬੂਹੇ ਤਕ ਸੜਕ ਦੇ

ਦੋਹੀ ਪਾਸੀਂ ਅਨੇਕਾਂ ਵਤਨ ਛੋੜ ਨਿੱਕੀਆਂ ਨਿੱਕੀਆਂ ਛਾਬੜੀਆਂ ਲਾਈ ਬੈਠੇ ਸਨ। ਕੋਈ ਅੰਗੀਠੀ ਵਿਚ ਪਾਪੜ ਭੁੰਨ ਰਿਹਾ ਸੀ, ਕਿਸੇ ਨੇ ਪਿੱਤਲ ਦੀ ਥਾਲੀ ਵਿਚ ਗਟਾ, ਮੁਰਮੁਰਾ ਤੇ ਖੱਟੀਆਂ ਮਿਠੀਆਂ ਗੋਲੀਆਂ ਰਖੀਆਂ ਹੋਈਆਂ ਸਨ, ਕੋਈ ਉਚ੍ਰਾਵਾਂ ਚੁਲ੍ਹਾ ਰਖੀ ਪਕੌੜੇ ਤਲ ਰਿਹਾ ਸੀ, ਕਿਸੇ ਨੇ ਘਟੀਆ ਮੇਲ ਦੀਆਂ ਲੁਕਾਟਾਂ ਕੇਲੇ ਆਦਿ ਫਲ ਛਾਬਿਆਂ ਵਿਚ ਜੋੜੇ ਹੋਏ ਸਨ ਤੇ ਕੋਈ ਸੂਈਆਂ, ਬਟਨ, ਫਰਾਕਾਂ ਨੂੰ ਟਾਂਕਣ ਵਾਲੇ ਬਕਸੂਏ ਤੇ ਬੂਟਾਂ ਦੇ ਤਸਮੇ ਆਦਿ ਖਿਲਾਰੀ ਬੈਠਾ ਸੀ।

ਇਸ ਦਰਦ ਭਰੀ ਝਾਕੀ ਵਲ ਸਤਨਾਮ ਦਾ ਧਿਆਨ ਦਿਵਾਂਦੀ ਹੋਈ ਕੇਸਰ ਕੌਰ ਤੁਰੀ ਜਾ ਰਹੀ ਸੀ ਤੇ ਕਹਿੰਦੀ ਜਾਂਦੀ ਸੀ "ਵੇਖਾਂ ! ਕੇਹਾਂ ਕੇਹਾਂ ਉਤੇ ਰੱਬ ਮੁਸੀਬਤ ਪਾ ਦੇਂਦਾ ਏ। ਘਰਾਂ ਵਿਚ ਖ਼ਬਰੇ ਕੇਡੀਆਂ ਕੇਡੀਆਂ ਛੈਲ ਸੁਛੀਆਂ ਕਰਦੇ ਹੋਣਗੇ — ਨੌਕਰਾਂ ਚਾਕਰਾਂ ਉਤੇ ਹੁਕਮ ਚਲਾਂਦੇ ਹੋਣਗੇ। ਅਜ ਵਿਚਾਰੇ ਪੈਸੇ ਪੈਸੇ ਦਾ ਸੌਦਾ ਵੇਚਦੇ ਪਏ ਨੇ। ਬਖਸ਼ੀ ! ਹੇ ਵਾਹਿਗੁਰੂ, ਬਖਸ਼ੀਂ।"

ਇਸੇ ਤਰ੍ਹਾਂ ਇਹ ਤਿੰਨੇ ਅੱਗੜ ਪਿੱਛੜ ਤੁਰੇ ਗਏ ਤੇ ਵੇਖਦੇ ਗਏ। ਅਖ਼ੀਰ ਗੁਰੂ ਕੇ ਬਾਗ਼ ਵਲ ਦਾ ਮੋੜ ਮੁੜਨ ਲਗਿਆਂ ਦੂਹਾਂ ਮਾਵਾਂ ਪੁਤਰਾਂ ਦੀ ਨਜ਼ਰ ਇਕ ਐਸੇ ਦ੍ਰਿਸ਼ ਉਤੇ ਪਈ, ਜਿਸ ਨੇ ਘਰ ਪਹੁੰਚਣ ਦੀ ਕਾਹਲੀ ਤੇ ਕਰਫਿਊ ਦਾ ਫ਼ਿਕਰ ਹੁੰਦਿਆਂ ਹੋਇਆਂ ਵੀ ਉਨ੍ਹਾਂ ਦੇ ਕਦਮ ਰੋਕ ਲਏ।

ਸੱਤਰਾਂ ਅੱਸੀਆਂ ਵਰ੍ਹਿਆਂ ਦਾ ਇਕ ਬ੍ਰਿਧ ਜਿਹਾ ਖਤਰੀ ਤੇ ਉਸ ਨਾਲ ਇਕ ਸਤਾਰਾਂ ਅਠਾਰਾਂ ਵਰ੍ਹਿਆਂ ਦੀ ਭਰ ਜੁਆਨ ਕੁੜੀ, ਇਹ ਦੋਵੇਂ ਆਪਣੇ ਅਗੇ ਇਕ ਟੋਕਰੀ ਸ਼ਕਰ ਦੀ, ਇਕ ਟੋਕਰੀ ਦੇਸੀ ਸਾਬਣ ਦੀ ਤੇ ਇਕ ਲੋਹੇ ਦਾ ਛੋਟਾ ਜਿਹਾ ਥਾਲ ਭੁਜੇ ਹੋਏ ਛੋਲਿਆਂ ਦਾ ਰਖੀ ਵੇਚ ਰਹੇ ਸਨ। ਨਾਂ ਨੂੰ ਭਾਵੇਂ ਉਹ ਬੁਢਾ ਹੀ ਹਥ ਵਿਚ ਛੋਟੀ ਜਿਹੀ ਤੱਕੜੀ ਫੜੀ ਬੈਠਾ ਸੀ, ਪਰ ਅਸਲ ਵਿਚ ਕੰਮ ਬਹੁਤਾ ਕੁੜੀ ਨੂੰ ਹੀ ਕਰਨਾ ਪੈ ਰਿਹਾ ਸੀ।

ਕੇਸਰ ਕੌਰ ਨੂੰ ਇਸ ਦਾ ਸਬੱਬ ਸਮਝਣ ਵਿਚ ਦੇਰ ਨਾ ਲਗੀ। ਬੁਢੇ ਦੀ ਨਜ਼ਰ ਇਤਨੀ ਕਮਜ਼ੋਰ ਸੀ ਕਿ ਕੁੜੀ ਦੀ ਮਦਦ ਬਿਨਾਂ ਉਹ ਕੰਮ ਚਲਾ ਨਹੀਂ ਸੀ ਸਕਦਾ।

"ਵਾਹਿਗੁਰੂ ਵਾਹਿਗੁਰੂ" ਕਦਮ ਰੋਕਦੀ ਹੋਈ ਤੇ ਭੀੜ ਵਿਚ ਅਗਾਂਹ ਲੰਘ ਚਲੀ ਮੁੰਨੀ ਨੂੰ ਬਾਹੋਂ ਫੜ ਕੇ ਖਲਿਹਾਰਦੀ ਹੋਈ ਕੇਸਰ ਕੌਰ ਸਤਨਾਮ ਵਲ ਤਕ ਕੇ ਬੋਲੀ — "ਵੇਖੋ ਉਸ ਦੇ ਰੰਗ ! ਭਲਾ ਵਿਚਾਰਾ ਇਹ ਬਾਬਾ ਹੁਣ ਤਕੜੀ ਤੋਲਣ ਜੋਗਾ ਸੀ ? ਤੇ ਇਹ ਕੁੜੀ, ਜਿਹੜੀ ਹਥ ਲਾਇਆਂ ਮੈਲੀ ਹੁੰਦੀ ਏ। ਵੇਖ ਸਤਨਾਮ, ਕਿਧਰ ਏ ਧਿਆਨ ਤੇਰਾ ?" ਕੇਸਰ ਕੌਰ ਨੇ ਆਪਣੀਆਂ ਗੱਲਾਂ ਦੇ ਛੇਕੜਲੇ ਹਿਸੇ ਤੇ ਪਹੁੰਚ ਕੇ ਪੁਤਰ ਦਾ ਮੋਢਾ ਟੁੰਬਿਆ, ਜਿਹੜਾ ਜ਼ਮੀਨ ਵਲ ਤੱਕਦਾ ਹੋਇਆ ਕਿਸੇ ਡੂੰਘੇ ਧਿਆਨ ਵਿਚ ਗੁੰਮ ਸੀ।

"ਆਹੋ ਭਾਬੀ" ਉਸ ਨੇ ਉਤਾਂਹ ਤਕ ਕੇ ਕਿਹਾ — "ਇਨ੍ਹਾਂ ਦੂਹਾਂ ਨੂੰ ਮੈਂ ਉਸ ਦਿਨ ਵੀ ਡਿਠਾ ਸੀ ਸਰਾਂ ਵਿਚ।" ਤੇ ਉਸ ਨੇ ਸੰਖੇਪ ਵਿਚ ਮਾਂ ਨੂੰ ਓਦਨ ਵਾਲੀ ਗਲ ਸੁਣਾਈ।

ਸਤਨਾਮ ਨੇ ਦੁਬਾਰਾ ਨਜ਼ਰ ਭਰ ਕੇ ਕੁੜੀ ਵਲ ਤਕਿਆ ਤੇ ਇਸ ਦੀ ਜਿਹੜੀ ਸ਼ਕਲ ਉਸ ਨੇ ਓਦਣ ਤਕੀ ਸੀ, ਉਸ ਦਾ ਤੇ ਅਜ ਦਾ, ਕਲਪਨਾ ਹੀ ਕਲਪਨਾ ਦਵਾਰਾ ਟਾਕਰਾ ਕਰਨ ਲਗਾ। ਦਿਨ ਕੋਈ ਬਹੁਤੇ ਨਹੀਂ ਸਨ ਹੋਏ, ਪਰ ਇਤਨੇ ਦਿਨਾਂ ਵਿਚ ਹੀ ਉਸ ਨੂੰ ਕੁੜੀ ਦੇ ਚਿਹਰੇ ਉਤੇ ਬਹੁਤ ਕੁਝ ਪਰਿਵਰਤਨ ਦਿਖਾਈ ਦਿਤਾ। ਅਜ ਉਸ ਦੀ ਹਾਲਤ ਓਦਨ ਵਰਗੀ ਗਈ ਗੁਜ਼ਰੀ ਨਹੀਂ ਸੀ। ਚਿਹਰੇ ਦੀ ਪਿਲੱਤਣ ਵੀ ਕੁਝ ਕੁਝ ਘੁਲ ਗਈ ਸੀ ਤੇ ਉਸ ਉਤੇ ਉਹ ਮੌਤ ਵਰਗੀ ਉਦਾਸੀ ਵੀ ਅਜ ਉਨੀ ਨਹੀਂ ਸੀ। ਨਾ ਹੀ ਉਹ ਓਦਨ ਵਾਂਗ ਲੱਕੜੀ ਦੇ ਬੁਤ ਵਰਗੀ ਅਹਿੱਲ ਤੇ ਬੇ-ਹਰਕਤ ਸੀ, ਸਗੋਂ ਇਸ ਤੋਂ ਉਲਟ ਅਜ ਉਹ ਪੂਰੀ

ਚੁਸਤੀ ਨਾਲ ਆਪਣੇ ਬੁਢੇ ਸਾਥੀ ਦੇ ਕੰਮ ਵਿਚ ਮਦਦ ਦੇ ਰਹੀ ਸੀ। ਕਿਸੇ ਨੂੰ ਸੌਦਾ ਦੇਣ ਤੋਂ ਬਾਅਦ ਜੇ ਗਾਹਕ ਨੂੰ ਦੁਆਨੀ ਚੁਆਨੀ 'ਚੋਂ ਬਾਕੀ ਪੈਸੇ ਮੋੜਨੇ ਹੁੰਦੇ, ਤਾਂ ਉਹ ਝਟ ਆਪਣੀ ਗੋਰੀ ਕੋਮਲ ਜਿਹੀ ਬਾਂਹ ਵਧਾ ਕੇ ਤਪੜ ਦੀ ਕੰਨੀ ਹੇਠੋਂ ਪੈਸੇ ਕਢ ਕੇ ਗਾਹਕ ਨੂੰ ਫੜਾ ਦੇਂਦੀ। ਜੇ ਸਾਬਣ ਦੀ ਚਾਕੀ ਤੋਲਣ ਵਿਚ ਬੁਢੇ ਨੂੰ — ਜਿਹੜਾ ਹੱਥਾਂ ਨਾਲ ਟਟੋਲ ਟਟੋਲ ਕੇ ਵਡੀ ਛੋਟੀ ਚਾਕੀ ਦਾ ਅਨੁਮਾਨ ਲਾ ਰਿਹਾ ਹੁੰਦਾ ਸੀ — ਅੜਚਨ ਪੇਸ਼ ਆਉਂਦੀ, ਤਾਂ ਉਹ ਝਟ ਉਸ ਦੇ ਹਥੋਂ ਤੱਕੜੀ ਫੜ ਲੈਂਦੀ ਤੇ ਅਦਲ ਬਦਲ ਤੋਂ ਬਾਅਦ ਚਾਕੀ ਪੂਰੀ ਤੋਲ ਕੇ ਗਾਹਕ ਦੇ ਹਵਾਲੇ ਕਰ ਦੇਂਦੀ।

ਇਕ ਗਲ ਜਿਹੜੀ ਸਭ ਤੋਂ ਹੈਰਾਨੀ ਵਾਲੀ ਸਤਨਾਮ ਨੇ ਵੇਖੀ, ਉਹ ਇਹ ਕਿ ਲਾਗ ਪਾਸ ਦੇ ਸਭ ਸੌਦਾ ਵੇਚਣ ਵਾਲਿਆਂ ਤੋਂ ਬਹੁਤੀ ਗਾਹਕੀ ਇਹਨਾਂ ਦੂਹਾਂ ਪਾਸ ਸੀ। ਭਾਵੇਂ ਕਿ ਦੂਸਰੇ ਵੇਚਣ ਵਾਲੇ ਵੀ ਇਨ੍ਹਾਂ ਵਰਗੇ ਵਤਨ ਛੋੜ ਹੀ ਸਨ (ਛੁਟ ਵਤਨ ਛੋੜਾਂ ਤੋਂ ਹਰ ਕਿਸੇ ਨੂੰ ਇਥੇ ਬੈਠ ਕੇ ਸੌਦਾ ਵੇਚਣ ਦੀ, ਗੁਰਦੁਆਰਾ ਕਮੇਟੀ ਵਲੋਂ ਮਨਾਹੀ ਸੀ) ਤੇ ਸੌਦਾ ਵੀ ਦੂਜਿਆਂ ਪਾਸ ਚੰਗਾ ਚੰਗੇਰਾ ਸੀ। ਕਾਰਨ ਕੁਝ ਵੀ ਹੋਵੇ, ਪਰ ਇਸ ਤਰ੍ਹਾਂ ਸਤਨਾਮ ਨੂੰ ਉਨ੍ਹਾਂ ਦੀ ਆਮ ਨਾਲੋਂ ਬਹੁਤੀ ਗਾਹਕੀ ਵੇਖ ਕੇ ਖੁਸ਼ੀ ਨਹੀਂ ਹੋਈ, ਸਗੋਂ ਇਕ ਤਰ੍ਹਾਂ ਦੁਖ ਹੀ ਹੋਇਆ ਤੇ ਇਹ ਵੇਖ ਕੇ ਹੋਰ ਵੀ ਉਸ ਦਾ ਦਿਲ ਕਲਪਿਆ ਕਿ ਕਈ ਨੌਜਵਾਨ ਗਾਹਕ, ਸੌਦਾ ਲੈ ਚੁਕਣ ਤੋਂ ਬਾਅਦ ਵੀ ਉਥੋਂ ਹਿੱਲਣ ਦਾ ਨਾਂ ਨਹੀਂ ਸਨ ਲੈਂਦੇ। ਪ੍ਰਗਟ ਤੌਰ ਤੇ ਭਾਵੇਂ ਇਹੋ ਜਿਹੇ ਗਾਹਕਾਂ ਦੇ ਚਿਹਰਿਆਂ ਉਤੇ ਸੱਭਿਅਤਾ-ਹੀਣ ਭਾਵ ਨਹੀਂ ਸੀ ਦਿਖਾਈ ਦੇਂਦਾ, ਪਰ ਸਤਨਾਮ ਨੇ ਮਹਿਸੂਸ ਕੀਤਾ ਕਿ ਅਜਿਹੇ ਗਾਹਕਾਂ ਦੇ ਹਮਦਰਦੀ ਭਰੇ ਤਰ੍ਹਾਂ ਤਰ੍ਹਾਂ ਦੇ ਸਵਾਲ "ਬਾਬਾ ਜੀ, ਤੁਸੀਂ ਕਿਥੋਂ ਆਏ ਜੇ... ...ਬੀਬੀ, ਕਿੰਨੇ ਕੁ ਦਿਨ ਹੋਏ ਨੇ ਤੁਹਾਨੂੰ ਆਇਆਂ... ...ਕਿੰਨਾ ਕੁ ਨੁਕਸਾਨ ਹੋਇਆ ਸੀ... ..." ਨਿਰੇ ਹਮਦਰਦੀ ਭਰੇ ਹੀ ਨਹੀਂ ਸਨ, ਸਗੋਂ ਇਨ੍ਹਾਂ ਸਵਾਲਾਂ ਦੇ ਓਹਲੇ ਹਿਰਸ ਦਾ ਜਜ਼ਬਾ ਵੀ ਲੁਕਿਆ ਹੋਇਆ ਸੀ, ਜਿਹੜਾ ਹਰਿਮੰਦਰ ਸਾਹਿਬ ਵਿਚ ਕੀਰਤਨ ਸੁਣਦਿਆਂ ਵੀ ਕਈ ਵਾਰੀ ਇਹੋ ਜਿਹੇ ਲੋਕਾਂ ਦੀਆਂ ਅੱਖਾਂ ਨੂੰ ਏਧਰ ਓਧਰ ਥਿਰਕਣ ਲਈ ਮਜਬੂਰ ਕਰ ਦਿਆ ਕਰਦਾ ਹੈ।

ਕੇਸਰ ਕੌਰ ਇਸੇ ਉਡੀਕ ਵਿਚ ਝਟ ਕੁ ਖੜੋਤੀ ਰਹੀ ਕਿ ਇਕ ਦੋ ਗਾਹਕ, ਜਿਹੜੇ ਕੁਝ ਲੈ ਰਹੇ ਸਨ, ਹਟਣ ਤੇ ਉਹ ਉਨ੍ਹਾਂ ਤੋਂ ਦੋ ਚਾਰ ਗੱਲਾਂ ਪੁਛੇ। ਇਸ ਦਾ ਮੌਕਾ ਉਸ ਨੂੰ ਅਖ਼ੀਰ ਮਿਲ ਹੀ ਗਿਆ।

"ਕਿਉਂ ਬਾਬਾ ਜੀ" ਜਦ ਬਾਬਾ, ਤੱਕੜੀ ਦੇ ਛਾਬੇ ਨਾਲ ਲਗਾ ਹੋਇਆ ਸਾਬਣ ਦਾ ਚੂਰ ਭੂਰ ਝਾੜ ਰਿਹਾ ਸੀ — ਕੇਸਰ ਕੌਰ ਨੇ ਉਸ ਨੂੰ ਪੁਛਿਆ — "ਇਹ ਬੀਬੀ ਲੜਕੀ ਏ ਤੁਹਾਡੀ ?"

ਬਾਬੇ ਨੇ ਲੋੜ ਤੋਂ ਵਧੇਰੇ ਮੱਥਾ ਉਚਾ ਕਰ ਕਰ ਕੇ ਤੇ ਅਵਾਜ਼ ਦੀ ਸੇਧ ਵਿਚ ਐਨਕ ਦੇ ਮੋਟੇ ਸ਼ੀਸ਼ਿਆਂ ਵਿਚੋਂ ਨਜ਼ਰ ਚੁਕ ਕੇ ਤੱਕਦਿਆਂ ਜਵਾਬ ਦਿਤਾ — "ਲੜਕੀ ਛਡ ਕੇ ਹੁਣ ਤੇ ਸਮਝੋ ਮੇਰੀ ਜ਼ਿੰਦਗੀ ਏ ਇਹ, ਉਂਜ ਇਹ ਮੇਰੇ ਛੋਟੇ ਭਰਾ ਦੀ ਲੜਕੀ ਏ।"

"ਲੜਕੀ ਈ ਹੋਈ ਕਿ" ਦਰਦ ਨਾਲ ਭਿਜ ਕੇ ਕੇਸਰ ਕੌਰ ਨੇ ਜਵਾਬ ਦਿਤਾ — "ਭਤੀਜੀ ਕੀ ਏ ਤੇ ਲੜਕੀ ਕੀ" ਜ਼ਰਾ ਕੁ ਠਹਿਰ ਕੇ ਉਸ ਨੇ ਫਿਰ ਪੁਛਿਆ — "ਤੁਸੀਂ ਦੋਵੇਂ ਈ ਹੋ ਇਥੇ ਕਿ ਹੋਰ ਵੀ ਕੋਈ ਨਾਲ ਜੇ ?"

"ਇਕ ਹੋਰ ਵੀ ਹੈ ਸਾਡੇ ਨਾਲ। " ਬਾਬੇ ਨੇ ਤੱਕੜੀ ਨੂੰ ਇਕ ਪਾਸੇ ਰਖਦਿਆਂ ਜਵਾਬ ਦਿਤਾ।

"ਕੌਣ ?" ਕੇਸਰ ਕੌਰ ਨੇ ਫੇਰ ਸਵਾਲ ਕੀਤਾ।

"ਪਰਮਾਤਮਾ" ਬਾਬੇ ਨੇ ਅਸਮਾਨ ਵਲ ਅੱਖਾਂ ਚੁਕ ਕੇ ਕਿਹਾ।

"ਤੇ ਤੁਹਾਡਾ ਹੋਰ ਕੋਈ ਰਿਸ਼ਤੇਦਾਰ ?"

"ਹੋਰ ਕੋਈ ਪਰਮਾਤਮਾ ਨੇ ਰਹਿਣ ਨਹੀਂ ਦਿਤਾ ਬੀਬੀ" ਕਹਿੰਦਿਆਂ ਕਹਿੰਦਿਆਂ ਬ੍ਰਿਧ ਨੇ ਧੋਤੀ ਦੀ ਕੰਨੀ ਦੇ ਅਗਲੇ ਹਿਸੇ ਨੂੰ ਐਨਕ ਦੇ ਸ਼ੀਸ਼ਿਆਂ ਹੇਠ ਲੈ ਕੇ ਅੱਖਾਂ ਪੂੰਝੀਆਂ।"

"ਹਾਏ ਮੈਂ ਮਰ ਜਾਵਾਂ ?" ਕੇਸਰ ਕੌਰ ਨੇ ਉਸ ਦੇ ਸੌਦੇ ਲਾਗੇ ਬੈਠਦਿਆਂ ਫਿਰ ਪੁਛਿਆ — "ਦੰਗੇ ਫ਼ਸਾਦ ਵਿਚ ਈ ਬਾਬਾ ਜੀ ?"

"ਹਾਂ ਧੀਏ" ਬੁਢੇ ਦਾ ਦਿਲ ਜਿਵੇਂ ਛਲਕਦਾ ਆ ਰਿਹਾ ਸੀ ਇਹ ਹਮਦਰਦੀ ਭਰੇ ਵਾਕ ਸੁਣ ਕੇ।

"ਕੌਣ ਕੌਣ ਸੀ ਬਾਬਾ ਜੀ ?"

"ਇਕ ਪੁੱਤਰ ਸੀ, ਇਕ ਭਤੀਜਾ, ਇਕ ਨੂੰਹ, ਇਕ ਭਰਜਾਈ — ਇਸ ਕੁੜੀ ਦੀ ਮਾਂ। ਧਾ ਲਾ ਕੇ ਬੀਬੀ, ਇਹੋ ਤੰਦ ਬਚੀ ਏ" ਤੇ ਉਸ ਨੇ ਆਪਣੀਆਂ ਡੁਬਡੁਬਾਈਆਂ ਅੱਖਾਂ ਨੂੰ ਕੋਲ ਬੈਠੀ ਕੁੜੀ ਵਲ ਚੁਕਿਆ, ਜਿਹੜੀ ਜ਼ਮੀਨ ਉਤੇ ਨਜ਼ਰ ਟਿਕਾਈ, ਵਿਛੇ ਹੋਏ ਤੱਪੜ ਦੇ ਇਕ ਧਾਗੇ ਨੂੰ ਖਿਚਦੀ ਹੋਈ ਹੌਲੀ ਹੌਲੀ ਵਟ ਚੜ੍ਹਾ ਰਹੀ ਸੀ।

"ਤੇ ਘਰ ਬਾਰ ?" ਕੇਸਰ ਕੌਰ ਨੇ ਇਕ ਹੋਰ ਸਵਾਲ ਕੀਤਾ, ਜਿਸ ਦਾ ਉੱਤਰ ਬਾਬੇ ਨੇ ਸੰਖੇਪ ਵਿਚ ਹੀ ਖ਼ਤਮ ਕਰ ਦਿਤਾ — "ਕੁਝ ਵੀ ਨਹੀਂ ਬਚਿਆ ਬੀਬੀ।"

ਕੇਸਰ ਕੌਰ ਦੀਆਂ ਅੱਖਾਂ ਤ੍ਰਿਬੁਡ ਸਨ। ਉਸ ਨੇ ਪਿਛਾਂਹ ਗਰਦਨ ਮੋੜ ਕੇ ਸਤਨਾਮ ਵਲ — ਜਿਹੜਾ ਉਸ ਦੀ ਪਿਠ ਪਿਛੇ, ਮੁੰਨੀ ਦੀ ਬਾਂਹ ਫੜੀ ਖੜ੍ਹਾ ਸੀ — ਤੱਕਿਆ। ਸ਼ਾਇਦ ਉਹ ਵੀ ਇਨ੍ਹਾਂ ਦੂਹਾਂ ਉਤੇ ਕੁਝ ਸਵਾਲ ਕਰਨ ਦਾ ਖ਼ਾਹਿਸ਼ਮੰਦ ਸੀ, ਪਰ ਨਹੀਂ ਕਰ ਸਕਿਆ।

ਹੁਣ ਕੇਸਰ ਕੌਰ ਬਾਬੇ ਵਲੋਂ ਹਟ ਕੇ ਕੁੜੀ ਵਲ ਮੁੜੀ। ਬਾਬਾ ਕਿਸੇ ਗਾਹਕ ਲਈ ਇਕ ਆਨੇ ਦੇ ਭੁਜੇ ਹੋਏ ਛੋਲੇ ਤੋਲ ਰਿਹਾ ਸੀ।

"ਤੇਰਾ ਨਾਂ ਕੀ ਏ ਬੀਬੀ ?"

"ਜੀ ਕ੍ਰਿਸ਼ਨਾ।"

"ਕਿਥੇ ਟਿਕੇ ਹੋਏ ਜੇ ਤੁਸੀਂ ?"

"ਸਰਾਂ ਵਿਚ ਜੀ।"

"ਕਮਰਾ ਲਿਆ ਹੋਇਆ ਜੇ ਕੋਈ ?"

"ਕਮਰਾ ਤੇ ਜੀ ਕੋਈ ਨਹੀਂ ਮਿਲਿਆ ਸਾਨੂੰ।"

"ਸੌਂਦੇ ਕਿਥੇ ਹੁੰਦੇ ਓ ?"

"ਬਰਾਂਡੇ ਵਿਚ ਜੀ।"

"ਕਪੜਾ ਲੱਤਾ ਕੋਈ ਹੈ ਜੇ ਕੋਲ ?"

ਕੁੜੀ ਨੇ ਜਵਾਬ ਨਹੀਂ ਦਿਤਾ।

"ਰੋਟੀ ਕਿਥੋਂ ਖਾਂਦੇ ਹੁੰਦੇ ਓ ?" ਕੇਸਰ ਕੌਰ ਦਾ ਇਹ ਪ੍ਰਸ਼ਨ ਭਾਵੇਂ ਬੇ-ਲੋੜਾ ਜਿਹਾ ਸੀ, ਜਦ ਕਿ ਉਹ ਚੰਗਾ ਭਲਾ ਜਾਣਦੀ ਸੀ ਕਿ ਸੈਂਕੜੇ ਟੋਕਰੇ ਅਨਾਜ ਰੋਜ਼ ਇਨ੍ਹਾਂ ਲੋਕਾਂ ਲਈ ਹੀ ਆਉਂਦਾ ਹੈ, ਪਰ ਸਤਨਾਮ ਦੀ ਜ਼ਬਾਨੀ ਹੁਣੇ ਹੁਣੇ ਜੁ ਉਹ ਸੁਣ ਚੁਕੀ ਸੀ ਕਿ ਬਾਬੇ ਨੇ ਉਸ ਦਿਨ ਏਸ ਕੁੜੀ ਨੂੰ ਰੋਟੀ ਨਹੀਂ ਸੀ ਲੈਣ ਦਿਤੀ।

ਕੁੜੀ ਨੇ ਉੱਤਰ ਦਿਤਾ — "ਬਾਜ਼ਾਰੋਂ ਰਾਸ਼ਨ ਲਿਆ ਕੇ ਪਕਾ ਲੈਂਦੀ ਆਂ ਜੀ।"

"ਤੁਸੀਂ ਬੀਬੀ" ਕੇਸਰ ਦੇ ਦਿਲ ਦੀ ਉਦਾਰਤਾ ਜਿਵੇਂ ਡੁਲ੍ਹ ਰਹੀ — "ਜੇ ਚਾਹੋ ਤਾਂ ਸਾਡੇ ਘਰ ਚਲੇ ਚਲੋ। ਤੁਹਾਡੇ ਜੋਗੀ ਥਾਂ ਬਥੇਰੀ ਏ।"

ਕੁੜੀ ਪਹਿਲਾਂ ਚੁਪ ਕੀਤੀ ਰਹੀ, ਫਿਰ ਕੋਲ ਬੈਠੇ ਬ੍ਰਿਧ ਵਲ ਤਕ ਕੇ ਬੋਲੀ — "ਜੀ ਮੇਰੇ ਬਾਪੂ ਜੀ ਨੂੰ ਪੁਛ ਲਓ।"

"ਬਾਬਾ ਜੀ !" ਆਪਣੀ ਉਦਾਰਤਾ ਤੇ ਭਾਵਾਂ ਨੂੰ ਲੁਕਾਂਦੀ ਹੋਈ ਨਿਰੀ ਦੀਨਤਾ ਦੇ ਰੰਗ ਵਿਚ ਕੇਸਰ ਕੌਰ ਨੇ ਬ੍ਰਿਧ ਨੂੰ ਪੁਛਿਆ — "ਮੈਂ ਕਿਹਾ, ਜੇ ਥਾਂ ਟਿਕਾਣੇ ਦੀ ਤਕਲੀਫ਼ ਹੋਵੇ ਤੁਹਾਨੂੰ, ਤਾਂ ਸਾਡੇ ਘਰ ਚਲੇ ਚਲੋ। ਘਰ ਕਾਫ਼ੀ ਖੁਲ੍ਹਾ ਏ। ਥਾਂ ਨਿਕਲ ਆਵੇਗੀ ਤੁਹਾਡੇ ਜੋਗੀ।"

"ਈਸ਼੍ਵਰ ਤੁਹਾਨੂੰ ਸਲਾਮਤ ਰਖੇ ਬੀਬੀ" ਬਾਬਾ ਸੁਘੜ ਤੇ ਸਨਿਮ੍ਰ ਵਾਕਾਂ ਵਿਚ ਬੋਲਿਆ — "ਕੋਈ ਨਹੀਂ, ਗੁਜ਼ਾਰਾ ਹੋਈ ਜਾਂਦਾ ਏ। ਪਰਮਾਤਮਾ ਨੂੰ ਜੇ ਸਾਡਾ ਘਰ ਛੱਤਾਂ ਵਿਚ ਮਨਜ਼ੂਰ ਹੁੰਦਾ, ਤਾਂ ਆਪ ਈ ਕਿਉਂ ਖੋਂਹਦਾ।

"ਪਿਤਾ ਜੀ" ਇਕ ਦੰਮ ਤੇ ਬਿਨਾਂ ਸੋਚੇ ਸਮਝੇ ਹੀ ਕੇਸਰ ਕੌਰ ਦਾ ਸੰਬੋਧਨ 'ਬਾਬਾ ਜੀ' ਤੋਂ 'ਪਿਤਾ ਜੀ' ਵਿਚ ਬਦਲ ਗਿਆ — "ਘਰ ਤੇ ਸਾਰੇ ਈ ਉਸ ਦੇਣ ਵਾਲੇ ਦੇ ਨੇ। ਅਸੀਂ ਕੌਣ ਹੁੰਨੇ ਆਂ ਘਰਾਂ ਵਾਲੇ। ਪਰ ਮੈਂ ਹਥ ਜੋੜਨੀ ਆਂ, ਇਸ ਕੁੜੀ ਦੀ ਉਮਰ ਨਹੀਂ ਇਸ ਤਰ੍ਹਾਂ ਰੁਲਣ ਜੋਗੀ। ਨਾਲੇ ਪਿੰਡਾਂ ਦੀ ਗਲ ਕੁਝ ਹੋਰ ਹੁੰਦੀ ਏ, ਸ਼ਹਿਰਾਂ ਵਿਚ ਵਣ ਵਣ ਦੀ ਲੱਕੜੀ ਕੱਠੀ ਹੋਈ ਹੁੰਦੀ ਏ। ਜੇ ਤੁਸੀਂ ਮੇਰੀ ਬੇਨਤੀ ਮੰਨੋ ਤੇ ਇਸ ਕੁੜੀ ਨੂੰ ਲੈ ਕੇ... ..."

"ਵੇਖ ਧੀਏ" ਉਸ ਦੀ ਗਲ ਖ਼ਤਮ ਹੋਣ ਤੋਂ ਪਹਿਲਾਂ ਹੀ ਬ੍ਰਿਧ ਬੋਲਿਆ — "ਗੁਸਾ ਨਾ ਕਰਨਾ ਮੇਰੀ ਗਲ ਦਾ। ਤੁਹਾਡੇ ਘਰ ਚਲਣ ਤੋਂ ਮੈਨੂੰ ਨਾਬਰੀ ਕੋਈ ਨਹੀਂ। ਤੂੰ ਮੇਰੀਆਂ ਧੀਆਂ ਦੇ ਥਾਂ ਏਂ। ਪਰ ਤੇਰੇ ਬਚੇ ਜੀਣ, ਬੋਲਿਆ ਬੋਲ ਪਾਲਣਾ ਔਖਾ ਹੁੰਦਾ ਏ। ਅਸੀਂ ਵੀ ਭਾਗਾਂ ਵਾਲੀਏ, ਸਤਾਂ ਨੂੰ ਖਵਾ ਕੇ ਖਾਣ ਵਾਲੇ ਸਾਂ — ਰਿਜ਼ਕ ਨਾਲ ਅੰਦਰ ਬਾਹਰ ਭਰਿਆ ਉਛਲਦਾ ਸੀ। ਅਜ ਭਾਵੇਂ ਪਰਮਾਤਮਾ ਨੇ ਤਖ਼ਤੋਂ ਲਾਹ ਕੇ ਤਖ਼ਤੇ ਤੇ ਸੁਟ ਦਿਤਾ ਏ, ਪਰ ਦਿਲ ਤੇ ਸਾਡੇ ਓਹੀ ਨੇ ਨਾ। ਆਪਣੀ ਮੈਨੂੰ ਕੋਈ ਨਹੀਂ ਬੀਬੀ। ਬਥੇਰਾ ਖਾ ਹੰਢਾ ਚੁਕਾ ਵਾਂ। ਹੁਣ ਤੇ ਕੰਧੀ ਉਤੇ ਰੁਖੜੇ ਵਾਲੀ ਗਲ ਏ। ਪਰ ਫ਼ਿਕਰ ਮੈਨੂੰ ਇਸ ਕੁੜੀ ਦਾ ਮਾਰੀ ਜਾਂਦਾ ਏ। ਇਸ ਵਿਚਾਰੀ ਨੇ ਕੀ ਖਾਧਾ ਤੇ ਕੀ ਹੰਢਾਇਆ। ਗੁਡੀਆਂ ਪਟੋਲੇ ਖੇਡਣ ਦੀ ਉਮਰ ਤੇ ਰੱਬ ਨੇ ਪਾ ਦਿਤੇ ਵਖ਼ਤ। ਸੋ ਜੇ ਬੀਬੀ ਰਾਣੀ, ਸਾਨੂੰ ਆਸਰਾ ਦੇਣਾ ਈ ਤਾਂ 'ਆਪਣੇ' ਸਮਝ ਕੇ ਦਈਂ। ਸਾਡਾ ਮਾਣ ਨਾ ਤੋੜੀਂ, ਦਿਲ ਸਾਡੇ ਅਗੇ ਈ ਟੁਟੇ ਹੋਏ ਨੇ।"

ਦਿਲ ਫੇਰ ਭਰ ਆਇਆ ਕੇਸਰ ਕੌਰ ਦਾ। ਉਸ ਨੇ ਇਕ ਵਾਰੀ ਫੇਰ ਪਿਛਾਂਹ ਸਿਰ ਮੋੜ ਕੇ ਸਤਨਾਮ ਵਲ ਤਕਿਆ ਤੇ ਉਸ ਦੀਆਂ ਅੱਖਾਂ ਵਿਚੋਂ ਕੁਝ ਇਸ ਵੇਲੇ ਤਕ ਸਕੀ ਇਸ ਦੇ ਹੁੰਦਿਆਂ ਪੁੱਤਰ ਨਾਲ ਇਸ ਬਾਰੇ ਸਲਾਹ ਕਰਨ ਦੀ ਉਸ ਨੂੰ ਕੁਝ ਵੀ ਲੋੜ ਨਾ ਜਾਪੀ। ਗਦ ਗਦ ਹਿਰਦੇ 'ਚੋਂ ਬੋਲੀ — "ਤੁਸੀਂ ਕੁੜੀ ਦਾ ਮਾਸਾ ਫ਼ਿਕਰ ਨਾ ਕਰੋ। ਪਿਤਾ ਜੀ ! ਮੈਂ ਇਸ ਨੂੰ ਐਸ ਕੁੜੀ ਦੀ ਵਡੀ ਭੈਣ ਸਮਝ ਕੇ, ਆਪਣੀ ਛਾਤੀ ਨਾਲ ਲਾ ਕੇ ਰਖਾਂਗੀ।" ਤੇ ਕੋਲ ਖਲੋਤੀ ਮੁੰਨੀ ਵਲ ਉਸ ਨੇ ਬਾਬੇ ਨੂੰ ਤਕਾਇਆ।

"ਇਕ ਗਲ ਦਾ ਯਕੀਨ ਰਖਣਾ ਬੀਬੀ !" ਬਾਬਾ ਕੇਸਰ ਕੌਰ ਦੇ ਉਦਾਰ ਭਾਵਾਂ ਤੋਂ ਪ੍ਰਭਾਵਿਤ ਹੋ ਕੇ ਬੋਲਿਆ, "ਅਸੀਂ ਤੁਹਾਡੇ ਕੋਲੋਂ ਮੰਗਾਂਗੇ ਕੁਝ ਨਹੀਂ। ਉਮਰ ਮੇਰੀ ਭਾਵੇਂ ਸੱਤਰਾਂ ਤੋਂ ਟੱਪੀ ਹੋਈ ਏ, ਪਰ ਅਜੇ ਵੀ ਮੈਂ ਕਮਾ ਕੇ ਕਈਆਂ ਨੂੰ ਖਵਾ ਸਕਨਾ ਬੀਬੀ। ਮਾਰਿਆ ਵੇ ਤਾ ਮੈਨੂੰ ਅੱਖਾਂ ਦੀ ਕਮਜ਼ੋਰੀ ਨੇ। ਜੇ ਕਿਤੇ ਇਕ ਵਾਰੀ ਅੱਖਾਂ ਬਣ ਗਈਆਂ ਤਾਂ ਫਿਰ ਮੈਨੂੰ ਕਿਸੇ ਗਲ ਦਾ ਵਿਗੋਚਾ ਨਹੀਂ ਰਹਿਣਾ। ਹੋਰ ਸਭ ਕੁਝ ਜੇ ਛਡ ਦਿਆਂ ਤਾਂ ਹਿਕਮਤ ਦਾ ਕੰਮ ਮੈਂ ਇਤਨਾ ਕੁ ਜ਼ਰੂਰ ਜਾਣਨਾ ਵਾਂ ਜਿਸ ਨਾਲ ਗੁਜ਼ਾਰਾ ਚਲ ਸਕੇ।"

"ਵਾਹਿਗੁਰੂ ਕਰੇ" ਕੇਸਰ ਕੌਰ ਬੋਲੀ — "ਤੁਸੀਂ ਸਭ ਕਾਸੇ ਜੋਗੇ ਹੋਵੋ, ਪਰ ਮੇਰੇ ਵਲੋਂ ਯਕੀਨ ਰਖੋ ਕਿ ਲਗਦੀ ਵਾਹ ਮੈਂ ਕਿਸੇ ਗਲੋਂ ਤੁਹਾਨੂੰ ਤੇ ਇਸ ਕੁੜੀ ਨੂੰ ਔਖਿਆ ਨਹੀਂ ਹੋਣ ਦਿਆਂਗੀ। ਔਹ ਵੇਖੋ ਮੇਰਾ ਵਡਾ ਪੁੱਤਰ ਖੜ੍ਹਾ ਜੇ। ਜੇ 'ਆਪਣੇ' ਜਾਣ ਕੇ ਤੁਹਾਡੀ ਸੇਵਾ ਨਹੀਂ ਕਰੇਗਾ ਤਾਂ ਮੈਂ ਇਸ ਨੂੰ ਥੱਡੀ ਧਾਰਾਂ ਨਹੀਂ ਬਖ਼ਸ਼ਾਂਗੀ" ਤੇ ਉਸ ਨੇ ਪਿਛੇ ਖੜੋਤੇ ਸਤਨਾਮ ਵਲ ਤਕਾਇਆ।

"ਮੈਂ ਪੁੱਤਰਾਂ ਵਾਂਗ ਤੁਹਾਡੀ ਸੇਵਾ ਕਰਾਂਗਾ ਬਾਬਾ ਜੀ !" ਸਤਨਾਮ ਕੇਵਲ ਇਤਨਾ ਹੀ ਬੋਲ ਸਕਿਆ।

"ਪੁੱਤਾ, ਤਾਂ ਕਲ੍ਹ ਕਿਸੇ ਵੇਲੇ ਆ ਕੇ ਸਾਨੂੰ ਨਾਲ ਲੈ ਜਾਣਾ।" ਬਾਬੇ ਨੇ ਪੂਰੇ ਸ੍ਵੈ-ਮਾਣ ਦੇ ਰੰਗ ਵਿਚ ਕਿਹਾ।

ਦਰਬਾਰ ਸਾਹਿਬ ਮੱਥਾ ਟੇਕਣ ਤੇ ਮੰਜੀ ਸਾਹਿਬ ਮਹੀਨਾ ਸੁਣ ਲੈਣ ਤੋਂ ਬਾਅਦ ਇਹ ਤ੍ਰਿਗੜਾ ਕਾਹਲੇ ਕਦਮੀਂ ਘਰ ਵਲ ਜਾ ਰਿਹਾ ਸੀ। ਕਰਫਿਊ ਲਗਣ ਵਿਚ ਕੇਵਲ ਪੰਜ ਮਿੰਟ ਬਾਕੀ ਸਨ।

12

ਕਦੀ ਕਦੀ ਕੋਈ ਅਣਕਿਆਸੀ ਘਟਨਾ, ਇਕ ਜ਼ਲਜ਼ਲਾ ਜਿਹਾ ਬਣ ਕੇ ਸਾਡੇ ਅੰਦਰ ਬਣੇ ਹੋਏ ਮਜ਼ਬੂਤ ਤੋਂ ਮਜ਼ਬੂਤ ਖ਼ਿਆਲਾਂ ਦੀਆਂ ਜੜ੍ਹਾਂ ਨੂੰ ਵੀ ਹਿਲਾ ਜਾਂਦੀ ਹੈ। ਖ਼ਿਆਲਾਂ ਦੇ ਮਹੱਲ ਮੁਨਾਰੇ ਸਾਡੇ ਜੀਵਨ ਦੀ ਧਰਤੀ ਤੇ ਉਸਰਦੇ ਰਹਿੰਦੇ ਹਨ ਤੇ ਇਕ ਦੂਜੇ ਵਿਚ ਮਿਸ੍ਰਿਤ ਹੋ ਕੇ ਨਵੀਂ ਤੋਂ ਨਵੀਂ ਸ਼ਕਲ ਵਿਚ ਬਦਲਦੇ ਰਹਿੰਦੇ ਹਨ ਪਰ ਕਿਸੇ ਘਟਨਾ ਦਾ ਭੁਚਾਲ ਹੀ ਕਿਸੇ ਵੇਲੇ ਆ ਜਾਂਦਾ ਹੈ ਤੇ ਇਸ ਦੀ ਆਮਦ ਕਈ ਵਾਰੀ ਇਤਨੀ ਅਨੋਖੀ ਸਾਬਤ ਹੁੰਦੀ ਹੈ ਕਿ ਅਸੀਂ ਵੇਖ ਕੇ ਹੈਰਾਨ ਰਹਿ ਜਾਂਦੇ ਜਾਂ ਜਦ ਕੁਝ ਵੀ ਸਾਡੇ ਅੰਦਰ ਪਹਿਲਾ ਵਰਗਾ ਨਹੀਂ ਰਹਿੰਦਾ — ਸਭ ਕੁਝ ਉਲਟ ਪੁਲਟ ਤੇ ਹੋਰ ਦਾ ਹੋਰ।

ਘਟਨਾ ਜੇ ਛੋਟੀ ਹੋਵੇ ਤਾਂ ਇਹ ਜ਼ਰੂਰੀ ਨਹੀਂ ਹੁੰਦਾ ਕਿ ਉਸ ਦਾ ਅਸਰ ਵੀ ਛੋਟਾ ਹੀ ਹੋਵੇ। ਅੱਗ ਦੀ ਛੋਟੀ ਜਿਹੀ ਚੰਗਿਆੜੀ ਕਿੰਨੀ ਤੁਛ ਚੀਜ਼ ਹੁੰਦੀ ਹੈ, ਪਰ ਕੀ ਉਸ ਦਾ ਅਸਰ ਵੀ ਉਤਨਾ ਹੀ ਤੁਛ ਹੁੰਦਾ ਹੈ ?

ਸਤਨਾਮ ਦੀ ਜ਼ਿੰਦਗੀ ਵਿਚ ਵੀ ਇਹੋ ਜਿਹੀ ਘਟਨਾ ਰੂਪੀ ਜ਼ਲਜ਼ਲਾ ਜਿਹਾ ਬਣ ਕੇ ਆਇਆ ਅਥਵਾ ਚੰਗਿਆੜੀ ਬਣ ਕੇ ਜਿਸ ਨੇ ਪਲਕ ਝਲਕ ਵਿਚ ਉਸ ਦੇ ਖਿਆਲਾਂ ਤੇ ਨਾਲੋਂ ਆਦਰਸ਼ਾਂ ਦੇ ਖਲਵਾੜੇ ਨੂੰ ਭਾਂਬੜ ਬਣ ਕੇ ਆਪਣੀ ਲਪੇਟ ਵਿਚ ਲੈ ਲਿਆ।

ਸ਼ਾਮ ਦਾ ਵੇਲਾ ਸੀ, ਕਰਫਿਊ ਲਗਾ ਹੋਇਆ ਸੀ ਤੇ ਸਭ ਲੋਕੀ ਆਪੋ ਆਪਣੇ ਅੰਦਰੀ ਕੈਦ ਸਨ। ਸਤਨਾਮ ਆਪਣੇ ਕਮਰੇ ਵਿਚ ਮੰਜੇ ਤੇ ਲੰਮਾ ਪਿਆ ਪਿਆ ਇਕ ਤਰ੍ਹਾਂ ਨਾਲ ਛਟਪਟਾ ਰਿਹਾ ਸੀ। ਉਸ ਦੇ ਸਾਹਮਣੇ ਇਕ ਛੋਟੀ ਜਿਹੀ ਚਿੱਠੀ ਖੁਲ੍ਹੀ ਪਈ ਸੀ। ਜਿਸ ਦੀਆਂ ਸਤਰਾਂ ਉਤੇ ਉਸ ਨੇ ਨਜ਼ਰ ਗੱਡੀ ਹੋਈ ਸੀ, ਪਰ ਜਾਪਦਾ ਸੀ, ਉਹ ਇਨ੍ਹਾਂ ਨੂੰ ਪੜ੍ਹ ਨਹੀਂ ਸੀ ਰਿਹਾ ਸਗੋਂ ਇਨ੍ਹਾਂ ਸਤਰਾਂ ਥਾਣੀ ਆਪਣੇ ਆਦਰਸ਼ਾਂ ਦੀ ਉਸ ਬਰਬਾਦ ਹੋ ਚੁਕੀ ਦੁਨੀਆਂ ਨੂੰ ਵੇਖ ਰਿਹਾ ਸੀ ਜਿਹੜੀ ਅਜੇ ਕਲ੍ਹ ਤੀਕ ਘਟਨਾ ਰੂਪੀ ਇਕ ਜ਼ਲਜ਼ਲਾ ਆਉਣ ਤੋਂ ਪਹਿਲਾਂ — ਉਹ ਵਸਦੀ ਰਸਦੀ ਵੇਖ ਚੁਕਾ ਸੀ।

ਘਟਨਾ ? ਕਿਹੜੀ ਘਟਨਾ ? ਕੀ ਇਹਨਾਂ ਦਿਨਾਂ ਵਿਚ — ਜਦ ਕਿ ਜਿਸ ਪਾਸੇ ਨਜ਼ਰ ਮਾਰੋ ਦੁਖੀ ਵਤਨ ਛੋੜਾਂ ਦੀਆਂ ਵਹੀਰਾਂ ਤੋਂ ਬਿਨਾਂ ਕੁਝ ਦਿਖਾਈ ਹੀ ਨਹੀਂ ਸੀ ਦੇਂਦਾ, ਸਾਧਾਰਨ ਇਕ ਬੁਢੇ ਤੇ ਇਕ ਮੁਟਿਆਰ ਦੀ ਦਰਦ-ਕਹਾਣੀ ਕੋਈ 'ਘਟਨਾ' ਕਹੀ ਜਾ ਸਕਦੀ ਸੀ ?

ਬੇਸ਼ਕ ਇਹ ਕੁਝ ਵੀ ਨਹੀਂ ਸੀ — ਨਾ ਕੋਈ ਘਟਨਾ ਤੇ ਨਾ ਹੀ ਕੋਈ ਅਨੋਖੀ ਹੋਣੀ ਪਰ ਸਤਨਾਮ ਨੇ ਕਲ੍ਹ ਜਿਸ ਵੇਲੇ ਤੋਂ ਉਨ੍ਹਾਂ ਦੋਹਾਂ ਅਭਾਗਿਆਂ ਨੂੰ ਦੋਬਾਰਾ ਤਕਿਆ ਹੈ, ਉਸ ਦਾ ਦਿਲ ਵਸ ਵਿਚ ਨਹੀਂ ਰਿਹਾ। ਇਸ ਵੇਲੇ ਜਦ ਕਿ ਕਲ੍ਹ ਵਾਲੇ ਉਨ੍ਹਾਂ ਦੋਹਾਂ ਰੀਫ਼ੀਊਜੀਆਂ ਦੇ ਮੇਲ ਨੂੰ ਪੈਂਤੀ ਚਾਲ੍ਹੀ ਘੰਟੇ ਬੀਤ ਚੁਕੇ ਹਨ, ਉਸ ਦਾ ਦਿਲ ਅਜੇ ਤੀਕ ਉਸੇ ਤਰ੍ਹਾਂ ਦੁਖ ਤੇ ਹਮਦਰਦੀ ਦੇ ਭਾਵਾਂ ਨਾਲ ਛਲਕ ਛਲਕ ਕੇ ਬਾਹਰ ਆਉਣ ਨੂੰ ਕਰ ਰਿਹਾ ਹੈ। ਨਿਰਾਸ਼ਾ

ਦੇ ਕਾਫ਼ੀ ਪਾਸਾਰ ਹੇਠ ਇਸ ਕਦੀ ਮਾਸੂਮੀਅਤ ਦੀ ਜਿਹੜੀ ਤਸਵੀਰ ਕਲ੍ਹ ਉਸ ਨੇ ਉਸ ਮੁੰਦਰੀ ਦੇ ਚਿਹਰੇ ਤੇ ਤੱਕੀ ਸੀ, ਇਕ ਪਲ ਲਈ ਵੀ ਉਸ ਦੀਆਂ ਅੱਖਾਂ ਅੱਗੋਂ ਹਟ ਨਹੀਂ ਸਕੀ ਤੇ ਇਸ ਦੇ ਨਾਲ ਨਾਲ ਹੀ ਉਨ੍ਹਾਂ ਜ਼ਾਲਮ ਤੇ ਨਿਰਦਈ ਜਰਵਾਣਿਆਂ ਦੇ ਵਿਰੁਧ ਨਫ਼ਰਤ ਨਾਲ ਉਸ ਦਾ ਖੂਨ ਖੌਲਣ ਲੱਗਿਆ ਜਾ ਰਿਹਾ ਸੀ, ਜਿਨ੍ਹਾਂ ਦੇ ਤਸ਼ੱਦਦ ਦਾ ਸ਼ਿਕਾਰ ਹੋ ਕੇ ਅਜ ਉਸ ਮੁੰਦਰੀ ਵਰਗੀਆਂ ਹਜ਼ਾਰਾਂ ਨਹੀਂ ਲੱਖਾਂ ਬੇ-ਗੁਨਾਹ ਜਿੰਦੜੀਆਂ ਆਪਣੀ ਜਵਾਨੀ ਤੇ ਸੁੰਦਰਤਾ ਦੀ ਆਹੂਤੀ ਦੇ ਰਹੀਆਂ ਸਨ।

ਸਤਨਾਮ ਦੇ ਆਦਰਸ਼ਕ-ਦ੍ਰਿਸ਼ਟੀ ਵਿਚ ਸ਼ਾਇਦ ਇਹ ਪਹਿਲੀ ਤਰੇੜ ਸੀ, ਜਿਹੜੀ ਕਲ੍ਹ ਦੀ ਘਟਨਾ ਤੋਂ ਬਾਅਦ ਉਸ ਨੇ ਮਹਿਸੂਸ ਕੀਤੀ। ਭਾਵੇਂ ਅਜ ਤੀਕ ਉਸ ਦੇ ਸਾਥੀ ਬਰਾਬਰ ਇਹ ਦੁਹਾਈਆਂ ਦੇਂਦੇ ਰਹੇ ਸਨ ਕਿ ਇਨ੍ਹਾਂ ਫ਼ਸਾਦਾਂ ਦੀ ਅੱਗ ਉਤੇ ਤੇਲ ਪਾਣ ਦੀ ਜ਼ਿੰਮੇਵਾਰੀ ਕੇਵਲ ਮੁਸਲਮਾਨਾਂ ਉਤੇ ਹੈ ਜਿਹੜੇ ਹਰ ਇਕ ਸ਼ਰਾਰਤ ਵਿਚ ਪਹਿਲ ਕਰਦੇ ਆ ਰਹੇ ਹਨ ਪਰ ਸਤਨਾਮ ਦਾ ਦਿਲ ਕਦੀ ਵੀ ਪੂਰੀ ਤਰ੍ਹਾਂ ਇਨ੍ਹਾਂ ਦਲੀਲਾਂ ਨਾਲ ਸਹਿਮਤ ਨਹੀਂ ਸੀ ਹੋਇਆ ਪਰ ਕਲ੍ਹ ਵਾਲੀ ਘਟਨਾ ਨੇ ਉਸ ਦੇ ਸਾਰੇ ਖ਼ਿਆਲਾਂ ਨੂੰ ਉਥੱਲ ਪੁਥੱਲ ਕਰ ਦਿਤਾ। ਮਾਨੋ ਉਸ ਕੁੜੀ ਦਾ ਚਿਹਰਾ, ਚਿਹਰਾ ਨਹੀਂ, ਕਿਤਾਬ ਦਾ ਕੋਈ ਵਰਕਾ ਸੀ, ਜਿਸ ਉਤੇ ਸਾਫ਼ ਲਿਖਿਆ ਹੋਇਆ ਉਸ ਨੂੰ ਦਿਖਾਈ ਦਿਤਾ 'ਮੁਸਲਮਾਨ ਹੀ ਸਾਰੇ ਫ਼ਸਾਦਾਂ ਦੀ ਜੜ੍ਹ ਹਨ, ਇਤਿਹਾਦ ਸਭਾ ਜਾਂ ਕਿਸੇ ਹਰ ਵਸੀਲੇ ਨਾਲ ਇਨ੍ਹਾਂ ਲੋਕਾਂ ਦੀ ਰਖਿਆ ਦਾ ਕੰਮ ਕਰਨਾ ਨਿਰਾ ਪਾਗਲਪਣਾ ਹੈ... ...'

ਲੰਮੇ ਪਿਆਂ ਪਿਆਂ ਖ਼ਿਆਲਾਂ ਦੇ ਤਾਰ ਉਸ ਦੇ ਦੁਆਲੇ ਵਲੀਂਦੇ ਗਏ ਤੇ ਉਸ ਦੇ ਮਨੋਵਿਕਾਰਾਂ ਨੂੰ ਉਕਸਾਂਦੇ ਗਏ। ਅਖ਼ੀਰ ਉਹ ਇਕ ਝਟਕੇ ਨਾਲ ਉਠ ਕੇ ਬੈਠ ਗਿਆ ਤੇ ਚਿਠੀ — ਜਿਸ ਉਤੇ ਬੇ-ਮਤਲਬ ਹੀ ਉਸ ਨੇ ਨਜ਼ਰ ਟਿਕਾਈ ਹੋਈ ਸੀ, ਪੂਰੇ ਧਿਆਨ ਨਾਲ ਉਸ ਨੂੰ ਪੜ੍ਹਨ ਲਗਾ —

'ਪਿਆਰੇ ਸਤਨਾਮ !

ਇਸ ਵਿਚ ਕੋਈ ਸ਼ਕ ਨਹੀਂ ਕਿ ਤੁਹਾਡੀ ਲੀਡਰੀ ਹੇਠਾਂ ਅਸਾਂ ਬਹੁਤ ਸਾਰੇ ਨੌਜਵਾਨਾਂ ਨੇ ਕਈ ਮਹੀਨੇ 'ਇਤਿਹਾਦ ਸਭਾ' ਦੇ ਨਾਮ ਹੇਠ ਕੰਮ ਕੀਤਾ ਤੇ ਆਪਣੇ ਸ਼ਹਿਰ ਨੂੰ ਫ਼ਸਾਦਾਂ ਦੀ ਮਾਰ ਤੋਂ ਬਚਾਉਣ ਲਈ ਕਾਫ਼ੀ ਵਾਹ ਲਾਈ ਪਰ ਇਸਦਾ ਅਸਰ ਜੋ ਕੁਝ ਹੋਇਆ, ਉਹ ਅਸਾਂ ਸਾਰਿਆਂ ਦੇ ਸਾਮ੍ਹਣੇ ਹੈ। ਸਾਡਾ ਖ਼ਿਆਲ ਹੈ ਕਿ ਹੁਣ ਤਾਂ ਤੁਸੀਂ ਵੀ ਮੁਸਲਮਾਨੀ ਜ਼ੁਲਮਾਂ ਦੇ ਕਾਇਲ ਹੋ ਗਏ ਹੋਵੋਗੇ ਤੇ ਇਸ ਗਲ ਵਿਚ ਸਾਡੇ ਨਾਲ ਸਹਿਮਤ ਹੋਵੋਗੇ ਕਿ ਇਸ ਵੇਲੇ ਇਨ੍ਹਾਂ ਪਾਸੋਂ ਬਦਲਾ ਲੈਣਾ ਹੀ ਸਾਡਾ ਸਭ ਤੋਂ ਵਡਾ ਮਕਸੰਦ ਹੋਣਾ ਚਾਹੀਦਾ ਹੈ।

"ਮੈਂ ਚਾਹੁੰਦਾ ਹਾਂ ਕਿ ਅਸੀਂ ਇਕ ਵਾਰੀ ਫਿਰ ਇਕੱਠੇ ਹੋ ਕੇ ਇਸ ਬਾਰੇ ਵਿਚਾਰ ਕਰੀਏ, ਤੇ ਕਿਸੇ ਇਕ ਨਤੀਜੇ ਤੇ ਪਹੁੰਚ ਕੇ ਦੇਸ਼ ਕੌਮ ਦੀ ਸੇਵਾ ਲਈ ਕੋਈ ਠੋਸ ਕਦਮ ਉਠਾਣ ਦੀ ਕੋਸ਼ਸ਼ ਕਰੀਏ। ਇਸ ਮਤਲਬ ਲਈ ਮੈਂ ਇਸ ਗਲੀ ਦੇ ਤੇ ਲਾਗ ਪਾਸ ਦੇ ਕੁਝ ਦੋਸਤਾਂ ਨਾਲ ਸਲਾਹ ਮਸ਼ਵਰਾ ਕੀਤਾ ਹੈ। ਅਜ ਰਾਤ ਦੇ ਦਸ ਵਜੇ ਅਸੀਂ ਤੁਹਾਡੇ ਮਕਾਨ ਤੇ ਇਕੱਠੇ ਹੋਵਾਂਗੇ। ਕਰਫਿਊ ਦੀ ਕੋਈ ਪਰਵਾਹ ਨਹੀਂ। ਕਿਉਂਕਿ, ਸਾਡੇ ਚੌਕ ਵਿਚ ਪਹਿਰਾ ਸਿਖ ਪੁਲਸੀਆਂ ਦਾ ਹੈ। ਉਮੀਦ ਹੈ ਤੁਸੀਂ ਸਾਡੀ ਉਡੀਕ ਕਰੋਗੇ — ਸੁਦਰਸ਼ਨ।"

ਚਿੱਠੀ ਪੜ੍ਹ ਚੁੱਕਣ ਤੋਂ ਬਾਅਦ ਉਸ ਨੇ ਬਾਹਰ ਨਿਕਲ ਕੇ ਕਹਾਈਏ ਨੂੰ ਅਵਾਜ਼ ਮਾਰੀ, ਤੇ ਉਸ ਦੇ ਆਉਣ ਤੇ ਮੇਜ਼ ਦੁਆਲੇ ਕੁਰਸੀਆਂ ਨੂੰ ਤਰਤੀਬ ਨਾਲ ਰਖਾਉਣ ਤੇ ਕਮਰੇ ਦੀ ਹਰ ਇਕ ਚੀਜ਼ ਟਿਕਾਣੇ ਸਿਰ ਕਰਨ ਵਿਚ ਰੁਝ ਗਿਆ।

ਕੋਸ਼ਤ ਕੌਰ ਇਸ ਵੇਲੇ ਘਰ ਨਹੀਂ ਸੀ। ਉਹ ਸ਼ਾਇਦ ਕਲ੍ਹ ਵਾਲੇ ਇਕਰਾਰ ਮੁਤਾਬਿਕ ਉਨ੍ਹਾਂ ਦੋਹਾਂ ਰੀਫ਼ੀਊਜੀਆਂ ਨੂੰ ਲਿਆਉਣ ਲਈ ਦਰਬਾਰ ਸਾਹਿਬ ਗਈ ਹੋਈ ਸੀ।

13

ਦੋ-ਚਿਤੀ ਦੀਆਂ ਦੋਹਾਂ ਬੇੜੀਆਂ ਵਿਚ ਕਦਮ ਟਿਕਾਈ ਸਤਨਾਮ ਡੌਕੇ-ਡੋਲੇ ਖਾਂਦਾ ਹੋਇਆ ਸਾਥੀਆਂ ਦੀ ਉਡੀਕ ਕਰ ਰਿਹਾ ਸੀ। ਉਸ ਦੇ ਸਾਥੀ ਉਸ ਪਾਸੋਂ ਕੀ ਚਾਹੁੰਦੇ ਹਨ, ਇਸ ਗੱਲ ਤੋਂ ਉਹ ਬੇਖ਼ਬਰ ਨਹੀਂ ਸੀ — ਆਦਰਸ਼ ਦੀ ਉਚੀ ਟੀਸੀ ਤੋਂ ਧਕਾ ਦੇ ਕੇ ਉਸ ਨੂੰ ਫ਼ਿਰਕੂਪਣੇ ਦੀ ਹਕੀਰ ਖਾਈ ਵਿਚ ਸੁੱਟਣ ਲਈ ਹੀ ਉਹ ਅਜ ਉਸ ਦੇ ਘਰ ਆ ਰਹੇ ਹਨ। ਇਸ ਦਾ ਖ਼ਿਆਲ ਆਉਂਦਿਆਂ ਹੀ ਉਸ ਦੀ ਨੱਸ ਨੱਸ ਵਿਚ ਔਖਵੀ ਜਿਹੀ ਹੋਣ ਲਗ ਪੈਂਦੀ, ਪਰ ਜਿਉਂ ਹੀ ਉਹ ਮੁਸਲਮਾਨਾਂ ਦੀਆਂ ਨਿਤ ਨਵੀਆਂ ਛੇੜ-ਖਾਨੀਆਂ ਤੇ ਹਰ ਭੈੜੇ ਕੰਮ ਵਿਚ ਉਨ੍ਹਾਂ ਵਲੋਂ ਪਹਿਲ ਹੁੰਦੀ, ਦਾ ਖਿਆਲ ਕਰਦਾ ਕਿ ਨਫ਼ਰਤ ਦਾ ਜਜ਼ਬਾ ਉਸ ਦੀਆਂ ਉਸਾਰੂ ਭਾਵਨਾਵਾਂ ਉਤੇ ਛਾ ਜਾਂਦਾ। ਕਲ੍ਹ ਦਾ ਤਕਿਆ ਹੋਇਆ ਉਹ ਮਾਸੂਮ ਚਿਹਰਾ ਜਿਉਂ ਹੀ ਉਸ ਦੇ ਦ੍ਰਿਸ਼ਟੀ ਗੋਚਰ ਹੁੰਦਾ ਕਿ ਇਸ ਛਾਏ ਹੋਏ ਜਜ਼ਬੇ ਦਾ ਰੰਗ ਹੋਰ ਵੀ ਗੂੜ੍ਹਾ ਹੋ ਜਾਂਦਾ ਪਰ ਇਤਨਾ ਹੁੰਦਿਆਂ ਵੀ ਕੋਈ ਵਿਰੋਧੀ ਤਾਕਤ ਉਸ ਦੇ ਅੰਦਰੋਂ ਬਾਰ ਬਾਰ ਇਹੋ ਪੁਕਾਰਦੀ ਹੋਈ ਖਲਬਲੀ ਮਚਾ ਰਹੀ ਸੀ — "ਸਤਨਾਮ ! ਹੋਸ਼ ਵਿਚ ਆ ਤੇ ਮਜ਼ਬੂਤੀ ਨਾਲ ਆਪਣੇ ਕਦਮਾਂ ਤੇ ਕਾਇਮ ਰਹੁ।"

ਇਹੋ ਜਿਹੀਆਂ ਹੀ ਗੀਟੀਆਂ ਗਿਣਦਿਆਂ ਉਸ ਨੂੰ ਕਿਸੇ ਨੇ ਆਵਾਜ਼ ਦਿਤੀ — "ਸਤਨਾਮ! ਹੇਠਾਂ ਆਈਂ, ਜ਼ਰਾ।" ਮਾਂ ਦੀ ਇਹ ਕਾਹਲੀ ਆਵਾਜ਼ ਸੁਣਦਾ ਹੀ ਉਹ ਕਮਰੇ 'ਚੋਂ ਨਿਕਲ ਕੇ ਹੇਠਾਂ ਉਤਰਿਆ।

"ਉਨ੍ਹਾਂ ਦਾ ਤਾਂ ਪਤਾ ਈ ਕਿਤੇ ਨਹੀਂ ਲਗਦਾ" ਕੇਸਰ ਕੌਰ ਦੀ ਆਵਾਜ਼ ਵਿਚ ਨਿਰਾਸਤਾ ਦੇ ਭਾਵ ਸਨ — "ਸਰਾਂ ਦੇ ਬਾਹਰ ਅੰਦਰ ਸਾਰਾ ਢੂੰਡ ਢੂੰਡ ਕੇ ਆਈ ਹਾਂ — ਪਤਾ ਨਹੀਂ ਕਿਥੇ ਚਲੇ ਗਏ ਨੇ ਉਹ ਦੋਵੇਂ।"

"ਕੌਣ ?" ਸਤਨਾਮ ਨੇ ਮਚਲਾ ਬਣ ਕੇ ਸਵਾਲ ਕੀਤਾ।

"ਓਹੀ, ਕਲ੍ਹ ਵਾਲੇ ਰਿਫ਼ੀਊਜੀ, ਜਿਨ੍ਹਾਂ ਨੂੰ ਲਿਆਣ ਲਈ ਆਖ ਆਏ ਸਾਂ" ਮਾਂ ਨੇ ਜਵਾਬ ਵਿਚ ਕਿਹਾ ਤੇ ਜ਼ਰਾ ਰੁਕ ਕੇ ਬੋਲੀ — "ਜਾਹ ਖਾਂ ਸਤਨਾਮ, ਤੂੰਹੀਓਂ ਜ਼ਰਾ ਪਤਾ ਕਰ ਆ। ਕਿਤੇ ਉਡ ਥੋੜੇ ਈ ਜਾਣਾ ਸਾਨੇ। ਕਿਤੇ ਏਧਰ ਓਧਰ ਪਏ ਭਟਕਦੇ ਹੋਣਗੇ ਵਿਚਾਰੇ।"

ਸਤਨਾਮ ਦਾ ਦਿਲ ਸ਼ਾਇਦ ਆਪਣੀ ਮਾਂ ਨਾਲੋਂ ਵੀ ਕਾਹਲਾ ਸੀ ਉਨ੍ਹਾਂ ਦੋਹਾਂ ਨੂੰ ਆਪਣੇ ਘਰ ਵਿਚ ਵੇਖਣ ਲਈ। ਇਥੋਂ ਤਕ ਕਿ ਅਜ ਦੁਪਹਿਰੇ ਉਸ ਨੇ ਮਾਂ ਨੂੰ ਉਚੇਚੇ ਤੌਰ ਤੇ ਯਾਦ ਵੀ ਕਰਾਇਆ ਸੀ ਕਿ ਉਹ ਜਾ ਕੇ ਉਨ੍ਹਾਂ ਨੂੰ ਲੈ ਆਵੇ। ਤੇ ਜਦ ਇਸ ਮਤਲਬ ਲਈ ਕੇਸਰ ਕੌਰ ਦਰਬਾਰ ਸਾਹਿਬ ਚਲੀ ਗਈ ਤਾਂ ਉਸ ਨੇ ਖ਼ੁਦ ਹੇਠਾਂ ਜਾ ਕੇ ਮਕਾਨ ਦਾ ਉਹ ਹਿੱਸਾ ਡੂੰਘੀ ਪੜਚੋਲ ਨਾਲ ਵੇਖਿਆ ਘੋਖਿਆ ਸੀ, ਜਿਹੜਾ ਉਨ੍ਹਾਂ ਲਈ ਖ਼ਾਲੀ ਕਰਾ ਕੇ ਹਰ ਤਰ੍ਹਾਂ ਨਾਲ ਠੀਕ ਠਾਕ ਕਰ ਦਿਤਾ ਗਿਆ ਸੀ, ਪਰ ਇਸ ਵੇਲੇ ਮਾਂ ਦੇ ਉੱਤਰ ਵਿਚ ਉਸ ਨੇ ਕੁਝ ਇਸ ਤਰ੍ਹਾਂ ਦੀ ਲਾਪ੍ਰਵਾਹੀ ਜਿਹੀ ਦਾ ਭਾਵ ਪ੍ਰਗਟ ਕੀਤਾ, ਜਿਸ ਨੂੰ ਵੇਖ ਕੇ ਕੇਸਰ ਕੌਰ ਦੇ ਦਿਲ ਨੂੰ ਕਾਫ਼ੀ ਤਕਲੀਫ਼ ਪਹੁੰਚੀ ਤੇ ਜਦ ਉਪਰੋਕਤ ਪ੍ਰਸ਼ਨ ਦੇ ਉਤਰ ਵਿਚ ਸਤਨਾਮ ਨੇ ਇਹ ਕਿਹਾ — "ਚਲ ਛੱਡ ਪਰ੍ਹੇ ਭਾਬੀ, ਉਹ ਨਾ ਸਹੀ ਹੋਰ ਕੋਈ ਸਹੀ" ਤਾਂ ਕੇਸਰ ਕੌਰ ਨੂੰ ਉਸ ਦੀ ਇਹ ਕਠੋਰਤਾ ਸਖ਼ਤ ਅਸਹਿ ਜਾਪੀ।

"ਨਾ ਕਾਕਾ" ਕੁਝ ਖਿਝਵੀਂ ਪਰ ਦਬਵੀਂ ਆਵਾਜ਼ ਵਿਚ ਕੇਸਰ ਕੌਰ ਨੇ ਜਵਾਬ ਦਿਤਾ — "ਏਦਾਂ ਨਹੀਂ ਕਰਨਾ ਚਾਹੀਦਾ। ਰਿਫ਼ੀਊਜੀਆਂ ਦੀ ਤੇ ਘਾਟ ਕੋਈ ਨਹੀਂ, ਪਰ ਉਹ ਵਿਚਾਰੇ ਡਾਢੇ ਦੁਖੀ ਨੇ। ਨਾਲੇ ਉਸ ਬਾਬੇ ਦੀ ਹਾਲਤ ਤੇ ਸਚੀਂ, ਵੇਖੀ ਨਹੀਂ ਸੀ ਜਾਂਦੀ — ਅੰਨ੍ਹਾ ਮੂਰਾ ਵਿਚਾਰਾ ਤਕੜੀ ਤੋਲਣ ਜਿਹਾ ਹੋਇਆ ਸੀ। ਫਿਰ ਅਜ ਦਾ ਸਮਾਂ ਕਿਸੇ

ਤਰ੍ਹਾਂ ਦਾ ਏ ਚੰਨ ! ਕੀ ਪਤਾ ਬੁਢੇ ਨੂੰ ਭੁਚਲਾਵਾ ਦੇ ਕੇ ਵਿਚਾਰੀ ਜੁਆਨ ਜਹਾਨ ਕੁੜੀ ਨੂੰ ਕੋਈ ਕਢ ਕੇ ਲੈ ਜਾਵੇ। ਮੈਂ ਤੇ ਜ਼ਰੂਰ ਉਨ੍ਹਾਂ ਨੂੰ ਲਭ ਕੇ ਛਡਾਂਗੀ, ਭਾਵੇਂ ਕਿਤੇ ਵੀ ਲੱਭਣ।"

"ਪਰ ਭਾਬੀ" ਸਤਨਾਮ ਨੇ ਦਿਲ ਦੇ ਅਸਲ ਭਾਵਾਂ ਨੂੰ ਲੁਕਾਂਦਿਆਂ ਕਿਹਾ — "ਖ਼ਬਰੇ ਰੀਲੀਫ਼ ਕਮੇਟੀ ਨੇ ਉਨ੍ਹਾਂ ਨੂੰ ਕਿਸੇ ਹੋਰ ਸ਼ਹਿਰ ਘੱਲ ਦਿਤਾ ਹੋਵੇ। ਤੈਨੂੰ ਪਤਾ ਤੇ ਚੰਗਾ ਭਲਾ ਹੈ ਕਿ ਅੰਮ੍ਰਿਤਸਰ ਵਿਚ ਰਿਫ਼ੀਊਜੀਆਂ ਦੀ ਭਰਮਾਰ ਕਰ ਕੇ ਲੋਕਾਂ ਦੀ ਸਿਹਤ ਲਈ ਕਿੰਨਾ ਖ਼ਤਰਾ ਪੈਦਾ ਹੋ ਗਿਆ ਏ, ਸਾਰਾ ਸ਼ਹਿਰ ਗੰਦਗੀ ਨਾਲ ਤਰੱਕਿਆ ਪਿਆ ਏ। ਇਸੇ ਕਰ ਕੇ ਰੀਲੀਫ਼ ਕਮੇਟੀਆਂ ਦਬਾ ਦਬ ਇਨ੍ਹਾਂ ਲੋਕਾਂ ਨੂੰ ਦੂਸਰੇ ਸ਼ਹਿਰਾਂ ਵਿਚ ਭੇਜੀ ਜਾਂਦੀਆਂ ਨੇ।"

ਸਤਨਾਮ ਦੀਆਂ ਦਲੀਲਾਂ ਕੇਸਰ ਕੌਰ ਨੂੰ ਬੇਅਰਥ ਨਹੀਂ ਜਾਪੀਆਂ। ਇਕ ਤਰ੍ਹਾਂ ਨਾਲ ਉਸ ਨੂੰ ਯਕੀਨ ਹੋ ਗਿਆ ਕਿ ਜ਼ਰੂਰ ਉਨ੍ਹਾਂ ਨੂੰ ਵੀ ਕਿਸੇ ਹੋਰ ਸ਼ਹਿਰ ਦੇ ਕੈਂਪ ਵਿਚ ਭੇਜ ਦਿਤਾ ਗਿਆ ਹੋਵੇਗਾ, ਪਰ ਇਸ ਯਕੀਨ ਦੇ ਹੁੰਦਿਆਂ ਵੀ ਉਹ ਉਨ੍ਹਾਂ ਦੇ ਖ਼ਿਆਲ ਨੂੰ ਦਿਲ 'ਚੋਂ ਕਢ ਨਾ ਸਕੀ।

ਇਸੇ ਵੇਲੇ ਕੋਠੇ ਦੀ ਧੁਰ ਉਪਰਲੀ ਛੱਤ 'ਤੇ ਬਹੁਤ ਸਾਰੇ ਪੈਰਾਂ ਦੀ ਖੜਕ ਸੁਣਾਈ ਦਿਤੀ, ਤੇ ਸਤਨਾਮ ਨੂੰ ਸਮਝਣ ਵਿਚ ਦੇਰ ਨਾ ਲਗੀ ਕਿ ਉਸ ਦੀ ਢਾਣੀ ਵਾਲੇ ਹਮਜੋਲੀਆਂ ਨੇ ਮਕਾਨ ਦੀਆਂ ਛੱਤਾਂ ਟਪ ਕੇ ਉਸ ਦੇ ਘਰ ਆਉਣਾ ਸ਼ੁਰੂ ਕਰ ਦਿਤਾ ਹੈ। ਮਾਂ ਨਾਲ ਹੋ ਰਹੀ ਗਲ ਕੱਥ ਨੂੰ ਵਿਚੇ ਛਡ ਕੇ ਉਹ ਕੋਠੇ ਚੜ੍ਹ ਗਿਆ।

ਇਸ ਤੋਂ ਕੋਈ ਅੱਧਾ ਘੰਟਾ ਬਾਅਦ ਉਸ ਦੇ ਕਮਰੇ ਵਿਚਲੀਆਂ ਲਗ ਪਗ ਸਾਰੀਆਂ ਕੁਰਸੀਆਂ — ਜਿਹੜੀਆਂ ਉਸ ਨੇ ਏਸੇ ਮਤਲਬ ਲਈ ਮੇਜ਼ ਦੇ ਦੁਆਲੇ ਰਖਾਈਆਂ ਸਨ — ਰੁਕੀਆਂ ਹੋਈਆਂ ਸਨ।

ਨੌਜਵਾਨਾਂ ਦੀ ਗਿਣਤੀ ਭਾਵੇਂ ਅੱਧੀ ਦਰਜਨ ਤੋਂ ਵਧ ਨਹੀਂ ਸੀ, ਪਰ ਇਨ੍ਹਾਂ ਦੀ ਬੋਲ ਚਾਲ ਤੇ ਹਾਵ ਭਾਵ ਤੋਂ ਪ੍ਰਗਟ ਹੁੰਦਾ ਸੀ ਜਿਵੇਂ ਇਕ ਗੱਭਰੂ ਦੀ ਛਾਤੀ ਵਿਚ ਹਜ਼ਾਰ ਹਜ਼ਾਰ ਗੱਭਰੂ ਭਰੇ ਹੋਏ ਹੋਣ, ਜਿਹੜੇ ਸਾਰੇ ਦੇ ਸਾਰੇ ਕਿਸੇ ਹੋਣ ਵਾਲੇ ਸੰਗਰਾਮ ਲਈ ਪੁਰਜ਼ਾ ਪੁਰਜ਼ਾ ਕੱਟ ਮਰਨ ਨੂੰ ਤਿਆਰ ਸਨ। ਇਸ ਪਾਰਟੀ ਦਾ ਮੋਢੀ 'ਸੁਦਰਸ਼ਨ' ਤਾਂ ਇਸ ਵੇਲੇ ਇਉਂ ਭਖਿਆ ਹੋਇਆ ਮਲੂਮ ਹੁੰਦਾ ਸੀ, ਜਿਵੇਂ ਉਹ ਇਕੱਲਾ ਹੀ ਹਿਮਾਲਾ ਪਹਾੜ ਦੀ ਚੋਟੀ ਨਾਲ ਟੱਕਰ ਲਾਣ ਦਾ ਦਾਈਆਂ ਬੰਨ੍ਹ ਕੇ ਘਰੋਂ ਤੁਰਿਆ ਹੋਵੇ।

"ਮੈਂ ਬਹੁਤੀਆ ਗਲਾਂ ਨਹੀਂ ਜਾਣਦਾ !" ਸੁਦਰਸ਼ਨ, ਆਪਣੀ ਤੇਜ਼ ਅਵਾਜ਼ ਜ਼ੋਰੋ ਜ਼ੋਰੀ ਰੋਕਦਾ ਹੋਇਆ ਬੋਲਿਆ — "ਮੈਂ ਤੇ ਅਜ ਦੋ-ਟੂਕ ਫ਼ੈਸਲਾ ਕਰਨ ਆਇਆ ਹਾਂ। ਇਹ ਤੇਰੀਆਂ ਲਿੱਚ ਗੜਿੱਚੀਆਂ ਮੈਨੂੰ ਚੰਗੀਆਂ ਨਹੀਂ ਲਗਦੀਆਂ ਸਤਨਾਮ। ਤੂੰ ਆਪਣੇ ਹਰ ਜਵਾਬ ਵਿਚ 'ਦੇਸ਼ ਕੌਮ' ਦੀਆਂ ਦੁਹਾਈਆਂ ਦੇਈ ਜਾ ਰਿਹਾ ਏਂ, ਪਰ ਮੈਂ ਪੁੱਛਦਾ ਹਾਂ, ਕਿਸ ਦਾ ਦੇਸ਼ ਤੇ ਕਿਹੜੀ ਕੌਮ, ਜਦ ਕਿ ਇਸ ਦੇਸ਼ ਤੇ ਕੌਮ ਦੀ ਅਣਖ ਨੂੰ ਹੀ ਮਿਟੀ ਵਿਚ ਮਿਲਾ ਦਿਤਾ ਜਾਵੇਗਾ। ਕਲਕੱਤੇ ਤੇ ਨਵਾਖਲੀ ਵਗੈਰਾ ਦੀਆਂ ਗੱਲਾਂ ਤਾਂ ਹੁਣ ਪੁਰਾਣੀਆਂ ਹੋ ਚੁਕੀਆਂ ਨੇ, ਪਰ ਹਜ਼ਾਰਾ ਤੇ ਪੋਠੋਹਾਰ ਦੀਆਂ ਗਲਾਂ ਤਾਂ ਸਾਡੇ ਗੁਆਂਢ ਵਿਚ ਵਾਪਰ ਰਹੀਆਂ ਨੇ। ਚਲੋ ਉਨ੍ਹਾਂ ਨੂੰ ਵੀ ਛਡੋ। ਇਸੇ ਸ਼ਹਿਰ ਵਿਚ ਜਿਹੜੀ ਹੇਠਲੀ ਉਤੇ ਲਿਆਂਦੀ ਜਾ ਰਹੀ ਏ, ਕੀ ਇਹ ਮੁਸਲਿਮ ਲੀਗ ਦੀਆਂ ਸ਼ੈਤਾਨੀਆਂ ਦਾ ਜ਼ਿੰਦਾ ਸਬੂਤ ਨਹੀਂ ? ਰੋਜ਼ ਨਵੇਂ ਸੂਰਜ ਅਸੀਂ ਸੁਣਦੇ ਹਾਂ ਕਿ ਅਜ ਫਲਾਣੇ ਥਾਂ ਰਾਹ ਜਾਂਦੇ ਸਿਖ ਬਚਿਆਂ ਤੇ ਔਰਤਾਂ ਨੂੰ ਕਤਲ ਕਰ ਦਿਤਾ ਗਿਆ, ਅਜ ਫਲਾਣਾ ਹਿੰਦੂ ਮਹੱਲਾ ਫੂਕ ਦਿਤਾ ਗਿਆ, ਅਜ ਫਲਾਣੇ ਚੌਂਕ ਵਿਚ ਬੰਬ ਸੁਟੇ ਗਏ, ਇਹ ਸਿਲਸਿਲਾ... ..."

ਲਾਗਿਓਂ ਸੁਦਰਸ਼ਨ ਦਾ ਇਕ ਹੋਰ ਸਾਥੀ ਗੁਰਦਿਆਲ ਸਿੰਘ ਵਿਚੋਂ ਹੀ ਬੋਲ

ਉਠਿਆ — "ਓ ਬਈ, ਸਾਰੀਆਂ ਗਲਾਂ ਨੂੰ ਸੁਟੋ ਖਾਂ ਖੂਹ ਵਿਚ। ਅਜ ਦਾ ਵਾਕਿਆ ਸੁਣਿਆ ਜੇ ਕਿ ਨਹੀਂ ?"

"ਕਿਹੜਾ-ਕਿਹੜਾ ?" ਕਈ ਅਵਾਜ਼ਾਂ ਆਈਆਂ।

"ਦਾਇਮ ਗੰਜ ਦਾ" ਗੁਰਦਿਆਲ ਸਿੰਘ ਨੇ ਮੁੜ ਕਹਿਣਾ ਸ਼ੁਰੂ ਕੀਤਾ — "ਇਨਸਾਨੀਅਤ ਦੀ ਹੱਦ ਕੋਈ ਟਪ ਜਾਏ ਤਾਂ ਹੈਵਾਨੀਅਤ ਅਖ਼ਤਿਆਰ ਕਰ ਲੈਂਦਾ ਹੈ। ਤੇ ਹੈਵਾਨੀਅਤ ਤੋਂ ਬਾਅਦ ਵਾਰੀ ਆਉਂਦੀ ਹੈ ਸ਼ੈਤਾਨੀਅਤ ਦੀ. ਪਰ ਜਿਹੜਾ ਇਹ ਅਜ ਦਾ ਵਾਕਿਆ ਹੋਇਆ ਹੈ, ਇਸ ਨੇ ਤਾਂ ਉਨ੍ਹਾਂ ਲੋਕਾਂ ਨੂੰ ਸ਼ੈਤਾਨੀਅਤ ਤੋਂ ਵੀ ਟਪਾ ਦਿਤਾ ਹੈ। ਮੈਂ ਖ਼ਿਆਲ ਕਰਦਾ ਹਾਂ ਕਿ ਇਸ ਨੂੰ ਸੁਣ ਕੇ ਸਾਡੇ ਸਰਦਾਰ ਸਤਨਾਮ ਸਿੰਘ ਦੇ ਕੰਨ ਜ਼ਰੂਰ ਖੁਲ੍ਹ ਜਾਣਗੇ।"

"ਹਾਂ ਹਾਂ" ਪਰਿਓਂ ਇਕ ਮਧਰੇ ਜਿਹੇ ਕੱਦ ਦਾ ਗੱਭਰੂ ਪ੍ਰਹਿਲਾਦ ਸਿੰਘ ਬੋਲਿਆ — "ਜ਼ਰਾ ਵੇਰਵੇ ਨਾਲ ਸੁਣਾ ਤੇ ਸਹੀ ਇਸ ਨੂੰ।"

"ਸੁਣੋ", ਪੂਰੇ ਜ਼ੋਰ ਤੇ ਕ੍ਰੋਧ ਦੀ ਮਾਤਰਾ ਵਿਚ ਗੁਰਦਿਆਲ ਸਿੰਘ ਸੁਣਾਨ ਲਗਾ, "ਹਿੰਦੂਆਂ ਦੀ ਇਕ ਪਾਰਟੀ ਅਜ ਸਵੇਰੇ ਕਿਸੇ ਬੱਚੇ ਦਾ ਮ੍ਰਿਤਕ ਸੰਸਕਾਰ ਕਰ ਕੇ ਮੁੜੀ ਆ ਰਹੀ ਸੀ, ਜਿਨ੍ਹਾਂ ਵਿਚ ਅਠ ਨੌਂ ਮਰਦ, ਤੇ ਦੋ ਤਿੰਨ ਜ਼ਨਾਨੀਆਂ ਸਨ। ਇਹ ਬਦ-ਨਸੀਬ ਜਿਉਂ ਹੀ ਹਕੀਮਾਂ ਵਾਲੇ ਦਰਵਾਜ਼ੇ ਥਾਣੀਂ ਲੰਘਣ ਲਗੇ ਕਿ ਮੁਸਲਿਮ ਲੀਗੀਆਂ ਦੇ ਇਕ ਹਜੂਮ ਨੇ ਵਿਚਾਰਿਆਂ ਨੂੰ ਘੇਰ ਲਿਆ। ਸਾਰੇ ਮਰਦਾਂ ਨੂੰ ਰੱਸੀਆਂ ਨਾਲ ਜਕੜ ਕੇ ਈਦਗਾਹ ਦੇ ਮੈਦਾਨ ਵਿਚ ਲੈ ਗਏ। ਚਾਰ ਦੀਵਾਰੀ ਅੰਦਰ ਸੁਟ ਕੇ, ਉਪਰ ਤੇਲ ਦੇ ਪੀਪੇ ਪਾ ਕੇ ਜੀਉਂਦਿਆਂ ਨੂੰ ਸਾੜ ਦਿਤਾ ਗਿਆ। ਤਿੰਨਾਂ ਜ਼ਨਾਨੀਆਂ ਵਿਚੋਂ ਦੋ ਜਿਹੜੀਆਂ ਜਵਾਨ ਸਨ, ਉਨ੍ਹਾਂ ਨੂੰ ਜ਼ਬਰਦਸਤੀ ਚੁਕ ਕੇ ਪਤਾ ਨਹੀਂ ਕਿਧਰ ਲੈ ਗਏ, ਇਕ ਜਿਹੜੀ ਬੁਢੜੀ ਸੀ, ਉਹ ਬਦਰਊਂ ਵਿਚ ਛਾਲ ਮਾਰ ਕੇ ਡੁਬਦੀ ਤਰਦੀ ਕਿਸੇ ਤਰ੍ਹਾਂ ਜਾਨ ਬਚਾ ਕੇ ਘਰ ਪਹੁੰਚੀ"।

"ਤੇ ਯਕੀਨ ਰਖੋ ਸਰਦਾਰ ਸਾਹਿਬ !" ਤ੍ਰਿਲੋਚਨ ਸਿੰਘ — ਜਿਹੜਾ ਅਜੇ ਤੀਕ ਬੋਲਣ ਦਾ ਮੌਕਾ ਭਾਲ ਰਿਹਾ ਸੀ — ਸਤਨਾਮ ਨੂੰ ਸੰਬੋਧਨ ਕਰ ਕੇ ਬੋਲਿਆ — "ਕਿ ਗੁਰਦਿਆਲ ਸਿੰਘ ਦੀ ਸੁਣਾਈ ਹੋਈ ਖ਼ਬਰ ਕੋਈ ਆਖ਼ਰੀ ਖ਼ਬਰ ਨਹੀਂ। ਮੈਂ ਦਾਹਵੇ ਨਾਲ ਕਹਿੰਦਾ ਹਾਂ ਕਿ ਜੇ ਤੁਸਾਂ ਤੇ ਤੁਹਾਡੇ ਇਤਿਹਾਦੀਆਂ ਨੇ ਇਸੇ ਤਰ੍ਹਾਂ ਕੰਨਾਂ ਵਿਚ ਬੁਜੇ ਦਿਤੀ ਰਖੇ, ਤਾਂ ਤੁਸੀਂ ਅਜੇ ਹੋਰ ਬਹੁਤ ਕੁਝ ਸੁਣੋਗੇ।"

ਨੌਜਵਾਨ ਇਤਨਾ ਹੀ ਕਹਿ ਕੇ ਚੁਪ ਹੋ ਗਿਆ। ਪਰ ਚੁਪ ਹੋ ਜਾਣ ਤੇ ਵੀ ਉਸ ਦੇ ਹੋਠ ਬਰਾਬਰ ਫ਼ਰਕ ਰਹੇ ਸਨ — ਉਸ ਦੀਆਂ ਲਾਲ ਅੰਗਿਆਰਾਂ ਵਰਗੀਆਂ ਅੱਖਾਂ ਇਸ ਵੇਲੇ ਸਤਨਾਮ ਦੇ ਚਿਹਰੇ ਉਤੇ ਗਡੀਆਂ ਹੋਈਆਂ ਸਨ। ਜਿਵੇਂ ਨਜ਼ਰਾਂ ਹੀ ਨਜ਼ਰਾਂ ਨਾਲ ਉਹ ਸਤਨਾਮ ਨੂੰ ਭਸਮ ਕਰ ਦੇਣਾ ਚਾਹੁੰਦਾ ਹੋਵੇ।

ਕੇਵਲ ਤ੍ਰਿਲੋਚਨ ਦੀਆਂ ਹੀ ਨਹੀਂ, ਸਗੋਂ ਪੰਜ ਦੂਣੀ ਦਸ ਅੱਖਾਂ ਇਸ ਵੇਲੇ ਇਕੋ ਤਰ੍ਹਾਂ ਦੇ ਭਾਵਾਂ ਨਾਲ ਸਤਨਾਮ ਤੇ ਜਾ ਟਿਕੀਆਂ ਸਨ। ਇਸ ਸਾਂਝੀ ਤੱਕਣੀ ਤੋਂ ਸਤਨਾਮ ਦਾ ਦਿਲ ਕਿਤਨਾ ਕੁ ਪ੍ਰਭਾਵਿਤ ਹੋਇਆ ? ਇਸਦਾ ਸਬੂਤ ਉਸ ਦੀਆਂ ਅੱਖਾਂ ਤੋਂ ਸਾਫ਼ ਦਿਸ ਰਿਹਾ ਸੀ, ਜਿਹੜੀਆਂ ਮੇਜ਼ ਦੇ ਇਕ ਕੋਨੇ ਉਤੇ ਝੁਕੀਆਂ ਹੋਈਆਂ ਸਨ। ਸਵਾਲਾਂ ਦਾ — ਜਿਹੜੇ ਲਗ ਪਗ ਸਾਰੇ ਹੀ ਉਸੇ ਉਤੇ ਕੀਤੇ ਗਏ ਸਨ — ਜਵਾਬ ਦੇਣ ਲਈ ਉਸ ਨੇ ਇਕ ਤੋਂ ਬਹੁਤੀ ਵੇਰਾਂ ਸਿਰ ਚੁਕਿਆ, ਪਰ ਉਸਦੀ ਜ਼ਬਾਨ ਵਿਚ ਹਰਕਤ ਨਾ ਆ ਸਕੀ।

ਸਵਾਲਾਂ ਤੇ ਤੁਹਮਤਾਂ ਦੀ ਬੁਛਾੜ ਜਿਉਂ ਜਿਉਂ ਵਧਦੀ ਗਈ, ਸਤਨਾਮ ਦੀ ਹਾਲਤ ਤਿਉਂ ਤਿਉਂ ਤਰਸਜੋਗ ਹੁੰਦੀ ਗਈ।

ਤੇ ਜਦ ਰਾਤ ਦੇ ਸਾਢੇ ਯਾਰਾਂ ਵਜੇ ਇਹ ਮੀਟਿੰਗ ਸਮਾਪਤ ਹੋਈ, ਸਤਨਾਮ ਦੇ ਇਹਸਾਸਾਂ

ਵਿਚ ਕੁਝ ਨਵੀਂ ਕਿਸਮ ਦੀ ਅਦਲਾ ਬਦਲੀ ਦੇ ਚਿੰਨ੍ਹ ਝਲਕ ਰਹੇ ਸਨ। ਮੀਟਿੰਗ ਦੇ ਸ਼ੁਰੂ ਵਿਚ ਉਸ ਨੇ ਆਪਣੇ ਆਪ ਨੂੰ ਜਿਹੜੀਆਂ ਦੂੰਹ ਬੇੜੀਆਂ ਵਿਚ ਸਵਾਰ ਅਨੁਭਵ ਕੀਤਾ ਸੀ, ਇਸ ਵੇਲੇ ਉਹ ਕੇਵਲ ਇਕੋ ਬੇੜੀ ਵਿਚ ਮੌਜੂਦ ਸੀ, ਪਰ ਇਹ ਬੇੜੀ ਜਿਵੇਂ ਉਸ ਦੇ ਵੇਖਦਿਆਂ ਵੇਖਦਿਆਂ ਡੂੰਘੇ ਪਾਣੀਆ ਵਿਚ ਉਤਰਦੀ ਜਾ ਰਹੀ ਸੀ।

14

"**ਭਰਾ** ਜੀ !"

ਲਰਜ਼ਦੀ ਤੇ ਅੱਤ ਸੁਰੀਲੀ ਆਵਾਜ਼ ਵਿਚ ਉਚਾਰੇ ਹੋਏ ਇਸ ਤਿੰਨ ਅੱਖਰੇ ਸੰਬੋਧਨ ਨੇ ਸਤਨਾਮ ਦੇ ਕਦਮ ਰੋਕ ਲਏ। ਉਹ ਕਾਹਲੀ ਕਾਹਲੀ — ਸ਼ਾਇਦ ਕਿਸੇ ਬਹੁਤ ਜ਼ਰੂਰੀ ਕੰਮ ਲਈ ਬਾਜ਼ਾਰ ਆਟਾ ਮੰਡੀ ਥਾਣੀਂ ਲੰਘ ਰਿਹਾ ਸੀ ਕਿ ਇਕ ਦੰਮ ਜਿਵੇਂ ਕਿਸੇ ਨੇ ਉਸ ਦੀਆ ਲੱਤਾਂ ਨੂੰ ਬਰੇਕ ਲਾ ਦਿਤੀ। ਸੱਜੇ ਖੱਬੇ, ਦੁਹਾਂ ਪਾਸਿਆਂ ਦੇ ਦੁਮੰਜ਼ਲੇ ਮਕਾਨਾਂ ਵਲ ਉਸ ਨੇ ਇਕ ਡੂੰਘੇਰੀ ਨਜ਼ਰ ਨਾਲ ਤਕਿਆ ਤੇ ਫਿਰ ਇਹ ਸਮਝ ਕੇ ਕਿ ਉਸ ਨੂੰ ਐਵੇਂ ਭੁਲੇਖਾ ਲਗਾ ਹੈ — ਅਵਾਜ਼ ਕਿਸੇ ਹੋਰ ਨੂੰ ਮਾਰੀ ਗਈ ਹੋਵੇਗੀ, ਅਗਾਂਹ ਤੁਰ ਪਿਆ। ਦੋ ਤਿੰਨ ਕਦਮ ਤੁਰਨ ਦੇ ਛੋਟੇ ਜਿਹੇ ਵਕਤ ਵਿਚ ਹੀ ਉਸ ਨੇ ਅਨੁਭਵ ਕੀਤਾ, ਜਿਵੇਂ ਇਹ ਅਵਾਜ਼ ਇਸ ਤੋਂ ਪਹਿਲਾ ਵੀ ਉਸ ਨੇ ਕਦੀ ਸੁਣੀ ਹੈ। ਆਪਣੇ ਸ਼ੰਕੇ ਨੂੰ ਮਿਟਾਣ ਲਈ ਉਸ ਨੇ ਇਕ ਵਾਰੀ ਫੇਰ ਕਦਮ ਰੋਕੇ ਤੇ ਇਸ ਤੋਂ ਪਹਿਲਾਂ ਕਿ ਦੁਬਾਰਾ ਉਨ੍ਹਾਂ ਦੁਮੰਜ਼ਲੇ ਮਕਾਨਾਂ ਵਲ ਤੱਕਦਾ, ਫੇਰ ਓਹੀ ਅਵਾਜ਼ ਉਸ ਨੂੰ ਸੁਣਾਈ ਦਿਤੀ — "ਭਰਾ ਜੀ ਐਧਰ।"

ਆਵਾਜ਼ ਦੀ ਸੇਧ ਵਲ ਉਸ ਦੀ ਜਿਉਂ ਹੀ ਨਜ਼ਰ ਉਠੀ ਕਿ ਇਕ ਪਛਾਤਾ ਹੋਇਆ ਚਿਹਰਾ ਉਸ ਦੀਆਂ ਅੱਖਾਂ ਅਗੇ ਸੀ — ਓਹੀ ਬੁਢੇ ਮੁਸਾਫ਼ਰ ਦੇ ਨਾਲ ਦੀ ਕੁੜੀ 'ਕ੍ਰਿਸ਼ਨਾ'।

"ਕ੍ਰਿਸ਼ਨਾ !" ਆਪ ਮੁਹਾਰੇ ਹੀ ਇਹ ਸੰਬੋਧਨ ਉਸ ਦੇ ਮੂੰਹੋਂ ਜ਼ਰਾ ਉਚੇਰੀ ਅਵਾਜ਼ ਵਿਚ ਨਿਕਲਿਆ ਤੇ ਨਾਲ ਹੀ ਉਸ ਦੇ ਦਿਲ ਨੇ ਧੜਕਦੀ ਅਵਾਜ਼ ਵਿਚ ਇਕ ਪ੍ਰਸ਼ਨ ਕੀਤਾ — " ਕੀ ਇਹ ਓਹੀ ਕ੍ਰਿਸ਼ਨਾ ਹੈ ?"

ਸ਼ਾਮ ਦਾ ਘੁਸਮੁਸਾ ਸੀ। ਕਿਸੇ ਕਿਸੇ ਦੁਕਾਨ ਵਿਚ ਬੱਤੀਆਂ ਵੀ ਜਗ ਪਈਆਂ ਸਨ, ਪਰ ਜਿਸ ਘਰ ਦੀ ਬਾਰੀ ਵਿਚੋਂ ਇਹ ਅਵਾਜ਼ ਆਈ, ਉਸ ਵਿਚ ਅਜੇ ਦੀਵੇ ਬੱਤੀ ਦਾ ਚਾਨਣ ਨਹੀਂ ਸੀ ਹੋਇਆ, ਪਰਲੇ ਪਾਸੇ ਦਾ ਬੂਹਾ ਖੁਲ੍ਹਾ ਹੋਣ ਕਰ ਕੇ ਮਾੜੀ ਮਾੜੀ ਲੋਅ ਹੈ ਸੀ, ਜਿਸ ਕਰ ਕੇ ਸਤਨਾਮ ਨੂੰ ਕ੍ਰਿਸ਼ਨਾ ਦਾ ਚਿਹਰਾ ਪਛਾਣਨ ਵਿਚ ਕੁਝ ਵੀ ਔਕੜ ਨਹੀਂ ਜਾਪੀ।

"ਜ਼ਰਾ ਐਸ ਨਾਲ ਦੀ ਗਲੀ ਥਾਣੀਂ ਮਕਾਨ ਦੇ ਪਿਛਲੇ ਪਾਸੇ ਆਉਣਾ ਭਰਾ ਜੀ।" ਕਹਿ ਕੇ ਛੇਤੀ ਨਾਲ ਕ੍ਰਿਸ਼ਨਾ ਬਾਰੀ 'ਚੋਂ ਹਟ ਗਈ। ਉਸ ਦੇ ਹਾਵ ਭਾਵ ਤੋਂ ਬੇ-ਸਬਰੀ ਟਪਕ ਰਹੀ ਸੀ। ਸਤਨਾਮ ਦੇ ਉੱਤਰ ਨੂੰ ਵੀ ਸ਼ਾਇਦ ਨਹੀਂ ਸੀ ਉਡੀਕ ਸਕੀ।

ਸਤਨਾਮ ਦਾ ਦਿਲ ਬਰਾਬਰ ਧੜਕ ਰਿਹਾ ਸੀ। ਜਿੰਨੇ ਕਦਮ ਉਹ ਗਲੀ ਵਲ ਚੁਕਦਾ ਗਿਆ, ਨਾਲ ਨਾਲ ਉਤਨੇ ਗੁਣਾਂ ਉਸ ਦੀ ਧੜਕਣ ਵਧਦੀ ਗਈ।

ਇਸ ਧੜਕਣ ਦਾ ਸਬੱਬ ? ਸ਼ਾਇਦ ਇਸ ਨੂੰ ਓਹੀ ਆਦਮੀ ਜਾਣ ਸਕਦਾ ਹੈ ਜਿਸ ਨੂੰ ਕਿਸੇ ਭਾਰੀ ਨਿਰਾਸ਼ਾ ਤੋਂ ਬਾਅਦ ਅਚਾਨਚੱਕ ਹੀ ਆਸ਼ਾ ਦਾ ਸੂਰਜ ਦਿਸ ਪਿਆ ਹੋਵੇ। ਵਿਸਾਖੀ ਵਾਲੇ ਦਿਨ ਸਤਨਾਮ ਨੇ ਦੂਜੀ ਵਾਰੀ ਕ੍ਰਿਸ਼ਨਾ ਨੂੰ ਤਕਿਆ ਸੀ, ਤੇ ਉਸ ਤੋਂ ਪੂਰਾ ਇਕ ਹਫਤਾ ਬਾਅਦ ਅਜ ਤੀਜੀ ਵੇਰਾਂ। ਇਹ ਸਾਰਾ ਹਫਤਾ ਉਸ ਨੇ ਕਿਸੇ ਨਾ ਕਿਸੇ ਸ਼ਕਲ ਵਿਚ ਕ੍ਰਿਸ਼ਨਾ ਤੇ ਉਸ ਦੇ ਬੁਢੇ ਸਾਥੀ ਨੂੰ ਢੂੰਡਦਿਆਂ ਹੀ ਗੁਜ਼ਾਰਿਆ ਸੀ। ਮਕਾਨ ਦਾ ਬਲਵਾਂ ਹਿੱਸਾ — ਜਿਹੜਾ ਦੁਹਾਂ ਮਾਂ ਪੁੱਤਰਾਂ ਨੇ ਖ਼ਾਲੀ ਕਰਵਾਇਆ ਸੀ, ਉਹ ਅਜੇ ਤੀਕ ਜਿਉਂ ਦਾ

ਤਿਉਂ ਪਿਆ ਸੀ, ਕਿਸੇ ਹੋਰ ਰੀਫੀਉਜੀ ਨੂੰ ਵਸਾਣ ਦੀ ਰੁਚੀ ਦੂਹਾਂ ਵਿਚੋਂ ਕਿਸੇ ਦੀ ਨਹੀ ਹੋਈ।

ਮਕਾਨ ਦੇ ਪਿਛਵਾੜੇ ਪਹੁੰਚ ਕੇ ਸਤਨਾਮ ਨੇ ਕ੍ਰਿਸ਼ਨਾ ਨੂੰ ਉਸ ਦੀ ਉਡੀਕ ਵਿਚ ਖੜ੍ਹੀ ਤੱਕਿਆ। ਸਭ ਤੋਂ ਪਹਿਲਾ ਸਵਾਲ ਕੁੜੀ ਨੇ ਇੰਹ ਕੀਤਾ "ਤੁਹਾਨੂੰ ਥੋੜੀ ਜਿੰਨੀ ਵਿਹਲ ਹੋਵੇਗੀ ਭਰਾ ਜੀ ?"

"ਵਿਹਲ ਹੀ ਵਿਹਲ ਹੈ" ਜਵਾਬ ਵਿਚ ਇਹ ਵਾਕ ਸਤਨਾਮ ਨੇ ਸਹਿਜ ਸੁਭਾਓ ਹੀ ਕਹਿ ਦਿਤਾ, ਭਾਵੇਂ ਕਿ ਉਹ ਜਿਸ ਕੰਮ ਲਈ ਇਸ ਵੇਲੇ ਜਾ ਰਿਹਾ ਸੀ, ਉਹ ਉਸ ਲਈ ਜ਼ਰੂਰੀ ਤੋਂ ਵੀ ਵਧ ਕੇ ਅੱਤ ਜ਼ਰੂਰੀ ਸੀ।

"ਜ਼ਰਾ ਮੇਰੇ ਨਾਲ ਦਰਬਾਰ ਸਾਹਿਬ ਤੀਕ ਚਲੋਗੇ ?" ਕ੍ਰਿਸ਼ਨਾ ਨੇ ਕੁਝ ਤੇਜ਼ ਸਾਹ ਲੈਂਦਿਆਂ ਉਸ ਨੂੰ ਪੁਛਿਆ।

"ਕੋਈ ਹਰਜ ਨਹੀਂ" ਸਤਨਾਮ ਨੇ ਰਜ਼ਾਮੰਦੀ ਦੇ ਰੰਗ ਵਿਚ ਜਵਾਬ ਦਿਤਾ — "ਮੈਂ ਤਿਆਰ ਹਾਂ।"

"ਤਾਂ ਦੋ ਮਿੰਟ ਠਹਿਰੋ — ਮੈਂ ਬਾਪੂ ਜੀ ਨੂੰ ਪੁਛ ਆਵਾਂ" ਕਹਿੰਦੀ ਕਹਿੰਦੀ ਕ੍ਰਿਸ਼ਨਾ ਫੇਰ ਉਸੇ ਬੂਹੇ ਥਾਣੀਂ ਮਕਾਨ ਅੰਦਰ ਦਾਖ਼ਲ ਹੋ ਗਈ, ਜਿਸ ਥਾਣੀਂ ਬਾਹਰ ਆਈ ਸੀ।

ਪਰ ਦੋ ਦੇ ਥਾਂ ਕੁਝ ਜ਼ਿਆਦਾ ਮਿੰਟ ਸਤਨਾਮ ਨੂੰ ਉਡੀਕ ਕਰਨੀ ਪਈ — ਘਟੋ ਘਟ ਦਸ ਕੁ ਮਿੰਟ ਤੇ ਇਹ ਸਾਰੇ ਮਿੰਟ ਉਸ ਨੇ ਇਕੋ ਗਲ ਨੂੰ ਸੋਚਣ ਵਿਚ ਗੁਜ਼ਾਰੇ — "ਕੀ ਸਚ ਮੁਚ ਇਹ ਓਹੀ ਕ੍ਰਿਸ਼ਨਾ ਹੈ, ਓਦਨ ਵਾਲੀ ? ਸਿਰਫ ਇਕ ਹਫਤੇ ਵਿਚ ਇਤਨੀ ਤਬਦੀਲੀ ? ਕਿੰਨੀ ਹੈਰਾਨੀ ਵਾਲੀ ਗਲ ਹੈ ! ਇਸ ਦੇ ਪਹਿਰਾਵੇ ਵਿਚ, ਇਸ ਦੇ ਬੋਲ ਚਾਲ ਵਿਚ ਤੇ ਇਸ ਦੇ ਚਿਹਰੇ ਦੇ ਖੇੜੇ ਵਿਚ ਜ਼ਮੀਨ ਅਸਮਾਨ ਦਾ ਫ਼ਰਕ ! ਓਦਣ ਜੇ ਕ੍ਰਿਸ਼ਨਾ ਨਿਰੀ ਸੁੰਦਰੀ ਸੀ, ਤਾਂ ਅਜ ਇਹ ਸਾਖਯਾਤ ਸੌਂਦਰਯ ਦਿਖਾਈ ਦੇ ਰਹੀ ਹੈ। ਕਿਤਨਾ ਨਿਖਾਰ ਆ ਗਿਆ ਹੈ ਇਸ ਉਤੇ ! ਮੌਤ ਦੇ ਪਰਛਾਵੇ, ਮੁਸੀਬਤਾਂ ਤੇ ਥਕਾਵਟਾਂ ਦੀਆਂ ਹਵਾਈਆਂ ਜਿਹੜੀਆਂ ਇਸ ਦੇ ਨਕਸ਼ਾਂ ਉਤੇ ਓਦਨ ਫੈਲ ਰਹੀਆਂ ਸਨ, ਅਜ ਉਨ੍ਹਾਂ ਦਾ ਕਿਤੇ ਨਾਂ ਨਿਸ਼ਾਨ ਨਹੀਂ। ਕੀ ਕਿਸੇ ਦੇਵੀ ਦੇਵਤੇ ਦਾ ਵਰਦਾਨ ਇਸ ਨੂੰ ਪ੍ਰਾਪਤ ਹੋ ਗਿਆ ਹੈ ?"

ਕਦਮਾਂ ਦੀ ਚਾਪ ਸੁਣਾਈ ਦਿਤੀ, ਤੇ ਇਸ ਤੋਂ ਬਾਅਦ ਓਹੀ ਚਿਹਰਾ, ਓਹੀ ਦੋ ਪ੍ਰਭਾਵਸ਼ਾਲੀ ਅੱਖਾਂ ਸਤਨਾਮ ਦੇ ਸਾਹਮਣੇ ਸਨ।

"ਮੁਆਫ਼ ਕਰਨਾ ਭਰਾ ਜੀ" ਕੁਝ ਨਿਸੰਕੋਚ ਭਾਵ ਨਾਲ ਉਸ ਦੇ ਬਰਾਬਰ ਟੁਰਦੀ ਹੋਈ ਕ੍ਰਿਸ਼ਨਾ ਬੋਲੀ — "ਮੈਨੂੰ ਉਪਰ ਦੇਰ ਕੁਝ ਜ਼ਿਆਦਾ ਲਗ ਗਈ ਸੀ।"

ਨਿਰਵਾਕ ਜਿਹਾ ਸਤਨਾਮ ਉਸ ਦੇ ਨਾਲ ਨਾਲ ਟੁਰਿਆ ਜਾ ਰਿਹਾ ਸੀ ਤੇ ਕ੍ਰਿਸ਼ਨਾ ਦੇ ਪ੍ਰਸ਼ਨ ਦਾ ਉੱਤਰ ਮਸੇ ਏਨਾ ਹੀ ਦੇ ਕੇ ਚੁਪ ਹੋ ਗਿਆ — "ਕੋਈ ਗਲ ਨਹੀਂ।"

ਕ੍ਰਿਸ਼ਨਾ ਦਾ ਪਹਿਰਾਵਾ ਇਸ ਵੇਲੇ ਸਾਦਾ ਤੇ ਸ੍ਵੱਛ ਸੀ। ਖੱਦਰ ਦੇ ਚਾਰਖਾਨੇ ਦੀ ਇਕ ਸਾੜ੍ਹੀ ਤੇ ਲਗ ਪਗ ਏਸੇ ਤਰ੍ਹਾਂ ਦਾ ਜੈਮਪਰ। ਪੈਰੀਂ ਉਸ ਨੇ ਹਲਕੇ ਬਦਾਮੀ ਰੰਗ ਦੀਆਂ ਚੱਪਲਾਂ ਪਾਈਆਂ ਹੋਈਆਂ ਸਨ। ਉਸ ਦੇ ਗੋਰੇ ਮਥੇ ਉਤੇ ਇਕ ਖਾਸ ਤਰ੍ਹਾਂ ਦੀ ਚਮਕ ਸੀ, ਜਿਹੜੀ ਵੇਖਣ ਵਾਲੇ ਦੇ ਦਿਲ ਤੇ ਨਹੀਂ — ਆਤਮਾ ਉਤੇ ਕੋਈ ਮੁਗਧਕਾਰੀ ਜਿਹਾ ਝਲਕਾਰਾ ਪਾਏ ਬਿਨਾਂ ਨਹੀਂ ਰਹਿੰਦੀ। ਉਸ ਦੀ ਤੋਰ ਵਿਚ ਇਕ ਖਾਸ ਤਰ੍ਹਾਂ ਦੀ ਲਚਕ ਸੀ, ਜਿਸ ਵਿਚੋਂ ਸੁਕੁਮਾਰਪਣੇ ਦੇ ਨਾਲ ਹੀ ਦ੍ਰਿੜ੍ਹਤਾ ਤੇ ਆਤਮ-ਬਲ ਦੀ ਵੀ ਸਾਖੀ ਮਿਲਦੀ ਸੀ। ਉਸ ਦੇ ਕੁਦਰਤੀ ਲਾਲ ਤੇ ਗਿਲੇ ਹੋਠਾਂ ਉਤੇ ਭਾਵੇਂ ਕਿਸੇ ਤਰ੍ਹਾਂ ਦੀ ਮੁਸਕਰਾਹਟ ਜਾਂ ਖੇੜੇ ਦੇ ਚਿੰਨ੍ਹ ਨਹੀਂ ਸਨ ਵਿਖਾਈ ਦੇਂਦੇ, ਪਰ ਇਨ੍ਹਾਂ ਵਿਚ ਕੋਈ ਇਹੋ ਜਿਹੀ ਚੀਜ਼ ਹੈ ਸੀ, ਜਿਹੜੀ ਹਰ ਬਿਗਾਨੇ ਵਿਚ ਅਪਣੱਤ ਦਾ ਅਹਿਸਾਸ ਜਗਾ ਦੇਵੇ।

"ਭਾਬੀ ਨੇ ਉਸ ਦਿਨ ਤੁਹਾਨੂੰ ਬੜਾ ਢੂੰਡਿਆ" ਤੁਰੇ ਜਾਂਦਿਆਂ ਸਤਨਾਮ ਨੇ ਸ਼ਬਦਾਂ ਦੇ ਕੁਝ ਹੇਰ ਫੇਰ ਨਾਲ ਇਹ ਵਾਕ ਉਸ ਨੂੰ ਉਸ ਵੇਲੇ ਕਿਹਾ, ਜਦ ਇਹ ਦੋਵੇਂ ਦਰਬਾਰ ਸਾਹਿਬ ਦੀਆਂ ਚੌੜੀਆਂ ਪੌੜੀਆਂ ਪਾਸ ਪਹੁੰਚ ਚੁਕੇ ਸਨ। ਹੇਰ ਫੇਰ ਜੇ ਨਾ ਕਰਦਾ ਤਾਂ ਸ਼ਾਇਦ ਉਸ ਦੇ ਅਸਲੀ ਸ਼ਬਦ ਇਹ ਹੁੰਦੇ — "ਉਸ ਦਿਨ ਤੋਂ ਲੈ ਕੇ ਅਜ ਤੀਕ ਅਸੀਂ ਦੋਵੇਂ ਮਾਂ ਪੁੱਤਰ ਤੁਸਾਂ ਦੂਹਾਂ ਦੀ ਭਾਲ ਵਿਚ ਪਾਗਲ ਹੋਏ ਫਿਰਦੇ ਹਾਂ।"

"ਮੈਨੂੰ ਪਤਾ ਸੀ ਉਹ ਜ਼ਰੂਰ ਢੂੰਡਣਗੇ" ਕਿਸੇ ਡੂੰਘੇ ਜਜ਼ਬੇ ਦੇ ਅਧੀਨ ਇਤਨਾ ਹੀ ਕਹਿ ਕੇ ਕ੍ਰਿਸ਼ਨਾ ਨੇ ਗਲ ਖ਼ਤਮ ਕਰ ਦਿਤੀ। ਇਸ ਤੋਂ ਬਾਅਦ ਜਦ ਤੀਕ ਇਹ ਦੋਵੇਂ ਦਰਸ਼ਨੀ ਡਿਉਢੀ ਕੋਲ ਨਾ ਅਪੜ ਗਏ, ਕੋਈ ਗਲ ਕਥ ਨਾ ਹੋਈ।

"ਹਾਂ" ਸਤਨਾਮ ਨੇ ਪੁਛਿਆ — "ਕੀ ਕੰਮ ਸੀ ?"

"ਮੱਥਾ ਟੇਕ ਆਈਏ ਪਹਿਲਾਂ।" ਕਹਿੰਦੀ ਹੋਈ ਕ੍ਰਿਸ਼ਨਾ ਪੂਰੀ ਸ਼ਰਧਾ ਦੇ ਰੰਗ ਵਿਚ ਦਰਸ਼ਨੀ ਡਿਉਢੀ ਦੀ ਦਹਿਲੀਜ਼ ਤੇ ਝੁਕ ਗਈ।

... ...

ਛੋਟੀ ਤੇ ਵਡੀ, ਦੋਵੇਂ ਪਰਕਰਮਾਂ ਕਰ ਚੁੱਕਣ ਤੋਂ ਬਾਅਦ ਜਦ ਇਹ ਦੋਵੇਂ ਘੰਟਾ ਘਰ ਦੀ ਬਾਹੀ ਵਲ, ਸਰੋਵਰ ਦੇ ਕੰਢੇ ਬੈਠ ਗਏ ਤਾਂ ਕ੍ਰਿਸ਼ਨਾ ਨੇ ਆਪ ਹੀ ਗਲਾਂ ਦੀ ਲੜੀ ਇਸ ਪ੍ਰਸ਼ਨ ਨਾਲ ਸ਼ੁਰੂ ਕਰ ਦਿਤੀ — "ਭਰਾ ਜੀ, ਤੁਸਾਂ ਆਪਣਾ ਘਰ ਕਿਹੜੀ ਗਲੀ ਵਿਚ ਦਸਿਆ ਸੀ ?"

"ਵਧਾਉ ਵਾਲੀ ਵਿਚ"

ਮੈਨੂੰ ਗਲੀ ਦਾ ਨਾਂ ਈ ਭੁਲ ਗਿਆ।"

"ਪਰ ਤੁਸੀਂ ਉਥੋਂ ਚਲੇ ਕਿਉਂ ਗਏ ? ਭਾਬੀ ਨਾਲ ਤੁਹਾਡੇ ਬਾਪੂ ਨੇ ਇਕਰਾਰ ਜੁ ਕੀਤਾ ਸੀ ਸਾਡੇ ਘਰ ਚਲਣ ਦਾ।"

"ਸਾਡੇ ਨਾਲ ਧੋਖਾ ਹੋ ਗਿਆ ਸੀ ਭਰਾ ਜੀ।"

"ਧੋਖਾ ?"

"ਹਾਂ"

"ਕਿਸ ਤਰ੍ਹਾਂ ?"

"ਉਨ੍ਹਾਂ ਬਾਪੂ ਜੀ ਨੂੰ ਕਿਹਾ ਸੀ — ਅਸੀਂ ਤੁਹਾਨੂੰ ਲੈਣ ਆਏ ਹਾਂ, ਸਾਨੂੰ ਉਸੇ ਮਾਈ ਨੇ ਭੇਜਿਆ ਹੈ ਜਿਹੜੀ ਤੁਹਾਨੂੰ ਲੈ ਜਾਣ ਲਈ ਕਹਿ ਗਈ ਸੀ।"

"ਕੌਣ ਸਨ ਉਹ ?"

"ਦੋ ਆਦਮੀ ਸਨ — ਇਕ ਹਿੰਦੂ ਤੇ ਇਕ ਸਿਖ।"

"ਫੇਰ ?"

"ਫੇਰ ਉਨ੍ਹਾਂ ਸਾਨੂੰ ਇਕ ਮਕਾਨ ਵਿਚ ਲੈਜਾ ਕੇ ਠਹਿਰਾਇਆ। ਜਿਥੇ ਕਈ ਜ਼ਨਾਨੀਆਂ ਵੀ ਸਨ ਪਰ ਉਥੇ ਨਾ ਅਸਾਂ ਤੁਹਾਡੀ ਮਾਤਾ ਜੀ ਨੂੰ ਵੇਖਿਆ ਨਾ ਤੁਹਾਨੂੰ।"

"ਪਰ ਏਸੇ ਮਕਾਨ ਦੀ ਗਲ ਹੈ ਜਿਸ ਵਿਚ ਤੁਸੀਂ ਹੁਣ ਰਹਿ ਰਹੇ ਹੋ ? ਇਸ ਮਕਾਨ ਵਿਚ ਤਾਂ ਸ਼ਾਇਦ ਰੀਲੀਫ ਕਮੇਟੀ ਦੀ ਕੋਈ ਬ੍ਰਾਂਚ ਹੈ।"

"ਨਹੀਂ, ਉਹ ਹੋਰ ਮਕਾਨ ਸੀ। ਕਿਸੇ ਹੋਰ ਮਹੱਲੇ ਵਿਚ ਸੀ।"

"ਹੱਛਾ, ਫੇਰ ?"

"ਫੇਰ ਅਸੀਂ ਉਸੇ ਸ਼ਾਮੀਂ ਚੁਪ ਕੀਤੇ ਉਥੋਂ ਨਿਕਲ ਆਏ। ਬਾਪੂ ਹੋਰਾਂ ਨੂੰ ਤਾਂ ਉਸ ਘਰ ਵਿਚ ਵੜਦਿਆਂ ਹੀ ਸ਼ੱਕ ਪੈ ਗਿਆ ਸੀ। ਫੇਰ ਜਦ ਉਹ ਦੋਵੇਂ ਆਦਮੀ ਕੁਝ ਹੋਰ ਹੋਰ ਤਰ੍ਹਾਂ

ਦੀਆਂ ਗੱਲਾਂ ਕਰਨ ਲਗੀ, ਤਾਂ ਅਸਾਂ ਉਥੋਂ ਨਿਕਲਣ ਦਾ ਪੱਕਾ ਇਰਾਦਾ ਕਰ ਲਿਆ।"

"ਹੋਰ ਹੋਰ ਤਰ੍ਹਾਂ ਦੀਆਂ ? ਕਿਸ ਤਰ੍ਹਾਂ ਦੀਆਂ ?

ਇਸ ਦੇ ਜਵਾਬ ਵਿਚ ਕ੍ਰਿਸ਼ਨਾ ਦੇ ਹੋਠ ਨਹੀਂ ਖੁਲ੍ਹੇ, ਕੇਵਲ ਉਨ੍ਹਾਂ ਉਤੇ ਕੁਝ ਤਣਾਉ ਜਿਹਾ ਤੇ ਉਸ ਦੀਆਂ ਸੁਰਮਈ ਅੱਖਾਂ ਵਿਚ ਹਯਾਂ ਦੀ ਝਲਕ ਪੈਦਾ ਹੋ ਗਈ। ਸਤਨਾਮ ਇਸ ਦਾ ਮਤਲਬ ਸਮਝ ਗਿਆ ਕਿ ਸ਼ਾਇਦ ਇਨ੍ਹਾਂ ਦੇ ਮੀਜ਼ਬਾਨਾਂ ਦੀ ਨੀਤ ਚੰਗੀ ਨਹੀਂ ਸੀ।

ਗਲ ਵਲਾ ਕੇ ਸਤਨਾਮ ਨੇ ਪੁਛਿਆ — "ਹੱਛਾ, ਉਥੋਂ ਨਿਕਲ ਕੇ ਫੇਰ ਤੁਸੀਂ ਕਿਥੇ ਗਏ ?"

"ਅਸੀਂ ਕਾਂਗਰਸ ਕਮੇਟੀ ਦੇ ਦਫਤਰ ਵਿਚ ਚਲੇ ਗਏ।"

"ਉਥੇ ਕਿਸ ਮਤਲਬ ਲਈ ?"

"ਉਸ ਦਿਨ ਦੁਪਹਿਰੇ ਮੈਂ ਇਕ ਉਰਦੂ ਦਾ ਇਸ਼ਤਿਹਾਰ ਕੰਧਾਂ ਤੇ ਲਗਾ ਹੋਇਆ ਪੜ੍ਹਿਆ ਸੀ, ਜਿਹੜਾ ਸ਼ਹਿਰ ਦੀ ਕਾਂਗਰਸ ਕਮੇਟੀ ਵਲੋਂ ਛਪਿਆ ਹੋਇਆ ਸੀ। ਉਸ ਵਿਚ ਲਿਖਿਆ ਸੀ ਕਿ ਰਿਫੀਊਜੀਆਂ ਵਿਚ ਜਿਹੜੀਆਂ ਕੁੜੀਆਂ ਜ਼ਨਾਨੀਆਂ ਕੁਝ ਪੜ੍ਹਨਾ ਲਿਖਣਾ ਜਾਣਦੀਆਂ ਨੇ, ਉਹ ਦਫਤਰ ਵਿਚ ਪਤਾ ਦੇਣ, ਤਾਂ ਉਨ੍ਹਾਂ ਲਈ ਕੰਮ ਮੁਹੱਈਆ ਕੀਤਾ ਜਾ ਸਕਦਾ ਹੈ।"

"ਆਹੋ ! ਉਹ ਇਸ਼ਤਿਹਾਰ ਮੈਂ ਵੀ ਪੜ੍ਹਿਆ ਸੀ, ਫੇਰ ?"

"ਜਦੋਂ ਅਸੀਂ ਉਸ ਘਰ ਵਿਚ ਰਹਿਣ ਵਾਲਿਆਂ ਪਾਸ ਦਰਬਾਰ ਸਾਹਿਬ ਮੱਥਾ ਟੇਕਣ ਦਾ ਬਹਾਨਾ ਕਰ ਕੇ ਨਿਕਲੇ ਤਾਂ ਮੈਂ ਬਾਪੂ ਹੋਰਾਂ ਪਾਸ ਇਸ਼ਤਿਹਾਰ ਦਾ ਜ਼ਿਕਰ ਕੀਤਾ। ਉਹ ਕਹਿਣ ਲਗੇ — ਤਾਂ ਸਾਨੂੰ ਕਾਂਗਰਸ ਦੇ ਦਫਤਰ ਹੀ ਚਲਣਾ ਚਾਹੀਦਾ ਹੈ। ਅਸੀਂ ਪੁੱਛਦੇ ਪੁਛਾਂਦੇ ਦਫਤਰ ਜਾ ਪਹੁੰਚੇ।"

"ਫੇਰ ਉਥੋਂ ਕੀ ਜਵਾਬ ਮਿਲਿਆ ਤੁਹਾਨੂੰ ?"

"ਉਥੇ ਇਕ ਅਧਖੜ ਉਮਰ ਦਾ ਆਦਮੀ ਸਾਨੂੰ ਮਿਲਿਆ, ਜਿਹੜਾ ਕਾਂਗਰਸ ਕਮੇਟੀ ਦਾ ਸਕੱਤ੍ਰ ਸੀ। ਬਾਪੂ ਹੋਰਾਂ ਉਸ ਨੂੰ ਆਪਣਾ ਹਾਲ ਸੁਣਾਇਆ। ਜਦ ਉਨ੍ਹਾਂ ਦਸਿਆ ਕਿ ਉਹ ਹਿਕਮਤ ਤੇ ਜਰਾਹੀ ਦਾ ਕੰਮ ਕਾਫ਼ੀ ਜਾਣਦੇ ਨੇ, ਤਾਂ ਸਕੱਤ੍ਰ ਬੜਾ ਖੁਸ਼ ਹੋਇਆ। ਕਿਉਂਕਿ ਉਸ ਨੂੰ ਬੀਮਾਰ ਰਿਫੀਊਜੀਆਂ ਦੇ ਦਵਾ ਦਾਰੂ ਤੇ ਫਟੜਾਂ ਦੀ ਮਲ੍ਹਮ ਪੱਟੀ ਕਰਨ ਵਾਲੇ ਕਿਸੇ ਸਿਆਣੇ ਆਦਮੀ ਦੀ ਲੋੜ ਸੀ। ਸੋ ਉਸ ਨੇ ਇਹ ਕੰਮ ਬਾਪੂ ਜੀ ਦੇ ਸਪੁਰਦ ਕਰ ਕੇ ਸਾਨੂੰ ਏਸ ਮਕਾਨ ਵਿਚ ਉਤਾਰਾ ਦੇ ਦਿਤਾ।"

"ਤਾਂ ਇਥੇ ਬਾਪੂ ਹੋਰਾਂ ਆਪਣਾ ਦਵਾ ਦਾਰੂ ਦਾ ਕੰਮ ਸ਼ੁਰੂ ਕਰ ਦਿਤਾ ਹੋਵੇਗਾ ?"

"ਹਾਂ ਜੀ, ਦੂਜੇ ਦਿਨ ਜੋ ਜੋ ਦਵਾਈਆਂ ਤੇ ਮਲ੍ਹਮਾਂ ਬਾਪੂ ਜੀ ਨੇ ਲਿਖਾਈਆਂ, ਉਹ ਤੇ ਹੋਰ ਬਹੁਤ ਸਾਰਾ ਜ਼ਰੂਰੀ ਸਾਮਾਨ ਸਕੱਤ੍ਰ ਨੇ ਮੰਗਵਾ ਦਿੱਤਾ। "

"ਤੇ ਕ੍ਰਿਸ਼ਨਾ ਜੀ ! ਤੁਸਾਂ ਆਪਣੇ ਲਈ ਕਿਹੜਾ ਕੰਮ ਚੁਣਿਆਂ ?"

"ਮੇਰੇ ਲਈ ਕੰਮ ਤਾਂ ਬਥੇਰੇ ਸਨ, ਪਰ ਬਾਪੂ ਜੀ ਮੈਨੂੰ ਆਪਣੇ ਨਾਲੋਂ ਨਿਖੇੜਨਾ ਨਹੀਂ ਸਨ ਚਾਹੁੰਦੇ। ਉਨ੍ਹਾਂ ਸਕੱਤਰ ਨੂੰ ਆਖ ਦਿਤਾ ਕਿ ਮੇਰੀਆਂ ਅੱਖਾਂ ਦੀ ਨਜ਼ਰ ਘਟ ਹੈ, ਇਸ ਲਈ ਮੈਂ ਇਸ ਕੁੜੀ ਦੀ ਮਦਦ ਤੋਂ ਬਿਨਾਂ ਆਪਣਾ ਕੰਮ ਨਹੀਂ ਚਲਾ ਸਕਾਂਗਾ। ਸੋ ਸਕੱਤ੍ਰ ਨੇ ਮੈਨੂੰ ਹੀ ਬਾਪੂ ਜੀ ਦੀ ਕੰਪੌਂਡਰ ਮੁੱਕਰਰ ਕਰ ਦਿਤਾ।"

"ਤਾਂ ਤੁਹਾਡਾ ਸ਼ਫ਼ਾਖ਼ਾਨਾ ਖ਼ੂਬ ਕਾਮਯਾਬੀ ਨਾਲ ਚਲਦਾ ਹੋਵੇਗਾ ਹੁਣ ਤੇ ?"

"ਬੜੀ ਕਾਮਯਾਬੀ ਨਾਲ ਭਰਾ ਜੀ। ਸਵੇਰੇ ਅੱਠ ਤੋਂ ਇਕ ਵਜੇ ਤਕ ਮਰੀਜ਼ਾਂ ਦੀ ਭੀੜ ਲਗੀ ਰਹਿੰਦੀ ਏ। ਬਾਪੂ ਜੀ ਨੂੰ ਤਾਂ ਸਿਰ ਖੁਰਕਣ ਦੀ ਵਿਹਲ ਨਹੀਂ ਹੁੰਦੀ। ਪਰਸੋਂ ਤੋਂ ਉਨ੍ਹਾਂ ਦੀ ਮਦਦ ਲਈ ਇਕ ਹੋਰ ਆਦਮੀ ਦਿਤਾ ਗਿਆ ਏ, ਜਿਸ ਦਾ ਕੰਮ ਹੈ ਦਵਾਈਆਂ

ਲਿਆਉਣੀਆਂ ਤੇ ਤਿਆਰ ਕਰਨੀਆਂ। ਉਹ ਭਾਵੇਂ ਦਿੱਲੀ ਦੇ ਤਿੱਬੀਆ ਕਾਲਜ ਦਾ ਸਨਦ-ਯਾਫ਼ਤਾ ਹੈ, ਪਰ ਬਾਪੂ ਹੋਰਾਂ ਦੀ ਹਿਕਮਤ ਦੇ ਤਰੀਕੇ ਤੇ ਕਈ ਖ਼ਾਸ ਨੁਸਖ਼ੇ ਵੇਖ ਕੇ ਉਹ ਬਾਪੂ ਜੀ ਨੂੰ ਆਪਣਾ ਉਸਤਾਦ ਮੰਨਣ ਲਗ ਪਿਆ ਹੈ।"

"ਤਾਂ ਤੇ ਤੁਹਾਡਾ ਦਿਲ ਖ਼ੂਬ ਲਗ ਗਿਆ ਹੋਵੇਗਾ ਇਸ ਕੰਮ ਵਿਚ।"

"ਦਿਲ ਲਗ ਗਿਆ ਛਡ ਕੇ ਭਰਾ ਜੀ, ਸੱਚ ਪੁਛੋ ਤਾਂ ਮੈਨੂੰ ਜ਼ਿੰਦਗੀ ਜੀਉਣ ਦਾ ਸੁਆਦ ਹੀ ਹੁਣ ਆਇਆ ਏ। ਨਾਲੇ ਮੇਰੇ ਦਿਲ ਬਹਿਲਾਵੇ ਲਈ ਉਥੇ ਇਕ ਹੋਰ ਕੀਮਤੀ ਚੀਜ਼ ਹੈ।"

"ਉਹ ਕੀ ?"

"ਸਕੱਤ੍ਰ ਦਾ ਕਮਰਾ ਵੀ ਸਾਡੇ ਨਾਲ ਲਗਦਾ ਹੈ ਤੇ ਉਸ ਨੇ ਆਪਣੀ ਅਲਮਾਰੀ ਵਿਚ ਉਰਦੂ ਦੀਆਂ ਸੈਂਕੜੇ ਕਿਤਾਬਾਂ ਰਖੀਆਂ ਨੇ। ਜਿਨ੍ਹਾਂ ਨੂੰ ਮੈਂ ਬੜੇ ਸ਼ੌਕ ਨਾਲ ਪੜ੍ਹਦੀ ਹਾਂ।"

"ਹੱਛਾ ! ਇਹ ਤੇ ਬੜੀ ਖ਼ੁਸ਼ੀ ਦੀ ਗਲ ਹੈ। ਕੀ ਨਾਂ ਏ ਸਕੱਤ੍ਰ ਦਾ ?"

"ਨਾਂ ਦਾ ਤਾਂ ਮੈਨੂੰ ਅਜ ਤੀਕ ਪਤਾ ਨਹੀਂ। 'ਸ਼ਰਮਾ ਜੀ' ਕਰ ਕੇ ਸੱਦਦੇ ਨੇ ਲੋਕੀ ਉਨ੍ਹਾਂ ਨੂੰ। ਬੜੇ ਚੰਗੇ ਆਦਮੀ ਨੇ। 'ਕੱਲੇ ਕਾਰੇ ਨੇ। ਰੋਟੀ ਆਪਣੀ ਆਪ ਹੀ ਬਣਾਂਦੇ ਨੇ। ਇਹ ਉਨ੍ਹਾਂ ਦੀ ਮੁਢ ਤੋਂ ਹੀ ਆਦਤ ਹੈ। ਉਂਜ ਮੇਰੇ ਨਾਲ ਬੜਾ ਹਿਤ ਪਿਆਰ ਕਰਦੇ ਨੇ।"

ਇਕ ਅਨਾਥ ਤੇ ਮੁਸੀਬਤ ਮਾਰੇ ਕੁਨਬੇ ਨੂੰ ਇਡੀ ਛੇਤੀ ਸਫਲਤਾ ਦੇ ਨੇੜੇ ਪਹੁੰਚੇ ਸੁਣ ਕੇ ਸਤਨਾਮ ਦੇ ਦਿਲ ਨੂੰ ਬੇ-ਓੜਕ ਖ਼ੁਸ਼ੀ ਹੋਈ। ਉਸ ਦਾ ਦਿਲ, ਉਸ ਅਣਜਾਣੇ 'ਸ਼ਰਮਾ ਜੀ' ਨੂੰ ਧੰਨਵਾਦ ਦੇ ਰਿਹਾ ਸੀ।

"ਤਾਂ ਕ੍ਰਿਸ਼ਨਾ ਜੀ" ਸਤਨਾਮ ਨੇ ਇਕ ਭਰਵੀਂ ਨਜ਼ਰ ਉਸ ਦੇ ਚਿਹਰੇ ਤੇ ਸੁਟਦਿਆਂ ਕਿਹਾ — "ਵਾਹਿਗੁਰੂ ਨੇ ਬੜੀ ਮਿਹਰ ਕੀਤੀ ਏ ਜੁ ਤੁਹਾਡੇ ਲਈ ਐਹੋ ਜਿਹੇ ਮਨਭਾਉਂਦੇ ਟਿਕਾਣੇ ਤੇ ਕਾਰੋਬਾਰ ਦਾ ਪ੍ਰਬੰਧ ਹੋ ਗਿਆ।"

"ਪਰ ਜਿਸ ਮਤਲਬ ਲਈ ਮੈਂ ਤੁਹਾਨੂੰ ਖੇਚਲ ਦਿਤੀ ਏ, ਉਹ ਵੀ ਸੁਣ ਲਓ ਨਾ।"

"ਖੇਚਲ ਵਾਲੀ ਕੋਈ ਗਲ ਨਹੀਂ, ਹਾਂ ਉਹ ਕੀ ਏ ?"

"ਬਾਪੂ ਜੀ ਨੂੰ ਕੰਮ ਤਾਂ ਆਪਣੀ ਮਨ ਮਰਜ਼ੀ ਦਾ ਮਿਲ ਗਿਆ ਏ, ਜਿਸ ਲਈ ਉਹ ਬੜੇ ਖ਼ੁਸ਼ ਨੇ, ਪਰ ਉਹ ਆਪਣੀ ਰਿਹਾਇਸ਼ ਉਸ ਮਕਾਨ ਵਿਚ ਰਖਣੀ ਨਹੀਂ ਚਾਹੁੰਦੇ।"

"ਕਿਉਂ ਪਰ ?"

"ਗਲ ਇਹ ਵੇ ਭਰਾ ਜੀ, ਪਈ ਉਥੇ ਹਰ ਤਰ੍ਹਾਂ ਦੇ ਆਦਮੀ ਆਉਂਦੇ ਜਾਂਦੇ ਨੇ — ਚੰਗੇ ਵੀ, ਮਾੜੇ ਵੀ। ਜਿਸ ਕਰ ਕੇ ਬਾਪੂ ਹੋਰਾਂ ਦੀ ਸਲਾਹ ਏ ਜੇ ਕਿਸੇ ਗਲੀ ਵਿਚ ਕੋਈ ਛੋਟਾ ਮੋਟਾ ਮਕਾਨ ਕਿਰਾਏ ਤੇ ਮਿਲ ਜਾਵੇ ਤਾਂ ਚੰਗਾ ਏ। ਦੋ ਤਿੰਨ ਵਾਰੀ ਤੁਹਾਡਾ ਤੇ ਤੁਹਾਡੀ ਮਾਤਾ ਜੀ ਦਾ ਜ਼ਿਕਰ ਵੀ ਕਰ ਚੁਕੇ ਨੇ। ਮੇਰੀ ਇਕ ਦੋ ਵਾਰੀ ਸਲਾਹ ਵੀ ਹੋਈ ਕਿ ਤੁਹਾਨੂੰ ਮਿਲ ਕੇ ਇਹ ਗਲ ਕਰਾਂ, ਪਰ ਤੁਹਾਡੀ ਗਲੀ ਦਾ ਨਾਂ ਹੀ ਅਸਾਂ ਦੁਹਾਂ ਨੂੰ ਭੁਲ ਗਿਆ। ਅਜ ਰੱਬ ਸਬੱਬੀ ਤੁਸੀਂ ਬਜ਼ਾਰ 'ਚੋਂ ਲੰਘਦੇ ਨਜ਼ਰੀਂ ਪੈ ਗਏ, ਇਸੇ ਕਰ ਕੇ ਮੈਂ ਤੁਹਾਨੂੰ ਅਵਾਜ਼ ਮਾਰ ਕੇ ਸੱਦ ਲਿਆ। ਮੈਂ ਤੁਹਾਨੂੰ ਬਾਪੂ ਹੋਰਾਂ ਕੋਲ ਹੀ ਲੈ ਚਲਦੀ, ਪਰ ਉਹ ਇਸ ਵੇਲੇ ਇਕ ਮਰੀਜ਼ ਦੇ ਇਲਾਜ ਵਿਚ ਰੁਝੇ ਹੋਏ ਸਨ, ਜਿਥੋਂ ਹਾਲੇ ਘੰਟਾ ਕੁ ਉਨ੍ਹਾਂ ਨੂੰ ਵਿਹਲ ਨਹੀਂ ਸੀ ਲੱਗਣੀ। ਨਾਲੇ ਇਸ ਵੇਲੇ ਉਂਜ ਵੀ ਰੋਜ਼ ਮੈਂ ਦਰਬਾਰ ਸਾਹਿਬ ਜਾਇਆ ਕਰਦੀ ਹਾਂ। ਮੈਂ ਆਖਿਆ ਉਥੇ ਹੀ ਬੈਠ ਕੇ ਤੁਹਾਡੇ ਗਲਾਂ ਕਰਾਂਗੀ।"

ਰਿਹਾਇਸ਼ ਲਈ ਥਾਂ ਦਾ ਜ਼ਿਕਰ ਛਿੜਦਿਆਂ ਸਭ ਤੋਂ ਪਹਿਲਾ ਖ਼ਿਆਲ ਸਤਨਾਮ ਦੇ ਦਿਲ ਵਿਚ ਇਹੋ ਪੈਦਾ ਹੋਇਆ — ਮੇਰਾ ਮਕਾਨ ਜੁ ਵਿਹਲਾ ਪਿਆ ਹੈ, ਜਿਸ ਵਿਚ ਲਿਆਉਣ ਦੀ ਅਸੀਂ ਇਨ੍ਹਾਂ ਨੂੰ ਦਾਹਵਤ ਵੀ ਦੇ ਚੁਕੇ ਹਾਂ, ਪਰ ਇਸ ਵੇਲੇ ਕੋਈ ਇਹੋ ਜਿਹੀ ਸੰਢ ਉਸ

ਦੇ ਰਗੜੇ ਵਿਚ ਉਪਸਥਿਤ ਹੋ ਗਈ ਕਿ ਚਾਹੁੰਦਾ ਹੋਇਆ ਵੀ ਉਹ ਇਸ ਗਲ ਨੂੰ ਜ਼ਬਾਨ ਤੇ ਨਾ ਲਿਆ ਸਕਿਆ। ਆਖ਼ਰ ਕੁਝ ਤਾਂ ਕ੍ਰਿਸ਼ਨਾ ਦੇ ਜਵਾਬ ਵਿਚ, ਉਸ ਦੀ ਤਸੱਲੀ ਲਈ ਕਹਿਣਾ ਹੀ ਬਣਦਾ ਹੈ, ਇਹ ਸੋਚ ਕੇ ਉਹ ਬੋਲਿਆ —

"ਮਕਾਨ ਤੁਸੀਂ ਬਿਲਕੁਲ ਨਿਵੇਕਲਾ ਚਾਹੁੰਦੇ ਹੋ ?"

"ਨਹੀਂ, ਕੋਈ ਜ਼ਰੂਰੀ ਤੇ ਨਹੀਂ ਜੁ ਨਿਵੇਕਲਾ ਹੀ ਹੋਵੇ ਪਰ... ..." ਤੇ ਬੋਲਦੀ ਬੋਲਦੀ ਉਹ ਚੁਪ ਹੋ ਗਈ। ਸਤਨਾਮ ਇਸ ਦਾ ਮਤਲਬ ਸਮਝ ਗਿਆ ਤੇ ਮਤਲਬ ਹੈ ਵੀ ਸਾਫ਼ ਸੀ ਕਿ ਕ੍ਰਿਸ਼ਨਾ ਦਾ ਬਾਪੂ ਇਸ ਪਰਦੇਸ ਵਿਚ ਜਦ ਕਿ ਇਕ ਜਵਾਨ ਕੁੜੀ ਨੂੰ ਉਂਗਲੀ ਲਾਈ ਫਿਰਦਾ ਸੀ, ਇਸ ਹਾਲਤ ਵਿਚ ਉਸ ਦਾ ਸੰਭਲ ਸੰਭਲ ਕੇ ਕਦਮ ਪੁਟਣਾ ਕੁਦਰਤੀ ਗਲ ਸੀ। ਸ ਇਸ ਸਾਰੀ ਗਲ ਨੂੰ ਭਾਂਪ ਕੇ ਉਹ ਬੋਲਿਆ — "ਤੁਹਾਡਾ ਮਤਲਬ ਇਹੋ ਹੈ ਕਿ ਜੇ ਕਿਸੇ ਚੰਗੇ ਨੇਕ ਟੱਬਰ ਦੇ ਨਾਲ ਰਲ ਕੇ ਰਹਿਣਾ ਪਵੇ ਤਾਂ ਵੀ ਰਹਿ ਸਕੋਗੇ।"

ਕ੍ਰਿਸ਼ਨਾ ਨੇ 'ਹਾਂ' ਵਿਚ ਸਿਰ ਹਿਲਾਇਆ ਤੇ ਇਸ ਤੋਂ ਬਾਅਦ ਬੋਲੀ — "ਪਰ ਕਿਰਾਇਆ ਹਾਲੇ ਅਸੀਂ ਸ਼ਾਇਦ ਬਹੁਤਾ ਨਾ ਦੇ ਸਕੀਏ। ਬਾਪੂ ਹੋਰੀਂ ਸੁਸਾਇਟੀ ਦੇ ਸਿਰ ਤੇ ਕਿਸੇ ਕਿਸਮ ਦਾ ਬੋਝ ਨਹੀਂ ਪਾਣਾ ਚਾਹੁੰਦੇ। ਉਹ ਸੇਵਾ ਦੇ ਤੌਰ ਤੇ ਕੰਮ ਕਰ ਰਹੇ ਨੇ।"

ਆਪਣੇ ਰੋਕ ਕੇ ਰਖੇ ਹੋਏ ਇਰਾਦੇ ਨੂੰ ਐਤਕੀਂ ਸਤਨਾਮ ਕਾਬੂ ਨਾ ਰਖ ਸਕਿਆ ਤੇ ਝਕਦਿਆਂ ਝਕਦਿਆਂ ਉਸ ਨੇ ਏਨੀ ਗਲ ਕਹਿ ਦਿਤੀ — "ਜੇ ਤੁਹਾਡੇ ਬਾਪੂ ਜੀ ਸਾਡੀ ਅਸ਼ਰਾਫ਼ਤ ਤੇ ਭਰੋਸਾ ਕਰ ਸਕਣ ਤਾਂ ਸਾਡੇ ਘਰ ਦਾ ਹੇਠਲਾ ਹਿਸਾ ਖ਼ਾਲੀ ਪਿਆ ਹੈ। ਜਿਸ ਬਾਰੇ ਉਸ ਦਿਨ ਮੇਰੀ ਮਾਤਾ ਜੀ ਨੇ ਤੁਹਾਨੂੰ ਕਿਹਾ ਸੀ।"

ਕ੍ਰਿਸ਼ਨਾ ਦਾ ਚਿਹਰਾ ਨਿਸਤੇਜ ਜਿਹਾ ਹੋ ਗਿਆ, ਸਤਨਾਮ ਦੀ ਇਹ "ਅਸ਼ਰਾਫ਼ਤ ਤੇ ਭਰੋਸਾ" ਵਾਲੀ ਗਲ ਸੁਣ ਕੇ। ਉਸ ਦਾ ਸਿਰ ਝੁਕ ਗਿਆ।

ਆਪਣੀ ਗਲ ਦਾ ਜਵਾਬ ਨਾ ਪਾ ਕੇ ਸਤਨਾਮ ਆਪਣੇ ਆਪ ਨੂੰ ਕੁਝ ਅਪਮਾਨਿਤ ਜਿਹਾ ਅਨੁਭਵ ਕਰਨ ਲਗਾ ਤੇ ਉਸ ਨੂੰ ਆਪਣੀ ਕੀਤੀ ਹੋਈ ਪੇਸ਼ਕਸ਼ ਉਤੇ ਅਫ਼ਸੋਸ ਹੋਇਆ। ਉਧਰ ਕ੍ਰਿਸ਼ਨਾ ਵੀ ਉਸ ਦੇ ਭਾਵ ਨੂੰ ਤਾੜ ਗਈ। ਉਸ ਨੇ ਜਦ ਦੋਬਾਰਾ ਸਿਰ ਚੁਕਿਆ ਤਾਂ ਉਸ ਦੀਆਂ ਅੱਖਾਂ ਵਿਚ ਪੂਰੇ ਭਰੋਸੇ ਦੀ ਝਲਕ ਵੇਖ ਕੇ ਸਤਨਾਮ ਦੇ ਦਿਲ ਨੂੰ ਧਰਵਾਸ ਹੋਈ ਤੇ ਇਹ ਧਰਵਾਸ ਇਕ ਸੁਆਦ ਭਰੀ ਉਮੰਗ ਵਿਚ ਬਦਲ ਗਈ, ਜਦ ਕ੍ਰਿਸ਼ਨਾ ਦੇ ਮੂੰਹੋਂ ਉਸ ਸੁਣਿਆ — "ਇਹ ਤੁਸਾਂ ਕੀ ਕਹਿ ਦਿਤਾ ਭਰਾ ਜੀ। ਆਦਮੀ ਦਾ ਅਸਲਾ ਕੋਈ ਲੁਕਿਆ ਰਹਿੰਦਾ ਏ ਕਿਸੇ ਪਾਸੋਂ ? ਬਾਪੂ ਜੀ ਤਾਂ ਪਹਿਲੀ ਨਜ਼ਰ ਨਾਲ ਹੀ ਆਦਮੀ ਦਾ ਦਿਲ ਪੜ੍ਹ ਲੈਂਦੇ ਹੁੰਦੇ ਨੇ। ਜਿੰਨੀ ਵਾਰੀ ਵੀ ਤੁਹਾਡਾ ਜ਼ਿਕਰ ਉਨ੍ਹਾਂ ਦੀ ਜ਼ਬਾਨ ਤੇ ਆਇਆ, ਰੱਜ ਰੱਜ ਕੇ ਉਨ੍ਹਾਂ ਤੁਹਾਡੀ ਤਾਰੀਫ਼ ਕੀਤੀ। ਤਾਂਹੀਏ ਤੇ ਉਨ੍ਹਾਂ ਦੂਹਾਂ ਆਦਮੀਆਂ ਨਾਲ ਝਟ ਤਿਆਰ ਹੋ ਪਏ। ਆਖਣ ਲਗੇ — ਇਹ ਦੋਵੇਂ ਤਾਂ ਕੁਝ ਚੁਲਬੁਲੇ ਜਿਹੇ ਸੁਭਾਉ ਦੇ ਜਾਪਦੇ ਨੇ, ਪਰ ਜਿਥੇ ਉਹ ਦੋਵੇਂ ਮਾਂ ਪੁੱਤਰ ਹੋਣਗੇ, ਉਥੇ ਸਾਨੂੰ ਕਿਸ ਗਲ ਦੀ ਚਿੰਤਾ ਏ।"

"ਪਰ ਉਨ੍ਹਾਂ ਨੂੰ ਸਾਡਾ ਪਤਾ ਕਿਵੇਂ ਲਗ ਗਿਆ ?"

"ਮੇਰਾ ਖਿਆਲ ਏ, ਵਿਸਾਖੀ ਵਾਲੇ ਦਿਨ ਜਦੋਂ ਤੁਹਾਡੇ ਮਾਤਾ ਜੀ, ਬਾਪੂ ਹੋਰਾਂ ਨਾਲ ਗਲਾਂ ਕਰ ਰਹੇ ਸਨ, ਉਹ ਦੋਵੇਂ ਜ਼ਰੂਰ ਕਿਤੇ ਕੋਲ ਪਾਸ ਖੜੋਤੇ ਹੋਣਗੇ। ਮੈਨੂੰ ਯਾਦ ਪੈਂਦਾ ਏ ਕਿ ਦੂਹਾਂ ਵਿਚੋਂ ਇਕ ਨੇ ਉਸ ਤੋਂ ਪਹਿਲਾਂ ਸਾਡੇ ਪਾਸੋਂ ਕੁਝ ਸੌਦਾ ਵੀ ਲਿਆ ਸੀ।"

"ਖ਼ੈਰ, ਬਾਕੀ ਗਲਾਂ ਸੋ ਗਲਾਂ, ਪਰ ਜੇ ਤੁਸੀਂ ਚਾਹੋ ਤਾਂ ਸਾਡੇ ਘਰ ਦਾ ਥਲਵਾਂ ਹਿਸਾ ਬੜੀ ਖ਼ੁਸ਼ੀ ਨਾਲ ਵਰਤ ਸਕਦੇ ਹੋ।"

"ਕਿੰਨਾ ਕੁ ਕਿਰਾਇਆ ਹੋਵੇਗਾ ਉਸ ਥਾਂ ਦਾ ?"

"ਕਿਰਾਇਆ ?" ਤੇ ਇਸ ਸਵਾਲੀਆ ਸ਼ਿਕਰੇ ਤੋਂ ਅਗੇ ਸਤਨਾਮ ਕੁਝ ਨਹੀਂ ਕਹਿ ਸਕਿਆ। ਕ੍ਰਿਸ਼ਨਾ ਨੇ ਪੜਚੋਲਵੀਆਂ ਨਜ਼ਰਾਂ ਨਾਲ ਉਸ ਵਲ ਤਕਿਆ ਤੇ ਤੱਕਣ ਤੋਂ ਬਾਅਦ ਉਹ ਸ਼ਰਮਿੰਦਗੀ ਅਨੁਭਵ ਕਰਨ ਲਗੀ — ਸ਼ਾਇਦ ਉਸ ਵਲੋਂ ਸਤਨਾਮ ਦਾ ਇਹ ਦੋਬਾਰਾ ਨਿਰਾਦਰ ਸੀ।

ਕੁਝ ਚਿਰ ਦੀ ਦੁਵੱਲੀ ਚੁਪ ਤੋਂ ਬਾਅਦ ਕ੍ਰਿਸ਼ਨਾ ਬੋਲੀ — "ਤੁਸਾਂ ਗੁਸਾ ਕੀਤਾ ਏ ਮੇਰੀ ਗਲ ਦਾ ਭਰਾ ਜੀ ?"

"ਬੇਸ਼ਕ !" ਸਤਨਾਮ ਨੇ ਉਸੇ ਤਰ੍ਹਾਂ ਨੀਵੀਂ ਨਜ਼ਰੇ ਜਵਾਬ ਦਿਤਾ।

"ਮੈਂ ਮੁਆਫ਼ੀ ਮੰਗਦੀ ਹਾਂ।"

ਸਤਨਾਮ ਦਾ ਗੁੱਸਾ ਜਾਂ ਜੋ ਕੁਝ ਵੀ ਸੀ, ਦੂਰ ਹੋ ਗਿਆ, ਤੇ ਕ੍ਰਿਸ਼ਨਾ ਦੇ ਇਸ ਵਾਕ ਨੇ ਉਸ ਦੇ ਦਿਲ ਨੂੰ ਕਿਸੇ ਗੁਝੇ ਜਿਹੇ ਸੁਆਦ ਨਾਲ ਭਰ ਦਿਤਾ ਕ੍ਰਿਸ਼ਨਾ ਨੇ ਪੁਛਿਆ — "ਕਲ੍ਹ ਸਵੇਰੇ ਅਸੀਂ ਆ ਜਾਈਏ ?"

ਸਤਨਾਮ ਬੋਲਿਆ — "ਭਾਬੀ ਨੇ ਤਾਂ ਹਫ਼ਤੇ ਭਰ ਤੋਂ ਉਹ ਥਾਂ ਤੁਹਾਡੇ ਲਈ ਵੇਹਲੀ ਕਰ ਕੇ ਰਖੀ ਹੋਈ ਏ। ਕਲ੍ਹ ਆਓ ਭਾਵੇਂ ਪਰਸੋਂ ਆਓ, ਪਰ ਇਤਨਾ ਮੈਂ ਦਸ ਦਿਆਂ ਕਿ ਉਥੇ ਤੁਸਾਂ ਤੋਂ ਬਿਨਾਂ ਹੋਰ ਕੋਈ ਨਹੀਂ ਆ ਸਕਦਾ।"

ਅਦਬ, ਸ਼ਰਧਾ ਤੇ ਅਪਣੱਤ ਦੇ ਭਾਵਾਂ ਨਾਲ ਕ੍ਰਿਸ਼ਨਾ ਦਾ ਸਿਰ ਝੁਕ ਗਿਆ। ਇਸੇ ਤਰ੍ਹਾਂ ਸਿਰ ਝੁਕਾਈ ਉਹ ਬੋਲੀ — "ਤਾਂ ਅਸੀਂ ਦਿਨ ਚੜ੍ਹਦਿਆਂ ਹੀ ਆ ਜਾਵਾਂਗੇ।"

"ਤੁਸੀਂ ਇਸ ਤਰ੍ਹਾਂ ਐਥੇ ਹੋਵੋਗੇ। ਭਾਬੀ ਖ਼ੁਦ ਆ ਕੇ ਤੁਹਾਨੂੰ ਲੈ ਜਾਵੇਗੀ।"

"ਨਹੀਂ ਭਰਾ ਜੀ, ਉਨ੍ਹਾਂ ਨੂੰ ਕਾਹਦੇ ਲਈ ਤਕਲੀਫ਼ ਦੇਣੀ ਜੇ ਤੁਸੀਂ ਹੀ ਆ ਜਾਣਾ।"

"ਚੰਗਾ।"

"ਤੁਸੀਂ ਕਿਸੇ ਜ਼ਰੂਰੀ ਕੰਮ ਜਾ ਰਹੇ ਸਾਓ ਸ਼ਾਇਦ। ਮੈਂ ਵੇਖਿਆ ਸੀ ਬੜੇ ਕਾਹਲੇ ਕਾਹਲੇ ਟੁਰੇ ਜਾਂਦੇ ਸਾਓ। ਮੈਂ ਤੁਹਾਡਾ ਹਰਜ ਤੇ ਨਹੀਂ ਕੀਤਾ ?"

"ਨਹੀਂ ਹਰਜ ਵਾਲੀ ਤਾਂ ਕੋਈ ਗਲ ਨਹੀਂ ਸੀ। ਗਲ ਸਿਰਫ਼ ਇਹ ਸੀ ਕਿ ਮਜੀਠ ਮੰਡੀ ਦੇ ਚੌਕ ਵਿਚ ਅਸਾਂ ਇਤਿਹਾਦ ਸਭਾ ਵਲੋਂ ਇਕ ਲਾਇਬਰੇਰੀ ਖੋਲ੍ਹੀ ਹੋਈ ਸੀ। ਸਭਾ ਸਾਡੀ ਤਾਂ ਟੁਟ ਭਜ ਗਈ ਤੇ ਮਕਾਨ ਦਾ ਕਰਾਇਆ ਮੁਫ਼ਤ ਵਿਚ ਸਿਰ ਤੇ ਪੈ ਰਿਹਾ ਸੀ। ਕਈ ਵਾਰੀ ਸਲਾਹ ਕੀਤੀ ਕਿ ਕਿਤਾਬਾਂ ਤੇ ਫ਼ਰਨੀਚਰ ਉਥੋਂ ਚੁਕਵਾ ਕੇ ਥਾਂ ਖ਼ਾਲੀ ਕਰ ਦਈਏ, ਪਰ ਅਜ ਕਲ੍ਹ ਕਰਦਿਆਂ ਕਿੰਨਾ ਚਿਰ ਲੰਘ ਗਿਆ। ਅਜ ਦੁਪਹਿਰੇ ਕਿਸੇ ਨੇ ਖ਼ਬਰ ਦਿਤੀ ਕਿ ਕਟੜਾ ਖ਼ਜ਼ਾਨਾ ਦੇ ਮੁਸਲਮਾਨ ਉਸ ਬਜ਼ਾਰ ਨੂੰ ਅੱਗ ਲਾਣ ਦੀ ਤਿਆਰੀ ਕਰ ਰਹੇ ਨੇ। ਲਿਟਰੇਚਰ ਕਾਫ਼ੀ ਕੀਮਤੀ ਤੇ ਜ਼ਰੂਰੀ ਸੀ, ਮੈਂ ਸੋਚਿਆ, ਐਸਾ ਨਾ ਹੋਵੇ ਕਿ ਰਾਤੋ ਰਾਤ ਫੂਕਿਆ ਜਾਵੇ, ਸੋ ਉਸੇ ਨੂੰ ਚੁਕਵਾਣ ਲਈ ਜਾ ਰਿਹਾ ਸਾਂ।"

"ਪਰ ਇਤਿਹਾਦ ਸਭਾ ਜਿਹੜੀ ਤੁਸੀਂ ਕਹਿੰਦੇ ਓ, ਉਹ ਕਿਉਂ ਟੁਟ ਗਈ ?"

"ਉਸ ਦੇ ਟੁੱਟਣ ਦੀ ਵਜ੍ਹਾ ਤਾਂ ਸਾਫ਼ ਹੈ ਕ੍ਰਿਸ਼ਨਾ ਜੀ। ਮਜ਼ਹਬੀ ਖਿਚੋਤਾਣ ਦੀ ਹਨ੍ਹੇਰੀ ਹੁਣ ਇਸ ਹੱਦ ਤਕ ਪਹੁੰਚ ਚੁਕੀ ਏ ਕਿ ਨਗਾਰਖਾਨੇ ਵਿਚ ਸਾਡੀ ਤੂਤੀ ਦੀ ਅਵਾਜ਼ ਸੁਣਦਾ ਹੀ ਕੋਈ ਨਹੀਂ।"

"ਪਰ ਲਾਇਬਰੇਰੀ ਦੀਆਂ ਕਿਤਾਬਾਂ ਤਾਂ ਆਮ ਲੋਕਾਂ ਦੇ ਪੜ੍ਹਨ ਦੀ ਚੀਜ਼ ਹੈ। ਜੇ ਤੁਹਾਡੀ ਇਤਿਹਾਦ ਸਭਾ ਟੁਟ ਵੀ ਗਈ ਤਾਂ ਲਾਇਬਰੇਰੀ ਨੂੰ ਬੰਦ ਕਰਨ ਦੀ ਕੀ ਲੋੜ ਸੀ ?"

"ਇਸ ਦੀ ਲੋੜ ਇਸ ਕਰ ਕੇ ਪਈ ਕਿ ਸਾਡੀ ਲਾਇਬਰੇਰੀ ਦੀਆਂ ਬਹੁਤੀਆਂ ਕਿਤਾਬਾਂ 'ਇਤਿਹਾਦ' ਨਾਲ ਤਅੱਲਕ ਰਖਦੀਆਂ ਨੇ। ਪਰ ਸ਼ਹਿਰ ਦੀ ਇਸ ਵੇਲੇ ਜਿਹੜੀ ਹਾਲਤ ਹੈ ਉਸ ਨੇ ਇਹ ਅਸਰ ਪੈਦਾ ਕਰ ਦਿਤਾ ਹੈ ਕਿ ਅਜ 'ਇਤਿਹਾਦ' ਜਾਂ 'ਇਤਫ਼ਾਕ' ਦਾ ਲਫ਼ਜ਼

ਜੇ ਕਿਤੇ ਬੋਲਿਆ ਜਾ ਰਿਹਾ ਹੋਵੇ ਤਾਂ ਲੋਕੀ ਕੰਨਾਂ ਵਿਚ ਉਂਗਲਾਂ ਪਾ ਲੈਂਦੇ ਨੇ। ਫਿਰ ਇਹੋ ਜਿਹੀਆਂ ਕਿਤਾਬਾਂ ਨੂੰ ਕਿਸ ਪੜ੍ਹਨਾ ਹੋਇਆ।"

"ਮੈਨੂੰ ਤੇ ਇਸ ਮਜ਼ਮੂਨ ਉਤੇ ਲਿਖੀਆਂ ਹੋਈਆਂ ਕਿਤਾਬਾਂ ਬੜੀਆਂ ਚੰਗੀਆਂ ਲਗਦੀਆਂ ਨੇ। ਸ਼ਰਮਾ ਜੀ ਦੀ ਅਲਮਾਰੀ ਵਿਚ ਵੀ ਕੁਝ ਕਿਤਾਬਾਂ ਇਹੋ ਜਿਹੀਆਂ ਸਨ, ਜਿਨ੍ਹਾਂ ਨੂੰ ਮੈਂ ਰੋਜ਼ ਪੜ੍ਹਦੀ ਹਾਂ।"

ਕ੍ਰਿਸ਼ਨਾ ਬੋਲੀ — "ਮੈਂ ਪੁਰਾਣੇ ਤਰੀਕੇ ਦੀ ਮਾੜੀ ਮੋਟੀ ਤਾਲੀਮ ਪਾਈ ਹੋਈ ਏ, ਪਰ ਜਦ ਤੋਂ ਅਜੀਜ਼ ਭਰਾ ਨੇ ਇਕਬਾਲ, ਜੋਸ਼ ਮਹੀਲਾਬਾਦੀ ਤੇ ਹੋਰ ਕੁਝ ਚੰਗੇ ਸ਼ਾਇਰਾਂ ਦੀਆਂ ਦੋ ਚਾਰ ਕਿਤਾਬਾਂ ਪੜ੍ਹਾਈਆਂ, ਉਦਣ ਤੋਂ ਮੇਰੇ ਅੰਦਰ ਪੜ੍ਹਨ ਦਾ ਸ਼ੌਕ ਕਾਫ਼ੀ ਪੈਦਾ ਹੋ ਗਿਆ। ਇਕਬਾਲ ਦੀ ਨਜ਼ਮ 'ਸਾਰੇ ਜਹਾਂ ਸੇ ਅਛਾ ਹਿੰਦੁਸਤਾਂ ਹਮਾਰਾ' ਮੈਂ ਸਭ ਤੋਂ ਪਹਿਲਾਂ ਅਜੀਜ਼ ਪਾਸੋਂ ਸੁਣੀ ਸੀ। ਉਹ ਨਜ਼ਮ ਮੈਨੂੰ ਇਤਨੀ ਚੰਗੀ ਲਗੀ ਕਿ ਜ਼ਬਾਨੀ ਯਾਦ ਕਰ ਲਈ ਸੀ। ਉਸ ਨੇ ਸਚ ਪੁਛੋ ਤਾਂ ਮੇਰਾ ਸ਼ੌਕ ਜਗਾਇਆ ਸੀ।"

"ਕ੍ਰਿਸ਼ਨਾ ਜੀ ਤੁਹਾਡੇ ਚਿਹਨ ਚੱਕਰ ਹੀ ਦਸਦੇ ਨੇ ਕਿ ਤੁਸੀਂ ਉਚੀ ਕਾਬਲੀਅਤ ਦੇ ਮਾਲਕ ਹੋ।"

ਇਕ ਓਪਰੇ ਨੌਜਵਾਨ ਦੇ ਮੂੰਹੋਂ ਇਤਨੀ ਨਿਝੱਕ ਪ੍ਰਸ਼ੰਸਾ ਸੁਣ ਕੇ ਕ੍ਰਿਸ਼ਨਾ ਸ਼ਰਮਾ ਗਈ। ਉਸ ਦੇ ਗੋਰੇ ਨਕਸ਼ਾਂ ਵਿਚ ਲਾਲੀ ਦਾ ਅੰਸ਼ ਰਲ ਗਿਆ। ਜਿਸ ਕਰ ਕੇ ਉਸ ਨੂੰ ਗਲਾਂ ਕਥਾਂ ਦਾ ਇਹ ਸਿਲਸਿਲਾ ਕੁਝ ਬਦਲਣਾ ਪਿਆ — "ਭਰਾ ਜੀ, ਇਤਨਾ ਤਅੱਸਬ ਲੋਕਾਂ ਦੇ ਦਿਲਾਂ ਵਿਚ ਭਰ ਗਿਆ ਹੈ ਕਿ ਇਤਫ਼ਾਕ ਪੈਦਾ ਕਰਨ ਵਾਲਿਆਂ ਅੰਜਮਨਾਂ ਦਾ ਚਲਣਾ ਹੀ ਨਾ ਮੁਮਕਿਨ ਬਣਾ ਦਿਤਾ ਗਿਆ ?" ਤੇ ਫਿਰ ਉਹ ਕੁਝ ਯਾਦ ਕਰਦੀ ਹੋਈ ਬੋਲੀ — "ਕੱਲ੍ਹ ਕਿ ਥੋੜੇ ਪਰਸੋਂ ਸਾਡੇ ਸ਼ਰਮਾ ਜੀ ਵੀ ਕਿਸੇ ਇਤਿਹਾਦ ਸਭਾ ਦਾ ਜ਼ਿਕਰ ਕਰ ਰਹੇ ਸਨ। ਅਖੇ ਸ਼ਹਿਰ ਦੇ ਨੌਜਵਾਨਾਂ ਨੇ ਪਹਿਲਾਂ ਤਾਂ ਚਾਇ ਨਾਲ ਕੰਮ ਅਰੰਭਿਆ, ਪਰ ਅਖ਼ੀਰ ਹੌਲੀ ਹੌਲੀ ਆਪ ਹੀ ਸਾਰੇ ਆਪਣੇ ਅਸੂਲਾਂ ਤੋਂ ਬੇਮੁਖ ਹੋ ਕੇ ਫ਼ਿਰਕੂ ਰੰਗ ਵਿਚ ਰੰਗੇ ਗਏ। ਪਤਾ ਨਹੀਂ ਉਹ ਕਿਹੜੀ ਇਤਿਹਾਦ ਸਭਾ ਦਾ ਜ਼ਿਕਰ ਕਰ ਰਹੇ ਸਨ।"

ਕ੍ਰਿਸ਼ਨਾ ਦੇ ਇਨ੍ਹਾਂ ਵਾਕਾਂ ਨੇ ਜਿਵੇਂ ਸੰਮ ਵਾਲੀ ਡਾਂਗ ਬਣ ਕੇ ਸਤਨਾਮ ਦੇ ਗਿਟੇ ਤੇ ਭਰਵਾਂ ਵਾਰ ਕੀਤਾ। ਆਪਣੀ ਸ਼ਰਮਿੰਦਗੀ ਦੇ ਭਾਵਾਂ ਨੂੰ ਲੁਕਾਂਦਾ ਹੋਇਆ ਉਹ ਬੋਲਿਆ — "ਕਈ ਇਹੋ ਜਿਹੀਆਂ ਅੰਜਮਨਾਂ ਬਰਸਾਤੀ ਖੁੰਭਾਂ ਵਾਂਗ ਪਿਛਲੇ ਦਿਨੀਂ ਉੱਗ ਪਈਆਂ ਸਨ। ਪਰ ਹੌਲੀ ਹੌਲੀ ਸਾਰੀਆਂ ਹੀ ਜਹੰਨਮ ਰਸੀਦ ਹੋ ਗਈਆਂ।"

"ਤਾਂ ਇਸ ਵੇਲੇ ਕੋਈ ਵੀ ਐਸੀ ਅੰਜਮਨ ਜੀਊਂਦੀ ਨਹੀਂ ਰਹੀ, ਜਿਹੜੀ ਸ਼ਹਿਰ ਵਿਚ ਹੋ ਰਹੇ ਖ਼ੂਨ ਖ਼ਰਾਬੇ ਨੂੰ ਰੋਕਣ ਦਾ ਕੁਝ ਉਪਰਾਲਾ ਕਰੇ ?"

"ਜਿਥੋਂ ਤਕ ਮੇਰਾ ਖ਼ਿਆਲ ਹੈ, ਕੋਈ ਵੀ ਜੀਊਂਦੀ ਨਹੀਂ ਇਸ ਵੇਲੇ। ਜੇ ਕੋਈ ਹੋਵੇਗੀ ਵੀ, ਤਾਂ ਐਵੇਂ ਬਰਾਇਨਾਮ ਹੀ।

"ਪਰ ਭਰਾ ਜੀ, ਤੁਹਾਡੀ ਸਭਾ ਕਿਕਣ ਟੁਟ ਗਈ, ਜਿਸ ਵਿਚ ਤੁਹਾਡੇ ਵਰਗੇ..." ਇਥੇ ਪਹੁੰਚ ਕੇ ਕ੍ਰਿਸ਼ਨਾ ਚੁਪ ਹੋ ਗਈ। ਸਤਨਾਮ ਦੀ ਸ਼ਖ਼ਸੀਅਤ ਦਾ ਜਿਹੜਾ ਪ੍ਰਭਾਵ ਉਸ ਦੇ ਦਿਲ ਤੇ ਛਾਇਆ ਹੋਇਆ ਸੀ, ਇਸ ਦੀ ਰੌਸ਼ਨੀ ਵਿਚ ਉਸ ਨੂੰ ਉਪਮਾ ਲਈ ਕੋਈ ਵੀ ਮਨ ਭਾਉਂਦਾ ਵਿਸ਼ੇਸ਼ਣ ਨਾ ਲਭ ਸਕਿਆ।

ਸਤਨਾਮ ਲਈ ਇਹ ਇਕ ਹੋਰ ਵਾਰ ਸੀ। ਪਹਿਲੀ ਡਾਂਗ ਜੋ ਉਸ ਦੇ ਗਿੱਟੇ ਤੇ ਵਜੀ ਸੀ, ਤਾਂ ਇਹ ਦੂਸਰੀ ਉਸ ਦੇ ਸੀਨੇ ਤੇ। ਆਪਣੀਆਂ ਮਾਨਸਿਕ ਕਮਜ਼ੋਰੀਆਂ ਦੀ ਅਨੁਭਵਤਾ ਨੇ ਉਸ ਨੂੰ ਪ੍ਰਤਿਭਾ-ਹੀਣ ਜਿਹਾ ਕਰ ਦਿਤਾ। ਛੁਟ ਇਸ ਤੋਂ ਹੋਰ ਕੋਈ ਗਲ ਉਸ ਦੇ ਛੁਟਕਾਰੇ

ਵਾਲੀ ਨਹੀਂ ਸੀ ਕਿ ਉਹ ਕਿਸੇ ਨਾ ਕਿਸੇ ਢੰਗ ਨਾਲ ਇਸ ਮਜ਼ਮੂਨ ਨੂੰ ਬਦਲ ਦੇਵੇ। ਏਸੇ ਇਰਾਦੇ ਦੀ ਪੂਰਤੀ ਲਈ ਬੋਲਿਆ — "ਚੰਗਾ, ਫਿਰ ਸਵੇਰੇ ਮੈਂ ਅੱਠ ਕੁ ਵਜੇ ਤੁਹਾਡੇ ਮਕਾਨ ਤੇ ਪਹੁੰਚ ਜਾਵਾਂਗਾ। ਹੁਣ ਜ਼ਰਾ ਜਲਦੀ ਜਾਣਾ ਏ ਮੈਂ ਮਜੀਠ ਮੰਡੀ। ਦੋ ਆਦਮੀ ਪਹਿਲਾਂ ਹੀ ਉਥੇ ਭੇਜੇ ਹੋਏ ਨੇ। ਉਹ ਅਸਬਾਬ ਬੰਨ੍ਹਣ ਤੋਂ ਬਾਦ ਮੇਰੀ ਉਡੀਕ ਕਰ ਰਹੇ ਹੋਣਗੇ।"

"ਚੰਗਾ ਜਾਓ, ਅਸੀਂ ਤੁਹਾਡੇ ਆਉਂਦਿਆਂ ਤਕ ਤਿਆਰ ਹੋ ਜਾਵਾਂਗੀ।"

ਕ੍ਰਿਸ਼ਨਾ ਬੈਠੀ ਰਹੀ ਤੇ ਸਤਨਾਮ ਉਠ ਕੇ ਤੁਰ ਪਿਆ।

15

ਕੇਸਰ ਕੌਰ ਨੂੰ ਜਦ ਸਤਨਾਮ ਦੀ ਜ਼ਬਾਨੀ ਉਨ੍ਹਾਂ ਦੋਹਾਂ ਵਤਨ-ਛੋੜਾਂ ਬਾਰੇ ਪਤਾ ਲਗਾ ਕਿ ਉਹ ਕਿਤੇ ਗਏ ਨਹੀਂ — ਇਥੇ ਹੀ ਹਨ ਤਾਂ ਉਸ ਦੇ ਦਿਲ ਨੂੰ ਬਹੁਤ ਸਾਰੀ ਖ਼ੁਸ਼ੀ ਹੋਈ ਤੇ ਜਦ ਉਸ ਨੇ ਸੁਣਿਆ ਕਿ ਉਹ ਉਸ ਦੇ ਘਰ ਆਉਣ ਨੂੰ ਤਿਆਰ ਹਨ, ਤਾਂ ਇਸ ਖ਼ੁਸ਼ੀ ਵਿਚ ਹੋਰ ਵੀ ਵਾਧਾ ਹੋ ਗਿਆ।

ਦੂਜੇ ਦਿਨ, ਦਿਨ ਚੜ੍ਹਦਿਆਂ ਹੀ ਦੋਵੇਂ ਮਾਂ ਪੁਤਰ ਜਾ ਕੇ ਉਨ੍ਹਾਂ ਨੂੰ ਲੈ ਆਏ ਤੇ ਮਕਾਨ ਦੇ ਬਲਵੇਂ ਹਿਸੇ ਵਿਚ ਉਨ੍ਹਾਂ ਦਾ ਉਤਾਰਾ ਕਰਾ ਦਿਤਾ ਗਿਆ।

ਗੁਆਂਢੀਆਂ ਨੂੰ ਜਦ ਇਨ੍ਹਾਂ ਦੋਹਾਂ ਮੁਸਾਫ਼ਰਾਂ ਦੀ ਆਮਦ ਦਾ ਪਤਾ ਲਗਾ ਤਾਂ ਉਹ ਰਵਾਂ ਰਵੀ ਉਨ੍ਹਾਂ ਨੂੰ ਵੇਖਣ ਲਈ ਆਉਣੇ ਸ਼ੁਰੂ ਹੋ ਗਏ। ਤੇ ਇਨ੍ਹਾਂ ਬਾਬਤ ਜਦ ਉਨ੍ਹਾਂ ਨੇ ਕਈ ਤਰ੍ਹਾਂ ਦੀਆਂ ਸਿਫ਼ਤਾਂ ਸੁਣੀਆਂ — ਬਾਬਾ ਬੜਾ ਚੰਗਾ ਹਕੀਮ ਹੈ...ਕੁੜੀ ਸੁਚੱਜੀ ਤੇ ਉੱਚੇ ਦਰਜੇ ਦੀ ਉਰਦੂਦਾਨ ਹੈ, ਤਾਂ ਉਹਨਾਂ ਦੀ ਦਿਲਚਸਪੀ ਹੋਰ ਵੀ ਵਧ ਗਈ।

ਇਸ ਤੋਂ ਛੁਟ ਗੁਆਂਢੀਆਂ ਨੂੰ ਕੇਸਰ ਕੌਰ ਪਾਸੋਂ ਇਹ ਵੀ ਪਤਾ ਲਗਾ ਕਿ ਇਨ੍ਹਾਂ ਦੇ ਬਹੁਤੇ ਸਾਰੇ — ਬਲਕਿ ਸਾਰੇ ਹੀ ਸੰਬੰਧੀ ਫ਼ਸਾਦਾਂ ਵਿਚ ਮਾਰੇ ਗਏ ਹਨ ਤਾਂ ਹਰ ਕਿਸੇ ਨੂੰ ਉਨ੍ਹਾਂ ਦਾ ਹਾਲ ਹਵਾਲ ਜਾਣਨ ਦੀ ਜ਼ਿਆਦਾ ਇੱਛਾ ਪੈਦਾ ਹੋ ਗਈ।

ਵਾਰੋ ਵਾਰੀ ਸਭ ਵੇਖਣ ਆਏ, ਤੇ ਉਨ੍ਹਾਂ ਦੀ ਕਰੁਣਾਮਈ ਕਥਾ ਸੁਣ ਸੁਣ ਕੇ ਅਨੇਕਾਂ ਨੇ ਅੱਥਰੂ ਵਹਾਏ। ਜ਼ਨਾਨੀਆਂ, ਜਿਨ੍ਹਾਂ ਦਾ ਦਿਲ ਅਸਲੋਂ ਹੌਲਾ ਹੁੰਦਾ ਹੈ, ਜਦ ਕ੍ਰਿਸ਼ਨਾ ਪਾਸੋਂ ਸੁਣਦੀਆਂ ਕਿ ਉਸ ਦੀ ਭਰਜਾਈ ਤੇ ਉਸ ਦੇ ਦੋ ਭਰਾ ਫ਼ਸਾਦਾਂ ਦੇ ਹਵਨਕੁੰਡ ਵਿਚ ਅਹੂਤੀ ਦਿਤੇ ਜਾ ਚੁਕੇ ਹਨ ਤਾ ਬੁਲ੍ਹਾਂ ਨੂੰ ਦੰਦਾਂ ਹੇਠ ਘੁਟ ਕੇ ਉਹ ਅੰਦਰੋਂ ਉਮਡੇ ਆ ਰਹੇ ਜਜ਼ਬਿਆਂ ਨੂੰ ਰੋਕਣ ਦੀ ਵਿਅਰਥ ਕੋਸ਼ਸ਼ ਕਰਦੀਆਂ।

ਆਉਣ ਜਾਣ ਵਾਲਿਆਂ ਦੀ ਲਾਮਡੋਰੀ ਜਦ ਬਹੁਤ ਵਧ ਗਈ, ਪੁੱਛਣ ਵਾਲੀਆਂ ਦੇ ਸਵਾਲਾਂ ਨੇ ਫੈਲਾਉ ਕਰਨਾ ਸ਼ੁਰੂ ਕਰ ਦਿਤਾ, ਕੇਸਰ ਕੌਰ ਨੇ ਆਉਣ ਤੋਂ ਤਾਂ ਕਿਸੇ ਨੂੰ ਨਾ ਰੋਕਿਆ, ਪਰ ਕ੍ਰਿਸ਼ਨਾ ਉਤੇ ਕਿਸੇ ਤਰ੍ਹਾਂ ਦਾ ਕੋਈ ਪ੍ਰਸ਼ਨ ਕਰਨ ਦੀ ਉਸ ਨੇ ਮਨਾਹੀ ਕਰ ਦਿਤੀ। ਕ੍ਰਿਸ਼ਨਾ ਨੂੰ ਘੜੀ ਮੁੜੀ ਰੁਆਣਾ ਉਹ ਪਸੰਦ ਨਹੀਂ ਸੀ ਕਰਦੀ।

ਕੇਸਰ ਕੌਰ ਨੂੰ ਸਭ ਤੋਂ ਬਹੁਤਾ ਦੁਖ ਉਦੋਂ ਹੋਇਆ, ਜਦ ਉਸ ਤੇ ਇਨ੍ਹਾਂ ਦੋਹਾਂ ਪਾਸ ਕਪੜਿਆਂ ਦੀਆਂ ਦੋ ਛੋਟੀਆਂ ਛੋਟੀਆਂ ਗੰਢੜੀਆਂ ਇਕ ਖੇਸ ਤੇ ਇਕ ਦਰੀ ਤੋਂ ਛੁਟ ਕੋਈ ਬਿਸਤਰਾ ਆਦਿ ਨਾ ਵੇਖਿਆ। ਇਨ੍ਹੀਂ ਦਿਨੀਂ ਭਾਵੇਂ ਮੌਸਮ ਕਾਫ਼ੀ ਬਦਲਿਆ ਹੋਇਆ ਸੀ, ਪਰ ਜਿਨ੍ਹਾਂ ਦਿਨਾਂ ਵਿਚ ਇਹ ਅੰਮ੍ਰਿਤਸਰ ਪਹੁੰਚੇ ਹੋਣਗੇ, ਓਦੋਂ ਤਾਂ ਠੰਢ ਕਾਫ਼ੀ ਹੁੰਦੀ ਹੋਵੇਗੀ। ਫਿਰ ਇਹ ਵਿਚਾਰੇ ਕੀਕਣ ਸੌਂਦੇ ਰਹੇ ਹੋਣਗੇ ਸਰਾਂ ਦੇ ਠੰਡੇ ਬਰਾਂਡੇ ਵਿਚ ? ਛੇਕੜ ਉਸ ਨੇ ਕ੍ਰਿਸ਼ਨਾ ਪਾਸੋਂ ਪੁਛ ਕੇ ਹੀ ਛਡਿਆ। ਜਿਸ ਦੇ ਉੱਤਰ ਵਿਚ ਕੁੜੀ ਨੇ ਦਸਿਆ "ਠੰਢ ਓਹਨਾਂ ਦਿਨਾਂ ਵਿਚ ਬਹੁਤੀ ਤਾਂ ਨਹੀਂ ਸੀ, ਪਰ ਇਤਨੀ ਕੁ. ਹੈ ਸੀ ਕਿ ਬਰਾਂਡੇ ਵਿਚ ਬਿਨਾਂ ਲੋਈ ਕੰਬਲ

ਤੇ ਸੌਣਾ ਮੁਸ਼ਕਲ ਸੀ। ਸਾਡੇ ਕੋਲ ਨਾ ਕੁਝ ਹੇਠਾਂ ਵਿਛਾਣ ਨੂੰ ਸੀ ਨਾ ਉਪਰ ਲੈਣ ਨੂੰ। ਕਈ ਵਾਰੀ ਕਪੜੇ ਵੰਡਣ ਵਾਲੇ ਦਾਨੀਆਂ ਨੇ ਸਾਨੂੰ ਲੋੜੀਂਦੇ ਕਪੜੇ — ਦਰੀ, ਖੇਸ, ਕੰਬਲ ਦੇਣੇ ਚਾਹੇ, ਪਰ ਬਾਪੂ ਜੀ ਨੇ ਕੁਝ ਨਾ ਲਿਆ। ਸਬੱਬ ਨਾਲ ਬਾਪੂ ਜੀ ਦੀ ਜੇਬ ਵਿਚ ਥੋੜੀ ਜਿਹੀ ਰਕਮ ਹੈਸੀ। ਜਿਸ ਦੀ ਮਦਦ ਨਾਲ ਉਸ ਨੇ ਇਹੋ ਇਕ ਪਤਲਾ ਜਿਹਾ ਖੇਸ ਤੇ ਇਕ ਇਹ ਦਰੀ ਖ਼ਰੀਦ ਲਈ ਤੇ ਬਾਕੀ ਜੋ ਬਚਿਆ ਉਸ ਨਾਲ ਸੌਦਾ ਪੱਤਾ। ਸੋ ਇਸੇ ਦਰੀ ਉਤੇ ਅਸੀਂ ਦੋਵੇਂ ਸਿਰ੍ਹਾਂਦੀ ਪਵਾਂਦੀ ਸੌਂ ਜਾਂਦੇ ਸਾਂ ਤੇ ਖੇਸ ਉੱਪਰ ਲੈ ਲੈਂਦੇ ਸਾਂ।"

ਸੁਣ ਕੇ ਕੇਸਰ ਕੌਰ ਦੇ ਦਿਲ ਨੇ ਇਕ ਵਾਰੀ ਫਿਰ ਆਹ ਦਾ ਨਾਹਰਾ ਮਾਰਿਆ।

ਪਹਿਲਾ ਦਿਨ ਕ੍ਰਿਸ਼ਨਾ ਤੇ ਉਸ ਦੇ ਬਾਪੂ ਨੇ ਆਉਣ ਵਾਲਿਆਂ ਦੀਆਂ ਪੁੱਛਾਂ ਦੇ ਉੱਤਰ ਦੇਣ ਵਿਚ ਹੀ ਬਿਤਾ ਦਿਤਾ। ਕੁਝ ਹਮਦਰਦੀ ਕਾਰਨ, ਤੇ ਕੁਝ ਉਨ੍ਹਾਂ ਦੇ ਗੁਣਾਂ ਤੋਂ ਪ੍ਰਭਾਵਿਤ ਹੋ ਕੇ ਸਾਰਿਆਂ ਨੇ ਬੜਾ ਜ਼ੋਰ ਲਾਇਆ ਕਿ ਇਕ ਇਕ ਦੋ ਦੋ ਦਿਨਾਂ ਲਈ ਇਨ੍ਹਾਂ ਨੂੰ ਰੋਟੀ ਖਵਾਣ ਦੀ ਖੁਸ਼ੀ ਲੈਣ, ਪਰ ਕੇਸਰ ਕੌਰ ਨੇ ਨਹੀਂ ਮੰਨਿਆ। ਉਸ ਦਾ ਵਿਚਾਰ ਇਹੋ ਸੀ ਕਿ ਹਾਲੇ ਮਹੀਨਾ ਦਸ ਦਿਨ — ਜਦ ਤੀਕ ਦੋਵੇਂ ਪਸੰਦ ਕਰਨ — ਰੋਟੀ ਉਹ ਉਨ੍ਹਾਂ ਲਈ ਆਪ ਹੀ ਪਕਾਵੇ, ਪਰ ਬਾਬੇ ਨੇ ਉਸ ਦੇ ਪ੍ਰਸਤਾਵ ਨੂੰ ਨਹੀਂ ਕਬੂਲਿਆ। ਉਸ ਨੇ ਕੇਸਰ ਕੌਰ ਪਾਸੋਂ ਰੋਟੀ ਦਾ ਪ੍ਰਬੰਧ ਆਪਣਾ ਵੱਖਰਾ ਕਰਨ ਦੀ ਪਰਵਾਨਗੀ ਲੈ ਲਈ। ਮਜਬੂਰ ਹੋ ਕੇ ਕੇਸਰ ਕੌਰ ਨੇ ਲੋੜੀਂਦੀ ਰਸਦ ਤੇ ਬਾਲਣ ਆਦਿ ਕਨੌਈਏ ਹਥ ਉਨ੍ਹਾਂ ਨੂੰ ਹੇਠਾਂ ਭਿਜਵਾ ਦਿਤਾ। ਅਗਲੇ ਦਿਨ ਜਦ ਕਰਫਿਊ ਖੁਲ੍ਹਿਆ ਤਾਂ ਸਤਨਾਮ ਨੇ ਸਭ ਤੋਂ ਪਹਿਲਾਂ ਕੰਮ ਕੀਤਾ ਉਨ੍ਹਾਂ ਲਈ ਰਾਸ਼ਨ ਕਾਰਡ ਬਣਵਾਣ ਦਾ।

ਰਾਸ਼ਨ ਕਾਰਡ ਬਣ ਕੇ ਆ ਗਿਆ ਤੇ ਦੂਜੇ ਦਿਨ, ਜਦ ਸਤਨਾਮ ਬਾਜ਼ਾਰ ਜਾਣ ਲਈ ਹੇਠਾਂ ਉਤਰਿਆ ਤਾਂ ਬਾਬੇ ਨੇ ਉਸ ਨੂੰ ਆਵਾਜ਼ ਮਾਰੀ। ਜਦ ਉਹ ਕੋਲ ਆਇਆਂ ਤਾਂ ਬਾਬੇ ਨੇ ਆਪਣੇ ਹਥ ਦੀ ਚੀਚੀ ਉਂਗਲ ਚੋਂ ਇਕ ਸੋਨੇ ਦੀ ਮੁੰਦਰੀ ਲਾਹ ਕੇ ਉਸ ਨੂੰ ਫੜਾਂਦਿਆਂ ਕਿਹਾ — "ਸਰਦਾਰ ਜੀ, ਐਉਂ ਕਰੋ, ਥੋੜੀ ਜਿਹੀ ਤਕਲੀਫ ਕਰ ਕੇ ਇਸ ਨੂੰ ਵੇਚ ਆਓ ਜਾ ਕੇ"। ਸਤਨਾਮ ਨੇ ਪਹਿਲਾਂ ਬਾਬੇ ਵਲ ਤੇ ਫਿਰ ਇਸ ਘਸ ਘਸ ਕੇ ਕੂਲੀ ਹੋਈ ਮੁੰਦਰੀ ਵਲ ਤਕਿਆ। ਬਿਨਾਂ ਕੁਝ ਬੋਲਿਆਂ ਹੀ ਉਹ ਇਕ ਅਧ ਮਿੰਟ ਖੜੋਤਾ ਰਿਹਾ, ਫਿਰ ਮੁੰਦਰੀ ਮੋੜ ਕੇ ਉਸ ਨੂੰ ਦੇਣ ਦੀ ਕੋਸ਼ਸ਼ ਕਰਦਾ ਹੋਇਆ ਬੋਲਿਆ — "ਇਸ ਨੂੰ ਤੁਸੀਂ ਰਹਿਣ ਦਿਓ ਬਾਬਾ ਜੀ। ਆਪੇ ਫਿਰ ਵੇਖੀ ਜਾਏਗੀ।"

ਪਰ ਬਾਬੇ ਨੇ ਮੁੰਦਰੀ ਨਹੀਂ ਫੜੀ, ਕਾਫੀ ਚਿਰ ਬਹਿਸ ਚਲਦੀ ਰਹੀ। ਛੇਕੜ ਅਦਬ ਅਦਾਬ ਦੇ ਖਿਆਲੋਂ ਸਤਨਾਮ ਨੂੰ ਹਾਰ ਮੰਨਣੀ ਪਈ, ਪਰ ਬਜ਼ਾਰ ਜਾਣ ਦੇ ਥਾਂ ਉਹ ਮੁੜ ਪੌੜੀਆਂ ਚੜ੍ਹਨ ਲਗਾ।

ਕ੍ਰਿਸ਼ਨਾ ਇਸ ਵੇਲੇ ਲਾਗੇ ਹੀ ਬੈਠੀ ਇਹ ਸਭ ਵੇਖ ਰਹੀ ਸੀ। ਸਤਨਾਮ ਨੂੰ ਉਪਰ ਜਾਂਦਿਆਂ ਤਕ ਕੇ ਉਹ ਸਮਝ ਗਈ ਕਿ ਹੁਣੇ ਉਸ ਦੀ ਮਾਂ ਹੇਠਾਂ ਉਤਰ ਕੇ ਬਾਬੇ ਦੀ ਇਸ ਗਲ ਦਾ ਵਿਰੋਧ ਕਰੇਗੀ ਤੇ ਉਸ ਦਾ ਖ਼ਿਆਲ ਠੀਕ ਹੀ ਨਿਕਲਿਆ, ਜਦ ਇਸ ਤੋਂ ਪੰਜ ਚਾਰ ਮਿੰਟਾਂ ਬਾਅਦ ਉਸ ਨੇ ਕੇਸਰ ਕੌਰ ਨੂੰ ਸਾਹਮਣੇ ਵੇਖਿਆ।

"ਕਿਤਨੀ ਅਪਣੱਤ — ਕਿੰਨਾ ਦਰਦ-ਮੰਦੀ ਦਾ ਜਜ਼ਬਾ ਹੈ ਇਸ ਛੋਟੇ ਜਿਹੇ ਪਰਵਾਰ ਵਿਚ। ਆਖ਼ਰ ਅਸੀਂ ਇਨ੍ਹਾਂ ਦੇ ਕੀ ਲਗਦੇ ਹਾਂ ਜੁ ਦੋਵੇਂ ਮਾਂ ਪੁੱਤਰ ਸਾਡੇ ਲਈ ਏਨਾ ਕੁਝ ਕਰ ਰਹੇ ਹਨ... ..." ਕ੍ਰਿਸ਼ਨਾ ਇਹੋ ਪਈ ਸੋਚਦੀ ਸੀ ਕਿ ਉਸ ਨੇ ਸੁਣਿਆਂ — "ਕਿਉਂ ਬਾਪੂ ਜੀ (ਕ੍ਰਿਸ਼ਨਾ ਦੇ ਮੂੰਹੋਂ ਬਾਬੇ ਲਈ ਇਹ ਸੰਬੋਧਨ ਸੁਣ ਕੇ ਕੇਸਰ ਕੌਰ ਵੀ ਉਸ ਨੂੰ 'ਬਾਪੂ ਜੀ' ਕਹਿਣ ਲਗ ਪਈ ਸੀ) ਸਾਡੇ ਪਾਸੋਂ ਕੋਈ ਭੁਲ ਹੋ ਗਈ ਏ ?"

"ਤੁਹਾਡੇ ਪਾਸੋਂ ਭੁਲ ?" ਬਾਬੇ ਨੇ ਆਪਣੀਆਂ ਕਮਜ਼ੋਰ ਅੱਖਾਂ ਉਸ ਵਲ ਉਠਾਂਦਿਆਂ ਕਿਹਾ — "ਤੁਸੀਂ ਤੇ ਸਾਡੇ ਲਈ ਨਰਸਿੰਘ ਅਵਤਾਰ ਹੋ ਕੇ ਬਹੁੜੇ ਹੋ ਬੀਬੀ।"

"ਇਹ ਕਿਉਂ ਲਾਹੀ ਜੇ ਉਂਗਲ ਵਿਚੋਂ ?" ਮੁੰਦਰੀ ਉਸ ਨੇ ਬਾਬੇ ਦੇ ਕੋਲ ਮੰਜੇ ਤੇ ਰਖਦਿਆਂ ਪੁਛਿਆ।

"ਬੀਬੀ ਰਾਣੀ !" ਬਾਬਾ ਬੋਲਿਆ — "ਸਿਆਣੇ ਕਹਿੰਦੇ ਹੁੰਦੇ ਨੇ, ਸੱਜਣ ਬਾਂਹ ਦੇਵੇ ਤਾਂ ਮੂੰਹ ਵਿਚ ਹੀ ਨਾ ਪਾ ਲਈਏ। ਤੁਸਾਂ ਇਹ ਜਿਹੜਾ ਸਾਨੂੰ ਆਸਰਾ ਦਿਤਾ ਏ, ਇਹ ਕੋਈ ਥੋੜੀ ਜਿਹੀ ਗਲ ਏ ?"

"ਬਾਪੂ ਜੀ !" ਕੇਸਰ ਕੌਰ ਦੀ ਆਵਾਜ਼ ਵਿਚ ਨਿਰਾਸ ਜਿਹਾ ਭਾਵ ਸੀ — "ਮੈਂ ਤੇ ਕ੍ਰਿਸ਼ਨਾ ਨੂੰ ਆਪਣੀ ਧੀ ਸਮਝ ਕੇ ਲਿਆਈ ਸਾਂ ? ਪਰ ਤੁਹਾਡੀ ਮਰਜ਼ੀ, ਜੇ ਤੁਸੀਂ ਮੇਰੇ ਦਾਈਏ ਨੂੰ ਨਹੀਂ ਕਬੂਲਦੇ ਤਾਂ ਮੇਰਾ ਜ਼ੋਰ ਥੋੜਾ ਏ ਤੁਹਾਡੇ ਉਤੇ।"

ਕਰੁਣਾ ਤੇ ਅਪਣੱਤ ਦੀ ਚਾਸ਼ਨੀ ਵਿਚ ਡੁਬੇ ਹੋਏ ਇਹ ਸ਼ਬਦ ਸੁਣ ਕੇ ਬਾਬਾ ਨਿਰੁਤਰ ਹੋ ਗਿਆ। ਉਸ ਦੇ ਹਠ ਦੀ ਕੰਧ ਖੋਖਲੀ ਹੋ ਕੇ ਢਹਿ ਪਈ। ਮੁੰਦਰੀ ਚੁਕ ਕੇ ਉਸ ਨੇ ਬਿਨਾ ਕੁਝ ਕਿਹਾਂ ਮੁੜ ਚੀਚੀ ਵਿਚ ਪਾ ਲਈ। ਕੇਸਰ ਕੌਰ ਦੇ ਦਿਲ ਨੂੰ ਢਾਰਸ ਮਿਲੀ। ਸਤਨਾਮ ਜਿਹੜਾ ਚੁਪ ਚਾਪ ਪਿਛੇ ਖੜੋਤਾ ਇਹ ਬਹਿਸ ਸੁਣਦਾ ਰਿਹਾ ਸੀ, ਦਾੜ੍ਹੀ ਤੇ ਬੰਨ੍ਹੇ ਹੋਏ ਠਾਠੇ ਦੀ ਗੰਢ ਖੋਲ੍ਹਦਾ ਹੋਇਆ ਬਾਹਰ ਨਿਕਲ ਗਿਆ।

16

ਨਦੀ ਦਾ ਵਹਾਉ ਜਿਸ ਤਰ੍ਹਾਂ ਸਮੇਂ ਸਮੇਂ ਆਪਣਾ ਰੰਗ ਢੰਗ ਬਦਲਦਾ ਰਹਿੰਦਾ ਹੈ, ਇਸੇ ਤਰ੍ਹਾਂ ਦੀ ਹਾਲਤ ਹੈ ਸਾਡੇ ਜੀਵਨ ਦੀ। ਇਸ ਵਿਚ ਕਦੀ ਤਾਂ ਗਗਨ-ਸਪਰਸ਼ੀ ਲਹਿਰਾਂ ਉਠਣ ਲਗਦੀਆਂ ਹਨ, ਕਦੀ ਇਸ ਦੀ ਸਤਾਹ ਉਤੇ ਅਡੋਲਤਾ ਦਾ ਰੰਗ ਛਾ ਜਾਂਦਾ ਹੈ, ਪਰ ਵਹਾਉ ਇਸ ਦਾ ਨਾ ਕਦੀ ਰੁਕਿਆ ਤੇ ਨਾ ਕਦੀ ਰੁਕੇਗਾ — ਉਹ ਜਾਰੀ ਰਹਿੰਦਾ ਹੈ, ਤੇ ਨਿਰੰਤਰ ਜਾਰੀ ਰਹਿੰਦਾ ਹੈ।

ਜੀਵਨ ਦੇ ਉਤਾਰਾਂ ਚੜ੍ਹਾਵਾਂ ਤੋਂ ਅਣਭਿੱਜ ਇਕ ਅਠਾਰਾਂ ਸਾਲਾਂ ਦੀ ਬਾਲੜੀ, ਜਿਸ ਨੇ ਪਿੰਡ ਦੀਆਂ ਰੱਖਾਂ ਤੋਂ ਬਾਹਰ ਕਦੀ ਘਟ ਹੀ ਪੈਰ ਕਢਿਆ ਸੀ, ਸਦਾ ਲਈ ਆਪਣੇ ਪਰਵਾਰ ਨੂੰ ਗੁਆ ਕੇ, ਆਪਣੀ ਜਨਮ ਭੂਮੀ—ਆਪਣੇ ਪਿਆਰੇ ਵਤਨ ਨੂੰ ਤਿਲਾਂਜਲੀ ਦੇ — ਕੇਵਲ 'ਰਿਫ਼ੀਊਜੀ' ਜਾਂ 'ਸ਼ਰਨਾਰਥੀ' ਦਾ ਖ਼ਿਤਾਬ ਪ੍ਰਾਪਤ ਕਰ ਕੇ ਪਰਦੇਸਾਂ ਵਿਚ ਆ ਪਈ ਹੈ। ਕੀ ਉਸ ਦੀ ਜੀਵਨ-ਨਦੀ ਦੇ ਵਹਾਉ ਨੂੰ ਰੋਕਣ ਲਈ ਇਹ ਰੁਕਾਵਟ ਘਟ ਸੀ ? ਪਰ ਕੀ ਉਸ ਦੀ ਜੀਵਨ-ਨਦੀ ਰੁਕ ਗਈ ? ਕੁਦਰਤ ਦਾ ਅਸੂਲ ਹੈ ਕਿ ਉਹ ਕਿਸੇ ਲਈ ਜੇ ਇਕ ਬੂਹਾ ਬੰਦ ਕਰਦੀ ਹੈ ਤਾਂ ਉਸਦੇ ਥਾਂ ਕੋਈ ਹੋਰ ਬਾਰੀ ਖੋਲ੍ਹ ਦੇਂਦੀ ਹੈ। ਭਾਵੇਂ ਕਿ ਇਸ ਬਾਰੀ ਥਾਣੀ ਮੁਸੀਬਤਾਂ ਦੇ ਵਲਗਣ ਚੋਂ ਬਾਹਰ ਨਿਕਲਣ ਲਈ ਹੌਂਸਲੇ, ਸਿਆਣਪ ਤੇ ਸਾਬਤਕਦਮੀ ਦੀ ਲੋੜ ਹੁੰਦੀ ਹੈ।

ਕ੍ਰਿਸ਼ਨਾ (ਜਿਸ ਨੂੰ ਇਸ ਵੇਲੇ ਅਸੀਂ ** (**ਇਸ ਦਾ ਵਿਸਥਾਰ ਸਹਿਤ ਹਾਲ ਵੇਖਣ ਲਈ ਇਸ ਤੋਂ ਪਹਿਲਾ ਨਾਵਲ 'ਖੂਨ ਦੇ ਸੋਹਿਲੇ' ਪੜ੍ਹੋ) ਨਸੀਮ' ਦੇ ਥਾਂ ਏਸ ਨਾ ਨਾਲ ਸੰਬੋਧਨ ਕਰ ਰਹੇ ਹਾਂ) ਦੁਖਾਂ ਮੁਸੀਬਤਾਂ ਦੀ ਤਪਾਈ ਹੋਈ ਕ੍ਰਿਸ਼ਨਾਂ ਨੂੰ ਅਜ ਸਚ ਮੁਚ ਇਉਂ ਅਨੁਭਵ ਹੋ ਰਿਹਾ ਹੈ, ਜਿਵੇਂ ਉਸ ਦੇ ਸਿਰ ਤੇ ਜਿਹੜਾ ਦੁਖਾਂ ਦਾ ਸੂਰਜ, ਤਪਸ਼ ਦੇ ਬਾਣ ਛਡ ਰਿਹਾ ਸੀ, ਉਹ ਇਕ ਸੰਘਣੇ ਠੰਢੇ ਤੇ ਹਰਿਆਵਲੇ ਬੱਦਲ ਦੀ ਸ਼ਕਲ ਵਿਚ ਬਦਲ ਗਿਆ ਹੈ। ਉਸ ਦਾ ਹਿਰਦਾ, ਜਿਹੜਾ ਅੱਜ ਵੀ ਵਿਛੋੜੇ ਦੇ ਘਾਵਾਂ ਨਾਲ ਪਛਿਆ ਪਿਆ ਹੈ, ਜਿਵੇਂ ਇਸ ਦੇ

ਹਰ ਇਕ ਜ਼ਖ਼ਮ ਸ਼ਰੀਟ ਉਤੇ ਕਿਸੇ ਨੇ ਮਲ੍ਹਮ ਦੇ ਫਹੇ ਰਖ ਦਿਤੇ ਹੋਣ। ਅੰਦਰ ਮਘਦੀ ਹੋਈ ਭਠੀ ਨੂੰ ਜਿਵੇਂ ਬਾਹਰ ਦੀ ਠੰਢਕ ਨੇ ਬੇਅਸਰ ਕਰ ਦਿਤਾ ਹੋਵੇ।

ਦੋਹਾਂ ਪਰਦੇਸੀਆਂ ਦੀ ਜੀਵਨ-ਨਦੀ ਇਕ ਵਾਰੀ ਫੇਰ ਆਪਣੇ ਕੁਦਰਤੀ ਵਹਾਉ ਵਿਚ ਵਹਿਣੀ ਸ਼ੁਰੂ ਹੋਈ। ਸਤਨਾਮ ਦਾ ਘਰ ਤੇ ਆਂਢ-ਗੁਆਂਢ ਪਿਆਰ, ਸਤਿਕਾਰ ਤੇ ਹਮਦਰਦੀ ਦੇ ਛਿਟੇ ਦੇ ਦੇ ਕੇ ਇਨ੍ਹਾਂ ਦੇ ਅੰਦਰ ਦੀ ਅੱਗ ਬੁਝਾਉਣ ਦੇ ਯਤਨਾਂ ਵਿਚ ਲਗਾ ਰਹਿੰਦਾ ਸੀ। ਕੇਸਰ ਕੌਰ ਤਾਂ ਇਸੇ ਫ਼ਿਕਰ ਵਿਚ ਰਹਿੰਦੀ ਮਤੇ ਭੁਲ ਕੇ ਵੀ ਦੋਹਾਂ ਵਿਚੋਂ ਕਿਸੇ ਦੀ ਅਵੱਗਿਆ ਨਾ ਹੋ ਜਾਵੇ। ਕ੍ਰਿਸ਼ਨਾ ਨਾਲ ਉਸਦਾ ਪਿਆਰ ? ਇਹ ਸਹਿਜੇ ਸਹਿਜੇ ਵਾਤਸਲ ਰੂਪ ਵਿਚ ਬਦਲਦਾ ਜਾ ਰਿਹਾ ਸੀ। ਵਿਸਾਖੀ ਵਾਲੇ ਦਿਨ ਜਿਹੜਾ ਉਸ ਬਾਬੇ ਨਾਲ ਇਕਰਾਰ ਕੀਤਾ ਸੀ — "ਮੈਂ ਇਸ ਕੁੜੀ ਨੂੰ ਮੁੰਨੀ ਦੀ ਵਡੀ ਭੈਣ ਸਮਝ ਕੇ ਰਖਾਂਗੀ" ਯਥਾਰਥ ਰੂਪ ਧਾਰਨ ਕਰ ਰਿਹਾ ਸੀ।

ਇਸ ਘਰ ਵਿਚ ਪ੍ਰਵੇਸ਼ ਕਰਨ ਤੋਂ ਥੋੜੇ ਹੀ ਦਿਨਾਂ ਬਾਅਦ ਕ੍ਰਿਸ਼ਨਾ ਨੇ ਰੋਜ਼ਾਨਾ ਕੰਮਾਂ ਦੀ ਵੰਡ ਐਸੇ ਸੁਚੱਜੇ ਢੰਗ ਨਾਲ ਬਣਾ ਲਈ ਕਿ ਪਿਛਲੇ ਦੁਖਾਂ ਤਕਲੀਫ਼ਾਂ ਦੀ ਯਾਦ ਕਰਨ ਦੀ ਉਸ ਨੂੰ ਵਿਹਲ ਹੀ ਨਾ ਮਿਲ ਸਕੇ। ਅੱਠ ਵਜੇ ਉਹ ਕੰਮ ਧੰਦੇ ਤੋਂ ਵਿਹਲੀ ਹੋ ਕੇ ਨਾਸ਼ਤਾ ਕਰਨ ਤੋਂ ਬਾਅਦ ਬਾਬੇ ਨੂੰ ਨਾਲ ਲੈ ਕੇ ਆਟੇ ਮੰਡੀ ਵਾਲੀ ਉਸ ਡਿਸਪੈਂਸਰੀ ਵਿਚ ਚਲੀ ਜਾਂਦੀ, ਜਿਥੇ ਉਨ੍ਹਾਂ ਨੂੰ ਕਾਂਗਰਸ ਕਮੇਟੀ ਨੇ ਦਵਾਈਖਾਨਾ ਖੋਲ੍ਹ ਕੇ ਦਿਤਾ ਹੋਇਆ ਸੀ। ਉਥੋਂ ਬਾਰ੍ਹਾਂ ਸਾਢੇ ਬਾਰ੍ਹਾਂ ਵਜੇ ਵਾਪਸ ਆ ਕੇ ਉਹ ਰੋਟੀ ਪਕਾਂਦੀ ਤੇ ਖਾਓ ਪੀਓ ਤੋਂ ਬਾਅਦ ਇਕ ਬਹੁਤ ਹੀ ਮਨਭਾਉਂਦੇ ਕੰਮ ਵਿਚ ਲੀਨ ਹੋ ਜਾਂਦੀ। ਸਤਨਾਮ ਨੇ ਜਿਹੜੀ ਲਾਇਬ੍ਰੇਰੀ ਚੁਕਵਾ ਕੇ ਘਰ ਲੈ ਆਂਦੀ ਸੀ, ਉਸ ਦੀਆਂ ਕਿਤਾਬਾਂ ਦਾ ਮੁਤਾਲਿਆ ਕਰਦੀ। ਜਿਸ ਵਿਚੋਂ ਉਸ ਨੂੰ ਜ਼ਿੰਦਗੀ ਦਾ ਸਭ ਤੋਂ ਵਡਮੁਲਾ ਤੇ ਅਣਲੱਭ ਸੁਆਦ ਪ੍ਰਾਪਤ ਹੁੰਦਾ। ਪਰ ਇਸ ਦੇ ਹੁੰਦਿਆਂ ਵੀ ਇਕ ਐਸੀ ਔਕੜ ਸੀ, ਜਿਹੜੀ ਅਕਸਰ ਉਸ ਨੂੰ ਖਟਕਦੀ ਰਹਿੰਦੀ। ਲਾਇਬ੍ਰੇਰੀ ਵਿਚ ਉਰਦੂ ਨਾਲੋਂ ਪੰਜਾਬੀ ਦਾ ਲਿਟਰੇਚਰ ਕਿਤੇ ਬਹੁਤ ਸੀ ਤੇ ਕਈਆਂ ਹਾਲਤਾਂ ਵਿਚ ਚੰਗੇਰਾ ਵੀ। ਪਰ ਕ੍ਰਿਸ਼ਨਾ ਕੇਵਲ ਉਰਦੂ ਦੀਆਂ ਕਿਤਾਬਾਂ ਤੋਂ ਹੀ ਲਾਭ ਉਠਾ ਸਕਦੀ ਸੀ।

ਕੁਝ ਦਿਨਾਂ ਬਾਅਦ ਜਦ ਸਤਨਾਮ ਪਾਸੋਂ ਉਸ ਨੇ ਗੁਰਮੁਖੀ ਪੜ੍ਹਨੀ ਸ਼ੁਰੂ ਕੀਤੀ, ਤਾਂ ਉਸ ਨੂੰ ਆਸ ਬਝ ਗਈ ਕਿ ਛੇਤੀ ਹੀ ਉਹ ਪੰਜਾਬੀ ਲਿਟਰੇਚਰ ਨੂੰ ਪੜ੍ਹਨ ਜੋਗ ਹੋ ਜਾਵੇਗੀ।

ਸਤਨਾਮ ਨੂੰ ਇਸ ਗਲ ਦੀ ਖੁਸ਼ੀ ਸੀ ਕਿ ਉਸ ਨੇ ਇਕ ਪੋਠੂ ਕੁੜੀ ਦੇ ਦਿਲ ਵਿਚ ਗੁਰਮੁਖੀ ਪੜ੍ਹਨ ਦੀ ਚੇਟਕ ਲਾ ਦਿਤੀ।

ਦੋਹਾਂ ਵਿਚ ਨੇੜਤਾ ਦਿਨੋ ਦਿਨ ਵਧਦੀ ਹੀ ਗਈ। ਸਤਨਾਮ ਉਸ ਨੂੰ ਦੁਪਹਿਰੇ ਇਕ ਜਾਂ ਡੇਢ ਘੰਟਾ ਗੁਰਮੁਖੀ ਪੜ੍ਹਾਇਆ ਕਰਦਾ। ਕ੍ਰਿਸ਼ਨਾ ਦੀ ਯਾਦ ਸ਼ਕਤੀ ਨੂੰ ਵੇਖ ਕੇ ਤਾਂ ਉਹ ਜਿਵੇਂ ਸਦਕੇ ਹੋ ਹੋ ਜਾਂਦਾ। ਪੜ੍ਹਾਈ ਦੇ ਸੰਬੰਧ ਵਿਚ ਉਹ ਜੋ ਕੁਝ ਇਕ ਵਾਰੀ ਉਸ ਨੂੰ ਸਮਝਾ ਦੇਂਦਾ, ਦੋਬਾਰਾ ਉਸ ਦੇ ਦੁਹਰਾਉਣ ਦੀ ਕਦੀ ਲੋੜ ਨਹੀਂ ਸੀ ਹੁੰਦੀ।

ਜਿਉਂ ਜਿਉਂ ਕ੍ਰਿਸ਼ਨਾ ਦੀ ਬੁਧ ਦੇ ਚਮਤਕਾਰ ਪ੍ਰਗਟ ਹੁੰਦੇ ਗਏ, ਸਤਨਾਮ ਦੇ ਦਿਲ ਵਿਚ ਉਸ ਦਾ ਸਤਕਾਰ ਵਧਦਾ ਗਿਆ। ਲਾਇਬ੍ਰੇਰੀ ਵਿਚੋਂ ਜਿਹੜੀਆਂ ਕੁਝ ਚੋਣਵੀਆਂ ਕਿਤਾਬਾਂ ਪੜ੍ਹਨ ਦੀ ਉਸ ਨੇ ਸਫ਼ਾਰਸ਼ ਕੀਤੀ ਸੀ, ਕ੍ਰਿਸ਼ਨਾ ਨੇ ਪੂਰੀ ਦਿਲਚਸਪੀ ਨਾਲ ਉਨ੍ਹਾਂ ਨੂੰ ਪੜ੍ਹਨਾ ਸ਼ੁਰੂ ਕਰ ਦਿਤਾ ਤੇ ਪੜ੍ਹਨ ਦੇ ਨਾਲ ਨਾਲ ਹੀ ਉਹ ਇਨ੍ਹਾਂ ਵਿਚ ਆਏ ਹੋਏ ਕਈਆਂ ਸਿਧਾਂਤਾਂ ਬਾਰੇ ਬੜੀ ਸੁਚੱਜੀ ਬਹਿਸ ਵੀ ਅਕਸਰ ਸ਼ੁਰੂ ਕਰ ਦੇਂਦੀ ਸੀ। ਇਸ ਬਹਿਸ ਵਿਚਾਲੇ ਉਹ ਇਥੋਂ ਤਕ ਸੋਚਣ ਲਗ ਪੈਂਦਾ — "ਇਹ ਮੇਰੀ ਸ਼ਗਿਰਦ ਹੈ ਕਿ ਉਸਤਾਦ ?"

ਕ੍ਰਿਸ਼ਨਾ, ਹਿੰਦੂ ਮੁਸਲਿਮ ਏਕਤਾ ਨੂੰ ਸਭ ਤੋਂ ਜ਼ਿਆਦਾ ਪਸੰਦ ਕਰਦੀ ਤੇ ਹਰ ਬਹਿਸ

ਦੇ ਵਿਚਾਲੇ ਕਿਸੇ ਨਾ ਕਿਸੇ ਢੰਗ ਨਾਲ ਉਹ ਇਸੇ ਮਜ਼ਮੂਨ ਉਤੇ ਆ ਟਿਕਦੀ। ਸਤਨਾਮ ਕ੍ਰਿਸ਼ਨਾ ਦੇ ਖ਼ਿਆਲਾਂ ਨੂੰ ਪੁਸ਼ਟ ਕਰਨ ਲਈ ਪੂਰੇ ਉਤਸਾਹ ਤੇ ਸ਼ਲਾਘਾ ਭਰਿਆ ਹਵੱਈਆ ਜਾਰੀ ਰਖਦਾ। ਭਾਵੇਂ ਅੰਤ੍ਰੀਵ ਤੌਰ ਤੇ ਅਜ ਕਲ੍ਹ ਉਸ ਦੇ ਖ਼ਿਆਲਾਂ ਵਿਚ ਕਾਫ਼ੀ ਪਰੀਵਰਤਨ ਪੈਦਾ ਹੋ ਰਿਹਾ ਸੀ, ਪਰ ਕ੍ਰਿਸ਼ਨਾ ਪਾਸੋਂ ਹਮੇਸ਼ਾਂ ਹੀ ਉਹ ਇਹੋ ਜਿਹੇ ਮਨ-ਭਾਵਾਂ ਨੂੰ ਲੁਕਾਈ ਰਖਣ ਦੀ ਕੋਸ਼ਸ਼ ਕਰਦਾ ਜਿਹੜੇ ਉਸ ਲਈ ਅਣਭਾਉਂਦੇ ਹੋਣ।

ਹੌਲੀ ਹੌਲੀ ਕ੍ਰਿਸ਼ਨਾ ਇਸ ਘਰ ਵਿਚ ਇਸ ਤਰ੍ਹਾਂ ਰਚ ਮਿਚ ਗਈ, ਜਿਵੇਂ ਇਸੇ ਘਰ ਵਿਚ ਜੰਮੀ ਪਲੀ ਹੋਵੇ। ਗੁਆਂਢ ਦੀਆਂ ਕੁੜੀਆਂ ਨਾਲ ਉਸ ਦਾ ਹੇਲ ਮੇਲ ਕਾਫ਼ੀ ਵਧ ਗਿਆ। ਖ਼ਾਸ ਕਰ ਕੇ ਮੁੰਨੀ ਨਾਲ ਤਾਂ ਉਸ ਦਾ ਇਤਨਾ ਪਿਆਰ ਪੈ ਗਿਆ ਕਿ ਦੋਹਾਂ ਦੇ ਪ੍ਰਾਣ ਹੀ ਜਿਵੇਂ ਇਕ ਦੂਜੀ ਨਾਲ ਹੋ ਗਏ ਸਨ।

ਦਿਨ ਬੀਤਦੇ ਗਏ ਕ੍ਰਿਸ਼ਨਾ ਦੇ ਦਿਲ ਦੇ ਜ਼ਖ਼ਮਾਂ ਤੇ ਅੰਗੂਰ ਆਉਂਦਾ ਗਿਆ। ਪਹਿਲਾ ਵਰਗੀ ਉਪਰਾਮ ਤੱਕਣੀ ਹੁਣ ਉਸ ਦੀਆਂ ਅੱਖਾਂ ਵਿਚ ਨਹੀਂ ਸੀ। ਉਹ ਕੁੜੀਆਂ ਨਾਲ ਅਕਸਰ ਹੱਸਦੀ ਖੇਡਦੀ ਵਿਖਾਈ ਦੇਂਦੀ ਸੀ।

ਇਸ ਦਾ ਇਕ ਸਬੱਬ ਇਹ ਵੀ ਸੀ ਕਿ ਇਹਨਾਂ ਦਿਨਾਂ ਵਿਚ ਫ਼ਸਾਦਾਂ ਦਾ ਦੌਰ ਦੌਰਾ ਕੁਝ ਮੱਠਾ ਪੈ ਗਿਆ ਸੀ, ਤੇ ਵਾਤਾਵਰਨ ਵਿਚੋਂ ਕੁਝ ਆਸ ਦਾ ਝਲਕਾਰਾ ਨਜ਼ਰੀ ਆਉਣ ਲਗ ਪਿਆ ਸੀ। ਇਸ ਅਮਨ ਦੇ ਅਸਲ ਕਾਰਨ ਦਾ ਅੰਦਾਜ਼ਾ ਲਾਣਾ ਤਾਂ ਮੁਸ਼ਕਲ ਸੀ, ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਅਮਨ 'ਸਥਾਈ ਅਮਨ' ਨਹੀਂ ਸੀ ਕਿਹਾ ਜਾ ਸਕਦਾ। ਦੋਵੇਂ ਵਿਰੋਧੀ ਧੜੇ ਅੰਦਰੋ ਅੰਦਰੀ ਪੂਰੀ ਤਰ੍ਹਾਂ ਤਿਆਰੀਆਂ ਵਿਚ ਜੁਟੇ ਹੋਏ ਸਨ ਤੇ ਇਕ ਧਿਰ, ਦੂਜੀ ਧਿਰ ਬਾਰੇ 'ਬੜੀ ਜ਼ਬਰਦਸਤ ਤਿਆਰੀ' ਦੇ ਸ਼ਕ ਕਰ ਰਹੀ ਸੀ।

ਕ੍ਰਿਸ਼ਨਾ ਦੀ ਆਮਦ, ਇਸ ਘਰ ਦੇ ਜੀਆਂ ਲਈ ਖ਼ੁਸ਼ੀ ਦਾ ਕਾਰਨ ਬਣੀ, ਤੇ ਸਭ ਤੋਂ ਜ਼ਿਆਦਾ ਖੁਸ਼ ਜਾਪਦਾ ਸੀ ਕਨ੍ਹਈਆ, ਜਿਸ ਲਈ ਕ੍ਰਿਸ਼ਨਾ ਇਕ ਬਹੁਤ ਵਡੀ ਸਹਾਇਕ ਸਾਬਤ ਹੋਈ। ਇਸ ਤੋਂ ਪਹਿਲਾਂ ਉਸ ਦੀ ਇਹ ਹਾਲਤ ਸੀ ਕਿ ਸਵੇਰ ਤੋਂ ਲੈ ਕੇ ਦੁਪਹਿਰਾਂ ਦੇ ਦੋ ਢਾਈ ਵਜੇ ਤਕ ਚੌਂਕੇ ਭਾਂਡੇ ਦੇ ਖਲਜਗਣ ਤੋਂ ਵਿਹਲਾ ਹੁੰਦਾ, ਤੇ ਚਾਰ ਵਜੇ ਫੇਰ ਕੋਹਲੂ ਦੇ ਬਲਦ ਵਾਂਗ ਆਪਣੇ ਧੰਦੇ ਲਗ ਪੈਂਦਾ। ਜਿਸ ਤੋਂ ਮਸੀਂ ਕਿਤੇ ਰਾਤ ਦੇ ਨੌਂ ਦਸ ਤੇ ਕਦੀ ਯਾਰਾਂ ਵਜੇ ਉਸ ਨੂੰ ਛੁਟਕਾਰਾ ਮਿਲਦਾ ਸੀ, ਪਰ ਇਧਰ ਜਦ ਤੋਂ ਕ੍ਰਿਸ਼ਨਾ ਦਾ ਆਗਮਨ ਹੋਇਆ, ਜਿਵੇਂ ਕੰਮ ਧੰਦੇ ਤੋਂ ਪੰਜਾਹ ਫ਼ੀ ਸਦੀ ਨਾਲੋਂ ਵੀ ਵਧੀਕ ਵਿਹਲ ਮਿਲ ਗਈ ਹੈ।

ਕੇਸਰ ਕੌਰ ਨੂੰ ਪਸੰਦ ਨਹੀਂ ਸੀ ਕਿ ਨੌਕਰ ਲਤ ਤੇ ਲਤ ਧਰ ਕੇ ਬੈਠਾ ਰਹੇ ਤੇ ਕ੍ਰਿਸ਼ਨਾ ਵਿਚਾਰੀ ਸਾਰਾ ਦਿਨ ਕੰਮ ਵਿਚ ਉਲਝੀ ਰਹੇ — ਉਸ ਨੇ ਕਈ ਵਾਰੀ ਉਸ ਨੂੰ ਰੋਕਣ ਦੀ ਵੀ ਵਾਹ ਲਾਈ, ਪਰ ਕ੍ਰਿਸ਼ਨਾ ਦਾ ਹਰ ਵਾਰੀ ਇਹੋ ਉਤਰ ਹੁੰਦਾ — "ਮਾਸੀ ਜੀ, ਮੈਂ ਪਿੰਡ ਦੀ ਕੁੜੀ ਹਾਂ ਕੰਮ ਕਰਦੀ ਹੀ ਏਡੀ ਹੋਈ ਹਾਂ, ਵਿਹਲਿਆਂ ਰਹਿਣਾ ਮੇਰੇ ਲਈ ਅਕਾਊ ਹੋ ਜਾਂਦਾ ਹੈ। ਨਾਲੇ ਜਦੋਂ ਮੈਂ ਵਿਹਲੀ ਹੁੰਦੀ ਹਾਂ, ਪਿਛਲੀਆਂ ਯਾਦਾਂ ਮੇਰੇ ਦਿਲ ਨੂੰ ਪਰੇਸ਼ਾਨ ਕਰਨ ਲਗ ਪੈਂਦੀਆਂ ਨੇ... ..." ਆਖ਼ੀਰ ਕੇਸਰ ਕੌਰ ਨੇ ਉਸ ਨੂੰ ਉਸੇ ਦੀ ਮਰਜ਼ੀ ਤੇ ਛਡ ਦਿਤਾ।

ਸ਼ੁਰੂ ਸ਼ੁਰੂ ਵਿਚ ਕ੍ਰਿਸ਼ਨਾ ਤੇ ਬਾਬੇ ਦੀ ਮਰਜ਼ੀ ਅਗੇ ਝੁਕ ਕੇ ਕੇਸਰ ਕੌਰ ਨੇ ਉਨ੍ਹਾਂ ਨੂੰ ਵੱਖਰੀ ਰੋਟੀ ਪਕਾਣ ਦੀ ਖੁਲ੍ਹ ਦੇ ਦਿਤੀ ਸੀ, ਪਰ ਹੁਣ ਜਦ ਦੁਵੱਲੀ ਪਿਆਰ ਦੀਆਂ ਤੰਦਾਂ ਵਧ ਤੇ ਵਧ ਮਜ਼ਬੂਤ ਹੋਣੀਆਂ ਸ਼ੁਰੂ ਹੋ ਗਈਆਂ, ਤਾਂ ਇਹ ਰੋਟੀ ਦਾ ਵਖਰੇਵਾਂ ਵੀ ਬਿਨਾਂ ਕਿਸੇ ਦੇ ਕਹਿਣ ਸੁਣਨ ਤੋਂ ਦੂਰ ਹੋ ਗਿਆ।

ਦਿਨਾਂ ਵਿਚ ਹੀ ਜਿਵੇਂ ਘਰ ਦੀ ਕਾਇਆ ਪਲਟ ਗਈ। ਆਪ ਕੇਸਰ ਕੌਰ ਉਜ ਹੀ ਕੰਮ ਨੂੰ ਘਟ ਵਧ ਹਥ ਲਾਂਦੀ ਸੀ। ਇਕ ਤਾਂ ਸਰੀਰ ਦੀ ਕੁਝ ਭਾਰੀ ਹੋਣ ਕਰ ਕੇ ਦੂਸਰਾ

ਉਸ ਨੂੰ ਸਿਰ ਪੀੜ ਦੀ ਦਾਇਮੀ ਮਰਜ਼ ਸੀ, ਜਿਸ ਕਰ ਕੇ ਉਹ ਰੋਟੀ ਟੁਕ ਦਾ ਕੰਮ ਹੀ ਮਸਾਂ ਕਰ ਸਕਦੀ ਸੀ। ਕਨ੍ਹੱਈਆ ਨਾ ਨੂੰ ਤਾਂ ਸਾਰਾ ਦਿਨ ਲਗਾ ਰਹਿੰਦਾ ਸੀ, ਪਰ ਉਸ ਦੇ ਕੰਮ ਦਾ ਹਮੇਸ਼ਾ ਇਹ ਹਾਲ ਹੁੰਦਾ ਕਿ ਗੁਸਲਖ਼ਾਨੇ ਵਿਚ ਗੋਡੇ ਗੋਡੇ ਮੈਲ ਜੰਮੀ ਰਹਿੰਦੀ, ਦੇਸੀ ਤੇ ਅੰਗਰੇਜ਼ੀ ਸਾਬਣ ਦੀਆਂ ਚਿਪਰਾਂ ਥਾਂ ਪਰ ਥਾਂ ਰੁਲਦੀਆਂ ਰਹਿੰਦੀਆਂ, ਜਿਸ ਥਾਂ ਬੈਠ ਕੇ ਉਹ ਭਾਂਡੇ ਮਾਂਜਦਾ ਹੁੰਦਾ ਸੀ, ਉਹ ਕਦੀ ਵੀ ਸਾਫ਼ ਨਹੀਂ ਸੀ ਰਹੀ ਤੇ ਉਥੋਂ ਹਰ ਵੇਲੇ ਭਾਂਡਿਆਂ ਦੀ ਜੂਠ ਤੇ ਸੁਆਹ ਰਲਵੀਂ ਮੁਸ਼ਕ ਆਉਂਦੀ ਰਹਿੰਦੀ ਸੀ। ਆਪਣੀ ਵਲੋਂ ਉਹ ਰੋਜ਼ ਹੀ ਇਸ ਥਾਂ ਨੂੰ ਧੋਂਦਾ ਸੀ, ਪਰ ਉਸ ਦਾ ਧੋਣਾ ਵੀ ਇਕ ਤਰ੍ਹਾਂ ਨਾ ਧੋਣ ਦੇ ਹੀ ਬਰਾਬਰ ਹੁੰਦਾ। ਹਥੀਂ ਧੋਤੇ ਹੋਏ ਫਰਸ਼ ਨੂੰ ਪੈਰਾਂ ਨਾਲ ਚਿਗਲ ਸੁਟਦਾ। ਜਿਹੜਾ ਸੁੱਕ ਜਾਣ ਤੋਂ ਬਾਅਦ ਹੋਰ ਵੀ ਭੈੜਾ ਲਗਣ ਲਗ ਪੈਂਦਾ। ਉਸ ਦੇ ਧੋਤੇ ਹੋਏ ਕਪੜਿਆਂ ਵਿਚੋਂ ਸਾਬਣ ਤੇ ਮੈਲ ਦੀ ਮੁਸ਼ਕ ਬਰਾਬਰ ਆਉਂਦੀ ਰਹਿੰਦੀ ਸੀ ਤੇ ਫਿਰ ਇਨ੍ਹਾਂ ਕਪੜਿਆਂ ਨੂੰ ਜਦ ਤਹਿ ਕਰ ਕੇ ਉਹ ਅਲਮਾਰੀ ਵਿਚ ਜੋੜਦਾ ਤਾਂ ਲੋੜ ਵੇਲੇ ਮੁੰਨੀ ਦੇ ਕਪੜੇ ਸਤਨਾਮ ਦੇ ਖ਼ਾਨੇ ਵਿਚ ਤੇ ਸਤਨਾਮ ਦੇ ਕੇਸਰ ਕੌਰ ਵਾਲੇ ਵਿਚੋਂ ਨਿਕਲਦੇ। ਉਸ ਦੇ ਇਨ੍ਹਾਂ ਕੁਚੱਜ ਪਣਿਆਂ ਕਾਰਨ ਬਕਣ ਝਖਣ ਕਰ ਕੇ ਕੇਸਰ ਕੌਰ ਦੀ ਸਿਰ ਪੀੜ ਵਿਚ ਹੋਰ ਵੀ ਵਾਧਾ ਹੋ ਜਾਇਆ ਕਰਦਾ ਸੀ। ਕ੍ਰਿਸ਼ਨਾ ਦੇ ਆਉਣ ਤੋਂ ਬਾਅਦ ਉਸ ਨੇ ਮਹਿਸੂਸ ਕੀਤਾ ਜਿਵੇਂ ਉਸ ਦੀ ਪੀੜ ਅਧੀ ਤੋਂ ਬਹੁਤੀ ਆਪਣੇ ਆਪ ਹੀ ਹਟ ਗਈ ਹੈ ਤੇ ਬਾਕੀ ਦੂਰ ਕਰ ਦਿਤੀ ਬਾਬੇ ਦੀ ਦਵਾਈ ਨੇ।

ਸਾਰੇ ਘਰ ਦੀ — ਉਪਰ ਤੋਂ ਲੈ ਕੇ ਧੁਰ ਥੱਲੇ ਤਕ — ਸਫ਼ਾਈ ਦਾ ਕੰਮ ਕ੍ਰਿਸ਼ਨਾ ਨੇ ਆਪਣੇ ਜ਼ਿੰਮੇ ਲੈ ਲਿਆ ਸੀ। ਇਨ੍ਹਾਂ ਸਾਰੇ ਕੰਮਾਂ ਵਿਚ ਉਹ ਕਨ੍ਹੱਈਏ ਦੀ ਭਾਈਵਾਲ ਸੀ।

ਕ੍ਰਿਸਨਾ ਵਾਂਗ ਹੀ ਬਾਬੇ ਦਾ ਰੁਝੇਵਾਂ ਹੀ ਕੁਝ ਇਸ ਵਿਉਂਤ ਨਾਲ ਬਣ ਗਿਆ, ਜਿਹੜਾ ਉਸ ਲਈ ਤਾਂ ਲਾਭਦਾਇਕ ਹੈ ਈ ਸੀ, ਪਰ ਗਲੀ ਮਹੱਲੇ ਨੂੰ ਵੀ ਇਸ ਤੋਂ ਕਾਫ਼ੀ ਲਾਭ ਪਹੁੰਚਣ ਲਗ ਪਿਆ। ਮੋਟੀਆਂ ਮੋਟੀਆਂ ਬੀਮਾਰੀਆਂ — ਖੰਘ, ਬੁਖਾਰ, ਜ਼ੁਕਾਮ ਤੇ ਅੱਖਾਂ ਕੰਨਾਂ ਆਦਿ ਦੇ ਰੋਗਾਂ ਲਈ ਉਸ ਨੇ ਘਰ ਵਿਚ ਹੀ ਦੁਆਈਆਂ ਦਾ ਇਕ ਛੋਟਾ ਜਿਹਾ ਜ਼ਖੀਰਾ ਜਮ੍ਹਾਂ ਕਰ ਲਿਆ ਸੀ। ਜਿਸ ਕਰ ਕੇ ਉਹ ਹੁਣ 'ਬਾਬਾ ਜੀ' ਤੋਂ ਬਦਲ ਕੇ 'ਹਕੀਮ ਜੀ' ਸਦਿਆ ਜਾਣ ਲਗ ਪਿਆ। ਭਾਵੇਂ ਕਰਫਿਊ ਦੀ ਬੰਦਸ਼ ਕਰ ਕੇ ਅਜੇ ਗਲੀ ਤੋਂ ਬਾਹਰਲੇ ਲੋਕੀ ਉਸ ਦੀ ਹਿਕਮਤ ਤੋਂ ਬਹੁਤਾ ਲਾਭ ਨਹੀਂ ਸਨ ਉਠਾ ਸਕਦੇ, ਫਿਰ ਵੀ ਦਿਨ ਚੜ੍ਹਦਿਆਂ ਹੀ ਘਰ ਦੇ ਥਲਵੇਂ ਹਿਸੇ ਵਿਚ ਮਰੀਜ਼ਾਂ ਦੀ ਰੌਣਕ ਜਿਹੀ ਲਗ ਜਾਂਦੀ। ਕਾਂਗਰਸ ਕਮੇਟੀ ਨੇ ਬਾਬੇ ਤੇ ਉਸ ਦੀ ਕੰਪੌਂਡਰ ਕ੍ਰਿਸਨਾ ਲਈ ਕਰਫਿਊ ਦੇ ਪਾਸ ਬਣਵਾ ਦਿਤੇ ਹੋਏ ਸਨ, ਜਿਸ ਕਰ ਕੇ ਇਨ੍ਹਾਂ ਦੋਹਾਂ ਨੂੰ ਕਿਤੇ ਜਾਣ ਆਉਣ ਦੀ ਰੋਕ ਨਹੀਂ ਸੀ।

ਦੁਪਹਿਰਾਂ ਦਾ ਵਿਹਲਾ ਵਕਤ ਜਿੰਨਾ ਕੁ ਬਾਬੇ ਪਾਸ ਹੁੰਦਾ, ਉਹ ਦਵਾਈਆਂ ਨੂੰ ਕੁੱਟਣ, ਛਾਨਣ ਤੇ ਗੋਲੀਆਂ ਆਦਿ ਬਣਾਨ ਵਿਚ ਗੁਜ਼ਾਰ ਦੇਂਦਾ ਤੇ ਸ਼ਾਮ ਨੂੰ ਫੇਰ ਨਿਯਤ ਵਕਤ ਤੇ ਕ੍ਰਿਸ਼ਨਾ ਨੂੰ ਨਾਲ ਲੈ ਕੇ ਦਵਾਈਖ਼ਾਨੇ ਚਲਾ ਜਾਂਦਾ ਜਿਥੇ ਪਹਿਲਾਂ ਤੋਂ ਹੀ ਰਿਫ਼ੀਊਜੀ ਮਰੀਜ਼ਾਂ ਦੀ ਭੀੜ ਉਸ ਦੀ ਉਡੀਕ ਵਿਚ ਹੁੰਦੀ ਸੀ।

ਸਭ ਤੋਂ ਬਹੁਤੀ ਵਿਸ਼ੇਸ਼ਤਾ ਜਿਹੜੀ ਬਾਬੇ ਵਿਚ ਦੇਖੀ ਗਈ ਉਹ ਇਹ ਸੀ ਕਿ ਦਿਨ ਰਾਤ ਕਾਂਗਰਸ ਦਾ ਕੰਮ ਕਰਦੇ ਰਹਿਣ ਤੇ ਵੀ ਉਹ ਕੋਈ ਅਲਾਉਂਸ ਜਾਂ ਤਨਖ਼ਾਹ ਆਦਿ ਲੈਣ ਨੂੰ ਤਿਆਰ ਨਹੀਂ ਸੀ, ਭਾਵੇਂ ਕਿ ਸ਼ਰਮਾ ਜੀ ਨੇ ਇਸ ਕੰਮ ਲਈ ਉਸ ਨੂੰ ਬਥੇਰਾ ਕਿਹਾ ਸੁਣਿਆ। ਬਾਬੇ ਦਾ ਹਰ ਵਾਰੀ ਇਹ ਉੱਤਰ ਹੁੰਦਾ ਕਿ ਹਿਕਮਤ ਦੇ ਕੰਮ ਵਿਚੋਂ ਜ਼ਾਤੀ ਲਾਭ ਨਾ ਉਠਾਉਣ ਬਾਰੇ ਉਸ ਨੇ ਆਪਣੇ ਗੁਰੂਦੇਵ ਅਗੇ ਜਿਹੜਾ ਪ੍ਰਣ ਕੀਤਾ ਹੋਇਆ ਹੈ, ਉਸ ਨੂੰ ਉਹ ਕਿਸੇ ਕੀਮਤ ਤੇ ਵੀ ਤੋੜਨਾ ਨਹੀਂ ਚਾਹੁੰਦਾ ਤੇ ਜਦ ਬਾਬੇ ਨੇ ਆਪਣੇ ਸੁਰਗਵਾਸੀ

ਮੌਲਵੀ ਸਾਹਿਬ ਦੇ ਗੁਣਾਂ ਤੇ ਵਿਦਵਤਾ ਦੀ ਜਿਸ ਪਾਸੋਂ ਉਸ ਨੇ ਹਿਕਮਤ ਸਿਖੀ ਸੀ — ਤਾਰੀਫ਼ ਸੁਣਾਈ, ਤਾਂ ਸ਼ਰਮਾ ਜੀ ਨੂੰ ਆਪਣਾ ਹਠ ਛਡਣਾ ਪਿਆ। ਫਿਰ ਵੀ ਏਨੀ ਕੁ ਗਲ ਉਸ ਨੇ ਬਾਬੇ ਪਾਸੋਂ ਜ਼ਰੂਰ ਮੰਨਵਾ ਲਈ ਕਿ ਦੁਆਈਆਂ ਆਦਿ ਦਾ ਕੁਲ ਖ਼ਰਚ — ਭਾਵੇਂ ਘਰ ਦੇ ਦੁਆਈਖ਼ਾਨੇ ਲਈ ਤੇ ਭਾਵੇਂ ਏਸ ਹਸਪਤਾਲ ਲਈ ਕੀਤਾ ਜਾਵੇ, ਇਹ ਉਸ ਨੂੰ ਲੈਣਾ ਪਵੇਗਾ।

ਇਕ ਉਲਝਣ ਅਜੇ ਤੀਕ ਜਿਉਂ ਦੀ ਤਿਉਂ ਬਾਕੀ ਸੀ ਜਿਸ ਬਾਰੇ ਸਤਨਾਮ ਤੇ ਉਸ ਦੀ ਮਾਂ ਅਕਸਰ ਸੋਚਾਂ ਵਿਚ ਪਏ ਰਹਿੰਦੇ ਸਨ ਕਿ ਆਖ਼ਰ ਇਹਨਾਂ ਦੁਹਾਂ ਦਾ ਗੁਜ਼ਾਰਾ ਕਿਸ ਤਰ੍ਹਾਂ ਚਲੇਗਾ, ਜਦ ਕਿ ਬਾਬਾ ਕਿਸੇ ਪਾਸੋਂ ਵੀ ਕਿਸੇ ਕਿਸਮ ਦੀ ਮਾਇਕ ਮਦਦ ਲੈਣ ਨੂੰ ਤਿਆਰ ਨਹੀਂ, ਪਰ ਜਲਦੀ ਹੀ ਇਸ ਉਲਝਣ ਦਾ ਸੁਲਝਾਉ ਵੀ ਆਪਣੇ ਆਪ ਨਿਕਲ ਆਇਆ।

ਕਾਫ਼ੀ ਚਿਰ ਤੋਂ — ਜਦ ਤੋਂ ਫ਼ਸਾਦ ਸ਼ੁਰੂ ਹੋਏ ਸਨ, ਸਕੂਲ ਸਾਰੇ ਬੰਦ ਸਨ ਖ਼ਾਸ ਕਰ ਕੇ ਲੜਕੀਆਂ ਦੀ ਪੜ੍ਹਾਈ ਤਾਂ ਬਹੁਤ ਹੀ ਚੌੜ ਹੋ ਰਹੀ ਸੀ। ਸੋ ਇਸ ਤਕਲੀਫ਼ ਨੂੰ ਦੂਰ ਕਰਨ ਲਈ ਇਸ ਇਲਾਕੇ ਦੀਆਂ ਤਿੰਨਾਂ ਚਹੁੰ ਗਲੀਆਂ ਦੇ ਕੁਝ ਮੁਖੀਆਂ ਨੇ ਰਲ ਕੇ ਏਸੇ ਗਲੀ ਵਿਚ ਕੁੜੀਆਂ ਲਈ ਇਕ ਆਰਜ਼ੀ ਜਿਹੀ ਪਾਠਸ਼ਾਲਾ ਖੋਲ੍ਹੀ ਹੋਈ ਸੀ, ਜਿਸ ਉਤੇ ਕਰਫਿਊ ਦਾ ਕੋਈ ਅਸਰ ਨਹੀਂ ਸੀ। ਕਿਉਂਕਿ ਨਾਲੋ ਨਾਲ ਲਗਦੀ ਹਰ ਇਕ ਗਲੀ ਦੇ ਵਿਚੋਂ ਹੀ ਦੂਸਰੀਆਂ ਗਲੀਆਂ ਨੂੰ ਜਾਣ ਲਈ ਮਕਾਨਾਂ ਦੀਆਂ ਕੰਧਾਂ ਪਾੜ ਕੇ ਰਸਤੇ ਬਣਾ ਲਏ ਗਏ ਸਨ। ਇਹ ਰਸਤੇ ਬਣਾਏ ਤਾਂ ਕਿਸੇ ਹੋਰ ਮਤਲਬ ਲਈ ਸਨ, ਪਰ ਇਨ੍ਹਾਂ ਤੋਂ ਲਾਭ ਕਈ ਉਠਾਏ ਜਾਂਦੇ। ਇਸ ਇਲਾਕੇ ਦੇ ਲਾਗ ਪਾਸ — ਕਿਤੇ ਜ਼ਰਾ ਦੁਰਾਡੇ ਤੇ ਕਿਤੇ ਕਾਫ਼ੀ ਨੇੜੇ — ਮੁਸਲਮਾਨਾਂ ਦੀ ਆਬਾਦੀ ਸੀ, ਜਿਸ ਕਰ ਕੇ ਇਸ ਪਾਸੇ ਦੇ ਗ਼ੈਰ ਮੁਸਲਿਮ ਲੋਕਾਂ ਨੂੰ ਹਮੇਸ਼ਾਂ ਮੁਸਲਿਮ ਹਮਲੇ ਦਾ ਖ਼ਤਰਾ ਬਣਿਆ ਰਹਿੰਦਾ ਸੀ। ਸੋ ਇਸ ਖ਼ਤਰੇ ਤੋਂ ਬਚਣ ਲਈ ਕੁਝ ਸਿਆਣੇ ਮਹੱਲੇਦਾਰਾਂ ਇਕ ਨਵੀਂ ਕਾਢ ਕਢੀ ਕਿ ਜਿਹੜੀਆਂ ਗਲੀਆਂ ਇਕ ਦੂਜੀ ਨਾਲ ਲਗਦੀਆਂ ਹਨ, ਉਨ੍ਹਾਂ ਦੇ ਸਰਹੱਦੀ ਘਰਾਂ ਦੀਆਂ ਕੰਧਾਂ ਪਾੜ ਕੇ ਦੁਸਾਰ ਪਾਰ ਰਸਤੇ ਕਢ ਦਿਤੇ ਜਾਣ। ਇਸ ਦਾ ਲਾਭ ਇਹ ਸੀ ਕਿ ਜੇ ਕਿਸੇ ਇਕ ਗਲੀ ਤੇ ਹਮਲਾ ਹੋ ਜਾਵੇ, ਤਾਂ ਦੂਸਰੀਆਂ ਗਲੀਆਂ ਵਾਲੇ ਮਦਦ ਲਈ ਪਹੁੰਚ ਸਕਣ ਅਥਵਾ ਜੇ ਨੱਠਣ ਭੱਜਣ ਦੀ ਲੋੜ ਪੈ ਜਾਵੇ ਤਾਂ ਦੂਸਰੀਆਂ ਗਲੀਆਂ ਥਾਣੀਂ ਨਿਕਲਿਆਂ ਜਾ ਸਕੇ।

ਇਹ ਤਰੀਕਾ ਬੜਾ ਕਾਮਯਾਬ ਸਾਬਤ ਹੋਇਆ ਤੇ ਵੇਖਾ ਵੇਖੀ ਸ਼ਹਿਰ ਦੀਆਂ ਹੋਰ ਕਈ ਗਲੀਆਂ ਵਿਚ ਇਹੋ ਢੰਗ ਵਰਤਿਆ ਜਾਣ ਲਗਾ। ਇਸੇ ਅਨੁਸਾਰ ਬਾਗ ਵਾਲੀ ਗਲੀ, ਫਤਿਆਵਾਦੀਆਂ ਦੀ ਗਲੀ ਤੇ ਇਕ ਦੋ ਹੋਰ ਗਲੀਆਂ ਮਿਲਾ ਕੇ ਸਭਨਾਂ ਦਾ ਕੇਂਦਰ ਵਧਾਊ ਵਾਲੀ ਗਲੀ ਨੂੰ ਨਿਯਤ ਕਰ ਦਿਤਾ ਗਿਆ।

ਵਧਾਊ ਵਾਲੀ ਗਲੀ ਵਿਚ ਇਕ ਖੁਲ੍ਹੀ ਮੋਕਲੀ ਇਮਾਰਤ ਖ਼ਾਲੀ ਪਈ ਸੀ, ਜਿਸ ਦੇ ਮਾਲਕ ਬਾਹਰ ਰਹਿੰਦੇ ਸਨ। ਗਲੀ ਦੇ ਚੌਧਰੀ ਦੀ ਮਦਦ ਨਾਲ ਇਸ ਮਕਾਨ ਨੂੰ ਖੋਲ੍ਹ ਕੇ ਲੜਕੀਆਂ ਦੀ ਪੜ੍ਹਾਈ ਦਾ ਕੰਮ ਅਰੰਭਿਆ ਗਿਆ ਤੇ ਦਿਨਾਂ ਵਿਚ ਹੀ ਵਖੋ ਵੱਖ ਜਮਾਤਾਂ ਦੀਆਂ ਸੱਠ ਸੱਤਰ ਕੁੜੀਆਂ ਇਸ ਵਿਚ ਦਾਖ਼ਲ ਹੋ ਗਈਆਂ। ਇਨ੍ਹਾਂ ਨੂੰ ਪੜ੍ਹਾਣ ਵਾਲੀਆਂ ਉਸਤਾਨੀਆਂ ਵੀ ਇਹਨਾਂ ਹੀ ਗਲੀਆਂ ਵਿਚੋਂ ਮਿਲ ਗਈਆਂ। ਕੁੜੀਆਂ ਪਾਸੋਂ ਜਿੰਨੀ ਕੁ ਫੀਸ ਵਸੂਲ ਹੁੰਦੀ ਉਹ ਕੱਠੀ ਕਰ ਕੇ ਲੋੜਵੰਦ ਉਸਤਾਨੀਆਂ ਦੀ ਲਿਆਕਤ ਜਾਂ ਲੋੜ ਅਨੁਸਾਰ, ਉਹਨਾਂ ਵਿਚ ਵੰਡ ਦਿਤੀ ਜਾਂਦੀ।

ਪਰ ਇਕ ਦਿੱਕਤ ਇਹ ਪੈਦਾ ਹੋ ਗਈ ਕਿ ਉਰਦੂ ਦੀਆਂ ਕਲਾਸਾਂ ਲਈ ਕੋਈ ਉਸਤਾਨੀ ਨਹੀਂ ਸੀ ਮਿਲ ਰਹੀ, ਇਸ ਕਰ ਕੇ ਕਾਫ਼ੀ ਚਿਰ ਤੋਂ ਉਰਦੂ ਪੜ੍ਹਨ ਵਾਲੀਆਂ ਕੁੜੀਆਂ ਦੀ ਪੜ੍ਹਾਈ ਖ਼ਰਾਬ ਹੋ ਰਹੀ ਸੀ ਤੇ ਜਦ ਕ੍ਰਿਸ਼ਨਾ ਦੀ ਆਮਦ ਹੋਈ ਤਾਂ ਇਹ ਖ਼ਾਲੀ ਥਾਂ ਉਸੇ ਨੂੰ ਪੁਰ ਕਰਨਾ ਪਿਆ।

ਕ੍ਰਿਸ਼ਨਾ ਭਾਵੇਂ ਹੱਛੀ ਖ਼ਾਸੀ ਉਰਦੂਦਾਨ ਸੀ। ਹਿਸਾਬ ਵਿਚ ਵੀ ਉਹਨੂੰ ਚੰਗੀ ਮੁਹਾਰਤ ਸੀ, ਪਰ ਬਾਕਾਇਦਾ ਪੜ੍ਹਾਈ ਨਾ ਕੀਤੀ ਹੋਣ ਕਰ ਕੇ ਸ਼ੁਰੂ ਸ਼ੁਰੂ ਵਿਚ ਇਹ ਕੰਮ ਉਸ ਨੂੰ ਖ਼ਾਸਾ ਮੁਸ਼ਕਲ ਜਾਪਿਆ। ਪਰ ਉਸ ਨੇ ਕੇਵਲ ਪੰਜਾਂ ਸਤਾਂ ਦਿਨਾਂ ਦੀ ਮਿਹਨਤ ਨਾਲ ਹੀ ਇਹ ਘਾਟ ਪੂਰੀ ਕਰ ਲਈ। ਹੌਲੀ ਹੌਲੀ ਲੋੜੀਂਦੇ ਕੋਰਸਾਂ ਨੂੰ ਉਸ ਨੇ ਦੂਹਰਾ ਤਿਹਰਾ ਕੇ ਪੜ੍ਹਾਉਣ ਦੀ ਲਿਆਕਤ ਆਪਣੇ ਅੰਦਰ ਪੈਦਾ ਕਰ ਲਈ। ਇਸ ਕੰਮ ਵਿਚੋਂ ਕ੍ਰਿਸ਼ਨਾ ਨੂੰ ਬਹੁਤੇ ਨਾ ਸਹੀ, ਪਰ ਖਾਣ ਖਰਚਣ ਜੋਗੇ ਪੈਸੇ ਆਉਣ ਲਗ ਪਏ ਸਨ।

ਬਾਬਾ ਆਪਣੇ ਕੰਮ ਵਿਚ ਖੂਬ ਗਾਹੜੀ ਦਿਲਚਸਪੀ ਲੈ ਰਿਹਾ ਸੀ। ਆਪਣੀ ਮਸ਼ਹੂਰੀ ਲਈ ਉਸ ਨੂੰ ਕੁਝ ਵੀ ਤਰੱਦਦ ਨਹੀਂ ਕਰਨਾ ਪਿਆ। ਡਾਕਟਰ ਹਕੀਮ ਦੀ ਮਸ਼ਹੂਰੀ ਲਈ ਅਸਲੀ ਇਸ਼ਤਿਹਾਰ ਉਸ ਦਾ ਮਰੀਜ਼ ਹੁੰਦਾ ਹੈ। ਫਿਰ ਇਹੋ ਜਿਹੇ ਹਕੀਮ ਨੂੰ ਕਿਸ ਗੱਲ ਦਾ ਘਾਟਾ, ਜਿਸ ਦੇ ਦਿਲ ਵਿਚ ਆਪਣੇ ਰੋਗੀਆਂ ਲਈ ਨਿਰੋਲ ਸੇਵਾ ਤੇ ਹਮਦਰਦੀ ਦਾ ਹੀ ਜਜ਼ਬਾ ਹੋਵੇ। ਦਿਨਾਂ ਵਿਚ ਹੀ ਬਾਬੇ ਦਾ ਸਫਾਖ਼ਾਨਾ ਚਮਕ ਪਿਆ। ਸਾਧਾਰਨ ਬੀਮਾਰੀਆਂ ਨੂੰ ਤਾਂ ਉਹ ਆਪਣੀਆਂ ਤਿਆਰ ਕੀਤੀਆਂ ਦਵਾਈਆਂ ਨਾਲ ਦੂਰ ਕਰ ਦੇਂਦਾ ਸੀ ਤੇ ਵਡੇਰੇ ਰੋਗਾਂ ਦੀ ਤਸ਼ਖੀਸ ਕਰਨ ਤੋਂ ਬਾਅਦ ਉਹ ਅਕਸਰ ਨੁਸਖੇ ਲਿਖ ਕੇ ਦੇ ਦੇਂਦਾ।

ਸਵੇਰੇ ਜਾਂ ਸ਼ਾਮੀਂ ਕਰਫਿਊ ਖੁਲ੍ਹਦਿਆਂ ਹੀ ਉਸ ਦੇ ਕਮਰੇ ਵਿਚ ਕਾਫ਼ੀ ਰੌਣਕ ਨਜ਼ਰੀ ਆਉਣ ਲਗ ਪੈਂਦੀ। ਹਰ ਕੋਈ ਚਾਹੁੰਦਾ ਕਿ ਇਸ ਸੇਵਾ ਦੇ ਬਦਲੇ ਉਸ ਨੂੰ ਕੁਝ ਦੇਵੇ — ਜਦ ਕਿ ਰਿਫ਼ੀਊਜੀ ਹੋਣ ਕਰ ਕੇ ਉਂਜ ਵੀ ਇਨ੍ਹਾਂ ਦੀ ਸਹਾਇਤਾ ਕਰਨਾ ਲੋਕੀ ਆਪਣਾ ਫਰਜ਼ ਖਿਆਲ ਕਰਦੇ ਸਨ, ਪਰ ਬਾਬਾ ਸੀ ਕਿ ਕੀ ਮਜਾਲ ਜੁ ਕਿਸੇ ਪਾਸੋਂ ਇਕ ਪੈਸੇ ਨੂੰ ਵੀ ਅੰਗੀਕਾਰ ਕਰੇ। ਫਿਰ ਵੀ ਸਤਨਾਮ ਨੇ ਇਕ ਕੰਮ ਦੀ ਮਿੰਨਤ ਤਰਲੇ ਨਾਲ ਬਾਬੇ ਤੋਂ ਮਨਜ਼ੂਰੀ ਲੈ ਹੀ ਲਈ। ਉਸ ਨੇ ਇਕ ਛੇਕ ਵਾਲੀ ਸੰਦੂਕੜੀ ਲਿਆ ਕੇ ਉਸ ਦੇ ਕਮਰੇ ਦੀ ਕੰਧ ਨਾਲ ਲਾ ਦਿਤੀ।

ਦਿਨ ਜਿਉਂ ਜਿਉਂ ਬੀਤਦੇ ਗਏ, ਬਾਬੇ ਦਾ ਕੰਮ ਕਾਰ ਤਰੱਕੀ ਤੇ ਹੁੰਦਾ ਗਿਆ, ਪਰ ਅਚਾਨਕ ਹੀ ਸਤਨਾਮ ਦੇ ਸੁਭਾਓ ਵਿਚ ਇਕ ਅਨੋਖੀ ਜਿਹੀ ਤਬਦੀਲੀ ਵੇਖ ਕੇ ਸਾਰਾ ਟੱਬਰ ਚਿੰਤਾਤੁਰ ਹੋ ਗਿਆ। ਸਤਨਾਮ, ਜਿਹੜਾ ਹਮੇਸ਼ਾਂ ਹੱਸਦਾ ਗੁਟਕਦਾ ਤੇ ਅਕਸਰ ਗਾਉਂਦਾ ਗੁਣਗੁਣਾਂਦਾ ਰਹਿੰਦਾ ਸੀ, ਪਿਛਲੇ ਕੁਝ ਦਿਨਾਂ ਤੋਂ ਅਸਲੋਂ ਹੀ ਗੰਭੀਰ ਰਹਿਣ ਲਗ ਪਿਆ। ਬੜਾ ਘਟ ਬੋਲਦਾ ਚਾਲਦਾ ਤੇ ਹਰ ਵੇਲੇ ਜਿਵੇਂ ਕਿਸੇ ਡੂੰਘੀ ਸੋਚ ਵਿਚ ਡੁਬਾ ਰਹਿੰਦਾ। ਨਿਸਚੇ ਹੀ ਸਾਰੇ ਟੱਬਰ ਲਈ ਇਹ ਹੈਰਾਨੀ ਤੇ ਚਿੰਤਾ ਵਾਲੀ ਗਲ ਸੀ।

17

ਮੁਸਾਫਰ ਲਈ ਔਖਾ ਸਮਾਂ ਉਹ ਹੁੰਦਾ ਹੈ, ਜਦੋਂ ਕਿਸੇ ਪਾਸੇ ਜਾਣ ਲਈ ਵੀ ਕੋਈ ਪਗਡੰਡੀ ਉਸ ਨੂੰ ਦਿਖਾਈ ਨਾ ਦੇਵੇ, ਪਰ ਉਸ ਦੀ ਮੌਤ ਵਰਗਾ ਕਸ਼ਟਕਾਰੀ ਸਮਾਂ ਓਹ ਹੁੰਦਾ ਹੈ, ਜਦ ਉਸ ਦੇ ਸਾਹਮਣੇ ਰਸਤਿਆਂ ਦੀ ਏਨੀ ਬਹੁਤਾਤ ਹੋਵੇ ਕਿ ਉਹ ਨਿਸਚਾ ਹੀ ਨਾ ਕਰ ਸਕੇ ਕਿ ਉਸ ਨੂੰ ਕਿਹੜੇ ਰੁਖ ਮੁੜਨਾ ਚਾਹੀਦਾ ਹੈ।

ਸਤਨਾਮ ਦੇ ਜੀਵਨ-ਪੰਧ ਉਤੇ ਇਸ ਵੇਲੇ ਐਨ ਦੂਜੀ ਤਰ੍ਹਾਂ ਦਾ ਸਮਾਂ ਆ ਬਣਿਆ ਹੈ। ਸੁਭਾਵਿਕ ਹੀ ਅਹਿੰਸਕ ਤੇ ਸ਼ਾਂਤ ਸੁਭਾਉ ਦਾ ਹੋਣ ਕਰ ਕੇ ਉਸ ਲਈ ਕਿਤਨਾ ਮੁਸ਼ਕਲ ਸੀ ਕਿ ਮਨੁਖੀ ਲਹੂ ਵਿਚ ਹਥ ਰੰਗਣ ਲਈ ਆਪਣੇ ਸਾਥੀਆਂ ਦਾ ਸਾਥ ਨਿਭਾਵੇ ਪਰ ਉਸ ਦੀਆਂ ਅੱਖਾਂ ਸਾਹਵੇਂ ਜੋ ਕੁਝ ਦਿਨੇ ਰਾਤ ਵਾਪਰ ਰਿਹਾ ਸੀ, ਇਹ ਹਾਲਾਤ ਉਸ ਨੂੰ ਬਦੋ ਬਦੀ ਉਸ ਅਨ-ਭਾਉਂਦੇ ਰਸਤੇ ਵਲ ਖਿੱਚ ਰਹੇ ਸਨ ਜਿਧਰ ਜਾਣ ਦਾ ਖ਼ਿਆਲ ਕਰ ਕੇ ਹੀ ਉਹ ਕੰਬ

ਉਠਦਾ ਸੀ। ਹਰ ਪਾਸਿਓਂ ਆਵਾਜ਼ਾਂ ਆ ਆ ਕੇ ਉਸ ਦੇ ਕੰਨਾਂ ਦੇ ਪਰਦਿਆਂ ਨਾਲ ਟਕਰਾਉਂਦੀਆਂ — 'ਮੁਸਲਮਾਨ, ਸਾਡੇ ਧਰਮ ਦਾ, ਕਲਚਰ ਦਾ ਤੇ ਸਾਡੀਆਂ ਕੌਮੀ ਰਵਾਇਤਾਂ ਦਾ ਮਲੀਆਮੇਟ ਕਰ ਰਹੇ ਹਨ। ਇਸ ਵੇਲੇ ਜੇ ਇਨ੍ਹਾਂ ਨੂੰ ਬਹਾਦਰਾਂ ਵਾਲੇ ਹਥ ਨਾ ਵਿਖਾਏ ਗਏ ਤਾਂ ਸਿਖ ਕੌਮ ਹਮੇਸ਼ਾਂ ਲਈ ਜਾਂ ਤਾਂ ਸਫ਼ਾ ਹਸਤੀ ਤੋਂ ਮਿਟ ਜਾਏਗੀ, ਤੇ ਜਾਂ ਸਤਵੰਜਾ ਦੇ ਗ਼ਦਰ ਤੋਂ ਬਾਅਦ ਵਾਲੇ 'ਪੂਰਬੀ ਘਸਿਆਰਿਆਂ' ਦਾ ਜੀਵਨ ਜੀਏਗੀ... ..."

ਬੱਚੇ ਬੱਚੇ ਦੇ ਮੂੰਹੋਂ ਉਸ ਨੂੰ ਇਹੋ ਕੁਝ ਸੁਣਾਈ ਦੇਂਦਾ ਜਿਸ ਦੀ ਅਨੁਭਵਤਾ ਨਾਲ ਉਸ ਦਾ ਅੰਦਰਲਾ ਡੋਲ ਖਲੋਂਦਾ। ਉਹ ਸੋਚਣ ਲਗਦਾ — "ਜਨਤਾ ਦੀ ਗਲ ਤਾਂ ਛਡੋ, ਕਿਉਂਕਿ ਇਸ ਦਾ ਸੁਭਾਉ ਬਰਸਾਤੀ ਹੜ੍ਹ ਵਰਗਾ ਹੁੰਦਾ ਹੈ - ਜਿਹੜਾ ਆਉਂਦਾ ਹੈ ਤੇ ਆ ਕੇ ਚਲਾ ਜਾਂਦਾ ਹੈ, ਪਰ ਕੀ ਸਾਡੇ ਲੀਡਰਾਂ ਦੇ ਵੀ ਦਿਮਾਗ ਫਿਰ ਗਏ ਹਨ ਜੁ ਉਹ ਆਪਣਾ ਸਾਰਾ ਤਾਣ ਇਸੇ ਗਲ ਉਤੇ ਲਾ ਰਹੇ ਹਨ ? ਜ਼ਰੂਰ ਇਸ ਵਿਚ ਸਚਾਈ ਹੋਵੇਗੀ ਤੇ ਮੇਰਾ ਹੀ ਅਹਿੰਸਾ ਤੇ ਮੈਤਰੀ ਦਾ ਜਜ਼ਬਾ' ਨਿਰਾ ਪੁਰਾ ਖ਼ਬਤ ਹੋਵੇਗਾ।

ਮਨੁਖੀ ਸੁਭਾਉ ਹੀ ਕੁਝ ਇਸੇ ਤਰ੍ਹਾਂ ਦਾ ਹੈ ਕਿ ਜਿਸ ਪਾਸੇ ਉਸ ਦਾ ਇਕ ਵਾਰੀ ਜਾਣ ਕਰ ਕੇ ਜਾਂ ਅਣਜਾਣੇ ਹੀ ਝੁਕਾਉ ਹੋ ਜਾਵੇ ਫਿਰ ਉਸ ਦੀ ਪੁਸ਼ਟੀ ਲਈ ਦਲੀਲਾਂ ਆਪਣੇ ਆਪ ਹੀ ਜੁੜਦੀਆਂ ਚਲੀਆਂ ਜਾਂਦੀਆਂ ਹਨ। ਚੋਰ ਚੋਰੀ ਕਰਨ ਜਾਂਦਾ ਹੈ ਤਾਂ ਆਕਾਸ਼ ਵਿਚ ਮੱਸਿਆ ਦੀ ਸੰਘਣੀ ਕਾਲੋਂ ਵੇਖ ਕੇ, ਮਹੱਲੇ ਦਾ ਚੌਂਕੀਦਾਰ ਗ਼ੈਰਹਾਜ਼ਰ ਵੇਖ ਕੇ ਤੇ ਸੰਨ੍ਹ ਲਾਣ ਵਾਲੇ ਘਰ ਦਾ ਕੁੱਤਾ ਸੁੱਤਾ ਹੋਇਆ ਵੇਖ ਕੇ ਉਹ ਸੋਚਦਾ ਹੈ — "ਕੁਦਰਤ ਦਾ ਹਰ ਜ਼ੱਰਾ ਉਸ ਦੀ ਮਦਦ ਕਰ ਰਿਹਾ ਹੈ" ਗੋਇਆ ਉਹ ਕਿਸੇ ਬੜੇ ਪੁੰਨਿਆਰਥੀ ਕੰਮ ਲਈ ਜਾ ਰਿਹਾ ਹੋਵੇ, ਜਿਸ ਲਈ ਕੁਦਰਤ ਦਾ ਫ਼ਰਜ਼ ਹੈ ਕਿ ਉਸ ਦੀ ਮਦਦ ਕਰੇ।

ਕੁਝ ਇਸ ਤਰ੍ਹਾਂ ਦੇ ਪੁਸ਼ਟੀਕਾਰਕ ਭਾਵ ਸਤਨਾਮ ਦੇ ਮਨ ਵਿਚ ਇਕੱਠੇ ਹੁੰਦੇ ਗਏ। ਕਦਮ ਕਦਮ ਤੇ ਉਸ ਨੂੰ ਇਹੋ ਮਹਿਸੂਸ ਹੁੰਦਾ ਜਿਵੇਂ ਹੋਣੀ ਦਾ ਕੋਈ ਗੁਪਤ ਹੱਥ ਉਸ ਨੂੰ ਕਿਸੇ ਓਸ ਪਾਸੇ ਵਲ ਖਿਚ ਰਿਹਾ ਹੈ, ਜਿਧਰ ਜਾਣ ਤੋਂ ਉਹ ਹੁਣ ਤੀਕ ਮੂੰਹ ਮੋੜਦਾ ਰਿਹਾ ਸੀ ਤੇ ਇਸ ਗੁਪਤ ਹਥ ਦਾ ਸਭ ਤੋਂ ਪ੍ਰਤੱਖ ਆਧਾਰ ਹੁੰਦਾ ਉਨ੍ਹਾਂ ਦੂਹਾਂ ਸ਼ਰਨਾਰਥੀਆਂ ਦੀ ਹੋਂਦ, ਜਿਨ੍ਹਾਂ ਨੂੰ ਸਤਨਾਮ ਤੇ ਉਸ ਦੀ ਮਾਂ ਨੇ ਆਪਣੇ ਘਰ ਵਿਚ ਪਨਾਹ ਦਿਤੀ ਸੀ। ਕਦਮ ਕਦਮ ਤੇ ਜਿਵੇਂ ਕੋਈ ਗ਼ੈਬੀ ਤਾਕਤ, ਉਨ੍ਹਾਂ ਦੂਹਾਂ ਪਰਦੇਸੀਆਂ ਦੇ ਪਿਛਵਾੜੇ ਵਲ ਉਂਗਲ ਉਠਾ ਕੇ ਤਕਾਂਦੀ ਹੋਈ ਉਸ ਨੂੰ ਕਹਿੰਦੀ — "ਸਤਨਾਮ ! ਯਥਾਰਥ ਵਿਚ ਹੀ ਤੂੰ ਕਾਇਰ ਹੈਂ ਜਦ ਕਿ ਉਸ ਮਾਸੂਮ ਕੁੜੀ ਤੇ ਉਸ ਦੇ ਬੁਢੇ ਹਮਰਾਹੀ ਦੇ ਕਾਤਲਾਂ ਪਾਸੋਂ ਬਦਲਾ ਲੈਣ ਦੀ ਤੇਰੇ ਵਿਚ ਜੁਰੱਅਤ ਨਹੀਂ।"

ਉਹ ਆਪਣੇ ਅੰਦਰ ਜਦ ਝਾਤੀ ਮਾਰ ਕੇ ਤੱਕਦਾ ਤਾਂ ਹਿਰਦੇ ਦਾ ਕੋਨਾ ਕੋਨਾ ਉਸ ਨੂੰ ਕ੍ਰਿਸ਼ਨਾ ਦੀ ਤਸਵੀਰ ਬਣਿਆ ਹੋਇਆ ਦਿਖਾਈ ਦੇਂਦਾ। ਉਸ ਦੇ ਦਿਲ ਤੋਂ ਛੁਟ ਜਿਵੇਂ ਸਰੀਰ ਦੇ ਹਰ ਇਕ ਰਗ ਰੇਸ਼ੇ ਵਿਚ ਕੇਵਲ ਕ੍ਰਿਸ਼ਨਾ ਹੀ ਰੂਪਮਾਨ ਹੁੰਦੀ।

ਕ੍ਰਿਸ਼ਨਾ ਨੂੰ ਲਿਆਉਣ ਵੇਲੇ ਉਸ ਨੇ ਕਦੀ ਨਹੀਂ ਸੀ ਸੋਚਿਆ ਕਿ ਇਕ ਓਪਰੀ ਤੇ ਪੇਂਡੂ ਕੁੜੀ ਇਸ ਤਰ੍ਹਾਂ ਉਸ ਦੇ ਜੀਵਨ ਉਤੇ ਅਧਿਕਾਰ ਜਮਾ ਲਏਗੀ। ਉਸ ਲਈ ਸਭ ਤੋਂ ਔਖੀ ਅਵਸਥਾ ਇਹ ਸੀ ਕਿ ਕਦੀ ਭੁਲ ਕੇ ਵੀ ਉਹ ਕ੍ਰਿਸ਼ਨਾ ਪਾਸ ਆਪਣੇ ਮਨ ਦੀ ਇਸ ਭਾਵਨਾ ਦਾ ਪ੍ਰਗਟਾਉ ਨਹੀਂ ਸੀ ਕਰਨਾ ਚਾਹੁੰਦਾ ਸਗੋਂ ਇਸ ਤੋਂ ਉਲਟ ਉਹ ਆਪਣੇ ਆਪ ਨੂੰ ਹੀ ਲਾਹਨਤ ਮਲਾਮਤ ਕਰਦਾ ਰਹਿੰਦਾ ਕਿ ਇਹ ਉਸ ਦੀ ਕਿਡੀ ਖੁਦਗਰਜ਼ੀ ਤੇ ਨੀਚਤਾ ਹੈ। ਜੇ ਕਿਸੇ ਤਰ੍ਹਾਂ ਕ੍ਰਿਸ਼ਨਾ ਨੂੰ ਇਸ ਗਲ ਦੀ ਭਿਣਕ ਪੈ ਜਾਵੇ ਤਾਂ ਉਹ ਕਿੰਨੀ ਨਫ਼ਰਤ ਕਰੇਗੀ। ਜਿਨ੍ਹਾਂ ਖ਼ਤਰਿਆ ਤੋਂ ਆਪਣੇ ਆਪ ਨੂੰ ਬਚਾਉਣ ਲਈ ਉਸ ਨੇ ਇਥੇ ਸ਼ਰਨ ਲਈ ਹੈ, ਜਦ

ਖ਼ਿਆਲ ਕਰੇਗੀ ਕਿ ਏਸੇ ਘਰ ਵਿਚ ਉਸ ਲਈ ਕੋਈ ਨੌਜਵਾਨ ਇਸ਼ਕ ਦੀ ਕਿਤਾਬ ਖੋਲੀ ਬੈਠਾ ਹੈ, ਤਾਂ ਕੀ ਸਮਝੇਗੀ ਉਹ ?

ਮਨ ਦੇ ਇਸ ਰੁਝਾਣ ਨੂੰ ਕਿਸੇ ਹੋਰ ਪਾਸੇ ਪਲਟਾਣ ਲਈ ਛੇਕੜ ਉਸ ਨੇ ਉਸੇ ਰਸਤੇ ਦੀ ਸੋਧ ਪਕੜੀ, ਜਿਹੜਾ ਉਸ ਲਈ ਨਵਾਂ ਸੀ, ਖ਼ਤਰਨਾਕ ਸੀ, ਤੇ ਘ੍ਰਿਣਾ ਪੂਰਤ ਵੀ ਸੀ — ਹਿੰਸਾ ਮਾਰਗ ! ਕਦੀ ਉਸ ਨੇ ਕਿਸੇ ਵਿਦਵਾਨ ਦੇ ਵਾਕ ਪੜ੍ਹੇ ਸਨ — "ਪਿਆਰ, ਕਬਜ਼ੇ ਲਈ ਨਹੀਂ ਉਕਸਾਂਦਾ — ਬਲੀਦਾਨ ਲਈ ਪ੍ਰੇਰਦਾ ਹੈ।" ਸਤਨਾਮ ਨੂੰ ਇਨ੍ਹਾਂ ਸ਼ਬਦਾਂ ਨੇ ਨਵਾਂ ਉਤਸਾਹ ਦਿਤਾ ਉਸੇ ਪਾਸੇ ਤੁਰਨ ਲਈ, ਜਿਧਰ ਤੁਰਨ ਲਈ ਦਾਵੇਂ ਉਹ ਤਿਆਰ ਤਾਂ ਉਸੇ ਦਿਨ ਤੋਂ ਹੋ ਗਿਆ ਸੀ — ਵਿਸਾਖੀ ਤੋਂ ਦੂਜੇ ਦਿਨ, ਜਦ ਰਾਤ ਦੀ ਇਕ ਗੁਪਤ ਮੀਟਿੰਗ ਵਿਚ ਦੋਸਤਾਂ ਨੇ ਉਸ ਉਤੇ ਜ਼ੋਰ ਪਾਇਆ ਸੀ, ਪਰ ਇਸ ਬਾਰੇ ਆਖ਼ਰੀ ਫ਼ੈਸਲਾ ਉਹ ਅਜੇ ਤੀਕ ਨਹੀਂ ਸੀ ਕਰ ਸਕਿਆ — ਕੇਵਲ ਸਾਧਾਰਨ ਤੌਰ ਤੇ ਹੀ ਆਪਣੇ ਸਾਥੀਆਂ ਦੀ ਹਾਂ ਨਾਲ ਹਾਂ ਮਿਲਾਂਦਾ ਰਿਹਾ ਸੀ। ਪਰ ਹੁਣ ਉਸ ਦੇ ਦਿਲ ਨੇ ਸਮੁਚੇ ਤੌਰ ਤੇ ਇਹ ਫ਼ੈਸਲਾ ਕਰ ਲਿਆ ਸੀ — "ਮੈਂ ਉਸ ਮਜ਼ਹਬ ਪਾਸੋਂ ਗਿਣ ਗਿਣ ਕੇ ਬਦਲੇ ਲਵਾਂਗਾ, ਜਿਸ ਦੇ ਪੈਰੋਕਾਰਾਂ ਨੇ ਕ੍ਰਿਸ਼ਨਾਂ ਵਰਗੀਆਂ ਹਜ਼ਾਰਾਂ ਕੁੜੀਆਂ ਦਾ ਘਰ ਬਾਰ ਖੋਹਿਆ ਹੈ। ਮੈਂ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰਨ ਤੋਂ ਕਦੀ ਦਰੇਗ ਨਹੀਂ ਕਰਾਂਗਾ।"

ਪਰ ਇਹ ਫ਼ੈਸਲਾ ਕਰ ਲੈਣ ਤੇ ਵੀ ਤੇ ਫਿਰ ਇਸ ਨੂੰ ਅਮਲੀ ਸ਼ਕਲ ਦੇਣ ਖ਼ਾਤਰ ਆਪਣੇ ਸਾਥੀਆਂ ਨਾਲ ਕਿਸੇ ਹੱਦ ਤੀਕ ਪਰੋਗਰਾਮ ਬਣਾ ਲੈਣ ਤੇ ਵੀ ਉਸ ਦਾ ਮਨ ਸ਼ਾਂਤ ਨਹੀਂ ਸੀ। ਸਗੋਂ ਉਲਟਾ ਉਸ ਦੀ ਮਾਨਸਿਕ ਹਾਲਤ ਦਿਨੋ ਦਿਨ ਡਾਂਵਾਂਡੋਲ ਹੁੰਦੀ ਚਲੀ ਜਾ ਰਹੀ ਸੀ।

ਇਸ ਡਾਂਵਾਂਡੋਲਤਾ ਦੇ ਹੋਰ ਕਾਰਨਾਂ ਤੋਂ ਛੁਟ ਇਕ ਇਹ ਵੀ ਸੀ ਕਿ ਕ੍ਰਿਸ਼ਨਾ ਦੇ ਸਾਹਮਣੇ ਉਹ ਕਿਸੇ ਹੋਰ ਸ਼ਕਲ ਵਿਚ ਆਪਣੇ ਆਪ ਨੂੰ ਪ੍ਰਗਟ ਕਰ ਚੁਕਾ ਸੀ। ਉਸ ਨੂੰ ਪੜ੍ਹਾਉਣ ਸਮੇਂ ਤੇ ਹੋਰ ਵੀ ਕਈਆਂ ਮੌਕਿਆਂ ਤੇ ਉਹ ਆਪਣੇ ਆਪ ਨੂੰ ਸੁਲ੍ਹਾ ਦਾ ਦੇਵਤਾ ਤੇ ਇਤਿਹਾਦ ਦਾ ਆਲਮਬਰਦਾਰ ਪ੍ਰਗਟ ਕਰ ਚੁਕਾ ਸੀ। ਉਹ ਇਹ ਵੀ ਜਾਣਦਾ ਸੀ ਕਿ ਕ੍ਰਿਸ਼ਨਾ ਦੀ ਉਸ ਉਤੇ ਜਿੰਨੀ ਸ਼ਰਧਾ ਹੈ, ਉਹ ਬਹੁਤਾ ਏਸੇ ਗੁਣ ਕਰ ਕੇ ਹੈ।

"ਪਰ ਜੇ ਕ੍ਰਿਸ਼ਨਾ ਨੂੰ ਮੇਰੇ ਇਸ ਕਪਟ ਜਾਲ ਦਾ ਪਤਾ ਲਗ ਗਿਆ ਤਾਂ ਉਸ ਦੀ ਕੀ ਹਾਲਤ ਹੋਵੇਗੀ — ਕਿਨ੍ਹਾਂ ਨਜ਼ਰਾਂ ਨਾਲ ਫਿਰ ਉਹ ਮੈਨੂੰ ਤਕੇਗੀ ?" ਇਹ ਖ਼ਿਆਲ ਸਨ ਜਿਹੜੇ ਆ ਆ ਉਸ ਦੇ ਮਨ ਦੀ ਬਦਅਮਨੀ ਵਿਚ ਵਾਧਾ ਕਰ ਰਹੇ ਸਨ। ਕਈ ਵਾਰੀ ਉਸ ਦੀ ਸਲਾਹ ਵੀ ਹੋਈ ਕਿ ਉਹ ਕ੍ਰਿਸ਼ਨਾ ਪਾਸ ਇਸ ਭੇਦ ਨੂੰ ਖੋਲ੍ਹ ਦੇਵੇ, ਪਰ ਇਸ ਗਲ ਦਾ ਖ਼ਿਆਲ ਕਰਦਿਆਂ ਹੀ ਉਸ ਨੂੰ ਡਰ ਆਉਣ ਲਗਦਾ, ਉਸ ਨੂੰ ਖ਼ਤਰਾ ਪੈਦਾ ਹੋ ਜਾਂਦਾ ਕਿ ਅਹਿੰਸਾ ਤੇ ਮੈਤਰੀ ਦੀ ਦੇਵੀ ਕ੍ਰਿਸ਼ਨਾ ਉਸ ਦੇ ਇਨ੍ਹਾਂ ਵਿਚਾਰਾਂ ਨੂੰ ਸੁਣ ਕੇ ਸ਼ਾਇਦ ਉਸ ਨੂੰ ਘ੍ਰਿਣਾ ਕਰਨ ਲਗ ਜਾਏਗੀ।

ਇਸੇ ਕਸ਼ਮਕਸ਼ ਦੇ ਅਸਰਾਂ ਨਾਲ ਉਹ ਦਿਨੋ ਦਿਨ ਗ਼ਮਗੀਨ ਰਹਿਣ ਲਗਾ।

18

ਫ਼ਸਾਦਾਂ ਦੀ ਹਨੇਰੀ ਕੁਝ ਕੁਝ ਠਲ੍ਹਦੀ ਨਜ਼ਰੀਂ ਆਉਣ ਲਗੀ। ਵਾਯੂ ਮੰਡਲ ਵਿਚੋਂ ਤਲਖ਼ੀ ਦਾ ਅੰਸ਼ ਘਟਦਾ ਜਾਪਣ ਲਗਾ। ਸੁੰਨਸਾਨ ਬਾਜ਼ਾਰਾਂ ਵਿਚ ਫੇਰ ਮਾੜੀ ਮੋਟੀ ਰੌਣਕ ਦਿਖਾਈ ਦੇਣ ਲਗੀ। ਗਾਹਕ ਭਾਵੇਂ ਟਾਵਾਂ ਟਾਵਾਂ ਦਿਸਦਾ ਸੀ, ਪਰ ਇਕ ਲੰਮੇ ਸਮੇਂ ਦੀ ਜਕੜ੍ਹਤਾ ਤੋਂ ਬਾਅਦ ਦੁਕਾਨਾਂ ਦਾ ਖੁਲ੍ਹਣਾ ਭਲਾ ਮਲੂਮ ਹੁੰਦਾ ਸੀ। ਵਣਜ ਵਪਾਰ ਦਾ ਜਾਮ ਹੋਇਆ ਗੱਡਾ ਹੌਲੀ ਹੌਲੀ ਹਰਕਤ ਫੜ ਰਿਹਾ ਸੀ। ਲੋਕਾਂ ਦੇ ਦਿਲਾਂ ਤੇ ਛਾਏ ਹੋਏ ਸਹਿਮਾਂ ਦੇ ਬੱਦਲ ਪਤਲੇ ਪੈ ਰਹੇ ਸਨ, ਅਮਨ ਤੇ ਠਰ੍ਹੰਮੇ ਦੀ ਆਸ ਜਿਹੜੀ ਨਿਰਾਸ਼ਾ ਵਿਚ ਬਦਲ ਚੁਕੀ ਸੀ, ਫੇਰ ਕੁਝ ਦੂਰੀ ਉਤੇ ਉਸ ਦੀ ਮੱਧਮ ਜਿਹੀ ਸ਼ੁਆ ਨਜ਼ਰ ਆਉਣ ਲਗ ਪਈ ਸੀ।

ਪਰ ਆਹ ਬਦਨਸੀਬ ਅੰਮ੍ਰਿਤਸਰ ! ਸ਼ਾਇਦ ਇਸ ਦੇ ਭਾਗਾਂ ਵਿਚ ਅਜੇ ਅਮਨ ਦੀ ਸ਼ਕਲ ਵੇਖਣੀ ਨਹੀਂ ਸੀ ਲਿਖੀ। ਰਾਤੀਂ ਜਿਹੜੇ ਲੋਕੀ ਇਹ ਕਹਿੰਦੇ ਹੋਏ ਸੁਤੇ ਸਨ — "ਸ਼ੁਕਰ ਹੈ, ਕੁਝ ਸ਼ਾਂਤੀ ਹੋਈ" ਸਵੇਰੇ ਜਾਗਦਿਆਂ ਉਨ੍ਹਾਂ ਦੀ ਜ਼ਬਾਨ ਤੇ ਇਹ ਵਾਕ ਸਨ — "ਕਤਲ... ਤਬਾਹੀ... ...ਅੱਗ... ...ਬੰਬ।"

ਫ਼ਸਾਦੀ ਦੈਂਤ ਦੇ ਪੈਰ ਚਿੰਨ੍ਹ, ਜਿਹੜੇ ਨਾਮ ਮਾਤਰ ਹੀ ਧੁੰਦਲੇ ਹੋਏ ਸਨ, ਰਾਤੋ ਰਾਤ ਉਘੜ ਆਏ। ਮੁਸਲਿਮ ਆਬਾਦੀਆਂ ਵਿਚੋਂ ਵੀ ਤੇ ਗ਼ੈਰ-ਮੁਸਲਿਮ ਵਸੋਂ ਵਿਚ ਵੀ ਅੱਗ ਦੇ ਭਾਂਬੜ ਉਠ ਉਠ ਕੇ ਆਕਾਸ਼ ਦੀ ਹਿੱਕ ਨੂੰ ਲੂਹ ਰਹੇ ਸਨ। ਛੁਰੇਬਾਜ਼ੀ ਦਾ ਬਾਜ਼ਾਰ ਫੇਰ ਗਰਮ ਹੋ ਪਿਆ। ਕਿਰਪਾਨਾਂ ਦੀ ਲਿਸ਼ਕ ਨਵੇਂ ਸਿਰੇ ਰੱਤ ਵਿਚ ਨਹਾਉਣ ਲਗੀ।

ਤੇ ਇਸ ਦਾ ਨਤੀਜਾ ? ਕਰਫ਼ਿਊ ਦੀ ਤਲਵਾਰ, ਜਿਹੜੀ ਸਿਰਾਂ ਤੋਂ ਰਤਾ ਉਚੇਰੀ ਹੋਈ ਸੀ, ਫੇਰ ਸਿਰਾਂ ਨਾਲ ਆ ਛੋਹੀ। ਸ਼ਹਿਰ ਦੇ ਵਖੋ ਵਖ ਹਿਸਿਆਂ ਵਿਚ ਅਠਤਾਲੀ ਤੋਂ ਲੈ ਕੇ ਬਹੱਤਰ ਘੰਟਿਆਂ ਤੀਕ ਦਾ ਕਰਫ਼ਿਊ ਲਾ ਦਿਤਾ ਗਿਆ। ਵਿਦਿਆਰਥੀਆਂ ਤੇ ਵਿਦਿਆਰਥਣਾਂ ਲਈ ਸਕੂਲਾਂ ਕਾਲਜਾਂ ਦੇ ਬੂਹੇ ਪੂਰੀ ਤਰ੍ਹਾਂ ਖੁਲ੍ਹੇ ਵੀ ਨਹੀਂ ਸਨ ਕਿ ਫੇਰ ਅਨਿਸਚਿਤ ਸਮੇਂ ਲਈ ਉਨ੍ਹਾਂ ਨੂੰ ਜੰਦਰੇ ਵਜ ਗਏ ਤੇ ਇਹ ਸਾਰਾ ਉਲਟ ਫੇਰ ਹੋ ਗਿਆ ਕੇਵਲ ਅਠਾਂ ਪਹਿਰਾਂ ਦੇ ਅੰਦਰ ਅੰਦਰ।

ਫ਼ਸਾਦਾਂ ਦੀ ਇਹ ਨਵੀਂ ਰੌ ਇਤਨੀ ਤੇਜ਼ ਤੇ ਅਠੱਲ੍ਹ ਸੀ ਕਿ ਪਿਛਲੇ ਫ਼ਸਾਦ ਤਾਂ ਮਾਨੋ ਇਸ ਖ਼ੂਨੀ ਨਾਟਕ ਦੀ ਰਿਹਰਸਲ ਹੀ ਸਨ। ਗਲੀਆਂ ਤੇ ਬਾਜ਼ਾਰਾਂ ਦੇ ਚੌਕਾਂ ਵਿਚ ਫੇਰ ਲੋਥਾਂ ਦਿਖਾਈ ਦੇਣ ਲਗੀਆਂ, ਜਿਨ੍ਹਾਂ ਦੀ ਗਿਣਤੀ ਰੋਜ਼ ਬਰੋਜ਼ ਵਧਦੀ ਹੀ ਚਲੀ ਜਾ ਰਹੀ ਸੀ। ਅਗੇ ਤਾਂ ਕੇਵਲ ਸ਼ਹਿਰ ਵਿਚ ਹੀ ਮਨੁਖੀ ਤਹਿਜ਼ੀਬ ਦੀ ਇਹ ਹੈਰਤਨਾਕ ਤਸਵੀਰ ਵੇਖੀ ਜਾਂਦੀ ਸੀ, ਪਰ ਹੁਣ ਆਲੇ ਦੁਆਲੇ ਦੇ ਪਿੰਡਾਂ ਵਿਚ ਵੀ ਇਹੋ ਕੁਝ ਹੋ ਰਿਹਾ ਸੀ। ਪਿੰਡਾਂ ਵਿਚੋਂ ਲਾਸ਼ਾਂ ਤੇ ਫੱਟੜਾਂ ਦੀ ਢੋਆ ਢਾਈ ਦਾ ਇਹ ਹਾਲ ਸੀ ਕਿ ਸਿਵਲ ਹਸਪਤਾਲ ਦੇ ਡੈੱਡ ਹਾਊਸ (ਮੁਰਦੇ ਘਰ) ਵਿਚ ਥਾਂ ਦੀ ਕਮੀ ਕਰ ਕੇ ਆਸ ਪਾਸ ਦੇ ਕਈ ਕਵਾਰਟਰ ਖ਼ਾਲੀ ਕਰਵਾਏ ਗਏ। ਬਾਕੀ ਰਹੀ ਫੱਟੜਾਂ ਦੀ ਗਿਣਤੀ, ਇਸ ਦਾ ਤਾਂ ਕੋਈ ਆਰ ਪਾਰ ਹੀ ਨਹੀਂ ਸੀ। ਹਸਪਤਾਲਾਂ ਦੇ ਕਮਰੇ ਛਡ ਕੇ ਬਰਾਂਡੇ ਵੀ ਜਦ ਭਰੇ ਗਏ ਤਾਂ ਖੁਲ੍ਹੇ ਗਰਾਊਂਡ ਵਰਤੋਂ ਵਿਚ ਲਿਆਏ ਜਾਣ ਲਗ ਪਏ ਤੇ ਜਦ ਉਹ ਵੀ ਭਰ ਗਏ ਤਾਂ ਹਸਪਤਾਲ ਤੋਂ ਬਾਹਰ ਸੜਕ ਦੇ ਕਿਨਾਰਿਆਂ ਉਤੇ ਮੰਜਿਆਂ ਦੀਆਂ ਕਤਾਰਾਂ ਦਿਖਾਈ ਦੇਣ ਲਗੀਆਂ।

ਸਤਨਾਮ ਇਹਨੀਂ ਦਿਨੀਂ ਆਪਣੇ ਸਾਥੀਆਂ ਨਾਲ ਕਈਆਂ 'ਜ਼ਰੂਰੀ' ਕੰਮਾਂ ਵਿਚ ਰੁਝਿਆ ਹੋਇਆ ਸੀ ਤੇ ਇਸ ਰੁਝੇਵੇਂ ਨੇ ਉਸ ਦੀ ਮਾਨਸਿਕ ਹਾਲਤ ਤੇ ਕੀ ਅਸਰ ਕੀਤਾ ? ਇਸ ਦੇ ਜਵਾਬ ਵਿਚ ਏਥੇ ਇਕ ਵਾਕੇ ਨੂੰ ਪ੍ਰਗਟਾਉਣਾ ਹੀ ਕਾਫ਼ੀ ਹੋਵੇਗਾ।

ਦੁਪਹਿਰਾਂ ਢਲ ਰਹੀਆਂ ਸਨ। ਜੇਠ ਮਹੀਨੇ ਦੀ ਗਰਮੀ ਕੜਾਕੇ ਦੀ ਪੈ ਰਹੀ ਸੀ। ਕਰਫ਼ਿਊ ਦੀ ਕੈਦ ਵਿਚ ਜਕੜੀ ਹੋਈ ਖ਼ਲਕਤ ਤ੍ਰਾਹਿ ਤ੍ਰਾਹਿ ਕਰ ਰਹੀ ਸੀ। ਸਤਨਾਮ ਉਪਰਲੀ ਬਰਸਾਤੀ ਵਿਚ ਅੰਦਰੋਂ ਬੂਹਾ ਬੰਦ ਕੀਤੀ ਰੱਬ ਜਾਣੇ ਸੁਤਾ ਜਾਂ ਬੈਠਾ ਹੋਇਆ ਸੀ, ਜਦ ਕੋਸਰ ਕੌਰ ਨੇ ਬੂਹਾ ਖੜਕਾਇਆ।

ਬੂਹਾ ਖੁਲ੍ਹਦਿਆਂ ਹੀ ਉਹ ਅੰਦਰ ਲੰਘ ਕੇ ਸਤਨਾਮ ਦੀ ਪੈਂਦ ਵਲ ਬੈਠ ਗਈ। ਪੁੱਤਰ ਦੀਆਂ ਕਿਸੇ ਡੂੰਘੇ ਵਿਖਾਦ ਵਿਚ ਡੁੱਬੀਆਂ ਹੋਈਆਂ ਅੱਖਾਂ ਤੇ ਮੁਰਝਾਏ ਚਿਹਰੇ ਉਤੇ ਨਜ਼ਰ ਟਿਕਾਈ ਕਹਿਣ ਲਗੀ — "ਕਾਕਾ ! ਇਕ ਗਲ ਪੁੱਛਾਂ ?"

ਸਤਨਾਮ ਨੇ — ਜਿਵੇਂ ਡਰ ਜਾਈਦਾ ਹੈ — ਉਸ ਵਲ ਸਿਰ ਚੁਕਿਆ — "ਕੀ ਭਾਬੀ ?"

"ਤੂੰ ਇਸ ਤਰ੍ਹਾਂ ਹਰਾਸਿਆ ਹਰਾਸਿਆ ਕਿਉਂ ਰਹਿਨਾ ਏਂ ਹਰ ਵੇਲੇ ?"

"ਮੈਂ ?"

"ਨਹੀਂ, ਹੋਰ ਤੇਰਾ ਪਰਛਾਵਾਂ ?"

"ਤੂੰ ਤੇ ਭਾਬੀ ਵਹਿਮਣ ਏਂ ਨਿਰੀਪੁਰੀ।"

"ਵਹਿਮਣ ਹਾਂ ? ਐਹ ਤੱਕ ਖਾਂ ਭਲਾ।" ਤੇ ਅਛੋਪਲੇ ਹੀ ਮੇਜ਼ ਤੋਂ ਛੋਟਾ ਸ਼ੀਸ਼ਾ ਚੁਕ ਕੇ ਉਸਨੇ ਸਤਨਾਮ ਦੇ ਸਾਹਮਣੇ ਕਰ ਦਿਤਾ।

ਸ਼ੀਸ਼ੇ ਵਿਚੋਂ ਉਸ ਆਪਣਾ ਚਿਹਰਾ ਤਕਿਆ, ਜਿਹੜਾ ਕੇਸਰ ਕੌਰ ਦੇ ਬਿਆਨ ਦੀ ਸਚੀ ਗਵਾਹੀ ਸੀ, ਪਰ ਬਜਾਇ ਇਸ ਦੇ ਕਿ ਇਸ ਸਚਾਈ ਦਾ ਉਸ ਉਤੇ ਕੁਝ ਚੰਗੇਰਾ ਅਸਰ ਹੁੰਦਾ, ਸਗੋਂ ਉਸ ਨੂੰ ਹੋਰ ਖਿਝ ਆ ਗਈ। ਸ਼ਾਇਦ ਇਸ ਕਰ ਕੇ ਕਿ ਕਈਆਂ ਦਿਨਾਂ ਤੋਂ ਇਹੋ ਜਿਹੇ ਬੇ-ਮਤਲਬ ਸਵਾਲ ਕਰ ਕਰ ਕੇ ਕੇਸਰ ਕੌਰ ਨੇ ਉਸ ਦਾ ਦਿਮਾਗ਼ ਚਟ ਲਿਆ ਸੀ।

"ਤੂੰ ਭਾਬੀ" ਝੁੰਜਲਾ ਕੇ ਉਹ ਬੋਲਿਆ — "ਹਰ ਵੇਲੇ ਮੈਨੂੰ ਤੰਗ ਨਾ ਕਰਿਆ ਕਰ। ਇਕ ਤਾਂ ਅਗੇ... ..." ਬੋਲਦਾ ਬੋਲਦਾ ਉਹ ਆਪਣੇ ਵਾਕ ਨੂੰ ਅੱਧ ਵਿਚਾਲਿਓਂ ਹੀ ਕਟ ਗਿਆ।

ਪਰ ਕੇਸਰ ਕੌਰ ਫੇਰ ਵੀ ਨਹੀਂ ਮੁੜੀ। ਉਸ ਨੇ ਦਿਲ ਦੇ ਵੇਗ ਨੂੰ ਨਾ ਰੋਕ ਸਕਦਿਆਂ ਹੋਇਆਂ ਕਿਹਾ — "ਮੈਂ ਪੁਛਨੀ ਆਂ, ਤੈਨੂੰ ਹੁੰਦਾ ਕੀ ਜਾਂਦਾ ਏ ਦਿਨੋ ਦਿਨ ? ਦੁਕਾਨ ਦੀ ਚਿੰਤਾ ਤੇ ਨਹੀਂ ਕਰਦਾ ?" ਤੇ ਬਿਨਾਂ ਆਪਣੇ ਸਵਾਲ ਦਾ ਜਵਾਬ ਲਿਆਂ ਹੀ ਉਹ ਕਹਿੰਦੀ ਗਈ — "ਨੁਕਸਾਨ ਜਿਹੜਾ ਹੋਣਾ ਸੀ ਉਹ ਤੇ ਹੋ ਗਿਆ, ਹੁਣ ਗੋਤਿਆਂ ਵਿਚ ਪਿਆਂ ਕੀ ਬਣਦਾ ਏ। ਵੇਖਾਂ ਪਿੰਡੇ ਤੇ ਮਾਸ... ..." ਕੇਸਰ ਕੌਰ ਦਾ ਸੱਜਾ ਹਥ ਸਤਨਾਮ ਦੀ ਰੀੜ੍ਹ ਦੀ ਹੱਡੀ ਤੇ ਫਿਰਨ ਲਗਾ।

ਪਰ ਏਨੇ ਨਾਲ ਵੀ ਸਤਨਾਮ ਦਾ ਦਿਲ ਨਹੀਂ ਪਸੀਜਿਆ। ਸਗੋਂ ਉਸ ਦੀ ਝੁੰਜਲਾਹਟ ਵਿਚ ਹੋਰ ਵਾਧਾ ਹੋਇਆ। ਮਾਂ ਦੇ ਜਵਾਬ ਵਿਚ ਇਕ ਵਾਰੀ ਉਸ ਦੇ ਬੁੱਲ੍ਹ ਹਿਲੇ, ਅੱਖਾਂ ਉਤਾਹ ਉਠੀਆਂ, ਪਰ ਅੰਦਰੋ ਅੰਦਰ ਉਹ ਜਵਾਬ ਨੂੰ ਪੀ ਗਿਆ।

ਕੇਸਰ ਕੌਰ ਸਮਝ ਗਈ ਕਿ ਇਸ ਵੇਲੇ ਮੁੰਡੇ ਨੂੰ ਕੁਝ ਵੀ ਕਹਿਣਾ ਬੇ-ਫਾਇਦਾ ਹੈ। ਉਸ ਨੇ ਗੱਲ ਵਲਾ ਕੇ ਪੁਛਿਆ — "ਅਜ ਤੇਰੇ ਦੋਸਤ ਨਹੀਂ ਆਏ ਤਾਸ਼ ਖੇਡਣ ਵਾਲੇ ?"

"ਪਤਾ ਨਹੀਂ" ਕਹਿ ਕੇ ਉਸ ਨੇ ਕਰਵੱਟ ਬਦਲ ਲਈ। ਜਿਸ ਤੋਂ ਕੇਸਰ ਕੌਰ ਸਮਝ ਗਈ ਕਿ ਇਸ ਵੇਲੇ ਉਸ ਨਾਲ ਕਿਸੇ ਵਿਸ਼ੇ ਤੇ ਵੀ ਕੋਈ ਗਲ ਨਹੀਂ ਕਰਨੀ ਚਾਹੀਦੀ। ਉਸ ਨੇ ਕਿੰਨਾ ਹੀ ਚਿਰ ਹੋਰ ਕੋਈ ਸਵਾਲ ਨਾ ਕੀਤਾ।

ਕੁਝ ਦਿਨਾਂ ਤੋਂ ਕੇਸਰ ਕੌਰ ਘਰ ਵਿਚ ਇਕ ਅਜੀਬ ਜਿਹਾ ਕੌਤਕ ਵੇਖ ਰਹੀ ਸੀ। ਸਤਨਾਮ ਦੇ ਤਿੰਨ ਚਾਰ ਦੋਸਤ, ਕਦੀ ਗਲੀ ਥਾਣੀ ਤੇ ਕਦੀ ਪਿਛਵਾੜੇ ਦੇ ਕੋਠਿਆਂ ਤੋਂ ਟਪ ਕੇ ਅਕਸਰ ਰੋਜ਼ ਹੀ ਕਿਸੇ ਨਾ ਕਿਸੇ ਵੇਲੇ ਉਸ ਪਾਸ ਆਇਆ ਕਰਦੇ ਤੇ ਉਨ੍ਹਾਂ ਦੇ ਅੰਦਰ ਵੜਦਿਆਂ ਹੀ ਸਤਨਾਮ ਅੰਦਰੋਂ ਚਿਟਕਣੀ ਬੰਦ ਕਰ ਲੈਂਦਾ। ਪਤਾ ਨਹੀਂ ਕੀ ਘੁਸਰ ਮੁਸਰ ਉਨ੍ਹਾਂ ਵਿਚ ਹੁੰਦੀ ਰਹਿੰਦੀ। ਕੇਸਰ ਕੌਰ ਦੇ ਪੁੱਛਣ ਤੇ ਸਤਨਾਮ "ਤਾਸ਼ ਖੇਡਣ ਲਈ ਆਇਆ ਕਰਦੇ ਨੇ।" ਕਹਿ ਕੇ ਮਾਂ ਨੂੰ ਟਾਲ ਦੇਂਦਾ ਸੀ। ਪਰ ਇਸ 'ਤਾਸ਼ ਦੀ ਖੇਡ' ਵਿਚ ਇਹਨੀਂ ਦਿਨੀਂ ਇਕ ਨਵੀਂ ਤਬਦੀਲੀ ਕੇਸਰ ਨੇ ਵੇਖੀ। ਤਾਸ਼ ਤਾਂ ਉਹ ਅਗੇ ਵੀ ਅਕਸਰ ਯਾਰਾਂ ਦੋਸਤਾਂ ਨਾਲ ਖੇਡਿਆ ਕਰਦਾ ਸੀ, ਕਿਉਂਕਿ ਕਰਫਿਊ ਦੇ ਦਿਨਾਂ ਵਿਚ ਇਹੋ ਇਕ ਚੀਜ਼ ਵਕਤ ਨੂੰ ਸੌਖਾ ਗੁਜ਼ਾਰਨ ਵਾਲੀ ਸੀ, ਪਰ ਇਸ ਤਰ੍ਹਾਂ ਬੂਹਾ ਬੰਦ ਕਰ ਕੇ ਤੇ ਫਿਰ ਅੰਦਰੋਂ ਕੁੰਡਾ ਅੜਾ ਕੇ ਇਹ ਤਾਂ ਪਹਿਲਾਂ ਕਦੀ ਨਹੀਂ ਸੀ ਹੋਇਆ। ਕਈ ਵਾਰੀ ਉਸ ਨੇ ਸਤਨਾਮ ਤੋਂ ਇਸ ਦਾ ਸਬੱਬ ਵੀ ਪੁਛਿਆ,

ਜਿਸ ਦਾ ਜਵਾਬ ਹਰ ਵਾਰੀ ਉਸ ਨੂੰ ਇਹੋ ਮਿਲਦਾ — "ਬਾਹਰੋਂ ਮੁੰਡਿਆਂ ਕੁੜੀਆਂ ਦੇ ਖੱਪਖਾਨੇ ਦੀ ਅਵਾਜ਼ ਆਉਂਦੀ ਏ" ਜਵਾਬ ਜਿੰਨਾ ਅਨੋਖਾ ਸੀ, ਉਨਾ ਹੀ ਕੁਝ ਸ਼ੱਕੀ ਵੀ। ਕਿਉਂਕਿ ਰੌਲਾ ਪਾਣ ਵਾਲੇ ਮੁੰਡੇ ਕੁੜੀਆਂ ਇਸ ਘਰ ਵਿਚ ਹੈ ਈ ਕਿਹੜੇ ਸਨ। ਛੋਟਾ ਮੁੰਡਾ ਨਰਿੰਦਰ ਪਿਛਲੇ ਹਫਤੇ ਆਪਣੀ ਵਡੀ ਭੈਣ ਪਾਸ ਆਗਰੇ ਚਲਾ ਗਿਆ ਸੀ, ਬਾਕੀ ਇਕੋ ਇਕ ਮੁੰਨੀ ਸੀ। ਸੋ ਉਹ ਵੀ ਜਿਸ ਦਿਨ ਦੀ ਕ੍ਰਿਸ਼ਨਾ ਆਈ ਹੈ, ਉਸ ਦੇ ਗੋਡੇ ਨਾਲੋਂ ਹਿਲਦੀ ਨਹੀਂ ਸੀ। ਫਿਰ ਰੌਲਾ ਪਾਣ ਵਾਲਾ ਇਥੇ ਹੋਰ ਕੌਣ ਸੀ।

"ਚਲੋ ਹੋਊ, ਜਿਸ ਤਰ੍ਹਾਂ ਇਸ ਦੀ ਪ੍ਰਸੰਨਤਾ ਹੋਵੇ" ਛੇਕੜ ਇਹੋ ਤਸੱਲੀ ਦਿਲ ਨੂੰ ਦੇ ਕੇ ਕੇਸਰ ਕੌਰ ਗਲ ਨੂੰ ਆਈ ਗਈ ਕਰ ਛਡਦੀ।

ਅਜ ਇਕ ਹੋਰ ਕੰਮ ਲਈ ਵੀ ਕੇਸਰ ਕੌਰ ਸਤਨਾਮ ਪਾਸ ਆਈ ਸੀ। ਕ੍ਰਿਸ਼ਨਾ ਪਾਸ ਕਪੜੇ ਓਹੀ ਸਨ ਜਿਹੜੇ ਉਸ ਨੇ ਪਾਏ ਹੋਏ ਸਨ। ਆਉਂਦੀ ਨੂੰ ਆਪਣਾ ਇਕ ਜੋੜਾ — ਜਿਹੜਾ ਪਿਛਲੇ ਦਿਨੀਂ ਉਸਨੇ ਪੈਰਾਸ਼ੂਟ ਦੀਆਂ ਫ਼ੀਰੋਜ਼ੀ ਰੰਗ ਦੀਆਂ ਕਲੀਆਂ ਲਿਆ ਕੇ ਬਣਵਾਇਆ ਸੀ, ਦੇ ਦਿਤਾ ਸੀ। ਪਰ ਫਿਰ ਵੀ ਬਾਹਰ ਅੰਦਰ ਨਿਕਲਣ ਲਈ ਇਕ ਦੋ ਜੋੜੇ ਉਸ ਲਈ ਚਾਹੀਦੇ ਸਨ। ਸੋ ਉਹ ਸਤਨਾਮ ਨੂੰ ਕਹਿਣਾ ਚਾਹੁੰਦੀ ਸੀ ਕਿ ਕਿਸੇ ਵੇਲੇ ਬਜ਼ਾਰ ਜਾ ਕੇ ਕਪੜੇ ਲਿਆ ਦੇਵੇ।

ਸਤਨਾਮ ਦਾ ਉੱਤਰ "ਪਤਾ ਨਹੀਂ" ਸੁਣਨ ਤੋਂ ਬਾਅਦ ਉਹ ਆਪਣੇ ਮਤਲਬ ਦੀ ਗਲ ਕਹਿਣ ਹੀ ਲਗੀ ਸੀ ਕਿ ਪੌੜੀਆਂ ਵਿਚੋਂ ਬੂਟਾਂ ਵਾਲੇ ਕਦਮਾਂ ਦੀ ਅਵਾਜ਼ ਉਸ ਨੂੰ ਸੁਣਾਈ ਦਿਤੀ। ਇਕ ਦੂਜੇ ਦੇ ਅਗਾੜ ਪਿਛਾੜ ਤਿੰਨ ਨੌਜਵਾਨ ਉਪਰ ਆ ਪਹੁੰਚੇ, ਜਿਨ੍ਹਾਂ ਵਿਚੋਂ ਵਿਚਕਾਰਲੇ ਦੇ ਹਥ ਵਿਚ ਇਕ ਹਰੀਆਂ ਫਾਂਟਾਂ ਵਾਲਾ ਝਾਲਰਦਾਰ ਥੈਲਾ ਸੀ, ਜਿਹੜਾ ਕਿਸੇ ਭਾਰੀ ਚੀਜ਼ ਨਾਲ ਲਗ ਪਗ ਭਰਿਆ ਹੋਇਆ ਸੀ।

ਮੁੰਡਿਆਂ ਨੂੰ ਵੇਖਦਿਆਂ ਹੀ ਸਤਨਾਮ ਦੇ ਚਿਹਰੇ ਉਤੇ ਘਬਰਾਹਟ ਜਿਹੀ ਦਾ ਰੰਗ ਦੌੜ ਗਿਆ। ਉਹ ਕੁਝ ਖਿੜਕਵੀਂ ਅਵਾਜ਼ ਵਿਚ ਮਾਂ ਨੂੰ ਕਹਿਣ ਲਗਾ — "ਹਛਾ ਭਾਬੀ, ਤੂੰ ਜਾਹ ਹੁਣ ਅਸੀਂ ਦੋ ਚਾਰ ਬਾਜ਼ੀਆਂ ਖੇਡ ਲਈਏ।"

ਜਦ ਕੇਸਰ ਕੌਰ ਪੌੜੀਆਂ ਉਤਰ ਰਹੀ ਸੀ ਤਾਂ ਉਸ ਨੂੰ ਬੂਹਾ ਵਜਣ ਦੀ ਅਵਾਜ਼ ਸੁਣਾਈ ਦਿਤੀ, ਫਿਰ ਚਿਟਕਣੀ ਬੰਦ ਹੋਣ ਦੀ।

ਹੇਠਾਂ ਜਦ ਉਹ ਪਹੁੰਚੀ ਤਾਂ ਉਸ ਦਾ ਦਿਲ ਉਡਿਆ ਉਡਿਆ ਸੀ। ਸਤਨਾਮ ਦਾ ਰੰਗ ਢੰਗ ਵੇਖ ਕੇ ਉਸ ਦੇ ਅੰਦਰ ਚੋਰ ਜਿਹਾ ਵੜ ਗਿਆ।

ਉਹ ਅੰਦਰ ਮੰਜੇ ਤੇ ਜਾ ਲੇਟੀ। ਇਹ ਖਿਆਲ ਬਰਾਬਰ ਉਸ ਦੇ ਦਿਲ ਦੀ ਧੜਕਣ ਨੂੰ ਤੇਜ਼ ਕਰੀ ਜਾ ਰਹੇ ਸਨ — "ਭਲਾ ਮੰਨ ਲਿਆ ਕਿ ਬਾਹਰਲੇ ਰੌਲੇ ਤੋਂ ਡਰਦਿਆਂ ਹੀ ਉਹ ਬੂਹਾ ਬੰਦ ਕਰ ਕੇ ਤਾਸ਼ ਖੇਡਦੇ ਨੇ, ਪਰ ਕੀ ਕਦੀ ਨਿਕੇ ਨਿਆਣੇ ਨੇ ਉਨ੍ਹਾਂ ਤੀਕ ਪਹੁੰਚਣ ਦੀ ਹਿੰਮਤ ਕੀਤੀ ਹੈ ਕਿ ਅੰਦਰੋਂ ਚਿਟਕਣੀ ਵੀ ਲਾ ਲੈਂਦੇ ਨੇ ? ਫਿਰ ਕਿਵੇਂ ਸਹਿਮੇ ਸਹਿਮੇ ਉਨ੍ਹਾਂ ਦੇ ਚਿਹਰੇ — ਉਡੇ ਉਡੇ ਉਨ੍ਹਾਂ ਦੇ ਰੰਗ। ਰੱਬ ਨਾ ਕਰਾਏ ਜੇ ਕਿਤੇ ਕੁਝ... ..." ਤੇ ਇਸ ਤੋਂ ਅਗੇ ਜਿਹੜਾ ਖਿਆਲ ਉਸ ਦੇ ਅੰਦਰ ਪੈਦਾ ਹੋਇਆ, ਇਸ ਤੋਂ ਜਾਣ ਬੁਝ ਕੇ ਹੀ ਖਹਿੜਾ ਛੁੜਾਂਦੀ ਹੋਈ ਉਹ ਆਪਣੀਆਂ ਖੁਲ੍ਹੀਆਂ ਅੱਖਾਂ ਨੂੰ ਬੰਦ ਕਰ ਕੇ ਤੇ ਪਾਸਾ ਮੋੜ ਕੇ ਵੱਖੀ ਪਰਨੇ ਹੋ ਗਈ।

ਨਾ ਅੱਖਾਂ ਬੰਦ ਕੀਤਿਆਂ ਤੇ ਨਾ ਹੀ ਪਾਸਾ ਪਰਤਿਆਂ ਉਹ ਭਿਆਨਕ ਖ਼ਿਆਲ ਰੁਕ ਸਕਿਆ। ਉਹ ਭੁੜਕ ਕੇ ਮੰਜੇ ਤੋਂ ਉਤਰ ਖਲੋਤੀ। ਇਕ ਵਾਰੀ ਪੈਰ ਉਸ ਨੂੰ ਫੇਰ ਪੌੜੀਆਂ ਵਲ ਲੈ ਤੁਰੇ, ਪਰ ਪਹਿਲੀ ਪੌੜੀ ਕੋਲ ਉਹ ਰੁਕ ਗਈ। ਕਿੰਨਾ ਹੀ ਚਿਰ ਉਸੇ ਥਾਂ ਖਲੋਤੀ ਰਹਿਣ ਤੋਂ ਬਾਅਦ ਉਹ ਪੱਬਾਂ ਭਾਰ ਹੋ ਕੇ ਜੂੰ ਦੀ ਤੋਰੇ ਚੜ੍ਹਨ ਲਗੀ।

ਬੰਦ ਬੂਹੇ ਪਾਸ ਪਹੁੰਚ ਕੇ ਉਸ ਨੇ ਡਰਦਿਆਂ ਡਰਦਿਆਂ ਤਾਕ ਨਾਲ ਕੰਨ ਲਾਇਆ।

ਤਾਸ਼ ਦੀ ਬਾਜ਼ੀ ਕੀ ਆਖ ਤੇ ਇਸ ਤਰ੍ਹਾਂ ਦੀ ਖ਼ਾਮੋਸ਼ੀ ਕੀ ਆਖ ! ਕੀ ਉਸ ਨੂੰ ਪਤਾ ਨਹੀਂ ਸੀ ਕਿ ਤਾਸ਼ ਜੇ ਇਸ ਘਰ ਵਿਚ ਖੇਡੀਦੀ ਹੋਵੇ, ਤਾਂ ਨਾਲ ਦੇ ਚਹੁੰ ਘਰੀਂ ਧੰਪਧਾਨ ਦੀ ਆਵਾਜ਼ ਜਾਂਦੀ ਹੁੰਦੀ ਹੈ ?

ਉਸ ਨੇ ਹੋਰ ਚੰਗੀ ਤਰ੍ਹਾਂ ਕੰਨਾਂ ਤੇ ਜ਼ੋਰ ਦਿਤਾ। ਕਿਸੇ ਝੀਥ ਵਿਰਲ ਦੀ ਭਾਲ ਵਿਚ ਉਸ ਨੇ ਦੂਹਾਂ ਤਾਕਾਂ ਉੱਤੇ ਨਜ਼ਰ ਦੁੜਾਈ, ਪਰ ਤਾਕਾਂ ਦੀ ਬਣਤਰ ਬਹੁਤ ਵਧੀਆ ਕਿਸਮ ਦੀ ਸੀ, ਕਿਤੇ ਵਾਲ ਜਿੰਨੀ ਵੀ ਵਿਰਲ ਉਨ੍ਹਾਂ ਵਿਚ ਨਹੀਂ ਸੀ।

ਕੇਵਲ ਹੇਠਾਂ ਵਿਚ ਬੋਲੀ ਜਾ ਰਹੀ 'ਭੁਸ ਭੁਸ' ਹੀ ਉਹ ਸੁਣ ਸਕੀ।

ਨਿਰਾਸ ਹੋ ਕੇ ਓਹ ਫਿਰ ਹੇਠਾਂ ਮੁੜ ਆਈ, ਤੇ ਓਵੇਂ ਹੀ ਮੰਜੇ ਤੇ ਆ ਲੇਟੀ। ਉਸ ਦੀ ਖਲੜੀ ਵਿਚ ਇਸ ਵੇਲੇ ਸੂਈਆਂ ਚੁਭ ਰਹੀਆਂ ਸਨ। ਤਰ੍ਹਾਂ ਤਰ੍ਹਾਂ ਦੇ ਡਰਾਉਣੇ ਖ਼ਿਆਲਾਂ ਵਿਚ ਉਹ ਓਨਾ ਚਿਰ ਘਿਰੀ ਰਹੀ, ਜਦ ਤਕ ਕਿ ਉਸ ਨੂੰ ਮੁੜ ਬੂਹਾ ਖੁਲ੍ਹਣ ਦੀ ਆਵਾਜ਼ ਨਹੀਂ ਸੁਣਾਈ ਦਿਤੀ, ਤੇ ਫਿਰ ਪੌੜੀਆਂ ਉਤਰਨ ਦੀ ਧੱਪ ਧੱਪ।

ਮੰਜੇ ਤੋਂ ਉਠ ਕੇ ਉਹ ਐਸੇ ਢੰਗ ਨਾਲ ਬਾਹਰਲੇ ਬੂਹੇ ਵਿਚ ਜਾ ਬੈਠੀ ਕਿ ਲੰਘਣ ਵਾਲਿਆਂ ਨੂੰ ਚੰਗੀ ਤਰ੍ਹਾਂ ਵੇਖ ਸਕੇ।

ਅੱਗੜ ਪਿੱਛੜ ਓਹੀ ਤਿੰਨੇ ਗੱਭਰੂ ਲੰਘੇ ਤੇ ਉਹਨਾਂ ਦੇ ਮਗਰੇ ਸਤਨਾਮ ਵੀ। ਬਿਨਾ ਕੁਝ ਬੋਲਿਆਂ ਚਾਲਿਆਂ ਜਦ ਚਾਰੇ ਬਾਹਰ ਨਿਕਲ ਗਏ ਤਾਂ ਓਵੇਂ ਹੀ ਘਬਰਾਹਟ ਦੀ ਹਾਲਤ ਵਿਚ ਉਹ ਆਪਣੇ ਥਾਂ ਤੋਂ ਉਠੀ। ਉਸ ਦੇ ਤੌਖਲੇ ਵਿਚ ਜਿਸ ਚੀਜ਼ ਨੇ ਵਾਧਾ ਕਰ ਦਿਤਾ, ਇਹ ਸੀ ਉਸ ਗੱਭਰੂ ਦੇ ਹਥ ਵਿਚ ਥੈਲੇ ਦੀ ਅਣਹੋਂਦ।

ਕਨ੍ਹੱਈਆ ਇਕ ਪਾਸੇ ਦਰੀ ਵਿਛਾਈ ਸੁਤਾ ਹੋਇਆ ਉੱਚੀ ਉੱਚੀ ਘੁਰਾੜੇ ਮਾਰ ਰਿਹਾ ਸੀ। ਮੋਘ ਦੀਆਂ ਸੀਖਾਂ ਵਿਚੋਂ ਕੇਸਰ ਕੌਰ ਨੇ ਥਲੇ ਝਾਕਿਆ। ਅੰਦਰਲੇ ਕਮਰੇ ਚੋਂ ਇਕ ਦੋ ਵਾਰੀ ਬਾਬਾ ਜੀ ਦੇ ਖੰਘਣ ਦੀ ਆਵਾਜ਼ ਉਸ ਨੇ ਸੁਣੀ। ਮੋਘ ਦੇ ਐਨ ਹੇਠਾਂ ਕਰ ਕੇ ਕ੍ਰਿਸ਼ਨਾ, ਮੁੰਨੀ ਤੇ ਗੁਆਂਢ ਦੀਆਂ ਦੋ ਤਿੰਨ ਹੋਰ ਕੁੜੀਆਂ ਬੈਠੀਆਂ ਗਲਾ ਕਰ ਰਹੀਆਂ ਸਨ। ਜਿਨ੍ਹਾਂ ਵਿਚੋਂ ਇਕ ਕੁੜੀ ਕ੍ਰਿਸ਼ਨਾ ਨੂੰ ਨਵੀਂ ਕਿਸਮ ਦੇ ਪਿੜੀਆਂ ਵਾਲੇ ਸਵੈਟਰ ਦੀ ਬੁਣਤੀ ਸਮਝਾ ਰਹੀ ਸੀ।

ਕਾਹਲੇ ਕਾਹਲੇ ਸਾਹ ਲੈਂਦੀ ਕੇਸਰ ਕੌਰ ਉਪਰ ਚੜ੍ਹ ਗਈ। ਬਰਸਾਤੀ ਵਾਲੇ ਕਮਰੇ ਦਾ ਬੂਹਾ ਖੁਲ੍ਹਾ ਸੀ। ਉਸ ਨੇ ਖੁਫ਼ੀਆ ਪੁਲਸ ਦੇ ਕਰਮਚਾਰੀਆਂ ਵਰਗੀ ਤਿੱਖੀ ਤੇ ਖੋਜਵੀਂ ਨਜ਼ਰ ਕਮਰੇ ਵਿਚਲੀ ਹਰ ਚੀਜ਼ ਤੇ ਫੇਰਦਿਆਂ ਅੰਦਰ ਕਦਮ ਵਧਾਇਆ। ਕਿਤੇ ਵੀ ਕੁਝ ਐਸਾ ਨਹੀਂ ਸੀ ਜਿਹੜਾ ਉਸ ਦੇ ਸ਼ੱਕ ਨੂੰ ਨਿਸਚੇ ਵਿਚ ਬਦਲਣ ਲਈ ਸਹਾਇਕ ਹੁੰਦਾ। ਪਲੰਘ ਉਤੇ ਬਿਸਤਰਾ ਜਿਉਂ ਦਾ ਤਿਉਂ ਸੀ। ਚੱਦਰ ਉਤੇ ਵੱਟ ਜ਼ਰੂਰ ਪਏ ਹੋਏ ਸਨ, ਪਰ ਇਹ ਤਾਂ ਹੋਣੇ ਹੀ ਚਾਹੀਦੇ ਸਨ। ਲਾਗਲੀ ਮੇਜ਼ ਉਤੇ ਸਤਨਾਮ ਦੀਆਂ ਕਿਤਾਬਾਂ ਉਸੇ ਤਰਤੀਬ ਨਾਲ ਪਈਆਂ ਸਨ, ਜਿਸ ਨਾਲ ਰੋਜ਼ ਸਵੇਰੇ ਸਫ਼ਾਈ ਕਰਨ ਵੇਲੇ ਕ੍ਰਿਸ਼ਨਾ ਸਜਾ ਜਾਇਆ ਕਰਦੀ ਸੀ। ਆਰਾਮ ਕੁਰਸੀ ਦੀ ਗੱਦੀ ਕੁਝ ਤਿਰਛੀ ਹੋ ਕੇ ਇਕ ਪਾਸੇ ਨੂੰ ਮੁੜੀ ਹੋਈ ਸੀ, ਜਿਸ ਨੂੰ ਉਸ ਨੇ ਫੜ ਕੇ ਠੀਕ ਕਰ ਦਿਤਾ। ਤਾਸ਼ ਵਾਲੀ ਡਬੀ ਮੇਜ਼ ਉਤੇ ਪਈ ਸੀ। ਇਹ ਮੇਜ਼ ਉਤਲੇ ਫੁਲਦਾਨ ਦੇ ਹੇਠਲੇ ਹਿੱਸੇ ਨਾਲ ਲਗੀ ਹੋਈ ਜਿਸ ਹਾਲਤ ਵਿਚ ਉਸਨੇ ਪਹਿਲਾਂ ਹੁਣੇ ਹੁਣੇ ਤੱਕੀ ਸੀ, ਐਨ ਉਸੇ ਪੋਜ਼ੀਸ਼ਨ ਵਿਚ ਸੀ। ਜਿਵੇਂ ਇਸ ਨੂੰ ਕਿਸੇ ਦੀ ਉਂਗਲ ਵੀ ਛੋਹੀ ਨਾ ਹੋਵੇ।

"ਇਹ ਮੁੰਡੇ ਕੀ ਕਰਦੇ ਰਹੇ ਨੇ ਇਤਨਾ ਚਿਰ ?" ਇਹੋ ਸੋਚਦੀ ਹੋਈ ਉਹ ਖੱਬੇ ਹੱਥ ਵਲ

ਦੀ ਅਲਮਾਰੀ ਵਲ ਵਧੀ, ਜਿਸ ਨੂੰ ਪਿੱਤਲ ਦਾ ਜੰਦਰਾ ਵਜਾ ਹੋਇਆ ਸੀ ਤੇ ਜਿਸ ਦੀ ਚਾਬੀ ਗੁੱਛੇ ਵਿਚ ਹੁੰਦੀ ਸੀ।

ਉਹ ਪਿਛਲੇ ਪੈਰੀਂ ਫੇਰ ਹੇਠਾਂ ਉਤਰੀ ਤੇ ਅੰਗੀਠੀ ਦੀ ਕਾਰਨਸ ਤੋਂ ਚਾਬੀਆਂ ਦਾ ਗੁੱਛਾ ਲੈ ਕੇ ਵਿਚੋਂ ਚਾਬੀ ਲੱਭਣ ਲਗੀ।

ਕਨ੍ਹੱਈਆ ਜਾਗ ਚੁਕਾ ਸੀ ਤੇ ਗੋਡੇ ਉਚੀ ਕੀਤੀ ਦਰੀ ਤੇ ਝੁਕਿਆ ਸਿਰ ਦੀ ਟੋਟਰੀ ਨੂੰ ਖੁਰਕ ਰਿਹਾ ਸੀ।

ਗੁੱਛਾ ਖ਼ਾਸਾ ਭਾਰਾ ਸੀ। ਸਾਰੇ ਘਰ ਦੇ ਜੰਦਰਿਆਂ ਦੀਆਂ ਕੁੰਜੀਆਂ ਏਸੇ ਵਿਚ ਹੁੰਦੀਆਂ ਸਨ। ਜਿਉਂ ਜਿਉਂ ਚਾਬੀ ਲੱਭਣ ਵਿਚ ਦੇਰ ਹੁੰਦੀ ਜਾਂਦੀ, ਕੇਸਰ ਕੌਰ ਦਾ ਦਿਲ ਕਾਹਲਾ ਪਈ ਜਾਂਦਾ। ਉਧਰੋਂ ਕਨ੍ਹੱਈਏ ਨੇ ਇਕ ਵਾਰੀ ਤੋਂ ਬਾਅਦ ਦੂਜੀ ਵਾਰੀ ਪੁਛਿਆ — "ਬੀਬੀ ਜੀ, ਕੀ ਸਬਜ਼ੀ ਲਿਔਣੀ ਏ ਰਾਤ ਦੇ ਧਰਨ ਨੂੰ ? ਛੇਤੀ ਦਸੋ, ਕਰਫ਼ੂ ਖੁਲ੍ਹਣ ਵਾਲਾ ਏ।

"ਚੁਲ੍ਹੇ 'ਚ ਪਵੇ ਸਬਜ਼ੀ ਨਾਲੇ ਤੂੰ" ਉਸੇ ਤਰ੍ਹਾਂ ਛੱਲੇ ਵਿਚਲੀਆਂ ਚਾਬੀਆਂ ਨੂੰ ਘਬਰਾਏ ਹੱਥਾਂ ਨਾਲ ਉਥੱਲਦਿਆਂ ਉਹ ਕਨ੍ਹੱਈਏ ਨੂੰ ਖਿਝ ਕੇ ਪਈ। ਕਨ੍ਹੱਈਆ ਮੁੜ ਨਹੀਂ ਕੁਸਕਿਆ।

ਚਾਬੀ ਕਿਤੇ ਹੁੰਦੀ ਤਾਂ ਲਭਦੀ। ਛੇਕੜ ਗੁੱਛੇ ਨੂੰ ਪਟਕਦੀ ਹੋਈ ਉਹ ਹੇਠਾਂ ਉਤਰੀ। ਉਸ ਨੂੰ ਚੇਤਾ ਆ ਗਿਆ ਕਿ ਉਸ ਦੇ ਗੁਆਂਢੀ ਠੇਕੇਦਾਰ ਕਿਸ਼ਨ ਸਿੰਘ ਦੇ ਘਰ ਇਕ ਇਹੋ ਜਿਹਾ ਜੰਦਰਾ ਕਦੀ ਉਸ ਨੇ ਵਜਾ ਹੋਇਆ ਵੇਖਿਆ ਸੀ।

ਇਕ ਚਾਬੀ ਦੀ ਥਾਂ ਠੇਕੇਦਾਰਨੀ ਕਰਮ ਕੌਰ ਨੇ ਉਸ ਨੂੰ ਸਮੁੱਚਾ ਗੁੱਛਾ ਹੀ ਫੜਾ ਦਿਤਾ। ਉਹ ਦੋ ਘੜੀਆਂ ਬੈਠ ਜਾਣ ਲਈ ਕੇਸਰ ਕੌਰ ਨੂੰ ਬਥੇਰਾ ਕਹਿੰਦੀ ਰਹੀ, ਪਰ ਉਸ ਨੇ ਜਿਉਂ ਛੁਟ ਵਟੀ, ਬਰਸਾਤੀ ਵਿਚ ਪੁਜ ਕੇ ਹੀ ਸਾਹ ਲਿਆ। ਜੰਦਰਾ ਖੋਹਲਣ ਤੋਂ ਪਹਿਲਾਂ ਉਸ ਨੇ ਪੌੜੀਆਂ ਦੇ ਬੂਹੇ ਦੀ ਸੰਗਲੀ ਚੜ੍ਹਾ ਦਿਤੀ।

ਚਾਬੀ ਲਗ ਗਈ ਤੇ ਜੰਦਰਾ ਵੀ ਖੁਲ੍ਹ ਗਿਆ। ਫਿਰ ਅਲਮਾਰੀ ਦਾ ਢੱਕਣ ਖੋਲ੍ਹ ਕੇ ਉਸ ਨੇ ਧੜਕਦੇ ਦਿਲ ਤੇ ਕੰਬਦੇ ਹੱਥਾਂ ਨਾਲ ਉਸ ਵਿਚਲੀਆਂ ਚੀਜ਼ਾਂ ਫੋਲਣੀਆਂ ਸ਼ੁਰੂ ਕੀਤੀਆਂ, ਪਰ ਐਸੇ ਢੰਗ ਨਾਲ ਕਿ ਕੋਈ ਚੀਜ਼ ਵੀ ਆਪਣੇ ਥਾਂ ਤੋਂ ਏਧਰ ਉਧਰ ਨਾ ਹੋ ਜਾਵੇ।

ਸਭ ਤੋਂ ਉਪਰਲੇ ਖ਼ਾਨੇ ਵਿਚ ਕੁਝ ਕਿਤਾਬਾਂ, ਕਾਪੀਆਂ ਤੇ ਹੋਰ ਕੁਝ ਬੇਮਤਲਬ ਜਿਹਾ ਨਿਕੜ ਸੁਕੜ ਪਿਆ ਸੀ। ਜਿਸ ਨੂੰ ਸਾਧਾਰਨ ਨਜ਼ਰ ਨਾਲ ਤਕ ਕੇ ਉਸ ਨੇ ਛਡ ਦਿਤਾ। ਵਿਚਕਾਰਲਾ ਖ਼ਾਨਾ ਗਰਮ ਕਪੜਿਆਂ ਨਾਲ ਭਰਿਆ ਹੋਇਆ ਸੀ। ਜਿਸ ਦੀ ਫੋਲਾ ਫਾਲੀ ਨੂੰ ਬੇਲੋੜਾ ਸਮਝ ਕੇ ਉਸ ਨੇ ਦੋ ਚਾਰ ਵਾਰੀ ਏਧਰ ਉਧਰ ਹਥ ਮਾਰੇ। ਫਿਰ ਧੁਰ ਹੇਠਲੇ ਖ਼ਾਨੇ ਵਲ ਧਿਆਨ ਮੋੜਿਆ। ਇਸ ਵਿਚ ਸਭ ਤੋਂ ਪਹਿਲੀ ਚੀਜ਼ ਜਿਹੜੀ ਉਸ ਨੂੰ ਨਜ਼ਰੀ ਆਈ, ਇਹ ਓਹੀ ਥੈਲਾ ਸੀ, ਜਿਹੜਾ ਇਕ ਪਾਟੇ ਹੋਏ ਮੇਜ਼ ਪੋਸ਼ ਨਾਲ ਕਜਿਆ ਹੋਇਆ ਸੀ।

ਥੈਲਾ ਉਸੇ ਤਰ੍ਹਾਂ ਭਾਰਾ ਸੀ, ਜਿਹੋ ਜਿਹਾ ਉਸ ਪਹਿਲੀ ਵਾਰੀ ਤਕਿਆ ਸੀ।

ਅਲਮਾਰੀ 'ਚੋਂ ਕਢ ਕੇ ਉਸ ਨੇ ਥੈਲਾ ਫ਼ਰਸ਼ ਤੇ ਲਿਆ ਰਖਿਆ, ਤੇ ਇਕ ਵਾਰ ਫੇਰ ਬੂਹੇ ਤੀਕ ਆ ਕੇ ਪੌੜੀ ਦੀ ਖਿੜਕ ਲੈਣ ਤੋਂ ਬਾਅਦ ਉਹ ਉਸ ਵਿਚਲੀਆਂ ਚੀਜ਼ਾਂ ਨੂੰ ਬਾਹਰ ਕੱਢ ਕੱਢ ਕੇ ਵੇਖਣ ਲਗੀ। ਸਭ ਤੋਂ ਪਹਿਲਾਂ ਦੋ ਤਿੰਨ ਭਾਰੇ ਭਾਰੇ ਖ਼ਾਕੀ ਕਾਗ਼ਜ਼ਾਂ ਦੇ ਲਫ਼ਾਫ਼ੇ ਉਸ ਨੇ ਕਢੇ, ਜਿਨ੍ਹਾਂ ਦੇ ਮੂੰਹ ਮੋੜ ਕੇ ਉਪਰੋਂ ਕਚਾ ਸੇਬਾ ਲਪੇਟਿਆ ਹੋਇਆ ਸੀ। ਬੜੀ ਸੰਭਾਲ ਨਾਲ ਉਸ ਨੇ ਪਹਿਲਾਂ ਸੇਬਿਆਂ ਦੇ ਵਲਾਵੇਂ ਖੋਲ੍ਹੇ, ਫਿਰ ਲਫ਼ਾਫ਼ਿਆਂ ਦੇ ਮੂੰਹ।

ਪਹਿਲੇ ਲਫ਼ਾਫ਼ੇ ਵਿਚ ਲਾਲ ਜਿਹਾ ਤੇਜ਼ ਮੁਸ਼ਕ ਵਾਲਾ ਪਾਊਡਰ ਸੀ। ਦੂਜੇ ਵਿਚ ਉਸ ਤੋਂ ਕੋਈ ਚੌਗਣੇ ਵਜ਼ਨ ਦਾ ਚਿੱਟਾ ਪੀਠਾ ਹੋਇਆ ਪਦਾਰਥ। ਇਨ੍ਹਾਂ ਵਿਚੋਂ ਕੁਝ ਇਸ ਤਰ੍ਹਾਂ ਦੀ ਮੁਸ਼ਕ ਆ ਰਹੀ ਸੀ ਜਿਹੋ ਜਿਹੀ ਪੁਰਾਣੇ ਸਮੇਂ ਦੀਆਂ ਲਾਲ ਮਸਾਲੇ ਵਾਲੀਆਂ ਮਾਚਸਾਂ

ਦੀ ਹੁੰਦੀ ਸੀ। ਤੀਜੇ ਵਿਚ ਜਿਹੜਾ ਪਹਿਲੇ ਦੋਹਾਂ ਤੋਂ ਭਾਰਾ ਸੀ, ਕੱਚ ਦੇ ਮੋਟੇ ਮੋਟੇ ਦਰੜੇ ਹੋਏ ਟੁਕੜੇ ਤੇ ਚੌਥਾ, ਜਿਹੜਾ ਅਜੇ ਤੀਕ ਥੈਲੇ ਵਿਚ ਸੀ, ਕਢ ਕੇ ਉਸ ਖੋਲ੍ਹਿਆ। ਇਹ ਲਫ਼ਾਫ਼ਾ ਨਹੀਂ, ਸਗੋਂ ਨੀਲੇ ਜਿਹੇ ਰੁਮਾਲ ਵਿਚ ਬੰਨ੍ਹੀ ਹੋਈ ਇਕ ਗੰਢ ਸੀ — ਛੋਟੀ ਤੇ ਨਿਗਰ ਜਿਹੀ। ਖੋਲ੍ਹਣ ਤੋਂ ਬਾਅਦ ਜਿਉਂ ਹੀ ਕੇਸਰ ਕੌਰ ਦੀ ਨਜ਼ਰ ਉਸ ਉਤੇ ਪਈ, ਕਿ ਉਸ ਦੀਆਂ ਅੱਖਾਂ ਤੇ ਮੂੰਹ ਟਡੇ ਹੀ ਰਹਿ ਗਏ। ਉਸ ਦੇ ਹਥ ਸੁੰਨ ਹੋਣ ਲਗੇ। ਇਹ ਇਕ ਛੋਟਾ ਜਿਹਾ ਛਿਅ ਗੋਲੀਆਂ ਵਾਲਾ ਆਟੋਮੈਟਿਕ ਰੀਵਾਲਵਰ ਸੀ।

ਕਿੰਨਾ ਹੀ ਚਿਰ ਉਸ ਦੀਆਂ ਅੱਖਾਂ ਦੇ ਪਪੋਟੇ ਨਾ ਹਿਲ ਸਕੇ। ਉਸ ਦੀਆਂ ਲੱਤਾਂ ਵਿਚ ਸਾਹ ਸਤ ਨਹੀਂ ਸੀ। ਕਈ ਤਰ੍ਹਾਂ ਦੇ ਡਰਾਉਣੇ ਭਵਿਸ਼ ਉਸ ਦੇ ਸਾਮ੍ਹਣੇ ਖ਼ੂਨੀ ਸ਼ਕਲਾਂ ਬਣਾ ਬਣਾ ਕੇ ਆ ਜਾ ਰਹੇ ਸਨ।

"ਜਾਹ ਤੇਰਾ ਸਤਿਆਨਾਸ — ਇਹ ਕਾਰੇ !" ਉਚੀ ਸਾਰੀ ਉਸ ਦੇ ਮੂੰਹੋਂ ਨਿਕਲ ਗਿਆ ਤੇ ਜਿਸ ਚੀਜ਼ ਵਲ ਅਜੇ ਤੀਕ ਉਸ ਦੀ ਨਜ਼ਰ ਨਹੀਂ ਸੀ ਪਈ, ਉਹ ਵੇਖ ਕੇ ਤਾਂ ਜਿਵੇਂ ਉਸ ਦੇ ਹਵਾਸ ਹੀ ਉਡ ਗਏ। ਅਲਮਾਰੀ ਦੇ ਉਸੇ ਹੇਠਲੇ ਖ਼ਾਨੇ ਦੀ ਨੁੱਕਰ ਵਿਚ ਇਕ ਗੈਲਿਨ ਦਾ ਡੱਬਾ ਪਟਰੋਲ ਦਾ ਭਰਿਆ ਹੋਇਆ ਸੀ।

ਕੰਬਦੇ ਹੱਥਾਂ ਨਾਲ ਉਸ ਨੇ ਸਭ ਕੁਝ ਜਿਉਂ ਦਾ ਤਿਉਂ ਕਰ ਕੇ ਪਹਿਲੀ ਹਾਲਤ ਵਿਚ ਰਖ ਦਿਤਾ ਤੇ ਫਿਰ ਅਲਮਾਰੀ ਨੂੰ ਜੰਦਰਾ ਮਾਰ ਕੇ ਬਾਹਰ ਨਿਕਲੀ।

ਜਦ ਉਹ ਪੌੜੀਆਂ ਉਤਰਨ ਲਗੀ ਤਾਂ ਉਸ ਨੇ ਸਜੇ ਖਬੇ ਪਾਸੇ ਦੀਆਂ ਕੰਧਾਂ ਨਾਲ ਦੋਵੇਂ ਹਥ ਦਬਾਏ ਹੋਏ ਸਨ — ਉਸ ਨੂੰ ਡਿਗ ਪੈਣ ਦਾ ਖ਼ਤਰਾ ਭਾਸ ਰਿਹਾ ਸੀ।

ਜੋ ਕੁਝ ਕੇਸਰ ਕੌਰ ਨੇ ਉਸ ਅਲਮਾਰੀ ਵਿਚ ਤਕਿਆ, ਤੇ ਜਿਸ ਦੇ ਅਸਰ ਨੇ ਉਸ ਦੇ ਸਰੀਰ ਦਾ ਜੋੜ ਜੋੜ ਪਥਰਾ ਦਿਤਾ ਸੀ, ਇਹ ਉਸ ਲਈ ਐਸਾ ਸੰਤਾਪ ਸੀ, ਜਿਸ ਦਾ ਇਲਾਜ ਉਸ ਨੂੰ ਕੋਈ ਵੀ ਨਜ਼ਰੀਂ ਨਹੀਂ ਸੀ ਆਉਂਦਾ। ਪੁੱਤਰ ਦੇ ਸੁਭਾਅ ਤੋਂ ਉਹ ਅਨਜਾਣ ਨਹੀਂ ਸੀ। ਸਤਨਾਮ ਜਿਸ ਕੰਮ ਲਈ ਇਕ ਵਾਰੀ ਇਰਾਦਾ ਬਣਾ ਲਵੇ ਫਿਰ ਬ੍ਰਹਮਾ ਵਿਸ਼ਨੂੰ ਵੀ ਭਾਵੇਂ ਚਲ ਕੇ ਆ ਜਾਣ, ਉਸ ਦੇ ਰਸਤੇ ਵਿਚ ਰੋਕ ਨਹੀਂ ਪਾ ਸਕਦੇ। ਉਹ ਜਾਣਦੀ ਸੀ ਕਿ ਇਸ ਵੇਲੇ ਸਤਨਾਮ ਨੂੰ ਹੋੜਨਾ ਹਟਕਣਾ ਸਗੋਂ ਉਸ ਦੇ ਇਰਾਦਿਆਂ ਨੂੰ ਸ਼ਹਿ ਦੇਣਾ ਸਾਬਤ ਹੋਵੇਗਾ।

ਦਿਹਾੜ ਦਾ ਬਾਕੀ ਹਿਸਾ ਵੀ ਤੇ ਰਾਤ ਦੇ ਸਮੁਚੇ ਚਾਰੇ ਪਹਿਰ ਉਹ ਇਹਨਾਂ ਹੀ ਗ਼ਮਾਂ ਦੀਆਂ ਲਹਿਰਾਂ ਵਿਚ ਡੁਬਦੀ ਵਹਿੰਦੀ ਰਹੀ। "ਇਹੋ ਜਿਹਾ ਗੰਭੀਰ, ਤੇ ਸ਼ਾਂਤ ਸੁਭਾਉ ਦਾ ਮੁੰਡਾ — ਜਿਸ ਦਾ ਕਦੀ ਜੇ ਭੁਲਿਆਂ ਚੁਕਿਆਂ ਕੀੜੀ ਉਤੇ ਪੈਰ ਆ ਜਾਵੇ ਤਾਂ ਵੀ ਤ੍ਰਾਹਿ ਤ੍ਰਾਹਿ ਕਰ ਉਠਦਾ ਸੀ — ਕੀਕੁਣ ਇਕ ਦੰਮ ਉਸ ਵਿਚ ਇਹ ਤਬਦੀਲੀ ਆ ਗਈ ਕਿ ਮਨੁਖੀ ਲਹੂ ਵਿਚ ਹਥ ਰੰਗਣ ਲਈ ਉਹ ਇਸ ਹਦ ਤੀਕ ਜਾ ਪਹੁੰਚਿਆ ?" ਤੇ ਫਿਰ ਉਸ ਨੇ ਇਹ ਵੀ ਮਹਿਸੂਸ ਕੀਤਾ ਕਿ ਸਤਨਾਮ ਦੇ ਅੰਦਰ ਇਹ ਹਿੰਸਕ ਭਾਵ ਲਗ ਪਗ ਉਦੋਂ ਤੋਂ ਹੀ ਉਠਣੇ ਸ਼ੁਰੂ ਹੋਏ ਹਨ, ਜਦ ਤੋਂ ਉਹ ਦੋ ਵਤਨ ਛੋੜ ਇਸ ਘਰ ਵਿਚ ਲਿਆਂਦੇ ਗਏ ਹਨ।

ਪਰਭਾਤ ਵੇਲੇ ਜਦ ਦਰਬਾਰ ਸਾਹਿਬ ਦੇ ਤਿੰਨ ਪਹਿਰੇ ਦਾ ਘੜਿਆਲ ਵਜਿਆ, ਤਾਂ ਕੇਸਰ ਕੌਰ ਲੰਮੀ ਪਈ ਪਈ ਉਠ ਕੇ ਬੈਠ ਗਈ — ਦਿਲ ਨਾਲ ਇਕ ਫ਼ੈਸਲਾ ਕਰ ਕੇ। ਉਸ ਦੀਆਂ ਅੱਖਾਂ ਵਿਚ ਉਨੀਂਦੇ ਦਾ ਖ਼ੁਮਾਰ ਭਰਿਆ ਹੋਇਆ ਸੀ। ਉਸੇ ਤਰ੍ਹਾਂ ਅੱਖਾਂ ਮਲਦੀ ਹੋਈ ਉਹ ਮੰਜੇ ਤੋਂ ਉਠ ਕੇ ਉਸ ਪਾਸੇ ਤੁਰ ਪਈ, ਜਿਧਰ ਕ੍ਰਿਸ਼ਨਾ ਦਾ ਮੰਜਾ ਸੀ।

ਅਕਾਸ਼ ਵਿਚ ਡਲ੍ਹਕਦੇ ਚੰਦ੍ਰਮਾ ਦੀ ਅਧੀ ਤੋਂ ਬਹੁਤੀ ਟੁਕੜੀ ਨੂੰ ਇਕ ਭੂਰੇ ਰੰਗ ਦੇ

ਬੱਦਲ ਨੇ ਢਕਿਆ ਹੋਇਆ ਸੀ ਤੇ ਬਾਕੀ ਅਧੇ ਚਾਨਣੀ ਵਿਚੋਂ ਪਤਲੀ ਜਿਹੀ ਰਿਸ਼ਮ ਆ ਕੇ ਕ੍ਰਿਸ਼ਨਾ ਦਾ ਮੂੰਹ ਚੁੰਮ ਰਹੀ ਸੀ। ਉਹ ਉਤਾਣੇ ਮੂੰਹ ਸੁਤੀ ਹੋਈ ਸੀ, ਜਿਸ ਦਾ ਇਕ ਹੱਥ ਛਾਤੀ ਉਤੇ, ਦੂਜਾ ਪਾਸੇ ਨਾਲ ਸੁਤੀ ਹੋਈ ਮੁੰਨੀ ਦੇ ਸਿਰ ਤੇ ਸੀ। ਗੂਹੜੀ ਨੀਂਦ ਭਰੇ ਉਸ ਦੇ ਸੁਆਸਾਂ ਵਿਚੋਂ ਮੱਧਮ ਜਿਹੀ ਅਵਾਜ਼ ਪੈਦਾ ਹੋ ਰਹੀ ਸੀ, ਤੇ ਇਨ੍ਹਾਂ ਸੁਆਸਾਂ ਦੀ ਲੰਮੇਰੀ ਸਾਂ ਸਾਂ ਦੇ ਨਾਲ ਹੀ ਛਾਤੀ ਤੇ ਪਿਆ ਹੋਇਆ ਉਸ ਦਾ ਹਥ — ਜਿਸ ਦਾ ਗੋਰਾ ਰੰਗ ਚੰਦ੍ਰਮਾ ਦੀ ਚਾਨਣੀ ਨਾਲ ਚਮਕੀਲਾ ਮਲੂਮ ਹੁੰਦਾ ਸੀ — ਹੋਲੀ ਹੋਲੀ ਉਤਾਂਹ ਹਿਠਾਂਹ ਹੋਈ ਜਾਂਦਾ ਸੀ।

ਕੇਸਰ ਕੌਰ ਨੇ ਅਛੋਪਲੇ ਹੀ ਉਸ ਦਾ ਹਥ ਫੜ ਕੇ ਜ਼ਰਾ ਹਿਲਾਇਆ। ਅਵਾਜ਼ ਉਸ ਨੇ ਇਸ ਕਰ ਕੇ ਨਾ ਦਿਤੀ ਕਿ ਨਾਲ ਹੀ ਬਾਬਾ ਜੀ ਦਾ ਮੰਜਾ ਸੀ।

ਹਥ ਦੇ ਪਹਿਲੇ ਸਪੱਰਸ਼ ਨਾਲ ਜਦ ਕ੍ਰਿਸ਼ਨਾ ਦੀ ਨੀਂਦਰ ਵਿਚ ਕੋਈ ਫ਼ਰਕ ਨਾ ਪਿਆ ਤਾਂ ਉਸ ਨੇ ਜ਼ਰਾ ਹੋਰ ਚੰਗੀ ਤਰ੍ਹਾਂ ਹਲੂਣਿਆਂ, ਜਿਸ ਨਾਲ ਕ੍ਰਿਸ਼ਨਾ ਦੀਆਂ ਬੰਦ ਅੱਖਾਂ ਤੋਂ ਹੌਲੀ ਹੌਲੀ ਪਪੋਟੇ ਉਠਣੇ ਸ਼ੁਰੂ ਹੋਏ, ਪਰ ਝਟ ਹੀ ਫੇਰ ਬੰਦ ਹੋ ਗਏ। ਉਸ ਨੇ ਆਪਣਾ ਅਲਸਾਇਆ ਸਰੀਰ ਹਿਲਾਇਆ, ਤੇ ਪਾਸਾ ਪਰਤ ਕੇ ਉਧਰ ਹੋ ਗਈ ਜਿਸ ਪਾਸੇ ਮੁੰਨੀ ਸੀ, ਤੇ ਨੀਂਦਰ ਵਿਚ ਹੀ ਹਥ ਨੂੰ ਕੇਸਰ ਕੌਰ ਪਾਸੋਂ ਛੁੜਾ ਕੇ ਉਸ ਨੇ ਮੁੰਨੀ ਦੀ ਪਿਠ ਤੇ ਜਾ ਸੁਟਿਆ। ਦੂਜੀ ਬਾਂਹ ਕੁੰਡੀ ਕਰ ਕੇ ਉਸ ਦੇ ਸਰ੍ਹਾਣੇ ਵਾਂਗ ਮੁੰਨੀ ਦੇ ਸਿਰ ਹੇਠ ਦੇ ਲਈ। ਕੁਝ ਬਾਂਹ ਦੀ ਖਿਚ ਨਾਲ, ਤੇ ਕੁਝ ਆਪਣੇ ਆਪ ਹੀ ਸਰਕ ਕੇ ਬਾਂਦਰੀ ਦੇ ਬੱਚੇ ਵਾਂਗ ਮੁੰਨੀ ਉਸ ਦੀ ਹਿਕ ਨਾਲ ਜੁੜ ਗਈ। ਜਦ ਕੇਸਰ ਕੌਰ ਨੇ ਤੀਜੀ ਵਾਰੀ ਹੋਰ ਜ਼ੋਰ ਦੀ ਉਸ ਦਾ ਮੋਢਾ ਹਲੂਣਿਆਂ, ਤਾਂ ਇਕ ਭਰਵਾਂ ਤੇ ਲੰਮੇਰਾ ਸਾਹ ਲੈਂਦਿਆਂ ਕ੍ਰਿਸ਼ਨਾਂ ਨੇ ਪੂਰੀਆਂ ਅੱਖਾਂ ਖੋਲ੍ਹ ਦਿਤੀਆਂ।

"ਮਾਸੀ ਜੀ !" ਨੀਂਦਰ ਭਰੇ ਗਲੇ 'ਚੋਂ ਕ੍ਰਿਸ਼ਨਾ ਨੇ ਕਿਹਾ। (ਇਹ 'ਮਾਸੀ' ਸੰਬੋਧਨ ਕ੍ਰਿਸ਼ਨਾ ਨੇ ਕੇਸਰ ਕੌਰ ਦੇ ਮਜਬੂਰ ਕਰਨ ਤੇ ਹੀ ਉਸ ਲਈ ਵਰਤਣਾ ਸ਼ੁਰੂ ਕੀਤਾ ਸੀ) ਉੱਤਰ ਵਿਚ ਕੇਸਰ ਕੌਰ ਨੇ ਉਸ ਨੂੰ ਆਪਣੇ ਨਾਲ ਆਉਣ ਦਾ ਇਸ਼ਾਰਾ ਕੀਤਾ। ਕ੍ਰਿਸ਼ਨਾ ਨੇ ਸਹਿਜ ਨਾਲ ਮੁੰਨੀ ਦੇ ਸਿਰ ਹੇਠੋਂ ਬਾਂਹ ਸਰਕਾਈ ਤੇ ਉਠ ਕੇ ਬਿਨਾਂ ਬੋਲਿਆਂ ਚਾਲਿਆਂ ਉਸ ਦੇ ਮਗਰ ਟੁਰ ਪਈ।

19

"ਭਰਾ ਜੀ !"

ਸਤਨਾਮ ਜਦ ਸਵੇਰ ਦਾ ਨਾਸ਼ਤਾ ਕਰ ਚੁੱਕਣ ਤੋਂ ਬਾਅਦ ਹੇਠਾਂ ਉਤਰ ਕੇ ਡਿਓੜ੍ਹੀ ਵਿਚੋਂ ਲੰਘਣ ਲਗਾ ਤਾਂ ਇਹ ਅਵਾਜ਼ ਸੁਣ ਕੇ ਪਿਛਾਂਹ ਪਰਤਿਆ। ਕ੍ਰਿਸ਼ਨਾ ਉਸ ਦੇ ਪਿਛੇ ਖੜੀ ਸੀ।

"ਕਿਉਂ ਕ੍ਰਿਸ਼ਨਾ" ਉਸ ਨੇ ਕੋਲ ਆ ਕੇ ਉਸ ਨੂੰ ਪੁਛਿਆ ਤੇ ਸੋਚਣ ਲਗਾ — ਇਤਨੀ ਖੁਲ੍ਹਦਿਲੀ ਤੇ ਦਾਈਏ ਭਰੇ ਰੰਗ ਵਿਚ ਤਾਂ ਕ੍ਰਿਸ਼ਨਾ ਨੇ ਅਜ ਤੋਂ ਪਹਿਲਾਂ ਉਸ ਨੂੰ ਕਦੀ ਨਹੀਂ ਸੀ ਬੁਲਾਇਆ।

"ਕਿਤੇ ਜ਼ਰੂਰੀ ਕੰਮ ਚਲੇ ਓ ?" ਕ੍ਰਿਸ਼ਨਾ ਨੇ ਉਸੇ ਦਾਈਏ ਭਰੇ ਰੰਗ ਵਿਚ ਸਵਾਲ ਕੀਤਾ।

"ਨਹੀਂ, ਕੋਈ ਐਸਾ ਜ਼ਰੂਰੀ ਕੰਮ ਤੇ ਨਹੀਂ — ਕਿਉਂ ?"

"ਮੈਂ ਤੁਹਾਡੇ ਨਾਲ ਕੁਝ ਗੱਲਾਂ ਕਰਨੀਆਂ ਨੇ।"

ਸਤਨਾਮ ਅੰਦਰ ਚੌਕ ਵਿਚ ਦਾਖ਼ਲ ਹੁੰਦਾ ਹੋਇਆ ਬੋਲਿਆ — "ਮੇਰੇ ਨਾਲ ? ਕੀ ?"

ਪਿਛਲੇ ਕਮਰੇ ਵਿਚ ਬਾਬਾ ਜੀ ਚੱਦਰ ਦਾ ਘੁੰਡਰ-ਮਾਟਾ ਕੀਤੀ ਬੈਠੇ ਸਨ ਤੇ ਇਹ ਆਵਾਜ਼ ਆ ਰਹੀ ਸੀ —

"ਸਿਰੀ ਏਂਨਮੋ ਭਗਵਤੇ ਵਾਸਦੇਵਾ,
ਸਿਰੀ ਏਂਨਮੋ ਭਗਵਤੇ ਵਾਸਦੇਵਾ।"

"ਜ਼ਰਾ ਉਤੇ ਨਹੀਂ ਚਲੇ ਚਲਦੇ ਆਪਣੇ ਕਮਰੇ ਵਿਚ ? ਇਥੇ ਬਾਪੂ ਜੀ ਪਾਠ ਕਰ ਰਹੇ ਨੇ" ਕ੍ਰਿਸ਼ਨਾ ਨੇ ਉਸ ਨੂੰ ਰੋਕਦਿਆਂ ਕਿਹਾ।

"ਚਲ" ਕਹਿ ਕੇ ਸਤਨਾਮ ਪੌੜੀਆਂ ਵਲ ਮੁੜਿਆ ਤੇ ਉਸਦੇ ਮਗਰੇ ਕ੍ਰਿਸ਼ਨਾ ਵੀ। ਦੋਵੇਂ ਅੱਗੜ ਪਿੱਛੜ ਉਪਰਲੇ ਕਮਰੇ ਵਿਚ ਦਾਖ਼ਲ ਹੋਏ।

ਸਤਨਾਮ ਨੇ ਸ਼ਾਇਦ ਅਜ ਪਹਿਲੀ ਵੇਰਾਂ ਪੂਰੀ ਨਜ਼ਰ ਭਰ ਕੇ ਕ੍ਰਿਸ਼ਨਾ ਦੇ ਲੰਮੇ ਝੰਮੇ ਤੇ ਲਚਕਾਂ ਖਾਂਦੇ ਸਰੀਰ ਵਲ ਤਕਿਆ। ਇਸ ਵੇਲੇ ਕ੍ਰਿਸ਼ਨਾ ਨੇ ਓਹੀ ਕਲੀਆਂ ਦਾ ਸੂਟ ਪਹਿਨਿਆਂ ਹੋਇਆ ਸੀ, ਜਿਹੜਾ ਕੇਸਰ ਕੌਰ ਨੇ ਉਸ ਨੂੰ ਦਿਤਾ ਸੀ। ਸਿਰ ਤੇ ਉਸ ਨੇ ਪਿਆਜ਼ੀ ਰੰਗ ਦਾ ਦੁੱਪਟਾ ਲਿਆ ਹੋਇਆ ਸੀ, ਜਿਸ ਨੂੰ ਪਰਸੋਂ ਮੁੰਨੀ ਨੇ ਬਦੋਬਦੀ ਉਸ ਦੇ ਸਿਰ ਤੋਂ ਲਾਹ ਕੇ ਚੋਣਾਂ ਪਾ ਦਿਤੀਆਂ ਸਨ। ਚੋਣਾਂ ਦੇ ਸੁਕੇੜ ਕਾਰਨ ਕ੍ਰਿਸ਼ਨਾ ਦੀ ਲੰਮੀ ਗੁਤ ਦੁੱਪਟੇ ਚੋਂ ਬਾਹਰ ਨਿਕਲ ਕੇ ਉਸ ਦੀਆਂ ਖੁੱਚਾਂ ਤੀਕ ਲਮਕ ਰਹੀ ਸੀ। ਉਸ ਦੇ ਹੁਸੀਨ ਚਿਹਰੇ ਉਤੇ ਮਮਤਾ, ਪਿਆਰ ਤੇ ਕੁਝ ਕੁਝ ਤਾੜਨਾ ਦੇ ਮਿਸ਼੍ਰਤ ਜਿਹੇ ਭਾਵ ਸਨ। ਬਹੁਤ ਨਿੰਮ੍ਹੀ ਜਿਹੀ ਮੁਸਕਰਾਹਟ ਉਸ ਦੇ ਹੋਠਾਂ 'ਚੋਂ ਫੁਟ ਰਹੀ ਸੀ, ਜਿਸ ਵਿਚੋਂ ਕੁਝ ਰੋਹਬ ਤੇ ਵਿਰੋਧ ਦੀ ਝਲਕ ਵੀ ਲਭਦੀ ਸੀ।

ਅੰਦਰ ਜਾ ਕੇ ਸਤਨਾਮ ਪਲੰਘ ਦੇ ਇਕ ਪਾਸੇ ਹੋ ਕੇ ਬੈਠ ਗਿਆ ਤੇ ਕ੍ਰਿਸ਼ਨਾ ਨੂੰ ਵੀ ਉਸ ਨੇ ਬੈਠਣ ਦਾ ਇਸ਼ਾਰਾ ਕੀਤਾ। ਉਸ ਦਾ ਖਿਆਲ ਸੀ ਕਿ ਕ੍ਰਿਸ਼ਨਾ ਕੋਲ ਪਈ ਹੋਈ ਅਰਾਮ ਕੁਰਸੀ ਤੇ ਬੈਠੇਗੀ, ਪਰ ਕ੍ਰਿਸ਼ਨਾ ਉਸ ਦੇ ਕੋਲ ਹੀ ਪਲੰਘ ਤੇ ਬੈਠ ਗਈ।

ਕ੍ਰਿਸ਼ਨਾ ਭਾਵੇਂ ਸਤਨਾਮ ਨਾਲ ਖੁਲ੍ਹੀ ਤਰ੍ਹਾਂ ਬੋਲਦੀ ਵਰਤਦੀ ਹੈ, ਪਰ ਜਦ ਦੀ ਉਹ ਇਸ ਘਰ ਵਿਚ ਆਈ ਹੈ, ਏਨੀ ਬੇ-ਤਕੱਲਫ਼ੀ ਉਸ ਨੇ ਪਹਿਲਾਂ ਕਦੀ ਨਹੀਂ ਸੀ ਦਿਖਾਈ। ਸਤਨਾਮ ਨੇ ਥੋੜੇ ਜਿਹੇ ਦਿਨ ਹੀ ਉਸ ਨੂੰ ਗੁਰਮੁਖੀ ਦੀ ਸੰਥਾ ਦਿਤੀ ਸੀ, ਜਿਸ ਤੋਂ ਬਾਅਦ ਕ੍ਰਿਸ਼ਨਾ ਨੇ ਹੌਲੀ ਹੌਲੀ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿਤੀਆਂ ਸਨ, ਪਰ ਇਸ ਸਾਰੇ ਸਮੇਂ ਵਿਚ ਇਕ ਵਾਰੀ ਵੀ ਕ੍ਰਿਸ਼ਨਾ ਨੇ ਉਸ ਦੇ ਬਰਾਬਰ ਬੈਠਣ ਦਾ ਹੀਆ ਨਹੀਂ ਸੀ ਕੀਤਾ। ਇਕਵਾਰਗੀ ਉਸ ਦੀ ਨਿਸੰਗਤਾ ਨੇ ਸਤਨਾਮ ਨੂੰ ਜਿਵੇਂ ਚਕਰਾ ਦਿਤਾ।

ਸਤਨਾਮ ਨੂੰ ਸੰਕੋਚ ਜਿਹਾ ਜਾਪਿਆ ਤੇ ਉਹ ਬੇਮਲੂਮੇ ਢੰਗ ਨਾਲ ਸਰਕ ਕੇ ਜ਼ਰਾ ਕੁ ਪਰ੍ਹੇ ਹੋ ਗਿਆ।

ਦੋ ਮਿੰਟ ਕਮਰੇ ਵਿਚ ਚੁਪ ਛਾਈ ਰਹੀ। ਸ਼ਾਇਦ ਕ੍ਰਿਸ਼ਨਾ ਆਪਣੀ ਗਲ ਕਥ ਦਾ ਮੁਢ ਬੰਨ੍ਹਣ ਲਈ ਕੋਈ ਯੋਗ ਢੰਗ ਸੋਚ ਰਹੀ ਸੀ। ਉਧਰ ਸਤਨਾਮ ਦਾ ਦਿਲ ਬੜੀ ਕਾਹਲੀ ਨਾਲ ਉਡੀਕ ਰਿਹਾ ਸੀ ਕੁ ਸਭ ਤੋਂ ਪਹਿਲਾ ਸ਼ਬਦ ਕ੍ਰਿਸ਼ਨਾ ਦੇ ਮੂੰਹੋਂ ਕੀ ਨਿਕਲਦਾ ਹੈ। ਜਿਉਂ ਜਿਉਂ ਇਸ ਵਿਚ ਢਿਲ ਪੈ ਰਹੀ ਸੀ, ਉਸ ਦੇ ਦਿਲ ਦੀ ਖੁਤਖੁਤੀ ਵਧਦੀ ਜਾਂਦੀ ਸੀ। ਫਿਰ ਵੀ ਜਦ ਕ੍ਰਿਸ਼ਨਾ ਦੇ ਬੰਦ ਹੋਠਾਂ ਵਿਚ ਖੁਲ੍ਹਣ ਦਾ ਕੋਈ ਚਿੰਨ੍ਹ ਉਸ ਨੇ ਨਾ ਵੇਖਿਆ, ਤਾਂ ਉਸ ਨੂੰ ਆਪ ਹੀ ਪੁੱਛਣਾ ਪਿਆ — "ਕੀ ਕਹਿਣਾ ਸੀ ਕ੍ਰਿਸ਼ਨਾ ?"

ਕ੍ਰਿਸ਼ਨਾ ਨਹੀਂ ਬੋਲ ਸਕੀ — ਬੋਲਣ ਲਈ ਆਪਣਾ ਅੰਦਰ ਨਕੋ ਨਕ ਭਰਿਆ ਹੋਣ ਤੇ ਵੀ ਨਹੀਂ। ਸ਼ਾਇਦ ਕਿਸੇ ਮਨੋਵੇਗ ਨੇ ਉਸ ਦੇ ਰਾਹ ਵਿਚ ਰੋਕ ਪਾਈ ਹੋਈ ਸੀ। ਉਸ ਦੀਆਂ ਅੱਖਾਂ ਮੇਜ਼ਪੋਸ਼ ਦੀਆਂ ਬੂਟੀਆਂ ਉਤੇ ਗਡੀਆਂ ਹੋਈਆਂ ਸਨ।

ਮਾਮਲਾ ਕੋਈ ਬਹੁਤ ਸੰਗੀਨ ਜਾਪਦਾ ਹੈ, ਸਤਨਾਮ ਨੇ ਮਹਿਸੂਸ ਕੀਤਾ। ਉਸ ਫੇਰ ਅਵਾਜ਼ ਦਿਤੀ — "ਕ੍ਰਿਸ਼ਨਾ !"

ਕ੍ਰਿਸ਼ਨਾ ਤੱਕੀ ਉਸ ਵਲ, ਪਰ ਬੋਲੀ ਫਿਰ ਵੀ ਕੁਝ ਨਾ।

"ਬੋਲਦੀ ਕਿਉਂ ਨਹੀਂ ਕ੍ਰਿਸ਼ਨਾ" ਬੇਸਬਰ ਜਿਹੇ ਭਾਵ ਵਿਚ ਉਸ ਸਵਾਲ ਕੀਤਾ।

"ਭਰਾ ਜੀ" ਐਤਕੀਂ ਕ੍ਰਿਸ਼ਨਾ ਦੀ ਜ਼ਬਾਨ ਅਗੋਂ ਆਪਣੇ ਆਪ ਹੀ ਰੁਕਾਵਟ ਹਟ ਗਈ — "ਤੁਸੀਂ ਮੇਰੇ ਭਰਾ ਨਹੀਂ ?"

ਅਨੋਖਾ ਜਿਹਾ ਸੀ ਇਹ ਸਵਾਲ, ਪਰ ਇਸ ਦਾ ਜਵਾਬ ਕੋਈ ਔਖਾ ਨਹੀਂ ਸੀ। ਫਿਰ ਵੀ ਸਤਨਾਮ ਦੀ ਜ਼ਬਾਨ ਹਰਕਤ ਵਿਚ ਨਾ ਆ ਸਕੀ। ਉਸ ਦੀ ਇਸ ਚੁਪ ਨੇ ਕ੍ਰਿਸ਼ਨਾ ਨੂੰ ਬੇਚੈਨ ਕਰ ਦਿਤਾ। ਹੁਣ ਸ਼ਾਇਦ ਉਸ ਦੀ ਵਾਰੀ ਸੀ, ਮੇਜ਼ ਪੋਸ਼ ਦੀਆਂ ਬੂਟੀਆਂ ਵਲ ਨੀਝ ਲਾਉਣ ਦੀ।

"ਭਰਾ ਜੀ !" ਕ੍ਰਿਸ਼ਨਾ ਫਿਰ ਬੋਲੀ — "ਤੁਸਾਂ ਮੇਰੀ ਗਲ ਦਾ ਜਵਾਬ ਨਹੀਂ ਦਿਤਾ।"

"ਕੀ" ਤੇ ਸਤਨਾਮ ਨੇ ਮੇਜ਼ਪੋਸ਼ ਤੋਂ ਨਜ਼ਰ ਹਟਾ ਕੇ ਕ੍ਰਿਸ਼ਨਾ ਵਲ ਇਸ ਤਰ੍ਹਾਂ ਤਕਿਆ, ਜਿਵੇਂ ਇਸ ਤੋਂ ਪਹਿਲਾਂ ਉਸ ਨੇ ਕੁਝ ਸੁਣਿਆ ਹੀ ਨਾ ਹੋਵੇ।

"ਮੈਂ ਪੁਛਿਐ, ਤੁਸੀਂ ਮੇਰੇ ਭਰਾ ਨਹੀਂ ?"

"ਨਹੀਂ" ਸਤਨਾਮ ਨੇ ਆਖ ਕੇ ਫਿਰ ਸਿਰ ਨੀਵਾਂ ਪਾ ਲਿਆ।

"ਨਹੀਂ ?" ਕ੍ਰਿਸ਼ਨਾ ਦੇ ਦੋ ਅੱਖਰੇ ਪ੍ਰਸ਼ਨ ਵਿਚ ਕਈ ਤਰ੍ਹਾਂ ਦੀਆਂ ਸ਼ੰਕਾਵਾਂ ਦੀ ਮਿਲਾਵਟ ਸੀ।

"ਨਹੀਂ ਕ੍ਰਿਸ਼ਨਾ" ਸਤਨਾਮ ਦੇ ਉਤਰ ਵਿਚ ਦ੍ਰਿੜ੍ਹਤਾ ਦੇ ਭਾਵ ਸਨ।

"ਕਿਉਂ ?" ਕ੍ਰਿਸ਼ਨਾ ਦੀਆਂ ਅੱਖਾਂ ਵਿਚ ਅਚੰਭੇ ਭਰਿਆ ਸਵਾਲ ਚਮਕ ਰਿਹਾ ਸੀ।

"ਇਸ ਲਈ ਕਿ ਮੈਂ ਅਜੇ ਆਪਣੇ ਆਪ ਨੂੰ ਇਸ ਕਾਬਿਲ ਨਹੀਂ ਬਣਾ ਸਕਿਆ।"

"ਕ੍ਰਿਸ਼ਨਾ ਦਾ ਦਿਮਾਗ ਚਕਰਾ ਰਿਹਾ ਸੀ। ਉਸ ਨੇ ਫੇਰ ਓਸੇ ਪ੍ਰਸ਼ਨ ਸੂਚਕ ਨਜ਼ਰ ਨਾਲ ਉਸ ਵਲ ਤਕਿਆ — "ਕੀ ਕਿਹਾ ਜੇ ?"

"ਕ੍ਰਿਸ਼ਨਾ !" ਉਹ ਐਤਕਾਂ ਕੁਝ ਖੁਲ੍ਹ ਕੇ ਬੋਲਿਆ — "ਮੈਂ ਠੀਕ ਕਹਿ ਰਿਹਾ ਹਾਂ। ਅਜੇ ਮੈਂ ਆਪਣੇ ਆਪ ਨੂੰ ਇਸ ਕਾਬਿਲ ਨਹੀਂ ਸਮਝਦਾ ਕਿ ਤੇਰਾ ਭਰਾ ਕਹਾ ਸਕਾਂ।"

"ਇਸ ਵਿਚ ਕਾਬਲੀਅਤ ਨਾਕਾਬਲੀਅਤ ਦਾ ਕੀ ਸਵਾਲ ਹੋਇਆ ਭਲਾ ?"

"ਇਹ ਹਾਲੇ ਮੈਥੋਂ ਨਾ ਪੁਛ ਕ੍ਰਿਸ਼ਨਾ।"

"ਤੇ ਜੇ ਮੈਂ ਇਹੋ ਗਲ ਪੁਛਣ ਲਈ ਤੁਹਾਨੂੰ ਇਥੇ ਲਿਆਂਦਾ ਹੋਵੇ ?"

ਉੱਤਰ ਦੇਣ ਦੇ ਥਾਂ ਸਤਨਾਮ ਇਕ ਬਹੁਤ ਡੂੰਘਾ — ਬਹੁਤ ਲੰਮਾ ਸਾਹ ਭਰ ਕੇ ਚੁਪ ਹੋ ਗਿਆ।

"ਨਹੀਂ ਦਸੋਗੇ ?"

"ਨਹੀਂ ਕ੍ਰਿਸ਼ਨਾ, ਅਜੇ ਨਹੀਂ।"

ਨਿਰਾਸ਼ਾ ਦੇ ਟੋਏ ਵਿਚ ਜਾ ਡਿਗਾ ਕ੍ਰਿਸ਼ਨਾ ਦਾ ਦਿਲ। ਝਟ ਕੁ ਚੁਪ ਰਹਿ ਕੇ ਉਹ ਬੋਲੀ — "ਚੰਗਾ ਤੁਹਾਡੀ ਮਰਜ਼ੀ। ਮੇਰਾ ਜ਼ੋਰ ਥੋੜਾ ਏ ਕੋਈ ਤੁਹਾਡੇ ਉਤੇ।"

ਕ੍ਰਿਸ਼ਨਾ ਦਾ ਛੋਟਾ ਜਿਹਾ ਵਾਕ — ਇਹ ਤਾਹਨਾ ਸੀ, ਜਾਂ ਟੁੱਟਦੇ ਦਿਲ ਦੀ ਕੜਕਾਰ ? ਜੋ ਕੁਝ ਵੀ ਸੀ, ਇਕ ਵਾਰੀ ਇਸ ਨੇ ਸਤਨਾਮ ਦੀ ਦ੍ਰਿੜ੍ਹਤਾ ਦੇ ਪੈਰ ਉਖੇੜ ਦਿਤੇ। ਉਸ ਨੇ ਪੂਰੀਆਂ ਅੱਖਾਂ ਫੈਲਾ ਕੇ ਕ੍ਰਿਸ਼ਨਾਂ ਦੀਆਂ ਅੱਖਾਂ ਵਿਚ ਤਕਿਆ। ਤੇ ਉਸ ਦੇ ਪੈਰ ਉਖੜਨ ਵਿਚ ਜੇ ਕੋਈ ਕਸਰ ਬਾਕੀ ਸੀ ਤਾਂ ਉਹ ਪੂਰੀ ਕਰ ਦਿਤੀ ਕ੍ਰਿਸ਼ਨਾਂ ਦੀਆਂ ਅੱਖਾਂ ਵਿਚ ਛਲਕਦੇ ਪਾਣੀ ਨੇ, ਜਿਹੜਾ ਵੇਖਦਿਆਂ ਹੀ ਵੇਖਦਿਆਂ ਧਾਰੀਆਂ ਬਣ ਕੇ ਉਸ ਦੀਆਂ ਗਲ੍ਹਾਂ ਤੇ ਵਹਿ ਤੁਰਿਆ।

"ਕ੍ਰਿਸ਼ਨਾ !" ਸਤਨਾਮ ਦੀ ਜ਼ਬਾਨ ਜਿਵੇਂ ਉਸ ਦੇ ਚੀਰੀਦੇ ਦਿਲ ਨਾਲ ਇਕਸੁਰ ਹੋ ਕੇ

ਰਿਲਾਈ — "ਰਬ ਦੇ ਵਾਸਤੇ ਕ੍ਰਿਸ਼ਨਾ, ਇਹ ਨਾ ਕਰ। ਤੂੰ ਨਹੀਂ ਜਾਣਦੀ ਤੇਰੇ ਦੁੱਖਾਂ ਦਰਦਾਂ ਨੂੰ ਵੇਖ ਵੇਖ ਕੇ ਅਗੇ ਹੀ ਮੇਰੀ ਕੀ ਹਾਲਤ ਹੋ ਰਹੀ ਏ। ਕ੍ਰਿਸ਼ਨਾ ! ਮੇਰਾ ਦਿਲ ਪੱਥਰ ਦਾ ਨਹੀਂ।"

"ਪੱਥਰ ਦਾ ਨਹੀਂ ?" ਐਤਕੀ ਕ੍ਰਿਸ਼ਨਾ ਦੇ ਅੰਦਰੋਂ ਜਿਵੇਂ ਕੋਈ ਸੁਤੀ ਹੋਈ ਤਾਕਤ ਜਾਗ ਉਠੀ। ਜਿਸ ਦੇ ਅਸਰ ਨੇ ਉਸ ਦੀ ਜ਼ਬਾਨੋਂ ਉਹ ਕੁਝ ਕਢਾ ਦਿਤਾ, ਜਿਸ ਨੂੰ ਜ਼ਬਾਨ ਫੜ ਕੇ ਦਿਲ ਵਿਚ ਵੀ ਉਹ ਥਾਂ ਦੇਣੀ ਨਹੀਂ ਸੀ ਚਾਹੁੰਦੀ। ਉਹ ਪੂਰੀ ਹਿੰਮਤ ਤੇ ਦਲੇਰੀ ਵਿਚ ਬੋਲ ਉਠੀ — "ਤੁਸੀਂ ਝੂਠ ਕਹਿੰਦੇ ਓ ਭਰਾ ਜੀ। ਤੁਹਾਡਾ ਦਿਲ ਪੱਥਰ ਨਾਲੋਂ ਵੀ ਸਖ਼ਤ ਹੈ — ਫ਼ੌਲਾਦ ਦਾ।"

"ਆਹ ! ਕ੍ਰਿਸ਼ਨਾ" ਇਸ ਅਪਮਾਨ ਭਰੀ ਊਜ ਨੂੰ ਆਪਣੇ ਉਤੇ ਨਾ ਸਹਾਰ ਕੇ ਉਹ ਤਿਲਮਲਾਇਆ — "ਕਿਤਨਾ ਗਲਤ ਪੜ੍ਹਿਆ ਏ ਤੂੰ ਮੇਰੇ ਦਿਲ ਨੂੰ।"

"ਮੇਰਾ ਪੜ੍ਹਿਆ ਕਦੀ ਗਲਤ ਨਹੀਂ ਹੋ ਸਕਦਾ ਭਰਾ ਜੀ, ਇਕ ਵਾਰੀ ਛਡ ਕੇ ਹਜ਼ਾਰ ਵਾਰੀ ਕਹਿੰਦੀ ਹਾਂ ਕਿ ਤੁਹਾਡਾ ਦਿਲ... ..."

"ਬਸ ਕਰ ਕ੍ਰਿਸ਼ਨਾ" ਉਹ ਕ੍ਰਿਸ਼ਨਾ ਦੀ ਗਲ ਟੋਕ ਕੇ ਬੋਲਿਆ — "ਮੈਨੂੰ ਤੇਰੇ ਕੋਲੋਂ ਇਹ ਉਮੈਦ ਨਹੀਂ ਸੀ। ਤੂੰ ਮੇਰੇ ਉਤੇ ਬਹੁਤ ਵਡੀ ਊਜ ਲਾਈ ਏ ਕ੍ਰਿਸ਼ਨਾ।"

"ਗੁਸੇ ਵਿਚ ਨਾ ਆਓ ਭਰਾ ਜੀ" ਬਿਨਾਂ ਉਸ ਦੇ ਕਹੇ ਹੋਏ ਵਾਕਾਂ ਦਾ ਅਸਰ ਕਬੂਲਣ ਤੋਂ ਕ੍ਰਿਸ਼ਨਾ ਬੋਲੀ — "ਜੇ ਮੈਂ ਇਸ ਦਾ ਸਬੂਤ ਦੇ ਸਕਾਂ, ਫਿਰ ਮੰਨੋਗੇ ?"

"ਸਬੂਤ ?" ਸਤਨਾਮ ਦੀ ਹੈਰਾਨੀ ਇਹ ਸ਼ਬਦ ਬਣ ਕੇ ਉਸ ਦੇ ਮੂੰਹੋਂ ਨਿਕਲੀ — "ਤੂੰ ਸਬੂਤ ਦੇ ਸਕਨੀ ਏਂ ਕ੍ਰਿਸ਼ਨਾ ਕਿ ਮੇਰਾ ਦਿਲ ਫ਼ੌਲਾਦ... ..."

"ਹਾਂ" ਗਲ ਟੋਕ ਕੇ ਉਹ ਬੋਲੀ — "ਹੁਣੇ ਹੀ-ਇਸੇ ਵੇਲੇ।"

"ਤਾਂ ਜਲਦੀ ਕਰ ਕ੍ਰਿਸ਼ਨਾ" ਆਪਣੇ ਦਿਲ ਉਤੇ ਲੱਦੇ ਜਾ ਚੁਕੇ ਇਸ ਦੋਸ਼ ਦੇ ਬੋਝ ਨੂੰ ਹੌਲਿਆਂ ਕਰਨ ਦੇ ਖਿਆਲ ਨਾਲ ਸਤਨਾਮ ਨੇ ਤਰਲਾ ਕੀਤਾ।

"ਓਧਰ ਤਕੋ ਜ਼ਰਾ" ਕਹਿੰਦਿਆਂ ਕ੍ਰਿਸ਼ਨਾ ਨੇ ਆਪਣੇ ਸਜੇ ਹਥ ਦੀ ਪਹਿਲੀ ਉਂਗਲ ਉਸ ਬੰਦ ਅਲਮਾਰੀ ਵਲ ਉਠਾਈ, ਜਿਸ ਨੂੰ ਪਿੱਤਲ ਦਾ ਜੰਦਰਾ ਵਜਾ ਹੋਇਆ ਸੀ।

ਛਤ ਆ ਪਈ ਜਿਵੇਂ ਸਤਨਾਮ ਦੇ ਸਿਰ ਤੇ। ਕਮਰਾ ਉਸ ਦੀਆਂ ਅੱਖਾਂ ਦੁਆਲੇ ਭੌਣ ਲਗ ਪਿਆ। ਇਕ ਵਾਰੀ ਅਲਮਾਰੀ ਵਲ ਤੱਕਣ ਤੋਂ ਬਾਅਦ ਝੁਕਦੀਆਂ ਝੁਕਦੀਆਂ ਅਖਾਂ ਉਸ ਦੇ ਪੈਰਾਂ ਤੇ ਜਾ ਟਿਕੀਆਂ। ਜ਼ਬਾਨ ਉਸ ਦੀ ਅੰਦਰ ਵਲ ਖਿਚੀ ਜਾਣ ਲਗੀ। ਸੰਨਾਟਾ ਜਿਹਾ ਛਾ ਗਿਆ ਕਮਰੇ ਵਿਚ। ਕਹਿਣ ਸੁਣਨ ਲਈ ਜਿਵੇਂ ਉਸ ਪਾਸ ਕੁਝ ਵੀ ਬਾਕੀ ਨਹੀਂ ਸੀ ਰਹਿ ਗਿਆ — ਸਭ ਕੁਝ ਜਿਵੇਂ ਉਸ ਦੇ ਅੰਦਰੋਂ ਨਿਕਲ ਕੇ ਅਲਮਾਰੀ ਦੀਆਂ ਬੰਦ ਤਾਕੀਆ ਪਿਛੇ ਜਾ ਇਕੱਠਾ ਹੋਇਆ।

"ਕਿਉਂ ਭਰਾ ਜੀ" ਕ੍ਰਿਸ਼ਨਾ ਨੇ ਹੱਥ ਦੀਆਂ ਦੋ ਉਂਗਲਾਂ ਨਾਲ ਉਸ ਦਾ ਮੋਢਾ ਹਲੂਣਦਿਆਂ ਕਿਹਾ — "ਚੁਪ ਕਿਉਂ ਹੋ ਗਏ ?" ਤੇ ਉਸ ਦੀ ਤਰਸ ਜੋਗ ਹਾਲਤ ਕ੍ਰਿਸ਼ਨਾ ਲਈ ਸਹਾਰਨੀ ਔਖੀ ਹੋ ਗਈ।

ਜਵਾਬ ਵਿਚ ਸਤਨਾਮ ਕੁਝ ਨਹੀਂ ਬੋਲ ਸਕਿਆ।

ਕ੍ਰਿਸ਼ਨਾ ਨੇ ਉਸ ਦੇ ਹੱਥ ਦਾ ਪੰਜਾ — ਜਿਹੜਾ ਉਸ ਦੇ ਗੋਡੇ ਉਤੇ ਬੇਹੋਸ਼ ਪਿਆ ਸੀ — ਫੜ ਕੇ ਝੰਜੋੜਦਿਆਂ ਉਸ ਨੂੰ ਕਿਹਾ — "ਤਕੋ ਮੇਰੇ ਵਲ।"

ਸਤਨਾਮ ਤਕਿਆ, ਪਰ ਬੋਲਿਆ ਫੇਰ ਵੀ ਕੁਝ ਨਾ। ਕੇਵਲ ਇਕ ਵਾਰੀ ਪੂਰੀ ਨਜ਼ਰ ਨਾਲ ਉਸ ਵਲ ਤਕ ਕੇ ਫੇਰ ਊਂਧੀ ਪਾ ਬੈਠਾ।

"ਮੈਂ ਸਚ ਕਿਹਾ ਹੈ ਕਿ ਝੂਠ ?" ਕ੍ਰਿਸ਼ਨਾ ਨੇ ਉਸ ਦੇ ਗੋਡੇ ਨੂੰ ਥਪਕਦਿਆਂ ਪੁਛਿਆ। ਕ੍ਰਿਸ਼ਨਾ ਦੀਆਂ ਅੱਖਾਂ ਵਿਚ ਉਸਤਾਦ ਵਰਗੇ ਭਾਵ ਸਨ।

"ਪਰ... ...ਪਰ ਕ੍ਰਿਸ਼ਨਾ" ਉਹ ਰੁਕ ਰੁਕ ਕੇ — ਜਿਵੇਂ ਗਲੇ ਵਿਚ ਕੁਝ ਫਸ ਗਿਆ ਹੋਵੇ, ਬੋਲਿਆ — "ਤੈਨੂੰ ਇਸ ਦਾ ਪਤਾ ਕੀਕਣ ਲਗਾ ?"

"ਕਿਸੇ ਤਰ੍ਹਾਂ ਵੀ ਲਗਾ" ਜਿਵੇਂ ਕਿਸੇ ਅੰਞਾਣੇ ਬੱਚੇ ਨੂੰ ਉਸ ਦੀ ਮਾਂ ਤਾੜਦੀ ਹੈ — ਤਾੜਨਾ ਭਰੇ ਰੰਗ ਵਿਚ ਉਹ ਬੋਲੀ — "ਪਹਿਲਾਂ ਤੁਸੀਂ ਇਹ ਦਸੋ ਕਿ ਮੇਰਾ ਕਹਿਣਾ ਝੂਠ ਸੀ ਜਿਹੜਾ ਕਹਿੰਦੀ ਸਾਂ ਕਿ ਤੁਹਾਡਾ ਦਿਲ... ..."

"ਪਈ ਕ੍ਰਿਸ਼ਨਾ" ਗਲ ਟੋਕ ਕੇ ਉਹ ਬੋਲਿਆ, "ਸ਼ਾਇਦ ਤੂੰ ਨਹੀਂ ਜਾਣਦੀ ਕਿ ਇਹ ਸਭ ਕੁਝ ਕਿਉਂ ਕੀਤਾ ਜਾ ਰਿਹਾ ਏ।"

"ਮੈਂ ਜਾਣਨੀ ਆਂ ਭਰਾ ਜੀ — ਸਭ ਕੁਝ ਜਾਣਨੀ ਆਂ ਕਿ ਇਹ ਤੁਸੀਂ ਭਰਾਪੁਣੇ ਦੇ ਫ਼ਰਜ਼ ਨੂੰ ਪੂਰਾ ਕਰਨ, ਤੇ ਜਾਂ ਮਜ਼ਹਬੀ ਫਰਜ਼ਾਂ ਨੂੰ ਪੂਰਿਆਂ ਕਰਨ ਲਈ ਕਰ ਰਹੇ ਹੋ। ਤਾਂਹੀਏਂ ਤੁਸਾਂ ਹੁਣੇ ਕਿਹਾ ਸੀ ਨਾ ਕਿ ਅਜੇ ਤੁਸੀਂ ਮੇਰੇ ਭਰਾ ਬਣਨ ਦੇ ਕਾਬਿਲ ਨਹੀਂ ਬਣੇ — ਕਿਉਂ ?"

ਕ੍ਰਿਸ਼ਨਾ ਚੁਪ ਕੀਤੀ ਸੁਣ ਰਹੀ ਰਹੀ ਸੀ ਤੇ ਸਤਨਾਮ ਬੋਲ ਰਿਹਾ ਸੀ — "ਸਚ ਕਹਿੰਦਾ ਹਾਂ ਕ੍ਰਿਸ਼ਨਾ। ਦੁਖ ਤਾਂ ਮੇਰੇ ਦਿਲ ਨੂੰ ਪਹਿਲਾਂ ਵੀ ਘਟ ਨਹੀਂ ਸੀ ਹੁੰਦਾ, ਮੁਸਲਮਾਨਾਂ ਵਲੋਂ ਹੋ ਰਿਹਾ ਖ਼ੂਨ ਖ਼ਰਾਬਾ ਵੇਖ ਵੇਖ ਕੇ, ਪਰ ਤੇਰੀ ਹਾਲਤ ਸੁਣ ਕੇ ਤਾਂ ਮੈਂ ਪਾਗਲ ਹੋ ਉਠਿਆ, ਮੇਰਾ ਆਪਣੇ ਆਪ ਤੋਂ ਕਾਬੂ ਜਾਂਦਾ ਰਿਹਾ। ਮੈਂ ਦਿਲ ਨਾਲ ਫ਼ੈਸਲਾ ਕਰ ਲਿਆ ਕਿ ਜਦ ਤੀਕ ਤੇਰੇ ਦੋਹਾਂ ਭਰਾਵਾਂ, ਤੇ ਤੇਰੀ ਭਰਜਾਈ ਦਾ ਬਦਲਾ ਨਹੀਂ ਲੈ ਲਵਾਂਗਾ, ਚੈਨ ਨਾਲ ਬੈਠਣਾ ਮੇਰੇ ਲਈ ਹਰਾਮ ਹੈ।"

"ਪਰ ਭਰਾ ਜੀ" ਬੜੀ ਸੰਜੀਦਗੀ ਨਾਲ ਕ੍ਰਿਸ਼ਨਾ ਬੋਲੀ — "ਤੁਸਾਂ ਇਹ ਨਾ ਸੋਚਿਆ ਕਿ ਉਹ ਖ਼ੂਨੀ ਤੁਹਾਨੂੰ ਕਿਥੋਂ ਲੱਭਣਗੇ, ਜਿਨ੍ਹਾਂ ਨੂੰ ਨਾ ਮੈਂ ਪਹਿਚਾਣਦੀ ਹਾਂ, ਨਾ ਬਾਪੂ ਹੋਰੀਂ, ਤੇ ਨਾ ਹੀ ਤੁਸੀਂ।

"ਖ਼ੂਨੀ ਕੋਈ ਵੀ ਸੀ।" ਸਤਨਾਮ ਜੋਸ਼ ਵਿਚ ਬੋਲਿਆ — "ਮੈਨੂੰ ਇਸ ਦੇ ਜਾਣਨ ਦੀ ਲੋੜ ਨਹੀਂ ਕ੍ਰਿਸ਼ਨਾ। ਮੈਂ ਤਾਂ ਖ਼ੂਨ ਦੇ ਬਦਲੇ ਓਨਾ ਹੀ — ਸਗੋਂ ਉਸ ਤੋਂ ਵੀ ਜ਼ਿਆਦਾ ਖ਼ੂਨ ਡੋਲ੍ਹਣਾ ਚਾਹੁੰਦਾ ਹਾਂ। ਮੈਂ ਤੇਰੇ ਕਾਤਲਾਂ ਦੇ ਬਦਲੇ ਜਦ ਤੀਕ ਉਨ੍ਹਾਂ ਤੋਂ ਦੂਣਿਆਂ ਦੀ ਜਾਨ ਨਹੀਂ ਲੈ ਲੈਂਦਾ, ਤਦ ਤੀਕ ਮੇਰੇ ਦਿਲ ਦੀ ਅਗ ਨਹੀਂ ਬੁਝੇਗੀ।"

"ਤੇ ਭਾਵੇਂ ਉਹ ਸਾਰੇ ਹੀ ਵਿਚਾਰੇ ਬੇਕਸੂਰ ਹੋਣ, ਜਿਨ੍ਹਾਂ ਦੀ ਤੁਸੀਂ ਜਾਨ ਲਓਗੇ।"

"ਕਸੂਰ ਬੇਕਸੂਰ ਦਾ ਸਵਾਲ ਇਥੇ ਨਹੀਂ ਪੈਦਾ ਹੁੰਦਾ ਕ੍ਰਿਸ਼ਨਾ। ਭਲਾ ਤੂੰ ਹੀ ਦਸ, ਤੇਰੇ ਘਰ ਦੇ ਜਿਹੜੇ ਜੀਅ ਮੌਤ ਦੇ ਘਾਟ ਉਤਾਰੇ ਗਏ, ਉਹ ਕਿੰਨੇ ਕੁ ਕਸੂਰਵਾਰ ਸਨ ?

"ਪਰ ਭਰਾ ਜੀ" ਕ੍ਰਿਸ਼ਨਾ ਦੀ ਜ਼ਬਾਨ ਤੇ ਅੱਖਾਂ ਮਨੁਖੀ ਦਰਦ ਨਾਲ ਭਰਪੂਰ ਸਨ — "ਤੁਸੀਂ ਕੀ ਖ਼ਿਆਲ ਕਰਦੇ ਹੋ, ਇਸ ਤਰ੍ਹਾਂ ਲਹੂ ਨਾਲ ਲਹੂ ਧੋਤਾ ਜਾਏਗਾ ? ਮੰਨ ਲਿਆ ਕਿ ਚਾਰ ਦੇ ਬਦਲੇ ਤੁਸੀਂ ਅਠਾਂ ਨੂੰ ਮਾਰੋਗੇ, ਤਾਂ ਕੀ ਇਹ ਸਿਲਸਿਲਾ ਖ਼ਤਮ ਹੋ ਜਾਵੇਗਾ ? ਦੂਜੇ ਪਾਸੇ ਵੀ ਤਾਂ ਤੁਹਾਡੇ ਵਰਗੇ ਜੋਸ਼ੀਲੇ ਬਥੇਰੇ ਪਏ ਨੇ। ਉਹ ਅਠਾਂ ਦੇ ਬਦਲੇ ਸੋਲਾਂ ਜਾਨਾਂ ਲੈਣਗੇ, ਤੇ ਫਿਰ ਤੁਹਾਡਾ ਕੋਈ ਹੋਰ ਸਾਥੀ ਸੋਲਾਂ ਦੇ ਬਦਲੇ ਬਤੀ। ਇਹ ਸਿਲਸਿਲਾ ਕਿਥੇ ਕੁ ਜਾ ਕੇ ਖ਼ਤਮ ਹੋਵੇਗਾ ? ਇਸ ਗਲ ਨੂੰ ਕਦੀ ਸੋਚਿਆ ਜੇ ?"

ਝਟ ਪਟ ਉਹ ਇਸ ਤਰਕ ਦਾ ਜਵਾਬ ਨਾ ਦੇ ਸਕਿਆ, ਪਰ ਉਸ ਦੇ ਬਣਾਏ ਹੋਏ ਫ਼ੈਸਲੇ ਵਿਚ ਕ੍ਰਿਸ਼ਨਾ ਦੀਆਂ ਉਕਤੀਆਂ ਰਵਾਲ ਜਿੰਨਾ ਵੀ ਫ਼ਰਕ ਨਾ ਪਾ ਸਕੀਆਂ। ਦਲੀਲ ਦੇ ਮੈਦਾਨ ਵਿਚ ਆਪਣੀ ਹਾਰ ਨੂੰ ਅਨੁਭਵ ਕਰਦਾ ਹੋਇਆ ਵੀ ਉਹ ਆਪਣੀ ਭੁਲ ਦਾ ਇਕਬਾਲ ਕਰਨ

ਨੂੰ ਤਿਆਰ ਨਹੀਂ ਸੀ। ਬਜਾਇ ਇਸ ਦੇ ਕਿ ਉਸ ਦੇ ਅੰਦਰ ਕੁਝ ਮੁਲਾਇਮੀ ਦਾ ਸੰਚਾਰ ਹੁੰਦਾ, ਉਸ ਦੇ ਫ਼ੈਸਲੇ ਦੀਆਂ ਤਣਾਵਾਂ ਹੋਰ ਕੱਸੀਆਂ ਗਈਆਂ।

ਹਾਰੇ ਹੋਏ ਆਦਮੀ ਪਾਸ ਕੇਵਲ ਖਿਝ ਦਾ ਹੀ ਹਥਿਆਰ ਬਾਕੀ ਰਹਿ ਜਾਂਦਾ ਹੈ। ਇਸ ਹਥਿਆਰ ਦੀ ਵਰਤੋਂ ਕਰਦਾ ਹੋਇਆ ਉਹ ਬੋਲਿਆ — "ਖ਼ੈਰ ਛਡੋ ਇਸ ਨਿਕੰਮੀ ਬਹਿਸ ਵਿਚ ਕੀ ਧਰਿਆ ਹੈ। ਮੈਂ ਜ਼ਰਾ ਇਕ ਜ਼ਰੂਰੀ ਕੰਮ ਜਾਣਾ ਸੀ।"

ਕ੍ਰਿਸ਼ਨਾ ਦੇ ਦਿਲ ਨੂੰ ਜਿਵੇਂ ਕਿਸੇ ਨੇ ਬਰਛੀ ਨਾਲ ਵਿੰਨ੍ਹ ਦਿਤਾ। ਸਤਨਾਮ ਲਈ ਉਸ ਦੇ ਮਨ ਦਾ ਸਾਰਾ ਝੁਕਾਉ, ਸਾਰੀ ਸ਼ਰਧਾ, ਸਾਰਾ ਪਿਆਰ ਤੇ ਸਾਰਾ ਸਤਿਕਾਰ ਇਕ ਦੰਮ ਨਫ਼ਰਤ — ਸਖ਼ਤ ਨਫ਼ਰਤ ਦੇ ਰੂਪ ਵਿਚ ਬਦਲਣ ਲਗਾ। ਉਸ ਦੀਆਂ ਅੱਖਾਂ ਵਿਚ ਇਸ ਵੇਲੇ ਆਸ਼ਾ ਦਮ ਤੋੜ ਰਹੀ, ਤੇ ਨਿਰਾਸ਼ਾ ਦੀ ਧੁੰਦ ਫੈਲੀ ਹੋਈ ਸੀ। ਕੇਵਲ ਇਤਨਾ ਹੀ ਆਖ ਕੇ ਉਸ ਨੇ ਸਿਰ ਝੁਕਾ ਲਿਆ — "ਤਾਂ ਤੁਹਾਡੇ ਉਹ ਇਤਿਹਾਦ ਦੇ ਸਭ ਦਾਈਏ, ਰੇਤ ਦੀਆਂ ਕੰਧਾਂ ਹੀ ਸਨ ?"

ਕ੍ਰਿਸ਼ਨਾ ਦਾ ਖ਼ਿਆਲ ਨਹੀਂ ਸੀ ਕਿ ਸਤਨਾਮ ਗੱਲਾਂ ਦੇ ਇਸ ਸਿਲਸਿਲੇ ਨੂੰ ਆਪਣੀ ਬੇਦਰਦ ਖ਼ਾਮੋਸ਼ੀ ਦੇ ਝਟਕੇ ਨਾਲ ਤੋੜ ਕੇ ਉਠ ਤੁਰੇਗਾ। ਤੇ ਜਦ ਸਤਨਾਮ ਰਵਾਂ ਰਵੀਂ ਉਠ ਕੇ ਕਮਰੇ ਚੋਂ ਨਿਕਲ ਹੀ ਤੁਰਿਆ ਤਾਂ ਉਸ ਨੂੰ ਰੋਕਣ ਲਈ ਕ੍ਰਿਸ਼ਨਾ ਵੀ ਹੰਭਲਾ ਮਾਰ ਕੇ ਉਠੀ। ਪਰ ਕਦਮ ਚੁੱਕਣ ਤੋਂ ਪਹਿਲਾਂ ਹੀ ਰੁਕ ਗਈ।

ਉਧਰ ਸਤਨਾਮ ਤੋਂ ਜਿੰਨੀ ਛੇਤੀ ਸੰਭਵ ਹੋ ਸਕਿਆ, ਲੰਮੇ ਲੰਮੇ ਕਦਮ ਚੁਕਦਾ ਹੋਇਆ ਪੌੜੀਆਂ ਪਾਸ ਅਪੜਿਆ ਤੇ ਫਿਰ ਇਕ ਇਕ ਕਦਮ ਨਾਲ ਦੋ ਦੋ ਪੌੜੀਆਂ ਉਤਰਦਾ ਹੋਇਆ ਹੇਠਾਂ ਜਾ ਪੁਜਾ।

ਕਮਰੇ ਦੀ ਦਹਿਲੀਜ਼ ਵਿਚ ਖੜੋਤੀ ਕ੍ਰਿਸ਼ਨਾ ਤੱਕਦੀ ਹੀ ਰਹਿ ਗਈ।

20

ਆਪਣੇ ਸੋਚੇ ਹੋਏ ਕਿਸੇ ਫ਼ੈਸਲੇ ਅਨੁਸਾਰ ਸਤਨਾਮ ਘਰੋਂ ਨਿਕਲ ਕੇ ਲੂਣ ਮੰਡੀ ਆਪਣੇ ਕਿਸੇ ਦੋਸਤ ਦੇ ਘਰ ਵਲ ਹੋ ਟੁਰਿਆ। ਟੁਰੇ ਜਾਂਦਿਆਂ ਉਸ ਨੇ ਅਨੁਭਵ ਕੀਤਾ ਜਿਵੇਂ ਉਸ ਦੀ ਛਾਤੀ ਵਿਚਲੀ ਸਾਰੀ ਮਸ਼ੀਨਰੀ ਦੇ ਪੁਰਜ਼ੇ ਆਪੋ ਆਪਣੇ ਥਾਂ ਤੋਂ ਉੱਖੜ ਕੇ ਇਕ ਦੂਜੇ ਵਿਚ ਪਲਚ ਗਏ ਹੋਣ, ਹਨ੍ਹੇਰੀ ਆਉਣ ਨਾਲ ਜਿਸ ਤਰ੍ਹਾਂ ਕਿਸੇ ਮਕਾਨ ਦੇ ਬੂਹੇ ਖਿੜਕੀਆਂ ਠਕ ਠਕ ਵਜਣ ਲਗ ਪੈਂਦੇ ਹਨ, ਕੁਝ ਇਸੇ ਤਰ੍ਹਾਂ ਦੇ ਝੂਟੇ, ਤੇ ਇਹੋ ਜਿਹਾ ਹੀ ਉਨ੍ਹਾਂ ਦਾ ਪ੍ਰਤੀਕਰਮ ਆਪਣੇ ਅੰਦਰ ਉਸ ਨੂੰ ਜਾਪਦਾ ਸੀ। ਅਕਾਰਨ ਹੀ ਅਜ ਕਿਉਂ ਉਸ ਦੀਆਂ ਲਤਾਂ ਲੜਖੜਾ ਰਹੀਆਂ ਹਨ ।? ਕਿਉਂ ਅਜ ਉਹ ਆਪਣੇ ਆਪ ਨੂੰ 'ਟੁਰਦਾ' ਨਹੀਂ, ਸਗੋਂ 'ਰੀਂਗਦਾ' ਮਹਿਸੂਸ ਕਰ ਰਿਹਾ ਹੈ ? ਉਸ ਨੂੰ ਸਮਝ ਨਹੀਂ ਸੀ ਆ ਰਹੀ। ਉਸ ਦੇ ਕੰਨਾਂ ਵਿਚ ਬਰਾਬਰ ਗੂੰਜ ਰਿਹਾ ਸੀ "ਤਾਂ ਤੁਹਾਡੇ ਓਹ 'ਇਤਿਹਾਦ' ਦੇ ਦਾਈਏ ਰੇਤ ਦੀਆਂ ਕੰਧਾਂ ਹੀ ਸਨ ?"

ਪਰ ਇਸ ਤੋਂ ਬਾਅਦ, ਜਦ ਉਹ ਵਾਪਸ ਮੁੜਿਆ ਤਾਂ ਉਸ ਨੇ ਆਪਣੇ ਮਨ ਦੀ ਹਾਲਤ ਕਾਫ਼ੀ ਸੁਧਰੀ ਹੋਈ ਵੇਖੀ। ਕ੍ਰਿਸ਼ਨਾ ਦੀ ਮੁਲਾਕਾਤ ਨੇ ਜਿਹੜਾ ਉਸ ਦੇ ਅੰਦਰ ਤੂਫ਼ਾਨ ਪੈਦਾ ਕਰ ਦਿਤਾ ਸੀ, ਉਹ ਇਸ ਵੇਲੇ ਉਸ ਨੂੰ ਕਾਫ਼ੀ ਹਦ ਤੀਕ ਥੰਮ੍ਹਿਆ ਹੋਇਆ ਅਨੁਭਵ ਹੋ ਰਿਹਾ ਸੀ। ਢਹਿੰਦੀਆਂ ਕਲਾਂ ਵਲ ਜਾਂਦਾ ਜਾਂਦਾ ਉਸ ਦਾ ਮਨ ਹੁਣ ਫੇਰ ਚੜ੍ਹਾਈ ਵਾਲੇ ਪਾਸੇ ਰੁਖ਼ ਕਰ ਰਿਹਾ ਸੀ। ਆਪਣੇ ਦੋਸਤ ਅਥਵਾ ਦੋਸਤਾਂ ਨਾਲ ਉਹ, ਕੋਈ ਨਵਾਂ ਤੇ ਸੌ ਫ਼ੀ ਸਦੀ ਕਾਮਯਾਬ ਪਰੋਗਰਾਮ ਬਣਾ ਕੇ ਆ ਰਿਹਾ ਸੀ। ਜਿਸ ਦਾ ਫਲ ਰੂਪ ਉਸ ਦੇ ਅੰਦਰ ਉਤਸ਼ਾਹ ਦੀ ਇਕ ਨਵੀਂ ਲੈ ਰੁਮਕਣ ਲਗ ਪਈ ਸੀ। ਇਸ ਵੇਲੇ ਜਿੰਨੀ ਤੇਜ਼ੀ ਉਸ ਦੇ ਕਦਮਾਂ ਵਿਚ

ਸੀ, ਓਦੂੰ ਬਹੁਤੀ ਤੇਜ਼ੀ ਸੀ ਉਸਦੇ ਖ਼ਿਆਲਾਂ ਦੇ ਵਹਾਉ ਵਿਚ। ਬਾਜ਼ਾਰ ਵਿਚ ਤੁਰਿਆ ਜਾਂਦਾ ਉਹ ਖ਼ਿਆਲੀ ਸਿਲਸਿਲੇ ਦੀ ਇਕ ਲੰਮੀ ਤਾਰ ਛੇੜਦਾ ਚਲਾ ਜਾ ਰਿਹਾ ਸੀ — "ਬੇਸ਼ਕ ਇਹ ਕਦਮ ਕਾਮਯਾਬ ਸਾਬਤ ਹੋਵੇਗਾ। ਸੁਨਿਆਰੇ ਦੀ ਠੱਕ ਠੱਕ ਤੇ ਲੁਹਾਰ ਦੀ ਇਕੋ ਸੱਟ, ਕਹਾਵਤ ਅਨੁਸਾਰ ਸਗੋਂ ਰੋਜ਼ ਰੋਜ਼ ਦਾ ਜੱਭ ਮੁਕੇਗਾ। ਮੁਸਲਮ ਲੀਗ ਦੀਆਂ ਨਿਤ ਦਿਹਾੜੀ ਦੀਆਂ ਛੇੜਖਾਨੀਆਂ ਦਾ ਹੁਣ ਇਸ ਤੋਂ ਬਿਨਾਂ ਕੋਈ ਇਲਾਜ ਨਹੀਂ। ਇਕੋ ਰਾਤ ਵਿਚ ਇਕੱਠੇ ਹੀ ਛੇ ਸਤ ਮਹੱਲੇ ਜਦ ਖੰਡਰ ਬਣ ਜਾਣਗੇ ਤੇ ਹਜ਼ਾਰ ਪੰਜ ਸੌ ਮੁਸਲਮਾਨ ਆਪਣੇ ਕੀਤੇ ਦਾ ਫਲ ਭੁਗਤਣ ਲਈ ਜਹੰਨਮ ਰਸੀਦ ਹੋ ਜਾਣਗੇ, ਤਾਂ ਆਪਣੇ ਆਪ ਹੀ ਸ਼ਹਿਰ ਵਿਚ ਸ਼ਾਂਤੀ ਵਰਤ ਜਾਵੇਗੀ।

ਬਜ਼ਾਰੋ ਬਾਜ਼ਾਰ ਹੁੰਦਾ ਉਹ ਜਲਦੀ ਜਲਦੀ ਘਰ ਵਲ ਜਾ ਰਿਹਾ ਸੀ ਕਿਉਂਕਿ ਅਜ ਕਲ ਵਾਰਦਾਤਾਂ ਕੁਝ ਜ਼ਿਆਦਾ ਸ਼ੁਰੂ ਹੋ ਜਾਣ ਕਰ ਕੇ ਅਜ ਕਰਫ਼ਿਊ ਕੇਵਲ ਦੋਹ ਘੰਟਿਆਂ ਲਈ ਹੀ ਖੁਲ੍ਹਿਆ ਸੀ ਤੇ ਉਸ ਦਾ ਵਕਤ ਖ਼ਤਮ ਹੋਣ ਵਿਚ ਬਹੁਤਾ ਚਿਰ ਬਾਕੀ ਨਹੀਂ ਸੀ।

ਲੂਣ ਮੰਡੀ ਚੌਂਕ ਲਾਗੇ ਪਹੁੰਚ ਕੇ ਉਸ ਨੂੰ ਦੂਰੋਂ ਇਕ ਹਜੂਮ ਨਜ਼ਰੀਂ ਆਇਆ, ਨਾਲ ਹੀ ਅੱਗ ਦਾ ਭਾਂਬੜ ਵੀ।

ਉਹ ਤੁਰਨ ਦੀ ਬਜਾਇ ਦੌੜਦਾ ਹੋਇਆ ਉਸ ਥਾਂ ਜਾ ਪਹੁੰਚਿਆ ਤੇ ਜੋ ਕੁਝ ਉਥੇ ਉਸ ਨੂੰ ਨਜ਼ਰੀਂ ਆਇਆ, ਵੇਖਦਿਆਂ ਹੀ ਉਸ ਦਾ ਦਿਲ ਦਹਿਲ ਕੇ ਰਹਿ ਗਿਆ। ਉਸ ਦੀਆਂ ਅੱਖਾਂ ਇਸ ਘ੍ਰਿਣਤ ਨਜ਼ਾਰੇ ਨੂੰ ਵੇਖਣੋਂ ਆਰੀ ਸਨ। ਭੜ ਭੜ ਕਰ ਕੇ ਇਕ ਟਾਂਗਾ ਬਲ ਰਿਹਾ ਸੀ ਤੇ ਉਸ ਦੇ ਨੇੜੇ ਪਿੱਠ ਪਰਨੇ ਚੁਫਾਲ ਪਈ ਇਕ ਲਾਸ਼ ਲਹੂ ਵਿਚ ਲਥਪਥ ਸੀ। ਅਧਖੜ ਉਮਰ ਦਾ ਇਕ ਆਦਮੀ, ਜਿਹੜਾ ਅਧ ਕਤਰੀ ਦਾਹੜੀ ਤੇ ਕਲਮੀ ਮੁੱਛਾਂ ਤੋਂ ਮੁਸਲਮਾਨ ਜਾਪਦਾ ਸੀ, ਉਸ ਦੇ ਸਰੀਰ ਉਤੇ ਅਠ ਦਸ ਘਾਉ ਸਨ। ਸਜੀ ਬਾਂਹ ਉਸ ਦੀ ਮੋਢੇ ਕੋਲੋਂ ਲਗ ਪਗ ਸਾਰੀ ਹੀ ਕਟੀ ਗਈ ਸੀ, ਜਿਹੜੀ ਮੁੜ ਕੇ ਉਸ ਦੀ ਪਿਠ ਹੇਠ ਆਈ ਹੋਈ ਸੀ। ਭਰਵੱਟਿਆਂ ਤੋਂ ਲੈ ਕੇ ਸਿਰ ਦੇ ਵਿਚਕਾਰਲੇ ਹਿਸੇ ਤੀਕ ਉਸ ਦੀ ਖੋਪਰੀ ਖੱਖੜੀ ਵਾਂਗ ਪਾਟੀ ਹੋਈ ਸੀ, ਜਿਸ ਵਿਚੋਂ ਲਹੂ ਤੇ ਮਿਝ ਅਜੇ ਤੀਕ ਵਹਿ ਰਹੇ ਸਨ। ਉਸ ਦਾ ਖੱਬਾ ਪਟ ਪਿਛਲੇ ਪਾਸਿਉਂ ਚੀਰਿਆ ਗਿਆ ਸੀ, ਜਿਸ ਦੀ ਇਕ ਪਾਸੇ ਦੀ ਲਹੂ ਨਾਲ ਲਾਲ ਹੋਈ ਹੱਡੀ ਬਾਹਰ ਉਭਰੀ ਹੋਈ ਸੀ। ਸਭ ਤੋਂ ਬੀਭਤਸ ਚੀਜ਼ ਜਿਹੜੀ ਸਤਨਾਮ ਨੇ ਵੇਖੀ, ਇਹ ਸੀ ਲੋਥ ਦੇ ਪਾਟੇ ਹੋਏ ਪੇਟ ਵਿਚੋਂ ਆਂਦਰਾਂ ਨਿਕਲ ਕੇ ਕੁਝ ਉਸ ਦੇ ਲਕ ਹੇਠ ਤੇ ਕੁਝ ਸਜੇ ਪਾਸੇ ਖਿਲਰੀਆਂ ਪਈਆਂ। ਹੇਠਲੀ ਜ਼ਮੀਨ ਲਹੂ ਨਾਲ ਚਿਕੜਾਈ ਪਈ ਸੀ, ਜਿਸ ਉਤੇ ਮੱਖੀਆਂ ਭਿਣਭਿਣਾ ਰਹੀਆਂ ਸਨ।

ਲਾਸ਼ ਦਾ ਹੁਲੀਆ ਸਚਮੁਚ ਦਿਲਾਂ ਨੂੰ ਤੜਪਾਉਣ ਵਾਲਾ ਸੀ, ਪਰ ਜਿਸ ਚੀਜ਼ ਨੂੰ ਵੇਖ ਕੇ ਸਤਨਾਮ ਦਾ ਦਿਲ ਉੱਕਾ ਛਾਨਣੀ ਹੋ ਗਿਆ, ਉਹ ਅਸਲੋਂ ਹੀ ਨਿਗੂਣੀ ਜਿਹੀ ਸੀ।

ਲਾਸ਼ ਦਾ ਲਹੂ ਨਾਲ ਲਥਪਥ ਹੋਇਆ ਝੱਗਾ — ਜਿਹੜਾ ਗਲਮੇਂ ਕੋਲੋਂ ਜ਼ਰਾ ਲੰਗਾਰਿਆ ਹੋਇਆ ਸੀ, ਉਸ ਦੀ ਜੇਬ ਵਿਚੋਂ ਇਕ ਲੱਕੜ ਦਾ ਛਣਕਣਾ — ਜਿਸ ਉਤੇ ਗੁਲਾਬੀ ਤੇ ਨੀਲੇ ਰੰਗ ਦੀਆਂ ਧਾਰੀਆਂ ਸਨ — ਅੱਧਾ ਕੁ ਬਾਹਰ ਨਿਕਲਿਆ ਹੋਇਆ ਤੇ ਬਾਕੀ ਅੱਧਾ ਉਸ ਦੀ ਲਹੂ ਲਿਬੜੀ ਜੇਬ ਵਿਚ ਸੀ। ਨਾਲ ਹੀ ਉਸ ਦੇ ਲਾਗੇ ਇਕ ਮੈਲੇ ਜਿਹੇ ਪਰਨੇ ਦੀ ਗੰਢ ਪਈ ਸੀ, ਜਿਸ ਵਿਚੋਂ ਅੱਧੇ ਤੋਂ ਬਹੁਤੇ ਫੁੱਲੀਆਂ ਛੋਲੇ ਡੁਲ੍ਹ ਕੇ ਲਹੂ ਵਿਚ ਭਿੱਜੇ ਪਏ ਸਨ।

"ਆਹ ! ਓ ਬਦਨਸੀਬ ਬੱਚਿਓ !" ਸਤਨਾਮ ਦੇ ਦਿਲ ਵਿਚੋਂ ਇਕ ਤੜਪਦੀ ਹੋਈ ਹੂਕ ਨਿਕਲੀ — "ਤੁਸੀਂ ਆਪਣੇ ਖਿਡੌਣਿਆਂ ਤੇ ਫੁਲੀਆਂ ਛੋਲਿਆਂ ਨੂੰ ਉਡੀਕ ਰਹੇ ਹੋਵੋਗੇ, ਜਿਹੜੇ ਸ਼ਾਇਦ ਤੁਸਾਂ ਆਪਣੇ ਅੱਬਾ ਨੂੰ ਲਿਆਉਣ ਲਈ ਉਦੋਂ ਕਿਹਾ ਹੋਵੇਗਾ ਜਦ ਇਹ ਟਾਂਗਾ ਜੋਤ

ਰਿਹਾ ਸੀ। ਪਰ ਤੁਹਾਨੂੰ ਕੀ ਪਤਾ ਕਿ ਤੁਹਾਡਾ ਅਭਾਗਾ ਅੱਬਾ ਕਿਆਮਤ ਤੀਕ ਵੀ ਇਹ ਚੀਜ਼ਾਂ ਤੁਹਾਨੂੰ ਲਿਆ ਕੇ ਨਹੀਂ ਦੇਵੇਗਾ।"

ਉਹ ਉਥੇ ਹੋਰ ਨਹੀਂ ਠਹਿਰ ਸਕਿਆ। ਦਿਲ ਦੀਆਂ ਦਰਦ ਉਛਾਲਦੀਆਂ ਕੰਨੀਆਂ ਨੂੰ ਸਮੇਟ ਕੇ ਜਦ ਉਹ ਉਥੋਂ ਟੁਰ ਪਿਆ ਤਾਂ ਅਚਾਨਕ ਪਰਲੇ ਪਾਸੇ ਉਸ ਨੂੰ ਇਕ ਮਰੀਅਲ ਜਿਹੀ ਘੋੜੀ ਨਜ਼ਰੀਂ ਪਈ, ਜਿਸ ਦਾ ਸਾਜ਼ ਅਜੇ ਤੀਕ ਉਹਦੀ ਪਿਠ ਤੇ ਸੀ ਤੇ ਦੋਵੇਂ ਰਸਾ ਦੋਹੀਂ ਪਾਸੀਂ ਜ਼ਮੀਨ ਤੇ ਲਟਕ ਰਹੀਆਂ ਸਨ। ਆਪਣੀ ਲੰਮੀ ਪੂਛਲ ਦੀ ਮਦਦ ਨਾਲ ਪਿੱਠ ਤੋਂ ਮਖੀਆਂ ਹਟਾਂਦੀ ਹੋਈ ਘੋੜੀ ਬਰਾਬਰ ਟੱਕ ਲਾਈ ਓਧਰ ਤਕ ਰਹੀ ਸੀ, ਜਿਸ ਪਾਸੇ ਉਹ ਲਾਸ਼ ਪਈ ਸੀ। ਘੋੜੀ ਦੀਆਂ ਹੈਰਾਨ ਅੱਖਾਂ ਤੋਂ ਇਉਂ ਜਾਪਦਾ ਸੀ ਜਿਵੇਂ ਇਹ ਜਾਨਵਰ ਆਪਣੇ ਮਾਲਕ ਨਾਲ ਹੋਈ ਦੁਰਘਟਨਾ ਤੋਂ ਜਾਣੂ ਹੈ।

ਸਤਨਾਮ ਚੌਂਕ ਤੋਂ ਪੰਜ ਸਤ ਕਦਮ ਹੀ ਅਗਾਂਹ ਲੰਘਿਆ ਸੀ ਕਿ ਇਕ ਵਾਰੀ ਫੇਰ ਕੁਝ ਆਵਾਜ਼ਾਂ ਜਿਹੀਆਂ ਸੁਣ ਕੇ ਉਸ ਨੇ ਪਿਛਾਂਹ ਤਕਿਆ। ਇਕ ਆਦਮੀ ਨੇ ਲਾਸ਼ ਉਤੇ ਤੇਲ ਪਲੱਟ ਕੇ ਪੀਪਾ ਇਕ ਪਾਸੇ ਸੁਟਿਆ ਤੇ ਦੂਜੇ ਨੇ ਮਾਚਸ ਬਾਲ ਕੇ ਦੂਰੋਂ ਹੀ ਉਸ ਉਤੇ ਸੁਟ ਦਿਤੀ। ਵੇਖਦਿਆਂ ਹੀ ਵੇਖਦਿਆਂ ਭਾਂਬੜ ਇਕ ਦੇ ਥਾਂ ਦੋ ਹੋ ਗਏ।

ਸਤਨਾਮ ਉਥੇ ਹੋਰ ਨਹੀਂ ਠਹਿਰ ਸਕਿਆ।

21

ਸਤਨਾਮ ਦੁਪਹਿਰਾਂ ਦੀ ਰੋਟੀ ਨਹੀਂ ਖਾ ਸਕਿਆ। ਮਾਂ ਦੇ ਮਿੰਨਤਾਂ ਕਰਨ ਤੇ, ਮੁੰਨੀ ਦੇ ਘੜੀ ਮੁੜੀ ਕਹਿਣ ਤੇ, ਤੇ ਕ੍ਰਿਸ਼ਨਾ ਦੇ ਤਰਲਿਆਂ ਨਾਲ ਵੀ ਨਹੀਂ। ਸਾਰੀਆਂ ਦੁਪਹਿਰਾਂ ਉਹ ਬਰਸਾਤੀ ਵਾਲੇ ਕਮਰੇ ਵਿਚ, ਅੰਦਰੋਂ ਚਿਟਕਣੀ ਅੜਾਈ ਪਲੰਘ ਤੇ ਲੇਟਿਆ ਰਿਹਾ।

ਕੇਸਰ ਕੌਰ, ਜਿਹੜੀ ਪਹਿਲਾਂ ਹੀ ਚਿੰਤਾ ਦੇ ਵਹਿਣਾਂ ਵਿਚ ਵਹਿ ਰਹੀ ਸੀ, ਜਦ ਉਸ ਨੇ ਕ੍ਰਿਸ਼ਨਾ ਪਾਸੋਂ ਉਸ ਦੀ ਸਵੇਰ ਵਾਲੀ ਅਸਫਲ ਕੋਸ਼ਿਸ਼ ਦਾ ਹਾਲ ਸੁਣਿਆਂ ਤਾਂ ਹੋਰ ਵੀ ਮਰਨ ਹਾਕੀ ਹੋ ਗਈ। ਰੋਟੀ ਨਾ ਉਸ ਨੇ ਰਾਤੀਂ ਖਾਧੀ ਸੀ, ਨਾ ਅਜ ਸਵੇਰੇ। ਚਿੰਤਾ ਦੀ ਖੱਡ ਵਿਚ ਡਿਗੇ ਉਸ ਦੇ ਦਿਲ ਨੂੰ ਜ਼ਰਾ ਜਿੰਨਾ ਕਿਸੇ ਢਾਰਸ ਨੇ ਠੁੰਮ੍ਹਣਾ ਦਿਤਾ ਤਾਂ ਓਦੋਂ ਜਦ ਸਤਨਾਮ ਨੇ ਉਪਰ ਜਾਣ ਲਗਿਆਂ ਉਸ ਨੂੰ ਚਿਤਾਵਨੀ ਕੀਤੀ — "ਭਾਬੀ, ਮੈਨੂੰ ਕੋਈ ਮਿਲਣ ਆਵੇ ਤਾਂ ਆਖ ਦਈਂ — ਘਰ ਨਹੀਂ।"

ਅਜ ਵਰਗੀ ਬੇਅਰਾਮੀ ਦਾ ਅਨੁਭਵ ਸਤਨਾਮ ਦੇ ਦਿਲ ਨੇ ਕਦੀ ਨਹੀਂ ਸੀ ਕੀਤਾ। ਆਪਣੀ ਸੰਭਾਲ ਵਿਚ ਸਭ ਤੋਂ ਔਖੀਆਂ ਘੜੀਆਂ ਜਿਹੜੀਆਂ ਉਸ ਨੂੰ ਯਾਦ ਸਨ, ਉਸ ਉਤੇ ਉਦੋਂ ਆਈਆਂ ਸਨ, ਜਦੋਂ ਉਸ ਦੇ ਪਿਉ ਦੀ ਮੌਤ ਹੋਈ ਸੀ। ਮਾਪਿਆਂ ਦੀ ਮੌਤ ਤੇ ਕਿਹੜੀ ਸੰਤਾਨ ਨੂੰ ਦੁਖ ਨਹੀਂ ਹੁੰਦਾ ਹੋਵੇਗਾ ਪਰ ਸਤਨਾਮ — ਜਿਹੜਾ ਖ਼ਿਆਲ ਕਰਦਾ ਸੀ ਕਿ ਓਸ ਜਿੰਨਾ ਪਿਆਰ ਦੁਨੀਆਂ ਵਿਚ ਕਿਸੀ ਵੀ ਪੁੱਤਰ ਦਾ ਆਪਣੇ ਪਿਉ ਨਾਲ ਨਹੀਂ ਹੋਣਾ — ਉਸ ਸਨੇਹ ਤੇ ਪਿਆਰ ਦੇ ਸਾਏ ਨੂੰ ਸਿਰ ਤੋਂ ਉਠਦਾ ਵੇਖ ਕੇ ਕਿੰਨਾ ਰੋਇਆ, ਕਿੰਨਾ ਕੁਰਲਾਇਆ ਸੀ। ਉਹ ਹੈਰਾਨ ਸੀ ਕਿ ਆਪਣੇ ਪਿਆਰ ਦਾ ਜਹਾਨ ਗੁਆ ਕੇ ਕੀਕਣ ਉਹ ਜੀਉਂਦਾ ਰਹਿ ਸਕਿਆ, ਪਰ ਅਜ ਜਿਹੜੀ ਹਾਲਤ ਉਸ ਨੇ ਆਪਣੇ ਮਨ ਦੀ ਵੇਖੀ, ਇਹ ਓਦੋਂ ਨਾਲੋਂ ਵੀ ਕਈ ਗੁਣਾਂ ਵਧੀ ਹੋਈ ਸੀ।

ਮੰਜੇ ਤੇ ਪਿਆ ਉਹ ਉਸਲਵੱਟੇ ਲੈ ਰਿਹਾ ਸੀ। ਕਿਸੇ ਕਰਵੱਟ ਵੀ ਉਸ ਨੂੰ ਚੈਨ ਨਹੀਂ। ਸਵੇਰ ਵਾਲੇ ਉਸ ਨਜ਼ਾਰੇ ਨੂੰ ਜਿੰਨਾ ਹੀ ਉਹ ਭੁਲਾਣ ਦੀ ਕੋਸ਼ਿਸ਼ ਕਰਦਾ, ਓਨੀ ਸਗੋਂ ਉਹ ਰੂਹ ਕੰਬਾਉਣੀ ਤਸਵੀਰ ਜ਼ਿਆਦਾ ਤੋਂ ਜ਼ਿਆਦਾ ਉਘੜਦੀ ਆਉਂਦੀ ਉਸ ਦੀਆਂ ਅੱਖਾਂ ਅਗੇ।

ਲਟ ਲਟ ਬਲਦਾ ਟਾਂਗਾ, ਲਹੂ ਵਿਚ ਤਰਦੀ ਉਹ ਵਢੀ ਟੁਕੀ ਲਾਸ਼, ਉਸ ਉਤੇ ਡੁਲ੍ਹ ਰਿਹਾ ਤੇਲ ਜਾਂ ਪੈਟਰੋਲ ਤੇ ਫਿਰ ਉਸ ਵਿਚੋਂ ਉਠ ਰਹੀਆਂ ਲਾਟਾਂ। ਇਹ ਸਭ ਕੁਝ ਜਿੰਨੀ ਵਾਰੀ ਵੀ ਉਸ ਦੇ ਸਾਹਮਣੇ ਆਉਂਦਾ, ਮਾਨੋ ਉਸ ਦੇ ਦਿਲ ਨਾਲੋਂ ਇਕ ਅਧ ਬੋਟੀ ਤੋੜ ਕੇ ਲੈ ਜਾਂਦਾ ਤੇ ਉਸ ਵੇਲੇ ਤਾਂ ਸਾਰੇ ਦਾ ਸਾਰਾ ਦਿਲ, ਪੰਘਰ ਕੇ ਉਸ ਦੀਆਂ ਅੱਖਾਂ 'ਚੋਂ ਜਾ ਫੁਟਦਾ, ਜਦ ਉਹ ਰੰਗਦਾਰ ਛਣਕਣਾ ਤੇ ਪੋਟਲੀ 'ਚੋਂ ਡੁਲ੍ਹੇ ਹੋਏ ਉਹ ਫੁਲੀਆਂ ਛੋਲੇ, ਇਹ ਦੋ ਚੀਜ਼ਾਂ ਉਸ ਦੀਆਂ ਅੱਖਾਂ ਅਗੇ ਆਉਂਦੀਆਂ।

ਦਿਲ ਦੀ ਉਦਾਸੀ ਨੂੰ ਜਿੰਨਾ ਹੀ ਉਹ ਘਟਾਣ ਦੀ ਕੋਸ਼ਿਸ਼ ਕਰਦਾ, ਉਲਟਾ ਸਗੋਂ ਉਸ ਵਿਚ ਵਾਧਾ ਹੁੰਦਾ ਚਲਾ ਗਿਆ।

ਆਖ਼ਰ ਕੀਕਣ ਠੀਕ ਹੋਵੇਗੀ ਇਹ ਹਾਲਤ ? ਇਹੋ ਸੋਚਦਾ ਹੋਇਆ ਉਹ ਪਲੰਘ ਤੋਂ ਹੰਭਲਾ ਮਾਰ ਕੇ ਉਠਿਆ। ਆਮ ਕਰ ਕੇ ਇਹੋ ਜਿਹੀ ਕਿਸੇ ਉਦਾਸੀ ਦਾ ਇਲਾਜ ਉਸ ਪਾਸ ਜੇ ਕੋਈ ਸੀ ਤਾਂ ਨਾਵਲਾਂ ਦੀ ਪੜ੍ਹਾਈ। ਥੋੜੇ ਹੀ ਦਿਨ ਹੋਏ, ਜਦ ਉਸ ਨੇ ਲਾਇਬ੍ਰੇਰੀ ਵਿਚੋਂ ਦੋ ਤਿੰਨ ਚੰਗੇ ਚੰਗੇ — ਉਘੇ ਲੇਖਕਾਂ ਦੇ ਨਾਵਲ ਲਿਆਂਦੇ ਸਨ, ਜਿਨ੍ਹਾਂ ਨੂੰ ਅਜੇ ਤੀਕ ਉਹ ਸ਼ੁਰੂ ਨਹੀਂ ਸੀ ਕਰ ਸਕਿਆ।

ਉਠ ਕੇ ਉਸ ਨੇ ਮੇਜ਼ ਤੋਂ ਉਹ ਦੋਵੇਂ ਤਿੰਨੇ ਨਾਵਲ ਚੁਕ ਕੇ ਪਲੰਘ ਤੇ ਲਿਆ ਰਖੇ ਤੇ ਫਿਰ ਉਹਨਾ 'ਚੋਂ ਇਕ ਨੂੰ ਪੜ੍ਹਨਾ ਸ਼ੁਰੂ ਕੀਤਾ।

ਇਕ ਸਫ਼ਾ, ਦੋ ਸਫ਼ੇ, ਚਾਰ ਸਫ਼ੇ ਉਹ ਪੜ੍ਹ ਗਿਆ, ਪਰ ਸੁਆਦ ਤਾਂ ਉਸ ਵਿਚੋਂ ਉਸ ਨੂੰ ਕੀ ਆਉਣਾ ਸੀ, ਸਮਝ ਤੀਕ ਨਾ ਆ ਸਕੀ। ਉਸ ਦੀਆਂ ਅੱਖਾਂ ਅਗੇ ਜਿਹੜੀ ਗੂੜ੍ਹੇ ਕਾਲੋਂ ਰਲਵੇਂ ਲਾਲ ਰੰਗ ਵਿਚ ਨ੍ਹਾਤੀ ਹੋਈ ਲੋਥ ਮੌਜੂਦ ਸੀ, ਉਸ ਨੂੰ ਪਾਰ ਕਰ ਕੇ ਉਸ ਦੀ ਨਜ਼ਰ, ਨਾਵਲ ਦੇ ਅੱਖਰਾਂ ਤੀਕ ਤਾਂ ਕਿਸੇ ਤਰ੍ਹਾਂ ਪਹੁੰਚ ਜਾਂਦੀ ਸੀ, ਪਰ ਅਰਥਾਂ ਤੀਕ ਨਹੀਂ। ਉਹ ਰੰਗਦਾਰ ਛਣਕਣਾ, ਤੇ ਉਹ ਪਰਨੇ ਵਿਚੋਂ ਡੁਲ੍ਹੇ ਹੋਏ ਫੁੱਲੀਆਂ ਛੋਲੇ ! ਇਹ ਦੋਵੇਂ ਚੀਜ਼ਾਂ ਤਾਂ ਜਿਵੇਂ ਉਸ ਦੀਆਂ ਅੱਖਾਂ ਅਗੇ ਨਹੀਂ, ਸਗੋਂ ਅੱਖਾਂ ਦੀਆਂ ਦੁਹਾਂ ਪੁਤਲੀਆਂ ਅੰਦਰ ਜਾ ਸਮਾਈਆਂ ਸਨ। ਮਾਨੋਂ ਦੂਹ ਲੈਨਜ਼ਾਂ ਵਾਲੀ ਦੂਰਬੀਨ ਬਣ ਕੇ ਇਹ ਦ੍ਰਿਸ਼ ਉਸ ਨੂੰ ਕੋਈ ਦੁਰਾਡਲਾ ਦ੍ਰਿਸ਼ ਵਿਖਾਲ ਰਹੇ ਸਨ — ਇਕ ਝੌਂਪੜੀਨੁਮਾ ਜਿਹਾ ਕੱਚਾ ਕੋਠਾ, ਉਸ ਵਿਚ ਵਸਦੀ ਇਕ ਜੁਆਨ ਜਾਂ ਅਧਖੜ ਉਮਰ ਦੀ ਮੈਲੇ ਕਪੜਿਆਂ ਵਾਲੀ ਤੀਵੀਂ, ਤੇ ਉਸ ਦੇ ਕੋਲ ਬੈਠੇ ਹੋਏ ਇਕ ਜਾਂ ਦੋ ਤਿੰਨ ਨਿਆਣੇ ਜਿਹੜੇ ਘੜੀ ਮੁੜੀ ਮਾਂ ਦੀਆਂ ਅੱਖਾਂ ਵਿਚ ਅੱਖਾਂ ਗੱਡ ਕੇ ਉਸ ਨੂੰ ਟੋਂਬਦੇ — "ਅੰਮਾ ! ਅੱਬਾ ਅਜੇ ਤਕ ਨਹੀਂ ਆਇਆ — ਮੇਰਾ ਛਣਕਣਾ" — "ਅੰਮਾ ! ਅੱਬਾ ਵਡੇ ਵੇਲੇ ਆਖ ਗਿਆ ਸੀ ਨਾ ਫੁੱਲੀਆਂ ਛੋਲੇ ਲਿਆਵਾਂਗਾ ?"

ਤੇ ਉੱਤਰ ਵਿਚ ਮਾਂ ਕਹਿੰਦੀ — "ਆਹੋ ਪੁੱਤਰ, ਲਿਆਵੇਗਾ — ਛਣਕਣਾ ਵੀ ਫੁਲੀਆਂ ਛੋਲੇ ਵੀ" ਤੇ ਫਿਰ ਉਹ ਤੀਵੀਂ ਕੁਝ ਹਰਾਸੀ ਜਿਹੀ ਨਜ਼ਰ ਨਾਲ ਬੂਹੇ ਵਲ ਤੱਕਦੀ ਹੋਈ ਆਪਣੇ ਆਪ ਨਾਲ ਗੱਲਾਂ ਕਰਨ ਲਗਦੀ — "ਅੱਲਾ ਖ਼ੈਰ ਕਰੇ। ਅਗੇ ਤੇ ਏਨਾ ਚਿਰ ਕਦੀ ਨਹੀ ਸਾ ਸੁ ਕੀਤਾ।" ਸ਼ਾਮ ਤੋਂ ਪਿਛੋਂ ਰਾਤ, ਰਾਤ ਤੋਂ ਬਾਅਦ ਅਧੀ ਰਾਤ, ਫਿਰ ਪਰਭਾਤ ਤੇ ਫਿਰ ਸਵੇਰਾ। ਧੁਹ ਦੀਆਂ ਟਿੰਡਾਂ ਵਾਂਗ, ਸਮੇਂ ਦੇ ਇਹ ਸਾਰੇ ਛੋਟੇ ਵਡੇ ਹਿਸੇ ਸਤਨਾਮ ਦੀਆਂ ਅੱਖਾਂ ਅਗੋਂ ਖ਼ਿਆਲੀ ਤੌਰ ਤੇ ਲੰਘੀ ਜਾਂਦੇ ਤੇ ਅਖੀਰ ਉਹ ਵੇਖਦਾ, ਓਹੀ ਤੀਵੀਂ, ਖੁਲ੍ਹੇ ਵਾਲ ਗਲ ਵਿਚ ਖਿੰਡਾਈ ਪਿਟ ਪਿਟ ਕੇ ਨੀਲੀ ਹੋ ਰਹੀ ਹੈ, ਉਸ ਦੇ ਬੱਚੇ — ਜਿਹੜੇ ਨਹੀਂ ਜਾਣਦੇ ਕਿ ਹੋਣੀ ਦੇ ਡਾਕੂ ਨੇ ਕਿਵੇਂ ਉਨ੍ਹਾਂ ਤੇ ਉਨ੍ਹਾਂ ਦੀ ਮਾਂ ਦੀ ਦੁਨੀਆਂ ਲੁਟ ਖੜੀ ਹੈ — ਬਰਾਬਰ ਆਪਣੀ ਓਹੀ — ਛਣਕਣੇ ਤੇ ਫੁੱਲੀਆਂ ਛੋਲਿਆਂ ਦੀ ਰੱਟ ਲਾਈ ਜਾ ਰਹੇ ਹਨ।

ਜਿਵੇਂ ਬੈਠਿਆਂ ਬੈਠਿਆਂ ਕਿਸੇ ਨੂੰ ਸੁਦਾਅ ਦੀ ਮਰਜ਼ ਚੜ੍ਹ ਪੈਂਦੀ ਹੈ — ਨਾਵਲ ਨੂੰ ਇਕ ਪਾਸੇ ਸੁਟਦਾ ਹੋਇਆ ਉਹ ਉਠ ਕੇ ਖੜਾ ਹੋ ਜਾਂਦਾ — ਦੌੜ ਕੇ ਕਿਤੇ ਜਾ ਪਹੁੰਚਣ

ਲਈ — ਕਿਸੇ ਦੇ ਵਹਿੰਦੇ ਹੰਝੂਆਂ ਨੂੰ ਪੂੰਝਣ ਲਈ — ਕਿਸੇ ਦੇ ਅੜੀਅਲ ਬਾਲ੍ਹਾਂ ਨੂੰ ਛਟਕਣ ਤੇ ਫੁੱਲੀਆਂ ਫੋਲੇ ਦੇ ਆਉਣ ਲਈ, ਪਰ "ਅਸੰਭਵ ਹੈ — ਪਾਗਲਪਣਾ ਹੈ ਇਹ ਮੇਰਾ" ਸੋਚਦਾ ਹੋਇਆ ਉਹ ਮੁੜ ਪਲੰਘ ਤੇ ਆ ਢਹਿੰਦਾ।

ਇਕ ਤੋਂ ਬਾਅਦ ਦੂਜਾ, ਤੇ ਦੂਜੇ ਤੋਂ ਮਗਰੋਂ ਤੀਜਾ। ਵਾਰੋ ਵਾਰੀ ਤਿੰਨ ਨਾਵਲ ਉਸ ਨੇ ਚੁੱਕੇ, ਫੋਲੇ ਤੇ ਪੜ੍ਹਨੇ ਸ਼ੁਰੂ ਕੀਤੇ, ਪਰ ਇਸ ਨਾਵਲਾਂ ਦੇ ਠਰਕੀ ਨੂੰ ਅਜ ਪਤਾ ਨਹੀਂ ਕੀ ਹੋ ਗਿਆ ਸੀ। ਜਿਹੜਾ ਕਿਸੇ ਘਟੀਆ ਤੋਂ ਘਟੀਆ ਨਾਵਲ ਨੂੰ ਵੀ ਜੇ ਸ਼ੁਰੂ ਕਰ ਬਹੇ ਤਾਂ ਮੁਕਾਏ ਬਿਨਾਂ ਉਠਣ ਦਾ ਨਾਂ ਨਹੀਂ ਸੀ ਲੈਂਦਾ — ਉੱਘੇ ਲੇਖਕਾਂ ਦੇ ਇਹ ਨਾਵਲ ਅਜ ਉਸ ਨੂੰ ਤੇਲ ਦੇ ਫਕਿਆਂ ਵਾਂਗ ਬੇ-ਸੁਆਦ ਲਗ ਰਹੇ ਸਨ।

ਘੜੀ ਵੇਖੀ, ਸ਼ਾਮ ਹੋ ਚੁਕੀ ਸੀ। ਉਸ ਨੇ ਬੂਹਾ ਖੋਲ੍ਹਿਆ ਤੇ ਕਮਰੇ 'ਚੋਂ ਬਾਹਰ ਨਿਕਲਿਆ। ਮੋਘ ਤੇ ਖਲੋ ਕੇ ਉਸ ਨੇ ਆਵਾਜ਼ ਮਾਰੀ — "ਕੰਨ੍ਹਈਆ ! ਓ ਕੰਨ੍ਹਈਆ !" ਜਵਾਬ ਵਿਚ ਕਨ੍ਹਈਏ ਦੇ ਥਾਂ ਕੇਸਰ ਕੌਰ ਦੀ ਆਵਾਜ਼ ਆਈ — "ਕਿਉਂ ਕਾਕਾ ! ਕੰਨ੍ਹਈਏ ਨੂੰ ਗਲੀ ਵਿਚ ਘਲਿਆ ਏ ਜ਼ਰਾ। ਤੇ ਮੈਂ ਕਿਹਾ, ਅਜ ਅੰਦਰੋਂ ਬਾਹਰ ਨਹੀਂ ਸੀ ਨਿਕਲਣਾ ਸੀ ਸਦਕੇ ? ਜਾਹ ਜ਼ਰਾ ਫਿਰ ਤੁਰ ਆ ਗਲੀ ਵਿਚ। ਕਰਕਿਉਂ ਤੇ ਅਜ ਖੁਲ੍ਹਣਾ ਨਹੀਂ।"

"ਮੈਂ ਜ਼ਰਾ ਇਕ ਕਿਤਾਬ ਪੜ੍ਹ ਰਿਹਾਂ ਭਾਬੀ" ਸਤਨਾਮ ਨੇ ਚਿਤਾਵਨੀ ਕੀਤੀ — "ਕੰਨ੍ਹਈਏ ਨੂੰ ਉਪਰ ਭੇਜੀਂ ਜਿਸ ਵੇਲੇ ਆਵੇ।"

ਮਾਂ ਨੇ "ਚੰਗਾ" ਕਿਹਾ। ਸਤਨਾਮ ਨੇ ਫੇਰ ਅੰਦਰ ਵੜ ਕੇ ਬੂਹਾ ਢੋ ਲਿਆ।

... ...

"ਕੇਹ ਗਲਾਇਆ ਸਿੱਕੀ ਸਿਰਦਾਰ ਜੀ" ਡਰਦਿਆਂ ਡਰਦਿਆਂ ਅੰਦਰ ਲੰਘ ਕੇ ਕੰਨ੍ਹਈਏ ਨੇ ਪੁਛਿਆ।

"ਆ ਕੰਨ੍ਹਈਆ" ਸਤਨਾਮ ਲੰਮਾ ਪਿਆ ਹੋਇਆ ਸੀ — ਉਠ ਕੇ ਬੈਠਦਾ ਹੋਇਆ ਬੋਲਿਆ — "ਬੈਠ ਜਾ ਜ਼ਰਾ।"

ਆਪਣੇ ਮਾਲਕ ਦਾ ਮਿਠਾ ਤੇ ਨਿਘਾ ਰਵੱਈਆ ਵੇਖ ਕੇ ਕੰਨ੍ਹਈਏ ਨੂੰ ਕੁਝ ਅਚੰਭਾ ਹੋਇਆ। ਜਦ ਤੋਂ ਉਸ ਦਾ ਵਡਾ ਮਾਲਕ (ਸਤਨਾਮ ਦਾ ਪਿਓ) ਗੁਜ਼ਰਿਆ ਹੈ, ਇਹੋ ਜਿਹਾ ਮਿਠਾਸ ਉਸ ਨੂੰ ਸ਼ਾਇਦ ਹੀ ਕਦੀ ਨਸੀਬ ਹੋਇਆ ਹੋਵੇ। ਉਹ ਜਦ ਫਰਸ਼ ਤੇ ਬੈਠਣ ਲਗਾ ਤਾਂ ਸਤਨਾਮ ਨੇ ਉਸ ਨੂੰ ਪਿੰਗਜੋਰੀ ਉਠਾ ਕੇ ਕੁਰਸੀ ਤੇ ਬਿਠਾਲ ਦਿਤਾ। ਕਨ੍ਹਈਏ ਲਈ ਅਚੰਭੇ ਉਤੇ ਡਬਲ ਅਚੰਭਾ ਸੀ ਇਹ।

"ਕੰਨ੍ਹਈਆ !" ਹੋਰ ਵੀ ਨਿਘੇ ਰਉਂ ਵਿਚ ਸਤਨਾਮ ਨੇ ਉਸ ਨੂੰ ਕਿਹਾ — "ਕਦੀ ਕਦੀ ਤੂੰ ਬਾਪੂ ਹੋਰਾਂ ਨੂੰ ਪਹਾੜੀ ਗੀਤ ਸੁਣਾਂਦਾ ਹੁੰਦਾ ਸੈਂ।"

"ਗੀਤ ? ਹੈ, ਹੈ, ਹੈ", ਆਪਣੇ ਉਲੀ ਖਾਧੇ ਤੇ ਕੁਝ ਹਿਲਦੇ ਦੰਦਾਂ ਨੂੰ ਕਢ ਕੇ ਹਸਦਾ ਹੋਇਆ ਕਨ੍ਹਈਆ ਬੋਲਿਆ — "ਸਿਰਦਾਰ ਜੀ, ਗੀਤਾਂ ਦਾ ਵੇਲਾ, ਹੁਣ ਕੁਥੂ ਰਹੀ ਗਿਆ ਸਾੜ੍ਹਾ। ਕੁਤੈ ਕੁਤੈ ਮੇਲਿਆਂ ਮਸਾਧਿਆਂ ਕਣੈ ਗੀਤਾਂ ਦਾ ਰੰਗ ਜੰਮਿਆ ਕਰਦਾ ਤਾ ! ਤੁਲੂ ਮੰਗਤੂ ਤਦੇ ਮਤੇ ਬਾਲਕੇ ਹੋਇਆ ਕਰਦੇ ਤੇ। ਰਾਤਾ ਮਾਹੇ ਬਰਸਾਤੇ ਦੀਆਂ, ਕਣੈ ਚੰਨੈ ਦੀ ਚਾਨਣੀ। ਪੰਜੀ ਦਸੀ ਮਾਹਣੂਆਂ ਕੀ ਸੰਗ ਲਈ ਲੈਣਾ ਤੇ ਜਾਈ ਬੈਹਣਾ ਮਾਰੇ ਪਰਬਤੈ ਦੀਆਂ ਧਾਰਾਂ ਮੰਝੈ। ਸਿਰਦਾਰ ਜੀ ! ਬਾਤ ਸਚੈ ਦੀ ਗਲਾਂਵਾਂ ਤੁਹਾੜੈ ਕਣੈ। ਭੁਲੀ ਜਾਣਾ ਮਾਰੇ ਘਰੈ ਬਿਹਾਰੈ ਕੀ, ਤੈ ਗੀਤਾਂ ਮੰਝੈ ਸਮੋਚੀਆਂ ਰਾਤਾਂ ਕਟੋਈ ਜਾਣੀਆਂ। ਤੁਲੂ ਮੰਗਤੂਏ ਦੀ ਮਾਰੈ ਕਣੈ... ..."

ਸਤਨਾਮ ਨੂੰ ਉਸ ਦੀ ਇਹ ਲੰਮੀ ਤੇ ਬੇ-ਸਿਰ ਪੈਰ ਦੀ ਸਾਖੀ ਨਹੀਂ ਭਾਈ। ਉਸ ਨੇ ਟੋਕ ਕੇ ਕਿਹਾ, "ਹਛਾ ਛਡ ਇਨ੍ਹਾਂ ਗਈਆਂ ਬੀਤੀਆਂ ਗੱਲਾਂ ਨੂੰ। ਕੋਈ ਦੋ ਚਾਰ ਟਪੇ ਸੁਣਾ ਦੇ ਚੰਗੇ ਰਹੇ। ਅਜ ਦਿਲ ਬੜਾ ਉਦਾਸ ਏ।

ਮਾਲਕ ਦੀ ਪਹਿਲੀ ਫ਼ਰਮਾਇਸ਼ ਸੁਣ ਕੇ ਹੀ ਕੰਨ੍ਹਈਏ ਦਾ ਦਿਲ ਗੀਤ ਗਾਉਣ ਨੂੰ ਕਰ ਆਇਆ ਸੀ, ਪਰ ਗਾਉਣ ਦੇ ਹਰ ਇਕ ਸ਼ੌਕੀ ਨੂੰ ਆਪਣਾ ਗਾਣਾ ਸ਼ੁਰੂ ਕਰਨ ਤੋਂ ਪਹਿਲਾਂ ਇਸ ਤਰ੍ਹਾਂ ਦੀ ਭੂਮਕਾ ਬੰਨ੍ਹਣ ਦੀ ਆਦਤ ਜਿਹੀ ਹੁੰਦੀ ਹੈ। ਸੋ ਇਹੋ ਜਿਹੇ ਹੋਰ ਵੀ ਦੋ ਚਾਰ ਨਾਜ਼ ਨਖਰੇ ਕਰਨ ਤੋਂ ਬਾਅਦ ਕਨ੍ਹਈਏ ਨੇ ਹਥ ਦੀਆਂ ਦੋਵੇਂ ਚੁਟਕੀਆਂ ਵਜਾਂਦਿਆਂ ਹੋਇਆਂ ਗਾਣਾ ਸ਼ੁਰੂ ਕੀਤਾ —

"ਰੱਸੀ ਦਾ ਬਣੀ ਗਿਆ ਸੱਪ ਲੋਕੋ,
ਉਜੜੀ ਕਾਂਗੜੇ ਦੇਸ ਜਾਣਾ।
ਕਾਂਗੜੇ ਦੇ ਮੁਲਖੇ ਦੀਆਂ ਮੁਰਖ ਨਾਰੀਆਂ,
ਕੰਮੇ ਬਤਾਨੇ ਕਨੇ ਹੱਥ ਨਹੀਂ ਲਾਂਦੀਆਂ,
ਖੱਸਮੇ ਕੀ ਲਾਂਦੀਆਂ ਲੱਤ ਲੋਕੋ,
ਸੱਜਣਾਂ ਕੀ ਮਾਰਦੀਆਂ ਅੱਖ ਲੋਕੋ,
ਉਜੜੀ ਕਾਂਗੜੇ ਦੇਸ ਜਾਣਾ।
ਸੂਹੀ ਪੀਲੀ ਕੰਘਰੀ ਹਿੱਕਾ ਮੰਝ ਬੰਨ੍ਹਦੀ,
ਲੱਕ ਲਚਕਾਈ ਮੜੀ ਛੈਹੀ ਛੈਹੀ ਲੰਘਦੀ,
ਪੱਥੀ ਗੋਰੀ ਦੇ ਹੱਥ ਲੋਕੋ।
ਉਜੜੀ ਕਾਂਗੜੇ ਦੇਸ ਜਾਣਾ।
ਰੱਸੀ ਦਾ ਬਣੀ ਗਿਆ ਸੱਪ ਲੋਕੋ।"

ਖਤਮ ਕਰਨ ਤੋਂ ਬਾਅਦ ਕੰਨ੍ਹਈਏ ਨੇ ਉਚੇਚੇ ਧਿਆਨ ਨਾਲ ਮਾਲਕ ਵਲ ਤਕਿਆ — ਇਸ ਕਰ ਕੇ ਕਿ ਗਾਣੇ ਦੇ ਦੌਰਾਨ ਵਿਚ ਉਸ ਨੂੰ ਇਕ ਵਾਰੀ ਵੀ ਸਤਨਾਮ ਪਾਸੋਂ ਉਦਾਂ ਦੀ ਦਾਦ ਨਹੀਂ ਸੀ ਮਿਲੀ, ਜਿਸ ਤਰ੍ਹਾਂ ਦੀ ਕਦੀ ਉਸ ਦਾ ਵਡਾ ਮਾਲਕ ਉਸ ਨੂੰ ਦੇਂਦਾ ਹੁੰਦਾ ਸੀ। ਉਸ ਦਾ ਖ਼ਿਆਲ ਸੀ ਕਿ ਜੇ ਵਿਚਾਲੇ ਨਹੀਂ, ਤਾਂ ਛੇਕੜ ਤੇ ਪਹੁੰਚ ਕੇ ਤਾਂ ਉਸ ਨੂੰ ਇਹ ਮਿਲੇਗੀ ਹੀ, ਪਰ ਨਿਰਾਸਤਾ ਤੋਂ ਛੁਟ ਉਸ ਦੇ ਪੱਲੇ ਕੁਝ ਨਾ ਪਿਆ। ਜਦ ਉਸ ਨੇ ਵੇਖਿਆ ਕਿ ਸਤਨਾਮ ਨੇ ਦਾਦ ਤਾਂ ਕੀ ਦੇਣੀ ਸੀ, ਗਾਣੇ ਵਲ ਉਸ ਦਾ ਧਿਆਨ ਹੀ ਨਹੀਂ, ਸਗੋਂ ਉਸ ਦੀ ਨਜ਼ਰ ਬੰਦ ਅਲਮਾਰੀ ਦੇ ਢੱਕਣਾਂ ਉਤੇ ਗਡੀ ਹੋਈ ਸੀ ਤਾਂ ਉਸ ਵਿਚਾਰੇ ਨੇ ਨਿਰਾਸ ਹੋ ਕੇ ਸਿਰ ਨੀਵਾਂ ਕਰ ਲਿਆ।

"ਚੰਗਾ ਬਸ ਕਰ ਹੁਣ ਕੰਨ੍ਹਈਆ" ਕਹਿ ਕੇ ਸਤਨਾਮ ਨੇ ਉਚੀ ਸਾਰੀ ਇਕ ਸਾਹ ਭਰਿਆ ਤੇ ਫਿਰ ਪਾਸਾ ਪਰਤ ਕੇ ਲੰਮਾ ਪੈ ਗਿਆ।

ਕਨ੍ਹਈਆ ਕਦਮ ਘਸੀਟਦਾ ਹੇਠਾਂ ਉਤਰ ਆਇਆ।

22

ਪੂਰੇ ਚੰਦ੍ਰਮਾ ਦੀ ਚਾਨਣੀ ਅਕਾਸ਼ ਵਿਚ ਫੈਲੀ ਹੋਈ ਸੀ। ਸਤਨਾਮ ਦੇ ਕਮਰੇ ਦਾ ਬੂਹਾ ਬੰਦ ਸੀ, ਪਰ ਬਾਰੀਆਂ ਖੁਲ੍ਹੀਆਂ ਸਨ। ਬਿਜਲੀ ਦੇ ਚਾਨਣ ਨਾਲ ਕਮਰਾ ਜਗਮਗਾ ਰਿਹਾ ਸੀ। ਪਲੰਘ ਤੇ ਲੇਟਿਆ ਹੋਇਆ ਉਹ ਬੜੀ ਬੇਅਰਾਮੀ ਵਿਚ ਕਰਵੱਟ ਤੇ ਕਰਵੱਟ ਬਦਲ ਰਿਹਾ ਸੀ।

ਰੋਟੀ ਉਸ ਨੇ ਸਵੇਰੇ ਵੀ ਨਹੀਂ ਸੀ ਖਾਧੀ ਤੇ ਰਾਤੀਂ ਵੀ ਭੁਖ ਉਸ ਨੂੰ ਨਹੀਂ ਲਗੀ। ਪਰ

ਮਾਂ ਦੀ ਚਿੰਤਾ ਤੇ ਨਾਰਾਜ਼ਗੀ ਤੋਂ ਡਰਦਿਆਂ ਉਸ ਨੇ ਮੁਸ਼ਕਲ ਨਾਲ ਧੱਕ ਧੁਕ ਕੇ ਖੰਨੀ ਰੋਟੀ ਖਾ ਲਿਆ ਸੀ। ਰੋਟੀ ਖਾਂਦਿਆਂ ਇਕ ਤੋਂ ਵਧ ਵੇਰੀ ਕਿਸੇ ਨਾ ਕਿਸੇ ਬਹਾਨੇ ਕ੍ਰਿਸ਼ਨਾ ਉਸ ਦੇ ਲਾਗੇ ਚਾਗੇ ਆਉਂਦੀ ਤੇ ਆ ਆ ਕੇ ਚਲੀ ਜਾਂਦੀ ਰਹੀ। ਪਰ ਬਿਨਾਂ ਬੋਲਿਆਂ ਚਾਲਿਆਂ ਫਿਰ ਵੀ ਸਤਨਾਮ ਦੀਆਂ ਪੜਚੋਲੀਆਂ ਅੱਖਾਂ ਨੇ ਉਸ ਦੇ ਉਦਾਸ ਚਿਹਰੇ ਤੋਂ ਭਾਂਪ ਲਿਆ ਕਿ ਸਵੇਰ ਦੇ ਵਰਤਾਉ ਤੋਂ ਵਿਚਾਰੀ ਨਿਰਦੋਸ਼ ਕੁੜੀ ਦੇ ਦਿਲ ਨੂੰ ਕਾਫ਼ੀ ਸਦਮਾ ਪੁਜਾ ਹੈ। ਕ੍ਰਿਸ਼ਨਾ ਸ਼ਾਇਦ ਉਸ ਨੂੰ ਕੁਝ ਕਹਿਣਾ ਚਾਹੁੰਦੀ ਸੀ — ਇਕ ਵਾਰੀ ਫਿਰ ਗਲਾਂ ਕਰਨ ਦਾ ਜਿਵੇਂ ਮੌਕਾ ਢੂੰਡ ਰਹੀ ਸੀ। ਪਰ ਸਤਨਾਮ ਨੇ ਨਹੀਂ ਦਿਤਾ ਮੌਕਾ। ਉਹ ਥਾਲੀ ਅਗੋਂ ਉਠਦਾ ਹੀ ਕੁਲੀ ਕਰ ਕੇ ਤੇ ਤੌਲੀਏ ਨਾਲ ਹਥ ਪੂੰਝ ਕੇ ਮੁੜ ਆਪਣੇ ਕਮਰੇ ਵਿਚ ਜਾ ਵੜਿਆ ਤੇ ਉਸੇ ਤਰ੍ਹਾਂ ਕਮਰਾ ਬੰਦ ਕਰ ਕੇ ਪੈ ਗਿਆ। ਉਸ ਦੇ ਦਿਲ ਦੀ ਬੇਆਰਾਮੀ ਦੂਰ ਕਰਨ ਵਿਚ ਨਾ ਤਾਂ ਨਾਵਲ ਦੇ ਵਰਕੇ ਸਹਾਈ ਹੋ ਸਕੇ, ਨਾ ਹੀ ਕੱਨ੍ਹਈਏ ਦਾ ਗੀਤ। ਤੇ ਜਿਸ ਹਾਲਤ ਵਿਚ ਇਸ ਵੇਲੇ ਉਹ ਸਮੇਂ ਦੀਆਂ ਘੜੀਆਂ ਗਿਣ ਗਿਣ ਕੇ ਬਿਤਾ ਰਿਹਾ ਸੀ, ਉਸ ਨੂੰ ਜਾਪਦਾ ਕਿ ਜੇ ਇਹ ਹਾਲਤ ਉਸ ਦੀ ਏਦਾਂ ਹੀ ਹੋਰ ਕੁਝ ਚਿਰ ਟਿਕੀ ਰਹੀ, ਤਾਂ ਉਹ ਜਾਂ ਤਾਂ ਪਾਗਲ ਹੋ ਜਾਏਗਾ ਜਾਂ ਉਸ ਦਾ ਦਿਲ ਫੇਲ੍ਹ ਹੋ ਜਾਏਗਾ।

ਲੰਮਾ ਪਿਆ ਪਿਆ ਉਹ ਕਮਰੇ ਵਿਚਲੀ ਹਰ ਇਕ ਚੀਜ਼ ਉਤੇ ਇਸ ਤਰ੍ਹਾਂ ਨਜ਼ਰ ਫੇਰ ਰਿਹਾ ਸੀ, ਜਿਵੇਂ ਹਰ ਵਡੀ ਤੋਂ ਲੈ ਕੇ ਛੋਟੀ ਚੀਜ਼ ਪਾਸੋਂ ਆਪਣੀ ਤਕਲੀਫ਼ ਦਾ ਇਲਾਜ ਪੁਛ ਰਿਹਾ ਹੈ।

ਮੇਜ਼ ਉਤੇ ਓਹੀ ਤਿੰਨੇ ਨਾਵਲ ਇਕ ਦੂਜੇ ਦੇ ਉਪਰ ਪਏ ਹੋਏ ਸਨ। ਉਸ ਦੀ.ਨਜ਼ਰ ਫਿਰਦੀ ਫਿਰਦੀ ਇਕ ਵਾਰੀ ਫਿਰ ਇਨ੍ਹਾਂ ਉਤੇ ਆ ਕੇ ਟਿਕ ਗਈ। ਛੇਕੜ ਉਸ ਨੇ ਹਥ ਵਧਾ ਕੇ ਸਭ ਤੋਂ ਉਤਲਾ ਨਾਵਲ ਚੁਕ ਲਿਆ ਤੇ ਇਹ ਸੋਚ ਕੇ ਕਿ ਐਤਕੀ ਮਤੇ ਇਸ ਦੇ ਪਲਾਟ ਵਿਚ ਉਸ ਦਾ ਦਿਲ ਖੁਭ ਹੀ ਜਾਵੇ, ਪੜ੍ਹਨਾ ਸ਼ੁਰੂ ਕੀਤਾ। ਪਰ ਫੇਰ ਓਹੀ ਹਾਲ। ਉਸ ਦੀਆਂ ਅੱਖਾਂ, ਤੇ ਕਿਤਾਬ ਦੇ ਅੱਖਰਾਂ ਵਿਚਾਲੇ ਫੇਰ ਓਹੀ ਕੁਝ ਆ ਖੜ੍ਹਦਾ, ਜਿਸ ਨੂੰ ਹਟਾਉਣ ਲਈ ਉਹ ਸਵੇਰ ਤੋਂ ਤਰਲੋ-ਮਛੀ ਹੋ ਰਿਹਾ ਸੀ।

ਬਹੁਤ ਸਾਰੀ ਕੋਸ਼ਿਸ਼ ਤੇ ਧੂਹ ਘਸੀਟ ਕਰਨ ਦੇ ਬਾਵਜੂਦ ਵੀ ਉਹ ਚਾਰ ਪੰਜ ਵਰਕਿਆਂ ਤੋਂ ਵਧ ਨਾ ਪੜ੍ਹ ਸਕਿਆ। ਛੇਕੜ ਝੁੰਜਲਾ ਕੇ ਉਸ ਨੇ ਨਾਵਲ ਨੂੰ ਮੇਜ਼ ਤੇ ਰਖਣ ਦੇ ਥਾਂ ਫ਼ਰਸ਼ ਤੇ ਵਗਾਹ ਮਾਰਿਆ।

ਹੁਣ ਉਹ ਅਲਮਾਰੀ ਦਾ ਜੰਦਰਾ ਖੋਲ੍ਹ ਕੇ ਉਸ ਦੇ ਸਭ ਤੋਂ ਉਤਲੇ ਖ਼ਾਨੇ ਦੀ ਫੋਲਾ ਫਾਲੀ ਕਰ ਰਿਹਾ ਸੀ। ਜਿਥੇ ਬਹੁਤ ਸਾਰੀਆਂ ਕਿਤਾਬਾਂ ਚਿਣੀਆਂ ਹੋਈਆਂ ਸਨ — ਚੰਗੇ ਚੰਗੇ ਕਹਾਣੀ ਸੰਗ੍ਰਹਿ, ਕੁਝ ਨਾਟਕ, ਕਈ ਨਾਵਲ ਤੇ ਕਵਿਤਾ ਦੀਆਂ ਢੇਰ ਸਾਰੀਆਂ ਕਿਤਾਬਾਂ। ਪੜ੍ਹਨ ਲਈ ਪਸੰਦ ਕਰਨ ਦੇ ਇਰਾਦੇ ਨਾਲ ਉਸ ਨੇ ਇਕ ਇਕ ਕਿਤਾਬ ਨੂੰ ਫੜ ਕੇ ਫੋਲਿਆ। ਪਰ ਕੋਈ ਵੀ ਉਸ ਦੇ ਦਿਲ ਨੂੰ ਖਿਚ ਨਾ ਪਾ ਸਕੀ। ਛੇਕੜ ਉਸੇ ਤਰ੍ਹਾਂ ਅਲਮਾਰੀ ਖੁਲ੍ਹੀ ਛਡ ਕੇ ਉਸ ਨੇ ਬੂਹਾ ਖੋਲ੍ਹਿਆ, ਤੇ ਹੇਠਾਂ ਉਤਰ ਗਿਆ।

ਡੁਬਦੇ ਨੂੰ ਕਹਿੰਦੇ ਨੇ ਤੀਲੇ ਦਾ ਸਹਾਰਾ ਵੀ ਕਾਫ਼ੀ ਹੁੰਦਾ ਹੈ। ਪਰ ਜਦੋਂ ਆਦਮੀ ਆਪ ਹੀ ਤੀਲਾ ਬਣ ਕੇ ਕਿਸੇ ਘੁੰਮਣ-ਘੇਰੀ ਵਿਚ ਚੱਕਰ ਖਾ ਰਿਹਾ ਹੋਵੇ — ਜਿਥੇ ਲਹਿਰਾਂ ਦਾ ਅਮੁਕ ਚੱਕਰ ਨਾ ਉਸ ਨੂੰ ਡੁਬਣ ਦੇਂਦਾ ਹੋਵੇ ਨਾ ਤਰਨ। ਓਦੋਂ ਉਸ ਲਈ ਕਾਹਦਾ ਸਹਾਰਾ ਬਾਕੀ ਰਹਿ ਗਿਆ ਹੋਵੇਗਾ ? ਓਦੋਂ ਸ਼ਾਇਦ ਉਸ ਦੇ ਅੰਦਰੋਂ ਇਹੋ ਕਾਮਨਾ ਬਾਰ ਬਾਰ ਉਠਦੀ ਹੋਵੇਗੀ ਕਿ ਜੇ ਮੈਂ ਤਰ ਨਹੀਂ ਸਕਦਾ ਤਾਂ ਡੁਬ ਹੀ ਜਾਵਾਂ, ਤਾਂ ਜੁ ਇਸ ਜ਼ਿੰਦਗੀ ਤੇ ਮੌਤ ਦੀ ਚਰਖੀ ਉਤੇ ਤੁੰਬੇ ਜਾਣ ਤੋਂ ਤਾਂ ਛੁਟਕਾਰਾ ਮਿਲੇ। ਸਤਨਾਮ ਦਾ ਦਿਲ ਇਹੋ ਜਿਹੀਆਂ ਹੀ ਕਈਆਂ

ਭਿਆਨਕ ਸੋਚਾਂ ਵਿਚ ਗਰਦਾਨਿਆਂ ਹੋਇਆ ਸੀ ਕਿ ਉਸ ਦੇ ਦਿਮਾਗ਼ ਵਿਚ ਪਤਾ ਨਹੀਂ ਕਿਵੇਂ ਇਕ ਅਜੀਬ ਤਰ੍ਹਾਂ ਦਾ ਖ਼ਿਆਲ ਆ ਸਮਾਇਆ। ਉਸ ਨੇ ਹੇਠਾਂ ਉਤਰ ਕੇ ਸੁਤੀ ਹੋਈ ਮਾਂ ਨੂੰ ਜਾ ਆਵਾਜ਼ ਮਾਰੀ।

ਕੇਸਰ ਕੌਰ ਨਾਂ ਮਾਤਰ ਹੀ ਸੁੱਤੀ ਹੋਈ ਸੀ। ਜਾਗੋ ਮੀਟੀ ਦੀ ਹਾਲਤ ਵਿਚ ਉਹ ਦਿਲ ਦੀ ਕਿਸੇ ਮਾਰੂ ਭਟਕਣਾ ਦਾ ਸ਼ਿਕਾਰ ਬਣੀ ਹੋਈ ਤੇ ਅਤ ਡਰਾਉਣੇ ਪਰਛਾਵੇਂ ਤਕ ਰਹੀ ਸੀ। ਪੁੱਤਰ ਨੂੰ ਕੁਝ ਕਹਿਣ ਦਾ ਹੀਆ ਉਹ ਹੁਣ ਤੀਕ ਤਾਂ ਨਹੀਂ ਸੀ ਕਰ ਸਕੀ, ਪਰ ਹੁਣ ਉਸ ਲਈ ਇਹ ਹਾਲਤ ਸਹਾਰਨੀ ਅਸੰਭਵ ਹੋ ਗਈ ਸੀ। ਉਹ ਸੋਚ ਰਹੀ ਸੀ — "ਸਵੇਰੇ ਦਿਨ ਚੜ੍ਹਦਿਆਂ ਹੀ ਮੈਂ ਉਸ— —"

ਸੋਚਾਂ ਦਾ ਸਿਲਸਿਲਾ ਅਚਾਨਕ ਟੁਟ ਗਿਆ, ਜਦ ਉਸ ਦੇ ਕੰਨਾਂ ਨੇ "ਭਾਬੀ" ਲਫ਼ਜ਼ ਸੁਣਿਆਂ। ਉਹ ਉਠ ਕੇ ਬੈਠ ਗਈ —"ਕਿਉਂ ਕਾਕਾ ! ਤੂੰ ਸੁਤਾ ਨਹੀਂ ਅਜੇ ?"

"ਨਹੀਂ ਨੀਂਦਰ ਉੱਕ ਗਈ ਸੀ। ਜ਼ਰਾ ਗੁਟਕਾ ਦਈਂ ਖਾਂ ਆਪਣਾ।"

"ਗੁਟਕਾ ?" ਕੇਸਰ ਕੌਰ ਨੇ ਇਸ ਤਰ੍ਹਾਂ ਹੈਰਾਨੀ ਭਰੀ ਨਜ਼ਰ ਨਾਲ ਉਸ ਵਲ ਤਕਿਆ, ਜਿਵੇਂ ਉਸ ਨੇ ਕੋਈ ਅਨਹੋਣੀ ਗਲ ਸੁਣੀ ਹੋਵੇ। ਭਲਾ ਸਤਨਾਮ ਕੀ ਆਖ, ਤੇ ਗੁਟਕਾ ਕੀ ਆਖ। ਜਿਸ ਨੇ ਕਦੀ ਭੁਲ ਕੇ ਵੀ — ਉਸ ਦੇ ਹਜ਼ਾਰ ਵੇਰਾਂ ਤਰਲੇ ਕਰਨ ਤੇ ਵੀ ਜਿਸ ਨੇ ਕਦੀ ਗੁਟਕੇ ਨੂੰ ਨਹੀਂ ਸੀ ਛੋਹਿਆ।

"ਕੀ ਕਰਨਾ ਈ ?" ਇਹ ਜਾਣਦਿਆਂ ਹੋਇਆ ਕਿ ਗੁਟਕਾ, ਪੜ੍ਹਨ ਵਾਲੀ ਚੀਜ਼ ਹੈ, ਤੇ ਪੜ੍ਹਨ ਤੋਂ ਬਿਨਾਂ ਉਸ ਪਾਸੋਂ ਹੋਰ ਕੋਈ ਕੰਮ ਨਹੀਂ ਲਿਆ ਜਾ ਸਕਦਾ, ਉਸ ਨੇ ਇਹ ਸਵਾਲ ਕੀਤਾ।

"ਜ਼ਰਾ ਪਾਠ ਕਰਨਾ ਏ।" ਪੁੱਤਰ ਦੇ ਮੂੰਹੋਂ ਇਸ ਗਲ ਦਾ ਸੁਣਨਾ ਸੀ ਕਿ ਕੇਸਰ ਕੌਰ ਦੇ ਅੰਦਰ ਇਕ ਗੁਝੀ ਜਿਹੀ ਪਰ ਹੈਰਾਨੀ ਭਰੀ ਲਹਿਰ ਦੌੜ ਗਈ — "ਕੀ ਮੇਰਾ ਸਤਨਾਮ ਗੁਰਬਾਣੀ ਪੜ੍ਹੇਗਾ ?" ਦਿਲ ਹੀ ਦਿਲ ਵਿਚ ਉਸ ਨੇ ਇਹ ਪ੍ਰਸ਼ਨ ਕੀਤਾ, ਤੇ ਛੇਤੀ ਨਾਲ ਮੰਜੇ ਤੋਂ ਉਠ ਕੇ ਕਮਰੇ ਦਾ ਬੂਹਾ ਜਾ ਖੋਲ੍ਹਿਆ।

ਗੁਟਕਾ — ਜਿਹੜਾ ਅਸਮਾਨੀ ਰੰਗੇ ਰੇਸ਼ਮੀ ਕਪੜੇ ਦੀ ਨਿਕੀ ਜਿਹੀ ਬਸਤੀ ਵਿਚ ਬਝਾ ਹੋਇਆ ਸੀ, ਮਾਂ ਪਾਸੋਂ ਲੈ ਕੇ ਉਹ ਬਿਨਾਂ ਹੋਰ ਕੋਈ ਗਲ ਕੀਤਿਆਂ ਆਪਣੇ ਕਮਰੇ ਵਿਚ ਜਾ ਦਾਖ਼ਲ ਹੋਇਆ।

ਅਕਾਸ਼ ਵਿਚ ਚਮਕਦੇ ਚੰਨ ਦੀ ਫਿੱਕੀ ਚਾਨਣੀ ਹੌਲੀ ਹੌਲੀ ਤੇਜ਼ ਹੁੰਦੀ ਆ ਰਹੀ ਸੀ। ਇਕ ਘਸਮੈਲੇ ਰੰਗ ਦੇ ਬੱਦਲ ਦੇ ਟੁਕੜੇ ਹੇਠੋਂ — ਜਿਸ ਨੇ ਉਸ ਨੂੰ ਢਕਿਆ ਹੋਇਆ ਸੀ — ਹੌਲੀ ਹੌਲੀ ਸਰਕਦਾ ਹੋਇਆ ਚੰਦਰਮਾ ਨੰਗਾ ਹੋਈ ਜਾਂਦਾ ਸੀ।

ਪਲੰਘ ਤੇ ਬੈਠ ਕੇ ਸਤਨਾਮ ਨੇ ਬਸਤੀ ਉਤੋਂ ਚਿਟੇ ਸੂਤਰ ਦਾ ਧਾਗਾ ਖੋਲ੍ਹਿਆ, ਤੇ ਫਿਰ ਵਿਚੋਂ ਗੁਟਕਾ ਕਢ ਕੇ ਵੇਖਿਆ। ਹੱਥਾਂ ਦੀ ਰਗੜ ਕਰ ਕੇ ਉਸ ਦੀ ਕਪੜੇ ਦੀ ਜਿਲਦ, ਚਮੜੇ ਵਰਗੀ ਕੂਲੀ ਸੀ, ਤੇ ਵਰਕੇ ਕਾਫ਼ੀ ਭੁਰਭੁਰੇ ਹੋ ਗਏ ਸਨ। ਕਈਆਂ ਥਾਵਾਂ ਤੋਂ ਸੀਊਣਾ ਵੀ ਉਖੜ ਗਈਆਂ ਸਨ। ਜਿਸ ਕਰ ਕੇ ਕੋਈ ਕੋਈ ਸਮੁਚੇ ਦਾ ਸਮੁਚਾ ਫ਼ਰਮਾ ਸਿਰੇ ਦੀ ਕਟੀ ਹੋਈ ਤਹਿ ਤੋਂ ਅਗਾਂਹ ਵਧਿਆ ਹੋਇਆ ਸੀ। ਜਿਲਦ ਦਾ ਪੁਸ਼ਤਾ ਵੀ ਆਪਣੇ ਅਸਲ ਥਾਂ ਤੋਂ ਕੁਝ ਹਟਿਆ ਹੋਇਆ ਸੀ। ਇਨ੍ਹਾਂ ਸਾਰੀਆਂ ਗਲਾਂ ਤੋਂ ਉਸ ਦੇ ਕਾਫ਼ੀ ਪੁਰਾਣਾ ਤੇ ਵਰਤਿਆ ਹੋਇਆ ਹੋਣ ਦਾ ਸਬੂਤ ਲਭਦਾ ਸੀ, ਤੇ ਗੁਟਕੇ ਦੀ ਇਹ ਪੁਰਾਤਣਤਾ ਸਤਨਾਮ ਦੀਆਂ ਨਜ਼ਰਾਂ ਵਿਚ ਕੁਝ ਕੁਝ ਮਹਾਨਤਾ ਦੀ ਸ਼ਕਲ ਵਿਚ ਬਦਲ ਗਈ, ਜਦ ਅਚਾਨਕ ਹੀ ਉਸ ਦੀ ਨਜ਼ਰ ਉਸ ਦੇ ਕਈਆਂ ਥਾਵਾਂ ਤੋਂ ਘਸ ਘਸ ਕੇ ਖੱਦੀ ਹੋਏ ਹੋਏ ਟਾਈਟਲ ਤੇ ਪਈ। ਜਿਸ ਉਤੋਂ ਛਪਾਈ ਭਾਵੇਂ ਬਹੁਤ ਹਦ ਤੀਕ ਜਾਇਆ ਹੋ ਗਈ ਸੀ, ਫਿਰ ਵੀ ਉਸ ਦੇ ਵਿਚਕਾਰਲੇ ਹਿਸੇ

ਉਤੇ ਫਿੱਕੀ ਲਾਲ ਸਿਆਹੀ ਦੇ ਛਪੇ ਹੋਏ ਇਹ ਅੱਖਰ ਉਹ ਪੜ੍ਹ ਹੀ ਸਕਿਆ — "ਗਿਆਨ ਸਿੰਘ ਅਰਜ਼ੀ… …ਨਵੀਸ ਨੇ ਤਰੀਕ…ਸੰਨ 1917 ਨੂੰ ਆਪਣੀ ਸਪੁ… …ਬੀਬੀ ਕੇਸ… …ਦੇ ਸੁਭ ਅਨੰ… …ਰਜ ਸਮੇ…ਟਾ ਕੀਤਾ"।

ਵਿਚੋਂ ਵਿਚੋਂ ਕਈ ਅੱਖਰ ਘਸ ਜਾਣ ਕਰ ਕੇ ਭਾਵੇਂ ਉਹ ਇਤਨਾ ਹੀ ਪੜ੍ਹ ਸਕਿਆ, ਪਰ ਇਹ ਜਾਣ ਕੇ ਉਸ ਦੇ ਦਿਲ ਨੂੰ ਇਕ ਮਿਠੇ ਜਿਹੇ ਸੁਆਦ ਦਾ ਅਨੁਭਵ ਹੋਇਆ ਕਿ ਇਹ ਗੁਟਕਾ ਉਸ ਦੀ ਮਾਂ ਦਾ ਦਾਜ ਗੁਟਕਾ ਹੈ, ਜਿਸ ਨੂੰ ਰੋਜ਼ਾਨਾ ਬੇਨਾਗਾ ਪਾਠ ਕਰਦੇ ਰਹਿਣ ਤੇ ਵੀ ਪੂਰੇ ਤੀਹਾਂ ਵਰ੍ਹਿਆਂ ਤੋਂ ਉਸ ਨੇ ਸਾਂਭਿਆ ਹੋਇਆ ਹੈ।

ਮੁਢਲੀ ਪੜ੍ਹਾਈ ਸਤਨਾਮ ਨੇ ਇਕ ਐਸੇ ਸਕੂਲ ਵਿਚ ਕੀਤੀ ਸੀ, ਜਿਥੇ ਗੁਰਮੁਖੀ ਦੀ ਪੜ੍ਹਾਈ ਤਾਂ ਅਵੱਸ਼ ਹੁੰਦੀ ਸੀ, ਪਰ ਕੇਵਲ ਕੋਰਸਾਂ ਦੀ ਹੀ — ਗੁਰਬਾਣੀ ਪੜ੍ਹਾਣ ਦਾ ਉਸ ਵਿਚ ਰਿਵਾਜ ਨਹੀਂ ਸੀ, ਤੇ ਇਸੇ ਕਰ ਕੇ ਗੁਰਬਾਣੀ ਨਾਲ ਅਜ ਤੀਕ ਉਸ ਦੀ ਕੋਈ ਦਿਲਚਸਪੀ ਨਹੀਂ ਸੀ। ਇਥੋਂ ਤਕ ਕਿ ਜਪੁਜੀ ਦੀ ਪਹਿਲੀ ਪੌੜੀ ਵੀ ਉਸ ਨੂੰ ਜ਼ਬਾਨੀ ਯਾਦ ਨਹੀਂ ਸੀ।

ਸ਼ੁਰੂ ਤਾਂ ਉਸ ਨੇ ਇਹ ਕੰਮ ਬੇਦਿਲੇ ਤੇ ਸੁਸਤ ਜਿਹੇ ਢੰਗ ਨਾਲ ਕੀਤਾ — ਕੇਵਲ ਵਕਤ ਨੂੰ ਕੁਝ ਸੁਖਾਲਾ ਕਰਨ ਲਈ। ਪਰ ਜਿਉਂ ਜਿਉਂ ਉਹ ਬਾਣੀ ਪੜ੍ਹਦਾ ਗਿਆ, ਉਸ ਨੂੰ ਕੁਝ ਸੁਆਦ ਆਉਣਾ ਸ਼ੁਰੂ ਹੋ ਗਿਆ, ਤੇ ਪੈਰੋ ਪੈਰ ਉਸ ਦੀ ਦਿਲਚਸਪੀ ਇਸ ਨਾਲ ਵਧਦੀ ਗਈ।

ਅੱਧਾ ਪੌਣਾ ਘੰਟਾ ਲਗਾਤਾਰ ਉਹ ਬਾਣੀ ਦੇ ਪਾਠ ਵਿਚ ਲਗਾ ਰਿਹਾ — ਡੂੰਘੇ ਧਿਆਨ, ਖੋਜ ਤੇ ਪੜਚੋਲੀ ਰੁਚੀ ਨਾਲ। ਕੁਝ ਹਿੱਸਾ ਉਸ ਨੇ ਆਦਿ ਬਾਣੀ ਦਾ ਪੜ੍ਹਿਆ — ਪਹਿਲੀ ਪਾਤਸ਼ਾਹੀ, ਪੰਜਵੀਂ ਪਾਤਸ਼ਾਹੀ, ਕਬੀਰ ਤੇ ਫ਼ਰੀਦ ਦੀ। ਤੇ ਫਿਰ ਅਕਾਲ ਉਸਤਤ ਦੇ ਕੁਝ ਸਵੱਯੇ ਕਬਿੱਤ ਆਦਿ।

ਉਸ ਦਾ ਸਾਧਾਰਨ ਸੁਆਦ ਹੌਲੀ ਹੌਲੀ ਅਸਾਧਾਰਨ ਹਾਲਤ ਵਿਚ ਬਦਲਣਾ ਸ਼ੁਰੂ ਹੋਇਆ। ਜਿਸ ਦਾ ਫਲਰੂਪ ਆਪਣੇ ਮਨ ਦੇ ਚੌਖਟੇ ਵਿਚ ਉਸ ਨੂੰ ਇਕ ਸਰਬ ਸਾਂਝੀ ਜਿਹੀ ਤਸਵੀਰ ਦਿਖਾਈ ਦੇਣ ਲਗ ਪਈ, ਜਿਸ ਵਿਚ ਗੁਰੂ ਨਾਨਕ, ਹਜ਼ਰਤ ਮੁਹੰਮਦ, ਰਾਮ, ਕ੍ਰਿਸ਼ਨ, ਈਸਾ, ਕਬੀਰ, ਫ਼ਰੀਦ ਤੇ ਗੁਰੂ ਗੋਬਿੰਦ ਸਿੰਘ, ਸਾਰੇ ਹੀ ਇਕੋ ਗਰੁਪ ਵਿਚ ਬੈਠੇ ਦਿਖਾਈ ਦੇ ਰਹੇ ਸਨ। ਤੇ ਉਸ ਲਈ ਇਹ ਨਿਤਾਰਾ ਕਰਨਾ ਔਖਾ ਹੋ ਰਿਹਾ ਸੀ ਕਿ ਇਨ੍ਹਾਂ ਵਿਚੋਂ ਹਿੰਦੂ ਕਿਹੜਾ ਹੈ, ਮੁਸਲਮਾਨ ਕਿਹੜਾ ਤੇ ਸਿਖ ਕਿਹੜਾ — ਇਕੋ ਜਿਹੀ ਆਤਮਕ ਰੰਗਣ ਦੇ ਗੂੜ੍ਹੇ ਰੰਗ ਵਿਚ ਰੱਤੇ ਹੋਏ ਨੂਰੀ ਚੋਲੇ ਉਹ ਸਾਰਿਆਂ ਦੇ ਗਲਾਂ ਵਿਚ ਵੇਖ ਰਿਹਾ ਸੀ। ਸਾਰਾ ਬ੍ਰਹਿਮੰਡ ਉਸ ਨੂੰ "ਏਕ ਨੂਰ ਤੇ ਸਭ ਜਗ ਉਪਜਿਆ" ਅਨੁਭਵ ਹੋ ਰਿਹਾ ਸੀ।

ਛੇਕੜ ਜਦ ਉਸ ਨੇ ਦੋ ਘੰਟਿਆਂ ਦੇ ਲਗਾਤਾਰ ਪਾਠ ਤੋਂ ਬਾਅਦ ਗੁਟਕਾ ਠਪ ਕੇ ਉਸੇ ਤਰ੍ਹਾਂ ਬਸਤੀ ਵਿਚ ਲਪੇਟ ਕੇ ਮੇਜ਼ ਤੇ ਰਖ ਦਿਤਾ, ਤਾਂ ਉਹ ਆਪਣੇ ਆਪ ਵਿਚ ਇਉਂ ਮਹਿਸੂਸ ਕਰ ਰਿਹਾ ਸੀ, ਜਿਵੇਂ ਮਣਾਂ-ਮੂੰਹੀ ਢਲਿਆ ਹੋਇਆ ਸਿੱਕਾ — ਜਿਹੜਾ ਉਸ ਦੇ ਅੰਦਰ ਭਰਿਆ ਪਿਆ ਸੀ, ਇਸ ਦੋ ਘੰਟਿਆਂ ਦੇ ਪਾਠ ਨੇ ਉਸ ਨੂੰ ਪੰਘਾਰ ਕੇ ਕਿਤੇ ਵਹਾ ਦਿਤਾ ਹੈ। ਆਪਣਾ ਦਿਲ ਤੇ ਦਿਮਾਗ਼ ਉਸ ਨੂੰ ਹੌਲੇ ਹੌਲੇ ਜਾਪ ਰਹੇ ਸਨ।

ਪਰ ਅਜੇ ਤਕ ਵੀ ਇਕ ਉਲਝਣ ਜਿਹੀ ਉਸ ਦੇ ਅੰਦਰ ਦੀ ਕਿਸੇ ਨੁਕਰੇ ਅੜੀ ਹੋਈ ਸੀ। ਸਭ ਤੋਂ ਛੇਕੜ ਵਿਚ ਉਸ ਨੇ ਅਕਾਲ ਉਸਤਤ ਦਾ ਜਿਹੜਾ ਥੋੜਾ ਜਿੰਨਾ ਹਿਸਾ ਪੜ੍ਹਿਆ ਸੀ, ਉਸ ਦੀਆਂ ਇਕ ਦੋ ਤੁਕਾਂ ਜਿਵੇਂ ਦੋ ਵਡੇ ਨਗਾਰੇ ਬਣ ਕੇ ਉਸ ਦੇ ਅੰਦਰ ਵਜ ਰਹੀਆਂ ਸਨ, ਤੇ ਜਿਉਂ ਜਿਉਂ "ਮਾਨਸ ਕੀ ਜਾਤ ਸਭ ਏਕੈ ਪਹਿਚਾਨਬੋ" ਦੀ ਇਹ ਗੂੰਜ ਉਸ ਦੇ ਅੰਦਰ ਗੂੰਜਦੀ, ਉਸ ਨਾਲੋਂ ਵੀ ਦੂਣੀ ਆਵਾਜ਼ ਵਿਚ ਇਕ ਪ੍ਰਸ਼ਨ ਉਸ ਦੇ ਅੰਦਰੋਂ ਉਠਦਾ — "

ਕੀ ਸਚਮੁਚ ਸਾਰੇ ਮਨੁੱਖਾਂ ਦੀ ਇਕੋ ਜ਼ਾਤ ਹੈ ?" ਤੇ ਜਦ ਉਸ ਦੇ ਪੜ੍ਹੇ ਹੋਏ ਵਾਕ — "ਦੇਹੁਰਾ ਮਸੀਤ ਸੋਈ ਪੂਜਾ 'ਔ ਨਿਮਾਜ਼ ਓਹੀ" ਨੂੰ ਉਸ ਦਾ ਅੰਦਰਲਾ ਦੁਹਰਾਉਣ ਲਗਦਾ ਤਾਂ ਝਟ ਹੀ ਉਸ ਦੀਆਂ ਅੱਖਾਂ ਅਗੋਂ ਫ਼ਿਲਮ ਦੀਆਂ ਤਸਵੀਰਾਂ ਵਾਂਗ ਕੁਝ ਝਾਕੀਆਂ ਫਿਰ ਜਾਂਦੀਆਂ — ਪਰਾਗਦਾਸ ਦੀ ਸੜੀ ਹੋਈ ਮਸੀਤ ਦੀਆਂ ਕੁਝ ਭੱਜੀਆਂ ਟੁੱਟੀਆਂ ਕੰਧਾਂ, ਜਿਹੜੀਆਂ ਮਲਬੇ ਦੇ ਢੇਰਾਂ ਵਿਚਾਲੇ ਖੜ੍ਹੀਆਂ ਸਨ। ਤੇ ਫਿਰ ਫੰਬ ਵਾਲੇ ਬਜ਼ਾਰ ਦਾ ਮੰਦਰ, ਜਿਸ ਦੀਆਂ ਛੱਤਾਂ ਵਿਚੋਂ ਡਿਗੇ ਹੋਏ ਵਡੇ ਵਡੇ ਲੋਹੇ ਦੇ ਗਾਰਡਰ ਦੂਹਰੇ ਤੀਹਰੇ ਹੋ ਕੇ ਅਧੇ ਅਧੇ ਮਲਬੇ ਹੇਠ, ਤੇ ਅਧੇ ਅਧੇ ਬਾਹਰ ਦਿਖਾਈ ਦੇ ਰਹੇ ਸਨ। ਫਿਰ ਗੁਰਦੁਆਰਾ ਗੁਰੂ ਕੇ ਮਹੱਲ ਦੀ ਕਾਫ਼ੀ ਹੱਦ ਤੀਕ ਨੁਕਸਾਨੀ ਹੋਈ ਇਮਾਰਤ।

ਉਸ ਦੇ ਦਿਮਾਗ਼ ਨੂੰ ਇਨ੍ਹਾਂ ਭਾਂਤੇ ਭਾਂਤੀ ਸੋਚਾਂ ਨੇ ਕੁਝ ਥਕਾ ਦਿਤਾ ਸੀ। ਉਹ ਪਲੰਗ ਤੇ ਲੇਟ ਗਿਆ, ਤੇ ਲੇਟਿਆਂ ਹੀ ਲੇਟਿਆਂ ਪਿਛਲੇ ਤਿੰਨਾਂ ਮਹੀਨਿਆਂ ਦੀਆਂ ਉਹ ਸਾਰੀਆਂ ਤਬਾਹਕਾਰੀਆਂ — ਜੋ ਉਸ ਨੇ ਤਕੀਆਂ, ਤੇ ਅਖ਼ਬਾਰਾਂ ਵਿਚ ਪੜ੍ਹੀਆਂ ਸਨ, ਇਕ ਇਕ ਕਰ ਕੇ ਉਸ ਦੇ ਅਗੋਂ ਲੰਘਣ ਲਗੀਆਂ। ਮਾਨੋ ਇਕ ਨਾਟਕ ਜਿਹਾ ਖੇਡਿਆ ਜਾ ਰਿਹਾ ਸੀ। ਉਸ ਦੇ ਸਾਹਮਣੇ। ਛੁਰਿਆਂ ਤੇ ਕਿਰਪਾਨਾਂ ਨਾਲ ਮਨੁਖੀ ਸਰੀਰਾਂ ਦੇ ਪੜਛੇ ਲਥਦੇ ਤੇ ਲਹੂ ਦੀਆਂ ਤਤੀਰੀਆਂ ਵਹਿੰਦੀਆਂ ਉਸ ਨੂੰ ਨਜ਼ਰੀ ਆ ਰਹੀਆਂ ਸਨ। ਬਜ਼ਾਰਾਂ ਦੇ ਬਜ਼ਾਰ, ਤੇ ਮਹੱਲਿਆਂ ਦੇ ਮਹੱਲੇ ਲਟ ਲਟ ਬਲਦੇ ਉਹ ਤੱਕ ਰਿਹਾ ਸੀ। ਬੰਬਾਂ ਪਿਸਤੌਲਾਂ ਦੀ ਵਰਤੋਂ ਨਾਲ ਮਨੁਖ ਜਾਤੀ ਦੇ ਆਹੂ ਲਾਹੇ ਜਾ ਰਹੇ ਉਹ ਅਨੁਭਵ ਕਰ ਰਿਹਾ ਸੀ।

ਸੋਚਾਂ ਦਾ ਇਹ ਲੰਮਾ ਤੇ ਤੇਜ਼ ਵਹਿਣ ਇਕਦੰਮ ਰੁਕ ਗਿਆ। ਉਸ ਦੀਆਂ ਅੱਖਾਂ ਬੰਦ ਸਨ, ਤੇ ਅੱਖਾਂ ਵਾਂਗ ਹੀ ਦਿਲ ਵੀ ਜਿਵੇਂ ਕੁਝ ਚਿਰ ਲਈ ਆਪਣੀ ਨਿਰੰਤਰ ਧੜਕਣ ਤੋਂ ਹੁੱਸੜ ਕੇ ਥਕਾਵਟ ਦੂਰ ਕਰਨੰ ਲਈ ਖਲੋ ਜਿਹਾ ਗਿਆ ਸੀ। ਉਸ ਦੇ ਸਵਾਸਾਂ ਦੀ ਰਉਂ ਵਿਚੋਂ ਖ਼ਿਆਲਾਂ ਦੀ ਕੋਈ ਨਵੀਂ ਪਨੀਰੀ ਪੁੰਗਰ ਰਹੀ ਸੀ। ਇਸ ਪਨੀਰੀ ਨੇ ਪਲ ਝਲ ਵਿਚ ਹੀ ਵਧਣ ਤੋਂ ਬਾਅਦ ਫੈਲਣਾ ਵੀ ਸ਼ੁਰੂ ਕਰ ਦਿਤਾ। ਹੁਣ ਫੇਰ ਉਸ ਦੀਆਂ ਅੱਖਾਂ ਉਸੇ ਸਵੇਰ ਵਾਲੀ ਲੋਥ ਨੂੰ ਵੇਖ ਰਹੀਆਂ ਸਨ।

ਉਹ ਉਠ ਕੇ ਬੈਠ ਗਿਆ ਤੇ ਝਟ ਕੁ ਬੈਠੇ ਰਹਿਣ ਤੋਂ ਬਾਅਦ ਉਸ ਨੇ ਮੇਜ਼ ਵਲ ਉਸ ਥਾਵੇਂ ਹਥ ਵਧਾਇਆ, ਜਿਥੇ ਉਸ ਦਾ ਨੀਲੇ ਰੰਗ ਦਾ ਲੈਟਰਪੈਡ ਤੇ ਉਸ ਦੇ ਕੋਲ ਹੀ ਪੈੱਨ ਪਿਆ ਸੀ। ਉਸ ਨੇ ਉਰਦੂ ਅੱਖਰਾਂ ਵਿਚ ਕੁਝ ਲਿਖਣਾ ਸ਼ੁਰੂ ਕਰ ਦਿਤਾ।

ਡੇਢ ਦੋ ਸਫ਼ੇ ਲਿਖ ਲੈਣ ਤੋਂ ਬਾਅਦ ਉਸ ਨੇ ਪੈਡ ਤੇ ਪੈੱਨ ਮੇਜ਼ ਤੇ ਰਖ ਦਿਤੇ। ਫਿਰ ਉਠ ਕੇ ਅਲਮਾਰੀ ਵਲ ਵਧਿਆ, ਜਿਹੜੀ ਖੁਲ੍ਹੀ ਪਈ ਸੀ। ਉਸ ਨੇ ਰਵਾਂ-ਰਵੀਂ ਸਭ ਤੋਂ ਪਹਿਲਾਂ ਉਹ ਝਾਲਰਦਾਰ ਥੈਲਾ ਚੁਕਿਆ ਤੇ ਚੁਕ ਕੇ ਬਾਹਰ ਲੈ ਗਿਆ।

ਨਲਕੇ ਹੇਠ ਪਾਣੀ ਦੀ ਬਾਲਟੀ ਭਰੀ ਪਈ ਸੀ। ਉਸ ਨੇ ਪਹਿਲਾਂ ਲਾਲ ਪਦਾਰਥ ਵਾਲਾ, ਤੇ ਫਿਰ ਚਿਟੇ ਵਾਲਾ — ਵਾਰੋ ਵਾਰੀ ਦੋਵੇਂ ਲਫ਼ਾਫ਼ੇ ਗ਼ੁਸਲਖ਼ਾਨੇ ਦੇ ਹੌਜ਼ ਵਿਚ ਪਲਟ ਦਿਤੇ ਤੇ ਫਿਰ ਬਾਲਟੀ ਦਾ ਪਾਣੀ ਪਤਲੀ ਧਾਰ ਬੰਨ੍ਹ ਕੇ ਡੋਲ੍ਹਦਾ ਹੋਇਆ ਉਸ ਮਸਾਲੇ, ਨੂੰ ਮੋਰੀ ਵਲ ਰੋੜ੍ਹਨ ਲੱਗਾ।

ਇਸ ਕੰਮੋਂ ਵਿਹਲਾ ਹੋ ਕੇ ਉਸ ਨੇ ਕੱਚ ਦੇ ਟੁਕੜਿਆਂ ਵਾਲਾ ਲਫ਼ਾਫ਼ਾ ਖੋਲ੍ਹ ਕੇ ਪਰ੍ਹਾਂ ਪਏ ਹੋਏ ਕੂੜੇ ਵਾਲੇ ਪੀਪੇ ਵਿਚ ਜਾ ਉਲੱਦਿਆ। ਬਾਕੀ ਰਹਿ ਗਿਆ ਚੌਥਾ ਲਫ਼ਾਫ਼ਾ — ਜਿਸ ਵਿਚ ਉਹ ਛੋਟਾ ਚਮਕੀਲਾ ਰੀਵਾਲਵਰ ਸੀ। ਉਸ ਨੂੰ ਕਢ ਕੇ ਉਸ ਨੇ ਹਥ ਵਿਚ ਫੜ ਲਿਆ, ਤੇ ਇਕ ਨਫ਼ਰਤ ਭਰੀ ਨਜ਼ਰ ਉਸ ਤੇ ਸੁਟਦਾ ਹੋਇਆ ਉਹ ਅਕਾਰਨ ਹੀ ਮੁਸਕਰਾ ਪਿਆ।

ਕਿਸੇ ਹੋਰ ਗਲ ਦਾ ਚੇਤਾ ਆ ਜਾਣ ਕਰ ਕੇ ਉਹ ਫੇਰ ਕਮਰੇ ਅੰਦਰ ਜਾ ਵੜਿਆ, ਤੇ ਪੈਟਰੋਲ ਵਾਲਾ ਉਹ ਛੇ ਬੋਤਲਾਂ ਵਾਲਾ ਡੱਬਾ ਚੁਕ ਲਿਆਇਆ, ਜਿਸਨੂੰ ਆਉਂਦਿਆਂ ਹੀ

ਉਸ ਨੇ ਹੌਜ਼ ਵਿਚ ਵਹਾਣਾ ਸ਼ੁਰੂ ਕਰ ਦਿਤਾ। ਜਦ ਡੱਬਾ ਖ਼ਾਲੀ ਹੋ ਗਿਆ, ਤਾਂ ਨਲਕੇ ਦੀ ਹੱਥੀ ਗੇੜ ਕੇ ਉਸ ਦੀ ਮੁਸ਼ਕ ਨੂੰ ਹਟਾਣ ਦੀ ਕੋਸ਼ਿਸ਼ ਕਰਨ ਲਗਾ।

ਇਸੇ ਵੇਲੇ ਉਸ ਨੂੰ ਆਵਾਜ਼ ਸੁਣਾਈ ਦਿਤੀ — "ਕਾਕਾ ! ਨਲਕਾ ਕਿਉਂ ਗੇੜਨ ਲਗਿਆ ਹੋਇਆ ਏਂ ਅੱਧੀ ਰਾਤੀਂ ?"

"ਪਾਣੀ ਪੀਣ ਲਗਾ ਵਾਂ ਭਾਈ" ਉਸ ਨੇ ਜਵਾਬ ਵਿਚ ਕਿਹਾ।

"ਇਤਨਾ ਪਾਣੀ ? ਤੂੰ ਤਾਂ ਕਿੰਨੇ ਚਿਰ ਦਾ ਗੇੜੀ ਜਾਨਾ ਏਂ" ਫਿਰ ਅਵਾਜ਼ ਆਈ।

ਸਤਨਾਮ ਨੇ ਗੇੜਨਾ ਬੰਦ ਕਰ ਦਿਤਾ।

ਪੋਲੇ ਪੋਲੇ ਪੈਰੀਂ ਉਹ ਹੇਠਾਂ ਉਤਰਨ ਲਗਾ ਤਾਂ ਜੁ ਮਾਂ ਨੂੰ ਖੜਾਕ ਨਾ ਆਵੇ ਤੇ ਡਿਉਢੀ ਦੇ ਬੂਹੇ ਦੀ ਸੰਗਲ ਉਸ ਨੇ ਆਹਿਸਤੇ ਨਾਲ ਖੋਲ੍ਹੀ, ਤੇ ਖੋਲ੍ਹ ਕੇ ਉਸੇ ਤਰ੍ਹਾਂ ਨੰਗੀ ਪੈਰੀਂ ਬਾਹਰ ਗਲੀ ਵਿਚ ਨਿਕਲ ਗਿਆ।

ਜਦ ਹਥ ਵਾਲੀ ਉਸ ਲਿੱਗਰ ਚੀਜ਼ ਨੂੰ ਗਲੀ ਦੇ ਪਿਛਲੇ ਪਾਸੇ ਵਾਲੇ ਖੂਹ ਵਿਚ ਸੁਟ ਕੇ ਉਹ ਮੁੜਿਆ, ਤਾਂ ਚੌਕੀਦਾਰ ਨੇ ਉਸ ਨੂੰ ਪਛਾਣ ਕੇ ਅਵਾਜ਼ ਦਿਤੀ — "ਸਰਦਾਰ ਜੀ ਤੁਮ ਹੋ ? ਮੈਨੇ ਕਹਾ ਕੌਨ ਇਸ ਬਖਤ ਜਾ ਰਹਾ ਹੈ।"

"ਹਾਂ, ਏਕ ਕਾਮ ਕੋ ਗਿਆ ਥਾ ਚੌਕੀਦਾਰ" ਕਹਿ ਕੇ ਉਹ ਵਾਪਸ ਮੁੜ ਆਇਆ।

ਤੇ ਜਦ ਮੁੜ ਉਹ ਆਪਣੇ ਕਮਰੇ ਵਿਚ ਪਹੁੰਚ ਕੇ ਪਲੰਘ ਤੇ ਲੇਟਿਆ, ਤਾਂ ਉਸ ਨੂੰ ਜਾਪਿਆ, ਜਿਵੇਂ ਉਸ ਦੀ ਛਾਤੀ ਤੋਂ ਮਣਾਂ-ਮੂੰਹੀਂ ਬੋਝ — ਜਿਸ ਹੇਠ ਪਿਸਦਾ ਹੋਇਆ ਉਹ ਸਵੇਰ ਤੋਂ ਛਟਪਟਾ ਰਿਹਾ ਸੀ — ਕਿਸੇ ਨੇ ਉਤਾਰ ਦਿਤਾ ਹੋਵੇ।

ਪਲੰਘ ਤੇ ਲੇਟਦਿਆਂ ਹੀ ਉਸ ਨੂੰ ਨੀਂਦਰ ਆ ਗਈ।

23

"**ਮਾਸੀ** ਜੀ, ਤੁਹਾਨੂੰ ਇਕ ਖੁਸ਼ਖਬਰੀ ਸੁਣਾਵਾਂ ?"

ਅਸ਼ਨਾਨ ਪਾਣੀ ਤੋਂ ਵਿਹਲੀ ਹੋ ਕੇ ਕੇਸਰ ਕੌਰ ਗੁਟਕਾ ਢੂੰਡ ਰਹੀ ਸੀ। ਉਸ ਨੂੰ ਚੇਤਾ ਹੀ ਨਹੀਂ ਸੀ ਰਿਹਾ ਕਿ ਰਾਤੀਂ ਉਹ ਸਤਨਾਮ ਨੇ ਲਿਆ ਸੀ। ਤੇ ਯਾਦ ਆ ਜਾਣ ਤੇ ਉਹ ਬਰਸਾਤੀ ਵਲ ਜਾਣ ਲਈ ਨਿਕਲੀ ਹੀ ਸੀ ਕਿ ਹਥ ਵਿਚ ਨੀਲੇ ਰੰਗ ਦਾ ਪੈਡ ਲਮਕਾਈ ਕ੍ਰਿਸ਼ਨਾ ਉਸ ਦੇ ਸਾਹਮਣੇ ਆ ਖੜੋਤੀ। ਜਿਸ ਦੇ ਚਿਹਰੇ ਉਤੇ ਕਾਮਯਾਬੀ ਦੀ ਝਲਕ ਸੀ।

"ਖੁਸ਼ਖਬਰੀ ?" ਬੂਹੇ ਵਿਚ ਹੀ ਰੁਕ ਕੇ ਕੇਸਰ ਕੌਰ ਨੇ ਪੁਛਿਆ — "ਕਾਹਦੀ ਖੁਸ਼ਖਬਰੀ ਕ੍ਰਿਸ਼ਨਾ ?"

"ਭਲਾ ਬੁਝੋ ਖਾਂ" ਆਪਣੀਆਂ ਚਮਕੀਲੀਆਂ ਅੱਖਾਂ ਹਸਾਂਦਿਆਂ ਕ੍ਰਿਸ਼ਨਾ ਨੇ ਸਵਾਲ ਦੇ ਉੱਤਰ ਵਿਚ ਸਵਾਲ ਕੀਤਾ।

"ਮੈਂ ਅੰਤਰਜਾਮੀ ਥੋੜੀ ਆਂ" ਖੁਸ਼ਖਬਰੀ ਦਾ ਸ਼ਬਦ ਹੀ ਸੁਣ ਕੇ — ਬਿਨਾਂ ਮਤਲਬ ਸਮਝਦਿਆਂ ਕੇਸਰ ਕੌਰ ਦੇ ਚਿਹਰੇ ਉਤੇ ਖੁਸ਼ੀ ਦੀ ਚਮਕ ਵਿਦਮਾਨ ਹੋ ਰਹੀ ਸੀ।

"ਭਲਾ ਮਾਸੀ ਜੀ" ਇਕ ਹੋਰ ਸਵਾਲ ਕ੍ਰਿਸ਼ਨਾ ਨੇ ਚੁਕ ਕੀਤਾ — "ਭਰਾ ਜੀ ਕਵਿਤਾ ਵੀ ਲਿਖਦੇ ਹੁੰਦੇ ਨੇ ?"

"ਹੁਣ ਤੇ ਬੜਾ ਚਿਰ ਹੋਇਆ ਸੂ ਛਡੀ ਨੂੰ।" ਕਾਲਜ ਵਿਚ ਜਦੋਂ ਪੜ੍ਹਦਾ ਸੀ, ਬਥੇਰਾ ਕੁਝ ਲਿਖਦਾ ਰਹਿੰਦਾ ਸੀ।"

"ਪਰ ਤੁਸਾਂ ਮੈਨੂੰ ਅਜ ਤਕ ਨਹੀਂ ਦਸਿਆ।"

"ਲੈ ਭਲਾ, ਇਹ ਵੀ ਕੋਈ ਦਸਣ ਵਾਲੀ ਗਲ ਸੀ ?" ਕਹਿਣ ਤੋਂ ਬਾਅਦ ਕੇਸਰ ਕੌਰ

ਨੇ ਉਸ ਦੇ ਹੱਥ ਵਿਚ ਪੈਡ — ਜਿਸ ਦਾ ਉਤਲਾ ਵਰਕਾ ਲਿਖਿਆ ਹੋਇਆ ਸੀ — ਤਕ ਕੇ ਪੁਛਿਆ — "ਕਿਉਂ ਕੋਈ ਕਵਿਤਾ ਲਿਖੀ ਸੂ ?"

"ਬੜੀ ਚੰਗੀ ਕਵਿਤਾ ਮਾਸੀ ਜੀ। ਕਦੀ ਤੁਸੀਂ ਸੁਣੋ ਤੇ ਜਾਣੋ" ਤੇ ਕ੍ਰਿਸ਼ਨਾ ਦੀ ਨਜ਼ਰ ਪੈਡ ਦੀਆਂ ਸਤਰਾਂ ਤੇ ਗੱਡੀ ਗਈ।

"ਹੱਛਾ, ਸੁਣਾ ਖਾਂ ਭਲਾ" ਕਹਿ ਕੇ ਕੇਸਰ ਕੌਰ ਉਸ ਨੂੰ ਆਪਣੇ ਨਾਲ ਲਈ ਮੁੜ ਕਮਰੇ ਅੰਦਰ ਦਾਖਲ ਹੋਈ, ਤੇ ਮੰਜੇ ਕੋਲ ਪਹੁੰਚ ਕੇ ਬੋਲੀ — "ਮੈਂ ਆਖਿਆ ਖ਼ਬਰੇ ਕਿਹੜੀ ਖੁਸ਼ਖਬਰੀ ਲਿਆਈ ਏਂ।"

"ਉਹ ਖੁਸ਼ਖਬਰੀ ਤੇ ਅਜੇ ਵੱਖਰੀ ਏ।"

"ਤਾਂ ਪਹਿਲਾਂ ਉਹ ਦਸ ਲੈ ਮੈਨੂੰ। ਕਵਿਤਾ ਮਗਰੋਂ ਸੁਣਾ ਦਈਂ।"

ਪੈਡ ਨੂੰ ਮੰਜੇ ਦੀ ਬਾਹੀ ਤੇ ਰਖਦੀ ਹੋਈ ਕ੍ਰਿਸ਼ਨਾ ਬੋਲੀ — "ਮੈਂ ਉਤਲੇ ਕਮਰੇ ਵਿਚ ਸਫ਼ਾਈ ਕਰਨ ਗਈ, ਤਾਂ ਭਰਾ ਜੀ ਸੁਤੇ ਹੋਏ ਸਨ ਤੇ ਉਹ ਅਲਮਾਰੀ ਖੁਲ੍ਹੀ ਪਈ ਸੀ।"

"ਖੁਲ੍ਹੀ ਪਈ ਸੀ ?" ਕੇਸਰ ਕੌਰ ਨੇ ਕੁਝ ਘਬਰਾ ਕੇ ਪੁਛਿਆ — "ਤੇ ਵਿਚ ਉਹ ਚੀਜ਼ਾਂ ਨਹੀਂ ਸਨ ਜਿਨ੍ਹਾਂ ਦਾ ਮੈਂ ਤੇਰੇ ਅਗੇ ਜ਼ਿਕਰ ਕੀਤਾ ਸੀ ?"

"ਨਹੀਂ"

"ਬਸ ਤਾਂ ਲੈ ਗਿਆ ਹੋਵੇਗਾ ਕਢ ਕੇ ਕਿਤੇ ਹੋਰਥੇ।"

"ਤੁਸੀਂ ਸੁਣੋ ਤੇ ਸਹੀ" ਕ੍ਰਿਸ਼ਨਾ ਆਪਣੀ ਖੁਸ਼ੀ ਨੂੰ ਸਮੇਟਦੀ ਹੋਈ ਬੋਲੀ — "ਇਹ ਤਾਂ ਮੈਂ ਤੁਹਾਨੂੰ ਦਸ ਹੀ ਚੁਕੀ ਹਾਂ ਕਿ ਭਰਾ ਜੀ ਮੇਰੀਆਂ ਗਲਾਂ ਨੂੰ ਅਣਸੁਣੀਆਂ ਕਰ ਕੇ ਕਲ੍ਹ ਸਵੇਰੇ ਘਰੋਂ ਬਾਹਰ ਨਿਕਲ ਗਏ ਸਨ। ਅਜ ਵਡੇ ਵੇਲੇ ਜਦ ਕਮਰੇ ਵਿਚ ਬਹੁਕਰ ਫੇਰ ਕੇ ਮੈਂ ਫਰਸ਼ ਤੇ ਲੀਰ ਫੇਰਨ ਲਈ ਗਈ ਤਾਂ ਗੁਸਲਖ਼ਾਨੇ 'ਚੋਂ ਮੁਸ਼ਕ ਪਈ ਆਵੇ। ਜਦ ਮੈਂ ਹੋਰ ਧਿਆਨ ਨਾਲ ਤਕਿਆ ਤਾਂ ਉਹੀ ਚਿਟੇ ਤੇ ਲਾਲ ਮਸਾਲੇ — ਜਿਹੜੇ ਤੁਸੀਂ ਕਹਿੰਦੇ ਸਾਉ ਬੰਬ ਬਣਾਨ ਦੇ ਕੰਮ ਆਉਂਦੇ ਨੇ, ਖੁਰੇ ਵਿਚ ਥਾਉਂ ਥਾਈਂ ਚਿਟੇ ਚਿਟੇ ਲਾਲ ਲਾਲ ਦਾਗ਼ ਹੇਠਲੀ ਸਿਲ ਨਾਲ ਲਗੇ ਹੋਏ ਮੈਨੂੰ ਨਜ਼ਰੀਂ ਆਏ। ਮੈਂ ਸੋਚਿਆ, ਜ਼ਰੂਰ ਭਰਾ ਜੀ ਨੇ ਉਨ੍ਹਾਂ ਨੂੰ ਘੋਲ ਕੇ ਰੋੜ੍ਹ ਦਿਤਾ ਹੋਵੇਗਾ। ਜੇ ਮੈਂ ਪਰੇ ਹੋ ਕੇ ਕੂੜੇ ਵਾਲੇ ਪੀਪੇ ਵਿਚ ਤਕਿਆ ਤਾਂ ਕੱਚ ਦੇ ਟੁਕੜਿਆਂ ਦਾ ਵਿਚ ਢੇਰ ਲਗਾ ਹੋਇਆ ਸੀ। ਫਿਰ ਮੈਂ ਹੇਠਾਂ ਗਲੀ ਵਿਚ ਉਤਰ ਆਈ। ਨਾਲੀ ਵਿਚ ਵੇਖਿਆ। ਓਹੀ ਮਸਾਲਾ ਥੋੜਾ ਥੋੜਾ ਕਿਤੇ ਪਾਣੀ ਦੇ ਹੇਠ ਜੰਮਿਆ ਹੋਇਆ ਸੀ। ਚਲੋ, ਤੁਹਾਨੂੰ ਵਿਖਾਵਾਂ" ਤੇ ਕੇਸਰ ਕੌਰ ਨੂੰ ਬਾਹੋਂ ਫੜੀ ਉਹ ਬਾਹਰ ਲੈ ਗਈ।

ਵੇਖ ਕੇ ਕੇਸਰ ਕੌਰ ਨੂੰ ਕ੍ਰਿਸ਼ਨਾ ਦੀ ਸਚਾਈ ਵਿਚ ਕੋਈ ਸ਼ੱਕ ਬਾਕੀ ਨਾ ਰਿਹਾ। ਨਾਲੀ ਵਿਚ ਜੰਮੇ ਹੋਏ ਮਾਦੇ ਤੋਂ ਛੁਟ ਪਟਾਸ ਦੀ ਮੁਸ਼ਕ ਵੀ ਆ ਰਹੀ ਸੀ

ਮੁੜ ਉਸ ਕਮਰੇ ਵਿਚ ਆਉਂਦਿਆਂ ਕੇਸਰ ਕੌਰ ਦੇ ਮੂੰਹੋਂ ਨਿਕਲਿਆ — "ਤੇਰਾ ਭਲਾ ਹੋਵੇ ਕ੍ਰਿਸ਼ਨਾ।"

"ਹਛਾ, ਤੇ ਕਵਿਤਾ ?" ਕੇਸਰ ਕੌਰ ਨੇ ਸੁਣਨ ਦੀ ਚਾਹ ਨਾਲ ਕ੍ਰਿਸ਼ਨਾ ਵਲ ਤਕ ਕੇ ਪੁਛਿਆ।

ਉਹ ਬੋਲੀ — "ਮੇਜ਼ ਦੀ ਸਫ਼ਾਈ ਕਰਦਿਆਂ ਇਹ ਮੈਨੂੰ ਨਜ਼ਰੀ ਆਈ। ਮੈਂ ਚੁਕ ਕੇ ਪੜ੍ਹਨ ਲਗ ਪਈ।" ਤੇ ਉਸ ਨੇ ਕੇਸਰ ਕੌਰ ਨੂੰ ਪੈਡ ਤੋਂ ਪੜ੍ਹ ਕੇ ਸੁਣਾਣੀ ਸ਼ੁਰੂ ਕੀਤੀ। ਕਵਿਤਾ ਦਾ ਸਿਰਲੇਖ ਸੀ, "ਹਤਿਆਰਾ ਪੰਜਾਬੀ"।

ਸੁਣਦੀ ਸੁਣਦੀ ਕੇਸਰ ਕੌਰ ਕੰਬ ਉਠੀ। ਇਕ ਪਾਸੇ ਉਸ ਦੇ ਦਿਲ ਵਿਚ ਖੁਸ਼ੀ ਦੀਆਂ ਗੁਦਗੁਦੀਆਂ ਉਠ ਰਹੀਆਂ ਸਨ ਕਿ ਉਸ ਦਾ ਪੁਤਰ ਕੁਮਾਰਗ ਤੋਂ ਹਟ ਕੇ ਸਿਧੇ ਰਸਤੇ ਪੈ ਗਿਆ ਹੈ, ਤੇ ਦੂਜੇ ਕਵਿਤਾ ਦੀ ਤੁਕ ਤੁਕ ਉਸਦੇ ਸੀਨੇ ਨੂੰ ਹਿਲਾ ਰਹੀ ਸੀ।

"ਅਜੇ ਇਕ ਛੋਟੀ ਜਿਹੀ ਹੋਰ ਵੀ ਹੈ ਜੇ ਮਾਸੀ ਜੀ" ਕਹਿ ਕੇ ਕ੍ਰਿਸ਼ਨਾ ਨੇ ਵਰਕਾ ਉਥੱਲਿਆ। ਇਸ ਦੀ ਸੁਰਖੀ ਸੀ — "ਜੇ ਅਸੀਂ ਇਕ ਹੋ ਜਾਈਏ" ਉਸ ਨੇ ਇਹ ਵੀ ਸੁਣਾ ਦਿਤੀ।

ਕਵਿਤਾ ਦੇ ਮਿੱਠੇ, ਗੰਭੀਰ ਤੇ ਦਿਲ ਖੁਭਵੇਂ ਅਸਰ ਨੇ ਕਿੰਨਾਂ ਹੀ ਚਿਰ ਦੂਹਾਂ ਨੂੰ ਅਵਾਕ ਬਣਾਈ ਰਖਿਆ। ਸ਼ਲਾਘਾ ਲਈ ਦੂਹਾਂ ਜ਼ਬਾਨਾਂ ਉਤੇ ਕੁਝ ਆ ਆ ਕੇ ਮੁੜ ਜਾਂਦਾ ਸੀ।

ਕੇਸਰ ਕੌਰ ਦਾ ਦਿਲ ਇਸ ਕੁੜੀ ਦੀ ਸੁਘੜਤਾ ਦੀ ਦਾਦ ਦੇ ਰਿਹਾ ਸੀ, ਜਿਸ ਦੀ ਹਿੰਮਤ ਨਾਲ ਸਤਨਾਮ ਵਰਗਾ ਆਪਣੀ ਆਈ ਤੋਂ ਕਦੀ ਨਾ ਟਲਣ ਵਾਲਾ ਮੁੰਡਾ ਇਤਨੀ ਛੇਤੀ ਸਿੱਧੇ ਰਾਹ ਪੈ ਗਿਆ। ਮਾਨੋਂ ਉਸ ਲਈ ਕੋਈ ਜਾਦੂ ਦਾ ਕ੍ਰਿਸ਼ਮਾ ਸੀ ਇਹ। ਬਿਨਾਂ ਮੂੰਹੋਂ ਕੁਝ ਬੋਲਿਆਂ ਕੇਸਰ ਕੌਰ ਨੇ ਕ੍ਰਿਸ਼ਨਾ ਨੂੰ ਜੱਫੀ ਵਿਚ ਘੁੱਟ ਲਿਆ — ਉਸ ਦਾ ਰੋਮ ਰੋਮ ਕ੍ਰਿਸ਼ਨਾ ਨੂੰ ਅਸੀਸਾਂ ਦੇ ਰਿਹਾ ਸੀ।

"ਜਾ ਕੇ ਜਗਾਵਾਂ ਸੂ" ਕਹਿ ਕੇ ਜਿਉਂ ਹੀ ਕੇਸਰ ਕੌਰ ਬਾਹਰ ਨਿਕਲੀ ਕਿ ਕ੍ਰਿਸ਼ਨਾ ਨੇ ਉਸ ਦੀ ਬਾਂਹ ਫੜ ਲਈ — "ਨਾ ਮਾਸੀ ਜੀ। ਰਾਤ ਦਾ ਅਨੀਂਦਾ ਏ ਭਰਾ ਜੀ ਨੂੰ।"

"ਤੈਨੂੰ ਕੀਕੁਣ ਪਤਾ ਏ ਕ੍ਰਿਸ਼ਨਾ ?" ਕੇਸਰ ਕੌਰ ਨੇ ਇਕ ਮੁਸਕਰਾਉਂਦੀ ਨਜ਼ਰ ਉਸ ਤੇ ਸੁੱਟਦਿਆਂ ਪੁਛਿਆ, ਜਿਸ ਦੇ ਉੱਤਰ ਵਿਚ ਇਹ ਕਹਿਣ ਲਈ ਕ੍ਰਿਸ਼ਨਾ ਦੇ ਬੁੱਲ੍ਹ ਖੁਲ੍ਹੇ — "ਉਸ ਦੀ ਬੇ-ਆਰਾਮੀ ਨੇ ਮੈਨੂੰ ਕਦੋਂ ਸੌਣ ਦੇਣਾ ਸੀ" ਪਰ ਉਹ ਨਹੀਂ ਕਹਿ ਸਕੀ — ਕੇਵਲ ਇਤਨਾ ਹੀ ਕਹਿ ਕੇ ਚੁਪ ਹੋ ਗਈ — "ਉਨ੍ਹਾਂ ਦੇ ਤੁਰਨ ਫਿਰਨ ਦਾ ਖੜਾਕ ਆਉਂਦਾ ਰਿਹਾ ਸੀ।"

"ਨਲਕਾ ਗੇੜਨ ਦੀ ਆਵਾਜ਼ ਤੇ ਮੈਂ ਵੀ ਸੁਣੀ ਸੀ" ਕਹਿ ਕੇ ਕੇਸਰ ਕੌਰ ਨੇ ਉਸ ਦੀ ਪੁਸ਼ਟੀ ਕੀਤੀ।

24

ਹਮਦਰਦੀ ਤੇ ਸਨੇਹ ਦੀ ਮਲ੍ਹਮ ਜਿਉਂ ਜਿਉਂ ਲਗਦੀ ਗਈ, ਦਿਲ ਦੇ ਜ਼ਖ਼ਮ ਤਿਉਂ ਤਿਉਂ ਭਰਦੇ ਗਏ। ਸਨਬੰਧੀਆਂ ਦੀ ਸਦੀਵੀ ਜੁਦਾਈ ਘਰ ਬਾਰ ਦੀ ਤਬਾਹੀ, ਤੇ ਬੇ-ਵਤਨੀ ਦੇ ਉਦਰੇਵੇਂ ਦਾ ਖ਼ਿਲਾ, ਜਿਹੜਾ ਬ੍ਰਿਧ ਤੇ ਉਸ ਬਾਲੜੀ ਦੇ ਹਿਰਦਿਆਂ ਨੂੰ ਨਿਰਾਸਤਾ ਦੀ ਡੂੰਘੀ ਵਾਦੀ ਵਿਚ ਸੁਟ ਚੁਕਾ ਹੋਇਆ ਸੀ, ਇਸ ਨਿੱਕੇ ਜਿਹੇ ਪਰਵਾਰ ਦੀ ਅਪਣੱਤ-ਭਰੀ ਵਰਤੋਂ ਨਾਲ ਭਰਨਾ ਸ਼ੁਰੂ ਹੋ ਗਿਆ।

ਬਾਬਾ ਜੀ ਦੀ ਜ਼ਿੰਦਗੀ ਤਾਂ ਇਕ ਹੰਢੀ ਵਰਤੀ ਜ਼ਿੰਦਗੀ ਸੀ, ਆਪਣੇ ਜੀਵਨ ਵਿਚ ਉਹ ਕਈ ਡੂੰਘੇ ਤੋਂ ਡੂੰਘੇ ਸੱਲ ਸਹਾਰ ਚੁਕਾ ਹੋਇਆ ਸੀ — ਬਹੁਤ ਸਾਰੇ ਤਾਅ ਠਾਰ ਉਸ ਨੇ ਵੇਖੇ ਸਨ, ਜਿਸ ਦੀ ਮਦਦ ਨਾਲ ਉਹ ਆਪਣੇ ਇਕਲੌਤੇ ਪੁੱਤਰ ਦੀ ਮੌਤ, ਨੂੰਹ ਦੇ ਵਿਛੋੜੇ ਅਤੇ ਸਕਿਆਂ ਨਾਲੋਂ ਵੀ ਵਧ ਆਪਣੇ ਉਸ ਮਿੱਤਰ ਪਰਵਾਰ ਦੀ ਗ੍ਰਹਿਸਤ ਫੁਲਵਾੜੀ ਦਾ ਉਜਾੜਾ ਵੇਖ ਕੇ ਕਿਸੇ ਨਾ ਕਿਸੇ ਤਰ੍ਹਾਂ ਜਰ ਹੀ ਗਿਆ — ਭਾਵੇਂ ਕਿ ਉਸ ਦੇ ਸੀਨੇ ਵਿਚ ਹੋ ਚੁਕੇ ਛੇਕ ਅਜੇ ਵੀ ਕਿਸੇ ਕਿਸੇ ਵੇਲੇ ਚੀਸਾਂ ਮਾਰਦੇ ਰਹਿੰਦੇ ਸਨ, ਪਰ ਦੁਨੀਆਂ ਦੇ ਲਹਾਵਾਂ ਚੜ੍ਹਾਵਾਂ ਤੋਂ ਉੱਕਾ ਬੇ-ਖ਼ਬਰ ਬੱਚੀ, ਜਿਸ ਨੇ ਆਪਣੀ ਉਮਰ ਦੇ ਅਠਾਰ੍ਹਾਂ ਸਾਲ, ਫੁਲਾਂ ਉਤੇ ਚਹਿਕਦੀ ਬੁਲਬੁਲ ਵਾਂਗ ਬਿਤਾਏ ਸਨ, ਕੀਕਣ ਬਰਦਾਸ਼ਤ ਕਰ ਸਕੀ ਏਡੀ ਵਡੀ ਦਿਲ ਦੀ ਸੱਟ ਨੂੰ ? ਇਹ ਸਚਮੁਚ ਇਕ ਹੈਰਾਨੀ ਵਾਲੀ ਗਲ ਸੀ, ਪਰ ਅਚਾਨਕ ਹੀ ਕੁਦਰਤ ਨੇ ਉਸ ਦੇ ਅਭਾਵਾਂ ਨੂੰ ਪੂਰਨ ਲਈ ਇਸ ਪਿਆਰ-ਰੱਤੇ ਪਰਵਾਰ ਨਾਲ ਉਸ ਦੀ ਸਾਂਝ ਆ ਜੋੜੀ। ਜਿਸ ਨੇ ਕ੍ਰਿਸ਼ਨਾ ਦੇ ਦਿਲ ਦੀਆਂ ਤ੍ਰਾਟਾਂ ਲਈ ਧਨੰਤਰ ਦੇ ਫਹੇ ਦਾ ਕੰਮ ਕੀਤਾ। ਮਾਂ ਦੀ ਥਾਂ ਉਸ ਨੂੰ ਮਾਂ ਮਿਲ ਗਈ ਤੇ ਵੀਰਾਂ — ਇਕ ਆਪਣੇ ਤੇ ਦੂਜੇ ਆਪਣਿਆਂ ਨਾਲੋਂ ਵੀ ਪਿਆਰੇ — ਦੀ ਜੋੜੀ ਦੇ ਥਾਂ ਉਸ ਨੂੰ ਇਕ ਐਸੇ ਨੌਜਵਾਨ ਦਾ ਸਹਿਯੋਗ ਪ੍ਰਾਪਤ ਹੋ ਗਿਆ,

ਜਿਸ ਨੇ ਉਸ ਦੀ ਵਿਲਕ ਰਹੀ ਰੂਹ ਨੂੰ ਨਿਘਿਆਣਾ ਸ਼ੁਰੂ ਕਰ ਦਿਤਾ। ਇਨ੍ਹਾਂ ਸਭਨਾ ਤੋਂ ਵਧ ਜਿਹੜਾ ਸਨੇਹ ਦਾ ਛੱਤਰ ਅਜੇ ਤੀਕ ਆਪਣੀਆਂ ਰਹਿਮਤਾਂ ਦੀ ਥਾਂ ਦੇਣ ਲਈ ਉਸ ਦੇ ਸਿਰ ਤੇ ਝੁਲ ਰਿਹਾ ਸੀ, ਉਸ ਬਾਬਾ ਜੀ ਦੀ ਹੋਂਦ ਤਾਂ ਇਸ ਕੁੜੀ ਲਈ ਜਿਵੇਂ ਪ੍ਰਾਣਾ ਦਾ ਇਕ ਹਿੱਸਾ ਹੀ ਸੀ।

ਮੁੱਕਦੀ ਗਲ ਕਿ ਕ੍ਰਿਸ਼ਨਾ ਨੂੰ ਇਸ ਵੇਲੇ ਉਹ ਸਾਰੇ ਸੁਖ ਪ੍ਰਾਪਤ ਸਨ, ਜਿਨ੍ਹਾਂ ਦੀ ਇਕ ਆਮ ਜ਼ਿੰਦਗੀ ਵਿਚ ਲੋੜ ਹੁੰਦੀ ਹੈ। ਫਿਰ ਇਸ ਉਤੇ ਵਾਧਾ ਇਹ ਕਿ ਕ੍ਰਿਸ਼ਨਾ ਖ਼ੁਦ ਹੁਣ ਬਹੁਤ ਸਾਰੇ ਮਾਨਸਿਕ ਮਰਜ਼ਾਂ ਦੀ ਔਸ਼ਧੀ ਬਣ ਚੁਕੀ ਸੀ। ਗਲੀ ਦੇ ਉਸ ਆਰਜ਼ੀ ਸਕੂਲ ਦੀ ਅਧਿਆਪਕਾ ਬਣ ਕੇ ਉਸ ਨੇ ਆਪਣੀ ਰੋਜ਼ੀ ਦਾ ਵੀ ਵਸੀਲਾ ਪੈਦਾ ਕਰ ਲਿਆ ਸੀ। ਮਿੱਠੇ ਸੁਭਾਉ ਤੇ ਪੜ੍ਹਾਈ ਵਿਚ ਪੂਰੀ ਮਿਹਨਤ-ਕਸ਼ ਹੋਣ ਕਰ ਕੇ ਕੁੜੀਆਂ ਤੇ ਉਨ੍ਹਾਂ ਦੇ ਮਾਪੇ ਬੜੇ ਖ਼ੁਸ਼ ਸਨ ਤੇ ਇਸ ਗਲ ਦੀ ਪੂਰੀ ਉਮੀਦ ਕੀਤੀ ਜਾ ਰਹੀ ਸੀ ਕਿ ਸਕੂਲ ਖੁਲ੍ਹਦਿਆਂ ਹੀ ਕ੍ਰਿਸ਼ਨਾ ਨੂੰ ਕੰਨਿਆਂ ਸਕੂਲ ਵਿਚ ਪੱਕੇ ਤੌਰ ਤੇ ਲਾ ਲਿਆ ਜਾਵੇਗਾ।

ਉਰਦੂ ਤੋਂ ਛੁਟ ਕ੍ਰਿਸ਼ਨਾ ਹੁਣ ਗੁਰਮੁਖੀ ਵੀ ਚੰਗੀ ਤਰ੍ਹਾਂ ਪੜ੍ਹ ਲਿਖ ਸਕਦੀ ਸੀ। ਜਿਸਦਾ ਫਲ ਰੂਪ ਸਤਨਾਮ ਦੀ ਲਾਇਬਰੇਰੀ ਦਾ ਕਾਫ਼ੀ ਹਿਸਾ ਉਸ ਨੇ ਪੜ੍ਹ ਮੁਕਾਇਆ ਸੀ।

ਕ੍ਰਿਸ਼ਨਾ ਦੀ ਜੀਵਨ-ਗੱਡੀ ਆਦਰਸ਼ਕ ਲਾਈਨਾਂ ਉਤੇ ਨਿਰੰਤਰ ਚਲੀ ਜਾ ਰਹੀ ਸੀ। ਉਸ ਦੇ ਜੀਵਨ ਵਿਚ ਨਵੀਂ ਤੋਂ ਨਵੀਂ ਉਡਾਰੀ, ਨਵੇਂ ਤੋਂ ਨਵਾਂ ਉਤਸਾਹ ਕਰਵੱਟਾਂ ਲੈ ਰਿਹਾ ਸੀ।

ਪਰ ਇਨ੍ਹਾਂ ਸਾਰੀਆਂ ਅਭਾਵ-ਪੂਰਤੀਆਂ ਦੇ ਹੁੰਦਿਆਂ ਵੀ ਕ੍ਰਿਸ਼ਨਾ ਅਨੁਭਵ ਕਰਦੀ, ਜਿਵੇਂ ਉਸ ਦੇ ਹਿਰਦੇ ਦੇ ਮੌਲੇ ਹੋਏ ਜ਼ਖਮਾਂ ਹੇਠ ਕੋਈ ਨਾਸੂਰ ਜਿਹਾ ਬਾਕੀ ਰਹਿ ਗਿਆ ਹੈ, ਜਿਸਦੀ ਗੁਝੀ ਗੁਝੀ ਪੀੜ ਕਦੀ ਕਦੀ ਉਸ ਨੂੰ ਇਤਨੀ ਬੇ-ਚੈਨ ਕਰ ਦੇਂਦੀ ਕਿ ਉਸ ਲਈ ਸੰਭਲਣਾ ਮੁਸ਼ਕਲ ਹੋ ਜਾਂਦਾ। ਖ਼ਾਸ ਕਰ ਕੇ ਜਦ ਕਦੀ ਮਕਾਨ ਦੀ ਧੁਰ ਉਪਰਲੀ ਛਤੇ ਫਿਰਦਿਆਂ ਉਸ ਦੀ ਨਜ਼ਰ, ਪਿਛਲੇ ਪਾਸੇ ਦੇ ਇਕ ਵਿਹੜੇ ਵਿਚ — ਜਿਥੇ ਇਕ ਛੋਟਾ ਜਿਹਾ ਅੰਬ ਦਾ ਦਰੱਖ਼ਤ ਸੀ — ਜਾ ਪੈਂਦੀ ਤਾਂ ਉਸ ਦਾ ਦਿਲ ਘਾਊਂ ਮਾਊਂ ਹੋਣ ਲਗਦਾ। ਉਸ ਵੇਲੇ ਆਪਣੇ ਵਿਹੜੇ ਦਾ ਉਹ ਲੰਮੇ ਪੱਤਰਾਂ ਵਾਲਾ ਅੰਬ ਦਾ ਬੂਟਾ ਉਸ ਦੀਆਂ ਅੱਖਾਂ ਅਗੇ ਆ ਖਲੋਂਦਾ, ਜਿਸ ਦੇ ਹਰ ਪੱਤਰ ਪਿਛੇ — ਹਰ ਟਹਿਣੀ ਪਿਛੇ ਉਸ ਨੂੰ ਆਪਣੇ ਇਕ ਬਾਲ-ਸਖਾਈ ਦੀ ਰੂਹ ਮੰਡਲਾਂਦੀ ਦਿਖਾਈ ਦੇਣ ਲਗ ਪੈਂਦੀ ਸੀ।

ਉਹ ਬੜਾ ਦਿਲ ਨਾਲ ਸੋਚਦੀ — "ਆਖ਼ਰ ਕਿਹੜੀਆਂ ਖ਼ੂਬੀਆਂ ਦਾ ਮਾਲਕ ਸੀ ਉਹ ਖਰੂਦੀ, ਅਮੋੜ ਤੇ ਬਦਚਲਣ ਜਿਹਾ ਨੌਜਵਾਨ — ਨਾ ਜਿਸ ਨੂੰ ਗਲ ਕਰਨ ਦਾ ਸ਼ਊਰ, ਨਾ ਕੋਈ ਹੋਰ ਮਨੁੱਖੀ ਸਿਫ਼ਤ ਉਸ ਵਿਚ — ਚੋਰ, ਲਫੰਗਾ ਤੇ ਮਨ ਆਈਆਂ ਕਰ ਗੁਜ਼ਰਨ ਵਾਲਾ ਛੋਹਰਛਿੰਨਾ ਜਿਹਾ। ਫਿਰ ਕਿਉਂ ਮੇਰੇ ਦਿਲ ਦੀ ਹਰ ਕੰਨੀ ਉਤੇ ਉਸ ਦੇ ਨਕਸ਼ ਇਸ ਤਰ੍ਹਾਂ ਉੱਕਰੇ ਪਏ ਨੇ ਕਿ ਕੋਸ਼ਿਸ਼ ਕਰਨ ਤੇ ਵੀ ਮਿਟਦੇ ਨਹੀਂ ?" ਵਿਚਾਰੀ ਭੋਲੀ ਕੁੜੀ ਨੂੰ ਏਨੀ ਸਮਝ ਕਿਥੇ ਸੀ ਕਿ ਜਿਹੜੇ ਨਕਸ਼ਾਂ ਨੇ ਕਦੀ ਉਕਰੀਣ ਲਗਿਆਂ ਉਸ ਤੋਂ ਸਲਾਹ ਨਹੀਂ ਸੀ ਪੁਛੀ, ਉਹ ਮਿਟਣ ਲਈ ਕਿਸ ਤਰ੍ਹਾਂ ਉਸ ਦੀ ਚਾਹ ਦੇ ਮੁਹਤਾਜ ਹੋ ਸਕਦੇ ਸਨ।

ਪੀੜ ਹਰ ਇਕ ਦੁਖਦਾਈ ਹੁੰਦੀ ਹੈ, ਪਰ ਉਹ ਪੀੜ, ਜਿਸ ਦਾ ਨਾਂ ਕੋਈ ਦਵਾ ਦਾਰੂ ਹੋਵੇ ਤੇ ਨਾ ਹੀ ਜਿਸ ਬਾਬਤ ਕੋਈ ਕਿਸੇ ਅਗੇ ਜ਼ਿਕਰ ਕਰ ਸਕੇ — ਇਥੋਂ ਤਕ ਕਿ 'ਹਾਏ' ਜਾਂ 'ਉਫ਼' ਕਹਿ ਕੇ ਜਾਂ ਅੱਖ ਚੋਂ ਅੱਥਰ ਕੇਰ ਕੇ ਵੀ ਜਿਸ ਦਾ ਧੂੰਆਂ ਕੱਢਣਾ ਵਰਜਿਤ ਹੋਵੇ, ਉਹ ਪੀੜ ਕਿੰਨੀ ਕਸ਼ਟਕਾਰੀ ਹੁੰਦੀ ਹੋਵੇਗੀ।

ਕ੍ਰਿਸ਼ਨਾ ਜਦ ਕਦੀ ਬੈਠੀ ਬੈਠੀ ਜਾਂ ਸੁਤੀ ਸੁਤੀ ਇਸ ਗੁਝੀ ਵੇਦਨਾ ਦੇ ਅਸਰ ਨਾਲ ਆਪਣੇ ਆਪ ਨੂੰ ਕੋਹੀਂਦਾ ਮਹਿਸੂਸ ਕਰਦੀ ਤੇ ਜਦ ਕਿਸੇ ਪਾਸਿਓਂ ਵੀ ਇਸ ਵੇਦਨਾ ਨੂੰ ਘਟਾਉਣ

ਲਈ ਉਸ ਨੂੰ ਕੁਝ ਦਿਖਾਈ ਨਾ ਦਿੰਦਾ, ਤਾਂ ਅਚਾਨਕ ਹੀ ਉਸ ਦੀਆਂ ਅੱਖਾਂ ਅਗੇ ਇਕ ਬ੍ਰਿਧ ਉਮਰ ਦਾ ਸੂਫ਼ੀ ਫ਼ਕੀਰ ਆ ਉਪਸਥਿਤ ਹੁੰਦਾ। ਜਿਸ ਦੇ ਗਾਏ ਹੋਏ ਗੀਤ ਦਾ ਇਹ ਹਿੱਸਾ ਉਸ ਦੇ ਅੰਦਰ ਗੂੰਜਣ ਲਗ ਪੈਂਦਾ —

"ਦਿਲ ਦੀਆਂ ਪੀੜਾਂ ਰੱਬ ਦਿਆ ਬੰਦਿਆ,
ਦਿਲ ਹੀ ਅੰਦਰ ਜਰਿਆ ਕਰ।"

"ਦਿਲ ਹੀ ਅੰਦਰ ਜਰਿਆ ਕਰ" ਸਿਖਿਆ ਤੇ ਤਜਰਬੇ ਭਰਿਆ ਇਹ ਵਾਕ, ਜਿੰਨਾ ਕਹਿਣਾ ਸੌਖਾ ਹੈ, ਕੀ ਇਸ ਦਾ ਕਮਾਣਾ ਵੀ ਓਨਾ ਸੁਖਾਲਾ ਹੈ ? ਕ੍ਰਿਸ਼ਨਾ ਦਾ ਦਿਲ ਆਪਣੇ ਆਪ ਉਤੇ ਇਹ ਸਵਾਲ ਕਰਦਾ। ਜਿਸ ਦਾ ਜਵਾਬ ਹਮੇਸ਼ਾਂ ਹੀ ਉਸ ਨੂੰ 'ਨਹੀਂ' ਵਿਚ ਮਿਲਦਾ। ਫਿਰ ਵੀ ਅੱਗ ਉਤੇ ਪਾਣੀ ਨਾ ਸਹੀ, ਕੋਈ ਭਾਰੀ ਚੀਜ਼ ਆ ਪੈਂਦੀ ਓਹ ਆਪਣੇ ਅੰਦਰ ਮਹਿਸੂਸ ਕਰਦੀ, ਜਿਸ ਨਾਲ ਅੰਦਰਲਾ ਸੇਕ ਉਸ ਨੂੰ ਕੁਝ ਨਾ ਕੁਝ ਘਟਦਾ ਜਾਪਣ ਲਗਦਾ।

ਪਰ ਕਿੰਨਾ ਕੁ ਚਿਰ — ਇਕ ਦਿਨ, ਦੋ ਦਿਨ, ਚਾਰ ਦਿਲ, ਅਖ਼ੀਰ ਉਸ ਨੂੰ ਪਤਾ ਲਗਦਾ ਕਿ ਬਲਦੇ ਭਾਂਬੜ ਉਤੇ ਜਿਹੜਾ ਬੋਝ ਆ ਪਿਆ ਸੀ — ਜਿਸ ਨੇ ਕੁਝ ਚਿਰ ਲਈ ਅੱਗ ਨੂੰ ਦੱਬ ਦਿਤਾ ਸੀ — ਅਸਲ ਵਿਚ ਬਾਲਣ ਸੀ — ਕੁਝ ਮੋਟਾ ਤੇ ਗਿੱਲਾ ਬਾਲਣ। ਜਿਹੜਾ ਹੇਠਲੀ ਅੱਗ ਦੇ ਸੇਕ ਨਾਲ ਸੁਕਦਾ ਸੁਕਦਾ ਭੱਕ ਕਰ ਕੇ ਕਿਸੇ ਕਿਸੇ ਵੇਲੇ ਇਕ ਦੰਮ ਬਲ ਉਠਦਾ।

ਫ਼ਕੀਰ ਦੇ ਗਾਏ ਹੋਏ ਉਸ ਗੀਤ ਦੀਆਂ ਤੁਕਾਂ ਤੇ ਇਹੋ ਜਿਹੀਆਂ ਕਈ ਹੋਰ ਕਵਿਤਾਵਾਂ ਪੜ੍ਹ ਪੜ੍ਹ ਕੇ ਉਹਦੇ ਅੰਦਰ ਦੀ ਅੱਗ ਨੂੰ ਯਥਾ ਸ਼ਕਤੀ ਦਬਦੀ ਰਹਿੰਦੀ, ਜਿਹੜੀ ਸਮਾਂ ਪਾ ਕੇ ਦੂਣੀ ਚੌਣੀ ਹੋ ਹੋ ਭੜਕਦੀ ਰਹਿੰਦੀ। ਇਸੇ ਦੱਬਣ ਤੇ ਭੜਕਣ ਦੇ ਸਿਲਸਿਲੇ ਵਿਚ ਹੀ ਦਿਨ ਤੇ ਰਾਤਾਂ ਦੇ ਦੂੰਹ ਪਹੀਆਂ ਵਾਲੀ ਸਮੇਂ ਦੀ ਗੱਡੀ ਚਲਦੀ ਜਾ ਰਹੀ ਸੀ। ਕ੍ਰਿਸ਼ਨਾ ਪ੍ਰਗਟ ਤੌਰ ਤੇ ਹਰ ਨੁਕਤੇ ਤੋਂ ਤਰੱਕੀ ਦੀ ਮੰਜ਼ਲ ਵਲ ਜਾ ਰਹੀ ਸੀ। ਪਰ ਉਸ ਦੇ ਦਿਲ ਦਾ ਨਾਸੂਰ ਜਿਉਂ ਦਾ ਤਿਉਂ ਮੌਜੂਦ ਸੀ। ਉਸ ਨੂੰ ਬਾਹਰੋਂ ਵੇਖ ਕੇ ਕੋਈ ਵੀ ਇਸ ਗਲ ਦਾ ਅਨੁਮਾਨ ਨਹੀਂ ਸੀ ਕਰ ਸਕਦਾ ਕਿ ਕ੍ਰਿਸ਼ਨਾ ਦਾ ਅੰਦਰਲਾ ਕਿਸੇ ਇਹੋ ਜਿਹੀ ਅੱਗ ਨਾਲ ਸੜ ਰਿਹਾ ਹੈ। ਉਹ ਅਕਸਰ ਖੁਸ਼ ਤੇ ਹੱਸਦੀ ਮੁਸਕਾਂਦੀ ਹੀ ਹਰ ਕਿਸੇ ਨੂੰ ਦਿਖਾਈ ਦੇਂਦੀ ਸੀ।

ਸ਼ੁਰੂ ਸ਼ੁਰੂ ਵਿਚ, ਜਦ ਉਹ ਇਸ ਘਰ ਵਿਚ ਆਈ ਸੀ, ਤਾਂ ਸਤਨਾਮ ਦੇ ਹਾਵ ਭਾਵ ਤੋਂ, ਉਸ ਦੀ ਗੰਭੀਰਤਾ ਤੋਂ, ਤੇ ਉਸ ਦੇ ਪਰੇ ਪਰੇ ਰਹਿਣ ਦੇ ਵਤੀਰੇ ਤੋਂ ਉਸ ਨੇ ਸਮਝਿਆ ਸੀ ਕਿ ਇਹ ਨੌਜਵਾਨ ਕਾਫ਼ੀ ਹਦ ਤਕ ਮਗ਼ਰੂਰ ਤੇ ਲਾਪਰਵਾਹ ਜਿਹੇ ਸੁਭਾਉ ਦਾ ਹੈ, ਪਰ ਜਿਉਂ ਜਿਉਂ ਨੇੜਤਾ ਦਾ ਦਾਇਰਾ ਚੌੜਾ ਹੁੰਦਾ ਗਿਆ, ਸਤਨਾਮ ਬਾਰੇ ਉਸ ਦਾ ਖ਼ਿਆਲ ਬਦਲਦਾ ਗਿਆ। ਉਸ ਦੇ ਸੁਭਾਉ ਵਿਚੋਂ, ਉਸ ਦੇ ਗੱਲਬਾਤੀ ਢੰਗ ਤੋਂ ਤੇ ਉਸ ਦੇ ਨੈਤਿਕ ਵਤੀਰੇ ਵਿਚੋਂ ਕ੍ਰਿਸ਼ਨਾ ਨੂੰ ਕਾਫੀ ਨਿਘ ਪ੍ਰਾਪਤ ਹੋਣ ਲਗ ਪਿਆ।

ਸ਼ਾਮ ਹੋਣ ਵਾਲੀ ਸੀ, ਘੁੱਗੀ ਰੰਗੇ ਆਕਾਸ਼ ਉਤੇ ਡੁਬਦੇ ਸੂਰਜ ਦੀਆਂ ਛੇਕੜਲੀਆ ਕਿਰਨਾਂ ਰਸਭਰੀ ਰੰਗ ਦੀ ਪਰਤੌਆ ਸੁਟ ਰਹੀਆਂ ਸਨ। ਬਾਬਾ ਜੀ ਹੇਠਾਂ ਆਪਣੇ ਇਕ ਦੋ ਮਰੀਜ਼ਾਂ ਨਾਲ ਗੱਲੀਂ ਰੁਝੇ ਹੋਏ ਸਨ। ਕੇਸਰ ਕੌਰ ਗਲੀ ਵਿਚ ਕਿਸੇ ਦੇ ਘਰ ਗਈ ਹੋਈ ਸੀ ਤੇ ਮੁੰਨੀ ਹੇਠਾਂ ਆਪਣੀਆਂ ਹਾਣਨਾ ਨਾਲ ਗੁੱਡੀਆਂ ਪਟੋਲੇ ਖੇਡ ਰਹੀ ਸੀ। ਕਈਆਂ ਦਿਨਾਂ ਦੀ ਮਿਹਨਤ ਤੋਂ ਬਾਅਦ ਕ੍ਰਿਸ਼ਨਾ ਨੇ ਸਵੈਟਰਾਂ ਦੇ ਕਈ ਨਮੂਨੇ ਸਿਖ ਲਏ ਸਨ ਤੇ ਇਸ ਵੇਲੇ ਉਹ ਸਤਨਾਮ ਲਈ ਲਾਏ ਹੋਏ ਸਵੈਟਰ ਨੂੰ ਲੈ ਕੇ ਆਪਣੇ ਕਮਰੇ ਵਿਚ ਬੈਠੀ ਸੀ। ਸਵੈਟਰ ਉਸ ਦੇ ਗੋਡੇ ਤੇ ਪਿਆ ਸੀ, ਤੇ ਕ੍ਰਿਸ਼ਨਾ ਉਸ ਨੂੰ ਉਣਨ ਦੇ ਥਾਂ ਸਵੇਰ ਵਾਲੀਆਂ ਉਹ ਦੋਵੇਂ ਕਵਿਤਾਵਾਂ ਯਾਦ ਕਰ ਰਹੀ ਸੀ, ਜਿਨ੍ਹਾਂ ਦਾ ਇਕ ਅੱਧ ਬੰਦ ਹੀ ਯਾਦ ਕਰਨਾ ਬਾਕੀ ਸੀ।

ਸਬਜ਼ੀ ਰਿੜ ਚੁੱਕਣ ਤੋਂ ਬਾਅਦ ਤਵਾ ਧਰ ਕੇ ਜਦ ਕੇਸਰ ਕੌਰ ਨੇ ਮੁੰਨੀ ਨੂੰ ਰੋਟੀ ਖਾਣ ਲਈ ਸੱਦ ਘਲਿਆ ਤਾਂ ਕਨੌਂਟੀਏ ਨੇ ਆ ਕੇ ਉਸ ਨੂੰ ਦਸਿਆ ਕਿ ਮੁੰਨੀ ਨੂੰ ਸਿਰ ਪੀੜ ਹੁੰਦੀ ਹੈ, ਤੇ ਕ੍ਰਿਸ਼ਨਾ ਬੀਬੀ ਉਸ ਦਾ ਸਿਰ ਘੁਟ ਰਹੀ ਹੈ।

ਉਹ ਤਵੇ ਨੂੰ ਓਵੇਂ ਹੀ ਚੁਲ੍ਹੇ ਤੇ ਛਡ ਕੇ ਨੱਸੀ ਗਈ। ਜਾ ਕੇ ਉਸਨੇ ਦੇਖਿਆ, ਮੁੰਨੀ ਮੰਜੇ ਤੇ ਲੇਟੀ ਹੋਈ ਸੀ, ਤੇ ਸਰ੍ਹਾਂਦੀ ਬੈਠੀ ਕ੍ਰਿਸ਼ਨਾ ਉਸ ਦਾ ਸਿਰ ਘੁਟ ਰਹੀ ਸੀ। ਕੇਸਰ ਕੌਰ ਜਾਣਦੀ ਸੀ ਕਿ ਮੁੰਨੀ ਦੀ ਸਿਰ ਪੀੜ, ਉਸ ਦੇ ਬੁਖਾਰ ਦੀ ਪਹਿਲੀ ਅਲਾਮਤ ਹੋਇਆ ਕਰਦੀ ਹੈ। ਉਸ ਦਾ ਖ਼ਿਆਲ ਠੀਕ ਹੀ ਨਿਕਲਿਆ, ਜਦ ਉਸ ਨੇ ਮੁੰਨੀ ਦੇ ਮਥੇ ਤੇ ਹਥ ਰਖ ਕੇ ਵੇਖਿਆ। ਉਸ ਨੂੰ ਬੁਖਾਰ ਚੜ੍ਹ ਰਿਹਾ ਸੀ, ਉਸ ਦਾ ਚਿਹਰਾ ਭਖੇ ਹੋਏ ਲੋਹੇ ਵਾਂਗ ਹੋ ਰਿਹਾ ਸੀ।

"ਮੈਂ ਅਗੇ ਈ ਪਈ ਸੋਚਦੀ ਸਾਂ" ਕੇਸਰ ਕੌਰ, ਕ੍ਰਿਸ਼ਨਾ ਵਲ ਤੱਕ ਕੇ ਬੋਲੀ — "ਜ਼ਰੂਰ ਇਸ ਨੇ ਬੁਖ਼ਾਰ ਚੜ੍ਹਾ ਕੇ ਈ ਰਹਿਣਾ ਏਂ। ਸਾਰਾ ਦਿਨ ਤੇ ਪੈਰ ਨਹੀ ਲਾਂਦੀ ਘਰ ਵਿਚ।"

"ਨਾ ਗੁਸੇ ਹੋਵੋ, ਮਾਸੀ ਜੀ" ਕ੍ਰਿਸ਼ਨਾ ਨੇ ਜਿਵੇਂ ਵਾਸਤਾ ਪਾਈਦਾ ਹੈ — ਕਿਹਾ।

"ਸਵੇਰੇ ਵੀ ਰੋਟੀ ਵਿਚੇ ਛਡਕੇ ਉਠ ਖੜੋਤੀ ਸੀ" ਕੇਸਰ ਕੌਰ ਉਸ ਦੇ ਕੋਲ ਮੰਜੇ ਦੀ ਬਾਹੀ ਤੇ ਬੈਠਦੀ ਹੋਈ ਬੋਲੀ — "ਮੈਨੂੰ ਖੁੜਕ ਗਈ ਸੀ ਕਿ ਜ਼ਰੂਰ ਏਹਨੇ ਮੰਜੇ ਤੇ ਪੈਣਾ ਏਂ ਹੁਣ।"

"ਕੋਈ ਨਹੀਂ" ਕ੍ਰਿਸ਼ਨਾ ਬੋਲੀ — "ਬਾਪੂ ਜੀ ਲਗੇ ਨੇ ਦਵਾਈ ਦੇਣ। ਕਹਿੰਦੇ ਨੇ ਮਿਹਦਾ ਰੁਕਿਆ ਹੋਇਆ ਏ।"

"ਭਾਬੀ" ਆਪਣੀ ਦੋਸ਼ੀ ਨਜ਼ਰ ਮਾਂ ਦੇ ਚਿਹਰੇ ਤੇ ਗੱਡ ਕੇ ਮੁੰਨੀ ਔਖੇ ਜਿਹੇ ਸਾਹ ਲੈਂਦੀ ਹੋਈ ਪੁਕਾਰੀ — "ਸਿਰ ਪੀੜ ਹੁੰਦੀ ਏ।"

"ਹੋਰ ਦੜੰਗੇ ਮਾਰ ਜਾ ਕੇ ਗਲੀ ਵਿਚ" ਕੇਸਰ ਕੌਰ ਦੇ **ਇਸ** ਤਾੜਨਾ ਭਰੇ ਵਾਕ ਵਿਚ ਤਰਸ ਤੇ ਮਮਤਾ ਦਾ ਅੰਸ਼ ਵਧੇਰੇ ਸੀ। ਉਸ ਨੇ ਮੁੰਨੀ ਨੂੰ **ਮੰਜੇ ਤੋਂ** ਚੁਕ ਕੇ ਗੋਦੀ ਵਿਚ ਲੈ ਲਿਆ।

ਇਸ ਵੇਲੇ ਬਾਬਾ ਜੀ ਸੋਟੀ ਟੇਕਦੇ ਹੋਏ ਅੰਦਰ ਆਏ। ਉਨ੍ਹਾਂ ਦੇ ਹੱਥ ਵਿਚ ਇਕ ਪਿੱਤਲ ਦੀ ਕੌਲੀ ਸੀ। ਜਿਸ ਵਿਚੋਂ ਕੋਈ ਘੁਲੀ ਹੋਈ ਦਵਾਈ ਉਂਗਲਾਂ ਨਾਲ ਲੈ ਕੇ ਉਨ੍ਹਾਂ ਮੁੰਨੀ ਦੇ ਮਥੇ ਤੇ ਲੇਪ ਕਰ ਦਿਤਾ ਤੇ ਫਿਰ ਇਕ ਕਾਲੀ ਜਿਹੀ ਗੋਲੀ ਫਤੂਹੀ ਦੀ ਜੇਬ ਚੋਂ ਕਢ ਕੇ ਪਾਣੀ ਨਾਲ ਉਸਨੂੰ ਖਵਾਲ ਦਿਤੀ।

ਇਸ ਤੋਂ ਘੰਟਾ ਕੁ ਮਗਰੋਂ ਜਦ ਸਤਨਾਮ ਘਰ ਪਹੁੰਚਿਆ ਤਾਂ ਮੁੰਨੀ ਨੂੰ ਉਸ ਨੇ ਕ੍ਰਿਸ਼ਨਾ ਦੇ ਹੀ ਕਮਰੇ ਵਿਚ ਵੇਖਿਆ — ਬੁਖ਼ਾਰ ਦੀ ਘੂਕੀ ਵਿਚ ਲਗ ਪਗ ਬੇਹੋਸ਼ ਪਈ ਨੂੰ। ਕ੍ਰਿਸ਼ਨਾ ਨੇ ਉਸ ਨੂੰ ਗੋਦ ਵਿਚ ਲਿਆ ਹੋਇਆ ਸੀ।

ਖਾਓ ਪੀਓ ਤੋਂ ਬਾਅਦ ਸਾਰੇ ਕੋਠਿਆਂ ਤੇ ਜਾ ਚੜ੍ਹੇ, ਪਰ ਕ੍ਰਿਸ਼ਨਾ ਨੇ ਉਪਰ ਜਾਣਾ ਮਨਜ਼ੂਰ ਨਾ ਕੀਤਾ। ਮੁੰਨੀ ਨੂੰ ਦਬਾ ਦਬ ਮੁੜ੍ਹਕਾ ਆ ਰਿਹਾ ਸੀ। ਬਾਬਾ ਜੀ ਦੀ ਚਿਤਾਵਨੀ ਸੀ ਕਿ ਹਵਾ ਤੋਂ ਇਸ ਨੂੰ ਬਚਾ ਕੇ ਰਖਿਆ ਜਾਏ। ਗੋਲੀ ਉਸ ਨੇ ਮੁੜ੍ਹਕਾ ਲਿਆਉਣ ਲਈ ਦਿਤੀ ਸੀ।

25

ਮੁੰਨੀ ਦਾ ਮੰਜਾ ਕ੍ਰਿਸ਼ਨਾ ਨੇ ਅੰਦਰੋਂ ਕਢ ਕੇ ਬਾਹਰ ਚੌਕ ਵਿਚ ਲਿਆ ਡਾਹਿਆ। ਰਾਤ ਦੇ ਪਹਿਲੇ ਪਹਿਰ ਤੋਂ ਲੈ ਕੇ ਹੁਣ ਤੀਕ ਦੇ ਤਿੰਨ ਵੇਰਾਂ ਬਾਬਾ ਜੀ ਨੇ ਹੇਠਾਂ ਉਤਰ ਕੇ ਉਸਨੂੰ ਵੇਖਿਆ, ਤੇ ਯਥਾਸ਼ਕਤ ਉਸਦਾ ਬੁਖ਼ਾਰ ਉਤਾਰਨ ਦੀ ਕੋਸ਼ਿਸ਼ ਕੀਤੀ, ਪਰ ਬੁਖ਼ਾਰ ਉਤਰਨ

ਦੇ ਥਾਂ ਸਗੋਂ ਵਧਦਾ ਹੀ ਚਲਾ ਜਾ ਰਿਹਾ ਸੀ। ਕ੍ਰਿਸ਼ਨਾ ਨੇ ਵੇਖਿਆ ਕਿ ਘੜੀ ਮੁੜੀ ਉੱਤਰਨ ਚੜ੍ਹਨ ਨਾਲ ਬਾਬਾ ਜੀ ਨੂੰ ਕਾਫ਼ੀ ਤਕਲੀਫ਼ ਦਾ ਸਾਮ੍ਹਣਾ ਕਰਨਾ ਪੈ ਰਿਹਾ ਹੈ। ਉਸ ਨੇ ਬਥੇਰਾ ਰੋਕਣ ਦੀ ਕੋਸ਼ਿਸ਼ ਕੀਤੀ, ਤੇ ਅਖ਼ੀਰ ਜ਼ਰਾ ਔਖੀ ਹੋ ਕੇ ਬੋਲੀ — "ਬਾਪੂ ਜੀ, ਤੁਸੀਂ ਜ਼ਰੂਰ ਸਟ ਫੇਟ ਲਵਾ ਬਹਿਣੀ ਏ ਪੌੜੀਆਂ 'ਚੋਂ ਡਿਗ ਕੇ। ਜਾ ਕੇ ਲੰਮੇ ਪਵੋ ਖਾਂ ਤੁਸੀਂ ਆਰਾਮ ਨਾਲ — ਮੈਂ ਜੁ ਬੈਠੀ ਹੋਈ ਹਾਂ। ਕੋਈ ਗਲ ਪੁੱਛਣ ਵਾਲੀ ਹੋਈ ਤਾਂ ਮੈਂ ਆਪੇ ਤੁਹਾਡੇ ਕੋਲ ਆ ਕੇ ਪੁੱਛ ਲਵਾਂਗੀ। ਜਾਓ ਤੁਸੀਂ, ਤੇ ਦਿਨ ਚੜ੍ਹੇ ਤੋਂ ਪਹਿਲਾਂ ਮੁੜ ਕੇ ਜੇ ਹੇਠਾਂ ਉਤਰੇ ਤਾਂ ਮੇਰੀ ਸਹੁੰ ਜੇ ਤੁਹਾਨੂੰ।"

ਕੇਸਰ ਕੌਰ ਨੇ ਵੀ ਆ ਆ ਕੇ ਕਈ ਵੇਰਾ ਮੁੰਨੀ ਦੀ ਹਾਲਤ ਵੇਖੀ, ਅਖ਼ੀਰ ਉਹ ਵੀ ਕ੍ਰਿਸ਼ਨਾ ਦੀਆਂ ਸਹੁੰਆਂ ਸੁਗੰਧਾਂ ਤੋਂ ਡਰਦੀ ਉਪਰ ਆਪਣੇ ਮੰਜੇ 'ਤੇ ਜਾ ਲੇਟੀ।

ਪਹਿਲੇ ਪਹਿਰ ਤੋਂ ਲੈ ਕੇ ਤੀਜੇ ਪਹਿਰ ਤੀਕ ਕ੍ਰਿਸ਼ਨਾ ਨੇ ਮੰਜੇ ਨਾਲ ਪਿਠ ਨਹੀਂ ਲਾਈ।

ਚੰਨ ਦੀ ਚਾਨਣੀ ਮੋਘ ਦੀਆਂ ਸੀਖਾਂ 'ਚੋਂ ਛਣ ਛਣ ਕੇ ਹੇਠਾਂ ਫ਼ਰਸ਼ ਦੀਆਂ ਲਾਲ ਪਟੜੀਆਂ ਉੱਤੇ ਚਾਂਦੀ ਦਾ ਪਾਣੀ ਫੇਰ ਰਹੀ ਸੀ। ਜਿਸ ਦੀ ਕੋਈ ਨਾ ਕੋਈ ਰਿਸ਼ਮ ਮੁੰਨੀ ਦੇ ਚਿਹਰੇ ਉੱਤੇ ਖੇਡ ਰਹੀ ਸੀ। ਮੁੰਨੀ ਦੇ ਪਾਸੇ ਨਾਲ ਬੈਠੀ ਕ੍ਰਿਸ਼ਨਾ ਠੰਢੇ ਪਾਣੀ ਦੀ ਚਿਲਮਚੀ ਵਿਚੋਂ ਤੌਲੀਆ ਭਿਉਂ ਭਿਉਂ ਕੇ ਉਸ ਦੇ ਮਥੇ ਤੇ ਟਕੋਰ ਕਰ ਰਹੀ ਸੀ। ਕਿਸੇ ਕਿਸੇ ਵੇਲੇ ਮੁੰਨੀ ਜਦ ਪਾਸਾ ਪਰਤਦੀ ਤਾਂ ਉਸ ਦੇ ਮੂੰਹੋਂ ਇਕ ਔਖੀ ਜਿਹੀ ਹੂੰਗਰ ਸੁਣਾਈ ਦੇਂਦੀ। ਅੱਖਾਂ ਉਸ ਦੀਆਂ ਬੰਦ ਸਨ, ਜਿਨ੍ਹਾਂ ਦੇ ਪਪੋਟਿਆਂ ਨੂੰ ਉਹ, ਅੰਦਰਲੀ ਤਕਲੀਫ਼ ਤੋਂ ਹੁੱਸੜ ਕੇ ਖੋਲ੍ਹਣ ਦੀ ਕੋਸ਼ਸ਼ ਕਰਦੀ, ਪਰ ਉਹ ਜ਼ਰਾ ਕੁ ਹਿਲਦੇ, ਤੇ ਫੇਰ ਬੰਦ ਦੇ ਬੰਦ ਹੀ ਟਿਕੇ ਰਹਿੰਦੇ। ਜਿਨ੍ਹਾਂ ਦੇ ਹੇਠ ਉਸ ਦੀਆਂ ਪੁਤਲੀਆਂ ਕਿਸੇ ਕਿਸੇ ਵੇਲੇ ਮਾੜੀ ਜਿਹੀ ਹਰਕਤ ਕਰਦੀਆਂ ਦਿਖਾਈ ਦੇਂਦੀਆਂ ਸਨ।

ਸਜਰੀ ਪੱਟੀ ਉਸ ਦੇ ਮਥੇ ਤੇ ਧਰਨ ਤੋਂ ਬਾਅਦ ਕ੍ਰਿਸ਼ਨਾ ਉਠ ਕੇ ਮੰਜੇ ਦੀ ਦੂਜੀ ਬਾਹੀ ਵਲ — ਕੰਧ ਨਾਲ ਢੋਹ ਲਾ ਕੇ ਹੋ ਬੈਠੀ — ਸ਼ਾਇਦ ਉਸ ਦਾ ਲੱਕ ਦੁਖਣ ਲਗ ਪਿਆ ਸੀ। ਪਰ ਪੱਟੀ ਗਰਮ ਹੋ ਜਾਣ ਦਾ ਖ਼ਿਆਲ ਕਰ ਕੇ ਉਹ ਮੁੜ ਆਪਣੇ ਪਹਿਲੇ ਥਾਂ ਤੇ ਹੀ ਆ ਗਈ।

ਘੜੀ ਮੁੜੀ ਪੱਟੀਆਂ ਭਿੱਜਣ ਕਰ ਕੇ ਚਿਲਮਚੀ ਦਾ ਪਾਣੀ ਕੁਝ ਕੋਸਾ ਹੋ ਗਿਆ ਸੀ। ਮੰਜੇ ਤੋਂ ਉਠ ਕੇ ਉਸ ਨੇ ਪਹਿਲਾ ਪਾਣੀ ਡੋਲ੍ਹ ਦਿਤਾ, ਤੇ ਨਲਕੇ ਤੋਂ ਹੋਰ ਪਾ ਲਿਆਈ। ਫੇਰ ਜਿਉਂ ਹੀ ਇਸ ਨੂੰ ਮੰਜੇ ਦੇ ਲਾਗੇ ਫ਼ਰਸ਼ ਤੇ ਰਖ ਕੇ ਉਹ ਉਤਾਂਹ ਹੋਈ, ਕਿ ਉਸ ਦੇ ਸਾਹਮਣੇ ਸਤਨਾਮ ਖੜਾ ਸੀ। ਜੇਹੜਾ ਉਸ ਦੀ ਕੁਵੇਲੇ ਦੀ ਤਪੱਸਿਆ ਵੇਖ ਕੇ ਘਬਰਾਇਆ ਜਿਹਾ ਮਾਲੂਮ ਹੁੰਦਾ ਸੀ।

ਸਤਨਾਮ ਬੋਲਿਆ — "ਉਹ ਤੇ ਬੀਮਾਰ ਹੈ ਈ, ਪਰ ਮੇਰਾ ਖ਼ਿਆਲ ਏ, ਤੇਰੀ ਵੀ ਮੰਜੇ ਤੇ ਪੈਣ ਦੀ ਸਲਾਹ ਏ।"

"ਕੋਈ ਨਹੀਂ ਭਰਾ ਜੀ" ਉਸ ਨੂੰ ਤੱਕਦਿਆਂ ਹੀ ਕ੍ਰਿਸ਼ਨਾ ਦੇ ਹੋਠਾਂ ਤੇ ਮੁਸਕਰਾਹਟ ਦੌੜ ਗਈ — "ਮੈਂ ਕਿਹੜਾ ਚੱਕੀ ਪੀਣ ਡਹੀ ਹੋਈ ਆਂ — ਬੈਠ ਜਾਓ।

ਸਤਨਾਮ ਬੈਠ ਗਿਆ। ਕ੍ਰਿਸ਼ਨਾ ਨੇ ਦੂਜੀ ਪੱਟੀ ਭਿਉਂ ਕੇ ਰਖੀ।

"ਤੁਸੀਂ ਸੁਤੇ ਨਹੀਂ ਅਜੇ ਤਕ ?" ਉਸ ਦੇ ਲਾਗੇ ਹੀ ਮੁੰਨੀ ਦੀ ਸਰ੍ਹਾਂਦੀ ਵਾਲੇ ਪਾਸੇ ਬੈਠਦਿਆਂ ਕ੍ਰਿਸ਼ਨਾ ਨੇ ਪੁਛਿਆ।

"ਸੁਤਾ ਰਿਹਾ ਸਾਂ" ਸਤਨਾਮ ਨੇ ਆਪਣੀ ਵਲੋਂ ਝੂਠ ਬੋਲਿਆ, ਪਰ ਕ੍ਰਿਸ਼ਨਾ ਨੇ ਪਾਜ ਉਘੇੜ ਦਿਤਾ — "ਝੂਠ ਕਿਉਂ ਬੋਲਦੇ ਓ ! ਮੈਨੂੰ ਪਤਾ ਨਹੀਂ ਜਿਕਣ ?"

"ਕਿਸ ਤਰ੍ਹਾਂ ਪਤਾ ਏ ਤੈਨੂੰ ?"

"ਬੱਤੀ ਕਿਉਂ ਜਗਾਂਦੇ ਸਾਓ ਘੜੀ ਮੁੜੀ ?" ਸਤਨਾਮ ਪਾਸ ਇਸ ਸਚਾਈ ਦਾ ਜਵਾਬ ਨਹੀਂ ਸੀ। ਉਹ ਬੋਲਿਆ — "ਤੂੰ ਹਰ ਵੇਲੇ ਮੇਰੇ ਉੱਤੇ ਪਹਿਰਾ ਰਖਨੀ ਏਂ ਕ੍ਰਿਸ਼ਨਾ ?"

ਕ੍ਰਿਸ਼ਨਾ ਸ਼ਰਮਾ ਕੇ, ਤੇ ਥੋੜਾ ਜਿਹਾ ਬੁੱਲ੍ਹਾਂ ਵਿਚ ਹਸ ਕੇ ਚੁਪ ਰਹੀ।

ਸਤਨਾਮ ਨੇ ਇਕ ਵਾਰੀ ਡੂੰਘੇ ਧਿਆਨ ਨਾਲ ਮੁੰਨੀ ਦੇ ਭਖਦੇ ਚਿਹਰੇ ਵਲ ਤਕਿਆ। ਫਿਰ ਉਸ ਦੇ ਮੱਥੇ ਨੂੰ — ਉਸ ਦੀ ਨਬਜ਼ ਨੂੰ ਟੋਹਿਆ, ਤੇ ਫਿਰ ਬੋਲਿਆ — "ਬੁਖ਼ਾਰ ਕਾਫ਼ੀ ਜਾਪਦਾ ਏ।"

"ਪਹਿਲਾਂ ਨਾਲੋਂ ਤੇ ਕੁਝ ਘਟ ਹੀ ਲਗਦੈ।" ਕ੍ਰਿਸ਼ਨਾ ਨੇ ਮੁੰਨੀ ਦੀ ਗੱਲ੍ਹ ਤੇ ਹਥ ਰਖਦਿਆਂ ਕਿਹਾ। ਝਟ ਕੁ ਦੁਵੱਲੀ ਚੁਪ ਵਰਤੀ ਰਹੀ।

"ਪਹਿਰੇਦਾਰ ਨੂੰ ਚੋਰੀ ਨਹੀਂ ਕਰਨੀ ਚਾਹੀਦੀ ਕ੍ਰਿਸ਼ਨਾ" ਸਤਨਾਮ ਦੇ ਸ਼ਬਦਾਂ ਵਿਚ ਛੇੜਨ ਵਾਲੀ ਮਿੱਠੀ ਜਿਹੀ ਸ਼ਰਾਰਤ ਸੀ।

"ਕੀ ਚੋਰੀ ਹੋਈ ਜੇ ਭਰਾ ਜੀ ?" ਕ੍ਰਿਸ਼ਨਾ ਨੇ ਗਲ ਦਾ ਮਤਲਬ ਸਮਝ ਕੇ ਵੀ ਅਨਜਾਣਪਣਾ ਪ੍ਰਗਟ ਕੀਤਾ।

"ਪੈਡ ਮੇਰਾ ਕਿਸ ਚੁਰਾਇਆ ਸੀ ?"

"ਤੁਹਾਡਾ ਪੈਡ ?"

"ਹਾਂ।"

"ਕਿਥੇ ਰਖਿਆ ਸੀ ਤੁਸਾਂ ?"

"ਜਿਥੋਂ ਤੂੰ ਚੁਕਿਆ ਸੀ।"

ਕ੍ਰਿਸ਼ਨਾ ਦਾ ਹਾਸਾ ਨਿਕਲ ਗਿਆ, ਤੇ ਉਸ ਦੇ ਚਿਹਰੇ ਉੱਤੇ ਤਰਬੂਜ਼ੀ ਰੰਗ ਦੀ ਝਲਕ ਫਿਰ ਗਈ। ਉਸ ਨੇ ਪੁਛਿਆ — "ਪੈਡ ਵਿਚ ਕੋਈ ਕੰਮ ਦੀ ਚੀਜ਼ ਸੀ ?"

"ਹਾਂ, ਇਕ ਦੋ ਕਵਿਤਾਵਾਂ ਸਨ।"

"ਫ਼ਿਕਰ ਨਾ ਕਰੋ। ਉਹ ਕਿਤੇ ਗੁਆਚੀਆਂ ਨਹੀਂ, ਮੇਰੇ ਕੋਲ ਨੇ। ਸੱਚੀ ਭਰਾ ਜੀ ਕਮਾਲ ਦੀਆਂ ਨਜ਼ਮਾਂ ਨੇ। ਕਿਸ ਨੇ ਲਿਖੀਆਂ ਨੇ ?"

ਸਤਨਾਮ ਊਂਧੀ ਪਾਈ ਬੈਠਾ ਰਿਹਾ। ਕ੍ਰਿਸ਼ਨਾ ਫਿਰ ਬੋਲੀ — "ਦਿਲ ਕਰਦਾ ਏ, ਮੈਂ ਵੀ ਇਹੋ ਜਿਹੀ ਸ਼ਾਇਰੀ ਕਰਿਆ ਕਰਾਂ ਕਦੀ। ਮੈਨੂੰ ਇਹੋ ਜਿਹੀਆਂ ਨਜ਼ਮਾਂ ਲਿਖਣੀਆਂ ਆ ਜਾਣ, ਤਾਂ ਸਚ ਕਹਿੰਦੀ ਹਾਂ ਅੱਠਾਂ ਪਹਿਰਾਂ ਵਿਚ ਹੀ ਦੁਨੀਆਂ ਦਾ ਨਕਸ਼ਾ ਬਦਲ ਦਿਆਂ। ਸਚੀ ਭਰਾ ਜੀ, ਮੇਰਾ ਦਿਲ ਕਰਦਾ ਏ, ਇਹੋ ਜਿਹੇ ਕਿਸੇ ਸ਼ਾਇਰ ਦੀ ਸ਼ਗਿਰਦੀ ਕਰਾਂ। ਪਰ ਮੈਂ ਤੇ ਉਸਦੀ ਸ਼ਗਿਰਦ ਬਣਾਂਗੀ, ਜਿਹੜਾ ਅੰਦਰੋਂ ਬਾਹਰੋਂ ਸ਼ਾਇਰ ਹੋਵੇ। ਮੈਨੂੰ ਉਹ ਉਸਤਾਦ ਨਹੀਂ ਚਾਹੀਦਾ ਜਿਹੜਾ ਰਾਤੀਂ ਨਜ਼ਮਾਂ ਲਿਖੇ, ਤੇ ਦਿਹਾੜੀ ਬੰਬ ਸਾਜ਼ੀ ਕਰੇ।"

ਸਤਨਾਮ ਦੇ ਸ਼ਰੀਰ ਨੂੰ ਜਿਵੇਂ ਕਿਸੇ ਨੇ ਧਰਤੀ ਵਿਚ ਗੱਡ ਦਿਤਾ। ਉਸ ਦੀ ਹਲਾਤ ਨੂੰ ਤਾੜ ਕੇ ਕ੍ਰਿਸ਼ਨਾ ਬੋਲੀ — "ਤੁਸੀਂ ਬੋਲਦੇ ਕਿਉਂ ਨਹੀਂ ਭਰਾ ਜੀ ?"

ਜਵਾਬ ਵਿਚ ਸਤਨਾਮ ਨੂੰ ਕੁਝ ਹਿਚਕਿਚਾਹਟ ਦਾ ਭਾਵ ਪ੍ਰਗਟ ਕਰਦਿਆਂ ਵੇਖ ਕੇ ਕ੍ਰਿਸ਼ਨਾ ਬੋਲੀ — "ਕੋਈ ਖ਼ਾਸ ਇਹੋ ਜਿਹੀ ਗਲ ਏ ਜਿਹੜੀ ਨਹੀਂ ਦੱਸਣ ਵਾਲੀ ਤਾਂ ਜਾਣ ਦਿਓ — ਮੈਂ ਨਹੀਂ ਪੁੱਛਦੀ।"

ਬਜਾਇ ਇਸ ਦੇ ਕਿ ਕ੍ਰਿਸ਼ਨਾ ਦਾ ਇਹ ਕਹਿਣਾ ਸਤਨਾਮ ਦਾ ਰਸਤਾ ਸਾਫ਼ ਕਰ ਦੇਂਦਾ, ਸਗੋਂ ਉਸ ਦੀ ਖ਼ਾਮੋਸ਼ੀ ਹੋਰ ਡੂੰਘੀ ਹੋ ਗਈ, ਜਿਸ ਤੋਂ ਕ੍ਰਿਸ਼ਨਾ ਨੇ ਦੇਖਿਆ ਕਿ ਇਸ ਵੇਲੇ ਉਹ ਸਖ਼ਤ ਸ਼ਰਮਿੰਦਗੀ ਦੀ ਖੁਭਣ ਵਿਚ ਖੁਭਿਆ ਜਾ ਰਿਹਾ ਹੈ। ਕੁਝ ਬੇਚੈਨ ਜਿਹੀ ਹੋ ਕੇ ਪੁੱਛਣ ਲਗੀ "ਕੀ ਗਲ ਏ ? ਤੁਸੀਂ ਨਿੰਮੋਝੂਣੇ ਹੋ ਗਏ ਜੇ।"

ਸਤਨਾਮ ਬਿਨਾਂ ਉਸ ਨਾਲ ਨਜ਼ਰ ਮਿਲਾਇਆਂ ਬੋਲਿਆ — "ਕ੍ਰਿਸ਼ਨਾ ! ਮੈਂ ਤੇਰੇ ਨਾਲ

ਕਲ ਕਰਦਾ ਰਿਹਾ ਹਾਂ। ਮੇਰੇ ਉੱਤੇ ਤੇਰਾ ਇਤਨਾ ਭਰੋਸਾ ਕਰਨਾ, ਗਲਤ ਹੈ। ਮੈਂ ਸਚੇ ਹੀ ਅੰਦਰੋਂ ਹੋਰ, ਤੇ ਬਾਹਰੋਂ ਹੋਰ ਹੁੰਦਾ ਸਾਂ। ਇਸ ਵਿਚ ਕੋਈ ਸ਼ਕ ਨਹੀਂ ਕਿ ਮੈਂ ਆਪਣੀ ਇਸ ਖ਼ੂਨੀਆ ਪਾਰਟੀ ਵਿਚ ਰਲ ਕੇ ਬਹੁਤ ਕੁਝ ਕਰਨ ਵਾਲਾ ਸਾਂ — ਨਵੀਂ ਸਕੀਮ ਅਨੁਸਾਰ ਅਸਾਂ ਇਕ ਬੜਾ ਭਾਰੀ ਪਰੋਗਰਾਮ ਤਿਆਰ ਕੀਤਾ ਸੀ, ਇਕੋ ਰਾਤ ਵਿਚ ਮੁਸਲਮਾਨਾਂ ਦੇ ਕਈਆਂ ਮਹੱਲਿਆਂ ਨੂੰ ਬੰਬਾਂ ਨਾਲ ਉਡਾ ਦੇਣ ਦਾ, ਪਰ ਤੇਰੇ ਉਨ੍ਹਾਂ ਥੋੜੇ ਜਿਹੇ ਲਫ਼ਜ਼ਾਂ ਨੇ ਮੈਨੂੰ ਬਦਲ ਦਿਤਾ। ਅਜੇ ਵੀ ਇਸ ਵਿਚ ਜੋ ਕੁਝ ਕਸਰ ਸੀ ਤਾਂ ਇਕ ਹੋਰ ਹਾਦਸੇ ਨੇ ਪੂਰੀ ਕਰ ਦਿਤੀ।"

"ਹਾਦਸੇ ਨੇ ?" ਕ੍ਰਿਸ਼ਨਾ ਨੇ ਸਵਾਲ ਕੀਤਾ — "ਕਿਹੜੇ ਹਦਾਸੇ ਨੇ ?"

ਸਤਨਾਮ ਨੇ ਓਹੀ ਲੂਣ ਮੰਡੀ ਦੇ ਚੌਕ ਵਿਚ ਕੋਚਵਾਨ ਦੀ ਮੌਤ ਵਾਲਾ ਵਾਕਿਆ ਉਸ ਨੂੰ ਵੇਰਵੇ ਨਾਲ ਸੁਣਾ ਦਿਤਾ।

"ਕ੍ਰਿਸ਼ਨਾ !" ਉਹ ਆਪਣੀ ਸਫ਼ਾਈ ਵਿਚ ਕਹਿਣ ਲਗਾ "ਇਕ ਗਲ ਦਾ ਮੈਂ ਤੈਨੂੰ ਯਕੀਨ ਦਿਵਾਂਦਾ ਹਾਂ ਕਿ ਦਿਲੋਂ ਮੈਂ ਹਮੇਸ਼ਾਂ ਇਸ ਕੰਮ ਨੂੰ ਨਫ਼ਰਤ ਕੀਤੀ ਹੈ। ਪਰ ਕੁਝ ਹਾਲਾਤ ਦੇ ਅਸਰ, ਕੁਝ ਸਾਥੀਆਂ ਦੀ ਚੁਕਣ ਨੇ, ਤੇ ਬਾਕੀ ਤੇਰੇ ਜ਼ੁਲਮਾਂ ਦੇ ਬਦਲੇ ਵਾਲੇ ਜਜ਼ਬੇ ਨੇ ਮੈਥੋਂ ਇਹ ਸਭ..." ਤੇ ਬੋਲਦਾ ਬੋਲਦਾ ਉਹ ਚੁੱਪ ਹੋ ਗਿਆ, ਜਦ ਉਸ ਨੇ ਵੇਖਿਆ ਕਿ ਕ੍ਰਿਸ਼ਨਾ ਦਾ ਧਿਆਨ ਉੱਕਾ ਹੀ ਉਸ ਦੀਆਂ ਗੱਲਾਂ ਵਲ ਨਹੀਂ ਸੀ। ਉਸ ਦੀਆਂ ਅੱਖਾਂ ਤਾੜੇ ਲਗੀਆਂ ਹੋਈਆਂ ਸਨ, ਜਿਨ੍ਹਾਂ ਵਿਚੋਂ ਕਿਸੇ ਭਾਰੀ ਸਹਿਮ ਜਾਂ ਖ਼ਤਰੇ ਦੇ ਭਾਵ ਪ੍ਰਗਟ ਹੋ ਰਹੇ ਸਨ।

"ਕ੍ਰਿਸ਼ਨਾ !" ਸਤਨਾਮ ਨੇ ਉਸ ਦਾ ਧਿਆਨ ਮੋੜਿਆ — "ਤੂੰ ਮੇਰੀਆਂ ਗੱਲਾਂ ਨਹੀਂ ਸੁਣ ਰਹੀ ?"

ਜਵਾਬ ਦੇਣ ਦੇ ਥਾਂ ਕ੍ਰਿਸ਼ਨਾ ਨੇ ਸਵਾਲ ਕੀਤਾ — "ਭਰਾ ਜੀ ! ਤੁਸਾਂ ਕਿਹਾ ਏ, ਨਵਾਂ ਪਰੋਗਰਾਮ ਬਣਾਇਆ ਸੀ ਤੁਹਾਡੀ ਪਾਰਟੀ ਨੇ। ਉਹ ਕੀ ਸੀ ?"

"ਪਰੋਗਰਾਮ ਇਹ ਸੀ" ਸਤਨਾਮ ਆਪਣੇ ਸਿਲਸਿਲੇ ਨੂੰ ਕੱਟਦਾ ਹੋਇਆ ਕਹਿਣ ਲਗਾ — "ਕਿ ਬੁੱਧਵਾਰ ਰਾਤ ਨੂੰ ਛਿਆਂ ਮੁਸਲਿਮ ਮਹੱਲਿਆਂ ਤੇ ਇਕੋ ਵਾਰੀ ਹੱਲਾ ਬੋਲਿਆ ਜਾਵੇ। ਇਸ ਮਤਲਬ ਲਈ ਅਸਾਂ ਛੋਟੀਆਂ ਛੋਟੀਆਂ ਛੇ ਵਖੋ ਵਖ ਪਾਰਟੀਆਂ ਬਣਾਈਆਂ, ਜਿਨ੍ਹਾਂ ਵਿਚੋਂ ਇਕ ਦੀ ਲੀਡਰੀ ਮੇਰੇ ਜ਼ਿੰਮੇ ਸੀ।"

"ਤਾਂ ਤੁਸੀਂ ਏਸੇ ਮਤਲਬ ਲਈ ਉਹ ਸਾਮਾਨ ਲਿਆਏ ਸਾਓ ?"

"ਨਹੀਂ, ਉਹ ਸਾਮਾਨ ਤਾਂ ਬੰਬਸਾਜ਼ੀ ਦੇ ਤਜਰਬੇ ਲਈ ਸੀ ਤੇ ਰੀਵਾਲਵਰ ਸੀ ਨਿਸ਼ਾਨੇਬਾਜ਼ੀ ਸਿਖਣ ਲਈ। ਨਹੀਂ ਤੇ ਭਲਾ ਇੰਨੇ ਕੁ ਮੈਟੀਰੀਅਲ ਨਾਲ ਏਡੇ ਵਡੇ ਕੰਮ ਵਿਚ ਕੀ ਬਣ ਸਕਦਾ ਹੈ।

"ਤੁਸੀਂ ਜੁ ਕਹਿੰਦੇ ਓ ਛਿਆਂ ਥਾਵਾਂ ਤੇ ਬੰਬਬਾਰੀ ਕਰਨੀ ਸੀ, ਉਸ ਲਈ ਸਾਮਾਨ ਕਿਥੋਂ ਆਵੇਗਾ ?"

"ਉਹ ਸਭ ਕੁਝ ਸਰਕਾਰੀ ਹੁੰਦਾ ਏ ਕ੍ਰਿਸ਼ਨਾ।"

"ਸਰਕਾਰੀ ਤੋਂ ਤੁਹਾਡਾ ਕੀ ਮਤਲਬ ? ਪੰਜਾਬ ਦੀ ਹਕੂਮਤ ਸਪਲਾਈ ਕਰਦੀ ਏ ਤੁਹਾਨੂੰ ?"

"ਨਹੀਂ। ਮਜ਼ਹਬੀ ਹਕੂਮਤ।"

"ਮਜ਼ਹਬੀ ਹਕੂਮਤ — ਉਹ ਕਿਹੜੀ ?"

ਇਸ ਦੇ ਜਵਾਬ ਵਿਚ ਜਦ ਸਤਨਾਮ ਨੇ ਉਸ ਨੂੰ ਹਕੂਮਤ ਦਾ ਨਾਂ ਦਸਿਆ ਤਾਂ ਕ੍ਰਿਸ਼ਨਾ ਹੱਕੀ ਬੱਕੀ ਰਹਿ ਗਈ।

ਉਸ ਨੇ ਫੇਰ ਪੁਛਿਆ — "ਤੇ ਭਰਾ ਜੀ, ਤੁਸਾਂ ਹੁਣ ਇਸ ਪਾਰਟੀ ਨਾਲੋਂ ਆਪਣਾ ਤੁਅੱਲਕ ਤੋੜ ਲਿਆ ਏ ?"

"ਤੋੜ ਹੀ ਲਿਆ ਸਮਝੋ" ਕਹਿੰਦਿਆਂ ਕਹਿੰਦਿਆਂ ਸਤਨਾਮ ਨੇ ਜੇਬ 'ਚੋਂ ਇਕ ਛੋਟਾ ਜਿਹਾ ਕਾਗਜ਼ ਦਾ ਪੁਰਜ਼ਾ ਕਢ ਕੇ ਉਸ ਦਾ ਮਜ਼ਮੂਨ ਕ੍ਰਿਸ਼ਨਾ ਨੂੰ ਸੁਣਾਇਆ। ਇਹ ਅਸਤੀਫ਼ਾ ਸੀ ਜਿਹੜਾ ਸਵੇਰੇ ਦਿਨ ਚੜ੍ਹਦਿਆਂ ਹੀ ਉਹ ਆਪਣੀ ਪਾਰਟੀ ਨੂੰ ਦੇਣ ਵਾਲਾ ਸੀ।

ਗਲ ਸੁਣ ਕੇ ਕ੍ਰਿਸ਼ਨਾ ਫੇਰ ਸੋਚੀਂ ਪੈ ਗਈ, ਤੇ ਕਿੰਨਾ ਹੀ ਚਿਰ ਚੁੱਪ ਬੈਠੀ ਰਹੀ।

"ਕੀ ਸੋਚ ਰਹੀ ਏਂ ਕ੍ਰਿਸ਼ਨਾ ?" ਸਤਨਾਮ ਦੇ ਇਸ ਪ੍ਰਸ਼ਨ ਦੇ ਉੱਤਰ ਵਿਚ ਉਹ ਬੋਲੀ — "ਮੇਰੀ ਸਲਾਹ ਏ, ਤੁਸੀਂ ਹਾਲੇ ਅਸਤੀਫ਼ਾ ਨਾ ਦਿਓ।"

"ਨਾ ਦਿਆਂ ?" ਉਹ ਪ੍ਰਸ਼ਨ-ਸੂਚਕ ਨਜ਼ਰ ਨਾਲ ਉਸ ਵਲ ਤਕ ਕੇ ਬੋਲਿਆ — "ਕਿਉਂ ?"

"ਤੁਸਾਂ ਕੀ ਕਿਹਾ ਸੀ — ਕਦੋਂ ਹਮਲਾ ਕਰਨਾ ਏ ਤੁਹਾਡੀ ਪਾਰਟੀ ਨੇ ?"

"ਬੁੱਧਵਾਰ ਰਾਤ ਨੂੰ।"

"ਤੇ ਭਲਕੇ ਹੋਵੇਗਾ ਸੋਮਵਾਰ। ਯਾਨੀ ਅਜ ਤੋਂ ਚੌਥੇ ਦਿਨ।"

"ਹਾਂ।"

ਕ੍ਰਿਸ਼ਨਾ ਫੇਰ ਉਸੇ ਤਰ੍ਹਾਂ ਖ਼ਿਆਲਾਂ ਦੀ ਡੂੰਘਾਈ ਵਿਚ ਉਤਰ ਗਈ। ਸਤਨਾਮ ਲਗਾਤਾਰ ਉਸ ਦੇ ਰੰਗ ਢੰਗ ਵਲ ਤੱਕਦਾ ਹੋਇਆ ਉਸ ਦੇ ਮਨੋਭਾਵਾਂ ਨੂੰ ਸਮਝਣ ਦੀ ਕੋਸ਼ਸ਼ ਕਰ ਰਿਹਾ ਸੀ ਕਿ ਅੱਭੜਵਾਹੀ ਜਿਹੀ ਹਾਲਤ ਵਿਚ — ਜਿਵੇਂ ਦਿਲ ਨਾਲ ਕੋਈ ਅਟੱਲ ਫ਼ੈਸਲਾ ਕਰ ਕੇ, ਕ੍ਰਿਸ਼ਨਾ ਬੋਲ ਉਠੀ — "ਭਰਾ ਜੀ, ਇਕ ਗਲ ਮੰਨੋਗੇ ?"

"ਕੀ ?"

"ਤੁਸਾਂ ਅਸਤੀਫ਼ਾ ਦੇਣ ਬਾਰੇ ਅਜੇ ਆਪਣੀ ਪਾਰਟੀ ਅਗੇ ਜ਼ਿਕਰ ਤਾਂ ਨਹੀਂ ਕੀਤਾ ?"

"ਨਹੀਂ। ਜ਼ਿਕਰ ਕਰਨ ਦਾ ਤਾਂ ਅਜੇ ਮੌਕਾ ਹੀ ਨਹੀਂ ਮਿਲਿਆ। ਤੇਰੇ ਨਾਲ ਗੱਲਾਂ ਕਰਨ ਤੋਂ ਬਾਅਦ ਮੈਂ ਪਾਰਟੀ ਦੀ ਮੀਟਿੰਗ ਵਿਚ ਹੀ ਤਾਂ ਸ਼ਾਮਲ ਹੋਣ ਲਈ ਗਿਆ ਸਾਂ। ਤੇਰੀਆਂ ਗੱਲਾਂ ਨੇ ਭਾਵੇਂ ਮੇਰੇ ਖ਼ਿਆਲਾਂ ਵਿਚ ਉਲਟ ਫੇਰ ਕਰ ਦਿਤਾ ਸੀ, ਪਰ ਮੀਟਿੰਗ ਵਿਚ ਜਾ ਕੇ ਜਦ ਆਪਣੇ ਸਾਥੀਆਂ ਪਾਸੋਂ ਮੁਸਲਿਮ ਲੀਗੀ ਸ਼ਰਾਰਤਾਂ ਦੀਆਂ ਨਵੀਆਂ ਤੇ ਹੈਰਤਨਾਕ ਗੱਲਾਂ ਸੁਣੀਆਂ, ਤਾਂ ਇਕ ਵਾਰੀ ਫੇਰ ਮੈਂ ਓਸੇ ਰੰਗ ਵਿਚ ਰੰਗਿਆ ਗਿਆ। ਬੁੱਧਵਾਰ ਰਾਤ ਨੂੰ ਹਮਲਾ ਕਰਨ ਦਾ ਫ਼ੈਸਲਾ ਕਰਨ ਤੋਂ ਬਾਅਦ ਜਦ ਮੀਟਿੰਗ ਬਰਖ਼ਾਸਤ ਕਰ ਕੇ ਮੈਂ ਲੂਣ ਮੰਡੀ ਦੇ ਚੌਕ ਵਿਚੋਂ ਲੰਘਿਆ ਤਾਂ ਉਸ ਕੋਚਵਾਨ ਦੀ ਲੋਥ ਵੇਖ ਕੇ ਇਕ ਵਾਰੀ ਫੇਰ ਮੇਰੇ ਅੰਦਰ ਜ਼ਲਜ਼ਲਾ ਜਿਹਾ ਉਠ ਖੜੋਤਾ। ਕੁਝ ਤਾਂ ਤੇਰੀਆਂ ਗੱਲਾਂ ਦਾ ਅਸਰ ਜਾਗ ਪਿਆ, ਕੁਝ ਉਸ ਨਜ਼ਾਰੇ ਨੇ ਮੈਨੂੰ ਫੇਰ ਦੂਸਰੇ ਰਸਤੇ ਪਾ ਦਿਤਾ।"

"ਖ਼ੈਰ, ਇਹ ਤੇ ਚੰਗਾ ਹੋਇਆ ਕਿ ਤੁਸੀਂ ਕੁਰਾਹੋਂ ਮੁੜ ਆਏ, ਪਰ ਉਹ ਬੁੱਧਵਾਰ ਵਾਲਾ ਹਮਲਾ ਤਾਂ ਫੇਰ ਵੀ ਹੋ ਕੇ ਈ ਰਹੇਗਾ — ਤੁਹਾਡੇ ਵੱਖ ਹੋ ਜਾਣ ਨਾਲ ਵੀ ਤਾਂ ਰੁਕ ਨਹੀਂ ਸਕੇਗਾ।"

"ਬੇਸ਼ਕ, ਉਹ ਨਹੀਂ ਰੁਕ ਸਕਦਾ — ਉਹ ਤਾਂ ਹਰ ਹਾਲਤ ਵਿਚ ਹੋ ਕੇ ਹੀ ਰਹੇਗਾ।"

"ਤਾਂ ਇਕ ਹੋਰ ਕੰਮ ਕਰੋ ਭਰਾ ਜੀ, ਜੇ ਕਰ ਸਕਦੇ ਹੋ।"

"ਕੀ ?"

"ਤੁਸੀਂ ਹਾਲੇ ਅਸਤੀਫ਼ਾ ਨਾ ਦਿਓ।"

"ਨਾ ਦਿਆਂ ?"

"ਨਾ, ਬਲਕਿ ਇਸ ਦੇ ਨਾਲ ਇਕ ਹੋਰ ਕੰਮ ਵੀ ਤੁਹਾਨੂੰ ਕਰਨਾ ਪਵੇਗਾ।"

"ਕੀ ?"

"ਤੁਸੀਂ ਜਿਸ ਤਰ੍ਹਾਂ ਹੋ ਸਕੇ, ਮੈਨੂੰ ਵੀ ਉਸ ਪਾਰਟੀ ਦੀ ਮੈਂਬਰ ਬਣਾਨ ਦੀ ਕੋਸ਼ਿਸ਼ ਕਰੋ।

"ਤੈਨੂੰ ਕ੍ਰਿਸ਼ਨਾ ?" ਅਚੰਭ-ਭਰੀ ਨਜ਼ਰ ਨਾਲ ਉਸ ਵਲ ਤਕ ਕੇ ਸਤਨਾਮ ਨੇ ਪੁਛਿਆ — "ਕਿਉਂ ?"

"ਕਿਉਂ ਦਾ ਜਵਾਬ ਮੈਂ ਫੇਰ ਦਿਆਂਗੀ। ਪਹਿਲਾਂ ਤੁਸੀਂ ਇਹ ਕੰਮ ਕਰੋ ਤੇ ਇਸ ਵਿਚ ਦੇਰ ਨਹੀਂ ਹੋਣੀ ਚਾਹੀਦੀ। ਮੁਮਕਿਨ ਹੋ ਸਕੇ ਤਾਂ ਭਲਕੇ ਹੀ। ਕੀ ਇਹ ਨਹੀਂ ਹੋ ਸਕਦਾ ?"

"ਹੋ ਕਿਉਂ ਨਹੀਂ ਸਕਦਾ। ਬਲਕਿ ਪਾਰਟੀ ਵਾਲੇ ਬੜੀ ਖ਼ੁਸ਼ੀ ਨਾਲ ਇਸ ਗਲ ਨੂੰ ਕਬੂਲਣਗੇ। ਪਰ ਮੈਨੂੰ ਤੇਰੇ ਇਸ ਇਰਾਦੇ ਦੀ ਸਮਝ ਨਹੀਂ ਆਈ ਕ੍ਰਿਸ਼ਨਾ।"

"ਸਮਝ ਵਿਚ ਨਾ ਆਉਣ ਵਾਲੀ ਇਸ ਵਿਚ ਕੋਈ ਗੁੰਝਲ ਨਹੀਂ ਭਰਾ ਜੀ। ਬਸ ਇਹੋ ਸਮਝ ਲਓ ਕਿ ਮੈਂ ਤੁਹਾਡੀ ਪਾਰਟੀ ਦਾ ਦਿਲ ਬਦਲਣਾ ਚਾਹੁੰਦੀ ਹਾਂ ਤੇ ਬੁੱਧਵਾਰ ਵਾਲੇ ਹਮਲੇ ਤੋਂ ਪਹਿਲਾਂ ਪਹਿਲਾਂ।"

"ਇਹ ਤੂੰ ਕੀ ਕਹਿ ਰਹੀ ਏਂ ਕ੍ਰਿਸ਼ਨਾ ? ਬੱਚਿਆਂ ਦੀ ਖੇਡ ਸਮਝ ਰਖਿਆ ਏ ਤੂੰ ਇਸ ਕੰਮ ਨੂੰ, ਜਾਂ ਕੋਈ ਜਾਦੂ ਦੀ ਬੰਸਰੀ ਏ ਤੇਰੇ ਕੋਲ ? ਮੈਂ ਸਚ ਕਹਿੰਦਾ ਹਾਂ, ਇਹ ਤੇਰੀ ਖ਼ਾਮ ਖ਼ਿਆਲੀ ਏ। ਬਿਲਕੁਲ, ਇਨ੍ਹਾਂ ਤਿਲਾਂ ਵਿਚ ਤੇਲ ਹੈ ਨਹੀਂ।"

"ਤਿਲਾਂ ਵਿਚ ਤੇਲ ਜ਼ਰੂਰ ਹੋਵੇਗਾ ਭਰਾ ਜੀ। ਸਿਰਫ਼ ਉਸ ਤੇਲ ਨੂੰ ਕੱਢਣ ਦੀ ਜਾਚ ਹੋਣੀ ਚਾਹੀਦੀ ਏ। ਦਸੋ, ਇਹ ਕੰਮ ਕਰ ਸਕੋਗੇ ਤੁਸੀਂ ਮੈਨੂੰ ਮੈਂਬਰ ਬਣਾਨ ਵਾਲਾ ?"

"ਇਹ ਤਾਂ ਕੁਝ ਵੀ ਮੁਸ਼ਕਲ ਨਹੀਂ। ਦਿਨ ਚੜ੍ਹਦਿਆਂ ਹੀ ਹੋ ਜਾਵੇਗਾ, ਪਰ ਜਿਸ ਕੰਮ ਦਾ ਤੂੰ ਦਾਈਆ ਬੰਨ੍ਹ ਬੈਠੀ ਏਂ, ਉਹ... ..."

ਗਲ ਟੋਕ ਕੇ ਕ੍ਰਿਸ਼ਨਾ ਬੇ-ਸਬਰ ਲਹਿਜੇ ਵਿਚ ਬੋਲੀ — "ਮੇਰੀ ਜ਼ਿੰਮੇਂਵਾਰੀ ਨੂੰ ਮੇਰੇ ਉਤੇ ਹੀ ਰਹਿਣ ਦਿਓ। ਤੁਸੀਂ ਆਪਣੀ ਜ਼ਿੰਮੇਂਵਾਰੀ ਨਿਬਾਹੁਣ ਦਾ ਫ਼ਿਕਰ ਕਰੋ। ਮੇਰੇ ਅੰਦਰੋਂ ਕੋਈ ਚੀਜ਼ ਬੋਲ ਬੋਲ ਕੇ ਕਹਿ ਰਹੀ ਏ ਕਿ ਮੈਂ ਜ਼ਰੂਰ ਕਾਮਯਾਬ ਹੋਵਾਂਗੀ। ਤੁਸੀਂ ਇਕ ਵਾਰੀ ਮੈਨੂੰ ਮੌਕਾ ਦਿਓ। ਮੰਨਿਆ ਕਿ ਤੁਹਾਡੇ ਸਾਥੀ ਅਕਲ ਵਿਚ, ਉਮਰ ਵਿਚ, ਇਲਮ ਵਿਚ ਤੇ ਤਜਰਬੇ ਵਿਚ ਮੇਰੇ ਨਾਲੋਂ ਵਡੇ ਹੋਣਗੇ, ਪਰ ਮੇਰੇ ਕੋਲ ਵੀ ਇਕ ਹਥਿਆਰ ਹੈ।"

"ਤੇਰੇ ਕੋਲ ਹਥਿਆਰ ? ਓਹ ਕਿਹੜਾ ?"

"ਇਨਸਾਨੀ ਦਰਦ ਦਾ।"

"ਓਹ ਭੋਲੀ ਕ੍ਰਿਸ਼ਨਾ ! ਇਹੋ ਜਿਹੀਆਂ ਜਜ਼ਬਾਤੀ ਗੱਲਾਂ ਉਨ੍ਹਾਂ ਲੋਕਾਂ ਉਤੇ ਕੋਈ ਅਸਰ ਨਹੀਂ ਕਰ ਸਕਣਗੀਆਂ।"

"ਜਜ਼ਬਾਤੀ ਗੱਲਾਂ ਵਿਚ ਬੜਾ ਅਸਰ ਹੁੰਦਾ ਜੇ ਭਰਾ ਜੀ। ਤੁਸੀਂ ਲੋਕ ਵੀ ਤਾਂ ਇਹ ਜੋ ਕੁਝ ਕਰ ਰਹੇ ਹੋ, ਜਜ਼ਬਾਤੀ ਅਸਰ ਹੇਠ ਹੀ ਕਰ ਰਹੇ ਹੋ ਨਾ। ਫ਼ਰਕ ਇਤਨਾ ਹੈ ਕਿ ਤੁਸਾਂ ਦਾ ਜਜ਼ਬਾ ਜਜ਼ਬਾ ਨਹੀਂ, ਉਕਸਾਹਟ ਹੈ, ਪਰ ਮੇਰੇ ਅੰਦਰ ਸਚਾਈ ਤੇ ਇਨਸਾਨੀ ਦਰਦ ਦਾ ਉਹ ਜਜ਼ਬਾ ਠਾਠਾਂ ਮਾਰ ਰਿਹਾ ਹੈ, ਜਿਸ ਦੇ ਅਗੇ ਨਾ ਉਕਸਾਹਟ ਠਹਿਰ ਸਕੇਗੀ, ਨਾ ਕੋਈ ਵਕਤੀ ਜੋਸ਼। ਜ਼ਰੂਰਤ ਇਸ ਗਲ ਦੀ ਹੈ ਕਿ ਸੁਣਨ ਵਾਲੇ ਦਾ ਜ਼ਮੀਰ ਉੱਕਾ ਹੀ ਮੁਰਦਾ ਨਾ ਹੋ ਚੁਕਾ ਹੋਵੇ।"

ਕ੍ਰਿਸ਼ਨਾ ਦੀਆਂ ਸਾਦੀਆਂ ਪਰ ਸਚਾਈ ਤੇ ਨਿਡਰਤਾ ਭਰੀਆਂ ਗੱਲਾਂ ਨੇ ਸਤਨਾਮ ਨੂੰ ਨਿਰੁੱਤਰ ਕਰ ਦਿਤਾ। ਉਹ ਬੋਲਿਆ — "ਕਲ੍ਹ ਕਿਸੇ ਵੇਲੇ ਵੀ ਤੂੰ ਮੇਰੇ ਨਾਲ ਚਲ ਕੇ ਮੈਂਬਰ ਬਣ ਸਕੇਂਗੀ, ਇਸ ਗਲ ਦਾ ਮੈਂ ਤੈਨੂੰ ਯਕੀਨ ਦਿਵਾਂਦਾ ਹਾਂ। ਹੋ ਸਕਿਆ ਤਾਂ ਕਲ੍ਹ ਦੀ ਰੋਜ਼ ਵਾਲੀ ਮੀਟਿੰਗ ਵਿਚ ਤੈਨੂੰ ਲੈ ਚਲਣ ਦੀ ਵੀ ਮੈਂ ਇਜਾਜ਼ਤ ਲੈ ਲਵਾਂਗਾ।"

"ਤਾਂ ਬਸ ਇਹ ਕੰਮ ਤੁਸੀਂ ਕਰ ਦਿਓ। ਬਾਕੀ ਸਭ ਕੁਝ ਮੈਂ ਆਪੇ ਸਮਝ ਲਵਾਂਗੀ। ਹੁਣ ਤੁਸੀਂ ਜਾ ਕੇ ਆਰਾਮ ਕਰੋ। ਮੈਂ ਵੀ ਅਜ ਬਹੁਤ ਕੁਝ ਸੋਚਣਾ ਏਂ। ਨਾਲੇ ਸਬੱਬ ਨਾਲ ਮੁੰਨੀ

ਵੀ ਟਿਕੀ ਹੋਈ ਏ ਇਸ ਵੇਲੇ।" ਇਤਨਾ ਹੀ ਆਖ ਕੇ ਕ੍ਰਿਸ਼ਨਾ ਮੰਜੇ ਤੋਂ ਉਠ ਖੜੋਤੀ।

ਸਤਨਾਮ ਨੇ ਵੇਖਿਆ, ਕ੍ਰਿਸ਼ਨਾ ਦੇ ਚਿਹਰੇ ਉਤੇ ਕਿਸੇ ਨਵੇਂ ਉਤਸਾਹ ਦੀ ਲਾਲੀ ਦਮਕ ਰਹੀ ਸੀ, ਤੇ ਉਸ ਦੀਆਂ ਹਰਕਤਾਂ ਤੋਂ ਲਾ-ਸਬਰੀ ਦੇ ਭਾਵ ਪ੍ਰਗਟ ਹੋ ਰਹੇ ਸਨ। ਉਹ ਸਮਝ ਗਿਆ ਕਿ ਇਸ ਵੇਲੇ ਕ੍ਰਿਸ਼ਨਾ ਨਵੀਆਂ ਸੋਚਾਂ ਵਿਚ ਲੀਨ ਹੈ ਤੇ ਉਹ ਹੋਰ ਇਕ ਮਿੰਟ ਵੀ ਜ਼ਾਇਆ ਨਹੀਂ ਕਰਨਾ ਚਾਹੁੰਦੀ।

ਉਠ ਕੇ ਡਿਓਢੀ ਵਲ ਜਾਂਦਾ ਹੋਇਆ ਉਹ ਉਸ ਵਲ ਮੁੜ ਕੇ ਬੋਲਿਆ — "ਪਰ ਕ੍ਰਿਸ਼ਨਾ! ਅਜ ਦੀ ਰਾਤ ਤੂੰ ਜਗਰਾਤੇ ਵਿਚ ਹੀ ਗੁਜ਼ਾਰਨੀ ਏਂ ਸਾਰੀ ?"

"ਜਗਰਾਤਾ ਈ ਕੱਟਣ ਦੀ ਸਲਾਹ ਏ ਅਜ। ਤੁਸੀਂ ਆਰਾਮ ਕਰੋ ਹੁਣ। ਜੇ ਇਜਾਜ਼ਤ ਦਿਓ ਤਾਂ ਪਰਭਾਤ ਵੇਲੇ ਇਕ ਕੰਮ ਲਈ ਘੰਟੇ ਅੱਧ ਘੰਟੇ ਲਈ ਤੁਹਾਡੇ ਕਮਰੇ ਵਿਚ ਆਵਾਂ।"

"ਕਿਸ ਕੰਮ ਲਈ ?"

"ਤੁਹਾਡੀ ਸਭਾ ਵਿਚ ਕਿਸ ਤਰ੍ਹਾਂ ਬੋਲੀਦਾ ਵਰਤੀਦਾ ਹੈ। ਇਸ ਬਾਰੇ ਕੁਝ ਜਾਣਕਾਰੀ ਹਾਸਲ ਕਰਨ ਲਈ।"

"ਆ ਜਾਈਂ ਜਦ ਤੇਰਾ ਜੀ ਕਰੇ" ਕਹਿ ਕੇ ਪੌੜੀਆਂ ਚੜ੍ਹ ਗਿਆ।

26

ਆਟਾ ਮੰਡੀ ਤੇ ਲੂਣ ਮੰਡੀ ਦੇ ਵਿਚਾਲੇ ਕਰ ਕੇ ਇਕ ਭੀੜੀ ਜਿਹੀ ਗਲੀ ਹੈ। ਜਿਸ ਦੇ ਪਰਲੇ ਸਿਰੇ ਵਾਲੇ ਮੋੜ ਤੋਂ ਸਜੇ ਹੱਥ ਇਕ ਸਾਦੇ ਤਿੰਨ ਮੰਜ਼ਲਾ ਕ੍ਰੀਮ ਰੰਗਾ ਮਕਾਨ ਦਿਖਾਈ ਦੇਂਦਾ ਹੈ। ਜਿਸ ਦੇ ਕਬੂਤਰਾਂ ਦੀਆਂ ਵਿੱਠਾਂ ਨਾਲ ਭਰੇ ਹੋਏ ਛੱਜਿਆਂ ਨੂੰ ਵੇਖ ਕੇ ਜਾਪਦਾ ਹੈ ਕਿ ਮੁੱਦਤਾਂ ਤੋਂ ਇਸ ਘਰ ਨੂੰ ਮਨੁੱਖੀ ਸਪੱਰਸ਼ ਨਹੀਂ ਪ੍ਰਾਪਤ ਹੋਇਆ।

ਇਸ ਜ਼ਮਾਨੇ ਵਿਚ, ਜਦ ਕਿ ਹਰ ਇਕ ਸ਼ਹਿਰ ਵਿਚ ਮਕਾਨਾਂ ਦੀ ਕਿੱਲਤ ਹੈ — ਐਡਾ ਵਡਾ ਮਕਾਨ ਖ਼ਾਲੀ ਵੇਖ ਕੇ ਹੈਰਾਨੀ ਹੁੰਦੀ ਹੈ। ਪਰ ਹੈਰਾਨੀ ਵਾਲੀ ਗਲ ਹੀ ਇਸ ਵਿਚ ਕਿਹੜੀ ਹੈ, ਜਦ ਕਿ ਅਜ ਦੀ ਸਮਾਜਕ ਵੰਡ ਹੀ ਕੁਝ ਇਸੇ ਤਰ੍ਹਾਂ ਦੀ ਹੈ। ਇਕ ਪਾਸੇ ਤੰਗੀ ਦੀ ਇਹ ਹਾਲਤ ਹੈ ਕਿ ਸ਼ਹਿਰ ਵਿਚ ਹਜ਼ਾਰਾਂ ਬੇਵਤਨ ਤੇ ਨਿਆਸਰੇ ਟੱਬਰ ਸੜਕਾਂ ਉਤੇ, ਕੇਵਲ ਦਰੱਖ਼ਤਾਂ ਦੇ ਸਾਏ ਹੇਠ ਡੇਰੇ ਲਾਈ ਪਏ ਹਨ, ਜਿਨ੍ਹਾਂ ਦਾ ਨਾ ਕੋਈ ਵਰਤਮਾਨ ਹੈ, ਨਾ ਭਵਿਸ਼ — ਕੇਵਲ ਅਤੀਤ ਦੀਆਂ ਹੰਝੂਆਂ ਤੇ ਹਾਵਿਆਂ ਭਰੀਆਂ ਯਾਦਾਂ ਹੀ ਜਿਨ੍ਹਾਂ ਪਾਸ ਪੂੰਜੀ ਰਹਿ ਗਈ ਹੈ। ਪਰ ਦੂਜੇ ਪਾਸੇ ਸ਼ਹਿਰ ਦਾ ਅਮੀਰ ਤਬਕਾ ਹੈ, ਜਿਨ੍ਹਾਂ ਨੇ ਬਲੈਕਾਂ ਕਰ ਕਰ ਕੇ ਇਤਨੀ ਦੌਲਤ ਇਕੱਠੀ ਕਰ ਲਈ ਹੈ ਕਿ ਇਸ ਨੂੰ ਸਾਂਭਣ ਦੇ ਫ਼ਿਕਰ ਤੋਂ ਖ਼ਲਾਸੀ ਪਾਣ ਲਈ ਉਹ ਮੜ੍ਹ ਉਤੇ ਮੜ੍ਹ ਉਸਾਰੀ ਚਲੇ ਜਾ ਰਹੇ ਹਨ। ਪਰ ਇਨ੍ਹਾਂ ਮੜ੍ਹਾਂ ਨੂੰ ਸੰਭਾਲਣਾ ਵੀ ਤਾਂ ਇਤਨਾ ਸੌਖਾ ਨਹੀਂ ਰਿਹਾ, ਜਦ ਕਿ ਇਹਨੀਂ ਦਿਨੀਂ ਹਕੂਮਤ ਵਲੋਂ ਵੀ ਤੇ ਸਮਾਜ ਵਲੋਂ ਵੀ ਇਸ ਗਲ ਦੀ ਖੁਲ੍ਹ ਕਰ ਦਿਤੀ ਗਈ ਹੈ ਕਿ ਜਿਹੜਾ ਮਕਾਨ ਖ਼ਾਲੀ ਦੇਖਿਆ ਜਾਵੇ, ਉਸ ਉਤੇ ਕਬਜ਼ਾ ਕਰ ਕੇ ਰਿਫ਼ਿਊਜੀਆਂ ਦੇ ਹਵਾਲੇ ਕੀਤਾ ਜਾਵੇ।

ਸਮਾਜ ਤੇ ਕਾਨੂੰਨ ਦੀ ਇਸ ਮਾਰ ਤੋਂ ਬਚਣ ਲਈ ਵਡੇ ਵਡੇ ਲਾਲਿਆਂ ਤੇ ਸਰਦਾਰਾਂ ਨੇ — ਜਿਹੜੇ ਪੰਜਾਂ ਪੰਜਾਂ ਦਸਾਂ ਦਸਾਂ ਮਕਾਨਾਂ ਦੇ ਮਾਲਕ ਹਨ — ਇਹ ਤਰੀਕਾ ਅਖ਼ਤਿਆਰ ਕਰ ਲਿਆ ਹੋਇਆ ਹੈ ਕਿ ਆਪਣੇ ਕਿਸੇ ਸਾਲੇ, ਭਣਵਈਏ ਜਾਂ ਭਣੇਵੇਂ ਭਤੀਜੇ ਪਾਸੋਂ ਮਕਾਨ ਦਾ ਜਾਹਲੀ ਕਰਾਏਨਾਮਾ ਲਿਖਾ ਕੇ ਉਸ ਦਾ ਇਕ ਅੱਧ ਕਮਰਾ ਉਸ ਨੂੰ ਖੋਲ੍ਹ ਦਿਤਾ, ਤੇ ਬਾਕੀ ਮਕਾਨ ਓਵੇਂ ਹੀ ਬੰਦ ਪਿਆ ਰਹਿਣ ਦਿਤਾ— ਮਤੇ ਕੋਈ ਲੋੜਵੰਦ ਨਾ ਵਿਚ ਆ ਵੜੇ। ਅਗੇ ਤਾਂ ਮਕਾਨਾਂ ਨੂੰ ਮਹਿੰਗੇ ਕਰਾਏ ਤੇ ਚੜ੍ਹਾ ਕੇ ਇਹ ਲੋਕ ਚੰਮ ਦੇ ਦੰਮ ਚਲਾ ਲੈਂਦੇ ਸਨ। ਪਰ

ਏਧਰ ਕੁਝ ਚਿਰ ਤੋਂ – ਜਦ ਤੋਂ ਕਰਾਏਦਾਰੀ ਦੇ ਕਾਨੂੰਨ ਨੇ ਇਕ ਨਵੀਂ ਸ਼ਕਲ ਅਖ਼ਤਿਆਰ ਕੀਤੀ ਹੈ, ਇਹ ਲੋਕ ਵਸ ਚਲਦੇ ਮਕਾਨਾਂ ਨੂੰ ਕਰਾਏ ਤੇ ਨਹੀਂ ਚੜ੍ਹਾਂਦੇ। ਇਕ ਤਾਂ ਕਾਨੂੰਨ, ਉਹ ਮਨਮਰਜ਼ੀ ਦਾ ਕਰਾਇਆ ਨਹੀਂ ਵਸੂਲ ਕਰ ਸਕੇ, ਦੂਜਾ ਪਹਿਲਾਂ ਵਾਂਗ ਹੁਣ ਉਨ੍ਹਾਂ ਦਾ ਉਹ ਨਾਦਰਸ਼ਾਹੀ ਹੱਕ ਵੀ ਖੁਸ ਚੁਕਾ ਹੈ, ਕਿ ਜਦੋਂ ਚਾਹੁਣ, ਪੋਲੀਸ ਜਾਂ ਅਦਾਲਤ ਦੀ ਮਦਦ ਨਾਲ, ਅਥਵਾ ਧੱਕੇ ਨਾਲ ਹੀ ਕਰਾਏਦਾਰ ਦਾ ਬੋਰੀਆ ਬਿਸਤਰਾ ਚੁਕ ਕੇ ਬਾਹਰ ਸੁਟ ਦੇਣ।

ਇਹੋ ਕਾਰਨ ਹੈ ਕਿ ਵਡੇ ਵਡੇ ਮਕਾਨ ਅਜ ਸੈਂਕੜਿਆਂ ਦੀ ਗਿਣਤੀ ਵਿਚ ਸੱਖਣੇ ਦੇਖੇ ਜਾਂਦੇ ਹਨ।

ਇਹੋ ਜਿਹੇ ਅਮੀਰਾਂ ਵਿਚੋਂ ਹੀ ਕਿਸੇ ਇਕ ਦਾ ਇਹ ਮਕਾਨ ਹੈ ਜਿਸ ਉਤੇ ਕਬਜ਼ਾ ਕਰਕੇ ਵਰਤੋਂ ਵਿਚ ਲਿਆਂਦਾ ਜਾ ਰਿਹਾ ਹੈ।

ਸ਼ਾਮਾਂ ਹੋ ਚਲੀਆਂ ਸਨ, ਜਦ ਦੋ ਸਿਖ ਨੌਜਵਾਨਾਂ ਨੇ ਇਸ ਮਕਾਨ ਵਿਚ ਪ੍ਰਵੇਸ਼ ਕੀਤਾ। ਜਿਹੜੇ ਪੂਰੇ ਫ਼ੈਸ਼ਨੇਬਲ ਤੇ ਅਪਟੂਡੇਟ ਦਿਖਾਈ ਦੇਂਦੇ ਸਨ। ਦੂਜੀ ਮੰਜ਼ਲ ਤੇ ਪਹੁੰਚ ਕੇ ਇਕ ਨੇ ਜੇਬ ਚੋਂ ਚਾਬੀਆਂ ਦਾ ਗੁੱਛਾ ਕਢਿਆ ਤੇ ਇਕ ਕਮਰੇ ਨੂੰ ਵਜਾ ਹੋਇਆ ਜੰਦਰਾ ਖੋਲ੍ਹਿਆ।

ਅੰਦਰ ਪਹੁੰਚ ਕੇ ਦੋਵੇਂ ਉਸ ਚੌਣੁਕਰੀ ਮੇਜ਼ ਅਗੇ ਬੈਠ ਗਏ, ਜਿਸ ਦੇ ਆਸ ਪਾਸ ਦਸ ਬਾਰ੍ਹਾਂ ਕੁਰਸੀਆਂ ਜੁਗਤ ਨਾਲ ਰਖੀਆਂ ਹੋਈਆਂ ਸਨ।

ਉਨ੍ਹਾਂ ਵਿਚੋਂ ਇਕ ਨੇ – ਜਿਹੜਾ ਔਸਤ ਆਦਮੀ ਨਾਲੋਂ ਕੁਝ ਵਧੀਕ ਪਤਲਾ, ਤੇ ਪਹਿਰਾਵੇ ਤੋਂ ਖੂਬ ਸੁਕਾ ਬਾਂਕਾ ਸੀ – ਗੁੱਟ ਤੇ ਬਧੀ ਹੋਈ ਰਿਸਟਵਾਚ ਵਲ ਤੱਕਿਆ, ਤੇ ਫਿਰ ਨਾਲ ਦੇ ਸਾਥੀ ਵਲ ਤਕ ਕੇ ਬੋਲਿਆ – "ਵਕਤ ਤੇ ਅਜੇ ਕਾਫ਼ੀ ਏ – ਸਾਢੇ ਪੰਜ ਹੋਏ ਨੇ। ਮੇਰੀ ਸਲਾਹ ਏ, ਉਚਰ ਤੀਕ ਸਟਾਕ ਨੂੰ ਜ਼ਰਾ ਵੇਖ ਚਾਖ ਲਈਏ। ਫਿਰ ਮਗਰੋਂ ਜੁ ਖੱਪ ਪਾਂਦੇ ਰਹਿੰਦੇ ਨੇ – ਐਹ ਚੀਜ਼ ਘਟ ਗਈ ਤੇ ਅਹੁ ਗੁਆਚ ਗਈ। ਪੁੱਛ ਤੇ ਸਾਨੂੰ ਦੋਹਾਂ ਨੂੰ ਹੋਣੀ ਏ, ਜਿਹੜੇ ਇਨਚਾਰਜ ਹਾਂ ਸਾਰੇ ਸਟਾਫ਼ ਦੇ।"

"ਠੀਕ ਏ" ਦੂਸਰਾ ਬੋਲਿਆ – "ਮੇਰਾ ਵੀ ਇਹੋ ਖ਼ਿਆਲ ਏ ਕਿ ਹਰ ਚੀਜ਼ ਨੂੰ ਉਸੇ ਵੇਲੇ ਚੈੱਕ ਕਰ ਲਿਆ ਜਾਇਆ ਕਰੇ ਜਦੋਂ ਸਟੋਰ ਵਿਚ ਆਵੇ।"

"ਆਓ ਫਿਰ" ਕਹਿ ਕੇ ਓਹੀ ਰਿਸਟਵਾਚ ਵਾਲਾ ਉਠਿਆ, ਤੇ ਉਸ ਦੇ ਮਗਰੇ ਦੂਜਾ ਵੀ। ਇਸ ਕਮਰੇ ਦੇ ਖਬੇ ਹੱਥ ਵਲੋਂ ਜਿਹੜਾ ਬੂਹਾ ਦੂਸਰੇ ਕਮਰੇ ਨੂੰ ਖੁਲ੍ਹਦਾ ਸੀ, ਉਸ ਨੂੰ ਖੋਲ੍ਹਦਾ ਹੋਇਆ ਉਹ ਦੂਜੇ ਸਾਥੀ ਨੂੰ ਕਹਿਣ ਲਗਾ – "ਬਲਵਾਂ ਬੂਹਾ ਬੰਦ ਕਰ ਲਿਆ ਸੀ ਨਾ ਆਉਣ ਲਗਿਆਂ ਚੰਗੀ ਤਰ੍ਹਾਂ ?"

"ਕਰ ਲਿਆ ਸੀ।"

ਦੋਵੇਂ ਅੰਦਰ ਜਾ ਪਹੁੰਚੇ। ਇਹ ਕਮਰਾ, ਪਹਿਲੇ ਕਮਰੇ ਨਾਲੋਂ ਛੋਟਾ ਸੀ, ਪਰ ਅੰਦਰਲੇ ਸਾਮਾਨ ਦੇ ਲਿਹਾਜ਼ ਨਾਲ ਕਾਫ਼ੀ ਵਡਾ। ਲੱਕੜ ਦੇ ਕਈ ਖੋਖੇ, ਕੁਝ ਟਰੰਕ, ਅਲਮਾਰੀਆਂ, ਪੀਪੇ ਤੇ ਹੋਰ ਕਿੰਨਾ ਹੀ ਨਿਕਸੁਕ ਇਸ ਵਿਚ ਰਖਿਆ ਹੋਇਆ ਸੀ।

"ਕਢ ਜ਼ਰਾ ਨੋਟ ਬੁਕ, ਤੇ ਲਿਖੀ ਜਾਹ" ਸਾਥੀ ਨੂੰ ਕਹਿ ਕੇ ਉਸ ਪਤਲੇ ਗੱਭਰੂ ਨੇ ਹਰ ਇਕ ਚੀਜ਼ ਨੂੰ ਗਿਣਨਾ ਪੜਚੋਲਣਾ ਸ਼ੁਰੂ ਕੀਤਾ, ਤੇ ਨਾਲੋ ਨਾਲ ਇਸ ਤਰ੍ਹਾਂ ਬੋਲੀ ਗਿਆ:

"ਲਿਖ, ਆਟੋਮੈਟਿਕ ਰੀਵਾਲਵਰ ਅਠਾਰਾਂ – ਲਿਖ ਲਏ ਈ ? ... ...ਹੱਛਾ। ਪਚਵੰਜਾ ਬੋਰ ਦੇ ਕਾਰਤੂਸ ਸਾਢੇ ਚੌਦਾਂ ਗੁਰਸ – ਨਾ ਸਚ, ਠਹਿਰੀਂ ਜ਼ਰਾ, ਇਕ ਵਾਰੀ ਫੇਰ ਗਿਣ ਲਵਾਂ... ...ਸਾਢੇ ਚੌਦ੍ਹਾਂ ਨਹੀਂ, ਸਾਢੇ ਬਾਰ੍ਹਾਂ ਗੁਰਸ... ...ਤੇ ਪੰਝੀ ਬੋਰ ਦੇ ਅੱਠ ਗੁਰਸ... ...ਫੁਲ ਰਾਕਟ (ਬੰਬ) ਸਤ ਦਰਜਨ, ਹਾਫ਼ ਰਾਕਟ ਚਾਰ ਦਰਜਨ, ਸਿੰਗਲ ਸੈਲ ਪਿਸਟਲ ਇਕ ਦਰਜਨ...ਗੰਨ ਪਊਡਰ ਵੀਹ ਪਾਊਂਡ ਦੇ ਬੰਦ ਡਬੇ ਛੇ, ਮੈਗਨੈਟੋ ਚਾਰ ਅਦਦ, ਚਲ ਬਸ"

ਗਿਣਤੀ ਦੇ ਕੰਮ ਤੋਂ ਵਿਹਲੇ ਹੋ ਕੇ ਦੋਵੇਂ ਮੁੜ ਪਹਿਲੇ ਕਮਰੇ ਵਿਚ ਆ ਗਏ, ਤੇ ਮੇਜ਼ ਅਗੇ ਬੈਠਣ ਤੋਂ ਬਾਅਦ ਉਨ੍ਹਾਂ ਵਿਚ ਇਸ ਤਰ੍ਹਾਂ ਦੀਆਂ ਗਲਾਂ ਹੋਣ ਲਗੀਆਂ –

"ਅਜ ਇਕ ਨਵਾਂ ਮੈਂਬਰ ਭਰਤੀ ਹੋ ਰਿਹਾ ਏ, ਪਤਾ ਈ ?"

"ਨਹੀਂ – ਕੌਣ ਏ ?"

"ਹੈ ਇਕ।"

"ਪਰ ਉਸ ਦਿਨ ਤਾਂ ਸੈਕ੍ਰੇਟਰੀ ਨੇ ਕਿਹਾ ਸੀ ਕਿ ਅਗੋ ਲਈ ਮੈਂਬਰਸ਼ਿਪ ਬੰਦ ਕਰ ਦਿਤੀ ਗਈ ਏ।"

"ਸੁਣਿਐ ਇਹ ਸਤਨਾਮ ਦੀ ਸਫ਼ਾਰਸ਼ ਨਾਲ ਆ ਰਿਹਾ ਏ।"

"ਪਰ ਮੈਂ ਕਿਹਾ, ਯਾਰ ਸਤਨਾਮ ਨੂੰ ਇਤਨੀ ਇਮਪਾਰਟੈਂਨਸ ਕਿਉਂ ਦਿਤੀ ਜਾਂਦੀ ਏ ? ਮੈਨੂੰ ਤੇ ਉਸ ਦਾ ਮਾਈਂਡ ਥਾਲੀ ਦੇ ਪਾਣੀ ਵਾਂਗ ਜਾਪਦਾ ਏ। ਹਮੇਸ਼ਾਂ ਗਿਰਗਟ ਵਾਂਗ ਰੰਗ ਬਦਲਦਾ ਹੀ ਰਹਿੰਦਾ ਏ।"

"ਬੇਸ਼ਕ, ਹੈ ਉਹ ਜ਼ਰਾ ਵੀਕ ਮਾਈਂਡਿਡ ਆਦਮੀ, ਪਰ ਇਕ ਗਲ ਹੈ, ਕਿ ਉਸ ਪਾਸੋਂ ਕਿਸੇ ਗ਼ੱਦਾਰੀ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਆਦਮੀ ਖਰਾ ਖੁਰਾ ਏ। ਜਦੋਂ ਕਿਸੇ ਗਲ ਵਿਚ ਕਾਨਫ਼ੈਨਸ ਨਾ ਹੋ ਸਕੇ, ਤਾਂ ਸਾਫ਼ ਸਾਫ਼ ਕਹਿ ਕੇ ਪਿਛੇ ਹਟ ਜਾਏਗਾ।"

"ਪਰ ਸਾਨੂੰ ਤੇ ਮੁਸਤਕਿਲ ਮਿਜ਼ਾਜ਼ ਆਦਮੀ ਚਾਹੀਦੇ ਨੇ, ਜਿਹੜੇ ਚੱਟਾਨ ਵਰਗੇ ਇਰਾਦਿਆਂ ਦੇ ਮਾਲਕ ਹੋਣ।"

"ਮੇਰਾ ਖ਼ਿਆਲ ਹੈ, ਹੁਣ ਅਗੋ ਵਰਗੀ ਵੀਕਨੈਂਸ ਨਹੀਂ ਦਿਖਾਏਗਾ। ਕਾਫ਼ੀ ਐਕਸੀਪੀਰੀਐਨਸ ਹੋ ਚੁਕਾ ਏ ਉਸ ਨੂੰ।"

"ਸਚ ਕੌਣ ਏ ਉਹ ਨਵਾਂ ਮੈਂਬਰ ?"

"ਨਵਾਂ ਨਹੀਂ, ਨਵੀਂ... ..."

"ਕੀ ਕਿਹਾ ਈ – ਕੋਈ ਜ਼ਨਾਨੀ ਏ ?"

"ਹਾਂ, ਇਕ ਲੜਕੀ।"

"ਪਰ, ਮੁਆਫ਼ ਕਰਨਾ ਦੋਸਤ। ਮੈਂ ਤੇ ਹਰਗਿਜ਼ ਲੜਕੀਆਂ ਦੀ ਮੈਂਬਰਸ਼ਿਪ ਦੇ ਹੱਕ ਵਿਚ ਨਹੀਂ ਹਾਂ।"

"ਹੱਕ ਵਿਚ ਤੇ ਕੋਈ ਵੀ ਨਹੀਂ – ਸੈਕ੍ਰੇਟਰੀ ਨੇ ਵੀ ਅਜ ਸਵੇਰੇ ਕਾਫ਼ੀ ਨਾਂਹ ਨੁੱਕਰ ਕੀਤੀ ਸੀ, ਪਰ ਸਤਨਾਮ ਨੇ ਜਿਹੜੀ ਕੁਆਲੀਫ਼ਿਕੇਸ਼ਨ ਉਸ ਲੜਕੀ ਦੀ ਦੱਸੀ ਏ, ਉਸ ਨੂੰ ਸੁਣ ਕੇ ਤਾਂ ਸੈਕ੍ਰੇਟਰੀ ਨੂੰ ਵੀ ਮਜਬੂਰਨ ਐਗਰੀ ਕਰਨਾ ਪਿਆ।

"ਕੀ ਸੀ ਉਹ ਕੁਆਲੀਫ਼ਿਕੇਸ਼ਨ ?"

"ਇਹੋ ਕਿ ਲੜਕੀ ਬੜੀ ਜ਼ਿੰਦਾਦਿਲ, ਬੇਖ਼ੌਫ਼ ਤੇ ਧੜਕੇ ਦੜਕੇ ਵਾਲੀ ਏ। ਸਭ ਤੋਂ ਵਡੀ ਗਲ ਇਹ ਕਿ ਲੜਕੀ ਹੈ ਰਿਫ਼ੀਊਜੀ। ਉਸ ਦੇ ਬਹੁਤ ਸਾਰੇ ਰਿਸ਼ਤੇਦਾਰਾਂ ਨੂੰ ਮੁਸਲਮਾਨਾਂ ਨੇ ਕਤਲ ਕਰ ਦਿਤਾ ਸੀ, ਜਿਸ ਕਰ ਕੇ ਉਸ ਦੇ ਅੰਦਰ ਕਹਿੰਦੇ ਨੇ ਇੰਤਕਾਮ ਦ੍ਰਾ ਜਜ਼ਬਾ ਇਤਨਾ ਜ਼ਬਰਦਸਤ ਹੈ ਕਿ ਪੁਛੋ ਈ ਕੁਝ ਨਾ।"

"ਤੇਰਾ ਖ਼ਿਆਲ ਐਸਾ ਹੋਵੇਗਾ, ਬਾਕੀ ਸਾਥੀ ਵੀ ਮੁਮਕਿਨ ਹੈ ਇਸ ਕੌਮ ਨੂੰ ਲਾਈਕ ਕਰਦੇ ਹੋਣ। ਪਰ ਮੈਂ ਤੇ ਬਈ ਇਨ੍ਹਾਂ ਕੁੜੀਆਂ ਦੀ ਵੀਕਨੈਂਸ ਤੋਂ ਚੰਗੀ ਤਰ੍ਹਾਂ ਵਾਕਿਫ਼ ਹਾਂ।"

"ਓ ਛਡ ਯਾਰ ! ਪੰਜੇ ਉਂਗਲਾਂ ਕਿਤੇ ਇਕੋ ਜਿਹੀਆਂ... ..."

ਗਲ ਅਧੂਰੀ ਹੀ ਰਹਿ ਗਈ, ਜਦ ਹੇਠੋਂ ਬੂਹਾ ਖੜਕਣ ਦੀ ਆਵਾਜ਼ ਸੁਣਾਈ ਦਿਤੀ।

... ...

ਇਸ ਤੋਂ ਦਸ ਪੰਦਰਾਂ ਮਿੰਟ ਬਾਅਦ ਕਮਰੇ ਵਿਚ ਕਾਫ਼ੀ ਰੌਣਕ ਹੋ ਗਈ। ਕੰਧ ਨਾਲ

ਨਵੇਂ ਹੋਏ ਵਜ਼ਾਰਤ ਵਲ ਤਕ ਕੇ, ਸਾਹਮਣੇ ਬੈਠੇ ਨੌਜਵਾਨ — ਮੁਸਕਰਾਨ ਨੂੰ ਕੁਝ ਸ਼ਰਮਾ ਕੇ ਕੰਨ ਵਿਚ ਇਕ ਨੌਜਵਾਨ ਨੇ ਕਿਹਾ — "ਹੁਣ ਕਿਸ ਦਾ ਇੰਤਜ਼ਾਰ ਹੈ ਸੈਕ੍ਰੇਟਰੀ ਸਾਹਿਬ ਜਾਂ ਕੇ ਕੋਰਮ ਪੂਰਾ ਹੈ ਕੁਝ ਹੈ ਤੇ ਟਾਈਮ ਵੀ।"

ਪੰਜ ਵੱਜ ਚੁਕ ਇਕ ਵੱਜ ਦਾ ਮਿੰਟ ਪੂਰਾ ਤੇ ਕੰਧਿਆਂ ਸੋਚਦਿਆਂ ਹੋਇਆਂ ਨੌਜਵਾਨ ਨੇ ਕਿਹਾ ਮੁਸਕਰਾਨ। ਪੰਜਾਂ ਮਿੰਟਾਂ, ਤੇ ਇਕ ਹਜ਼ੇ ਪੂਰੀ ਸਰਗਰਮ ਦਾ ਇੰਤਜ਼ਾਰ। ਇਹ ਤਾਂ ਉਸ ਦੀ ਵੱਡੀ ਸਰਕਾਰੀ ਸਾਲ ਦੇ ਤਜਰਬਾ ਹੋਵੇਗੀ, ਕਿਹਾ ਸੋਚਾ ਕੇਵਲ ਅਸਰ ਕੀ ਹੈ, ਪਰ ਅੱਜ ਦੀ ਤਰਜ਼ ਤੇ ਬੇਚੈਨੀ ਜਿਹੀ ਰੱਖਦੀ ਉਸ ਦੇ ਜਿਹੀ ਤੇ ਕਠਨ ਸ਼ਰਮਿੰਦਗੀ ਕੇ ਨਾ ਪਾਏ ਨਹੀਂ ਕੀਤੀ। ਉਸ ਦੇ ਅੱਜ ਰਾਹੀਂ ਮਜਬੂਰ ਤੇ ਸਰੀਰ ਚਮਕਦਿਆਂ ਹੋਇਆਂ ਹੈ ਹਰ ਗੱਲ ਦੇ ਜਵਾਬ ਵਿਚ ਉਹ ਅਜਨਬੀ ਜਿਹ ਉਠੇ ਮੁੜੀ ਸਾਹ ਦੇ, ਅਕਸਰ ਮੂੰਹ ਵਲ ਤੇ ਹਰ ਵਿਚ ਖ਼ੁਸ਼ਾਮਦ ਹੋਇਆ ਆਪਣੀ ਗੱਲ ਕਰ ਇੰਜ ਸ਼ੁਰੂ ਕਰਦਾ ਹੈ, ਕਿ ਮਨੋ ਉਸ ਦੇ ਦਲੀਲ ਨੂੰ ਖ਼ੁਦਾ ਦੀ ਖ਼ੁਦਾਈ ਵੀ ਕੱਟ ਨਹੀਂ ਸਕਦੀ। ਜਿਸ ਗੱਲ ਉਤੇ ਇਕ ਵਾਰੀ ਅੜ ਜਾਵੇ, ਫਿਰ ਉਸ ਗੱਲੋਂ ਕੋਈ ਤਾਕਤ ਉਸਨੂੰ ਮੋੜ ਨਹੀਂ ਸਕਦੀ। ਆਮ ਤੌਰ ਤੇ ਉਹ ਏਸ ਗੱਲੇ ਕਿ ਪਰ੍ਹੇਜ਼ ਵਾਲੀ ਵਰਤੋਂ ਦਾ ਧਾਰਨੀ ਹੈ। ਦਲੀਲ ਦੇ ਮਿਜ਼ਾਜ ਵਿਚ ਜੇ ਉਹ ਹਾਰ ਵੀ ਜਾਵੇ ਤਾਂ ਇਸ ਨੂੰ ਹਾਰ ਨਹੀਂ ਮੰਨਦਾ। ਉਹ ਅਕਸਰ ਕਿਹਾ ਕਰਦਾ ਹੈ — "ਦਲੀਲ ਕੀ ਹੈ ? ਸਿਆਣੀ ਬੁੱਧੀ ਦਾ ਦੂਜਾ ਨਾਮ। ਜਿਨ੍ਹਾਂ ਬੁੱਧੀਆਂ ਦੀ ਮਿਤੀਆਂ ਨਜ਼ਰਾਂ ਵਿਚ ਕੀਮਤ ਨਹੀਂ। ਮੈਂ ਤਾਂ ਇਹੋ ਗੱਲ ਜਾਣਦਾ ਹਾਂ ਕਿ ਜੋ ਕੁਝ ਮੇਰਾ ਅੰਤਰਆਤਮਾ ਕਹਿੰਦਾ ਹੈ ਉਹੀ ਅਸਲ ਵਿਚ ਠੀਕ ਇਨਸਾਫ਼ ਹੈ... ..."

ਉਮਰਦਿਆਂ ਕੁੜੀਆਂ ਦਾ ਝੁਕਾਉ ਮੁਖ ਤੋਂ ਸਮਾਜਕ ਕੰਮਾਂ ਵਲ ਜਿਹਾ ਹੈ। ਛੋਟੀ ਉਮਰ ਤੋਂ ਹੀ ਆਪਣੇ ਦੋਸਤ ਸਤਨਾਮ ਨਾਲ ਰਲ ਕੇ ਉਹ ਕਈਆਂ ਛੋਟੇ ਮੋਟੇ ਸਮਾਜਕ ਕੰਮਾਂ ਵਿਚ ਲਗਾ ਰਿਹਾ ਸੀ। ਜਦ ਪੰਜਾਬ ਵਿਚ ਏਹੋ ਜਿਹਾ ਸ਼ੁਰੂ ਹੋਏ ਤਾਂ ਸਤਨਾਮ ਨੇ ਇਸ ਨੂੰ ਇੰਤਜ਼ਾਮ ਸਭਾ ਵਿਚ ਸ਼ਾਮਲ ਹੋਣ ਲਈ ਪ੍ਰੇਰਿਆ। ਜਿਸ ਤੋਂ ਬਾਅਦ ਦੋ ਕੁ ਮਹੀਨੇ ਇਸ ਨੇ ਇਸ ਅਨੁਸਾਰ ਸਭਾ ਵਿਚ ਕੰਮ ਕੀਤਾ। ਪਰ ਜਦ ਇੰਤਜ਼ਾਮ ਵਿਚ ਮੁਸਲਿਮ ਲੀਗੀ ਕੁੜੀਆਂ ਦੇ ਤਜਰਬੇ ਕਾਰਨੀ ਸ਼ੁਰੂ ਹੋਈ ਤਾਂ ਮੁਸਕਰਾਨ ਦਾ ਰੁਖ਼ ਇਕ ਕੰਮ ਤੂਮੇ ਪਾਸੇ ਪਾਸਾ ਲਿਆ ਜਿਸ ਦਾ ਫਲ ਰੂਪ ਉਸ ਨੇ ਇੰਤਜ਼ਾਮ ਸਭਾ ਤੋਂ ਅਸਤੀਫ਼ਾ ਦੇ ਕੇ ਇਕ ਨਵੀਂ ਪਾਰਟੀ ਕਾਇਮ ਕੀਤੀ ਤੇ ਮਗਰੋਂ ਆਪਣੇ ਅਸਰ ਨਾਲ ਸਤਨਾਮ ਨੂੰ ਵੀ ਇਸ ਵਿਚ ਸ਼ਾਮਲ ਕਰ ਲਿਆ।

ਉਡੀਕਦੇ ਨੌਜਵਾਨ ਨੇ ਜਦ "ਕੋਰਮ ਪੂਰਾ ਹੋ ਗਿਆ, ਤੇ ਵਕਤ ਹੋ ਚੁਕਾ" ਕਹਿ ਉਤਸ਼ਾਹ ਇਸ਼ਾਰੇ ਦਿਖਾਇਆ ਤਾਂ ਮੁਸਕਰਾਨ ਨੇ ਸਾਰੇ ਬੈਠੇ ਮੈਂਬਰਾਂ ਵਲ ਤੱਕ ਕੇ ਕਿਹਾ — "ਜ਼ਰਾ ਕੁ ਠਹਿਰ ਕਰ ਲਓ। ਮੇਰਾ ਖ਼ਿਆਲ ਹੈ ਸਤਨਾਮ ਦੀ ਯੂਨੀਵਰਸਿਟੀ ਵਿਚ ਅਜੇ ਵੀ ਛੁੱਟੀ ਨਹੀਂ ਆ ਸਕਦਾ। ਅਜੇ ਦੋ ਕੁ ਮਿੰਟ ਬਾਕੀ ਹਨ। ਨਾਲੇ ਤੁਹਾਨੂੰ ਸ਼ਾਇਦ ਪਤਾ ਹੋਵੇ ਕਿ ਅਜ ਇਕ ਨਵੇਂ ਮੈਂਬਰ ਦੀ ਆਮਦ ਹੋਣੀ ਏ।"

"ਨਵਾਂ ਮੈਂਬਰ ?" ਇਕ ਹੋਰ ਨੇ ਪੁਛਿਆ — "ਉਹ ਕੌਣ ਹੈ ?"

"ਸਤਨਾਮ ਦੀ ਧਰਮ ਦੀ ਭੈਣ ਮਿਸ ਪ੍ਰਿਤਪਾਲ।"

ਨੌਜਵਾਨਾਂ ਵਿਚ — ਖਾਸ ਕਰ ਕੇ ਕਾਲਜੀਏਟ ਨੌਜਵਾਨਾਂ ਵਿਚ ਕਿਸੇ ਜਵਾਨ ਕੁੜੀ ਦਾ ਜ਼ਿਕਰ ਆਮ ਤੌਰ ਤੇ ਦਿਲਚਸਪ ਦਿਲਚਸਪੀ ਦੀ ਚੀਜ਼ ਹੁੰਦੀ ਹੈ। ਮੁਸਕਰਾਨ ਨੇ ਆਪਣੀ ਗੱਲ ਖ਼ਤਮ ਕਰਨ ਤੋਂ ਬਾਅਦ ਫੇਰ ਰਿਸਟਵਾਚ ਨੂੰ ਤਕਿਆ। ਸਾਢੇ ਛੇ ਵਿਚ ਕੁਝ ਅੱਧਾ ਮਿੰਟ ਬਾਕੀ ਸੀ, ਪਰੰਤੂ ਕਈ ਨਜ਼ਰ ਦਰਵਾਜ਼ ਕਰ ਕੇ ਉਹ ਸਾਥੀਆਂ ਨੂੰ ਕੁਝ ਕਹਿਣ ਦੀ ਲਗਾ ਸੀ ਕਿ ਹੋਰ ਹੋਰ ਹੋਰ ਦੀ ਆਵਾਜ਼ ਸੁਣ ਕੇ ਬੋਲ ਉਠਿਆ — "ਲੌ ਆ ਗਏ ਜੇ। ਮੈਂ ਕਿਹਾ ਸੀ ਨਾ, ਕਿ ਉਹ

ਤੇ ਯੂਨੀਵਰਸਿਟੀ ਕਦੀ ਵੀ ਵੇਹਲ ਨਹੀਂ ਹੋ ਸਕਦੀ।"

ਉਨ੍ਹਾਂ ਦੇ ਇਕ ਆਦਮੀ ਉਠ ਕੇ ਹੋਰਾਂ ਕੁਝ ਸੰਦੂਕ ਖਾਲ ਲਿਆ। ਸਾਰੇ ਕੰਮਕਾਜ ਹੀਰਾ ਵਜਾਰ ਅੱਜ ਉਹੋ ਵਲ ਤੱਕੀਆਂ ਗਈਆਂ। ਸਾਰੇ ਹੀ ਆਪੋ ਆਪਣੀ ਕਲਪਨਾ ਦੇ ਕੈਨਵੈਸ ਵਿਚ ਅਣਡਿੱਠ ਵਾਲੀ ਉਸ ਨਵੀਂ ਮੈਂਬਰ ਦੀ ਤਸਵੀਰ ਕਲਪਿਤ ਲਗੇ।

27

ਪੋੜੀਆਂ ਚੜ੍ਹ ਕੇ ਹਾਲ ਦੀ ਦਿਲਕਸ਼ ਸਿੱਧ ਹੀ ਦੁਰਗਾਈ ਦਿਤੀ ਕਿ ਸਾਰੇ ਇਕ ਧਮਾਕਾ ਜਿਹਾ ਪਏ ਤੇ ਸਿੱਧੀ ਹੀ ਇਕ ਨੌਜ ਚੰਨ ਚੱਕ ਦੀ, ਪਤਲੀ ਤੇ ਕੋਮਲ ਅੰਗਾਂ ਵਾਲੀ ਸੁੰਦਰੀ ਕੁੜੀ ਵਿਚ ਦਿਖਾਈ ਦਿਤੀ ਕਿ ਸਾਰੇ ਇਕ ਉਠੇ ਕੁੜੀ ਦੀ ਸ਼ਖ਼ਸੀਅਤ ਦਾ ਜੋਸ਼ ਜਿਹਾ ਛਾ ਗਿਆ। ਆਪੋ ਆਪਣੀ ਕਲਪਨਾ ਵਿਚ ਉਹ ਜਿਹੋ ਜਿਹੋ ਰੂਪ ਦਾ ਅਨੁਮਾਨ ਲਾ ਰਹੇ ਸਨ, ਪ੍ਰੀਤਮ ਪ੍ਰਿਤਪਾਲ ਦਾ ਪ੍ਰਭਾਵ ਉਨ੍ਹਾਂ ਸਭਨਾਂ ਤੋਂ ਵੱਖਰੀ ਕਿਸਮ ਦਾ ਸੀ। ਉਸ ਦੇ ਸ਼ੁਕੀਨ ਜਿਹੇ ਚਿਹਰੇ ਉਸ ਦੀਆਂ ਹਰਨ ਤੇ ਸ਼ਾਂਤ ਕਲੀਆਂ ਅੱਖਾਂ ਵਿਚ ਤੇ ਉਸ ਦੇ ਸਾਦਗੀ ਉਛਾਲਦੇ ਦੰਦ ਰੂਪ ਵਿਚ ਇਕ ਤਰ੍ਹਾਂ ਦੀ ਚੁੰਬਕ ਸ਼ਕਤੀ ਸੀ ਕਿ ਹਰ ਇਕ ਦੇ ਅੰਦਰੋਂ ਇਕ ਵੇਲੇ ਇਕ ਤਰ੍ਹਾਂ ਦੀ ਖਿੱਚ ਜਾਗ ਉਠੀ — ਇਕ ਉਪਜੀ ਕੁੜੀ ਦੇ ਕੋਮਲ ਸੁੰਦਰ ਚਿਹਰੇ ਵਿਚੋਂ ਕੁਝ ਨੂਰ ਸੀ।

ਪੂਰੇ ਅਦਬ ਤੇ ਮਰਯਾਦਾ ਨਾਲ ਪ੍ਰਿਤਪਾਲ ਨੇ ਹਥ ਜੋੜ ਕੇ ਸਿਰ ਤੇ ਅੱਖਾਂ ਝੁਕਾ ਕੇ ਸਭ ਨੂੰ ਨਮਸਕਾਰ ਕੀਤੀ, ਜਿਸ ਦੇ ਉੱਤਰ ਵਿਚ ਸਾਰਿਆਂ ਨੇ ਉਸ ਦਾ ਸਵਾਗਤ ਕੀਤਾ।

ਸਾਦੇ ਤੇ ਸਰਲ ਪਹਿਰਾਵੇ ਵਿਚ ਪ੍ਰਿਤਪਾਲ ਦਾ ਰੂਪ ਡਲ੍ਹਕ ਡਲ੍ਹਕ ਪੈਂਦਾ ਸੀ। ਜਵੀਆਂ ਕੁੜੀਆਂ ਵਾਲੀ ਚਿੱਟੀ ਵੋਲ ਦੀ ਸਾੜ੍ਹੀ ਉਸ ਦੇ ਸਰੀਰ ਉਤੇ ਖੂਬ ਫਬ ਰਹੀ ਸੀ। ਉਸ ਦੀ ਲੰਮੀ ਗਰਦਨ, ਗੋਰੀਆਂ ਬਾਹਾਂ ਤੇ ਖੁਲ੍ਹਾ ਰੰਗ ਕੋਮਲ ਕਾਫ਼ੀ ਚੋਟ, ਹਰ ਇਕ ਅੰਗ ਸਾਰੀ ਦਿਖ ਤੇ ਸਰੂਪ ਦਾ ਕੇਂਦਰ ਸਨ। ਉਸ ਦੇ ਗੁਲਾਬੀ ਜਿਹੇ ਉਤੇ ਸਜੀਲਾ ਜਿਹੀ ਮੁਸਕਰਾਹਟ ਤੇ ਮੋਟੀਆਂ ਪ੍ਰਭਾਵਸ਼ਾਲੀ ਅੱਖਾਂ ਵਿਚ ਹਰ ਕਿਸੇ ਲਈ ਸੁਖ ਸ਼ਾਂਤੀ ਦੇ ਰਾਹ ਖੁਲ੍ਹੀ ਰੱਖਦੀ। ਇਹ ਚੀਜ਼ ਕੋਈਆਂ ਸਨ, ਜਿਹੜੀਆਂ ਕਿਸੇ ਦੀ ਦਿਲ ਵਿਚ ਉਸ ਲਈ ਆਦਰ ਤੇ ਮਿਤਰੀ ਦਾ ਜਾ ਰਹਾ ਲੈਣ ਦੀ ਸਮਰਥਾ ਰਖਦੀਆਂ ਸਨ।

ਸਤਨਾਮ ਨੇ ਵੀ ਸਭ ਨੂੰ ਸਤਿ ਸ੍ਰੀ ਅਕਾਲ ਬੁਲਾਈ ਤੇ ਇਕ ਇਕ ਦੋਵੇਂ ਨਾਲੋ ਨਾਲ ਕੁਰਸੀਆਂ ਤੇ ਬੈਠ ਗਏ। ਚੰਗ ਚਾਲਾ ਹਿਸ ਬਾਰੇ ਕਾਫ਼ੀ ਰੌਲ ਪਲ ਗਿਆ ਸੀ, ਫਿਰ ਵੀ ਇਸ ਵੇਲੇ ਸਭਨਾਂ ਨੂੰ ਕੁਝ ਨਾਰਮਲ ਨਾਰਮਲ ਮਹਿਸੂਸ ਹੋਣ ਲਗੀ। ਇਕ ਮੈਂਬਰ ਨੇ ਉਠ ਕੇ ਸਾਇਰਨ ਦਾ ਰੋਲ ਪੇਸ਼ ਕਰ ਦਿਤੀ।

ਇਕ ਜਾਂ ਡੇਢ ਮਿੰਟ ਕਮੇਟੀ ਵਿਚ ਖਾਮੋਸ਼ੀ ਛਾਈ ਰਹੀ। ਅਜ ਦੀ ਮੀਟਿੰਗ ਸ਼ਾਇਦ ਇਸ ਪਾਰਟੀ ਦੇ ਪਿਛਲੇ ਸਾਰੇ ਇਤਿਹਾਸ ਵਿਚ ਸਭ ਤੋਂ ਜ਼ਰੂਰੀ ਤੇ ਕੀਮਤੀ ਸੀ, ਪਰ ਇਸ ਵੇਲੇ ਨਵੇਂ ਮੈਂਬਰ ਦਾ ਖ਼ਿਆਲ ਹੋਰ ਸਭ ਪਾਸਿਆਂ ਵਲੋਂ ਹਟ ਕੇ ਕੇਵਲ ਇਸ ਨਵੀਂ ਮੈਂਬਰ ਦੀ ਜਦ ਪ੍ਰਭਾਵ ਪ੍ਰਾਪਤ ਕਰਨ ਵਿਚ ਲਗਾ ਹੋਇਆ ਸੀ।

ਸਭਨਾਂ ਜਿਹੜਿਆਂ ਉਤੇ ਇਕੋ ਤਰ੍ਹਾਂ ਦੇ ਭਾਵ ਵੇਖ ਕੇ ਪਾਰਟੀ ਦੇ ਸੈਕ੍ਰੇਟਰੀ ਮੁਸਕਰਾਨ ਸਿੰਘ ਨੇ ਕਹਿਣਾ ਸ਼ੁਰੂ ਕੀਤਾ:—

"ਮੈਨੂੰ ਇਹ ਦਸਣ ਵਿਚ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਅਜ ਮੈਂ ਆਪਣੇ ਸਾਥੀਆਂ ਨੂੰ ਇਕ ਨਵੀਂ ਪਰਸਨੈਲਿਟੀ ਨਾਲ ਇੰਟਰੋਡਿਊਸ ਕਰਾ ਰਿਹਾ ਹਾਂ। ਸਾਡੇ ਸਾਥੀ ਸਰਦਾਰ ਸਤਨਾਮ ਸਿੰਘ ਦੀ ਧਰਮ ਭੈਣ ਬੀਬੀ ਪ੍ਰਿਤਪਾਲ ਕੁਮਾਰੀ ਜੀ ਇਸ ਵੇਲੇ ਤੁਹਾਡੇ ਸਾਹਮਣੇ ਮੌਜੂਦ ਹਨ। ਜਿਨ੍ਹਾਂ ਬਾਬਤ ਇਹ ਸੁਣ ਕੇ ਤੁਹਾਨੂੰ ਹੋਰ ਵੀ ਖੁਸ਼ੀ ਹੋਵੇਗੀ ਕਿ ਸਾਡੀ ਪਾਰਟੀ ਦੇ ਕੰਮ

ਨਾਲ ਨਾ ਸਿਰਫ ਇਨ੍ਹਾਂ ਦੀ ਦਿਲਚਸਪੀ ਹੈ, ਬਲਕਿ ਇਸ ਪਾਰਟੀ ਵਿਚ ਸ਼ਾਮਲ ਹੋ ਕੇ ਇਹ ਸਾਡੇ ਮੌਜੂਦਾ ਪਰੋਗਰਾਮ ਵਿਚ ਵਧ ਚੜ੍ਹ ਕੇ ਹਿਸਾ ਲੈਣ ਦੀ ਵੀ ਇਛਾ ਰਖਦੇ ਹਨ। ਸੋ ਮੈਨੂੰ ਪੂਰੀ ਉਮੀਦ ਹੈ ਕਿ ਮਿਸ ਕ੍ਰਿਸ਼ਨਾ ਸਾਡੀ ਪਾਰਟੀ ਦੀ ਇਕ ਹੀਰੋਇਨ ਸਾਬਤ ਹੋਣਗੇ।"

"ਇਸ ਤੋਂ ਬਿਨਾਂ ਮੈਂ ਇਕ ਗਲ ਹੋਰ ਵੀ ਦਸ ਦਿਆਂ, ਜਿਹਾ ਕਿ ਮੈਂ ਸਤਨਾਮ ਸਿੰਘ ਦੀ ਜ਼ਬਾਨੀ ਸੁਣ ਚੁਕਾ ਹਾਂ — ਬੀਬੀ ਕ੍ਰਿਸ਼ਨਾ ਰੀਫਿਊਜੀਆਂ ਵਿਚੋਂ ਹਨ ਤੇ ਇਹ ਸੁਣ ਕੇ ਤੁਹਾਨੂੰ ਦੁਖ ਹੋਵੇਗਾ ਕਿ ਕ੍ਰਿਸ਼ਨਾ ਜੀ ਦੇ ਕਰੀਬਨ ਸਾਰੇ ਹੀ ਰਿਸ਼ਤੇਦਾਰ ਜ਼ਾਲਮ ਮੁਸਲਮਾਨਾ ਦੇ ਛੁਰੇ ਦਾ ਸ਼ਿਕਾਰ ਹੋ ਚੁਕੇ ਹਨ। ਜਿਸ ਕਰ ਕੇ ਇੰਤਕਾਮ ਦਾ ਜਜ਼ਬਾ ਇਨ੍ਹਾਂ ਦੀ ਰੂਹ ਨੂੰ ਹਰ ਵੇਲੇ ਤੜਪਾਂਦਾ ਰਹਿੰਦਾ ਹੈ। ਸ਼ਾਇਦ ਇਹੋ ਜਜ਼ਬਾ ਹੈ, ਜਿਸ ਨੇ ਇਨ੍ਹਾਂ ਨੂੰ ਸਾਡੀ ਪਾਰਟੀ ਵਿਚ ਸ਼ਾਮਲ ਹੋਣ ਲਈ ਮਜਬੂਰ ਕੀਤਾ। ਸੋ ਮੈਂ ਤੁਸਾਂ ਸਾਰਿਆਂ ਵਲੋਂ ਕ੍ਰਿਸ਼ਨਾ ਜੀ ਨੂੰ ਯਕੀਨ ਦਿਵਾਂਦਾ ਹਾਂ ਕਿ ਅਸੀਂ ਜਦ ਤੀਕ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਖ਼ੂਨ ਦਾ ਬਦਲਾ ਨਹੀਂ ਲੈ ਲੈਂਦੇ, ਤਦ ਤੀਕ ਸਾਡੇ ਲਈ ਸੁਖ ਦੀ ਨੀਂਦਰ ਹਰਾਮ ਹੈ। ਮੈਂ ਆਪਣੇ ਸਾਥੀਆਂ ਪਾਸੋਂ ਮੰਗ ਕਰਦਾ ਹਾਂ ਕਿ ਉਹ ਕ੍ਰਿਸ਼ਨਾ ਜੀ ਦੀ ਪੇਸ਼ਕਸ਼ ਨੂੰ ਪਰਵਾਨ ਕਰਦੇ ਹੋਏ ਇਨ੍ਹਾਂ ਨੂੰ ਅਜ ਤੋਂ ਪਾਰਟੀ ਦੀ ਮੈਂਬਰ ਤਸਲੀਮ ਕਰਨ।"

ਇਤਨਾ ਕਹਿ ਕੇ ਸੁਦਰਸ਼ਨ ਬੈਠ ਗਿਆ ਤੇ ਸਾਰੇ ਮੈਂਬਰਾਂ ਨੇ ਕੇਵਲ ਸਿਰ ਝੁਕਾ ਕੇ ਆਪਣੀ ਖ਼ੁਸ਼ੀ ਤੇ ਸੰਮਤੀ ਦਾ ਪ੍ਰਗਟਾਓ ਕੀਤਾ। ਨਾਹਰਾ ਲਾਣ ਜਾਂ ਤਾੜੀਆਂ ਆਦਿ ਵਜਾਣ ਦੀ ਇਸ ਪਾਰਟੀ ਵਿਚ ਮਨਾਹੀ ਸੀ

ਹੁਣ ਵਾਰੀ ਸੀ ਕ੍ਰਿਸ਼ਨਾ ਦੀ, ਕਿ ਉਠ ਕੇ ਸੈਕਰੇਟਰੀ ਤੇ ਦੂਸਰੇ ਮੈਂਬਰਾਂ ਦਾ ਧੰਨਵਾਦ ਕਰੇ। ਭਾਵੇਂ ਇਹੋ ਜਿਹੀ ਕਿਸੇ ਪਾਰਟੀ ਵਿਚ ਬੋਲਣ ਦਾ ਉਸ ਦੀ ਜ਼ਿੰਦਗੀ ਵਿਚ ਇਹ ਪਹਿਲਾ ਹੀ ਮੌਕਾ ਸੀ, ਪਰ ਉਸ ਦੀ ਮਜ਼ਬੂਤੀ ਵਿਚ ਕੋਈ ਬਹੁਤਾ ਫਰਕ ਨਾ ਆਇਆ ਤੇ ਸੁਦਰਸ਼ਨ ਦੇ ਬੈਠਦਿਆਂ ਹੀ ਉਹ ਉਠ ਕੇ ਖੜ੍ਹੀ ਹੋ ਗਈ। ਜਿਸ ਤੋਂ ਜਾਪਦਾ ਸੀ ਕਿ ਸਤਨਾਮ ਨੇ ਉਸ ਨੂੰ ਪਾਰਟੀ ਤੇ ਉਸ ਦੀ ਮੈਂਬਰੀ ਦੇ ਡਿਸਿਪਲਿਨ ਬਾਰੇ ਕਾਫ਼ੀ ਕੁਝ ਸਮਝਾ ਸਿਖਾ ਦਿਤਾ ਹੋਇਆ ਹੈ।

ਮਰਯਾਦਾ ਅਨੁਸਾਰ ਕ੍ਰਿਸ਼ਨਾ ਉਠ ਕੇ ਖੜੀ ਹੋ ਗਈ। ਉਸ ਦੇ ਚਿਹਰੇ ਉਤੇ ਪਹਿਲਾ ਪਹਿਲ ਜ਼ਰਾ ਕੁ ਘਬਰਾਹਟ ਦੇ ਚਿੰਨ੍ਹ ਪ੍ਰਗਟੇ, ਪਹਿਲੇ ਦੋ ਚਾਰ ਸ਼ਬਦ ਬੋਲਦਿਆਂ ਉਸ ਦੀ ਜ਼ਬਾਨ ਜ਼ਰਾ ਕੁ ਥਥਲਾਈ, ਪਰ ਜਿਉਂ ਹੀ ਉਸ ਦੇ ਬੋਲਾਂ ਨੇ ਥੋੜੀ ਜਿਹੀ ਰਵਾਨੀ ਫੜੀ ਕਿ ਉਸ ਦਾ ਸਾਰਾ ਸੰਗ ਸੰਗਾ ਉਡ ਪੁਡ ਗਿਆ। ਜਿਵੇਂ ਅਚਾਨਕ ਹੀ ਕਿਸੇ ਅਦ੍ਰਿਸ਼ ਤਾਕਤ ਨੇ ਉਸਦੇ ਅੰਦਰ ਆ ਪ੍ਰਵੇਸ਼ ਕੀਤਾ। ਉਸ ਨੇ ਬੋਲਣਾ ਸ਼ੁਰੂ ਕੀਤਾ:—

"ਮੇਰੇ ਸਤਕਾਰ ਜੋਗ ਵੀਰੋ ! ਸਭ ਤੋਂ ਪਹਿਲਾਂ ਮੈਂ ਤੁਹਾਡਾ ਇਕ ਭੁਲੇਖਾ ਦੂਰ ਕਰ ਦੇਣਾ ਚਾਹੁੰਦੀ ਹਾਂ ਕਿ ਨਾ ਮੈਨੂੰ ਸਭਾ ਸੁਸਾਇਟੀਆਂ ਵਿਚ ਬੋਲਣ ਦਾ ਅਭਿਆਸ ਹੈ, ਨਾ ਹੀ ਮੈਂ ਕਿਸੇ ਰਸਮੀ ਮੈਂਬਰੀ ਲਈ ਤੁਹਾਡੇ ਵਿਚ ਸ਼ਾਮਲ ਹੋਈ ਹਾਂ। ਮੈਂ ਆਪਣੇ ਵੀਰ ਸੁਦਰਸ਼ਨ ਜੀ ਦਾ ਧੰਨਵਾਦ ਕਰਦੀ ਹਾਂ, ਪਰ ਜਿੰਨੀਆਂ ਉਨ੍ਹਾਂ ਮੇਰੇ ਉਤੇ ਉਮੀਦਾਂ ਰਖੀਆਂ ਨੇ, ਸ਼ਾਇਦ ਉਸ ਕਸਵੱਟੀ ਤੇ ਮੈਂ ਪੂਰੀ ਨਾ ਉਤਰ ਸਕਾਂ। ਮੈਂ ਇਕ ਕਮਜ਼ੋਰ ਜਿਹੇ ਦਿਲ ਦੀ ਲੜਕੀ ਹਾਂ। ਆਪਣੇ ਕਿਸੇ ਵੀ ਗੁਣ ਉਤੇ ਮੈਂ ਮਾਣ ਨਹੀਂ ਕਰ ਸਕਦੀ। ਫੇਰ ਵੀ ਜੇ ਮੈਨੂੰ ਕੋਈ ਮਾਣ ਹੈ ਤਾਂ ਸਿਰਫ ਇਸੇ ਗਲ ਦਾ ਕਿ ਮੈਂ ਤੁਹਾਡੇ ਵਰਗੇ ਵੀਰਾਂ ਦੀ ਛੋਟੀ ਭੈਣ ਬਣ ਸਕਾਂਗੀ, ਜਿਸ ਦੀ ਮੇਰੇ ਦਿਲ ਵਿਚ ਤਮੰਨਾ ਹੈ। ਕੀ ਤੁਸੀਂ ਮੈਨੂੰ ਇਸ ਦਾ ਹੱਕ ਦਿਓਗੇ ?"

ਪਰਵਾਨਗੀ ਦੇ ਭਾਵਾਂ ਵਿਚ ਇਕ ਵਾਰੀ ਫੇਰ ਸਾਰੇ ਸਿਰ ਝੁਕ ਗਏ। ਕ੍ਰਿਸ਼ਨਾ ਦੇ ਬੋਲਣ ਢੰਗ ਵਿਚ ਭਾਵੇਂ ਲੈਕਚਰਾਰਾਂ ਵਰਗੀ ਤੇਜ਼ੀ ਤਰਾਰੀ ਨਹੀਂ ਸੀ, ਉਸ ਵਿਚ ਕੁਝ ਐਸਾ ਜ਼ਰੂਰ

ਸੀ ਕਿ ਉਸ ਦਾ ਬੋਲਿਆ ਹੋਇਆ ਹਰ ਇਕ ਵਾਕ ਸਰੋਤਿਆਂ ਦੇ ਦਿਲਾਂ ਦੀ ਡੂੰਘੀ ਸਤਾਹ ਤੀਕ ਉਤਰਦਾ ਜਾ ਰਿਹਾ ਸੀ। ਨਾਲੋ ਨਾਲ ਕ੍ਰਿਸ਼ਨਾ ਲਈ ਵਧ ਤੋਂ ਵਧ ਸਤਕਾਰ ਤੇ ਨੇੜਤਾ ਦੇ ਭਾਵ ਉਨ੍ਹਾਂ ਦੇ ਦਿਲਾਂ ਅੰਦਰ ਭਰਦੇ ਜਾਂਦੇ ਸਨ। ਕ੍ਰਿਸ਼ਨਾ ਨੇ ਬੋਲਣਾ ਜਾਰੀ ਰਖਿਆ:-

"ਮੈਂ ਇਕ ਰੀਫਿਊਜੀ ਹਾਂ ਤੇ ਆਪਣਾ ਸਰਬੰਸ ਲੁਟਾ ਕੇ ਪੋਠੋਹਾਰ ਵਿਚੋਂ ਆ ਰਹੀ ਹਾਂ। ਮੇਰੇ ਅੰਦਰ ਇੰਤਕਾਮ ਦਾ ਜਜ਼ਬਾ ਹਰ ਵੇਲੇ ਲਾਵੇ ਵਾਂਗ ਉਬਲਦਾ ਰਹਿੰਦਾ ਹੈ। ਸੋ ਮੈਂ ਆਪਣੇ ਵੀਰਾਂ ਪਾਸੋਂ ਉਮੀਦ ਕਰਦੀ ਹਾਂ ਕਿ ਉਹ ਮੇਰੀ ਇਸ ਬਦਲਾ ਲੈਣ ਦੀ ਲਗਨ ਵਿਚ ਵਧ ਤੋਂ ਵਧ ਮੇਰੇ ਮਦਦਗਾਰ ਸਾਬਤ ਹੋਣਗੇ।"

ਇਤਨਾ ਆਖ ਕੇ ਕ੍ਰਿਸ਼ਨਾ ਬੈਠ ਗਈ। ਉਸ ਦੀ ਪ੍ਰਸੰਸਾ, ਪਰਵਾਨਗੀ ਤੇ ਸਤਕਾਰ ਵਜੋਂ ਫੇਰ ਅਗੇ ਵਾਂਗ ਹੀ ਸਿਰ ਝੁਕ ਗਏ। ਕ੍ਰਿਸ਼ਨਾ ਦੀ ਸੁੰਦਰਤਾ ਦਾ, ਉਸ ਦੇ ਬੋਲਣ-ਸੁਚੱਜ ਦਾ ਤੇ ਉਸ ਦੇ ਨਿਸ਼ਕਪਟ ਤੇ ਸਾਦ ਮੁਰਾਦੇ ਹਿਰਦੇ ਚੋਂ ਨਿਕਲੇ ਹੋਏ ਨਿਰਭੈ ਵਿਚਾਰਾਂ ਦਾ ਕੁਝ ਇਸ ਤਰ੍ਹਾਂ ਦਾ ਅਸਰ ਸਾਰੇ ਮੈਂਬਰਾਂ ਉਤੇ ਹੋਇਆ, ਜਿਵੇਂ ਕ੍ਰਿਸ਼ਨਾ ਉਨ੍ਹਾਂ ਵਿਚ ਓਪਰੀ ਨਹੀਂ, ਸਗੋਂ ਚਿਰ-ਪਰੀਚਿਤ ਹੈ। ਜਿਵੇਂ ਕ੍ਰਿਸ਼ਨਾ ਦੇ ਹਰ ਇਕ ਬੋਲ ਉਤੇ ਫੁਲ ਚੜ੍ਹਾਣੇ ਉਨ੍ਹਾਂ ਸਾਰਿਆਂ ਦਾ ਫ਼ਰਜ਼ ਹੈ। ਕੇਵਲ ਇਕੋ ਮੈਂਬਰ ਇਨ੍ਹਾਂ ਸਾਰਿਆਂ ਵਿਚ ਐਸਾ ਸੀ, ਜਿਸ ਬਾਬਤ ਸਪੱਸ਼ਟ ਤੌਰ ਤੇ ਇਹ ਜਾਣਨਾ ਮੁਸ਼ਕਲ ਸੀ ਕਿ ਕ੍ਰਿਸ਼ਨਾ ਦੀ ਆਮਦ ਤੇ ਤਕਰੀਰ ਨੇ ਉਸ ਉਤੇ ਕਿਹੋ ਜਿਹਾ ਅਸਰ ਕੀਤਾ। ਪਰ ਉਸ ਦੀ ਘਬਰਾਹਟ ਤੇ ਬੇਚੈਨੀ ਵੇਖ ਕੇ ਇਹੋ ਅੰਦਾਜ਼ਾ ਲਾਇਆ ਜਾ ਸਕਦਾ ਸੀ ਕਿ ਉਸ ਦੇ ਖ਼ਿਆਲਾਂ ਦਾ ਢਾਂਚਾ ਕੁਝ ਉਖੜ ਜਿਹਾ ਗਿਆ ਹੈ ਤੇ ਇਨ੍ਹਾਂ ਨੂੰ ਸੁਲਝਾਉਣ ਦੀ ਉਸ ਦੀ ਹਰ ਇਕ ਕੋਸ਼ਿਸ਼ ਅਕਾਰਥ ਸਾਬਤ ਹੋ ਰਹੀ ਹੈ। ਮਾਨੋ ਕਿਸੇ ਭਾਰੀ ਉਪਦਰੱਵ ਦੇ ਹੋ ਜਾਣ ਦੀ ਸੰਭਾਵਨਾ, ਉਸ ਦੇ ਅੰਦਰ ਵੜ ਕੇ ਉਸ ਦੇ ਖ਼ਿਆਲਾਂ ਦੀ ਤਾਣੀ ਨੂੰ ਉਲਝਾ ਰਹੀ ਸੀ — ਇਹ ਸੀ ਸਤਨਾਮ।

ਮੈਂਬਰੀ ਦੀ ਰਸਮ ਅਦਾਇਗੀ ਹੋ ਚੁਕੀ ਤੇ ਇਸ ਤੋਂ ਬਾਅਦ ਪਾਰਟੀ ਦੇ ਮੌਜੂਦਾ ਪਰੋਗਰਾਮ ਉਤੇ ਬਹਿਸ ਸ਼ੁਰੂ ਹੋਈ। ਸੁਦਰਸ਼ਨ ਨੇ ਫਾਈਲ ਬੁਕ ਵਿਚੋਂ ਇਕ ਸਿਧ ਪਧਰਾ ਜਿਹਾ ਕਾਗ਼ਜ਼ ਕਢ ਕੇ ਤੇ ਉਸ ਦੀਆਂ ਤਹਿਆਂ ਖੋਲ੍ਹ ਕੇ ਮੇਜ਼ ਤੇ ਵਿਛਾ ਦਿਤਾ। ਇਹ ਇਕ ਨਕਸ਼ਾ ਸੀ, ਜਿਸ ਨੂੰ ਮੈਂਬਰਾਂ ਦੀ ਦ੍ਰਿਸ਼ਟੀਗੋਚਰ ਕਰਦਾ ਹੋਇਆ, ਉਸ ਦੇ ਹਰ ਇਕ ਨੁਕਤੇ ਉਤੇ ਉਂਗਲ ਰਖ ਕੇ ਉਹ ਆਪਣੇ ਸਾਥੀਆਂ ਨੂੰ ਵੇਰਵੇ ਨਾਲ ਸਮਝਾਉਣ ਲਗਾ ਕਿ ਪਰਸੋਂ ਰਾਤੀ ਜਿਨ੍ਹਾਂ ਮੁਸਲਿਮ ਮਹੱਲਿਆਂ ਉਤੇ ਹਮਲਾ ਕੀਤਾ ਜਾਣਾ ਹੈ, ਉਸ ਕੰਮ ਦੇ ਰਸਤੇ ਵਿਚ ਕਿਹੜੀਆਂ ਕਿਹੜੀਆਂ ਰੁਕਾਵਟਾਂ ਆ ਸਕਦੀਆਂ ਸਨ ਤੇ ਕਿਸ ਕਿਸ ਤਰੀਕੇ ਨਾਲ ਉਨ੍ਹਾਂ ਰੁਕਾਵਟਾਂ ਨੂੰ ਦੂਰ ਕੀਤਾ ਜਾ ਸਕਦਾ ਹੈ।

ਸਾਰੇ ਮੈਂਬਰ ਇਸ ਨਕਸ਼ੇ ਉਤੇ ਝੁਕੇ ਹੋਏ ਕਈ ਤਰ੍ਹਾਂ ਦੀ ਬਹਿਸ ਕਰ ਰਹੇ ਸਨ। ਕ੍ਰਿਸ਼ਨਾ ਵੀ ਉਸੇ ਤਰ੍ਹਾਂ ਝੁਕੀ ਹੋਈ ਭੈ-ਭੀਤ ਹੋ ਕੇ ਇਸ ਸਭ ਕਾਸੇ ਨੂੰ ਵੇਖ ਸੁਣ ਰਹੀ ਸੀ।

ਬਹਿਸ ਜਿਉਂ ਜਿਉਂ ਲੰਮੀ ਹੁੰਦੀ ਜਾਂਦੀ ਸੀ, ਕ੍ਰਿਸ਼ਨਾ ਦੇ ਦਿਲ ਦਾ ਅਮਨਚੈਨ ਘਟਦਾ ਜਾਂਦਾ ਸੀ। ਜਿਨ੍ਹਾਂ ਜਿਨ੍ਹਾਂ ਭਿਆਨਕ ਤੇ ਜਾਨ ਹੂਲਵੇਂ ਤਰੀਕਿਆਂ ਨਾਲ ਉਨ੍ਹਾਂ ਛਿਆਂ ਮਹੱਲਿਆਂ ਉਤੇ ਹਮਲਾ ਕੀਤਾ ਜਾਣਾ ਸੀ, ਉਹ ਸਾਰੇ ਤਰੀਕੇ ਕ੍ਰਿਸ਼ਨਾ ਨੇ ਸੁਣੇ।

ਇਹ ਕੰਮ ਜਦ ਖ਼ਤਮ ਹੋ ਚੁਕਾ ਤਾਂ ਹੁਣ ਹਥਿਆਰਾਂ ਦੀ ਵੰਡ ਦਾ ਸਿਲਸਿਲਾ ਸ਼ੁਰੂ ਹੋਇਆ ਤੇ ਇਸ ਕੰਮ ਨੂੰ ਸਿਰੇ ਚੜ੍ਹਾਣ ਖ਼ਾਤਰ ਸਾਰੇ ਹੀ ਸੁਦਰਸ਼ਨ ਦੇ ਮਗਰ ਉਠ ਕੇ ਨਾਲ ਦੇ ਛੋਟੇ ਕਮਰੇ ਵਿਚ ਜਾ ਪਹੁੰਚੇ — ਨਾਲ ਹੀ ਕ੍ਰਿਸ਼ਨਾ ਵੀ।

ਉਥੇ ਜਾ ਕੇ ਕ੍ਰਿਸ਼ਨਾ ਨੇ ਜੋ ਕੁਝ ਡਿੱਠਾ, ਇਸ ਦੇ ਅਸਰ ਨਾਲ ਉਹ ਥਰਥਰਾ ਉਠੀ। ਆਪਣਾ ਸਰੀਰ ਉਸ ਨੂੰ ਸੁੰਨ ਹੁੰਦਾ ਜਾਪਣ ਲਗਾ। ਰਾਤ ਤੋਂ ਲੈ ਕੇ ਹੁਣ ਤੀਕ ਉਹ ਜੋ ਜੋ

ਮਨਸੂਬੇ ਬਣਾਂਦੀ ਚਲੀ ਆਈ ਸੀ, ਸਾਰੇ ਉਸ ਨੂੰ ਬੇਕਾਰ ਜਾਪਣ ਲਗੇ। ਆਪਣੇ ਬਲਬੂਤੇ ਉਤੇ ਉਸ ਨੂੰ ਜਿਹੜਾ ਮਾਣ ਸੀ, ਉਹ ਇਸ ਵੇਲੇ ਨਿਰਾਸ਼ਾ ਦੀ ਰੇਤ ਵਿਚ ਰਲਦਾ ਉਸ ਨੂੰ ਵਿਖਾਈ ਦੇਣ ਲਗਾ ਤੇ ਉਹ ਸੋਚਣ ਲਗੀ — ਇਸ ਨਗਾਰਖਾਨੇ ਵਿਚ ਮੇਰੀ ਤੂਤੀ ਦੀ ਆਵਾਜ਼ ਕੌਣ ਸੁਣੇਗਾ। ਪਰ ਡੋਲਦੀ ਲੜਖੜਾਉਂਦੀ ਹੋਈ ਵੀ ਉਹ ਆਪਣੇ ਪੈਰਾਂ ਤੋਂ ਥਿੜਕੀ ਨਹੀਂ। ਉਸ ਦੇ ਅੰਦਰ ਇਕ ਦਮ ਇਤਨਾ ਹਨ੍ਹੇਰਾ ਨਹੀਂ ਛਾ ਗਿਆ ਕਿ ਉਸ ਨੂੰ ਕੁਝ ਵੀ ਨਾ ਦਿਸਦਾ ਹੋਵੇ। ਇਕ ਚੀਜ਼ ਸੀ, ਜਿਹੜੀ ਅਜੇ ਵੀ ਉਸ ਲਈ ਚਾਨਣ ਕਰ ਰਹੀ ਸੀ ਤੇ ਇਹ ਸੀ ਸਤਨਾਮ ਦੀ ਹੋਂਦ।

ਨਕਸ਼ੇ ਦੇ ਅਨੁਸਾਰ ਸਾਰਾ ਕੰਮ ਤੈਅ ਹੋ ਗਿਆ, ਡਿਊਟੀਆਂ ਲਗ ਗਈਆਂ ਤੇ ਹਥਿਆਰਾਂ ਦੀ ਵੰਡ ਵੀ ਹਰ ਇਕ ਦੀ ਲੋੜ ਅਨੁਸਾਰ ਹੋ ਗਈ। ਪਰ ਇਹ ਹਥਿਆਰ ਹਾਲੇ ਕਿਸੇ ਨੂੰ ਦਿਤੇ ਨਹੀਂ ਸਨ ਗਏ। ਫੈਸਲਾ ਹੋਇਆ ਕਿ ਬੁੱਧਵਾਰ ਦੀ ਸ਼ਾਮ ਨੂੰ ਠੀਕ ਇਸੇ ਵੇਲੇ ਹਰ ਕੋਈ ਇਥੇ ਆ ਕੇ ਆਪੋ ਆਪਣੇ ਹਿੱਸੇ ਆਉਂਦਾ ਅਸਲਾ ਲੈ ਜਾਵੇ। ਸਭ ਨੇ ਇਸ ਤਜਵੀਜ਼ ਨੂੰ ਪਸੰਦ ਕੀਤਾ।

ਅਸਲ ਵਿਚ ਇਹ ਅਜ ਦੀ ਮੀਟਿੰਗ 'ਜਨਰਲ' ਨਹੀਂ, ਸਗੋਂ 'ਵਰਕਿੰਗ' ਕਮੇਟੀ ਦੀ ਸੀ ਜਿਸ ਵਿਚ ਕੇਵਲ ਵਰਕਿੰਗ ਮੈਂਬਰਾਂ ਦੀ ਹੀ ਸ਼ਮੂਲੀਅਤ ਹੋ ਸਕਦੀ ਸੀ। ਕੋਈ ਜਨਰਲ ਮੈਂਬਰ ਇਸ ਵਿਚ ਸ਼ਾਮਲ ਨਹੀਂ ਸੀ ਹੋ ਸਕਦਾ। ਕੇਵਲ ਸਤਨਾਮ ਦੇ ਬਹੁਤਾ ਜ਼ੋਰ ਦੇਣ ਤੇ ਸੁਦਰਸ਼ਨ ਨੇ ਕ੍ਰਿਸ਼ਨਾ ਨੂੰ ਸ਼ਾਮਲ ਹੋਣ ਦੀ ਮਨਜ਼ੂਰੀ ਦੇ ਦਿਤੀ ਸੀ।

ਆਪੋ ਆਪਣੇ ਕੰਮਾਂ ਨੂੰ ਸਿਰੇ ਚੜ੍ਹਾਣ ਲਈ ਹਰ ਇਕ ਵਰਕਿੰਗ ਮੈਂਬਰ ਇਸ ਗਲ ਦਾ ਜ਼ਿੰਮੇਵਾਰ ਸੀ ਕਿ ਉਹ ਕਿਹੜੇ ਕਿਹੜੇ ਜਨਰਲ ਮੈਂਬਰਾਂ ਨੂੰ ਆਪਣੀ ਮਦਦ ਲਈ ਨਾਲ ਸ਼ਾਮਲ ਕਰਨਾ ਚਾਹੁੰਦਾ ਹੈ। ਇਸੇ ਅਨੁਸਾਰ ਮੈਂਬਰਾਂ ਨੇ ਆਪੋ ਆਪਣੇ ਗਰੁਪਾਂ ਦੀਆਂ ਫਹਿਰਿਸਤਾਂ ਬਣਾ ਕੇ ਸੈਕਰੇਟਰੀ ਨੂੰ ਦਿਤੀਆਂ ਸਨ, ਜਿਹੜੀਆਂ ਲਗ ਪਗ ਸਾਰੀਆਂ ਹੀ ਉਸੇ ਸ਼ਕਲ ਵਿਚ ਪਰਵਾਨ ਕਰ ਲਈਆਂ ਗਈਆਂ। ਸਤਨਾਮ ਨੇ ਕ੍ਰਿਸ਼ਨਾ ਦਾ ਨਾਮ ਆਪਣੇ ਗਰੁਪ ਵਿਚ ਦੇ ਦਿਤਾ ਸੀ।

ਛੋਟੇ ਕਮਰੇ 'ਚੋਂ ਨਿਕਲ ਕੇ ਇਹ ਸਾਰੇ ਫੇਰ ਵਡੇ ਕਮਰੇ ਵਿਚ ਆ ਬੈਠੇ ਤੇ ਜਦ ਸਾਰਾ ਕੰਮ ਠੀਕ ਠਾਕ ਹੋ ਗਿਆ, ਤਾਂ ਮੈਂਬਰਾਂ ਦੇ ਜ਼ਿੰਮੇਂ ਲਾਏ ਗਏ ਕੰਮਾਂ ਦਾ ਵੇਰਵਾ ਇਕ ਵਾਰੀ ਫੇਰ ਦੁਹਰਾਇਆ ਜਾਣ ਲਗਾ, ਤਾਂ ਜੁ ਕਿਸੇ ਨੂੰ ਕੋਈ ਭੁਲੇਖਾ ਨਾ ਰਹਿ ਜਾਵੇ। ਸੁਦਰਸ਼ਨ ਨੇ ਲਿਸਟਾਂ ਵਾਲੀ ਕਾਪੀ ਸਾਹਮਣੇ ਰਖ ਲਈ ਤੇ ਹਰ ਇਕ ਮੈਂਬਰ ਦੇ ਨਾਂ ਨਾਲ ਉਸ ਦੇ ਗਰੁਪ ਅਤੇ ਉਸ ਦੇ ਕਰਨ ਵਾਲੇ ਕੰਮਾਂ ਨੂੰ ਦੁਹਰਾਂਦਾ ਹੋਇਆ ਉਨ੍ਹਾਂ ਨੂੰ ਪੁੱਛਦਾ ਗਿਆ — "ਸਮਝ ਲਿਆ ਸਭ ਕੁਝ ?" ਤੇ ਅਗੋਂ ਜਦ 'ਹਾਂ' ਵਿਚ ਜਵਾਬ ਮਿਲਦਾ ਤਾਂ ਉਹ ਪੁੱਛਦਾ — "ਕੋਈ ਕਿਸੇ ਕਿਸਮ ਦਾ ਏਤਰਾਜ਼ ?" ਅਗੋਂ ਜਵਾਬ ਮਿਲਦਾ — "ਨਹੀਂ"

ਇਸੇ ਸਿਲਸਿਲੇ ਵਿਚ ਪੰਜਾਂ ਮੈਂਬਰਾਂ ਤੋਂ ਬਾਅਦ ਛੀਵੇਂ ਨੰਬਰ ਉਤੇ ਸਤਨਾਮ ਦਾ ਨਾਂ ਆਇਆ। ਸਭ ਕੁਝ ਦੁਹਰਾਉਣ ਤੋਂ ਬਾਅਦ ਜਦ ਸੁਦਰਸ਼ਨ ਨੇ ਉਸ ਨੂੰ ਪੁਛਿਆ — "ਕੋਈ ਏਤਰਾਜ਼ ?" ਤਾਂ ਜਵਾਬ ਵਿਚ ਉਹ ਬੋਲਿਆ — "ਕ੍ਰਿਸ਼ਨਾ ਕੁਝ ਪੁੱਛਣਾ ਚਾਹੁੰਦੀ ਹੈ, ਉਸ ਨੂੰ ਏਸ ਸਕੀਮ ਉਤੇ ਏਤਰਾਜ਼ ਹੈ।"

ਸਾਰਿਆਂ ਦੀਆਂ ਨਜ਼ਰਾਂ ਇਕ ਵਾਰੀ ਫੇਰ ਕ੍ਰਿਸ਼ਨਾ ਉਤੇ ਜਾ ਟਿਕੀਆਂ।

ਕ੍ਰਿਸ਼ਨਾ ਦੇ ਥਾਂ ਜੇ ਕਿਸੇ ਹੋਰ ਬਾਰੇ ਇਹੋ ਜਿਹੀ ਗਲ ਕਹੀ ਜਾਂਦੀ ਤਾਂ ਸ਼ਾਇਦ ਸਾਰੇ ਮੈਂਬਰ ਭੁੜਕ ਕੇ ਉਸ ਦੇ ਗਲ ਪੈ ਜਾਂਦੇ, ਪਰ ਇਕ ਤਾਂ ਲੜਕੀ ਹੋਣ ਕਰ ਕੇ, ਤੇ ਦੂਜਾ ਸ਼ੁਰੂ ਤੋਂ ਹੀ ਕ੍ਰਿਸ਼ਨਾ ਦਾ ਕੁਝ ਐਸਾ ਅਸਰ ਉਨ੍ਹਾਂ ਸਾਰਿਆਂ ਉਤੇ ਪੈ ਚੁਕਾ ਸੀ ਕਿ ਛੁਟ ਹੈਰਾਨੀ ਭਰੀ ਤੱਕਣੀ ਤੋਂ ਕੋਈ ਕੁਝ ਵੀ ਨਾ ਕਹਿ ਸਕਿਆ।

"ਕੀ ਕਿਹਾ ਜੇ ?" ਸੁਦਰਸ਼ਨ ਨੇ ਕ੍ਰਿਸ਼ਨਾ ਨੂੰ ਪੁਛਿਆ — "ਤੁਹਾਨੂੰ ਕੋਈ ਏਤਰਾਜ਼ ਹੈ ?"

"ਜੀ ਹਾਂ" ਕ੍ਰਿਸ਼ਨਾ ਦੀਆਂ ਅੱਖਾਂ ਵਿਚ ਤੇਜ਼ ਵਰਤਮਾਨ ਸੀ — "ਮੈਨੂੰ ਵੀ ਤੇ ਮੇਰੇ ਲੀਡਰ ਸਤਨਾਮ ਜੀ ਨੂੰ ਵੀ।"

"ਏਸੇ!" ਸੁਦਰਸ਼ਨ ਨੇ ਘਬਰਾ ਕੇ ਪੁਛਿਆ। ਕ੍ਰਿਸ਼ਨਾ ਪੂਰੀ ਤਰ੍ਹਾਂ ਬੇਧੜਕ ਹੋ ਕੇ ਬੋਲੀ — "ਪਰ ਆਪਣੇ ਸਾਰੇ ਸਾਥੀਆਂ ਨੂੰ ਕਹਿ ਦਿਓ ਕਿ ਜ਼ਰਾ ਟਿਕਾਓ ਵਿਚ ਆ ਕੇ ਸੁਣਨ। ਕਿਉਂਕਿ ਮੇਰਾ ਏਤਰਾਜ਼ ਕਾਫ਼ੀ ਲੰਮਾ ਹੈ।"

ਨਿਰਵਾਕ ਜਿਹੀ ਹਾਲਤ ਵਿਚ ਸਾਰੇ ਮੈਂਬਰ ਆਪੋ ਆਪਣੀਆਂ ਕੁਰਸੀਆਂ ਤੇ ਅਡੋਲ ਟਿਕ ਗਏ। ਹਰ ਇਕ ਦੀ ਨਜ਼ਰ ਕ੍ਰਿਸ਼ਨਾ ਦੇ ਚਿਹਰੇ ਉਤੇ, ਤੇ ਧਿਆਨ ਉਸ ਦੇ ਮੂੰਹੋਂ ਨਿਕਲਣ ਵਾਲੇ ਵਾਕਾਂ ਦੀ ਉਡੀਕ ਵਿਚ ਸੀ।

ਇਕ ਅਨੋਖੇ ਜਿਹੇ ਹੁਲਾਰੇ ਨਾਲ ਕ੍ਰਿਸ਼ਨਾ ਆਪਣੀ ਕੁਰਸੀ ਤੋਂ ਉਠੀ, ਤੇ ਖੜਿਆਂ ਹੋ ਕੇ ਉਸ ਨੇ ਸਾਰੇ ਸ੍ਰੋਤਿਆਂ ਵਲ ਆਪਣੀ ਚੁਸਤ ਨਜ਼ਰ ਫੇਰੀ। ਆਪਣੇ ਅੰਦਰ ਉਹ ਇਤਨੀ ਤਾਕਤ ਤੇ ਕਿਸੇ ਅਮੋੜ ਜਿਹੇ ਭਾਵ ਦਾ ਅਨੁਭਵ ਕਰ ਰਹੀ ਸੀ, ਜਿਵੇਂ ਇਹ ਸਤ ਅਠ ਨੌਜਵਾਨ — ਜਿਹੜੇ ਉਸ ਦੇ ਸਾਹਮਣੇ ਬੈਠੇ ਸਨ — ਮਿਟੀ ਦੇ ਮਾਧੋਆਂ ਤੋਂ ਵਧ ਕੁਝ ਨਹੀਂ। ਉਸਦੀ ਜ਼ਬਾਨ ਵਿਚ ਹਰਕਤ ਆਈ ਤੇ ਉਸ ਦੇ ਮੂੰਹੋਂ ਨਿਕਲੇ ਹੋਏ ਇਕ ਇਕ ਸ਼ਬਦ ਨੂੰ ਸਰੋਤਿਆਂ ਨੇ ਦਿਲ ਦੀਆਂ ਕੰਨੀਆਂ ਉਤੇ ਬੰਨ੍ਹਣਾ ਸ਼ੁਰੂ ਕੀਤਾ। ਉਹ ਬੋਲੀ — "ਮੇਰੇ ਵੀਰ ਸੁਦਰਸ਼ਨ ਜੀ ਨੇ ਪੁਛਿਆ ਸੀ ਕਿ ਉਨ੍ਹਾਂ ਦੇ ਦਸੇ ਹੋਏ ਪਰੋਗਰਾਮ ਉਤੇ ਕਿਸੇ ਨੂੰ ਕੋਈ ਏਤਰਾਜ਼ ਤਾਂ ਨਹੀਂ ? ਜਿਸ ਦੇ ਜਵਾਬ ਵਿਚ ਤੁਸਾਂ ਸਾਰਿਆਂ ਨੇ ਇਕ ਜ਼ਬਾਨ ਨਾਲ "ਨਹੀਂ" ਵਿਚ ਜਵਾਬ ਦਿਤਾ ਹੈ — ਸਿਰਫ਼ ਇਕ ਮੈਂ ਹੀ ਸਾਂ ਜਿਹੜੀ ਤੁਸਾਂ ਸਾਰਿਆਂ ਤੋਂ ਉਲਟ ਬੋਲੀ ਹਾਂ। ਇਸ ਵੇਲੇ ਤੁਸੀਂ ਮੈਥੋਂ ਉਸ ਏਤਰਾਜ਼ ਬਾਰੇ ਪੁੱਛਣਾ ਚਾਹੁੰਦੇ ਹੋ, ਤੇ ਮੈਂ ਜਵਾਬ ਦੇਣ ਲਈ ਤੁਹਾਡੇ ਸਾਹਮਣੇ ਖੜੀ ਹਾਂ। ਪਰ ਜਵਾਬ ਸੁਣਨ ਤੋਂ ਪਹਿਲਾਂ ਕੀ ਤੁਸੀਂ ਮੈਨੂੰ ਇਕ ਸਵਾਲ ਕਰਨ ਦੀ ਇਜਾਜ਼ਤ ਦਿਓਗੇ ?"

ਸਭ ਨੇ ਹਿਮਾਇਤ ਵਿਚ ਸਿਰ ਹਿਲਾਏ।

"ਮੈਂ ਤੁਸਾਂ ਸਾਰਿਆਂ ਪਾਸੋਂ ਪੁੱਛਦੀ ਹਾਂ।" ਕ੍ਰਿਸ਼ਨਾ ਦੀਆਂ ਅੱਖਾਂ ਦਾ ਤੇਜ਼ ਦੂਜਾ ਚੌਣਾ ਹੋ ਉਠਿਆ — "ਕਿ ਇਹ ਜੋ ਕੁਝ ਤੁਸੀਂ ਲੋਕ ਕਰ ਰਹੇ ਤੇ ਕਰਨ ਦੀਆਂ ਤਿਆਰੀਆਂ ਵਿਚ ਲਗੇ ਹੋਏ ਹੋ, ਇਹ ਸਿਰਫ਼ ਆਪਣੀ ਹੀ ਮਰਜ਼ੀ ਨਾਲ ਕਰ ਰਹੇ ਹੋ ਜਾਂ ਕਿਸੇ ਆਪਣੇ ਕੌਮੀ ਲੀਡਰ ਦੀ ਇਜਾਜ਼ਤ ਨਾਲ ?" ਤੇ ਜਵਾਬ ਲੈਣ ਲਈ ਕ੍ਰਿਸ਼ਨਾ ਨੇ ਇਕ ਵਾਰੀ ਸਾਰਿਆਂ ਉਤੇ ਨਜ਼ਰ ਫੇਰੀ।

ਸੁਦਰਸ਼ਨ, ਜਿਹੜਾ ਗੁੱਸੇ ਨਾਲ ਤਿਲਮਲਾ ਰਿਹਾ ਸੀ, ਆਪਣੇ ਆਪ ਨੂੰ ਜ਼ਬਤ ਵਿਚ ਰਖਦਾ ਹੋਇਆ ਬੋਲਿਆ — "ਸਾਨੂੰ ਨਾ ਸਿਰਫ਼ ਆਪਣੇ ਕੌਮੀ ਲੀਡਰਾਂ ਦੀ ਜ਼ਬਾਨੀ, ਜ਼ਬਾਨੀ ਹੀ ਹਿਮਾਇਤ ਹਾਸਲ ਹੈ, ਬਲਕਿ ਸਾਡੇ ਇਸ ਪਰੋਗਰਾਮ ਵਿਚ ਹਰ ਤਰ੍ਹਾਂ ਦੀ ਮਾਲੀ ਤੇ ਮੈਟੀਰੀਅਲ ਵਗੈਰਾ ਦੀ ਮਦਦ ਵੀ ਸਾਨੂੰ ਉਨ੍ਹਾਂ ਪਾਸੋਂ ਮਿਲਦੀ ਹੈ। ਮੈਨੂੰ ਇਸ ਗਲ ਦਾ ਅਫ਼ਸੋਸ ਹੈ ਕਿ ਕ੍ਰਿਸ਼ਨਾ ਜੀ ਨੇ ਸਾਡੇ ਉਸਾਰੂ ਕੰਮ ਨੂੰ ਸ਼ੱਕ ਦੀਆਂ ਨਜ਼ਰਾਂ ਨਾਲ ਤੱਕਿਆ ਹੈ। ਉਨ੍ਹਾਂ ਨੂੰ ਚਾਹੀਦਾ ਸੀ ਕਿ ਮੈਂਬਰ ਬਣਨ ਤੋਂ ਪਹਿਲਾਂ ਹੀ ਇਹੋ ਜਿਹੇ ਸ਼ਕ ਰਫ਼ਾ ਕਰ ਲੈਂਦੇ। ਕਿਸੇ ਵੀ ਸੋਸਾਇਟੀ ਦੇ ਰੂਲਜ਼ ਐਲਾਉ ਨਹੀਂ ਕਰਦੇ ਕਿ ਕੋਈ ਮੈਂਬਰ, ਮੈਂਬਰ ਹੁੰਦਾ ਹੋਇਆ ਉਸ ਦੇ ਬੁਨਿਆਦੀ ਅਸੂਲਾਂ ਉਤੇ ਸ਼ੱਕ ਕਰੇ।"

ਸੁਦਰਸ਼ਨ ਦਾ ਖ਼ਿਆਲ ਸੀ ਕਿ ਉਸ ਦੀ ਤਾੜਨਾ ਤੋਂ ਘਬਰਾ ਕੇ ਕ੍ਰਿਸ਼ਨਾ ਦੀ ਤੇਜ਼ੀ ਮਠੀ ਪੈ ਜਾਏਗੀ। ਪਰ ਇਹ ਨਹੀਂ ਹੋਇਆ। ਦੂਜਾ ਸੁਦਰਸ਼ਨ ਦੀ ਇਹ ਵੀ ਚਾਹ ਤੇ ਆਸ਼ਾ ਸੀ

ਕਿ ਉਸ ਦੀ ਹਿਮਾਇਤ ਵਿਚ ਲਗ ਪਗ ਸਾਰੇ ਮੈਂਬਰ ਕੁਝ ਨਾ ਕੁਝ ਕਹਿਣਗੇ। ਪਰ ਇਹ ਪੂਰੀ ਤਰ੍ਹਾਂ ਪੂਰੀ ਨਹੀ ਹੋਈ — ਇਸ ਵਿਚ ਸ਼ੱਕ ਨਹੀ ਕਿ ਕ੍ਰਿਸ਼ਨਾ ਦੀ ਨੁਕਤਾਚੀਨੀ ਨੂੰ ਬਹੁਤ ਹਦ ਤੀਕ ਨਾ ਪਸੰਦ ਕੀਤਾ ਗਿਆ। ਪਰ ਇਕ ਵਾਰੀ ਕ੍ਰਿਸ਼ਨਾ ਦੇ ਖ਼ਿਆਲਾਂ ਦਾ ਸਮੁਚਾ ਭਾਵ ਸਮਝ ਲਿਆ ਜਾਵੇ, ਇਸੇ ਚਾਹ ਅਨੁਸਾਰ ਸਾਰੇ ਮੈਂਬਰ ਇਸ ਵੇਲੇ ਕ੍ਰਿਸ਼ਨਾ ਦੀ ਪੂਰੀ ਤਕਰੀਰ ਸੁਣਨ ਦੇ ਹੱਕ ਵਿਚ ਸਨ।

"ਤੁਸੀਂ ਭੁਲਦੇ ਹੋ ਵੀਰ !" ਕ੍ਰਿਸ਼ਨਾ ਉਸੇ ਦਬਦਬੇ ਭਰੇ ਰੰਗ ਵਿਚ ਬੋਲੀ — "ਮੈਂ ਤੁਹਾਡੇ ਕੰਮਾਂ ਨੂੰ ਸਿਰਫ਼ ਸ਼ੱਕ ਦੀ ਹੀ ਨਜ਼ਰ ਨਾਲ ਨਹੀਂ ਤਕਿਆ, ਬਲਕਿ ਸਚੀ ਗਲ ਜੇ ਮੈਨੂੰ ਪੁੱਛਦੇ ਹੋ ਤਾਂ ਮੈਂ ਤੁਹਾਡੇ ਕੰਮਾਂ ਨੂੰ — ਜਿਨ੍ਹਾਂ ਨੂੰ ਤੁਸੀਂ 'ਉਸਾਰੂ' ਕਹਿ ਰਹੇ ਹੋ, ਨਫ਼ਰਤ ਨਾਲ ਤੱਕਦੀ ਹਾਂ। ਮੈਂ ਜਾਣਦੀ ਹਾਂ ਕਿ ਇਸ ਵਕਤ ਜੋ ਕੁਝ ਮੈਂ ਕਹਿਣ ਲਗੀ ਹਾਂ, ਇਸ ਦੇ ਨਤੀਜੇ ਦੇ ਤੌਰ ਤੇ ਸ਼ਾਇਦ ਤੁਸੀਂ ਸਾਰੇ ਹੀ ਮੈਥੋਂ ਮੁਤਨਫ਼ਰ ਹੋ ਜਾਓ, ਪਰ ਇਹ ਸਮਝਦੀ ਹੋਈ ਵੀ ਮੈਂ ਆਪਣੇ ਦਿਲ ਦੀ ਕੋਈ ਗਲ ਤੁਹਾਡੇ ਪਾਸੋਂ ਲੁਕਾਵਾਂਗੀ ਨਹੀਂ। ਤੁਸੀਂ ਹਜ਼ਾਰ ਵਾਰੀ ਮੈਨੂੰ ਨਫ਼ਰਤ ਕਰੋ, ਆਪਣੀ ਦੁਸ਼ਮਨ ਸਮਝ ਕੇ ਮੈਨੂੰ ਕਤਲ ਕਰ ਦਿਓ, ਮੇਰੀ ਬੋਟੀ ਬੋਟੀ ਵੰਡ ਲਓ। ਪਰ ਜੋ ਕੁਝ ਕਹਿਣ ਲਈ ਮੈਂ ਇਸ ਵੇਲੇ ਤੁਹਾਡੇ ਸਾਹਮਣੇ ਖੜ੍ਹੀ ਹੋਈ ਹਾਂ, ਉਹ ਸਾਰਾ ਇਕ ਵਾਰੀ ਮੈਨੂੰ ਕਹਿ ਲੈਣ ਦਿਓ। ਫਿਰ ਤੁਸੀਂ ਜਿਸ ਸਜ਼ਾ ਦੀ ਮੁਰਤਕਿਬ ਮੈਨੂੰ ਸਮਝੋਗੇ, ਦੇ ਦੇਣੀ।"

ਸੁਣਨ ਵਾਲਿਆਂ ਵਿਚ ਖਲਬਲੀ ਜਿਹੀ ਮਚ ਗਈ। ਅੱਖਾਂ ਚੜ੍ਹ ਗਈਆਂ, ਦੰਦ ਕਰੀਚੇ ਜਾਣ ਲਗੇ ਤੇ ਮੁਠਾਂ ਮੀਟੀਆਂ ਜਾਣ ਲਗੀਆਂ। ਕੁੜੀ ਦੀ ਇਤਨੀ ਗੁਸਤਾਖ਼ੀ ਤੇ ਦੀਦਾ ਦਲੇਰੀ ਵੇਖ ਕੇ ਨੌਜਵਾਨਾਂ ਦਾ ਖ਼ੂਨ ਉਬਾਲੇ ਖਾਣ ਲਗਾ। ਵੇਖਣ ਤੋਂ ਇਹੋ ਜਾਪਦਾ ਸੀ ਕਿ ਕ੍ਰਿਸ਼ਨਾ ਦੀ ਕਹੀ ਹੋਈ 'ਬੋਟੀ ਬੋਟੀ ਵੰਡਣ' ਵਾਲੀ ਗਲ ਅੱਖ ਦੇ ਫੋਰ ਵਿਚ ਹੀ ਅਮਲੀ ਰੂਪ ਧਾਰਨ ਕਰ ਜਾਵੇਗੀ, ਪਰ ਇਹ ਨਹੀਂ ਹੋਇਆ। ਕ੍ਰਿਸ਼ਨਾ ਦੀਆਂ ਅੱਖਾਂ ਵਿਚ ਸਚਮੁਚ ਕੋਈ ਹਿਪਨੋਟਿਜ਼ਮ ਦੀ ਕਸ਼ਸ਼ ਸੀ, ਜਿਸ ਨੇ ਕਿਸੇ ਨੂੰ ਵੀ ਕੁਝ ਕਰਨ ਨਹੀਂ ਦਿਤਾ। ਉਹ ਬੋਲਣਾ ਚਾਹੁੰਦੇ ਹੋਏ ਵੀ ਬੋਲ ਨਹੀਂ ਸਨ ਸਕਦੇ — ਹਿੱਲਣਾ ਚਾਹੁੰਦੇ ਹੋਏ ਵੀ ਹਿਲ ਨਹੀ ਸਨ ਸਕਦੇ — ਮਾਰਨਾ ਚਾਹੁੰਦੇ ਹੋਏ ਵੀ ਮਾਰ ਨਹੀਂ ਸਨ ਸਕਦੇ।

ਕ੍ਰਿਸ਼ਨਾ ਰੁਕੀ ਨਹੀ — ਇਤਨੀ ਬਹੁਤਾਤ ਵਿਚ ਵਿਰੋਧੀ ਭਾਵ ਤਕ ਕੇ ਵੀ ਡਰੀ ਨਹੀ, ਤੇ ਬੋਲਦੀ ਗਈ — "ਮੈਂ ਬਿਲਕੁਲ ਸਾਫ਼ ਲਫ਼ਜ਼ਾਂ ਵਿਚ ਕਹਿ ਦੇਣਾ ਚਾਹੁੰਦੀ ਹਾਂ ਕਿ ਤੁਹਾਡੇ ਕੌਮੀ ਜਾਂ ਮਜ਼ਹਬੀ ਲੀਡਰ, ਜਿਹੜੇ ਇਹਨਾਂ ਕੰਮਾਂ ਵਿਚ ਤੁਹਾਡੀ ਮਦਦ ਕਰ ਰਹੇ ਹਨ ਉਹ 'ਲੀਡਰ' ਕਹਿਲਾਣ ਦੇ ਬਿਲਕੁਲ ਹੱਕਦਾਰ ਨਹੀਂ, ਉਹ ਬੁਜ਼ਦਿਲ ਨੇ, ਕਾਇਰ ਨੇ, ਤੇ ਆਪਣੀਆਂ ਮਜ਼ਹਬੀ ਰਵਾਇਤਾਂ ਤੋਂ ਖਿਲਾਫ਼ ਜਾ ਰਹੇ ਨੇ।"

ਸਰੋਤਿਆਂ ਵਿਚ ਇਕ ਬੇ ਆਰਾਮ ਜਿਹੀ — ਤਲਖ਼ ਤੇ ਬਦ ਗੁਮਾਨੀ ਭਰੀ ਖਲਬਲੀ ਮਚੀ ਹੋਈ ਸੀ। ਇਕ ਦੂਜੇ ਦੇ ਕੰਨਾਂ ਨਾਲ ਮੂੰਹ ਜੋੜ ਜੋੜ ਕੇ ਸਾਰੇ ਹੀ ਘੁਸਰ ਮੁਸਰ ਕਰ ਰਹੇ ਸਨ। ਖ਼ਾਸ ਤੌਰ ਤੇ ਸੁਦਰਸ਼ਨ ਤਾਂ ਆਪਣੀ ਪਾਰਟੀ ਵਿਚ ਇਸ ਬਾਗ਼ੀ ਕੁੜੀ ਦੀ ਹੋਂਦ ਨੂੰ ਵੇਖ ਕੇ ਇਸ ਤਰ੍ਹਾਂ ਕਚੀਚੀਆਂ ਵੱਟ ਰਿਹਾ ਸੀ, ਜਿਵੇਂ ਕੀੜੀ ਵਾਂਗ ਉਸ ਨੂੰ ਚੁਟਕੀ ਵਿਚ ਮਸਲ ਕੇ ਸੁਟ ਦੇਣਾ ਚਾਹੁੰਦਾ ਹੋਵੇ। ਸਭ ਤੋਂ ਬਹੁਤਾ ਗੁੱਸਾ ਉਸਨੂੰ ਸਤਨਾਮ ਉਤੇ ਸੀ ਜਿਸਦੀ ਸਿਫ਼ਾਰਸ਼ ਨਾਲ ਉਸਨੇ ਕ੍ਰਿਸ਼ਨਾ ਦਾ ਦਾਖ਼ਲਾ ਪਰਵਾਨ ਕੀਤਾ ਸੀ। ਸਤਨਾਮ ਨੂੰ ਪਹਿਲਾਂ ਹੀ ਉਹ ਬਹੁਤਾ ਪਸੰਦ ਨਹੀਂ ਸੀ ਕਰਦਾ, ਪਰ ਇਤਿਹਾਦ ਸਭਾ ਦੇ ਟੁੱਟਣ ਤੋਂ ਬਾਅਦ ਜਦ ਉਸਨੇ ਮਹਿਸੂਸ ਕੀਤਾ ਕਿ ਸਤਨਾਮ ਵਰਗਾ ਅਸਰ ਰਸੂਖ ਵਾਲਾ ਨੌਜਵਾਨ ਉਸ ਦੀ ਪਾਰਟੀ ਵਿਚ ਆ ਕੇ ਬੜਾ ਕੰਮ ਦੇਵੇਗਾ, ਤਾਂ ਉਸ ਨੇ ਕਾਫ਼ੀ ਜ਼ੋਰ ਜ਼ਾਬਤਾ ਪਾ ਕੇ ਉਸ ਨੂੰ ਸ਼ਾਮਲ ਕਰ ਲਿਆ ਸੀ। ਪਰ ਇਸ ਵੇਲੇ ਉਸ ਦੀਆਂ ਅੱਖਾਂ ਸਾਹਵੇਂ ਜੋ ਕੁਝ ਹੋ ਰਿਹਾ ਸੀ, ਇਸ ਨੇ ਸਤਨਾਮ

ਤੇ ਨਾਲ ਹੀ ਕ੍ਰਿਸ਼ਨਾ ਦੇ ਵਿਰੁਧ ਨਫ਼ਰਤ ਦਾ ਨਵਾਂ ਹੜ੍ਹ ਉਸ ਦੇ ਅੰਦਰ ਲਿਐਣਾ ਸ਼ੁਰੂ ਕਰ ਦਿਤਾ।

ਕ੍ਰਿਸ਼ਨਾ ਦੇ ਉਪਰੋਕਤ ਕਥਨ ਦਾ ਉੱਤਰ ਸੁਦਰਸ਼ਨ ਨੇਂ ਇਹਨਾਂ ਸ਼ਬਦਾਂ ਵਿਚ ਦਿਤਾ: 'ਸਾਡੇ ਲੀਡਰ ਇਤਨੇ ਬੁਧੂ ਨਹੀਂ ਕਿ ਆਪਣੀਆਂ ਕੌਮੀ ਰਵਾਇਤਾਂ ਨੂੰ ਨਾ ਸਮਝਦੇ ਹੋਣ। ਮੈਂ ਪੁਛਦਾ ਹਾਂ, ਬੀਬੀ ਕ੍ਰਿਸ਼ਨਾ ਜੀ ਦਾ ਕੀ ਹੱਕ ਹੈ ਸਾਡੇ ਅਤੇ ਸਾਡੇ ਲੀਡਰਾਂ ਦੇ ਕੰਮਾਂ ਉਤੇ ਇਹੋ ਜਿਹੀ ਟੀਕਾ ਟਿਪਣੀ ਕਰਨ ਦਾ, ਜਦ ਕਿ ਅਸੀਂ ਖੁਦ ਆਪਣੀ ਹਰ ਇਕ ਜ਼ਿਮੇਂਵਾਰੀ ਨੂੰ ਚੰਗੀ ਤਰ੍ਹਾਂ ਸਮਝਦੇ ਹਾਂ।"

'ਹੇਅਰ — ਹੇਅਰ !" ਕਹਿ ਕੇ ਕਈਆਂ ਮੈਂਬਰਾਂ ਵਲੋਂ ਸੁਦਰਸ਼ਨ ਦੀ ਪੁਸ਼ਟੀ ਕੀਤੀ ਗਈ। ਜਿਸ ਤੋਂ ਲਭਦਾ ਸੀ ਕਿ ਕ੍ਰਿਸ਼ਨਾ ਦਾ ਇਹ ਬੇਸੁਰਾ ਰਾਗ ਬਹੁਤਿਆਂ ਨੂੰ ਨਹੀਂ ਸੁਖਾਇਆ। ਪਰ ਕ੍ਰਿਸ਼ਨਾ ਇਸ ਰਵਈਏ ਤੋਂ ਨਿਰਾਸ਼ ਨਹੀਂ ਹੋਈ। ਉਸ ਨੇ ਉਸੇ ਲਹਿਜੇ ਵਿਚ ਜਵਾਬ ਦਿਤਾ — 'ਚਲੋ .ਮੈਂ ਮੰਨ ਲੈਂਦੀ ਹਾਂ ਕਿ ਤੁਸੀਂ ਸਾਰੇ ਹੀ ਬੜੇ ਸਿਆਣੇ ਤੇ ਦੂਰਅੰਦੇਸ਼ ਹੋ, ਤੇ ਤੁਹਾਡੇ ਲੀਡਰ ਵੀ। ਪਰ ਮੇਰੇ ਵੀਰ ਸੁਦਰਸ਼ਨ ਜੀ ਨੇ ਜੇਹੜੀ ਦੂਸਰੀ ਗਲ ਕਹੀ ਹੈ ਕਿ ਮੈਨੂੰ ਤੁਹਾਡੇ ਉਤੇ ਟੀਕਾ ਟਿਪਣੀ ਕਰਨ ਦਾ ਕੋਈ ਹੱਕ ਨਹੀਂ, ਜਿਸ ਦੇ ਜਵਾਬ ਵਿਚ ਮੈਂ ਬੜੇ ਅਦਬ ਨਾਲ ਕਹਿਣਾ ਚਾਹੁੰਦੀ ਹਾਂ ਕਿ ਇਹ ਕਰਨ ਦਾ ਮੇਰਾ ਪੂਰਾ ਹੱਕ ਹੈ।"

ਇਕ ਹੋਰ ਅਵਾਜ਼ ਆਈ — "ਕੀ ਮੈਂ ਪੁਛ ਸਕਦਾ ਹਾਂ ਕਿ ਇਹ ਹੱਕ ਤੁਹਾਨੂੰ ਕਿਥੋਂ ਤੇ ਕਿਵੇਂ ਹਾਸਲ ਹੋਇਆ ?"

"ਬੇਸ਼ਕ" ਕ੍ਰਿਸ਼ਨਾ ਬੋਲੀ — "ਤੁਸੀਂ ਪੁਛ ਸਕਦੇ ਹੋ, ਤੇ ਮੈਂ ਦਸ ਸਕਦੀ ਹਾਂ। ਪਰ ਸੁਣਨ ਲਈ ਤੁਹਾਨੂੰ ਜ਼ਰਾ ਠਰ੍ਹੰਮੇਂ ਤੋਂ ਕੰਮ ਲੈਣਾ ਪਵੇਗਾ।" ਬੋਲਦੀ ਬੋਲਦੀ ਕ੍ਰਿਸ਼ਨਾ ਜ਼ਰਾ ਕੁ ਰੁਕੀ, ਤੇ ਉਸ ਨੇ ਜਦ ਨੌਜਵਾਨਾਂ ਵਲ ਤਕ ਕੇ ਅਨੁਮਾਨ ਲਾ ਲਿਆ ਕਿ ਉਹ ਸਾਰੇ ਹੀ ਇਸ ਹੱਕ ਪ੍ਰਾਪਤੀ ਬਾਰੇ ਸੁਣਨ ਲਈ ਬੇਕਰਾਰ ਹਨ, ਤਾਂ ਉਸ ਨੇ ਕਹਿਣਾ ਸ਼ੁਰੂ ਕੀਤਾ — "ਆਪਣੇ ਵੀਰ ਦੀ ਇਸ ਗਲ ਦਾ ਜਵਾਬ, ਕਿ ਮੈਂ ਇਹ ਹੱਕ ਕਿਥੋਂ ਤੇ ਕਦੋਂ ਹਾਸਲ ਕੀਤਾ — ਦੇਣ ਤੋਂ ਪਹਿਲਾਂ ਮੈਂ ਇਕ ਛੋਟਾ ਜਿਹਾ ਵਾਕਿਆ ਤੁਹਾਨੂੰ ਸੁਣਾਨਾ ਚਾਹੁੰਦੀ ਹਾਂ, ਕੀ ਤੁਸੀਂ ਸੁਣੋਗੇ ?"

"ਜ਼ਰੂਰ ਸੁਣਾਗੇ — ਸੁਣਾਓ" ਕਈ ਅਵਾਜ਼ਾਂ ਆਈਆਂ।

ਕ੍ਰਿਸ਼ਨਾ ਨੇ ਸੁਣਾਨਾ ਸ਼ੁਰੂ ਕੀਤਾ:—

"ਪੋਠੋਹਾਰ ਵਿਚ ਸੁਹਾਂ ਦੇ ਕੰਢੇ ਇਕ ਛੋਟਾ ਜਿਹਾ ਪਿੰਡ ਸੀ, ਜਿਸ ਵਿਚ ਦੋ ਖ਼ਾਨਦਾਨ ਇਕੱਠੇ ਰਹਿੰਦੇ ਸਨ — ਇਕ ਹਿੰਦੂ ਖ਼ਾਨਦਾਨ ਤੇ ਦੂਜਾ ਮੁਸਲਮਾਨ। ਦੁਹਾਂ ਖ਼ਾਨਦਾਨਾਂ ਦਾ ਆਪੋ ਵਿਚ ਇੰਨਾ ਪਿਆਰ ਸੀ ਕਿ ਰੋਟੀ ਦੀ ਗਰਾਹੀ ਤੇ ਪਾਣੀ ਦਾ ਘੁਟ ਉਨ੍ਹਾਂ ਦਾ ਸਾਂਝਾ ਸੀ। ਮੁਸਲਮਾਨ ਕੁਨਬੇ ਵਿਚ ਇਕ ਕੁੜੀ ਸੀ, ਕਰੀਬਨ ਮੇਰੇ ਹਾਣ ਦੀ, ਜਿਸ ਦਾ ਨਾਂ ਸੀ ਨਸੀਮ, ਤੇ ਉਸ ਦੇ ਭਰਾ ਦਾ ਨਾਂ ਸੀ 'ਅਜ਼ੀਜ਼'।

"ਬਚਪਨ ਵਿਚ ਹੀ ਦੁਹਾਂ ਭੈਣ ਭਰਾਵਾਂ ਦੇ ਸਿਰ ਤੋਂ ਪਿਉ ਦਾ ਸਾਇਆ ਉਠ ਗਿਆ। ਜਿਸ ਕਰ ਕੇ ਉਹ ਦੋਵੇਂ, ਤੇ ਉਨ੍ਹਾਂ ਦੀ ਮਾਂ, ਤਿੰਨਾਂ ਦੀ ਹੀ ਪਰਵਰਿਸ਼ ਉਸ ਹਿੰਦੂ ਖ਼ਾਨਦਾਨ ਨੇ ਕੀਤੀ। ਦੁਹਾਂ ਬੱਚਿਆਂ ਨੂੰ ਉਸ ਕੁਨਬੇ ਦੇ ਇਕ ਬਜ਼ੁਰਗ ਨੇ ਆਪਣੀ ਔਲਾਦ ਵਾਂਗ ਪਾਲਿਆ ਤੇ ਪੜ੍ਹਾਇਆ। ਇਥੋਂ ਤਕ ਕਿ ਦੁਹਾਂ ਦੇ ਵਿਆਹ ਸ਼ਾਦੀਆਂ ਦੀ ਜ਼ਿਮੇਂਵਾਰੀ ਵੀ ਉਸ ਨੇ ਆਪਣੇ ਸਿਰ ਤੇ ਚੁਕ ਲਈ।

"ਪਿਛਲੇ ਦਿਨੀਂ ਪੋਠੋਹਾਰ ਵਿਚ ਫ਼ਸਾਦ ਸ਼ੁਰੂ ਹੋਏ ਤੇ ਨਸੀਮ ਦਾ ਉਹ ਸਰਪ੍ਰੱਸਤ ਕੁਨਬਾ ਵੀ ਹਿਜਰਤ ਕਰਨ ਲਈ ਤਿਆਰ ਹੋ ਪਿਆ। ਨਸੀਮ ਤੇ ਅਜ਼ੀਜ਼ ਲਈ ਬੜੀ ਮੁਸ਼ਕਲ ਬਣ ਗਈ, ਕਿ ਜਿਨ੍ਹਾਂ ਦੇ ਸਾਏ ਹੇਠ ਉਨ੍ਹਾਂ ਨੇ ਮਾਪਿਆਂ ਤੋਂ ਵੀ ਜ਼ਿਆਦਾ ਪਿਆਰ ਮਾਣਿਆ ਸੀ,

ਓਹੀ ਉਨ੍ਹਾਂ ਨੂੰ ਛਡ ਕੇ ਜਾ ਰਹੇ ਸਨ। ਅਖ਼ੀਰ ਦੁਹਾਂ ਭੈਣ ਭਰਾਵਾਂ ਨੇ, ਤੇ ਨਾਲ ਉਨ੍ਹਾਂ ਦੀ ਬੀਮਾਰ ਮਾਂ ਨੇ ਫ਼ੈਸਲਾ ਕਰ ਲਿਆ ਕਿ ਜਦ ਤੀਕ ਮੌਤ ਨਹੀਂ ਨਿਖੇੜ ਦੇਂਦੀ, ਇਹ ਤਿੰਨੇ ਜੀ ਆਪਣੇ ਸਰਪ੍ਰੱਸਤਾਂ ਤੋਂ ਵਖ ਨਹੀਂ ਹੋਣਗੇ। ਬੜੀਆਂ ਬਹਿਸਾਂ ਹੋਈਆਂ, ਪਿੰਡ ਦੇ ਮੁਸਲਮਾਨਾਂ ਨੇ ਬੜਾ ਬੜਾ ਸਮਝਾਇਆ ਕਿ — ਉਨ੍ਹਾਂ ਨੂੰ ਤਾਂ ਮੁਸੀਬਤ ਪਈ ਹੈ, ਤੇ ਉਹ ਨੱਸ ਰਹੇ ਨੇ, ਪਰ ਤੁਹਾਨੂੰ ਕਿਧਰ ਦੀ ਭਾਜੜ ਪੈ ਗਈ ਹੈ। ਤੁਸੀਂ ਉਨ੍ਹਾਂ ਨੂੰ ਜਾਣ ਦਿਓ, ਤੇ ਆਪਣੇ ਘਰ ਵਿਚ ਵਸੋ ਰਸੋ। ਪਰ ਨਾ ਭੈਣ ਨੇ ਕਿਸੇ ਦੀ ਗਲ ਸੁਣੀ ਨਾ ਭਰਾ ਨੇ। ਅਖ਼ੀਰ ਉਹ ਦੋਵੇਂ ਉਸ ਵੇਲੇ ਆਪਣੇ ਮਹਾਜਰੀਨ ਕੁਨਬੇ ਨਾਲ ਨਿਕਲ ਟੁਰੇ, ਜਦ ਉਨ੍ਹਾਂ ਦੀ ਮਾਂ ਮੌਤ ਦੇ ਮੂੰਹ ਵਿਚ ਲਟਕ ਰਹੀ ਸੀ। ਨਤੀਜਾ ਇਹ ਹੋਇਆ ਕਿ ਇਧਰ ਮਹਾਜਰੀਨ ਨੇ ਕੂਚ ਕੀਤਾ, ਤੇ ਉਧਰ ਉਨ੍ਹਾਂ ਦੀ ਮਾਂ ਦੀ ਮੌਤ ਹੋ ਗਈ। ਲੋਕਾਂ ਨੇ ਇਕ ਵਾਰੀ ਫਿਰ ਰੋਕਣ ਦੀ ਕੋਸ਼ਸ਼ ਕੀਤੀ ਕਿ ਤੁਸੀਂ ਆਪਣੀ ਮਾਂ ਦਾ ਜਨਾਜ਼ਾ ਤਾਂ ਪੜ੍ਹ ਕੇ ਜਾਓ ਪਰ ਉਹ ਕੀ ਕਰਦੇ, ਜਦ ਕਿ ਵਕਤ ਬੜਾ ਤੰਗ ਸੀ।

"ਫੇਕੜ ਅਜ਼ੀਜ਼ ਤੇ ਨਸੀਮ ਦਾ ਸਾਥ ਵੀ ਉਸ ਬਦਨਸੀਬ ਕੁਨਬੇ ਨੂੰ ਬਚਾਅ ਨਾ ਸਕਿਆ। ਰਸਤੇ ਵਿਚ ਮੁਸਲਮਾਨਾਂ ਦੇ ਇਕ ਹਜੂਮ ਨੇ ਸਿਵਾਇ ਉਸ ਬੁਢੇ ਬਜ਼ੁਰਗ ਤੋਂ ਬਾਕੀ ਸਭ ਨੂੰ ਕਤਲ ਕਰ ਦਿਤਾ ਜਾਂ ਅਗਵਾ ਕਰ ਲਿਆ। ਨਸੀਮ ਦਾ ਭਰਾ ਅਜ਼ੀਜ਼ ਉਨ੍ਹਾਂ ਨੂੰ ਬਚਾਂਦਾ ਬਚਾਂਦਾ ਮਾਰਿਆ ਗਿਆ। ਅਜ਼ੀਜ਼ ਦੇ ਕਈ ਹੋਰ ਮੁਸਲਮਾਨ ਸਾਥੀ ਵੀ ਮਾਰੇ ਗਏ, ਜਿਹੜੇ ਉਸ ਕੁਨਬੇ ਦੀ ਰਾਖੀ ਲਈ ਪਿੰਡੋਂ ਨਾਲ ਟੁਰੇ ਸਨ। ਮੁਕਦੀ ਗਲ ਕਿ ਦੋਵੇਂ ਖ਼ਾਨਦਾਨ ਖ਼ਤਮ ਹੋ ਗਏ। ਹਿੰਦੂ ਖ਼ਾਨਦਾਨ ਵਿਚੋਂ ਸਿਰਫ਼ ਉਹ ਬਜ਼ੁਰਗ ਬਚਿਆ, ਤੇ ਮੁਸਲਿਮ ਕੁਨਬੇ 'ਚੋਂ ਨਸੀਮ।

"ਵਿਚਾਰਾ ਬਦਨਸੀਬ ਬਜ਼ੁਰਗ, ਜਿਸ ਨੂੰ ਅੱਖਾਂ ਕਰੀਬਨ ਪਹਿਲਾਂ ਤੋਂ ਹੀ ਜਵਾਬ ਦੇ ਗਈਆਂ ਸਨ, ਉਸ ਪਾਸ ਜੇ ਕੋਈ ਡੰਗੋਰੀ ਬਾਕੀ ਰਹਿ ਗਈ ਤਾਂ ਓਹੀ ਨਸੀਮ। ਸੋ ਉਸੇ ਦੇ ਮੋਢੇ ਦਾ ਆਸਰਾ ਲੈ ਕੇ ਉਹ ਜੰਗਲਾਂ ਬੀਆਬਾਨਾਂ ਨੂੰ ਗ਼ਾਗਦਾ ਤੇ ਲੁਕਦਾ ਛਿਪਦਾ ਅਖ਼ੀਰ ਕਿਸੇ ਤਰ੍ਹਾਂ ਚੰਕਵਾਲ ਕੈਂਪ ਵਿਚ ਪਹੁੰਚ ਗਿਆ। ਜਿਥੇ ਉਨ੍ਹਾਂ ਦੁਹਾਂ ਨੂੰ ਕਈ ਦਿਨ ਠਹਿਰਨਾ ਪਿਆ।

"ਉਨ੍ਹਾਂ ਦਿਨਾਂ ਵਿਚ ਬਾਬੇ ਨੇ ਉਸ ਲੜਕੀ ਨੂੰ ਕਈ ਤਰ੍ਹਾਂ ਦੀ ਰੂਹਾਨੀ, ਅਖ਼ਲਾਕੀ ਤੇ ਦੁਨਿਆਵੀ ਤਾਲੀਮ ਨਾਲ ਮਾਲਾ ਮਾਲ ਕਰ ਦਿਤਾ। ਮੇਰਾ ਮਤਲਬ ਹੈ ਕਿ ਆਪਣੀ ਸੱਤਰ ਸਾਲਾ ਜ਼ਿੰਦਗੀ ਦੇ ਤਜਰਬਿਆਂ ਦਾ ਜਿੰਨਾ ਵੀ ਜ਼ਖ਼ੀਰਾ ਉਸ ਪਾਸ ਸੀ, ਉਹ ਸਾਰਾ ਹੀ ਉਸ ਨੇ ਥੋੜੇ ਦਿਨਾ ਵਿਚ ਨਸੀਮ ਦੀ ਜ਼ਿੰਦਗੀ ਵਿਚ ਭਰ ਦਿਤਾ। ਉਨ੍ਹੀਂ ਦਿਨੀਂ ਅਕਸਰ ਉਹ ਨਸੀਮ ਨੂੰ ਕਹਿੰਦਾ ਸੀ — "ਬੇਟਾ ! ਦਿਲ ਵਿਚ ਬੜੀਆਂ ਉਮੰਗਾਂ ਸਨ ਕਿ ਤੇਰਾ ਵਿਆਹ ਕਰਾਂਗਾ, ਦਾਜ ਵਿਚ ਤੈਨੂੰ ਔਹ ਦਿਆਂਗਾ, ਉਹ ਦਿਆਂਗਾ। ਪਰ ਕਿਸਮਤ ਨੇ ਸਭ ਕੁਝ ਖੋਹ ਲਿਆ ਹੈ, ਤੈਨੂੰ ਦੇਣ ਲਈ ਹੁਣ ਮੇਰੇ ਕੋਲ ਸਿਵਾਇ ਅਸੀਸਾਂ ਤੋਂ ਹੋਰ ਕੁਝ ਨਹੀਂ, ਤੇ ਜਾਂ ਇਹ ਮੇਰੀ ਜ਼ਿੰਦਗੀ ਦੇ ਤਜਰਬੇ... ..."

ਬੋਲਦਿਆਂ ਬੋਲਦਿਆਂ ਕ੍ਰਿਸ਼ਨਾ ਨੇ ਇਕ ਵਾਰੀ ਸਰੋਤਿਆਂ ਵਲ ਤਕਿਆ। ਹੁਣੇ ਹੁਣੇ ਜਿਹੜੀ ਤਲਖ਼ੀ ਉਨ੍ਹਾਂ ਦੇ ਚਿਹਰਿਆਂ ਤੇ ਤਮਤਮਾ ਰਹੀ ਸੀ, ਉਹ ਛੁਟ ਸੁਦਰਸ਼ਨ ਤੋਂ ਹੋਰ ਕਿਸੇ ਚਿਹਰੇ ਉਤੇ ਉਸ ਨੂੰ ਦਿਖਾਈ ਨਾ ਦਿਤੀ। ਬੜੀ ਗੰਭੀਰਤਾ ਤੇ ਪੂਰੀ ਲਗਨ ਨਾਲ ਸਾਰੇ ਉਸ ਦੀ ਕਹਾਣੀ ਸੁਣਨ ਵਿਚ ਲੀਨ ਸਨ।

ਉਸ ਨੇ ਬੋਲਣਾ ਜਾਰੀ ਰਖਿਆ —

"ਕੈਂਪ ਦੀ ਜ਼ਿੰਦਗੀ ਬੜੀ ਖਰ੍ਹਵੀਂ ਤੇ ਖ਼ਤਰਨਾਕ ਜ਼ਿੰਦਗੀ ਸੀ। ਕਿਉਂਕਿ ਹਿੰਦੂਆਂ ਸਿਖਾਂ ਉਤੇ ਹਰ ਵੇਲੇ ਹਮਲਾ ਹੋ ਜਾਣ ਦਾ ਖ਼ਤਰਾ ਬਣਿਆ ਰਹਿੰਦਾ, ਤੇ ਨਿਕਾਸ ਦਾ ਉਚਰ ਤੌਰ

ਕੋਈ ਤਸੱਲੀਬਖ਼ਸ਼ ਇੰਤਜ਼ਾਮ ਨਹੀਂ ਸੀ। ਵਿਚਾਰੇ ਬਾਬੇ ਨੂੰ ਸਭ ਤੋਂ ਬਹੁਤੀ ਪਰੇਸ਼ਾਨੀ ਉਠਾਣੀ ਪੈਂਦੀ ਸੀ। ਆਪਣੀ ਬਾਬਤ ਤਾਂ ਉਸ ਨੂੰ ਚਿੰਤਾ ਕੋਈ ਨਹੀਂ ਸੀ, ਰਾਸ-ਪੂੰਜੀ ਉਸ ਦੀ ਪਹਿਲਾਂ ਹੀ ਲੁਟੀ ਜਾ ਚੁਕੀ ਸੀ। ਉਸ ਨੂੰ ਜੇ ਕੋਈ ਗ਼ਮ ਹਰ ਵੇਲੇ ਸੰਤਾਂਦਾ ਰਹਿੰਦਾ ਸੀ ਤਾ ਸਿਰਫ਼ ਨਸੀਮ ਦਾ, ਜਿਸ ਨੂੰ ਉਸ ਨੇ ਹਿੰਦੂਆਨਾ ਲਿਬਾਸ ਵਿਚ ਰਖਿਆ ਹੋਇਆ ਸੀ। ਹਰ ਵੇਲੇ ਉਸ ਨੂੰ ਇਹੋ ਧੁੜਕੂ ਲਗਾ ਰਹਿੰਦਾ ਕਿ ਮਤੇ ਮੁਸਲਮਾਨਾਂ ਨੂੰ ਪਤਾ ਲਗ ਜਾਵੇ, ਤੇ ਉਹ ਉਸ ਪਾਸੋਂ ਕੁੜੀ ਨੂੰ ਖੋਹ ਖੜਨ। ਅਖ਼ੀਰ ਉਹੀ ਕੁਝ ਹੋਣ ਲਗਾ ਜਿਸ ਦਾ ਉਸ ਨੂੰ ਡਰ ਸੀ। ਇਕ ਦਿਨ ਉਸ ਦੇ ਕੰਨੀਂ ਕਿਸੇ ਨੇ ਭਿਣਕ ਪਾਈ ਕਿ ਇਲਾਕੇ ਦੇ ਮੁਸਲਮਾਨਾਂ ਨੂੰ ਕਿਸੇ ਸੂਹ ਦਿਤੀ ਹੈ ਕਿ ਬੁਢੇ ਹਿੰਦੂ ਨੇ ਮੁਸਲਮਾਨਾਂ ਦੀ ਕੁੜੀ ਲੁਕਾਈ ਹੋਈ ਹੈ। ਵਿਚਾਰਾ ਬੁਢਾ, ਜਿਸ ਦੀ ਜ਼ਿੰਦਗੀ ਦਾ ਸਹਾਰਾ ਹੁਣ ਨਸੀਮ ਤੋਂ ਬਿਨਾਂ ਕੋਈ ਨਹੀਂ ਸੀ, ਉਹਨੂੰ ਗਸ਼ਾਂ ਤੇ ਗਸ਼ਾਂ ਪੈਣ ਲਗੀਆਂ। ਅਖ਼ੀਰ ਦਿਲ ਮਜ਼ਬੂਤ ਕਰ ਕੇ ਉਹ ਨਸੀਮ ਨੂੰ ਕਹਿਣ ਲਗਾ — "ਬਚੀਏ ! ਮੇਰੀ ਸਲਾਹ ਏ ਹੁਣ ਤੂੰ ਆਪਣੇ ਹਮ ਮਜ਼ਹਬਾਂ ਪਾਸ ਚਲੀ ਜਾਹ, ਤੇ ਮੈਨੂੰ ਮੇਰੀ ਕਿਸਮਤ ਉਤੇ ਛਡ ਦੇਹ। ਇਹ ਮੈਂ ਜਾਣਦਾ ਹਾਂ ਕਿ ਤੇਰੇ ਬਗੈਰ ਮੈਂ ਜੀਉਂਦਾ ਨਹੀਂ ਰਹਿ ਸਕਾਂਗਾ, ਪਰ ਮੇਰੀ ਜ਼ਿੰਦਗੀ ਤਾਂ ਉਂਜ ਹੀ ਹੁਣ ਖ਼ਾਤਮੇ ਦੇ ਨੇੜੇ ਹੈ। ਫਿਰ ਮੈਂ ਕਿਉਂ ਤੈਨੂੰ ਵੀ ਖ਼ਾਹਮਖ਼ਾਹ ਆਪਣੇ ਨਾਲ ਘਸੀਟਦਾ ਫਿਰਾਂ। ਸੋ ਮੇਰੀ ਸਲਾਹ ਹੈ ਕਿ ਕਲ੍ਹ ਕਿਸੇ ਵੇਲੇ ਮੈਂ ਤੈਨੂੰ ਆਪ ਲਿਜਾ ਕੇ ਕਿਸੇ ਜ਼ਿੰਮੇਵਾਰ ਮੁਸਲਮਾਨ ਦੇ ਹਵਾਲੇ ਕਰ ਆਵਾਂ। ਚੱਕਵਾਲ ਵਿਚ ਕਈਆਂ ਮੁਸਲਮਾਨਾਂ ਨਾਲ ਮੇਰੀ ਚੰਗੀ ਜਾਣ-ਪਹਿਚਾਣ ਹੈ।

"ਪਰ ਨਸੀਮ ਦੇ ਦਿਲ ਤੇ ਬੁਢੇ ਦੀਆਂ ਗਲਾਂ ਦਾ ਕੋਈ ਅਸਰ ਨਾ ਹੋਇਆ, ਜਿਹੜੀ ਸਾਰੀ ਦੁਨੀਆਂ ਦੇ ਸੁਖਾਂ ਤੇ ਆਰਾਮਾਂ ਨੂੰ ਉਸ ਬਜ਼ੁਰਗ ਦੇ ਕਦਮਾਂ ਤੋਂ ਵਾਰ ਸੁਟਣ ਨੂੰ ਤਿਆਰ ਸੀ। ਉਹ ਡਡਿਆ ਕੇ ਬਾਬੇ ਦੇ ਗਲ ਨਾਲ ਚੰਬੜ ਗਈ, ਤੇ ਰੋ ਰੋ ਕੇ ਕਹਿਣ ਲਗੀ — "ਮੇਰੇ ਬਾਪੂ ! ਦੁਨੀਆਂ ਦੀ ਕੋਈ ਤਾਕਤ ਮੈਨੂੰ ਤੇਥੋਂ ਖੋਹ ਨਹੀਂ ਸਕਦੀ। ਸਿਰਫ਼ ਮੌਤ ਹੀ ਮੈਨੂੰ ਇਸ ਨਿੱਘੀ ਗੋਦੀ 'ਚੋਂ ਧੂਹ ਸਕਦੀ ਹੈ।" ਤੇ ਉਸੇ ਰਾਤੀਂ ਉਹ ਦੋਵੇਂ ਚੁਪ ਚੁਪੀਤੇ ਕੈਂਪ ਵਿਚੋਂ ਨਿਕਲ ਟੁਰੇ, ਜਿਹੜੇ ਭੌਂਦੇ ਭਟਕਦੇ ਤੇ ਕਿਸਮਤ ਦੀਆਂ ਠੋਹਕਰਾਂ ਖਾਂਦੇ ਹੋਏ ਅਖ਼ੀਰ ਕਿਸੇ ਤਰ੍ਹਾਂ ਰਾਵਲਪਿੰਡੀ ਕੈਂਪ ਵਿਚ ਜਾ ਪਹੁੰਚੇ। ਜਿਥੋਂ ਛੇਤੀ ਹੀ ਇਕ ਸਪੈਸ਼ਲ ਰੇਲ ਗਡੀ ਨੇ ਉਨ੍ਹਾਂ ਨੂੰ ਹੋਰ ਰਿਫ਼ੀਊਜੀਆਂ ਨਾਲ ਅੰਮ੍ਰਿਤਸਰ ਪਹੁੰਚਾ ਦਿਤਾ।"

ਕਹਾਣੀ ਖ਼ਤਮ ਕਰ ਕੇ ਜਦ ਕ੍ਰਿਸ਼ਨਾ ਬੈਠ ਗਈ, ਤਾਂ ਸੁਦਰਸ਼ਨ ਨੇ ਗੁੱਸੇ ਨਾਲ ਪੁਛਿਆ — "ਪਰ ਇਹ ਕਹਾਣੀ ਸੁਣਾਨ ਤੋਂ ਤੁਹਾਡਾ ਮਤਲਬ ?"

ਕ੍ਰਿਸ਼ਨਾ ਬੋਲੀ — "ਮਤਲਬ ਮੇਰਾ ਇਹ ਹੈ ਕਿ ਫ਼ਰਜ਼ ਕਰੋ ਉਹੀ ਨਸੀਮ — ਜਿਸ ਨੇ ਇਤਿਹਾਦ ਦੀ ਫ਼ਿਜ਼ਾਂ ਵਿਚ ਪਰਵਰਿਸ਼ ਪਾਈ ਹੋਵੇ, ਇਤਿਹਾਦ ਦੇ ਫ਼ਰਜ਼ਾਂ ਨੂੰ ਨਿਬਾਹੁੰਦਿਆਂ ਹੀ ਜਿਸ ਨੇ ਆਪਣਾ ਕੁਨਬਾ ਮਰਵਾਇਆ ਤੇ ਆਪਣਾ ਵਤਨ ਤਕ ਛਡ ਦਿਤਾ ਹੋਵੇ। ਜਿਹੜੀ ਆਪਣਾ ਸਭ ਕੁਝ ਖ਼ੁਸ਼ੀ ਨਾਲ ਗੁਆ ਕੇ, ਅਜ ਰਿਫ਼ੀਊਜੀ ਕਹਿਲਾ ਰਹੀ ਹੋਵੇ। ਕੀ ਉਸ ਲੜਕੀ ਨੇ ਉਸ ਹੱਕ ਨੂੰ ਹਾਸਲ ਕਰਨ ਦੀ ਕੀਮਤ ਨਹੀਂ ਤਾਰੀ ਜਿਸ ਹੱਕ ਦੇ ਬਲਬੂਤੇ ਤੇ ਅਜ ਉਹ ਤੁਹਾਡੇ ਉਤੇ ਕੋਈ ਟੀਕਾ ਟਿਪਣੀ ਕਰ ਸਕੇ ?"

ਬੋਲਣ ਤੋਂ ਬਾਅਦ ਕ੍ਰਿਸ਼ਨਾ ਨੇ ਇਕ ਵਾਰੀ ਫੇਰ ਪੜਚੋਲੀ ਨਜ਼ਰ ਨਾਲ ਸਭਨਾਂ ਵਲ ਤਕਿਆ, ਸਭਨਾਂ ਉਤੇ ਇਕ ਡੂੰਘੀ ਖ਼ਾਮੋਸ਼ੀ ਦਾ ਰੰਗ ਛਾਇਆ ਹੋਇਆ ਸੀ। ਪਹਿਲਾਂ ਵਾਲੀ ਬਦਗੁਮਾਨੀ, ਉਹ ਘੁਸਰ ਮੁਸਰ, ਤੇ ਉਹ ਸ਼ਕੀ ਤੱਕਣੀ — ਜਿਹੜੀ ਕ੍ਰਿਸ਼ਨਾ ਨੇ ਆਪਣੀ ਤਕਰੀਰ ਨੂੰ ਸ਼ੁਰੂ ਕਰਨ ਲਗਿਆਂ ਉਨ੍ਹਾਂ ਉਤੇ ਵੇਖੀ ਸੀ, ਨਾਮ ਮਾਤਰ ਹੀ ਦਿਖਾਈ ਦੇ ਰਹੀ ਸੀ। ਸਤਨਾਮ ਤਾਂ ਸਕਤੇ ਦੀ ਹਾਲਤ ਵਿਚ ਸੀ। ਉਹ ਬਿਤਰ ਬਿਤਰ ਕ੍ਰਿਸ਼ਨਾ ਵਲ ਤੱਕੀ ਜਾ ਰਿਹਾ ਸੀ।

"ਤਾਂ ਕੀ ਅਸੀਂ ਆਪਣੇ ਸਾਮ੍ਹਣੇ ਉਸੇ ਨਸੀਮ ਨੂੰ ਖੜੀ ਦੇਖ ਰਹੇ ਹਾਂ ?" ਇਹ ਸਵਾਲ ਸੁਦਰਸ਼ਨ ਨੇ ਕੀਤਾ। ਜਵਾਬ ਵਿਚ ਕ੍ਰਿਸ਼ਨਾ ਬੋਲੀ — "ਬੇਸ਼ਕ, ਪਰ ਮੈਂ ਆਪਣੇ ਭਰਾਵਾਂ ਪਾਸੋਂ ਮੰਗ ਕਰਦੀ ਹਾਂ ਕਿ ਫਿਲਹਾਲ ਉਹ ਮੈਨੂੰ ਕ੍ਰਿਸ਼ਨਾ ਕਹਿ ਕੇ ਹੀ ਮੁਖ਼ਾਤਬ ਕਰਿਆ ਕਰਨ। ਇਹ ਅਜ ਜਿਹੜਾ ਭੇਦ ਮੈਂ ਆਪਣੀ ਬਾਬਤ ਖੋਲ੍ਹਿਆ ਹੈ, ਇਸ ਨੂੰ ਅਜੇ ਕੁਝ ਚਿਰ ਲਈ ਆਪੋ ਆਪਣੇ ਦਿਲਾਂ ਵਿਚ ਹੀ ਬੰਦ ਰਖਣ।"

ਸੁਦਰਸ਼ਨ ਤੋਂ ਬਿਨਾਂ ਬਾਕੀ ਸਾਰਿਆਂ ਨੇ ਸਤਕਾਰ ਨਾਲ ਉਸ ਦੀ ਮੰਗ ਨੂੰ ਕਬੂਲ ਕੀਤਾ। ਸੁਦਰਸ਼ਨ ਦੇ ਚਿਹਰੇ ਉਤੋਂ ਅਜੇ ਤੀਕ ਵਿਰੋਧ ਦੇ ਚਿੰਨ੍ਹ ਮਿਟ ਨਹੀਂ ਸਨ ਸਕੇ। ਉਹ ਆਪਣੇ ਅੰਦਰ ਗੁਸੇ ਨੂੰ ਠਲ੍ਹਦਾ ਹੋਇਆ ਬੋਲਿਆ — "ਕੀ ਮੈਂ ਪੁਛ ਸਕਦਾ ਹਾਂ ਕਿ ਤੁਹਾਡੇ ਨਸੀਮ ਹੋਣ ਦਾ ਕੀ ਸਬੂਤ ਹੈ ?"

"ਔਹ ਵੇਖੋ" ਕ੍ਰਿਸ਼ਨਾ ਨੇ ਆਪਣੀ ਗੋਰੀ ਬਾਂਹ, ਜਿਸ ਦਾ ਡੌਲ੍ਹਿਆਂ ਤੋਂ ਹੇਠਲਾ ਹਿਸਾ ਜੰਪਰ ਤੋਂ ਬਾਹਰ ਹੋਣ ਕਰ ਕੇ ਨੰਗਾ ਸੀ, ਉਸ ਵਲ ਫੈਲਾ ਦਿਤਾ, ਜਿਸ ਦੀ ਕਲਾਈ ਉਤੇ ਉਰਦੂ ਅੱਖਰਾਂ ਵਿਚ 'ਨਸੀਮ' ਖੁਦਿਆ ਹੋਇਆ ਸੀ। ਸਾਰੇ ਨੌਜਵਾਨ ਆਪੋ ਆਪਣੇ ਥਾਵਾਂ ਤੋਂ ਅਗਾਂਹ ਝੁਕ ਗਏ, ਤੇ ਉਨ੍ਹਾਂ ਦੀਆਂ ਅੱਖਾਂ ਇਨ੍ਹਾਂ ਅੱਖਰਾਂ ਉਤੇ ਗਡੀਆਂ ਗਈਆਂ।

ਕ੍ਰਿਸ਼ਨਾ ਬੈਠ ਗਈ ਤੇ ਬੈਠ ਜਾਣ ਤੋਂ ਬਾਅਦ ਉਸ ਨੇ ਆਪਣੀ ਤਕਰੀਰ ਦੇ ਅਸਰ ਨੂੰ ਜਾਚਣ ਲਈ ਇਕ ਵਾਰੀ ਫਿਰ ਸਭਨਾਂ ਵਲ ਗਹੁ ਨਾਲ ਤਕਿਆ। ਕੁਝ ਰਲਵੇਂ ਮਿਲਵੇਂ ਜਿਹੇ ਭਾਵ ਉਸ ਨੂੰ ਉਨ੍ਹਾਂ ਉਤੋਂ, ਦਿਖਾਈ ਦਿਤੇ। ਪਰ ਜਿਹੜੀ ਗਲ ਸਭ ਤੋਂ ਬਹੁਤੀ ਕ੍ਰਿਸ਼ਨਾ ਦੇ ਹਕ ਵਿਚ ਜਾਂਦੀ ਸੀ, ਉਹ ਇਹ ਕਿ ਨੌਜਵਾਨਾਂ ਦੇ ਦਿਲ, ਕ੍ਰਿਸ਼ਨਾ ਲਈ ਸ਼ਰਧਾ ਨਾਲ ਛਲਕਦੇ ਦਿਖਾਈ ਦੇਂਦੇ ਸਨ, ਜਿਹੜਾ ਉਹਨਾਂ ਦੀ ਸਨਿਮਰ ਤੱਕਣੀ ਤੋਂ ਪ੍ਰਗਟ ਹੁੰਦਾ ਸੀ। ਕੇਵਲ ਇਕੋ ਗੱਭਰੂ ਉਨ੍ਹਾਂ ਵਿਚ ਐਸਾ ਸੀ ਜਿਸ ਉਤੇ ਨਾ ਤਾਂ ਕ੍ਰਿਸ਼ਨਾ ਦੀ ਤਕਰੀਰ ਦਾ ਕੋਈ ਅਸਰ ਜਾਪਦਾ ਸੀ, ਨਾ ਹੀ ਉਸ ਦੀ ਸ਼ਖ਼ਸੀਅਤ ਦਾ ਤੇ ਇਹ ਸੀ ਸੁਦਰਸ਼ਨ। ਕ੍ਰਿਸ਼ਨਾ ਨੂੰ ਨਿਰਾਸਤਾ ਨਹੀਂ ਹੋਈ। ਉਸ ਨੂੰ ਆਸ ਦਾ ਪਲੜਾ ਕਾਫੀ ਭਾਰਾ ਦਿਖਾਈ ਦੇ ਰਿਹਾ ਸੀ। ਪਾਰਟੀ ਵਿਚ ਬਹੁਸੰਮਤੀ ਦਾ ਝੁਕਾਉ ਓਸੇ ਵਲ ਮਲੂਮ ਹੁੰਦਾ ਸੀ।

ਕਿੰਨਾ ਹੀ ਚਿਰ ਚੁਪ ਵਰਤੀ ਰਹੀ। 'ਕ੍ਰਿਸ਼ਨਾ' ਨਾਮ ਦੀ ਕੁੜੀ ਨੂੰ ਕੁਝ ਮਿੰਟਾਂ ਅੰਦਰ ਹੀ 'ਨਸੀਮ' ਦੇ ਰੂਪ ਵਿਚ ਬਦਲਣ ਵਾਲੀ ਇਸ ਕਹਾਣੀ ਨੇ ਸਾਰਿਆਂ ਨੂੰ ਅਵਾਕ ਕਰ ਦਿਤਾ।

"ਤਾਂ ਇਸ ਦਾ ਮਤਲਬ" ਸੁਦਰਸ਼ਨ ਨੇ ਸਵਾਲ ਕੀਤਾ — "ਇਹ ਸਮਝਿਆ ਜਾਵੇ ਕਿ ਨਸੀਮ ਨੂੰ ਇਸ ਵੇਲੇ ਆਪਣੇ ਹਮਮਜ਼ਹਬ ਮੁਸਲਮਾਨਾਂ ਦੇ ਲੁਟੇ ਮਾਰੇ ਜਾਣ ਦਾ ਫ਼ਿਕਰ ਪਰੇਸ਼ਾਨ ਕਰ ਰਿਹਾ ਹੈ, ਜਿਸ ਲਈ ਉਹ ਸਾਡੇ ਬੁੱਧਵਾਰ ਵਾਲੇ ਪਰੋਗਰਾਮ ਨੂੰ ਫੇਲ੍ਹ ਕਰਨਾ ਚਾਹੁੰਦੀ ਹੈ।

"ਬੇਸ਼ਕ" ਕ੍ਰਿਸ਼ਨਾ ਉਸੇ ਨਿਰਭੈਤਾ ਨਾਲ ਸੁਦਰਸ਼ਨ ਵਲ ਤਕ ਕੇ ਬੋਲੀ — "ਮੈਨੂੰ ਆਪਣੇ ਹਮਮਜ਼ਹਬਾਂ ਦੀ ਜਾਨ ਜਾਣ ਦਾ ਓਨਾ ਹੀ ਫ਼ਿਕਰ ਹੈ ਜਿੰਨਾ ਆਪਣੇ ਆਪ ਦਾ। ਪਰ ਮੇਰੀ ਹਮ ਮਜ਼ਹਬੀਅਤ ਦਾ ਦਾਇਰਾ ਇੰਨਾ ਸੌੜਾ ਨਹੀਂ ਜਿੰਨਾ ਸੁਦਰਸ਼ਨ ਜੀ ਦਾ। ਮੁਸਲਮਾਨ ਮੇਰੇ ਹਮ ਮਜ਼ਹਬ ਇਸ ਕਰ ਕੇ ਹਨ ਕਿ ਮੈਂ ਉਨ੍ਹਾਂ ਦੇ ਘਰ ਜੰਮੀ ਸਾਂ, ਹਿੰਦੂ ਮੇਰੇ ਹਮ ਮਜ਼ਹਬ ਇਸ ਕਰ ਕੇ ਹਨ ਕਿ ਉਨ੍ਹਾਂ ਦੀ ਗੋਦੀ ਵਿਚ ਮੈਂ ਲੋਰੀਆਂ ਲਈਆਂ ਸਨ ਤੇ ਸਿਖ ਮੇਰੇ ਹਮ ਮਜ਼ਹਬ ਇਸ ਕਰ ਕੇ ਹਨ ਕਿ ਇਨ੍ਹਾਂ ਨੇ ਮੇਰਾ ਮਰਹੂਮ ਵੀਰ 'ਅਜ਼ੀਜ਼' ਮੈਨੂੰ 'ਸਤਨਾਮ' ਦੀ ਸ਼ਕਲ ਵਿਚ ਵਾਪਸ ਲਿਆ ਦਿਤਾ — ਤੇ ਮੇਰੀ ਮਰਹੂਮ ਮਾਂ 'ਸੁਗਰਾ', 'ਕੇਸਰ ਕੌਰ' ਦਾ ਨਾਮ ਦੇ ਕੇ ਮੈਨੂੰ ਮੋੜ ਦਿਤੀ ਹੈ। ਸੋ ਮੈਂ ਆਪਣੇ ਸਚੇ ਯਕੀਨ ਨਾਲ ਤੁਹਾਡੇ ਸਾਹਮਣੇ ਤਸਲੀਮ ਕਰਦੀ ਹਾਂ ਕਿ ਤਿੰਨੇ ਮੇਰੇ ਹਮ ਮਜ਼ਹਬ ਨੇ, ਤੇ ਮੈਨੂੰ ਇਨ੍ਹਾਂ ਵਿਚੋਂ ਕਿਸੇ ਇਕ ਵਿਚ ਵੀ ਕੋਈ ਕਮੀ ਪੇਸ਼ੀ ਨਹੀਂ ਜਾਪਦੀ।"

ਸੁਦਰਸ਼ਨ ਲਾ ਜਵਾਬ ਹੋ ਗਿਆ। ਇਕ ਹੋਰ ਬੋਲਿਆ — "ਕੁਝ ਵੀ ਹੋਵੇ, ਪਰ ਇਸ ਭੈਣ ਦੀ ਹਾਲਤ ਤੇ ਖ਼ਿਆਲਾਤ ਸੁਣ ਕੇ ਅਸੀਂ ਬੜੇ ਮੁਤਅਸਰ ਹੋਏ ਹਾਂ। ਮੈਂ ਯਕੀਨੀ ਤੌਰ ਤੇ ਕਹਿੰਦਾ ਹਾਂ ਕਿ ਏਡੇ ਚੰਗੇ ਤੇ ਉਚੇ ਖ਼ਿਆਲਾਂ ਵਾਲੀ ਲੜਕੀ ਨੂੰ ਭੈਣ ਮੁਖ਼ਾਤਬ ਕਰ ਕੇ ਮੈਨੂੰ ਰੂਹਾਨੀ ਖੁਸ਼ੀ ਹਾਸਲ ਹੋ ਰਹੀ ਹੈ। ਪਰ ਕੀ ਮੈਂ ਆਪਣੀ ਭੈਣ ਪਾਸੋਂ ਸਾਫ ਲਫਜ਼ਾਂ ਵਿਚ ਪੁਛ ਸਕਦਾ ਹਾਂ ਕਿ ਉਹ ਸਾਥੋਂ ਕੀ ਚਾਹੁੰਦੇ ਨੇ ?"

ਕ੍ਰਿਸ਼ਨਾ ਐਤਕੀ ਦੂਣੇ ਉਤਸ਼ਾਹ ਨਾਲ ਭਰ ਕੇ ਬੋਲੀ — "ਵੀਰ ! ਇਹ ਗਲ ਜੇ ਤੁਸੀਂ ਨਾ ਪੁੱਛਦੇ ਤਾਂ ਵੀ ਮੈਂ ਤੁਹਾਨੂੰ ਜ਼ਰੂਰ ਦਸਣੀ ਸੀ, ਤੇ ਮੇਰਾ ਖ਼ਿਆਲ ਹੈ ਤੁਸੀਂ ਸਵਾਲ ਦਾ ਜਵਾਬ ਠੰਢੇ ਦਿਲ ਨਾਲ ਸੁਣੋਗੇ। ਮੰਨਣਾ ਨਾ ਮੰਨਣਾ, ਇਹ ਤੁਹਾਡੀ ਮਰਜ਼ੀ ਉਤੇ ਮੁਨੱਹਸਰ ਹੈ।"

ਆਪਣੇ ਸਾਥੀਆਂ ਦਾ ਰੁਖ਼ ਕਾਫੀ ਹਦ ਤਕ ਕ੍ਰਿਸ਼ਨਾ ਵਲ ਪਲਟਦਾ ਵੇਖ ਕੇ ਸੁਦਰਸ਼ਨ ਅੰਦਰ ਹੀ ਅੰਦਰ ਕੌੜ ਖਾ ਰਿਹਾ ਸੀ। ਉਸ ਦਾ ਦਿਲ ਇਹੋ ਕੀਤਾ ਕਿ ਕ੍ਰਿਸ਼ਨਾ ਦੇ ਇਸ ਪ੍ਰਸ਼ੰਸਕ ਨੌਜਵਾਨ ਦੇ ਮੂੰਹ ਤੇ ਖਿਚ ਕੇ ਚਪੇੜ ਮਾਰੇ, ਪਰ ਇਸ ਵੇਲੇ ਉਹ ਆਪਣੇ ਆਪ ਨੂੰ ਬੇਵੱਸ ਪਾ ਰਿਹਾ ਸੀ, ਜਦ ਕਿ ਉਸ ਨੇ ਕਈਆਂ ਹੋਰਾਂ ਦਾ ਝੁਕਾਉ ਵੀ ਕ੍ਰਿਸ਼ਨਾ ਵਲ ਵੇਖਿਆ।

ਕ੍ਰਿਸ਼ਨਾ ਨੇ ਕਹਿਣਾ ਸ਼ੁਰੂ ਕੀਤਾ — "ਪੋਠੋਹਾਰ ਵਿਚ ਜੋ ਕੁਝ ਹੋਇਆ, ਉਹ ਮੈਂ ਇਨ੍ਹਾਂ ਅੱਖਾਂ ਨਾਲ ਵੇਖ ਆਈ ਹਾਂ ਤੇ ਹੁਣ ਤੁਹਾਡੇ ਇਸ ਸ਼ਹਿਰ ਵਿਚ ਜੋ ਕੁਝ ਹੋ ਰਿਹਾ ਹੈ ਇਸ ਨੂੰ ਵੀ ਕਾਫੀ ਚਿਰ ਤੋਂ ਵੇਖ ਰਹੀ ਹਾਂ। ਬਹੁਤੀ ਦਲੀਲਬਾਜ਼ੀ ਨਾਲ ਸ਼ਾਇਦ ਮੈਂ ਆਪਣੇ ਖ਼ਿਆਲਾਤ ਦਾ ਇਜ਼ਹਾਰ ਨਾ ਕਰ ਸਕਾਂ, ਕਿਉਂਕਿ ਇਸ ਦੀ ਕਾਬਲੀਅਤ ਮੇਰੇ ਵਿਚ ਨਹੀਂ। ਸੋ ਸਾਦ ਮੁਰਾਦੇ ਲਫਜ਼ਾਂ ਵਿਚ ਹੀ ਦਸਣਾ ਚਾਹੁੰਦੀ ਹਾਂ ਕਿ ਦੋਤਰਫਾ ਤਬਾਹੀ , ਜਿਹੜੀ ਕਈ ਮਹੀਨਿਆਂ ਤੋਂ ਸਾਡੀਆਂ ਅੱਖਾਂ ਵੇਖ ਰਹੀਆਂ ਹਨ, ਇਸ ਵਿਚ ਨਾ ਹਿੰਦੂਆਂ ਦਾ ਕਸੂਰ ਹੈ, ਨਾ ਸਿਖਾਂ ਦਾ ਤੇ ਨਾ ਹੀ ਮੁਸਲਮਾਨਾਂ ਦਾ। ਇਸ ਸਾਰੀ ਤਬਾਹੀ ਦੇ ਜ਼ਿਮੇਂਵਾਰ ਨੇ ਸਾਡੇ ਉਹ ਲੀਡਰ, ਜਿਨ੍ਹਾਂ ਨੇ ਮਾਮਲੇ ਦੀ ਅਸਲੀਅਤ ਨੂੰ ਅਜੇ ਤੀਕ ਨਹੀਂ ਸਮਝਿਆ।

"ਇਕ ਗਲ ਮੈਨੂੰ ਬੜੇ ਦੁਖ ਨਾਲ ਕਹਿਣੀ ਪੈਸ਼ਂਦੀ ਹੈ ਕਿ ਹੁਣ ਤੀਕ ਜਿੰਨੇ ਵੀ ਦੰਗੇ ਫਸਾਦ ਸਾਡੇ ਮੁਲਕ ਵਿਚ ਹੋਏ ਹਨ ਇਨ੍ਹਾਂ ਵਿਚ ਅਮੂਮਨ ਪਹਿਲ ਮੁਸਲਮਾਨਾਂ ਵਲੋਂ ਹੁੰਦੀ ਰਹੀ ਹੈ, ਜਿਹੜੇ ਮੁਸਲਿਮ ਲੀਗ ਦੀਆਂ ਬਾਰੂਦੀ ਤਕਰੀਰਾਂ ਸੁਣ ਸੁਣ ਕੇ ਵਹਿਸ਼ੀ ਬਣ ਗਏ ਹਨ, ਪਰ ਇਹ ਕਹਿਣੋਂ ਵੀ ਮੈਂ ਸੰਗਦੀ ਨਹੀਂ ਕਿ ਇਸ ਮਰਜ਼ ਦਾ ਜਿਹੜਾ ਇਲਾਜ ਇਸ ਵੇਲੇ ਅਮਲ ਵਿਚ ਲਿਆਂਦਾ ਜਾ ਰਿਹਾ ਹੈ ਇਹ ਖ਼ੂਨ ਨਾਲ ਖ਼ੂਨ ਧੋਣ ਵਾਲੀ ਹੀ ਗਲ ਹੈ। ਮੁਸਲਮਾਨਾਂ ਨੇ ਪਹਿਲ ਕੀਤੀ ਤਾਂ ਇਹ ਉਨ੍ਹਾਂ ਦੀ ਨਿਹਾਇਤ ਬੇਵਕੂਫੀ ਤੇ ਬੁਜ਼ਦਿਲੀ ਸੀ ਕਿ ਉਨ੍ਹਾਂ ਨੇ ਵੀਰਾਂ ਦੇ ਲਹੂ ਵਿਚ ਹਥ ਰੰਗੇ। ਜਿਸ ਤੋਂ ਬਾਅਦ ਹਿੰਦੂਆਂ ਸਿਖਾਂ ਨੂੰ ਵੀ ਇੱਟ ਦੇ ਜਵਾਬ ਵਿਚ ਪੱਥਰ ਚੁਕਣਾ ਪਿਆ। ਪਰ ਕੀ ਇਹ ਮਾਮਲਾ ਇਥੇ ਹੀ ਬਸ ਹੋ ਗਿਆ ਜਾਂ ਹੋਵੇਗਾ ? ਮਿਸਾਲ ਦੇ ਤੌਰ ਤੇ ਜਿਨ੍ਹਾਂ ਛਿਆਂ ਮੁਸਲਿਮ ਮਹੱਲਿਆਂ ਨੂੰ ਤਬਾਹ ਕਰਨ ਦੀਆਂ ਤੁਸੀਂ ਇਸ ਵੇਲੇ ਤਿਆਰੀਆਂ ਮੁਕੰਮਲ ਕਰ ਚੁਕੇ ਹੋ, ਕੀ ਤੁਸੀਂ ਨਹੀਂ ਜਾਣਦੇ ਕਿ ਮੁਸਲਮਾਨਾਂ ਵਲੋਂ ਇਸ ਦੇ ਜਵਾਬ ਵਿਚ ਛੀਕੇ ਉਤੇ ਬਿੰਦੀ ਲਾਕੇ ਇਸ ਤਾਦਾਦ ਨੂੰ ਸੱਠ ਤੀਕ ਪਹੁੰਚਾ ਦਿਤਾ ਜਾਵੇਗਾ ਤੇ ਉਸ ਦੇ ਜਵਾਬ ਵਿਚ ਤੁਹਾਡੇ ਵਲੋਂ ਇਕ ਹੋਰ ਸਿਫਰ ਲਾ ਕੇ 'ਸੱਠ' ਨੂੰ 'ਛੇ ਸੌ' ਦੀ ਸ਼ਕਲ ਦੇ ਦਿਤੀ ਜਾਵੇਗੀ, ਫਿਰ ਇਸ ਤੋਂ ਅਗਾਂਹ ਕੀ ਹੋਵੇਗਾ ? ਇਹੀ ਗਿਣਤੀ ਹਜ਼ਾਰਾਂ ਤੀਕ ਤੇ ਫੇਰ ਲੱਖਾਂ ਤੀਕ ਜਾ ਪਹੁੰਚੇਗੀ। ਜਾਣਦੇ ਹੋ ਇਸ ਦਾ ਸਭ ਤੋਂ ਬਹੁਤਾ ਘਾਟਾ ਕਿਸ ਨੂੰ ਪਵੇਗਾ ? ਤੁਹਾਡੇ ਸਾਹਮਣੇ ਬੋਲਣ ਵਾਲੀ ਇਸ ਬਦਨਸੀਬ ਕੁੜੀ ਨੂੰ। ਕਿਉਂਕਿ ਜੇ ਏਧਰ ਇਸ ਦੇ ਹਮ-ਮਜ਼ਹਬਾਂ ਦੀ ਤਬਾਹੀ ਹੋਵੇਗੀ ਤਾਂ ਓਧਰ ਵੀ ਇਸੇ ਦੇ ਹਮ-ਮਜ਼ਹਬ ਬਰਬਾਦ ਹੋਣਗੇ।"

"ਕੀ ਮਤਲਬ ?" ਇਕ ਸੱਜਨ ਨੇ ਉਸ ਦੀ ਗਲ ਦਾ ਮਤਲਬ ਨਾ ਸਮਝ ਕੇ ਸਵਾਲ ਕੀਤਾ।

"ਮਤਲਬ ਇਹ" ਕ੍ਰਿਸ਼ਨਾ ਬੋਲੀ — "ਮੇਰਾ ਮਜ਼ਹਬ ਹੈ 'ਇਤਿਹਾਦ'। ਬਰਬਾਦੀ ਹਿੰਦੂਆਂ ਦੀ ਹੋਵੇ, ਸਿਖਾਂ ਦੀ ਤੇ ਭਾਵੇਂ ਮੁਸਲਮਾਨਾਂ ਦੀ। ਪਰ ਇਸ ਦਾ ਸਭ ਤੋਂ ਤਬਾਹਕੁਨ ਅਸਰ ਮੇਰੇ ਹੀ ਮਜ਼ਹਬ 'ਇਤਿਹਾਦ' ਉਤੇ ਹੋਵੇਗਾ। ਸੋ ਕੀ ਮੈਂ ਉਮੀਦ ਨਹੀਂ ਕਰ ਸਕਦੀ ਕਿ ਤੁਸੀਂ ਆਪਣੀ ਇਸ ਕਮਜ਼ੋਰ ਤੇ ਮਜ਼ਲੂਮ ਭੈਣ ਦੀ ਅਰਜ਼ ਮੰਨਦੇ ਹੋਏ ਮੇਰੇ ਮਜ਼ਹਬ (ਇਤਿਹਾਦ) ਨੂੰ ਬਚਾਉਣ ਵਿਚ ਮੇਰਾ ਸਾਥ ਦਿਓਗੇ ? ਕੀ ਆਪਣੀ ਭੈਣ ਦੀ ਝੋਲੀ ਵਿਚ ਤੁਸੀਂ ਖ਼ੈਰ ਨਹੀਂ ਪਾਓਗੇ ?" ਤੇ ਉਸ ਨੇ ਆਪਣੀ ਸਾੜ੍ਹੀ ਦੀ ਕੰਨੀ ਝੋਲੀ ਵਾਂਗ ਦੂਹਾਂ ਹਥਾਂ ਵਿਚ ਫੜ ਕੇ ਉਹਨਾਂ ਦੇ ਸਾਹਮਣੇ ਫੈਲਾ ਦਿਤੀ।

ਕ੍ਰਿਸ਼ਨਾ ਦੀਆਂ ਅੱਖਾਂ 'ਚੋਂ ਹੰਝੂਆਂ ਦੀ ਝੜੀ ਜਾਰੀ ਸੀ। ਉਸ ਦੀ ਆਵਾਜ਼ ਲਰਜ਼ ਰਹੀ ਸੀ।

ਜਵਾਬ ਵਿਚ ਕੋਈ ਕੁਝ ਨਹੀਂ ਬੋਲ ਸਕਿਆ। ਸਭ ਦੇ ਸਿਰ ਝੁਕੇ ਹੋਏ ਸਨ। ਕੇਵਲ ਸੁਦਰਸ਼ਨ ਹੀ ਉਨ੍ਹਾਂ ਵਿਚ ਇਕ ਐਸਾ ਸੀ, ਜਿਸ ਦੀਆਂ ਅੱਖਾਂ ਵਿਚ ਅਜੇ ਤੀਕ ਵਿਰੋਧ ਦੀਆਂ ਦੇ ਮਸ਼ਾਲਾਂ ਬਲ ਰਹੀਆਂ ਸਨ — ਨਾ ਕੇਵਲ ਕ੍ਰਿਸ਼ਨਾ ਦੇ ਵਿਰੁਧ ਹੀ, ਸਗੋਂ ਆਪਣੇ ਸਾਥੀਆਂ ਦੇ ਖ਼ਿਲਾਫ਼ ਵੀ। ਦਿਲ ਹੀ ਦਿਲ ਵਿਚ ਉਹ ਇਨ੍ਹਾਂ ਨੌਜਵਾਨਾਂ ਦੀ ਬੁਜ਼ਦਿਲੀ ਤੇ ਇਸਤ੍ਰੀ-ਉਪਾਸ਼ਕ ਜ਼ਿਹਨੀਅਤ ਉਤੇ ਲਾਹਨਤਾਂ ਪਾ ਰਿਹਾ ਸੀ, ਜਿਹੜੇ ਉਸ ਦੇ ਖ਼ਿਆਲ ਵਿਚ ਇਕ ਮਾਮੂਲੀ ਕੁੜੀ ਦੇ ਹੁਸਨ ਦੀ ਤਾਬ ਨਾ ਝਲ ਕੇ ਉਸ ਦੇ ਸਾਹਮਣੇ ਗੋਡੇ ਟੇਕਣ ਲਈ ਤਿਆਰ ਜਾਪਦੇ ਸਨ।

ਜ਼ਰਾ ਕੁ ਰੁਕ ਕੇ ਕ੍ਰਿਸ਼ਨ ਨੇ ਫੇਰ ਬੋਲਣਾ ਸ਼ੁਰੂ ਕੀਤਾ — "ਮੇਰੇ ਮਾਂ ਪਿਉ ਜਾਏ ਵੀਰੋ! ਜ਼ਰਾ ਗੌਰ ਨਾਲ ਸੋਚੋ। ਤੁਸੀਂ ਕੀ ਸਾਓ ਤੇ ਕੀ ਬਣ ਗਏ ਹੋ ? ਅਜ ਜਿਧਰ ਨਜ਼ਰ ਉਠਾ ਕੇ ਤਕੋ, ਤਬਾਹੀ ਦੇ ਹੀ ਨਜ਼ਾਰੇ ਦਿਖਾਈ ਦੇਂਦੇ ਨੇ। ਮੰਦਰਾਂ, ਗੁਰਦੁਆਰਿਆਂ ਦੇ ਕਲਸ ਢਠੇ ਪਏ ਨੇ, ਮਸਜਿਦਾਂ ਦੇ ਮੁਨਾਰੇ ਮਿਸਮਾਰ ਹੋਏ ਪਏ ਨੇ, ਸਮਾਧਾਂ ਤੇ ਮਕਬਰਿਆਂ ਦੀ ਖੇਹ ਉਡੀ ਪਈ ਹੈ। ਵੇਦ, ਕੁਰਾਨ ਤੇ ਗੁਰੂ ਗ੍ਰੰਥ ਸਾਹਿਬ ਦੇ ਵਰਕਿਆਂ ਵਿਚ ਪੁੜੀਆਂ ਬਝ ਰਹੀਆਂ ਨੇ। ਢਠੀਆਂ ਹੋਈਆਂ ਇਬਾਦਤਗਾਹਾਂ ਉਤੇ ਟੱਟੀ ਪਿਸ਼ਾਬ ਕੀਤਾ ਜਾ ਰਿਹਾ ਹੈ। ਤੇ ਜਿਹੜੀਆਂ ਸਾਬਤ ਹਨ ਉਨ੍ਹਾਂ ਦੇ ਅੰਦਰੀਂ ਇਨਸਾਨਾਂ ਨੂੰ ਹਲਾਕ ਕਰਨ ਖਾਤਰ ਬੰਬ ਫੈਕਟਰੀਆਂ ਤੇ ਬਾਰੂਦਖਾਨੇ ਖੋਹਲੇ ਜਾ ਰਹੇ ਨੇ। ਕੀ ਇਹੋ ਹੈ ਤੁਸਾਂ ਲੋਕਾਂ ਦੀ ਮਜ਼ਹਬ-ਪ੍ਰਸਤੀ ਤੇ ਕੌਮ-ਪ੍ਰਸਤੀ ? ਕਾਸ਼ ! ਕਦੀ ਤੁਸੀਂ ਜ਼ਰਾ ਦੁਰਾਡੀ ਨਜ਼ਰ ਨਾਲ ਤਕ ਸਕਦੇ। ਮੈਂ ਇਸ ਗਲੋਂ ਬੇ-ਖ਼ਬਰ ਨਹੀਂ ਹਾਂ ਕਿ ਵਹਿਸ਼ੀ ਮੁਸਲਮਾਨਾਂ ਨੇ ਪੋਠੋਹਾਰ ਤੇ ਸੂਬਾ ਸਰਹੱਦ ਵਿਚ ਮੇਰੇ ਨੰਨ੍ਹੇ ਵੀਰ ਕਤਲ ਕੀਤੇ, ਮੇਰੀਆਂ ਮਾਸੂਮ ਭੈਣਾਂ ਦੀ ਬੇਹੁਰਮਤੀ ਕੀਤੀ। ਪਰ ਉਨ੍ਹਾਂ ਦਾ ਬਦਲਾ ਤੁਸੀਂ ਕਿਨ੍ਹਾਂ ਪਾਸੋਂ ਲੈ ਰਹੇ ਹੋ — ਨੰਨ੍ਹੇ ਬੱਚਿਆਂ ਤੇ ਮਾਸੂਮ ਬੱਚੀਆਂ ਪਾਸੋਂ ? ਜਿਨ੍ਹਾਂ ਨੂੰ ਪਤਾ ਵੀ ਨਹੀਂ ਕਿ ਮਜ਼ਹਬੀ ਤੁਅੱਸਬ ਕੀ ਹੁੰਦਾ ਹੈ ਤੇ ਮਜ਼ਹਬੀ ਜਨੂੰਨ ਕਿਸ ਨੂੰ ਕਹਿੰਦੇ ਨੇ ? ਮੈਨੂੰ ਖੁਸ਼ੀ ਹੁੰਦੀ, ਜੇ ਤੁਸੀਂ ਲੋਕ ਮਰਦਾਨਾ ਵਾਰ, ਤੇ ਫੌਜੀ ਤਰੀਕਿਆਂ ਨਾਲ ਜ਼ੁਲਮ ਕਰਨ ਵਾਲੇ ਮੁਸਲਮਾਨਾਂ ਉਤੇ ਹੱਲਾ ਬੋਲ ਕੇ ਉਨ੍ਹਾਂ ਨੂੰ ਸ਼ੈਤਾਨੀਅਤ ਦਾ ਮਜ਼ਾ ਚਖਾਂਦੇ, ਪਰ ਇਹ ਕਿਧਰ ਦਾ ਮਰਦਉਪੁਣਾ ਹੈ ਕਿ ਧੁੰਧਕਾਰ ਦੀ ਹਨ੍ਹੇਰੀ ਰਾਤੇ ਤੁਸੀਂ ਆਪਣੇ ਨਿਯਤ ਪਰੋਗਰਾਮ ਨੂੰ ਲੈ ਕੇ ਜਾਓਗੇ ਤੇ ਵਿਚਾਰੇ ਪੁਰਅਮਨ ਤੇ ਨਿਹੱਥੇ ਲੋਕਾਂ ਉਤੇ ਬੰਬ ਸੁਟ ਕੇ ਉਨ੍ਹਾਂ ਨੂੰ, ਸਮੇਤ ਦੁਧ ਚੁੰਘਦੇ ਬਚਿਆਂ ਦੇ, ਸਮੇਤ ਬੁਢਿਆਂ ਤੇ ਬੀਮਾਰਾਂ ਦੇ ਤੇ ਸਮੇਤ ਉਨ੍ਹਾਂ ਬੱਚੀਆਂ ਦੇ, ਜਿਨ੍ਹਾਂ ਨੇ ਕਦੀ ਗਲੀਆਂ ਦੇ ਕਖ ਨੂੰ ਵੀ ਨਾ ਦੁਖਾਇਆ ਹੋਵੇ, ਭੁੰਨ ਕੇ ਆ ਜਾਓਗੇ। ਕੀ ਇਹੋ ਹੈ ਤੁਹਾਡੀ ਜਵਾਂਮਰਦੀ? ਕਿਹੜਾ ਹੈ ਉਹ ਮਜ਼ਹਬ ਜਿਹੜਾ ਕਿਸੇ ਨੂੰ ਬੱਚਿਆਂ, ਬੁਢਿਆਂ, ਬੀਮਾਰਾਂ ਅਤੇ ਜ਼ਨਾਨੀਆਂ ਉਤੇ ਹਥ ਉਠਾਣ ਦੀ ਇਜਾਜ਼ਤ ਦੇਂਦਾ ਹੈ ? ਕੀ ਤੁਹਾਡੇ ਵਿਚੋਂ ਕੋਈ ਮੈਨੂੰ ਦਸੇਗਾ ?"

ਜਵਾਬ ਵਿਚ ਕੋਈ ਜ਼ਬਾਨ ਨਾ ਖੁਲ੍ਹੀ ਵੇਖ ਕੇ ਕ੍ਰਿਸ਼ਨਾ ਬੋਲਦੀ ਗਈ — "ਅਜ ਮੈਂ ਖੁਲ੍ਹੇ ਲਫ਼ਜ਼ਾਂ ਵਿਚ ਤੁਹਾਡੇ ਉਤੇ ਇਲਜ਼ਾਮ ਲਾਂਦੀ ਹਾਂ ਕਿ ਤੁਸੀਂ ਬਹਾਦਰ ਨਹੀਂ, ਕਾਇਰ ਹੋ। ਤੁਸਾਂ ਜੋ ਕੁਝ ਕੀਤਾ ਤੇ ਜੋ ਕੁਝ ਕਰਨ ਲਈ ਇਸ ਵੇਲੇ ਕਮਰਕੱਸੇ ਕਰੀ ਬੈਠੇ ਹੋ, ਇਸ ਦੀ ਕਦੀ ਕਿਸੇ ਬਹਾਦਰ ਪਾਸੋਂ ਉਮੀਦ ਨਹੀਂ ਕੀਤੀ ਜਾ ਸਕਦੀ। ਪੰਜਾਬੀ ਨੌਜਵਾਨ, ਜਿਸ ਨੇ ਅਜ ਤੀਕ ਵੀ ਆਪਣੇ ਆਪ ਉਤੇ ਬੁਜ਼ਦਿਲੀ ਦਾ ਹਰਫ਼ ਨਹੀਂ ਆਉਣ ਦਿਤਾ, ਮੈਂ ਉਸ ਨੂੰ ਇਹ ਲਕਬ ਦੇਣ ਲਈ ਮਜਬੂਰ ਹਾਂ" ਤੇ ਇਸ 'ਲਕਬ' ਦੇ ਰੂਪ ਵਿਚ ਕ੍ਰਿਸ਼ਨਾ ਨੇ ਸਤਨਾਮ ਵਾਲੀਆਂ ਉਨ੍ਹਾਂ ਦੋਹਾਂ ਕਵਿਤਾਵਾਂ ਵਿਚੋਂ — ਜਿਹੜੀਆਂ ਉਸ ਨੇ ਉਸ ਦੇ ਪੈਡ ਵਿਚੋਂ ਕਢ ਕੇ ਜ਼ਬਾਨੀ ਯਾਦ ਕਰ ਲਈਆਂ ਸਨ — ਇਕ ਸੁਣਾਨੀ ਸ਼ੁਰੂ ਕੀ, ਜਿਸ ਦਾ ਸਿਰਲੇਖ ਸੀ — "ਹਤਿਆਰਾ ਪੰਜਾਬੀ।"

ਉਸ ਨੇ ਪੂਰੀ ਅਦਾ, ਭਰਪੂਰ ਜੋਸ਼ ਤੇ ਮਧੁਰਤਾ ਭਰੇ ਗਲੇ 'ਚੋਂ ਉਚਾਰਨਾ ਸ਼ੁਰੂ ਕੀਤਾ—

"ਓ ਜ਼ਾਲਮ ! ਦਸ ਮਜ਼ਲੂਮਾਂ ਤੇ, ਕਿਉਂ ਜਾਬਰ ਹੱਥ ਉਠਾਇਆ ਤੂੰ।
ਕਿਉਂ ਵਸਦੀ ਰਸਦੀ ਖ਼ਲਕਤ ਤੇ, ਕਹਿਰਾਂ ਦਾ ਕਟਕ ਚੜ੍ਹਾਇਆ ਤੂੰ।

... ...

ਮਾਵਾਂ ਦੇ ਲਡਿਕੜੇ ਖੋਹ ਖੋਹ ਕੇ, ਤੂੰ ਮੌਤ ਦੇ ਘਾਟ ਉਤਾਰ ਦਿਤੇ।
ਭੈਣਾਂ ਦੇ ਵੀਰਨ ਧੂਹ ਧੂਹ ਕੇ, ਤੂੰ ਭਾਂਬੜ ਦੇ ਵਿਚ ਸਾੜ ਦਿਤੇ।
ਆਹ ! ਮੁਟਿਆਰਾਂ ਦੀਆਂ ਮਾਂਗਾਂ 'ਚੋਂ, ਸੋਹਾਗ-ਸੰਧੂਰ ਮਿਟਾਇਆ ਤੂੰ।

... ...

ਆਪਣੇ ਹੀ ਲਹੂ ਵਿਚ ਓ ਵਹਿਸ਼ੀ ! ਤੂੰ ਆਪਣੇ ਹੱਥ ਡੁਬੋ ਆਇਓਂ।
ਆਪਣੇ ਸੀਨੇ ਵਿਚ ਆਪਣਾ ਹੀ, ਕਿਰਪਾਨ ਕਿ ਛੁਰਾ ਖੁਭੋ ਆਇਓਂ।
ਡੁਬ ਕੇ ਮਰ ਜਾਹ ਓ ਹੈਵਾਨਾ, ਕਿਉਂ ਇਸ ਦੁਨੀਆਂ ਤੇ ਆਇਆ ਤੂੰ।

... ...

ਮਾਸੂਮ ਤੜਪਦੇ ਤਕ ਤਕ ਕੇ, ਕਿਉਂ ਦੀਦੇ ਤੇਰੇ ਸੜ ਨਾ ਗਏ ?
ਭੈਣਾਂ ਦੀ ਅਸਮਤ ਖੋਹਣ ਲਗੇ, ਹੱਥ ਤੇਰੇ ਸ਼ਾਲਾ ਝੜ ਨਾ ਗਏ ?
ਲਾਨਤ ਹੈ ਤੇਰੀ ਜਵਾਨੀ ਨੂੰ, ਵਡਿਆਂ ਦਾ ਨਾਮ ਡੁਬਾਇਆ ਤੂੰ।

... ...

ਤੂੰ ਭਾਰਤ ਮਾਂ ਦੇ ਸੀਨੇ ਤੇ, ਇਕ ਡੂੰਘਾ ਜ਼ਖ਼ਮ ਲਗਾ ਬੈਠੋਂ।
ਤੂੰ ਗਲ ਅਪਣੇ ਵਿਚ ਕਮਬਖ਼ਤਾ ! ਲਾਹਨਤ ਦਾ ਤੌਕ ਪਵਾ ਬੈਠੋਂ।
ਨਾ ਭੁਲਸੀ ਕਦੀ ਜ਼ਮਾਨੇ ਨੂੰ, ਇਹ ਜਿਹੜਾ ਪਾਪ ਕਮਾਇਆ ਤੂੰ।

... ...

ਸ਼ਾਲਾ ! ਅਸਮਾਨੋਂ ਕਹਿਰਾਂ ਦੀ, ਕੋਈ ਬਿਜਲੀ ਤੁਧ ਤੇ ਪੈ ਜਾਵੇ।
ਤਿਰੇ ਇਸ ਨਾਪਾਕ ਸਰੀਰ ਵਿਚੋਂ, ਤਿਰੀ ਰੂਹ ਨੂੰ ਕਢ ਕੇ ਲੈ ਜਾਵੇ।
ਹਤਿਆਰੇ ! ਦਿਲ ਵਿਚ ਸੋਚ ਤੇ ਸਹੀ, ਇਹ ਕੀ ਮਰਦਊ ਕਮਾਇਆ ਤੂੰ।

... ...

ਕ੍ਰਿਸ਼ਨਾ ਨੇ ਜਦ ਇਹ ਤੁਕਾਂ ਖ਼ਤਮ ਕਰ ਕੇ ਮੁੜ ਸਰੋਤਿਆਂ ਵਲ ਤਕਿਆ, ਤਾਂ ਉਸ ਦੀ ਹੈਰਾਨੀ ਦੀ ਹਦ ਨਾ ਰਹੀ। ਸਾਰੀਆਂ ਅੱਖਾਂ ਝੁਕੀਆਂ ਹੋਈਆਂ, ਜਿਨ੍ਹਾਂ ਵਿਚੋਂ ਕਈ ਤਾਂ ਗਿੱਲੀਆਂ ਵੀ ਸਨ।

ਕਵਿਤਾ ਦੇ ਖ਼ਾਤਮੇ ਉਤੇ ਕ੍ਰਿਸ਼ਨਾ ਜ਼ਰਾ ਕੁ ਰੁਕੀ ਤੇ ਫਿਰ ਉਸੇ ਜੋਸ਼ ਤੇ ਰਵਾਨੀ ਵਿਚ ਉਸ ਨੇ ਕਹਿਣਾ ਸ਼ੁਰੂ ਕੀਤਾ — "ਤੁਸੀ ਜਿਹੜਾ ਹਰ ਵੇਲੇ 'ਬਦਲਾ' 'ਬਦਲਾ' ਕੂਕਦੇ ਰਹਿੰਦੇ ਹੋ ਤੇ ਇਸੇ 'ਬਦਲੇ' ਦੇ ਜਜ਼ਬਾਤ ਨੂੰ ਲੈ ਕੇ ਇਸ ਵੇਲੇ ਹੋਰ ਸੈਂਕੜੇ ਮਾਸੂਮਾਂ ਦਾ ਲਹੂ ਵਹਾਉਣ ਨੂੰ ਤਿਆਰ ਖੜੇ ਹੋ। ਮੈਂ ਪੁੱਛਦੀ ਹਾਂ, ਕਿਸ ਪਾਸੋਂ ਲਿਆ ਜਾ ਰਿਹਾ ਹੈ ਇਹ ਬਦਲਾ ? ਮੁਆਫ਼ ਕਰਨਾ ਮੇਰੇ ਵੀਰੋ ! ਇਹ ਜਿਸ ਨੂੰ ਤੁਸੀਂ 'ਬਦਲਾ' ਕਹਿੰਦੇ ਹੋ, ਬਦਲਾ ਨਹੀਂ, ਅਸਲ ਵਿਚ ਅਪਣੀ ਵੀ ਕਿਸੇ ਨਵੀਂ ਤਬਾਹੀ ਦਾ ਪੇਸ਼ਖੇਮਾ ਹੈ। ਬਦਲਾ ਜੇ ਤੁਸੀ ਲੈਣਾ ਚਾਹੁੰਦੇ ਹੋ ਤਾਂ ਆਓ ਮੇਰੇ ਨਾਲ ਸ਼ਾਮਲ ਹੋਵੋ। ਮੈਂ ਤੁਹਾਨੂੰ ਬਦਲਾ ਲੈਣ ਦੀ ਜਾਚ ਸਿਖਾਵਾਂਗੀ। ਕੀ ਤੁਸੀ ਸੁਣਨਾ ਚਾਹੁੰਦੇ ਹੋ ਬਦਲਾ ਲੈਣ ਦਾ ਮੇਰਾ ਤਰੀਕਾ ? ਮੈਂ ਤੁਹਾਨੂੰ ਸ਼ੁਰੂ ਵਿਚ ਹੀ ਕਿਹਾ ਸੀ ਕਿ ਇੰਤਕਾਮ ਦੀ ਅੱਗ ਮੇਰੇ ਅੰਦਰ ਭੜਕ ਰਹੀ ਹੈ ਤੇ ਮੈਂ... ..."

"ਕ੍ਰਿਸ਼ਨਾ ਜੀ !" ਸੁਦਰਸ਼ਨ ਦੀ ਕੜਾਕੇਦਾਰ ਆਵਾਜ਼ ਇਕ ਵਾਰੀ ਫੇਰ ਕਮਰੇ ਵਿਚ ਗੂੰਜ ਉਠੀ — "ਮੈਂ ਇਹੋ ਜਿਹੀ ਬੇਸਿਰ ਪੈਰ ਤਕਰੀਰ ਦੀ ਤੁਹਾਨੂੰ ਹੋਰ ਇਕ ਮਿੰਟ ਲਈ ਵੀ ਇਜਾਜ਼ਤ ਨਹੀਂ ਦੇ ਸਕਦਾ। ਕ੍ਰਿਪਾ ਕਰ ਕੇ ਬੈਠ ਜਾਓ।"

ਇਸ ਦਬਕੇ ਭਰੀ ਅਵਾਜ਼ ਨੇ ਕ੍ਰਿਸ਼ਨਾ ਦੇ ਦਿਲ ਨੂੰ ਝਟਕਾ ਜਿਹਾ ਦਿਤਾ, ਪਰ ਛੇਤੀ ਹੀ ਉਹ ਸੰਭਲ ਗਈ। ਉਸਨੇ ਇਕ ਵਾਰੀ ਫੇਰ ਨਜ਼ਰ ਚੁਕੀ ਤੇ ਵਾਤਾਵਰਨ ਨੂੰ ਕਾਫ਼ੀ ਹਦ ਤੀਕ ਆਪਣੇ ਹੱਕ ਵਿਚ ਤਕ ਕੇ ਉਸ ਨੂੰ ਹੌਸਲਾ ਬਝ ਗਿਆ। ਸਕੱਤਰ ਦੀ ਆਗਿਆ ਦਾ ਪਾਲਣ ਕਰਨ ਜਾਂ ਨਾ ਕਰਨ ਬਾਰੇ ਉਹ ਸੋਚ ਹੀ ਰਹੀ ਸੀ ਕਿ ਇਕ ਆਵਾਜ਼ ਆਈ — "ਸੈਕਰੇਟਰੀ ਸਾਹਿਬ ਨੂੰ ਇਹ ਰੂਲਿੰਗ ਵਾਪਸ ਲੈ ਲੈਣਾ ਚਾਹੀਦਾ ਹੈ, ਜਦ ਕਿ ਹਾਊਸ ਦੀ ਸੈਂਸ ਇਸ ਗਲ ਦਾ ਤਕਾਜ਼ਾ ਕਰਦੀ ਹੈ ਕਿ ਕ੍ਰਿਸ਼ਨਾ ਜੀ ਜ਼ਰੂਰ ਬੋਲਣ।" ਤੇ ਹਾਊਸ ਦਾ ਲਗ ਪਗ ਦੋ ਤਿਹਾਈ ਹਿਸਾ ਇਸ ਆਵਾਜ਼ ਦੀ ਪੁਸ਼ਟੀ ਵਿਚ ਬੋਲ ਉਠਿਆ ਸੁਦਰਸ਼ਨ ਦਿਲ ਮਸੋਸ ਕੇ ਰਹਿ ਗਿਆ ਤੇ ਕ੍ਰਿਸ਼ਨਾ ਨੇ ਵਧ ਚੜ੍ਹ ਕੇ ਕਹਿਣਾ ਸ਼ੁਰੂ ਕੀਤਾ — "ਤਾਂ ਕਮਰਬਸਤਾ ਹੋਵੋ ! ਹਥਿਆਰ ਸੰਭਾਲੋ ! ਬਦਲੇ ਬਾਰੇ ਮੈ ਕਹਿ ਰਹੀ ਸਾਂ ਨਾਂ ? ਤੁਸੀਂ ਸਾਰੇ ਅਜ ਅਹਿਦ ਕਰੋ ਕਿ ਜਦ ਤੀਕ ਉਸ ਸ਼ੈਤਾਨ ਨੂੰ ਸਫ਼ਾ ਹਸਤੀ ਤੋਂ ਮਿਟਾ ਨਹੀਂ ਦੇਂਦੇ, ਚੈਨ ਨਾਲ ਨਹੀਂ ਬੈਠੋਗੇ।"

"ਕਿਸ ਨੂੰ ?" ਇਕ ਸਵਾਲ ਕੀਤਾ ਗਿਆ।

"ਦਸਦੀ ਹਾਂ" ਕ੍ਰਿਸ਼ਨਾ ਰੁਕੀ ਨਹੀਂ — "ਉਸ ਨੂੰ, ਜਿਹੜਾ ਮੇਰਾ ਦੁਸ਼ਮਨ ਹੈ, ਤੁਹਾਡਾ ਦੁਸ਼ਮਨ ਹੈ, ਤੇ ਤੁਹਾਡੀਆਂ ਆਉਣ ਵਾਲੀਆਂ ਨਸਲਾਂ ਦਾ ਦੁਸ਼ਮਣ ਹੈ। ਲੱਖਾਂ ਬੇਗੁਨਾਹਾਂ ਦਾ ਲਹੂ ਪੀ ਕੇ ਵੀ ਜਿਸ ਦਾ ਮਨਹੂਸ ਪੇਟ ਨਹੀਂ ਭਰਿਆ ਤੇ ਸ਼ਹਿਰਾਂ ਦੇ ਸ਼ਹਿਰ ਖੰਡਰਾਤ ਬਣਾ ਕੇ ਵੀ ਜਿਸ ਦੀ ਹਵਸ ਨਹੀਂ ਮਿਟੀ, ਉਹ ਹੈ 'ਫ਼ਿਰਕਾਪ੍ਰਸਤੀ ਦਾ ਕਾਲਾ ਦਿਓ' ਜਿਸ ਨੇ ਨਾ ਸਿਰਫ਼ ਸਾਡੇ ਵਤਨ ਨੂੰ ਹੀ ਦੁਨੀਆਂ ਦੀਆਂ ਨਜ਼ਰਾਂ ਵਿਚ ਜ਼ਲੀਲ ਕਰ ਦਿਤਾ ਹੈ, ਸਾਡੇ ਮਜ਼ਹਬ ਨੂੰ ਵੀ ਇਸ ਨੇ ਹਕੀਰ ਬਣਾ ਦਿਤਾ ਹੈ ! ਕੀ ਅਜ ਹਿੰਦੁਸਤਾਨੀ ਬਾਸ਼ਿੰਦੇ ਦਾ ਦਿਲ ਇਤਨਾ ਪਥਰਾ ਗਿਆ ਹੈ ਕਿ ਮਾਸੂਮਾਂ ਨੂੰ ਜ਼ਬ੍ਹਾ ਕਰਦਿਆਂ ਤੇ ਕੁਆਰੀਆਂ ਦੀ ਅਸਮਤਦਰੀ ਕਰਦਿਆਂ ਉਹ ਜ਼ਰਾ ਵੀ ਜੁੰਬਸ਼ ਨਹੀਂ ਖਾਂਦਾ ? ਜੇ ਸਚਮੁਚ 'ਹਿੰਦੁਸਤਾਨੀ' ਜਾਂ 'ਪੰਜਾਬੀ' ਨੌਜਵਾਨ ਦੀ ਇਹੋ ਖ਼ਸਲਤ ਰਹਿ ਗਈ ਹੈ ਤਾਂ ਮੈਂ ਉਸ ਪਰਮਾਤਮਾ ਦੀ ਦਰਗਾਹ ਵਿਚ ਦੁਆ ਕਰਾਂਗੀ ਕਿ ਸਵੇਰ ਦਾ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਉਹ ਇਸ ਮੁਲਕ ਦੇ ਬਾਸ਼ਿੰਦਿਆਂ ਨੂੰ ਜਹੰਨਮ ਵਿਚ ਗ਼ਰਕ... ...।"

ਨਸੀਮ ਦੀ ਤਕਰੀਰ ਵਿਚੇ ਹੀ ਰਹਿ ਗਈ ਜਦ ਕਰਫਿਊ ਦਾ ਘੁੱਗੂ ਵਜਣ ਦੀ ਆਵਾਜ਼ ਸੁਣਾਈ ਦਿਤੀ। ਜਿਸ ਨੂੰ ਸੁਣਦਿਆਂ ਹੀ ਸਾਰਿਆਂ ਵਿਚ ਹਫੜਾ ਦਫੜੀ ਜਿਹੀ ਮਚ ਗਈ।

ਕਿਉਂਕਿ ਘੁੱਗੂ ਦੀ ਆਵਾਜ਼ ਸ਼ੁਰੂ ਹੋਣ ਤੋਂ ਲੈ ਕੇ ਦਸਾਂ ਮਿੰਟਾਂ ਦੇ ਅੰਦਰ ਅੰਦਰ ਹਰ ਕਿਸੇ ਲਈ ਆਪੋ ਆਪਣੇ ਘਰਾਂ ਵਿਚ ਡਕਿਆ ਜਾਣਾ ਜਰੂਰੀ ਸੀ। ਪਰ ਕ੍ਰਿਸ਼ਨਾ ਦੇ ਇਕੋ ਦਬਕੇ "ਠਹਿਰੋ !" ਨੇ ਸਭ ਨੂੰ ਫੇਰ ਕੁਝ ਦੇਰ ਲਈ ਸ਼ਾਂਤ ਕਰ ਦਿਤਾ। ਉਹ ਬੋਲੀ — "ਮੈਂ ਜੋ ਕੁਝ ਕਹਿਣਾ ਸੀ, ਕਰੀਬਨ ਕਹਿ ਚੁਕੀ ਹਾਂ। ਬਾਕੀ ਕਦੀ ਫੇਰ ਸਹੀ। ਵਕਤ ਦੀ ਤੰਗੀ ਕਰ ਕੇ ਇਸ ਵੇਲੇ ਮੈਂ ਤੁਹਾਨੂੰ ਘਰ ਜਾਣ ਤੋਂ ਰੋਕ ਨਹੀਂ ਸਕਦੀ। ਪਰ ਜਾਂਦੇ ਹੋਏ ਸਿਰਫ਼ ਇਤਨੀ ਗਲ ਹੋਰ ਸੁਣ ਜਾਓ ਕਿ ਮੈਂ ਤੁਹਾਥੋਂ ਕੀ ਚਾਹੁੰਦੀ ਹਾਂ। ਇਹੋ ਦਸਣ ਲਈ ਮੈਂ ਖੜੀ ਹੋਈ ਸਾਂ।"

ਗਰਦਨਾਂ ਇਕ ਵਾਰੀ ਫੇਰ ਕ੍ਰਿਸ਼ਨਾ ਵਲ ਮੁੜੀਆਂ। ਸਿਰਫ ਸੁਦਰਸ਼ਨ ਦੀ ਗਰਦਨ ਨਹੀਂ ਮੁੜੀ।

ਉਹ ਬੋਲੀ — "ਮੁਸਤਕਿਲ ਤੌਰ ਤੇ ਮੈਂ ਜੋ ਚਾਹੁੰਦੀ ਹਾਂ, ਇਹ ਦਸਣ ਦਾ ਤਾਂ ਵਕਤ ਨਹੀਂ ਰਿਹਾ — ਫੇਰ ਕਦੀ ਸਹੀ — ਫ਼ਿਲਹਾਲ ਮੈਂ ਤੁਹਾਡੇ ਪਾਸੋਂ ਇਹੋ ਮੰਗ ਕਰਦੀ ਹਾਂ ਕਿ ਬੁਧਵਾਰ ਵਾਲੇ ਪਰੋਗਰਾਮ ਨੂੰ ਮੁਲਤਵੀ ਕੀਤਾ ਜਾਵੇ।"

ਜਵਾਬ ਵਿਚ ਇਕ ਵਾਰੀ ਹੋਰ ਸੁਦਰਸ਼ਨ ਦੀ ਲਲਕਾਰ ਸੁਣਾਈ ਦਿਤੀ — "ਇਹ ਹਰਗਿਜ਼ ਨਹੀਂ ਹੋ ਸਕਦਾ। ਦੁਨੀਆਂ ਦੀ ਕੋਈ ਤਾਕਤ ਸਾਡੇ ਫ਼ੈਸਲੇ ਨੂੰ ਬਦਲ ਨਹੀਂ ਸਕਦੀ।"

ਪਰ ਸੁਦਰਸ਼ਨ ਦੀ ਇਸ ਲਲਕਾਰ ਦੀ ਪਾਲਣਾ ਲਈ ਕਿਸੇ ਇਕ ਨੇ ਵੀ ਹਾਮੀ ਨਹੀਂ ਭਰੀ, ਸਗੋਂ ਇਸ ਤੋਂ ਉਲਟ ਲਗਪਗ ਸਾਰੇ ਹੀ ਮੈਂਬਰਾਂ ਨੇ ਉਸਦਾ ਵਿਰੋਧ ਕੀਤਾ।

ਇਕ ਅੱਧ ਮਿੰਟ ਕਮਰੇ ਵਿਚ ਹੁਲੜ ਜਿਹਾ ਮਚਿਆ ਰਿਹਾ, ਪਰ ਵਕਤ ਦੀ ਤੰਗੀ ਸਭ ਦੇ ਸਾਹਮਣੇ ਸੀ। ਸੋ ਇਕ ਗਭਰੂ ਨੂੰ ਬੜੀ ਮੌਕੇ ਦੀ ਵਿਉਂਤ ਸੁਝੀ। ਉਹ ਬੋਲਿਆ — "ਹਥ ਖੜੇ ਕਰੋ ਜਿਹੜੇ ਕ੍ਰਿਸ਼ਨਾ ਜੀ ਦੇ ਹਕ ਵਿਚ ਹਨ।"

ਛੁਟ ਸੁਦਰਸ਼ਨ ਤੋਂ ਸਭ ਨੇ ਹਥ ਖੜੇ ਕਰ ਦਿਤੇ, ਜਿਸ ਦਾ ਅਰਥ ਸਾਫ਼ ਸੀ ਕਿ ਬੁਧਵਾਰ ਵਾਲਾ ਪਰੋਗਰਾਮ ਮੁਲਤਵੀ।

"ਤਾਂ ਔਹ ਲਓ ਮੇਰਾ ਅਸਤੀਫਾ।" ਕਹਿ ਕੇ ਸੁਦਰਸ਼ਨ ਨੇ ਝੱਟ ਪਟ ਕਾਗ਼ਜ਼ ਦੇ ਇਕ ਪੁਰਜ਼ੇ ਉਤੇ ਦੋ ਢਾਈ ਸਤਰਾਂ ਲਿਖ ਕੇ, ਇਹ ਸਤਨਾਮ ਦੇ ਹਥ ਵਿਚ ਫੜਾ ਦਿਤਾ।

ਤੇ ਫਿਰ ਸਾਰੇ ਵਾਰੋ ਵਾਰੀ ਕਮਰੇ 'ਚੋਂ ਬਾਹਰ ਨਿਕਲ ਤੁਰੇ।

28

ਦਸਣ ਦੀ ਲੋੜ ਨਹੀਂ ਕਿ ਸੋਮਵਾਰ ਦੀ ਮੀਟਿੰਗ ਤੋਂ ਬਾਅਦ ਨੌਜਵਾਨਾਂ ਦੀ ਇਸ ਛੋਟੀ ਜਿਹੀ ਪਾਰਟੀ ਦਾ ਸਾਰਾ ਢਾਂਚਾ ਹੀ ਬਦਲ ਦਿਤਾ ਗਿਆ। ਬੁਧਵਾਰ ਦੀ ਰਾਤ ਨੂੰ ਜੋਹੜਾ ਪ੍ਰਲੈਕਾਰੀ ਕਾਂਡ ਹੋਣਾ ਸੀ, ਕੇਵਲ ਕ੍ਰਿਸ਼ਨਾ ਦੀ ਵੇਲੇ ਸਿਰ ਦੀ ਰੋਕ ਨੇ ਇਸ ਨੂੰ ਰੋਕ ਦਿਤਾ ਤੇ ਐਸਾ ਰੋਕਿਆ ਕਿ ਪਾਰਟੀ ਦੇ ਮੈਂਬਰਾਂ ਦੇ ਮਨਾਂ ਵਿਚੋਂ ਸਦਾ ਲਈ ਇਸ ਗੁਮਰਾਹੀ ਦਾ ਅਸਰ ਮਿਟ ਗਿਆ।

ਤੀਜੇ ਦਿਨ, ਬੁੱਧਵਾਰ ਦੀ ਸ਼ਾਮ ਨੂੰ ਇਸ ਪਾਰਟੀ ਦੇ ਮੈਂਬਰਾਂ ਨੇ — ਜਿਨ੍ਹਾਂ ਨੇ ਇਸੇ ਵੇਲੇ ਇਕ ਤਬਾਹੀ ਮਚਾਉਣ ਲਈ ਜਾਣਾ ਸੀ, ਇਕ ਹੋਰ ਮਕਾਨ ਤੇ ਇਕੱਠਿਆਂ ਹੋ ਕੇ 'ਇਤਿਹਾਦ ਸਭਾ' ਦੇ ਪੁਨਰ ਜਨਮ ਦੀ ਰਸਮ ਅਦਾ ਕੀਤੀ, ਜਿਸ ਦੀ ਲੀਡਰੀ ਦੀ ਵਾਗਡੋਰ ਪੂਰਨ ਤੌਰ ਤੇ ਸਤਨਾਮ ਤੇ ਕ੍ਰਿਸ਼ਨਾ ਨੂੰ ਸੌਂਪ ਦਿਤੀ ਗਈ।

ਇਸ ਤੋਂ ਦੂਸਰੇ ਦਿਨ ਸਭਾ ਦਾ ਦਫਤਰ ਪਹਿਲੇ ਮਕਾਨ ਚੋਂ ਬਦਲ ਕੇ ਸ਼ਹਿਰੋਂ ਬਾਹਰ ਕੁਈਨ ਰੋਡ ਤੇ ਲੈਜਾਇਆ ਗਿਆ। ਇਸ ਦੀ ਲੋੜ ਏਸ ਕਰਕੇ ਮਹਿਸੂਸ ਕੀਤੀ ਗਈ ਕਿ

ਇਤਿਹਾਦ ਸਭਾ ਦਾ ਢਾਂਚਾ ਤਦ ਤੀਕ ਮੁਕੰਮਲ ਨਹੀਂ ਸੀ ਹੋ ਸਕਦਾ, ਜਦ ਤੀਕ ਇਸ ਵਿਚ ਸਿੱਖਾਂ ਤੋਂ ਛੁਟ ਹਿੰਦੂਆਂ ਤੇ ਮੁਸਲਮਾਨਾਂ ਨੂੰ ਵੀ ਸ਼ਾਮਲ ਨਾ ਕੀਤਾ ਜਾਵੇ। ਤੇ ਇਹ ਤਾਂ ਹੀ ਸੰਭਵ ਹੋ ਸਕਦਾ ਸੀ ਜੇ ਦਫ਼ਤਰ ਸ਼ਹਿਰੋਂ ਬਾਹਰ ਹੋਵੇ।

ਨਵੀਂ ਇਤਿਹਾਦ ਸਭਾ ਦੇ ਮੈਂਬਰਾਂ ਲਈ ਨਵੀਂ ਨਿਯਮਾਵਲੀ, ਤੇ ਨਵੇਂ ਪ੍ਰਣ ਪੱਤਰ ਤਿਆਰ ਕੀਤੇ ਗਏ। ਪ੍ਰਣ-ਪੱਤਰ ਦਾ ਮਜ਼ਮੂਨ ਇਹ ਸੀ —

"ਮੈਂ ਆਪਣੇ ਇਸ਼ਟ ਨੂੰ ਹਾਜ਼ਰ ਨਾਜ਼ਰ ਜਾਣ ਕੇ ਪ੍ਰਣ ਕਰਦਾ ਹਾਂ ਕਿ ਅਜ ਤੋਂ ਮੈਂ ਤਨ ਮਨ ਤੇ ਧਨ ਨਾਲ ਇਤਿਹਾਦ ਸਭਾ ਦੇ ਨਿਯਮਾਂ ਦੀ ਪੈਰਵੀ ਕਰਾਂਗਾ। ਮੈਂ ਕਿਸੇ ਮਜ਼ਹਬੀ ਪੱਖਪਾਤ ਦੇ ਅਸਰ ਹੇਠ ਆ ਕੇ ਕਦੀ ਵੀ ਕੋਈ ਐਸਾ ਕਦਮ ਨਹੀਂ ਉਠਾਵਾਂਗਾ, ਜਿਹੜਾ ਇਤਿਹਾਦ ਸਭਾ ਦੇ ਨਿਯਮਾਂ ਤੋਂ ਖ਼ਿਲਾਫ਼ ਹੋਵੇ। ਮੈਂ ਹਰ ਇਕ ਇਨਸਾਨ ਨੂੰ, ਭਾਵੇਂ ਉਸ ਦਾ ਮਜ਼ਹਬ ਕੋਈ ਵੀ ਹੋਵੇ, ਆਪਣੇ ਸਕੇ ਸਨਬੰਧੀਆਂ ਵਾਲਾ ਪਿਆਰ ਤੇ ਸਤਕਾਰ ਦਿਆਂਗਾ। ਮਜ਼ਹਬੀ ਖਿਚੋਤਾਣ ਨੂੰ ਰੋਕਣ ਲਈ ਮੈਂ ਆਪਣੀ ਆਪਣੀਆਂ ਸਾਰੀਆਂ ਤਾਕਤਾਂ ਖ਼ਰਚ ਕਰ ਦਿਆਂਗਾ — ਇਥੋਂ ਤਕ ਕਿ ਜਾਨ ਲੜਾਨ ਤੋਂ ਵੀ ਦਰੇਗ ਨਹੀਂ ਕਰਾਂਗਾ।"

ਸਤਨਾਮ ਦੀ ਜੀਵਨ-ਪੁਸਤਕ ਵਿਚ ਇਕ ਨਵੇਂ ਕਾਂਡ ਦਾ ਵਾਧਾ ਹੋਇਆ, ਜਦ ਉਸ ਨੇ ਕ੍ਰਿਸ਼ਨਾ ਨੂੰ 'ਨਸੀਮ' ਦੇ ਰੂਪ ਵਿਚ ਪਹਿਲੀ ਵੇਰਾਂ ਤਕਿਆ। ਕ੍ਰਿਸ਼ਨਾ ਲਈ ਉਸ ਦੇ ਦਿਲ ਵਿਚ ਪਿਆਰ ਤਾਂ ਪਹਿਲਾਂ ਹੀ ਘਟ ਨਹੀਂ ਸੀ, ਪਰ ਕ੍ਰਿਸ਼ਨਾ ਦੀ ਜ਼ਿੰਦਗੀ ਦੇ ਮੁਢਲੇ ਹਾਲਾਤ ਸੁਣਕੇ — ਜਿਨ੍ਹਾਂ ਨੂੰ ਹੁਣ ਤੀਕ ਉਸਨੇ ਤੇ ਬਾਬੇ ਨੇ ਲੁਕਾਈ ਰਖਿਆ ਸੀ — ਉਸ ਦੀ ਆਤਮਾ ਵਿਚ ਇਕ ਨਵਾਂ ਹੁਲਾਰ ਪੈਦਾ ਹੋਇਆ। ਫਿਰ ਕ੍ਰਿਸ਼ਨਾ ਦੀ ਇਹ ਕਰਾਮਾਤ ਵੇਖ ਕੇ ਤਾਂ ਉਹ ਦੰਗ ਹੀ ਰਹਿ ਗਿਆ ਕਿ ਕੇਵਲ ਇਕੋ ਦਿਨ ਵਿਚ ਕਿਸ ਤਰ੍ਹਾਂ ਉਸ ਨੇ ਸਾਰੇ ਨੌਜਵਾਨਾਂ ਦੇ ਦਿਲ — ਜਿਹੜੇ ਫ਼ਿਰਕੂ ਤੁਅੱਸਬ ਨਾਲ ਭਰੇ ਹੋਏ ਸਨ — ਬਦਲ ਕੇ ਰਖ ਦਿਤੇ। ਛੁਟ ਇਕ ਸੁਦਰਸ਼ਨ ਤੋਂ, ਜਿਸ ਦੀ ਜ਼ਿਹਨੀਅਤ ਮੁਢ ਤੋਂ ਹੀ 'ਛਮੀ ਚੁੱਬਦ, ਨਾ ਚੁੱਕਦ ਗਲ ਮੁਹੰਮਦ' ਵਾਲੀ ਸੀ।

ਪਬਲਿਕ ਜ਼ਿੰਦਗੀ ਵਿਚ ਪ੍ਰਵੇਸ਼ ਕਰ ਕੇ ਕ੍ਰਿਸ਼ਨਾ ਇਤਨੀ ਜਲਦੀ ਅਨੇਕਾਂ ਅਮੋੜ ਤੇ ਗੁੰਮਰਾਹ ਦਿਲਾਂ ਨੂੰ ਆਪਣੀ ਮਰਜ਼ੀ ਅਨੁਸਾਰ ਤੋਰਨ ਦੀ ਸਮਰੱਥਾ ਪੈਦਾ ਕਰ ਲਵੇਗੀ, ਸਤਨਾਮ ਨੂੰ ਇਹ ਇਕ ਜਾਦੂ ਕ੍ਰਿਸ਼ਮਾ ਜਿਹਾ ਮਾਲੂਮ ਹੁੰਦਾ ਸੀ। ਪਰ ਏਦੂੰ ਵੀ ਵਡੀ ਜਾਦੂਗਰੀ, ਜਿਸ ਨੇ ਸਤਨਾਮ ਦਾ ਸਾਰਾ ਦਿਲ ਉਸ ਦੇ ਕਦਮਾਂ ਉਤੇ ਉਲੱਦ ਦਿਤਾ, ਇਹ ਸੀ ਕ੍ਰਿਸ਼ਨਾ ਦੀ ਸਵਾ ਮਹੀਨੇ ਦੀ ਨਿਰੰਤਰ ਤਪੱਸਿਆ। ਇਧਰ ਵਿਚਾਰੀ ਮੁੰਨੀ ਨੂੰ ਬੁਖ਼ਾਰ ਨੇ ਐਸਾ ਗ੍ਰਸਿਆ ਕਿ ਪੰਜ ਹਫ਼ਤੇ ਉਸ ਦਾ ਖਹਿੜਾ ਨਹੀਂ ਛਡਿਆ। ਮਾਮੂਲੀ ਮਲੇਰੀਆ ਜਦ ਮਿਆਦੀ ਬੁਖ਼ਾਰ ਦੀ ਸ਼ਕਲ ਵਿਚ ਬਦਲਦਾ ਦਿਖਾਈ ਦਿਤਾ, ਤਾਂ ਸਾਰੇ ਟੱਬਰ ਨੂੰ ਇਕ ਨਵੀਂ ਚਿੰਤਾ ਨੇ ਆ ਘੇਰਿਆ। ਮੁੰਨੀ ਦਿਨੋਂ ਦਿਨ ਮੌਤ ਦੇ ਨੇੜੇ ਪਹੁੰਚਦੀ ਜਾ ਰਹੀ ਸੀ। ਬਾਬਾ ਜੀ ਦੀ ਦਵਾਈ ਨੇ ਜਦ ਕੋਈ ਲਾਭ ਨਾ ਪਹੁੰਚਾਇਆ ਤਾਂ ਡਾਕਟਰਾਂ ਦੀ ਸ਼ਰਨ ਲੈਣੀ ਪਈ। ਪਰ ਬਾਬਾ ਜੀ ਦੀ ਭਵਿੱਖਬਾਣੀ ਗ਼ਲਤ ਨਹੀਂ ਸਾਬਤ ਹੋਈ। ਸ਼ੁਰੂ ਵਿਚ ਹੀ ਉਸ ਨੇ ਕਹਿ ਦਿਤਾ ਸੀ ਕਿ ਇਹ ਬੁਖ਼ਾਰ ਆਪਣੀ ਮਿਆਦ ਤੋਂ ਪਹਿਲਾਂ ਨਹੀਂ ਟੁਟੇਗਾ।

ਅਖ਼ੀਰ ਕ੍ਰਿਸ਼ਨਾ ਦੀ ਤਪੱਸਿਆ ਆਪਣਾ ਰੰਗ ਲਿਆਈ — ਮਹੀਨੇ ਤੋਂ ਵੀ ਕੁਝ ਦਿਨ ਉਪਰ ਟਪ ਕੇ ਕਿਤੇ ਬੁਖ਼ਾਰ ਨੇ ਮੋੜਾ ਖਾਧਾ। ਮੁੰਨੀ ਦਾ ਲੁਸ਼ ਲੁਸ਼ ਕਰਦਾ ਪਿੰਡਾ, ਹੱਡੀਆਂ ਦਾ ਪਿੰਜਰ ਮਾਤਰ ਰਹਿ ਗਿਆ, ਤੇ ਇਸ ਦੇ ਨਾਲ ਹੀ ਕ੍ਰਿਸ਼ਨਾ ਦੀ ਸਿਹਤ ਵੀ ਵਿਗੜਨੀ ਸ਼ੁਰੂ ਹੋ ਗਈ, ਜਿਸ ਨੇ ਦਰਜਨਾਂ ਰਾਤਾਂ ਮੁੰਨੀ ਦੀ ਸਰ੍ਹਾਂਦੀ ਬੈਠਿਆਂ ਬਿਤਾ ਦਿਤੀਆਂ ਸਨ। ਸਾਰਾ ਹੀ ਟੱਬਰ ਵਾਹ ਲਾ ਥਕਾ — ਸਤਨਾਮ ਨੇ ਵਾਸਤੇ ਪਾਏ, ਬਾਬੇ ਨੇ ਤਰਲੇ ਕੀਤੇ। ਪਰ ਕ੍ਰਿਸ਼ਨਾ ਸੀ ਕਿ ਉਸ ਦੇ ਹਠ ਅਗੇ ਕਿਸੇ ਦੀ ਪੇਸ਼ ਨਾ ਜਾ ਸਕੀ — ਉਸ ਨੇ ਮੁੰਨੀ ਦਾ ਮੰਜਾ

ਨਹੀਂ ਛਡਿਆ। ਸਾਰੀ ਸਾਰੀ ਰਾਤ ਬੈਠਿਆਂ ਕਟਦੀ ਰਹੀ। ਸਤਨਾਮ ਜਿਉਂ ਜਿਉਂ ਉਸ ਦੇ ਚਿਹਰੇ ਦੀ ਸਫ਼ੈਦੀ ਉਤੇ ਪਿਲੱਤਣ ਗੂੜ੍ਹੀ ਹੁੰਦੀ ਜਾਂਦੀ ਵੇਖਦਾ, ਉਸ ਦੇ ਅੰਦਰ ਕਾਤੀਆਂ ਫਿਰਦੀਆਂ ਜਾ ਰਹੀਆਂ ਸਨ।

ਹੇਠਾਂ ਅੰਤ ਦੀ ਗਰਮੀ ਹੋ ਜਾਣ ਕਰਕੇ ਮੁੰਨੀ ਦਾ ਮੰਜਾ ਉਪਰ, ਸਤਨਾਮ ਵਾਲੇ ਕਮਰੇ ਵਿਚ ਲੈ ਜਾਇਆ ਜਾ ਚੁਕਾ ਸੀ ਤੇ ਸਤਨਾਮ ਨੇ ਆਪਣਾ ਮੰਜਾ ਬਾਹਰ ਖੁਲ੍ਹੀ ਛਤ ਤੇ ਕਰ ਲਿਆ ਹੋਇਆ ਸੀ।

ਰਾਤ ਹਨੇਰੀ ਸੀ। ਕਮਰੇ ਦੀ ਛੋਟੀ ਬੱਤੀ ਦਾ ਪੀਲਾ ਚਾਨਣ ਬੀਮਾਰ ਦੇ ਚਿਹਰੇ ਤੇ ਪੈ ਕੇ ਉਸਦੀ ਪਿਲੱਤਣ ਵਿਚ ਵਾਧਾ ਕਰ ਰਿਹਾ ਸੀ। ਟਾਈਮਪੀਸ ਕਦ ਤੋਂ ਬੰਦ ਸੀ, ਜਿਸ ਕਰ ਕੇ ਵਕਤ ਦਾ ਕੁਝ ਪਤਾ ਨਹੀਂ ਸੀ ਲਗ ਰਿਹਾ। ਅੰਦਰੋਂ ਮੰਜੇ ਦੀ ਕਿੜ-ਕਿੜ ਅਵਾਜ਼ ਸੁਣਕੇ ਸਤਨਾਮ ਦੀ ਨੀਂਦਰ ਟੁਟ ਗਈ। ਉਹ ਝਟਕੁ ਲੰਮਾ ਪਿਆ ਰਿਹਾ, ਫਿਰ ਉਠ ਕੇ ਦੱਬੇ ਪੈਰੀਂ ਅੰਦਰ ਕਮਰੇ ਵਿਚ ਜਾ ਪਹੁੰਚਾ। ਛੋਟੀ ਬੱਤੀ ਦੇ ਮੱਧਮ ਚਾਨਣ ਵਿਚ ਉਸ ਨੇ ਮੰਜੇ ਵਲ ਵੇਖਿਆ, ਮੁੰਨੀ ਉਸ ਉਤੇ ਇਕੱਲੀ ਸੀ।

"ਤਾਂ ਕੀ ਕ੍ਰਿਸ਼ਨਾ ਕਿਤੇ ਬਾਹਰ ਨਿਕਲੀ ਹੈ ?" ਇਹ ਸੋਚ ਅਜੇ ਉਸ ਨੂੰ ਫੁਰੀ ਹੀ ਸੀ ਕਿ ਸੱਜੇ ਹਥ ਦੀ ਨੁੱਕਰ ਵਲ ਉਸ ਦੀ ਨਜ਼ਰ ਜਾ ਪਈ, ਜਿਥੇ ਕ੍ਰਿਸ਼ਨਾ ਗੋਡਿਆਂ ਭਾਰ ਹੋਈ ਲਹਿੰਦੇ ਪਾਸੇ ਮੂੰਹ ਕੀਤੀ ਬੈਠੀ ਸੀ। ਉਸ ਦੀਆਂ ਅੱਖਾਂ ਪੂਰੀ ਤਰ੍ਹਾਂ ਉਘੜ ਕੇ ਉਤਾਂਹ ਛਤ ਵਲ ਗਡੀਆਂ ਹੋਈਆਂ, ਤੇ ਦੋਵੇਂ ਹੱਥ ਇਸ ਤਰ੍ਹਾਂ ਇਕ ਦੂਜੇ ਦੇ ਨਾਲ ਜੁੜ ਕੇ ਉਸ ਦੀ ਛਾਤੀ ਅਗੇ ਫੈਲੇ ਹੋਏ ਸਨ, ਜਿਵੇਂ ਉਪਰੋਂ ਆਉਣ ਵਾਲੀ ਕਿਸੇ ਚੀਜ਼ ਨੂੰ ਬੋਚਣ ਨੂੰ ਤਿਆਰ ਹੋਣ। ਉਸ ਦੇ ਚਿਹਰੇ ਉਤੇ ਇਸ ਵੇਲੇ ਪ੍ਰਾਰਥਨਾ ਜਾਂ ਦੁਆ ਦੇ ਭਾਵ ਸਨ, ਤੇ ਅੱਖਾਂ ਉਸ ਦੀਆਂ ਵਿਚੋਂ ਅੱਥਰੂ ਵਹਿ ਰਹੇ ਸਨ। ਸ਼ਾਇਦ ਉਹ ਇਸ ਵੇਲੇ ਆਪਣੇ ਸਿਰਜਨਹਾਰ ਪਾਸੋਂ ਕੁਝ ਮੰਗ ਰਹੀ ਸੀ। ਕਿਉਂਕਿ ਉਸ ਦੇ ਹੋਠ ਹੌਲੀ ਹੌਲੀ ਹਿਲ ਜਾਂ ਸ਼ਾਇਦ ਕੰਬ ਰਹੇ ਸਨ।

ਝਟ ਕੁ ਬੂਹੇ ਕੋਲ ਖੜੋਤਾ ਸਤਨਾਮ ਤੱਕਦਾ ਰਿਹਾ, ਉਸ ਦਾ ਖ਼ਿਆਲ ਸੀ ਕਿ ਕ੍ਰਿਸ਼ਨਾ ਛੇਤੀ ਹੀ ਉਠ ਖੜੋਵੇਗੀ, ਪਰ ਜਦ ਕਾਫ਼ੀ ਚਿਰ ਖੜਾ ਰਹਿਣ ਤੇ ਵੀ ਉਸ ਨੇ ਕ੍ਰਿਸ਼ਨਾ ਦੇ ਸਰੀਰ ਵਿਚ ਹਰਕਤ ਨਾ ਤੱਕੀ, ਨਾ ਹੀ ਕ੍ਰਿਸ਼ਨਾ ਨੂੰ ਉਸ ਦੇ ਆਉਣ ਦਾ ਪਤਾ ਲਗਾ, ਤਾਂ ਉਹ ਉਵੇਂ ਹੀ ਪਿਛਾਂਹ ਮੁੜ ਕੇ ਬਾਹਰ ਨਿਕਲ ਗਿਆ।

ਉਹ ਫੇਰ ਮੰਜੇ 'ਤੇ ਆ ਲੇਟਿਆ। ਕਿੰਨਾ ਹੀ ਚਿਰ ਉਸ ਦੀਆਂ ਅੱਖਾਂ ਝਮਕਦੀਆਂ ਤੇ ਕੰਨ ਖੜੋਤੇ ਰਹੇ, ਪਰ ਕਿੜ ਕਿੜ' ਦੀ ਆਵਾਜ਼ ਉਸ ਨੂੰ ਫੇਰ ਸੁਣਾਈ ਨਾ ਦਿਤੀ। ਅਖ਼ੀਰ ਏਸੇ ਹੀ ਉਡੀਕ ਵਿਚ ਉਸ ਦੀ ਅੱਖ ਲਗ ਗਈ।

ਸਵੇਰੇ ਜਦ ਨਿਯਤ ਸਮੇਂ ਮੁੰਨੀ ਦਾ ਟੈਮਪਰੇਚਰ ਲਿਆ ਗਿਆ, ਤਾਂ ਥਰਮਾਮੀਟਰ ਦਾ ਪਾਰਾ ਇਕ ਡਿਗਰੀ ਨੀਵਾਂ ਸੀ।

ਇਸ ਤੋਂ ਬਾਅਦ ਪੰਜ ਛੇ ਦਿਨ ਲਗਾਤਾਰ ਇਸੇ ਤਰ੍ਹਾਂ ਇਕ ਇਕ ਡਿਗਰੀ ਬੁਖ਼ਾਰ ਘਟਦਾ ਗਿਆ, ਤੇ ਆਖ਼ਰ ਇਹ ਨਾਰਮਲ ਤੋਂ ਵੀ ਹੇਠਾਂ, ਸਤਾਨਵੇਂ ਡਿਗਰੀ ਤੇ ਜਾ ਟਿਕਿਆ।

ਕੁਕੜੀ ਦੇ ਸਰੀਰ ਦੀ ਗਰਮੀ ਜਿਸ ਤਰ੍ਹਾਂ ਉਸ ਦੀ ਨਿਰੰਤਰ ਬੈਠਕ ਤੋਂ ਬਾਅਦ ਨਿਰਜੀਵ ਆਂਡਿਆਂ ਵਿਚ ਜ਼ਿੰਦਗੀ ਭਰ ਦੇਂਦੀ ਹੈ, ਇਸੇ ਤਰ੍ਹਾਂ ਹੀ ਕ੍ਰਿਸ਼ਨਾ ਦੀ ਸੇਵਾ, ਪ੍ਰਾਰਥਨਾ ਤੇ ਲੰਮੇ ਜਗਰਾਤਿਆਂ ਦਾ ਫਲ ਰੂਪ ਸਵਾ ਮਹੀਨੇ ਪਿਛੋਂ ਮੁੰਨੀ ਨੇ ਮੌਤ ਦੇ ਪੰਜੇ ਚੋਂ ਨਿਕਲ ਕੇ ਨਵੀਂ ਜ਼ਿੰਦਗੀ ਦੀ ਦਹਲੀਜ਼ ਤੇ ਕਦਮ ਰਖਿਆ। ਉਸ ਰਾਤ-ਪੂਰੇ ਸਵਾ ਮਹੀਨੇ ਪਿਛੋਂ ਕ੍ਰਿਸ਼ਨਾ ਸਾਰੀ ਰਾਤ ਨੀਂਦਰ ਭਰ ਕੇ ਸੁਤੀ।

'ਕ੍ਰਿਸ਼ਨਾ !' ਸਵੇਰੇ ਜਦ ਉਹ ਜਾਗੀ ਤਾਂ ਕੇਸਰ ਕੌਰ ਉਸ ਨੂੰ ਕਹਿ ਰਹੀ ਸੀ — 'ਇਸ ਕੁੜੀ ਨੂੰ ਪਹਿਲੀ ਵਾਰੀ ਮੈਂ ਜਨਮ ਦਿਤਾ ਸੀ, ਪਰ ਦੂਜੀ ਵਾਰੀ ਤੂੰ ਇਸ ਨੂੰ ਦਿਤਾ।'

"ਮੈਂ ਨਹੀਂ ਮਾਸੀ ਜੀ" — ਕ੍ਰਿਸ਼ਨਾ ਨੇ ਅਕਾਸ਼ ਵਲ ਅੱਖਾਂ ਚੁਕ ਕੇ ਕਿਹਾ — "ਉਸ ਨੇ।"

"ਪਰ ਕ੍ਰਿਸ਼ਨਾ !" ਗਲੇਡੂ — ਜਿਹੜੇ ਪਿਆਰ, ਮਮਤਾ ਤੇ ਸ਼ਰਧਾ ਦਾ ਪੰਘਰਿਆ ਹੋਇਆ ਰੂਪ ਸਨ — ਅੱਖਾਂ ਵਿਚ ਭਰ ਕੇ ਕੇਸਰ ਕੌਰ ਨੇ ਕਿਹਾ— "ਤੇਰਾ ਆਪਣਾ ਕੀ ਹਾਲ ਹੋ ਗਿਐ। ਕਦੀ ਸ਼ੀਸ਼ੇ ਵਿਚ ਮੂੰਹ ਵੇਖਿਆ ਈ ?"

"ਤੁਸੀਂ ਵੇਖਣਾ ਤੇ ਸਹੀ ਮਾਸੀ ਜੀ" ਇਸ ਸ਼ਲਾਘਾ ਦੇ ਬੋਝ ਹੇਠ ਆਪਣੇ ਆਪ ਨੂੰ ਔਖੀ ਔਖੀ ਅਨੁਭਵ ਕਰਦਿਆਂ ਕ੍ਰਿਸ਼ਨਾ ਨੇ ਜਵਾਬ ਦਿਤਾ — "ਮੈਂ ਥੋੜੇ ਦਿਨਾਂ ਵਿਚ ਹੀ ਇਤਨੀ ਮੋਟੀ ਹੋ ਜਾਵਾਂਗੀ ਕਿ ਤੁਸੀਂ ਪਛਾਣ ਨਹੀਂ ਸਕੋਗੇ।"

"ਕਿਉਂ" ਕੇਸਰ ਕੌਰ ਹਸ ਕੇ ਬੋਲੀ — "ਕੋਈ ਘਿਉ ਦਾ ਪੀਪਾ ਮੰਗਾਇਆ ਈ ?"

"ਇਕ ਨਹੀਂ" ਉਹ ਵੀ ਅਗੋਂ ਹਸ ਪਈ "ਇਕ ਸੌ ਪੀਪੇ ਘਿਉ ਦੇ ਮੁੰਨੀ ਲਿਆਈ ਏ ਮੇਰੇ ਜੋਗੇ।"

"ਮੇਰੀ ਬੱਚੀ" ਕਹਿ ਕੇ ਕੇਸਰ ਕੌਰ ਨੇ ਉਸ ਨੂੰ ਛਾਤੀ ਨਾ ਲਾ ਲਿਆ।

29

ਮਾਰਚ ਅਪਰੈਲ ਤੇ ਮਈ, ਤਿੰਨੇ ਮਹੀਨੇ ਇਸ ਪੰਜਾਂ ਦਰਿਆਵਾਂ ਦੀ ਧਰਤੀ ਉਤੇ, ਇਸ ਦੇ ਵਾਸੀਆਂ ਨੇ ਲਹੂ ਤੇ ਅੱਗ ਦੀਆਂ ਦਾਨਵੀ ਖੇਡਾਂ ਖੇਡਦਿਆਂ ਬਿਤਾ ਦਿਤੇ। ਤੇ ਜੂਨ ਚੜ੍ਹਦਿਆਂ ਹਾਲਾਤ ਨੇ ਕੁਝ ਕੁਝ ਤਬਦੀਲੀ ਅਖ਼ਤਿਆਰ ਕੀਤੀ। ਪਾਕਿਸਤਾਨ ਤੇ ਹਿੰਦੁਸਤਾਨ ਦੀਆਂ ਵੰਡਾਂ ਦੀ ਉਲਝੀ ਤਾਣੀ ਵਿਚ ਭਾਵੇਂ ਅਜੇ ਤੀਕ ਸੁਲਝਾਉ ਦਾ ਕੋਈ ਠੋਸ ਚਿੰਨ੍ਹ ਨਜ਼ਰੀਂ ਨਹੀਂ ਸੀ ਆ ਰਿਹਾ, ਨਾ ਹੀ ਦੋਹਾਂ ਪਾਸਿਆਂ ਤੋਂ ਦੂਰੀ ਦੀਆਂ ਹਦਾਂ ਮਿੱਥੀਆਂ ਹੋਈਆਂ ਜਾਪਦੀਆਂ ਸਨ। ਪਰ ਵਾਯੂ-ਮੰਡਲ ਵਿਚ ਕੁਝ ਨਾ ਕੁਝ ਠਹੰਮਾ ਦਿਖਾਈ ਦੇਂਦਾ ਸੀ। ਛੁਰੇਬਾਜ਼ੀ ਤੇ ਅੱਗ ਬਾਜ਼ੀ ਦੀਆਂ ਵਾਰਦਾਤਾਂ ਅਜੇ ਵੀ ਹੋ ਜਾਂਦੀਆਂ ਸਨ, ਪਰ ਪਹਿਲਾਂ ਜਿੰਨੀ ਤੇਜ਼ੀ ਨਾਲ ਨਹੀਂ। ਇਸ ਦਾ ਕਾਰਨ ਜਾਂ ਤਾਂ ਤਿੰਨਾਂ ਮਹੀਨਿਆਂ ਦੇ ਕਰਫਿਊ ਦਾ ਹੁਸੜੇਵਾਂ ਹੋ ਸਕਦਾ ਸੀ, ਤੇ ਜਾਂ ਬੇਰੁਜ਼ਗਾਰੀ ਹਥੋਂ ਲੋਕਾਂ ਦਾ ਕਚੂੰਮਰ ਨਿਕਲਣ ਲਗ ਪਿਆ ਸੀ। ਦਿਲਾਂ ਵਿਚ ਬੁਗ਼ਜ਼ ਅਜੇ ਵੀ ਉਸੇ ਤਰ੍ਹਾਂ ਮੌਜੂਦ ਸਨ — ਇਕ ਦੂਜੇ ਫ਼ਿਰਕੇ ਨੂੰ ਨੇਸਤੋ ਨਾਬੂਦ ਕਰਨ ਦੀਆਂ ਲਹਿਰਾਂ ਅਜੇ ਵੀ ਹਰ ਇਕ ਦੀ ਛਾਤੀ ਵਿਚ ਠਾਠਾਂ ਮਾਰ ਰਹੀਆਂ ਸਨ। ਪਰ ਇਸ ਵਿਚ ਸ਼ੱਕ ਨਹੀਂ ਕਿ ਫ਼ਸਾਦਾਂ ਦੇ ਕਹਿਰੀ ਝੱਖੜ ਤੋਂ ਸਾਰੇ ਹੀ ਤੰਗ ਆਏ ਹੋਏ ਸਨ।

ਆਪੋ ਵਿਚ ਦੀਆਂ ਗਲਾਂਬਾਤਾਂ ਤੋਂ ਇਨ੍ਹੀਂ ਦਿਨੀਂ ਇਹੋ ਜਾਪਦਾ ਸੀ ਕਿ ਫ਼ਸਾਦਾਂ ਦੀ ਸਾਰੀ ਜ਼ਿਮੇਂਵਾਰੀ ਲੋਕੀ 'ਗੁੰਡਾ ਪਾਰਟੀ' ਦੇ ਸਿਰ ਮੜ੍ਹਨਾ ਚਾਹੁੰਦੇ ਹਨ। ਹਰ ਕੋਈ ਇਹੋ ਕਹਿੰਦਾ ਸੁਣਾਈ ਦੇਂਦਾ "ਇਹ ਸਭ 'ਗੁੰਡਾ ਪਾਰਟੀ' ਦੀ ਸ਼ੈਤਾਨੀ ਹੈ।" ਪਰ ਲੋਕਾਂ ਦੀ ਇਸ ਦਲੀਲ ਵਿਚ ਕਿੰਨੀ ਕੁ ਸਚਾਈ ਸੀ ?

'ਗੁੰਡਾ ਪਾਰਟੀ' ਕਿਹੜੀ ਸੀ ਜਿਹੜੀ ਹਿੰਦੂਆਂ, ਮੁਸਲਮਾਨਾਂ ਤੇ ਸਿਖਾਂ, ਸਾਰਿਆਂ ਤੋਂ ਬੇਬਾਹਰੀ ਹੋ ਕੇ ਇਹ ਕਾਰੇ ਕਰ ਰਹੀ ਸੀ ? ਇਹ ਇਕ ਬੜਾ ਟੇਢਾ ਜਿਹਾ ਸਵਾਲ ਸੀ ਕਿ ਹਰ ਇਕ ਫ਼ਿਰਕੇ ਵਿਚ ਗੁੰਡਾ ਪਾਰਟੀਆਂ ਕੇਵਲ ਫ਼ਸਾਦਾਂ ਦੇ ਦਿਨਾਂ ਵਿਚ ਹੀ ਕੋਈ ਖ਼ੁਦਾਈ ਸਨਦ ਲੈ ਕੇ ਅਕਾਸ਼ੋਂ ਉਤਰ ਆਈਆਂ ਸਨ ? ਤੇ ਜੇ ਨਹੀਂ ਤਾਂ ਫਿਰ ਹਰ ਇਕ ਫ਼ਿਰਕੇ ਵਾਲੇ ਕਿਉਂ ਨਹੀਂ ਸਨ ਲਗਾਮ ਦੇ ਸਕਦੇ ਆਪੋ ਆਪਣੀ 'ਗੁੰਡਾ ਪਾਰਟੀ' ਦੇ ਮੂੰਹਾਂ ਵਿਚ ?

ਅਸਲ ਵਿਚ 'ਗੁੰਡਾ ਪਾਰਟੀ' ਦੀ ਕੋਈ ਵੱਖਰੀ ਸ਼੍ਰੇਣੀ ਨਹੀਂ ਸੀ। ਹਰ ਫ਼ਿਰਕੇ ਵਿਚ ਅਵੱਸ਼ ਹੀ ਐਸੇ ਨੌਜਵਾਨ ਮੌਜੂਦ ਹੁੰਦੇ ਹਨ, ਜਿਹੜੇ ਜਾਂ ਤਾਂ ਛੜੇ ਛੜਾਂਗ, ਤੇ ਜਾਂ ਫਿਰ ਲੁਚੇ ਲਫੰਗੇ। ਇਸ ਤੋਂ ਬਹੁਤੀ ਗਿਣਤੀ ਐਸੇ ਲੋਕਾਂ ਦੀ ਹੁੰਦੀ ਹੈ, ਜਿਹੜੇ ਨਾ ਛੜੇ ਛੜਾਂਗ, ਤੇ

ਨਾ ਹੀ ਲੁਚੇ ਲਫੰਗੇ, ਪਰ ਮਜ਼ਹਬੀ ਆਗੂਆਂ ਦੀਆਂ ਭੜਕਾਊ ਤਕਰੀਰਾਂ ਸੁਣ ਸੁਣ ਕੇ, ਤੇ ਅਖ਼ਬਾਰਾਂ ਦੇ ਬਾਰੂਦੀ ਮਜ਼ਮੂਨ ਪੜ੍ਹ ਪੜ੍ਹ ਕੇ ਆਪਣੇ ਆਪੇ ਤੋਂ ਬਾਹਰ ਹੋ ਜਾਂਦੇ ਤੇ ਉਪਰੋਕਤ ਦੋਹਾਂ ਕਿਸਮਾਂ ਦੇ ਆਦਮੀਆਂ ਵਿਚ ਜਾ ਰਲਦੇ ਹਨ। ਸੋ ਤਿੰਨਾਂ ਹੀ ਕਿਸਮਾਂ ਦੇ ਨੌਜਵਾਨਾਂ ਦੀ ਮਿਲਵੀਂ ਜੁਲਵੀਂ ਜੁੰਡੀ ਨੂੰ 'ਗੁੰਡਾ ਪਾਰਟੀ' ਕਹਿ ਲਓ, 'ਸ਼ਹੀਦੀ ਪਾਰਟੀ' ਆਖ ਲਓ, ਤੇ ਭਾਵੇਂ 'ਗ਼ਾਜ਼ੀ ਪਾਰਟੀ', ਜਿਹੜੇ ਸਮੇਂ ਸਮੇਂ ਇਹੋ ਜਿਹੇ ਫ਼ਸਾਦਾਂ ਦੇ ਮੋਢੀ ਸਾਬਤ ਹੋਇਆ ਕਰਦੇ ਹਨ।

ਇਕ ਗਲ ਹੋਰ ਵੀ ਸੋਚਣ ਵਾਲੀ ਹੈ, ਕੀ ਇਹ 'ਸ਼ਹੀਦ' ਤੇ 'ਗ਼ਾਜ਼ੀ' ਕੇਵਲ ਆਪਣੀ ਤਾਕਤ ਦੇ ਬਲ ਬੂਤੇ ਤੇ ਹੀ ਸਭ ਕੁਝ ਕਰਿਆ ਕਰਦੇ ਹਨ ? ਕੌਣ ਇਨ੍ਹਾਂ ਦੇ ਫਕਣ ਫਕਾਣ ਲਈ ਹਜ਼ਾਰਾਂ ਰੁਪਿਆਂ ਦਾ ਫ਼ੰਡ 'ਕੱਠਾ ਕਰਦਾ ਹੈ, ਕਿਸ ਦੀ ਮਦਦ ਨਾਲ ਇਨ੍ਹਾਂ ਲਈ ਮਹਿੰਗੇ ਤੋਂ ਮਹਿੰਗਾ ਅਸਲਾ, ਗੋਲੀ ਗਠਾ ਤੇ ਬੰਬਬਾਜ਼ੀ ਦਾ ਸਮਾਨ ਜਮ੍ਹਾਂ ਕੀਤਾ ਜਾਂਦਾ ਹੈ ? ਵਖੋ ਵਖ ਸਮਿਆਂ ਉਤੇ ਤਲਾਸ਼ੀਆਂ ਵਿਚੋਂ ਜਿਹੜੇ ਹਜ਼ਾਰਾਂ ਬੰਬ, ਲਖਾਂ ਕਾਰਤੂਸ ਤੇ ਸੈਂਕੜੇ ਬੰਦੂਕਾਂ, ਪਿਸਤੌਲਾਂ ਤੋਂ ਛੁਟ ਪੈਟਰੋਲ ਦੇ ਪੀਪੇ, ਤੇ ਹੋਰ ਇਹੋ ਜਿਹੀਆਂ ਖ਼ਤਰਨਾਕ ਚੀਜ਼ਾਂ ਬਰਾਮਦ ਹੋ ਚੁਕੀਆਂ ਸਨ, ਉਹ ਸਭ ਕੁਝ ਕਿਵੇਂ ਪੈਦਾ ਕੀਤਾ ਗਿਆ, ਤੇ ਕਿਸ ਦੇ ਪੈਸੇ ਨਾਲ ? ਯਕੀਨਨ ਉਨ੍ਹਾਂ ਲੋਕਾਂ ਦੀ ਸ਼ਹਿ, ਪੈਸੇ ਤੇ ਖੁਲ੍ਹਦਿਲੀ ਦਾ ਸਦਕਾ ਹੀ, ਜਿਹੜੇ ਅਜ ਇਕ ਦੂਜੇ ਦੇ ਮੂੰਹ ਨਾਲ ਮੂੰਹ ਜੋੜ ਕੇ ਚਿੰਤਾਤੁਰ ਭਾਵ ਨਾਲ ਕਹਿੰਦੇ ਸੁਣਾਈ ਦੇਂਦੇ ਹਨ — "ਜੀ ਇਹ ਤਾਂ ਸਭ ਕੁਝ 'ਗੁੰਡਾ ਪਾਰਟੀ' ਕਰ ਰਹੀ ਹੈ, ਵਰਨਾ ਅਸੀਂ ਤੇ ਚਾਹੁੰਦੇ ਹਾਂ ਕਿ ਰਾਤੋਂ ਪਹਿਲਾਂ ਸੁਲ੍ਹਾ ਸਫ਼ਾਈ ਹੋ ਜਾਏ।"

ਇਕ ਪਾਸੇ ਤਾਂ ਮਿਹਨਤੀ ਤਬਕੇ ਦੇ ਲੋਕ ਭੁਖੇ ਮਰ ਰਹੇ ਹਨ, ਪਰ ਦੂਜੇ ਪਾਸੇ ਗੁੰਡਾ ਪਾਰਟੀ ਦੇ ਘਰੀਂ ਦੋਵੇਂ ਵੇਲੇ ਕੁੱਕੜ ਤੇ ਪੁਲਾਓ ਨੂੰ ਤੜਕੇ ਲਗ ਰਹੇ ਹਨ। ਇਸ ਉਤੇ ਵਾਧਾ ਇਹ ਕਿ ਪੁਲਸ ਦਾ ਉਨ੍ਹਾਂ ਨੂੰ ਡਰ ਨਹੀਂ, ਅਦਾਲਤ ਦਾ ਉਨ੍ਹਾਂ ਨੂੰ ਖ਼ੌਫ਼ ਨਹੀਂ। ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਪੁਲਸ ਉਨ੍ਹਾਂ ਦਾ ਵਾਲ ਵਿੰਗਾ ਨਹੀਂ ਕਰ ਸਕਦੀ। ਭਲਾ ਜੇ ਕੋਈ ਸੌ ਪਿਛੇ ਦੋ ਚਾਰ ਆਦਮੀ ਗ੍ਰਿਫ਼ਤਾਰ ਵੀ ਗਏ, ਤਾਂ ਅਦਾਲਤ ਨੇ ਕਿਹੜੀ ਉਨ੍ਹਾਂ ਵਾਸਤੇ ਫਾਂਸੀ ਗਡੀ ਹੋਈ ਹੁੰਦੀ ਹੈ। ਕੀ ਉਹ ਜਾਣਦੇ ਨਹੀਂ ਕਿ ਇਨ੍ਹਾਂ ਤਿੰਨਾਂ ਮਹੀਨਿਆਂ ਵਿਚ — ਜਦ ਕਿ ਹਜ਼ਾਰਾਂ ਆਦਮੀਆਂ ਨੂੰ ਮੌਤ ਦੇ ਘਾਟ ਉਤਾਰਨ, ਤੇ ਅਰਬਾਂ ਦੀ ਪੂੰਜੀ ਤਬਾਹ ਕਰਨ ਦੇ ਬਾਵਜੂਦ ਵੀ ਉਹ ਲੋਕ ਉਸੇ ਤਰ੍ਹਾਂ ਬਜ਼ਾਰਾਂ ਵਿਚ ਫਿਰਦੇ ਹੋਏ ਮਜ਼ੇ ਲੈ ਰਹੇ ਸਨ — ਇਕ ਵੀ ਆਦਮੀ ਅਜ ਤੀਕ ਫਾਂਸੀ ਤੇ ਲਟਕਿਆ ਸੁਣਨ ਵਿਚ ਨਹੀਂ ਸੀ ਆਇਆ ?

ਫਿਰ ਇਸ ਸੂਰਤ ਵਿਚ ਜੇ ਗੁੰਡਾ ਪਾਰਟੀ ਦੰਗਾ ਫ਼ਸਾਦ ਬੰਦ ਕਰੇ ਤਾਂ ਕਿਉਂ ਕਰੇ। ਅਜ ਇਹ ਲੋਕ ਇਤਨੇ ਮੂੰਹ ਜ਼ੋਰ ਹੋ ਗਏ ਹਨ ਕਿ ਕਿਸੇ ਦੇ ਰੋਕਿਆਂ ਵੀ ਉਨ੍ਹਾਂ ਦਾ ਰੁਕਣਾ ਮੁਸ਼ਕਲ ਹੈ — ਸਗੋਂ ਉਲਟਾ ਇਹ ਹਾਲਤ ਹੈ ਕਿ ਓਹੀ ਗੁੰਡਾ ਪਾਰਟੀ ਅਜ ਆਪਣੇ ਮਿਹਰਬਾਨਾਂ ਨੂੰ — ਜਿਨ੍ਹਾਂ ਨੇ ਬਟੂਇਆਂ ਦੇ ਮੂੰਹ ਖੋਲ੍ਹ ਖੋਲ੍ਹ ਕੇ ਕਦੀ ਉਨ੍ਹਾਂ ਨੂੰ ਇਸ ਰਾਹ ਪਾਇਆ ਸੀ — ਡਰਾ ਧਮਕਾ ਕੇ ਉਨ੍ਹਾਂ ਪਾਸੋਂ ਰਕਮਾਂ ਮੁਛ ਰਹੇ ਹਨ। ਤੇ ਜੇ ਕੋਈ ਨਾਂਹ ਨੁੱਕਰ ਕਰਦਾ ਹੈ ਤਾਂ ਉਹ ਉਨ੍ਹਾਂ ਦੇ ਹੀ ਘਰ ਬਾਰ ਫੂਕ ਸੁਟਣ ਦੀਆਂ ਧਮਕੀਆਂ ਦੇਂਦੇ ਹਨ। ਉਨ੍ਹਾਂ ਵਿਚਾਰਿਆਂ ਲਈ 'ਆਪੇ ਫਾਥੜੀਏ ਤੈਨੂੰ ਕੌਣ ਛੁੜਾਵੇ' ਵਾਲੀ ਹਾਲਤ ਬਣ ਰਹੀ ਹੈ। ਉਨ੍ਹਾਂ ਦੀ ਲਾਡਲੀ 'ਗੁੰਡਾ ਪਾਰਟੀ' ਜਿਸ ਦੀਆਂ ਨਾਜ਼ ਬਰਦਾਰੀਆਂ ਲਈ ਇਸ 'ਸ਼ਰੀਫ਼ ਤਬਕੇ' ਨੇ ਕੁਝ ਵੀ ਲੁਕਾ ਕੇ ਨਹੀਂ ਸੀ ਰਖਿਆ — ਅਜ ਉਨ੍ਹਾਂ ਲਈ ਉਸ ਮੂਰਖ ਮਿੱਤਰ ਵਰਗੀ ਸਾਬਤ ਹੋ ਰਹੀ ਹੈ ਜਿਸ ਨੇ ਦੋਸਤ ਦੇ ਨੱਕ ਤੇ ਮੱਖੀ ਉਡਾਣ ਲਈ ਪੱਥਰ ਮਾਰ ਕੇ ਉਸਦੇ ਨੱਕ ਦਾ ਹੀ ਕਚੂੰਮਰ ਕਢ ਦਿਤਾ ਸੀ। 'ਸ਼ਰੀਫ਼ਾਂ' ਦੇ ਹੋੜ੍ਹਦਿਆਂ ਵਰਜਦਿਆਂ ਵੀ ਉਹ ਲੋਕ ਕਿਸੇ ਐਸੇ ਮਕਾਨ ਉਤੇ ਪੈਟਰੋਲ ਦਾ ਪੀਪਾ ਜਾ ਉਲੱਦਦੇ, ਜਿਸ ਦੇ ਨਾਲ ਲਗਦੇ ਉਨ੍ਹਾਂ ਦੇ ਆਪਣੇ ਹੀ 'ਸ਼ਰੀਫ਼'

ਸਹਾਇਕਾਂ ਦੇ ਦਸ ਵੀਹ ਮਕਾਨ ਅੱਗ ਦੀ ਭੇਟਾ ਹੋ ਜਾਏ। ਅੰਮ੍ਰਿਤਸਰ ਦੇ ਬਜ਼ਾਰ ਕਾਠੀਆਂ ਤੇ ਬਾਜ਼ਾਰ ਵਾਸਾਂ ਆਦਿ ਦੇ ਕਈ ਅਗਨੀ ਕਾਂਡ ਇਸ ਗਲ ਦੀਆਂ ਜੀਉਂਦੀਆਂ-ਜਾਗਦੀਆਂ ਗਵਾਹੀਆਂ ਹਨ।

ਇਸੇ ਦਾ ਫਲ ਸੀ ਕਿ ਜਿਹੜੇ ਲੋਕ ਪਹਿਲਾਂ 'ਗੁੰਡਾ ਪਾਰਟੀ' ਨੂੰ ਦੰਗਾ ਫ਼ਸਾਦ ਕਰਨ ਲਈ ਆਪਣੀਆਂ ਪੇਟੀਆਂ ਵਿਚੋਂ ਨਵੇਂ ਨਵੇਂ, ਖੜਕਦੇ ਖੜਕਦੇ ਨੋਟ ਕਢ ਕਢ ਕੇ ਦੇ ਰਹੇ ਸਨ, ਅਜ 'ਫ਼ਸਾਦ ਰੋਕਣ' ਖ਼ਾਤਰ ਉਦੂੰ ਵੀ ਬਹੁਤੇ ਨੋਟ ਉਨ੍ਹਾਂ ਦੀ ਭੇਟਾ ਕਰ ਰਹੇ ਹਨ। ਫ਼ਸਾਦ ਦੀ ਰਉਂ ਜੋ ਇਹਨਾਂ ਦਿਨਾਂ ਵਿਚ ਕੁਝ ਮੱਠੀ ਪਈ ਜਾਪਦੀ ਹੈ ਤਾਂ ਕੇਵਲ ਇਸੇ ਵਜ੍ਹਾ ਕਰ ਕੇ। ਨਹੀਂ ਤਾਂ ਆਮ ਹਾਲਤਾਂ ਵਿਚ ਅਜੇ ਕੁਝ ਵੀ ਫ਼ਰਕ ਪਿਆ ਨਹੀਂ ਮਲੂਮ ਹੁੰਦਾ। ਬਲਦੀ ਹੋਈ ਅੱਗ ਵਕਤੀ ਤੌਰ ਤੇ ਦਬ ਜਾਣ ਕਰ ਕੇ ਧੁਖ ਰਹੀ ਹੈ — ਬੁਝੀ ਨਹੀਂ।

ਵੰਡਾਂ ਦਾ ਝਗੜਾ ਤੇ ਹੱਦਬੰਦੀਆਂ ਦਾ ਬਖੇੜਾ, ਜਿਸ ਦੀ ਕੁਖੋਂ ਸਾਰੇ ਫ਼ਸਾਦਾਂ ਨੇ ਜਨਮ ਲਿਆ ਸੀ, ਅਜੇ ਉਸੇ ਤਰ੍ਹਾਂ ਉਲਝਵੀਂ ਹਾਲਤ ਵਿਚ ਸੀ। ਪਰ ਕਦੀ ਕਦੀ ਇਸ ਨਿਰਾਸ਼ਾ ਭਰੇ ਵਾਤਾਵਰਨ ਵਿਚੋਂ ਵੀ ਇਕ ਅੱਧ ਆਸ ਦਾ ਝੁਮਕਾ ਆ ਹੀ ਜਾਂਦਾ, ਜਦ ਲੋਕਾਂ ਦੇ ਕੰਨਾਂ ਵਿਚ ਬਲੇਲ ਪੈਂਦੀ — "ਪਾਕਿਸਤਾਨ ਤੇ ਹਿੰਦੁਸਤਾਨ ਦੀਆਂ ਦੋਹਾਂ ਹਕੂਮਤਾਂ ਨੇ ਘਟ ਗਿਣਤੀ ਵਾਲਿਆਂ ਦੇ ਜਾਨ ਮਾਲ ਦੀ ਹਿਫ਼ਾਜ਼ਤ ਦੀ ਪੂਰੀ ਪੂਰੀ ਜ਼ਿੰਮੇਵਾਰੀ ਲੈ ਲਈ ਹੈ...ਵਤਨ ਛੋੜ ਨੂੰ ਆਪੋ ਆਪਣੇ ਇਲਾਕਿਆਂ ਵਿਚ ਮੁੜ ਜਾਣਾ ਚਾਹੀਦਾ ਹੈ, ਉਨ੍ਹਾਂ ਦੇ ਹੋਏ ਨੁਕਸਾਨ ਦਾ ਕਾਫ਼ੀ ਹਿਸਾ ਅਦਾ ਕੀਤਾ ਜਾਏਗਾ, ਤੇ ਮੁਜਰਮਾਂ ਨੂੰ ਇਬਰਤਨਾਕ ਸਜ਼ਾਵਾਂ ਦਿਤੀਆਂ ਜਾਣਗੀਆਂ... ..." ਆਦਿ।

ਪਾਕਿਸਤਾਨ ਬਣ ਗਿਆ, ਹਿੰਦੁਸਤਾਨ ਦੇ ਟੁਕੜੇ ਹੋ ਗਏ, ਤੇ ਇਸ ਦੇ ਨਾਲ ਹੀ ਪੰਜਾਬ ਦੇ ਵੀ। ਪਰ ਪੁਲਿਟੀਕਲ ਤੌਰ ਤੇ ਇਹ ਤਾਣੀ ਕੁਝ ਐਸੀ ਉਲਝਵੀਂ ਜਿਹੀ ਸ਼ਕਲ ਵਿਚ ਉਣੀ ਗਈ ਕਿ ਗੰਢੇ ਦੀਆਂ ਛਿੱਲਾਂ ਵਾਂਗ ਇਕ ਦੇ ਹੇਠੋਂ ਦੂਜਾ ਝਗੜਾ, ਤੇ ਦੂਜੇ ਥਲੋਂ ਤੀਜਾ ਤਨਾਜ਼ਾ ਪੈ ਦਰ ਪੈ ਨਿਕਲਦੇ ਚਲੇ ਆ ਰਹੇ ਸਨ। ਖ਼ਾਸ ਕਰ ਕੇ 'ਪੱਛਮੀ ਪੰਜਾਬ' ਤੇ 'ਪੂਰਬੀ ਪੰਜਾਬ' ਦਾ ਝਮੇਲਾ ਤਾਂ ਹਰ ਕਦਮ ਉਤੇ ਵਲਾਵੇਂਦਾਰ ਹੀ ਹੁੰਦਾ ਜਾ ਰਿਹਾ ਸੀ।

ਤੇ ਸਿਖਾਂ ਦੀ ਪੋਜ਼ੀਸ਼ਨ ਕੀ ਸੀ ਇਸ ਸਾਰੇ ਮਾਮਲੇ ਵਿਚ ਇਹੋ ਸਮਝ ਲੈਣਾ ਚਾਹੀਦਾ ਹੈ ਕਿ ਪਛਮੀ ਤੇ ਪੂਰਬੀ ਪੰਜਾਬ ਨਾਉਂ ਦੇ ਦੋ ਪੁੜਾਂ ਵਿਚਾਲੇ ਸਿਖ ਕੌਮ, ਦਾਣਿਆਂ ਵਾਂਗ ਪੀਠੀ ਜਾ ਰਹੀ ਸੀ। ਜਿਸ ਦਾ ਨਾਂ ਕੋਈ ਵਰਤਮਾਨ ਰਹਿ ਗਿਆ, ਨਾ ਭਵਿਸ਼। ਇਸ ਦੀ ਅਧੀ ਆਬਾਦੀ ਤਾਂ ਪਾਕਿਸਤਾਨ ਵਿਚ ਯਤੀਮ ਬਣ ਕੇ ਰਹਿ ਗਈ, ਤੇ ਬਾਕੀ ਅਧੀ ਵੀ ਆਪਣੇ ਕੁਝ ਬੇਅਕਲ ਆਗੂਆਂ ਦੇ ਛਟੇ ਚੜ੍ਹਕੇ ਦਿਨੋ ਦਿਨ ਆਪਣਾ ਵਕਾਰ ਗਵਾ ਰਹੀ ਸੀ। ਕਿਥੇ ਤਾਂ ਸਿਖਾਂ ਵਲੋਂ ਏਸ ਗਲ ਦੇ ਦਾਈਏ ਬੰਨ੍ਹੇ ਜਾਂਦੇ ਰਹੇ ਸਨ ਕਿ ਉਹ ਪੂਰਬੀ ਪੰਜਾਬ ਦੀ ਆਖ਼ਰੀ ਹਦ 'ਚਨਾਬ' ਦਰਿਆ ਦੇ ਕੰਢੇ ਤੇ ਕਾਇਮ ਕਰਨਗੇ। ਪਰ ਕਿਥੇ ਇਹ ਹਾਲਤ ਕਿ ਚਨਾਬ ਛਡ ਕੇ 'ਰਾਵੀ' ਵੀ ਪਾਕਿਸਤਾਨ ਦੇ ਹਿਸੇ ਆ ਗਈ। ਲਾਹੌਰ, ਜਿਸ ਨੂੰ ਪੂਰਬੀ ਪੰਜਾਬ ਦਾ ਦਾਰੁਲਖ਼ਿਲਾਫ਼ਾ ਬਨਾਣ ਦੀਆਂ ਸਿਖਾਂ ਤੇ ਹਿੰਦੂਆਂ ਵਲੋਂ ਬੜੀ ਸਰਗਰਮੀ ਨਾਲ ਤਿਆਰੀਆਂ ਹੋ ਰਹੀਆਂ ਸਨ, (ਕਿਉਂਕਿ ਉਨ੍ਹਾਂ ਨੂੰ ਸੌ ਫ਼ੀ ਸਦੀ ਆਸ ਸੀ ਕਿ ਲਾਹੌਰ ਪੂਰਬੀ ਪੰਜਾਬ ਵਿਚ ਹੀ ਆਵੇਗਾ) ਵੰਡਣ ਵਾਲੇ ਧੜਵਾਈਆਂ ਨੇ ਜਦ ਇਸ ਨੂੰ ਵੀ ਪਾਕਿਸਤਾਨ ਦੇ ਛਾਬੇ ਤੇ ਚਾੜ੍ਹ ਦਿਤਾ ਤਾਂ ਸਿਖਾਂ ਦੀ ਹਾਲਤ ਹੋਰ ਵੀ ਤਰਸਯੋਗ ਹੋ ਗਈ।

ਹੁਣ ਜੇ ਕੋਈ ਹਲ ਬਾਕੀ ਸੀ ਤਾਂ ਉਹ ਸੀ ਪੂਰਬੀ ਤੇ ਪਛਮੀ ਪੰਜਾਬ ਦੀ ਹਦਬੰਦੀ ਦਾ ਸਵਾਲ। ਜਿਸਦਾ ਕਿ ਪੰਦਰਾਂ ਅਗਸਤ ਨੂੰ ਫ਼ੈਸਲਾ ਹੋਣਾ ਨਿਯਤ ਹੋਇਆ। ਤੇ ਇਹ ਪੰਦਰਾਂ ਅਗਸਤ ਦਾ ਦਿਨ ਜਿਉਂ ਜਿਉਂ ਨੇੜੇ ਆਈ ਜਾ ਰਿਹਾ ਸੀ, ਦੋਹਾਂ ਧਿਰਾਂ ਵਿਚ ਅੰਦਰੋਂ ਅੰਦਰੀ ਭੜਕਾਹਟ ਤੇ ਬਦਅਮਨੀ ਦੇ ਅਸਾਰ ਵਧਦੇ ਹੀ ਜਾਂਦੇ ਸਨ।

ਉਧਰ ਹਕੂਮਤ ਵੀ ਇਸ ਗਲੋਂ ਬੇਖ਼ਬਰ ਨਹੀਂ ਸੀ ਕਿ ਪੰਦਰਾਂ ਅਗਸਤ ਨੂੰ ਪੰਜਾਬ ਦੀ ਲਾਸ਼ ਨੂੰ ਵੰਡਣ ਲਈ ਜਿਹੜੀ ਆਖ਼ਰੀ ਛੁਰੀ ਚਲਾਈ ਜਾਣ ਵਾਲੀ ਹੈ, ਇਸ ਦਾ ਅਸਰ ਜ਼ਰੂਰ ਦੰਗੇ ਫ਼ਸਾਦਾਂ ਦੀ ਧੁਖਦੀ ਅਗ ਲਈ ਹਵਾ ਦਾ ਕੰਮ ਕਰੇਗਾ। ਸੋ ਹਕੂਮਤ ਨੇ ਦਿਖਾਵੇ ਮਾਤਰ ਬਹੁਤ ਸਾਰੀਆਂ ਹਿਫ਼ਾਜ਼ਤੀ ਤਦਬੀਰਾਂ ਬਣਾਨੀਆਂ ਸ਼ੁਰੂ ਕਰ ਦਿਤੀਆਂ ਸਨ। ਖ਼ਾਸ ਕਰ ਕੇ ਪੰਜਾਬ ਦੇ 11 ਜ਼ਿਲ੍ਹੇ, ਜਿਨ੍ਹਾਂ ਉਤੇ ਹਦਬੰਦੀ ਦਾ ਵਧੇਰੇ ਅਸਰ ਪੈਣ ਦਾ ਖ਼ਤਰਾ ਸੀ — "ਖ਼ਤਰਨਾਕ ਜ਼ਿਲ੍ਹੇ" ਕਰਾਰ ਦੇ ਦਿਤੇ ਗਏ, ਤੇ ਇਨ੍ਹਾਂ ਉਤੇ ਮਾਰਸ਼ਲ ਲਾਅ ਨਾਫ਼ਜ਼ ਕਰਨ ਦਾ ਫ਼ੈਸਲਾ ਵੀ ਲਗਪਗ ਕਰ ਦਿਤਾ ਗਿਆ।

ਇਹ ਸੀ ਭਵਿਸ਼ ਦੇ ਪਰਦੇ ਪਿਛੇ ਰਖੇ ਹੋਏ ਉਸ 'ਪੰਦਰਾਂ ਅਗਸਤ' ਦਾ ਝਾਵਲਾ। ਹਰ ਇਕ ਪੰਜਾਬੀ — ਭਾਵੇਂ ਉਹ ਪੂਰਬੀ ਸੀ ਤੇ ਭਾਵੇਂ ਪਛਮੀ, ਦੀਆਂ ਅੱਖਾਂ 'ਪੰਦਰਾਂ ਅਗਸਤ' ਵਲ ਲਗੀਆਂ ਹੋਈਆਂ ਸਨ। ਕੋਈ ਤਾਂ ਇਹ ਉਮੀਦਾਂ ਲਾਈ ਬੈਠੇ ਸਨ ਕਿ ਪੰਦਰਾਂ ਅਗਸਤ ਉਨ੍ਹਾਂ ਲਈ 'ਜ਼ਿੰਦਗੀ' ਦਾ ਆਲਮਬਰਦਾਰ ਬਣ ਕੇ ਆਵੇਗਾ। ਤੇ ਕਈਆਂ ਦਾ ਖ਼ਿਆਲ ਸੀ ਕਿ ਇਹ ਕੁਲੱਛਣਾ 'ਪੰਦਰਾਂ ਅਗਸਤ' ਆਵੇਗਾ 'ਮੌਤ' ਦਾ ਪੈਗੰਬਰ ਬਣਕੇ।

ਜੂਨ ਦਾ ਮਹੀਨਾ ਇਹਨਾਂ ਹੀ ਕਿਆਸਅਰਾਈਆਂ ਦੀ ਹਾਲਤ ਵਿਚ ਲੰਘ ਗਿਆ। ਇਸ ਤੋਂ ਬਾਅਦ ਜੁਲਾਈ ਦੇ ਬਰਸਾਤੀ ਬੱਦਲ ਅਕਾਸ਼ ਵਿਚ ਗੁਮਕਦੇ ਦਿਖਾਈ ਦੇਣ ਲਗੇ। ਪਤਾ ਨਹੀਂ ਇਹ, ਧਰਤੀ ਦੀ ਸੜ ਰਹੀ ਹਿਕ ਨੂੰ ਠਾਰਨ ਲਈ ਪ੍ਰਗਟ ਹੋਏ ਸਨ ਜਾਂ ਆਪਣੀ ਹਿਕ ਵਿਚ ਕੋਈ ਕਹਿਰੀ ਬਿਜਲੀ ਲੁਕਾਈ ਫਿਰਦੇ ਸਨ।

ਅੰਮ੍ਰਿਤਸਰ ਦੀ ਫ਼ਿਜ਼ਾ ਵਿਚ ਜਿਹੜਾ ਅਮਨ ਜਾਪਣ ਲਗ ਪਿਆ ਸੀ, ਇਸ ਦਾ ਸਿਹਰਾ, ਕਿਸੇ ਹਦ ਤੀਕ ਇਤਿਹਾਦ ਸਭਾ ਦੇ ਸਿਰ ਵੀ ਕਿਹਾ ਜਾ ਸਕਦਾ ਸੀ, ਜਿਸ ਦੇ ਸਾਰੇ ਮੈਂਬਰ ਸਤਨਾਮ ਦੀ ਲੀਡਰੀ ਹੇਠ ਦਿਨ ਰਾਤ ਸ਼ਹਿਰ ਦੇ ਗਲੀਆਂ ਬਾਜ਼ਾਰਾਂ ਵਿਚ ਫਿਰਦੇ ਹੋਏ ਆਪਣੇ ਆਦਰਸ਼ ਦਾ ਪ੍ਰਚਾਰ ਕਰ ਰਹੇ ਸਨ। ਪਰ ਅਸਲ ਵਿਚ ਇਹ ਸਾਰਾ ਪੁਰਸ਼ਾਰਥ ਸਥਾਈ ਨਹੀਂ, ਸਗੋਂ ਅਟਿਕਵੀਂ ਜਿਹੀ ਕਿਸਮ ਦਾ ਸੀ। ਲਗੀ ਹੋਈ ਅੱਗ ਨੂੰ ਚੂਲੀਆਂ ਨਾਲ ਪਾਣੀ ਪਾ ਪਾ ਕੇ ਬੁਝਾਣ ਦੀ ਕੋਸ਼ਸ਼ ਵਾਂਗ।

ਪੱਛਮੀ ਪੰਜਾਬ ਤੇ ਸਰਹੱਦੀ ਇਲਾਕਿਆਂ ਵਿਚ ਮੁਸਲਿਮ ਲੀਗੀ ਸਰਗਰਮੀਆਂ ਬਰਾਬਰ ਜਾਰੀ ਸਨ। ਹਿੰਦੂ ਸਿਖ ਉਸੇ ਬੇਦਰਦੀ ਨਾਲ ਹਲਾਕ ਕੀਤੇ ਜਾ ਰਹੇ ਸਨ। ਉਨ੍ਹਾਂ ਦੇ ਘਰ ਬਾਰ ਉਸੇ ਰਾਕਸ਼ੀ ਢੰਗ ਨਾਲ ਫੂਕੇ ਜਾ ਰਹੇ ਸਨ, ਤੇ ਉਨ੍ਹਾਂ ਦੀਆਂ ਬਦਨਸੀਬ ਬੱਚੀਆਂ ਦੀ ਅਸਮਤ ਨੂੰ ਅਗੇ ਵਾਂਗ ਹੀ ਹਵਸ ਦੇ ਪੈਰਾਂ ਹੇਠ ਰੋਲਿਆ ਜਾ ਰਿਹਾ ਸੀ। ਜਿਸ ਦਾ ਪ੍ਰਤੀਕਰਮ ਰੂਪ ਏਧਰ ਪੂਰਬੀ ਪੰਜਾਬ ਦੇ ਸਿਖਾਂ ਹਿੰਦੂਆਂ ਦੇ ਦਿਲਾਂ ਵਿਚ ਬਦਲੇ ਦੀ ਜਵਾਲਾ ਅੰਦਰ ਹੀ ਅੰਦਰ ਮਘਦੀ ਹੋਈ ਲਾਵੇ ਦਾ ਰੂਪ ਧਾਰਨ ਕਰ ਰਹੀ ਸੀ। ਹਰ ਇਕ ਆਦਮੀ ਕਿਸੇ ਐਸੇ ਮੌਕੇ ਦੀ ਭਾਲ ਵਿਚ ਘਾਤ ਲਾਈ ਫਿਰਦਾ ਸੀ, ਜਦ ਉਨ੍ਹਾਂ ਨੂੰ ਮੁਸਲਮਾਨਾਂ ਪਾਸੋਂ ਗਿਣ ਗਿਣ ਕੇ ਬਦਲੇ ਲੈਣ ਦਾ ਮੌਕਾ ਹਥ ਆਵੇ।

ਤੇ ਅੰਮ੍ਰਿਤਸਰ ਦੇ ਮੁਸਲਮਾਨ ? ਉਹ ਵੀ ਆਪਣੇ ਭਵਿਸ਼ਤ ਖ਼ਤਰਿਆਂ ਤੋਂ ਅਨਗਹਿਲੇ ਨਹੀਂ ਸਨ। ਆਉਣ ਵਾਲੇ ਹਰ ਇਕ ਖ਼ਤਰੇ ਦਾ ਮੁਕਾਬਲਾ ਕਰਨ ਲਈ ਉਹ ਅੰਦਰੋ ਅੰਦਰ ਤਿਆਰੀਆਂ ਕਰ ਰਹੇ ਸਨ। ਆਮ ਤੌਰ ਤੇ ਕਿਆਸ ਕੀਤਾ ਜਾਂਦਾ ਸੀ (ਤੇ ਇਹ ਕਿਆਸ ਬਹੁਤ ਹਦ ਤੀਕ ਸਚੇ ਸਨ) ਕਿ 'ਸ਼ਰੀਫ਼ਪੁਰੇ' ਨੂੰ ਮੁਸਲਿਮ ਹਿਫ਼ਾਜ਼ਤ ਦਾ ਸਭ ਤੋਂ ਵਡਾ ਗੜ੍ਹ ਬਣਾਇਆ ਜਾ ਰਿਹਾ ਹੈ, ਜਿਥੇ ਇਤਨਾ ਅਸਲਾ ਜਮਾਂ ਕੀਤਾ ਗਿਆ ਹੈ, ਜਿਹੜਾ ਸਾਰੇ ਅੰਮ੍ਰਿਤਸਰ ਨੂੰ ਤਬਾਹ ਕਰਨ ਲਈ ਕਾਫ਼ੀ ਹੋਵੇ। ਇਸ ਤੋਂ ਦੂਜੇ ਦਰਜੇ ਤੇ ਮਹੱਲਾ ਅੰਬਲਵਹੀਆਂ ਤੋਂ ਲੈ ਕੇ ਹਕੀਮਾਂ ਵਾਲੇ ਦਰਵਾਜ਼ੇ ਤੀਕ ਦਾ ਸਾਰਾ ਮੁਸਲਿਮ ਇਲਾਕਾ ਤਾਂ ਜਿਵੇਂ ਮਿਲਟਰੀ ਕੈਂਪ

ਦਾ ਰੂਪ ਧਾਰਨ ਕਰ ਰਿਹਾ ਸੀ। ਉਸ ਦੇ ਨਾਲ ਲਗਦੀ 'ਸ਼ੇਖਾਂ ਦੀ ਮਿੱਲ' ਨੂੰ ਤਾਂ ਪੂਰੀ ਕਿਲ੍ਹੇਬੰਦੀ ਦੀ ਸ਼ਕਲ ਦਿਤੀ ਜਾ ਰਹੀ ਸੀ।

ਇਹ ਮੰਨਣ ਵਿਚ ਕਿਸੇ ਨੂੰ ਵੀ ਉਜ਼ਰ ਨਹੀਂ ਹੋ ਸਕਦਾ ਕਿ ਅੰਮ੍ਰਿਤਸਰ ਦੇ ਮੁਸਲਮਾਨਾਂ ਦੀ ਤਿਆਰੀ ਇਨ੍ਹੀਂ ਦਿਨੀਂ ਸਿਖਾਂ ਹਿੰਦੂਆਂ ਨਾਲੋਂ ਕਈ ਹਿਸੇ ਵਧ ਚੜ੍ਹ ਕੇ ਸੀ। ਇਸਦਾ ਕਾਰਨ ਇਹ ਸੀ ਕਿ ਇਕ ਤਾਂ ਸਾਰੇ ਸ਼ਹਿਰ ਦੀ ਇੰਤਜ਼ਾਮੀ ਮਸ਼ੀਨਰੀ ਲਗ ਪਗ ਮੁਸਲਮਾਨ ਆਫ਼ੀਸਰਾਂ ਦੇ ਹਥ ਵਿਚ ਸੀ। ਇਨ੍ਹਾਂ ਵਿਚ ਜਿਹੜੇ ਥੋੜੇ ਬਹੁਤੇ ਅੰਗਰੇਜ਼ ਸਨ ਉਹ ਵੀ ਗੁਪਤ ਜਾਂ ਪ੍ਰਗਟ ਢੰਗ ਨਾਲ ਮੁਸਲਮਾਨਾਂ ਦੀ ਹੀ ਮਦਦ ਕਰ ਰਹੇ ਸਨ। ਇਸ ਤੋਂ ਬਿਨਾਂ ਇਕ ਗਲ ਇਹ ਵੀ ਕਿ ਲਾਹੌਰ ਦੀ ਸੂਬਕ ਮੁਸਲਿਮ ਲੀਗ ਕੀ ਹਥਿਆਰਾਂ ਨਾਲ, ਕੀ ਰਸਦ ਨਾਲ, ਤੇ ਕੀ ਨਕਦੀ ਰਾਹੀਂ, ਹਰ ਤਰ੍ਹਾਂ ਦੀ ਮਦਦ ਅੰਮ੍ਰਿਤਸਰੀ ਮੁਸਲਮਾਨਾਂ ਨੂੰ ਘੱਲ ਰਹੇ ਸੀ। ਜਿਸ ਕਰਕੇ ਇਨ੍ਹਾਂ ਦੇ ਹੌਸਲੇ ਖੂਬ ਵਧੇ ਚੜ੍ਹੇ ਹੋਏ ਸਨ। ਏਸੇ ਹੌਸਲੇ ਦੇ ਆਧਾਰ ਤੇ ਹਰ ਰੋਜ਼ ਮੁਸਲਮਾਨਾਂ ਵਲੋਂ ਹਿੰਦੂ ਸਿਖ ਮਹੱਲਿਆਂ ਵਿਚ ਜਾ ਜਾ ਕੇ ਨਿਤ ਨਵੀ ਛੇੜਖਾਨੀ ਕੀਤੀ ਜਾਂਦੀ। ਜਿਸ ਦੇ ਜਵਾਬ ਵਿਚ ਓਧਰੋਂ ਵੀ ਅਕਸਰ ਨਹਿਲੇ ਉਤੇ ਦਹਿਲਾ ਹੀ ਮਾਰਿਆ ਜਾਂਦਾ। ਕੋਈ ਰਾਤ ਖ਼ਾਲੀ ਨਹੀਂ ਸੀ ਜਾਂਦੀ ਜਦ ਦੋ ਚਾਰ ਦੁਕਾਨਾਂ ਜਾਂ ਪੰਜ ਦਸ ਘਰ ਨਾ ਸਾੜੇ ਜਾਂਦੇ ਹੋਣ। ਤੇ ਕੋਈ ਦਿਨ ਐਸਾ ਨਹੀਂ ਸੀ ਲੰਘਦਾ, ਜਦ ਸ਼ਹਿਰ ਵਿਚ ਇਕ ਅਧ ਖੂਨ ਨਾ ਹੋ ਜਾਂਦਾ ਹੋਵੇ।

ਅਜਿਹੀ ਹਾਲਤ ਦੇ ਹੁੰਦਿਆਂ ਵੀ ਇਹ ਕਹਿਣਾ ਕਿ ਇਨ੍ਹਾਂ ਦਿਨਾਂ ਵਿਚ ਵਾਯੂਮੰਡਲ ਸ਼ਾਂਤ ਸੀ, ਬੇਸ਼ਕ ਇਹ ਭੱਦੀ ਜਿਹੀ ਦਲੀਲ ਜਾਪੇਗੀ। ਪਰ ਮੁਕਾਬਲਤਨ ਅਸੀਂ ਇਸ ਨੂੰ 'ਸ਼ਾਂਤ ਵਾਯੂ ਮੰਡਲ' ਹੀ ਕਹਾਂਗੇ। ਕਿਉਂਕਿ ਜਿਥੇ ਪਿਛਲੇ ਦਿਨੀਂ ਰੋਜ਼ਾਨਾ ਕਈ ਕਈ ਮਹੱਲੇ ਅਗ ਦੀ ਭੇਟ ਹੋ ਜਾਂਦੇ ਤੇ ਦਰਜਨਾਂ ਦੇ ਹਿਸਾਬ ਨਾਲ ਆਦਮੀ ਹਰ ਰੋਜ਼ ਮਾਰੇ ਜਾਂਦੇ ਰਹੇ ਹੋਣ, ਉਥੇ ਇੰਨੀ ਥੋੜੀ ਗਿਣਤੀ ਵੇਖ ਕੇ ਤਾਂ ਇਹੋ ਹੀ ਕਿਹਾ ਜਾ ਸਕਦਾ ਹੈ।

ਵਤਨ ਛੋੜਾਂ ਦੀਆਂ ਵਹੀਰਾਂ ਉਸੇ ਤੇਜ਼ੀ ਨਾਲ ਪੱਛਮੀ ਪੰਜਾਬ, ਸੂਬਾ ਸਰਹੱਦ ਤੇ ਬਲੋਚਿਸਤਾਨ ਵਲੋਂ ਆ ਰਹੀਆਂ ਸਨ। ਜਿਨ੍ਹਾਂ ਨੂੰ ਸਰਕਾਰੀ ਤੌਰ ਤੇ ਟਰੱਕਾਂ ਵਿਚ ਭਰ ਭਰ ਕੇ ਅੰਮ੍ਰਿਤਸਰ ਤੋਂ ਅਗਾਂਹ ਹੋਰ ਜ਼ਿਲ੍ਹਿਆਂ ਵਲ ਭੇਜਿਆ ਜਾ ਰਿਹਾ ਸੀ।

ਪੱਛਮੀ ਪੰਜਾਬ ਦੀ ਮੁਸਲਿਮ ਲੀਗ ਵਲੋਂ ਇਸ ਵੇਲੇ ਇਕ ਅਜੀਬ ਦੋਰੰਗੀ ਚਾਲ ਵਰਤੋਂ ਵਿਚ ਲਿਆਂਦੀ ਜਾ ਰਹੀ ਸੀ। ਇਕ ਪਾਸੇ ਤਾਂ ਪਿੰਡਾਂ ਨਗਰਾਂ ਵਿਚ ਰਹਿਣ ਵਾਲੇ ਮੁਸਲਮਾਨਾਂ ਨੂੰ ਭੜਕਾ ਭੜਕਾ ਕੇ ਉਹ ਹਿੰਦੂਆਂ ਸਿਖਾਂ ਨੂੰ ਤਬਾਹ ਕਰਵਾਈ ਜਾਂਦੀ ਸੀ, ਪਰ ਦੂਜੇ ਪਾਸੇ ਇਸੇ ਮੁਸਲਿਮ ਲੀਗ ਦੇ ਕਈ ਐਮ.ਐਲ.ਏ. — ਜਿਨ੍ਹਾਂ ਵਿਚ ਇਕ ਦੋ ਅਸੈਂਬਲੀ ਦੇ ਵਜ਼ੀਰ ਵੀ ਸ਼ਾਮਲ ਸਨ — ਸਫ਼ੈਦ ਝੰਡੀ ਦਾ ਵਿਖਾਲਾ ਕਰਦੇ ਹੋਏ ਮਹਾਜਰੀਨ ਹਿੰਦੂਆਂ ਸਿਖਾਂ ਦੇ ਅੱਥਰੂ ਪੂੰਝਣ ਵਿਚ ਲਗੇ ਹੋਏ ਸਨ। ਉਨ੍ਹਾਂ ਦਾ ਬਾਰ ਬਾਰ ਕਹਿਣਾ ਕਿ "ਪਾਕਿਸਤਾਨੀ ਹਕੂਮਤ ਆਪਣੀ ਗ਼ੈਰ-ਮੁਸਲਿਮ ਰਿਆਇਆ ਦੀ ਹਰ ਤਰ੍ਹਾਂ ਨਾਲ ਹਿਫਾਜ਼ਤ ਕਰੇਗੀ — ਉਨ੍ਹਾਂ ਨੂੰ ਵਤਨ ਛਡ ਕੇ ਭਜਣ ਦੀ ਲੋੜ ਨਹੀਂ... ..." ਨਿਰੋਲ ਬੂਰ ਦੇ ਲਡੂ ਸਾਬਤ ਹੋਏ, ਜਦ ਇਨ੍ਹਾਂ ਹੀ ਦਿਨਾਂ ਵਿਚ ਵਿਚਾਰੇ ਵਤਨ ਛੋੜਾਂ ਉਤੇ ਸਗੋਂ ਪੋਲੀਸ ਤੇ ਮਿਲਟਰੀ ਦੀ ਮਦਦ ਨਾਲ ਹਮਲੇ ਸ਼ੁਰੂ ਹੋ ਗਏ।

ਪੰਜਾਬ ਦੇ ਬਾਕੀ ਸ਼ਹਿਰਾਂ ਦੀ ਗਲ ਤਾਂ ਛਡੋ, ਸਿਰਫ ਅੰਮ੍ਰਿਤਸਰ ਦੀ ਮੌਜੂਦਾ ਹਾਲਤ ਨੂੰ ਜੇ ਥੋੜੇ ਸ਼ਬਦਾਂ ਵਿਚ ਬਿਆਨਿਆਂ ਜਾਵੇ ਤਾਂ ਉਹ ਇਹ ਹੋਵੇਗਾ ਕਿ ਅੰਮ੍ਰਿਤਸਰ ਇਸ ਵੇਲੇ ਜਵਾਲਾਮੁਖੀ ਦੇ ਦਹਾਨੇ ਉਤੇ ਰਖਿਆ ਹੋਇਆ ਸੀ, ਜਿਸ ਬਾਬਤ ਕੁਝ ਨਹੀਂ ਸੀ ਕਿਹਾ ਜਾ ਸਕਦਾ ਕਿ ਕਿਹੜੇ ਵੇਲੇ ਇਹ ਸਮੁਚਾ ਹੀ 'ਭੱਕ' ਕਰ ਕੇ ਉਡ ਜਾਵੇ।

ਸ਼ਹਿਰ ਦੇ ਅੰਦਰਲੇ ਹਿਸੇ ਵਿਚ ਕਿਉਂਕਿ ਸਿਖਾਂ ਹਿੰਦੂਆਂ ਦੀ ਆਬਾਦੀ ਜ਼ਿਆਦਾ ਸੀ,

ਸਿਖਾਂ ਦਾ ਹਰਿਮੰਦਰ, ਅਕਾਲ ਤਖਤ, ਸ਼ਰੋਮਣੀ ਕਮੇਟੀ ਤੇ ਅਕਾਲੀ ਦਲ ਦੇ ਦਫਤਰ ਆਦਿ ਐਨ ਸ਼ਹਿਰ ਦੇ ਸੈਂਟਰ ਵਿਚ ਵਾਕਿਆ ਸਨ। ਜਿਸ ਕਰ ਕੇ ਇਸ ਹਿਸੇ ਵਿਚ ਸਿਖਾਂ ਹਿੰਦੂਆਂ ਦਾ ਪੂਰਾ ਪੂਰਾ ਜ਼ੋਰ ਸੀ। ਪਰ ਸ਼ਹਿਰ ਦਾ ਬਾਹਰਲਾ ਹਿਸਾ ਲਗਪਗ ਸਾਰਾ ਹੀ ਮੁਸਲਿਮ ਕਬਜ਼ੇ ਵਿਚ ਸੀ। ਗੋਇਆ ਸਹਿਜ ਸੁਭਾਉ ਹੀ ਸ਼ਹਿਰ ਦੀ ਵੰਡ ਇਸ ਵੇਲੇ ਦੋ ਹਿਸਿਆਂ ਵਿਚ ਹੋਈ ਹੋਈ ਸੀ। ਅੰਦਰਲੇ ਹਿਸੇ ਉਤੇ ਹਿੰਦੂਆਂ ਸਿਖਾਂ ਦਾ ਕਬਜ਼ਾ ਸੀ, ਤੇ ਬਾਹਰ ਬਾਹਰ ਮੁਸਲਮਾਨ ਕਾਬਜ਼ ਹੋਏ ਬੈਠੇ ਸਨ। ਦੋਵੇਂ ਧਿਰਾਂ ਆਪੋ ਆਪਣੇ ਥਾਂ ਸਖਤ ਖ਼ਤਰਾ ਮਹਿਸੂਸ ਕਰ ਰਹੀਆਂ ਸਨ। ਹਿੰਦੂਆਂ ਸਿਖਾਂ ਨੂੰ ਇਹ ਡਰ ਭਾਸ ਰਿਹਾ ਸੀ ਕਿ ਬਾਹਰੋਂ ਜੇ ਮੁਸਲਮਾਨਾਂ ਨੇ ਰਸਲ ਰਸਾਇਲ ਦਾ ਸਿਲਸਿਲਾ ਕਟ ਦਿਤਾ ਤਾਂ ਇਸ ਦਾ ਫਲ ਇਹ ਹੋਵੇਗਾ ਕਿ ਆਮ ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਕਰਨ ਵਾਲੀ ਕੋਈ ਚੀਜ਼ ਉਨ੍ਹਾਂ ਨੂੰ ਮਿਲ ਨਹੀਂ ਸਕੇਗੀ, ਨਾ ਹੀ ਉਹ ਸ਼ਹਿਰੋਂ ਬਾਹਰ ਕਦਮ ਰਖ ਸਕਣਗੇ। ਇਸੇ ਤਰ੍ਹਾਂ ਮੁਸਲਮਾਨ ਇਹ ਖ਼ਤਰਾ ਮਹਿਸੂਸ ਕਰ ਰਹੇ ਸਨ ਕਿ ਵਣਜ ਵਪਾਰ ਤੇ ਕਾਰੋਬਾਰੀ ਇਲਾਕਾ ਲਗ ਪਗ ਸਾਰਾ ਹੀ ਸ਼ਹਿਰ ਦੇ ਅੰਦਰੂਨੀ ਹਿਸੇ ਨਾਲ ਸੰਬੰਧ ਰਖਦਾ ਹੈ — ਜਿਹੜਾ ਕਿ ਸਿਖਾਂ ਹਿੰਦੂਆਂ ਦੇ ਕਬਜ਼ੇ ਵਿਚ ਸੀ — ਜੇ ਹੋਰ ਮਹੀਨਾ ਦਸ ਦਿਨ ਇਹੋ ਹਾਲਤ ਰਹੀ ਤਾਂ ਨਤੀਜੇ ਦੇ ਤੌਰ ਤੇ ਮੁਸਲਮਾਨਾਂ ਨੂੰ ਜਾਂ ਤਾਂ ਬੇਰੁਜ਼ਗਾਰੀ ਹਥੋਂ ਭੁਖੇ ਮਰਨਾ ਪਵੇਗਾ, ਜਾਂ ਸ਼ਹਿਰ ਛਡ ਕੇ ਨੱਸਣਾ ਪਵੇਗਾ। ਪਰ ਇਕ ਗਲ ਦਾ ਉਨ੍ਹਾਂ ਨੇ ਆਪੋ ਵਿਚ ਫੈਸਲਾ ਕਰ ਲਿਆ ਜਾਪਦਾ ਸੀ ਕਿ ਜੇ ਹਾਲਤ ਦੂਸਰੇ ਕਿਸਮ ਦੀ ਆ ਵਾਪਰੀ — ਸ਼ਹਿਰ ਛਡ ਕੇ ਭੱਜਣ ਦੀ ਨੌਬਤ ਆ ਗਈ, ਤਾਂ ਉਹ ਨੱਸਣ ਤੋਂ ਪਹਿਲਾਂ ਸਾਰੇ ਸ਼ਹਿਰ ਦੀ ਇੱਟ ਨਾਲ ਇੱਟ ਖੜਕਾ ਕੇ ਹੀ ਨਸਣਗੇ।

ਉਨ੍ਹਾਂ ਦੇ ਇਸ ਖ਼ਤਰਨਾਕ ਮਨਸੂਬੇ ਤੋਂ ਹਿੰਦੂ ਸਿਖ ਵੀ ਜਾਣੂ ਸਨ। ਜਿਸ ਕਰ ਕੇ ਉਹ ਬੜੇ ਭਾਰੀ ਪੈਮਾਨੇ ਵਿਚ ਹਿਫ਼ਾਜ਼ਤੀ ਤਦਬੀਰਾਂ ਅਮਲ ਵਿਚ ਲਿਆ ਰਹੇ ਸਨ। ਸਭ — ਮੁਖੀ ਪਾਰਟੀਆਂ ਆਪਣੇ ਅਸਰਰਸੂਖ ਨਾਲ ਥਾਂ ਥਾਂ ਤੋਂ ਅਸਲਾ ਜਮ੍ਹਾ ਕਰ ਕੇ ਆਪੋ ਆਪਣੇ ਇਲਾਕਿਆਂ ਵਿਚ ਵੰਡ ਰਹੀਆਂ ਸਨ।

30

ਸਤਨਾਮ ਤੇ ਕ੍ਰਿਸ਼ਨਾ ਦੀ ਅਗਵਾਈ ਵਿਚ ਅੰਮ੍ਰਿਤਸਰ ਦੇ ਨੌਜਵਾਨਾਂ ਨੇ ਇਕ ਵਾਰੀ ਫੇਰ ਇਤਿਹਾਦ ਸਭਾ ਵਿਚ ਪ੍ਰਾਣ ਲੈ ਆਂਦੇ। ਇਨ੍ਹਾਂ ਨੇ ਜਨਤਾ ਦੀ ਰੁਚੀ ਨੂੰ ਕਾਫ਼ੀ ਹੱਦ ਤੀਕ ਆਪਣੀ ਵਲ ਖਿਚ ਲਿਆ। ਪ੍ਰੈਸ ਤੇ ਪਲੈਟਫਾਰਮ ਦੀ ਵਰਤੋਂ ਤੋਂ ਛੁਟ ਐਤਕੀ ਫ਼ਿਲਮ-ਸਕਰੀਨ ਪਾਸੋਂ ਸਹਾਇਤਾ ਲਈ ਗਈ। ਦਿਲਚਸਪ ਤੇ ਉਸਾਰੂ ਭਾਵਾਂ ਦੇ ਸਲਾਈਡ ਤਿਆਰ ਕਰਵਾ ਕੇ ਸਿਨਮਾਂ ਘਰਾਂ ਵਿਚ ਦਿਖਾਏ ਜਾਣ ਲਗੇ। ਜਿਨ੍ਹਾਂ ਦਾ ਅਸਰ ਪਬਲਿਕ ਉਤੇ ਚੰਗਾ ਪੈ ਰਿਹਾ ਸੀ। ਪਰ ਅਸਲ ਵਿਚ ਇਹ ਸਾਰੇ ਅਸਰ ਅਟਿਕਵੇਂ ਤੇ ਅਸਥਾਈ ਸਨ। ਲੋਕਾਂ ਦੇ ਦਿਲਾਂ ਵਿਚ ਜਿਹੜਾ ਜ਼ਹਿਰ ਭਰ ਚੁਕਾ ਸੀ, ਉਸ ਨੂੰ ਕਿਸੇ ਅਪੀਲ ਜਾਂ ਦਲੀਲ ਰਾਹੀਂ ਕਢਣਾ ਅਨਹੋਣੀ ਗਲ ਸੀ। ਸ਼ਹਿਰ ਵਿਚ 'ਅਮਨ ਸਭਾ' 'ਅੰਜਮਨਿ ਇਤਿਹਾਦ' ਆਦਿ ਹੋਰ ਵੀ ਕਈ ਸੰਸਥਾਵਾਂ ਇਸ ਪਾਸੇ ਲਗੀਆਂ ਹੋਈਆਂ ਸਨ, ਪਰ ਇਹ ਸਾਰਾ ਪੁਰਸ਼ਾਰਥ 'ਅੰਨ੍ਹੇ ਅਗੇ ਨੱਚਣਾ ਤੇ ਬੋਲੇ ਅਗੇ ਗਾਂਗਾ' ਵਾਲੀ ਹੀ ਮਿਸਾਲ ਸਾਬਤ ਹੋ ਰਹੀ ਸੀ। ਲੈਕਚਰ ਹੁੰਦੇ, ਢੰਡੋਰੇ ਫਿਰਦੇ, ਪੋਸਟਰ ਲਾਏ ਜਾਂਦੇ ਤੇ ਸਲਾਈਡਾਂ ਵਿਖਾਈਆਂ ਜਾਂਦੀਆਂ। ਇਸ ਸਭ ਨੂੰ ਵੇਖ ਸੁਣ ਕੇ ਲੋਕੀ ਸਪੱਸ਼ਟ ਜਾਂ ਅਸਪੱਸ਼ਟ ਰੂਪ ਵਿਚ ਇਨ੍ਹਾਂ ਖ਼ਿਆਲਾਂ ਦੀ ਅਕਸਰ ਹਿਮਾਇਤ ਵੀ ਕਰਦੇ ਦਿਖਾਈ ਦੇਂਦੇ ਸਨ, ਪਰ 'ਸ਼ਰੀਕਾਂ' ਦਾ ਕਹਿਣਾ ਸਿਰ ਮਥੇ ਤੇ ਮੰਨਦਿਆਂ ਹੋਇਆਂ ਵੀ ਉਨ੍ਹਾਂ ਦੀ ਨੀਤੀ ਦਾ ਪਰਨਾਲਾ ਉਥੇ ਦਾ ਉਥੇ ਹੀ ਟਿਕਿਆ ਰਹਿੰਦਾ।

ਦਿਨ ਰਾਤ ਦੀ ਇਸ ਨੱਠ ਭੱਜ ਤੋਂ ਸਤਨਾਮ ਤੰਗ ਆ ਗਿਆ, ਪਰ ਕ੍ਰਿਸ਼ਨਾ ਨੇ ਹੌਸਲਾ ਨਹੀਂ ਛੱਡਿਆ। ਭਾਵੇਂ ਕਿ ਅਸਫਲ ਮਿਹਨਤ ਨੇ ਉਸ ਦੇ ਦਿਲ ਨੂੰ ਕਾਫ਼ੀ ਢਾਹ ਲਾਈ।

ਤੇ ਜਿਉਂ ਹੀ ਅਗਸਤ ਮਹੀਨੇ ਦਾ ਪੱਖ ਸ਼ੁਰੂ ਹੋਇਆ ਕਿ ਫ਼ਸਾਦੀ ਖ਼ਤਰਿਆਂ ਦੀ ਸੰਭਾਵਨਾ ਹੋਰ ਵਧ ਗਈ। ਸੰਭਾਵਨਾ ਹੀ ਕਿਰੀ ਨਹੀਂ ਵਧੀ, ਸਗੋਂ ਅਮਲੀ ਤੌਰ ਤੇ ਨਵੇਂ ਫ਼ਸਾਦ ਦਾ ਮੁਢ ਵੀ ਬਝਣਾ ਸ਼ੁਰੂ ਹੋ ਗਿਆ। ਹਿੰਦੂਆਂ ਸਿਖਾਂ ਵਲੋਂ ਮੁਸਲਮਾਨਾਂ ਉਤੇ ਉਪਰੋਥੱਲੀ ਹਮਲੇ ਕਰ ਕੇ ਜਾਨ ਮਾਲ ਦਾ ਕਾਫ਼ੀ ਨੁਕਸਾਨ ਕੀਤਾ। ਜਿਸ ਨੇ ਮੁਸਲਿਮ ਤਬਕੇ ਵਿਚ ਸਖ਼ਤ ਘਬਰਾਹਟ ਪੈਦਾ ਕਰ ਦਿਤੀ। ਹਮਲੇ ਭਾਵੇਂ ਵਡੇ ਪੈਮਾਨੇ ਉਤੇ ਨਹੀਂ ਸਨ ਹੋਏ, ਪਰ ਮੁਸਲਮਾਨਾਂ ਨੂੰ ਜਿਹੜਾ ਸਭ ਤੋਂ ਬਹੁਤਾ ਡਰ ਮਾਰ ਰਿਹਾ ਸੀ, ਉਹ ਸੀ ਪੰਦਰਾਂ ਅਗਸਤ ਦਾ, ਇਤਨਾ ਤਾਂ ਉਹ ਜਾਣਦੇ ਸਨ ਕਿ ਨਵੀਂ ਵੰਡ ਅਨੁਸਾਰ ਪੰਦਰਾਂ ਅਗਸਤ ਤੋਂ ਬਾਅਦ ਅੰਮ੍ਰਿਤਸਰ ਜ਼ਰੂਰ ਹਿੰਦੁਸਤਾਨੀ ਹਕੂਮਤ ਵਿਚ ਆ ਜਾਵੇਗਾ। ਨਾਲੇ ਉਹ ਆਪਣੇ ਹਮ-ਮਜ਼ਹਬਾਂ ਦੇ ਉਸ ਸਲੂਕ ਤੋਂ ਵੀ ਬੇਖ਼ਬਰ ਨਹੀਂ ਸਨ ਜਿਹੜਾ ਪਿਛਲੇ ਕੁਝ ਮਹੀਨਿਆਂ ਤੋਂ ਪੱਛਮੀ ਪੰਜਾਬ ਦੇ ਸੂਬਾ ਸਰਹੱਦ ਵਿਚ ਮੁਸਲਮਾਨਾਂ ਵਲੋਂ ਸਿਖਾਂ ਹਿੰਦੂਆਂ ਨਾਲ ਕੀਤਾ ਜਾ ਰਿਹਾ ਸੀ। ਉਹ ਇਹ ਵੀ ਜਾਣਦੇ ਸਨ ਕਿ ਅੰਮ੍ਰਿਤਸਰ ਵਿਚ ਵੀ ਉਹਨਾਂ ਨੇ ਕੋਈ ਘਟ ਨਹੀਂ ਸੀ ਗੁਜ਼ਾਰੀ। ਸੋ ਉਹਨਾਂ ਨੂੰ ਪੱਕਾ ਯਕੀਨ ਬਣ ਚੁਕਾ ਸੀ ਕਿ ਵੰਡ ਦੇ ਫ਼ੈਸਲੇ ਦਾ ਐਲਾਨ ਹੁੰਦਿਆਂ ਹੀ ਏਸ ਇਲਾਕੇ ਦੇ ਸਿਖਾਂ ਹਿੰਦੂਆਂ ਨੇ ਮੁਸਲਮਾਨਾਂ ਲਈ ਕਿਆਮਤ ਪੈਦਾ ਕਰ ਦੇਣੀ ਹੈ। ਇਸ ਭਵਿਸ਼ਤ ਖ਼ਤਰੇ ਦੀ ਰੋਕ ਥਾਮ ਲਈ, ਮੁਸਲਮਾਨਾਂ ਵਲੋਂ ਇਕ ਪਾਸੇ ਹਾਕਮਾਂ ਪਾਸ ਡੈਪੂਟੇਸ਼ਨ ਜਾਣੇ ਸ਼ੁਰੂ ਹੋ ਗਏ, ਦੂਜੇ ਪਾਸੇ ਇਹ ਲੋਕ ਇਕ ਐਸੀ ਬੇ-ਹੂਦਾ ਹਰਕਤ ਕਰ ਬੈਠੇ, ਜਿਹੜੀ ਆਉਣ ਵਾਲੀ ਤਬਾਹੀ ਦੀ ਬਹੁਤ ਹਦ ਤੀਕ ਜ਼ਿੰਮੇਵਾਰ ਸੀ।

ਇਹ ਹਰਕਤ ਕੀ ਸੀ ? ਅੰਮ੍ਰਿਤਸਰੀਏ ਮੁਸਲਮਾਨਾਂ ਵਲੋਂ ਲਾਹੌਰੀ ਮੁਸਲਮਾਨਾਂ ਨੂੰ ਤਾਹਨੇ ਤੇ ਉਕਸਾਹਟ ਭਰਿਆ ਇਕ ਪੈਗ਼ਾਮ ਭੇਜਿਆ ਗਿਆ। ਇਹ ਵਾਕਿਆ ਤਿੰਨ ਅਗਸਤ ਦਾ ਹੈ, ਜਦ ਇਥੋਂ ਦੀ ਮੁਸਲਿਮ ਜਨਤਾ ਨੇ ਆਪਣੇ ਇਕ ਜ਼ਿੰਮੇਵਾਰ ਆਦਮੀ ਹਥ ਕੁਝ ਚੂੜੀਆਂ, ਇਕ ਜ਼ਨਾਨਾ ਸਲਵਾਰ ਤੇ ਇਕ ਬੁਰਕਾ ਲਾਹੌਰ ਦੇ ਮੁਸਲਮਾਨਾਂ ਨੂੰ ਘਲੇ। ਇਸ ਤੋਂ ਉਨ੍ਹਾਂ ਦਾ ਮਨੋਰਥ ਇਹ ਸੀ — "ਲਾਹੌਰ ਦੇ ਮੁਸਲਮਾਨੋ ! ਤੁਹਾਡੇ ਵੇਖਦਿਆਂ ਵੇਖਦਿਆਂ ਅੰਮ੍ਰਿਤਸਰ ਦੇ ਮੁਸਲਮਾਨ ਤਬਾਹ ਕੀਤੇ ਜਾ ਰਹੇ ਹਨ। ਜੇ ਤੁਸੀਂ ਉੱਕਾ ਮਰਦਮੀਅਤ ਨੂੰ ਖੋ ਬੈਠੇ ਹੋ — ਉਨ੍ਹਾਂ ਪਾਸੋਂ ਬਦਲਾ ਲੈਣ ਜੋਗੇ ਨਹੀਂ ਰਹੇ, ਤਾਂ ਇਹ ਚੂੜੀਆਂ ਸਲਵਾਰ ਤੇ ਬੁਰਕਾ ਪਹਿਨ ਕੇ ਘਰਾਂ ਦੀ ਚਾਰ ਦੀਵਾਰੀ ਅੰਦਰ ਬੈਠ ਜਾਓ... ...।"

ਇਹ ਤਾਹਨਾ ਕਾਟ ਕਰ ਗਿਆ ਲਾਹੌਰੀ ਮੁਸਲਮਾਨਾਂ ਦੇ ਦਿਲਾਂ ਉਤੇ। ਉਨ੍ਹਾਂ ਨੇ ਉਸੇ ਘੜੀ ਤੋਂ ਲਾਹੌਰ ਲਈ ਕਿਆਮਤ ਦਾ ਸਮਾਂ ਲੈ ਆਂਦਾ। ਹਿੰਦੂਆਂ ਸਿਖਾਂ ਦਾ ਕਤਲਿਆਮ ਸ਼ੁਰੂ ਹੋ ਗਿਆ ਤੇ ਉਨ੍ਹਾਂ ਦੀਆਂ ਅਬਾਦੀਆਂ ਅਗਨ ਭੇਟ ਹੋਣ ਲਗੀਆਂ।

ਅੰਮ੍ਰਿਤਸਰ ਦੇ ਹਿੰਦੂ ਸਿਖ, ਜਿਹੜੇ ਪਹਿਲਾਂ ਹੀ ਪੱਛਮੀ ਪੰਜਾਬ ਤੋਂ ਆਏ ਰਿਫ਼ਿਊਜੀਆਂ ਦੀਆਂ ਦਰਦ-ਕਥਾਵਾਂ ਸੁਣ ਸੁਣ ਕੇ ਤੇ ਆਪਣੇ ਨਾਲ ਹਰ ਵੇਲੇ ਦਾ ਸਲੂਕ ਸਹਿ ਸਹਿ ਕੇ ਬਦਲਾ ਲੈਣ ਲਈ ਤਰਲੋਮੱਛੀ ਹੋ ਰਹੇ ਸਨ, ਲਾਹੌਰ ਦੀ ਇਸ ਘਟਨਾ ਨਾਲ ਹੋਰ ਵੀ ਭੜਕ ਉਠੇ। ਖ਼ਾਸ ਕਰ ਕੇ ਸਿਖਾਂ ਵਿਚ ਤਾਂ ਗ਼ਮ ਗੁੱਸੇ ਦੀ ਲਹਿਰ ਹਦਾਂ ਬੰਨੇ ਹੀ ਤੋੜ ਗਈ ਜਦ ਉਨ੍ਹਾਂ ਨੇ ਇਸ ਕਿਸਮ ਦੀਆਂ ਸੱਚੀਆਂ ਝੂਠੀਆਂ ਅਫ਼ਵਾਹਾਂ ਸੁਣੀਆਂ — "ਲਾਹੌਰ ਦਾ ਫਲਾਣਾ ਫਲਾਣਾ ਇਤਿਹਾਸਕ ਗੁਰਦੁਆਰਾ ਸਾੜ ਦਿਤਾ ਗਿਆ... ..." ਆਦਿ।

ਅੰਮ੍ਰਿਤਸਰ ਦੀ ਹਾਲਤ ਵਿਗੜਦੀ ਵੇਖ ਕੇ ਹਕੂਮਤ ਵਲੋਂ ਢਿਲੇ ਮਠੇ ਤਰੀਕਿਆਂ ਨਾਲ ਕੁਝ ਤਦਬੀਰਾਂ ਅਮਲ ਵਿਚ ਲਿਆਂਦੀਆਂ ਜਾਣ ਲਗੀਆਂ — ਕਰਫ਼ਿਊ — ਜਿਹੜਾ ਕਾਫ਼ੀ

ਦਿਨਾਂ ਤੋਂ ਉਠਾ ਲਿਆ ਗਿਆ ਸੀ — ਮੁੜ ਲਾ ਦਿਤਾ ਗਿਆ। ਜ਼ਨਾਨੀਆਂ ਤੇ ਲੜਕੀਆਂ ਦਾ ਘਰਾਂ 'ਚੋਂ ਨਿਕਲਣਾ ਬੰਦ ਕਰ ਦਿਤਾ ਗਿਆ, ਹਰ ਤਰ੍ਹਾਂ ਦੇ ਜਲਸਿਆਂ ਜਲੂਸਾਂ ਉਤੇ ਪਾਬੰਦੀ ਲਾ ਦਿਤੀ ਗਈ, ਹਥਿਆਰ ਲੈ ਕੇ ਚਲਣ ਦੀ ਮਨਾਹੀ ਕਰ ਦਿਤੀ ਗਈ। ਪੰਜਾਂ ਆਦਮੀਆਂ ਦਾ ਇਕੱਠਿਆਂ ਟੁਰਨਾ ਕਾਨੂੰਨ ਦੇ ਖ਼ਿਲਾਫ਼ ਕਰਾਰ ਦੇ ਦਿਤਾ ਗਿਆ... ...ਆਦਿ।

ਸਤਨਾਮ ਨੇ ਜਦੋਂ ਇਤਿਹਾਦ ਸਭਾ ਦੀ ਵਾਗਡੋਰ ਸੰਭਾਲੀ ਸੀ, ਤਾਂ ਕ੍ਰਿਸ਼ਨਾ ਦੇ ਅੰਦਰ ਨਵੇਂ ਨਵੇਂ ਖ਼ਿਆਲਾਂ ਦਾ ਇਕ ਦਰਿਆ ਜਿਹਾ ਠਾਠਾਂ ਮਾਰ ਰਿਹਾ ਸੀ। ਉਸ ਨੂੰ ਕੁਝ ਇਸ ਤਰ੍ਹਾਂ ਦਾ ਵਿਸ਼ਵਾਸ ਹੋ ਗਿਆ ਸੀ ਜਿਵੇਂ ਦਿਨਾਂ ਵਿਚ ਹੀ ਉਹ ਇਨ੍ਹਾਂ ਦੰਗੇ ਫ਼ਸਾਦਾਂ ਦੀ ਵਬਾਅ ਨੂੰ ਜੜ੍ਹ ਮੂਲ ਤੋਂ ਉਖੇੜ ਕੇ ਸੁਟ ਦੇਵੇਗੀ। ਇਹਨਾਂ ਹੀ ਭਾਵਾਂ ਨੂੰ ਲੈ ਕੇ ਉਸ ਨੇ ਆਪਣੀ ਵਲੋਂ ਪੂਰੇ ਉਤਸਾਹ ਨਾਲ ਕੰਮ ਸ਼ੁਰੂ ਕੀਤਾ, ਪਰ ਇਧਰ ਕੁਝ ਦਿਨਾਂ ਤੋਂ ਪੈਦਾ ਹੋਈਆਂ ਨਵੀਆਂ ਰੁਕਾਵਟਾਂ ਕਰ ਕੇ ਉਸ ਉਤੇ ਕੁਝ ਨਿਰਾਸਤਾ ਜਿਹੀ ਛਾ ਗਈ।

ਸਭਾ ਵਿਚ.ਸਿਖ ਵੀ ਸਨ, ਹਿੰਦੂ ਵੀ, ਪਰ ਮੁਸਲਮਾਨਾਂ ਦੇ ਸਹਿਯੋਗ ਤੋਂ ਇਹ ਸਭਾ ਅਜੇ ਤੀਕ ਵਾਂਝੀ ਹੀ ਰਹੀ ਸੀ ਤੇ ਕ੍ਰਿਸ਼ਨਾ ਦੀ ਸਭ ਤੋਂ ਜ਼ਿਆਦਾ ਕੋਸ਼ਿਸ਼ ਇਹੋ ਹੁੰਦੀ ਕਿ ਉਹ ਜ਼ਿਆਦਾ ਤੋਂ ਜ਼ਿਆਦਾ ਗਿਣਤੀ ਵਿਚ ਮੁਸਲਮਾਨਾਂ ਨੂੰ ਇਸ ਵਿਚ ਸ਼ਾਮਲ ਕਰੇ।

ਅਜ ਜਦ ਸਤਨਾਮ ਨੇ ਉਸ ਨੂੰ ਦਸਿਆ ਕਿ ਇਕ ਦੋ ਬਾਂ ਤਿੰਨ ਮੁਸਲਮਾਨ ਮੈਂਬਰ ਉਸ ਦੀ ਇਤਿਹਾਦ ਸਭਾ ਵਿਚ ਸ਼ਾਮਲ ਹੋਏ ਹਨ, ਤਾਂ ਉਸ ਦੇ ਦਿਲ ਨੂੰ ਕਾਫ਼ੀ ਖ਼ੁਸ਼ੀ ਹੋਈ। ਭਾਵੇਂ ਇਹਨਾਂ ਦਿਨਾਂ ਵਿਚ ਮੁਸਲਮ ਤੇ ਗ਼ੈਰ-ਮੁਸਲਮ ਦਾ ਮਿਲ ਬੈਠਣਾ ਅਨਹੋਣੀ ਗਲ ਸੀ, ਫਿਰ ਵੀ ਸਤਨਾਮ ਦੀ ਦੌੜ ਭੱਜ ਦਾ ਨਤੀਜਾ ਹੋਇਆ ਕਿ ਉਸ ਨੇ ਤਿੰਨ ਮੁਸਲਮਾਨ ਮੈਂਬਰ ਬਣਾ ਲਏ।

ਆਕਾਸ਼ ਉਤੇ ਬੱਦਲਾਂ ਦੀ ਘਨਘੋਰ ਸੀ। ਸਤਨਾਮ ਇਕ ਮੀਟਿੰਗ ਵਿਚ ਸ਼ਾਮਲ ਹੋਣ ਲਈ ਇਤਿਹਾਦ ਸਭਾ ਦੇ ਦਫਤਰ ਪੁਜਾ ਤੇ ਉਸਦੇ ਪਹੁੰਚਦਿਆਂ ਹੀ ਬਾਰਸ਼ ਇਤਨੇ ਜ਼ੋਰ ਦੀ ਆ ਗਈ ਕਿ ਮੀਟਿੰਗ ਦਾ ਕੋਰਮ ਜਲਦੀ ਜਲਦੀ ਪੂਰਾ ਨਾ ਹੋ ਸਕਿਆ।

ਕਰਫ਼ਿਊ ਭਾਵੇਂ ਸਾਰੇ ਸ਼ਹਿਰ ਉਤੇ ਲਗਾ ਹੋਇਆ ਸੀ, ਪਰ ਇਤਿਹਾਦ ਸਭਾ ਦੇ ਮੈਂਬਰਾਂ ਨੂੰ ਜਾਣ ਆਉਣ ਵਿਚ ਕੋਈ ਰੁਕਾਵਟ ਨਹੀਂ ਸੀ — ਹਰ ਇਕ ਕੋਲ ਕਰਫ਼ਿਊ ਪਾਸ ਸੀ ਤੇ ਉਨ੍ਹਾਂ ਨੂੰ ਘਰੋ ਘਰੀ ਪਹੁੰਚਾਣ ਲਈ ਸਮੇਤ ਡਰਾਈਵਰ ਦੇ ਜੀਪ ਕਾਰ ਵੀ ਮੌਜੂਦ ਸੀ। ਸੋ ਵਕਤ ਨੂੰ ਸੌਖਾ ਕਰਨ ਲਈ ਸਤਨਾਮ ਇਸ ਪਾਰਟੀ ਦੇ ਇਕ ਸਰਗਰਮ ਮੈਂਬਰ ਮਿਸਟਰ ਸ਼ਫ਼ੀ ਨੂੰ ਨਾਲ ਲੈਕੇ ਕਮਰੇ ਦੀ ਉਤਲੀ ਛਤੇ ਜਾ ਚੜ੍ਹਿਆ। ਜਿਥੇ ਬੈਠ ਕੇ ਉਹ ਦੋਵੇਂ ਮੀਂਹ ਦਾ ਨਜ਼ਾਰਾ ਲੈਂਦੇ ਹੋਏ ਗੱਪਾਂ ਮਾਰਨ ਲਗੇ।

ਸ਼ਫ਼ੀ ਇਕ ਰਿਸ਼ਟ ਪੁਸ਼ਟ ਨੌਜਵਾਨ ਸੀ ਤੇ ਪੁਤਲੀਘਰ ਦੀ ਕਿਸੇ ਮਿੱਲ ਵਿਚ ਕੰਮ ਕਰਦਾ ਸੀ। ਜਿਸ ਨੇ ਥੋੜੇ ਦਿਨਾਂ ਵਿਚ ਹੀ ਆਪਣੀ ਕਾਬਲੀਅਤ ਤੇ ਲੋਕ-ਸੇਵਾ ਦੀ ਲਗਨ ਤੋਂ ਆਪਣੇ ਸਾਥੀਆਂ ਨੂੰ ਪ੍ਰਭਾਵਿਤ ਕਰ ਦਿਤਾ ਸੀ। ਏਧਰ ਸਤਨਾਮ ਵੀ ਕਿਸੇ ਇਹੋ ਜਿਹੇ ਵਰਕਰ ਦੀ ਭਾਲ ਵਿਚ ਸੀ, ਜਿਹੜਾ ਹੇਠਲੀ ਸ਼ਰੇਣੀ ਦੇ ਮੁਸਲਮਾਨਾਂ ਵਿਚ ਇਤਿਹਾਦ ਦਾ ਪ੍ਰਚਾਰ ਕਰ ਕੇ ਉਨ੍ਹਾਂ ਪਾਸੋਂ ਲੋੜੀਂਦਾ ਕੰਮ ਲੈ ਸਕੇ। ਸੋ ਇਸ ਪ੍ਰਾਪਤੀ ਨੇ ਸਭਾ ਦੇ ਕੰਮ ਨੂੰ ਕਾਫ਼ੀ ਤਾਕਤ ਦਿਤੀ, ਜਦ ਕਿ ਸ਼ਫ਼ੀ ਦੀ ਮਦਦ ਨਾਲ ਦੋ ਹੋਰ ਮੁਸਲਿਮ ਮੈਂਬਰ ਬਣ ਗਏ ਤੇ ਅਗੇ ਲਈ ਵੀ ਸ਼ਫ਼ੀ ਨੇ ਹੋਰ ਮੈਂਬਰ ਬਨਾਣ ਦੀ ਉਮੇਦ ਦਿਵਾਈ ਸੀ।

ਮੋਹਲੇਧਾਰ ਮੀਂਹ ਪੈ ਰਿਹਾ ਸੀ। ਸੜਕਾਂ ਸੁੰਨਮਸਾਨ ਸਨ। ਇਕ ਤਾਂ ਬਾਰਸ਼ ਕਰ ਕੇ, ਦੂਜਾ ਕਰਫ਼ਿਊ ਕਰ ਕੇ। ਦੁਹਾਂ ਵਿਚ ਗਲਾਂ ਦਾ ਇਕ ਲੰਮਾ ਸਿਲਸਿਲਾ ਸ਼ੁਰੂ ਹੋ ਗਿਆ।

ਬਰਸਾਤੀ ਵਿਚ ਰਖੇ ਹੋਏ ਦੁਹਾਂ ਮੰਜਿਆਂ ਤੇ ਆਹਮੋ ਸਾਹਮਣੇ ਬੈਠੇ ਦੋਵੇਂ ਗਲਾਂ ਕਰ ਰਹੇ

ਸਨ। ਸਤਨਾਮ ਨੇ ਉਸ ਨੂੰ ਪੁਛਿਆ — "ਸੁਣਾ ਮਿਸਟਰ ਸ਼ਫੀ ਕੀ ਹਾਲ ਚਾਲ ਨੇ — ਦੁਨੀਆ ਕਿਧਰ ਨੂੰ ਜਾ ਰਹੀ ਏ ਅਜ ਕਲ ?"

ਗੰਭੀਰ ਜਿਹੇ ਰੰਗ ਵਿਚ ਸ਼ਫੀ ਬੋਲਿਆ — "ਹਾਲ ਭੈੜੇ ਨੇ ਤੇ ਦੁਨੀਆਂ ਜਾ ਰਹੀ ਏ ਜਹੱਨਮ ਵਲ ਭਰਾਵਾ। ਹੁਣ ਤੇ ਦਿਲ ਇਹੋ ਕਰਦਾ ਏ, ਪਈ ਇਸ ਦੁਨੀਆਂ ਤੋਂ ਕੂਚ ਹੀ ਕਰ ਜਾਈਏ।"

"ਪਾਗਲ ਆਦਮੀ" ਸਤਨਾਮ ਨੇ ਉਸ ਦੇ ਮੋਢੇ ਤੇ ਹੌਲਾ ਜਿਹਾ ਧੱਪਾ ਮਾਰ ਕੇ ਕਿਹਾ — "ਇਤਨੀ ਮਾਯੂਸੀ ! ਮਰਦ ਦੇ ਬੱਚੇ ਨੂੰ ਕਦੀ ਵੀ ਮਾਯੂਸ ਨਹੀਂ ਹੋਣਾ ਚਾਹੀਦਾ ਮੇਰੇ ਦੋਸਤ ! ਹਰ ਮੁਸੀਬਤ ਦਾ ਮੁਕਾਬਲਾ ਕਰਨਾ ਮਰਦ ਦਾ ਕੰਮ ਹੈ।"

"ਇਹ ਤੇ ਠੀਕ ਹੈ" ਸ਼ਫੀ ਨੇ ਜਵਾਬ ਦਿਤਾ — "ਪਰ ਜਿਥੇ ਮਰਦਾਂ ਦੀ ਮਰਦਮੀਅਤ ਹੀ ਨਾਮਰਦੀ ਵਿਚ ਬਦਲ ਚੁਕੀ ਹੋਵੇ, ਉਥੇ ਆਦਮੀ ਕੀ ਕਰੇ। ਮੈਂ ਤੈਨੂੰ ਕਲ੍ਹ ਤੇ ਪਰਸੋਂ ਦੀ ਗਲ ਸੁਣਾਂਦਾ ਹਾਂ। ਸਾਡੇ ਕਾਰਖਾਨੇ ਵਿਚ ਡੇਢ ਕੁ ਸੌ ਆਦਮੀ ਕੰਮ ਕਰਦੇ ਨੇ, ਜਿਨ੍ਹਾਂ ਵਿਚ ਬਹੁਤੀ ਤਾਦਾਦ ਮੁਸਲਮਾਨਾਂ ਦੀ ਏ। ਪਿਛਲੇ ਦੋਹ ਦਿਨਾਂ ਵਿਚ ਮੈਂ ਸੋਲ੍ਹਾਂ ਆਦਮੀਆਂ ਪਾਸੋਂ ਮੈਂਬਰੀ ਦੇ ਫ਼ਾਰਮ ਭਰਾਏ। ਖਿਆਲ ਸੀ ਕਿ ਇਤਨੇ ਕੁ ਹੋਰ ਵੀ ਹੋ ਜਾਣਗੇ ਤੇ ਅਜ ਦੀ ਮੀਟਿੰਗ ਵਿਚ ਉਨ੍ਹਾਂ ਨੂੰ ਨਾਲ ਲਿਆ ਕੇ ਮੁਸਤਕਿਲ ਮੈਂਬਰ ਬਣਵਾ ਦਿਆਂਗਾ, ਪਰ ਬਦਕਿਸਮਤੀ ਨੂੰ ਕਲ੍ਹ ਰਾਤੀਂ ਇਕ ਮੌਲਾਨਾ ਸਾਹਿਬ ਕਿਤੋਂ ਆ ਨਮੂਦਾਰ ਹੋਏ। ਜਿਸ ਬਾਬਤ ਮਗਰੋਂ ਪਤਾ ਲਗਾ ਕਿ ਉਹ ਮੁਸਲਿਮ ਲੀਗ ਦੇ ਤਨਖ਼ਾਹਦਾਰ ਨੌਕਰ ਨੇ ਤੇ ਉਨ੍ਹਾਂ ਦੇ ਜ਼ਿਮੇਂ ਡਿਊਟੀ ਲਗੀ ਹੋਈ ਏ ਮੁਸਲਮਾਨਾਂ ਵਿਚ ਫ਼ਿਰਕੇਦਾਰਾਨਾ ਜ਼ਹਿਰ ਫੈਲਾਣ ਦੀ। ਬਸ ਜੀ, ਕੁਆਰਟਰਾਂ ਵਿਚ ਉਸ ਦਾ ਦਾਖਲ ਹੋਣਾ ਹੀ ਸੀ ਕਿ ਸਾਰੇ ਤੋਤਾ ਚਿਸ਼ਮ ਹੋ ਗਏ। ਪੰਝੀ ਤੀਹ ਆਦਮੀ ਜਿਨ੍ਹਾਂ ਨੇ ਕੁਰਾਨ ਸਿਰ ਤੇ ਚੁਕ ਕੇ ਮੈਨੂੰ ਆਪਣੀ ਵਫ਼ਾਦਾਰੀ ਦਾ ਯਕੀਨ ਦਿਵਾਇਆ ਹੋਇਆ ਸੀ, ਸਾਰੇ ਭੁਰਲ ਹੋ ਗਏ। ਸੱਚ ਕਹਿਨਾ ਵਾਂ, ਐਸਾ ਦਿਲ ਟੁਟਿਆ ਕਿ ਜਾਂ ਤਾਂ ਆਪ ਅੰਦਰ ਵੜ ਕੇ ਫਾਹ ਲੈ ਲਵਾਂ ਜਾਂ ਉਸ ਮੌਲਵੀ ਦਾ ਢਿੜ ਪਾੜ ਸੁਟਾਂ।"

"ਕੋਈ ਗਲ ਨਹੀਂ ਮੇਰੇ ਦੋਸਤ" ਉਸ ਦਾ ਮੋਢਾ ਥਾਪੜਦਾ ਹੋਇਆ ਸਤਨਾਮ ਬੋਲਿਆ — "ਇਸ ਤਰ੍ਹਾਂ ਦਿਲ ਛੱਡਣ ਨਾਲ ਇਹੋ ਜਿਹੇ ਕੰਮ ਨਹੀਂ ਹੋ ਸਕਦੇ। ਇਹ ਤੇ ਨੰਗੀ ਤਲਵਾਰ ਉਤੇ ਨੱਚਣ ਵਾਲੀ ਖੇਡ ਹੈ ਭਰਾਵਾ। ਆਪਣਾ ਫ਼ਰਜ਼ ਤੂੰ ਨਿਭਾਈ ਚਲ। 'ਹਿੰਮਤੇ ਮਰਦਾਂ, ਮਦਦੇ ਖ਼ੁਦਾ' ਵਾਲਾ ਨੁਕਤਾ ਸਾਹਮਣੇ ਰਖ। ਤੇਰੇ ਰਸਤੇ ਵਿਚ ਤਾਂ ਅਜੇ ਕੁਝ ਵੀ ਰੁਕਾਵਟ ਨਹੀਂ ਪੈਦਾ ਹੋਈ। ਮੇਰੀ ਹਾਲਤ ਦਾ ਅੰਦਾਜ਼ਾ ਲਾ, ਜਿਸ ਦੇ ਰਸਤੇ ਵਿਚ ਇਕ ਨਹੀ ਲਾਇੰਤਹਾ ਰੁਕਾਵਟਾਂ ਮੌਜੂਦ ਨੇ। ਮੈਂ ਤੈਨੂੰ ਆਪਣੇ ਇਕ ਹਮਨਸ਼ੀਨ ਦੀ ਗਲ ਸੁਣਾਵਾਂ। ਖ਼ਿਆਲਾਤ ਦੇ ਤੌਰ ਤੇ ਭਾਵੇਂ ਕੋਈ ਕੁਝ ਪਿਆ ਕਰੇ, ਹਰ ਇਕ ਨੂੰ ਆਪਣੇ ਖਿਆਲਾਤ ਦੇ ਮਗਰ ਚਲਣ ਦਾ ਹਕ ਹੈ। ਪਰ ਕੀ ਕੋਈ ਆਦਮੀ ਇਤਨਾ ਵੀ ਕਮੀਨਾ ਹੋ ਸਕਦਾ ਹੈ ਕਿ ਇਕ ਦੋਸਤ ਉਤੇ ਐਸੇ ਸੰਗੀਨ ਇਲਜ਼ਾਮ ਲਾਵੇ ? ਮਾਰਚ ਵਿਚ ਜਿਹੜਾ ਚੌਕ ਪਰਾਗਦਾਸ ਦਾ ਵਾਕਿਆ ਹੋਇਆ ਸੀ, ਤੂੰ ਸੁਣ ਹੀ ਚੁਕਾ ਹੋਵੇਂਗਾ। ਉਸ ਹਾਦਸੇ ਵੇਲੇ ਮੈਂ ਵੀ ਉਥੇ ਮੌਜੂਦ ਸਾਂ। ਹੋਰ ਤਾਂ ਮੈਥੋਂ ਕੁਝ ਨਾ ਹੋ ਸਕਿਆ — ਨਾ ਮੈਂ ਕਾਤਲਾਂ ਦੇ ਵਾਰਾਂ ਨੂੰ ਰੋਕ ਸਕਿਆ, ਤੇ ਨਾ ਹੀ ਮਾਰੇ ਜਾਣ ਵਾਲਿਆਂ ਦਾ ਕੁਝ ਸਵਾਰਿਆ, ਪਰ ਉਨ੍ਹਾਂ ਦੀਆਂ ਕੁਝ ਜ਼ਨਾਨੀਆਂ ਤੇ ਬਚਿਆਂ ਨੂੰ ਬਚਾਅ ਕੇ ਸਰਕਾਰੀ ਹਸਪਤਾਲ ਤੀਕ ਪਹੁੰਚਾਣ ਵਿਚ ਮੈਂ ਕਿਸੇ ਤਰ੍ਹਾਂ ਕਾਮਯਾਬ ਹੋ ਗਿਆ। ਬਸ ਇਹੋ ਸੀ ਮੇਰਾ ਐਬ ਜਾਂ ਸਵਾਬ, ਜਿਹੜਾ ਮੈਂ ਉਸ ਦਿਨ ਕੀਤਾ। ਪਰ ਪਤਾ ਈ ਮੇਰਾ ਉਹ ਹਮਨਸ਼ੀਨ ਸੁਦਰਸ਼ਨ ਕਿਸ ਰੌਸ਼ਨੀ ਵਿਚ ਇਸ ਵਾਕੇ ਨੂੰ ਪਬਲਿਕ ਅਗੇ ਪੇਸ਼ ਕਰਦਾ ਫਿਰਦਾ ਹੈ ? ਉਹ ਅਜ ਕਲ੍ਹ ਬੜੇ ਮਿਰਚ ਮਸਾਲੇ ਲਾ ਲਾ ਕੇ ਲੋਕਾਂ ਨੂੰ ਸੁਣਾਂਦਾ ਹੈ — "ਚੌਕ

ਪਰਾਗਦਾਸ ਦੇ ਪੰਝੀਆਂ ਤੀਹਾਂ ਮੁਸਲਮਾਨ ਗੁੰਡਿਆਂ ਨੂੰ ਸਤਨਾਮ ਨੇ ਆਪਣੇ ਘਰ ਲਿਜਾ ਕੇ ਲੁਕਾਇਆ ਸੀ। ਜਿਨ੍ਹਾਂ ਪਾਸੋਂ ਉਸ ਨੇ ਸਿਖਾਂ ਉਪਰ ਗੋਲੀਆਂ ਚਲਵਾਈਆਂ ਤੇ ਬੰਬ ਸੁਟਵਾਏ।"

ਸਤਨਾਮ ਦੀ ਇਸ ਵਾਰਤਾ ਨੂੰ ਸੁਣ ਕੇ ਸ਼ਫੀ ਨੇ ਠੰਡਾ ਸਾਹ ਭਰਿਆ। ਉਸ ਦੀਆਂ ਅੱਖਾਂ ਗਿਲੀਆਂ ਹੋ ਗਈਆਂ।

"ਅਜੇ ਇਥੇ ਹੀ ਬਸ ਨਹੀਂ ਹੋਈ" ਸਤਨਾਮ ਨੇ ਆਪਣਾ ਬਿਆਨ ਜਾਰੀ ਰਖਿਆ — "ਕਮਬਖਤ ਨੇ ਜਿਹੜਾ ਸਭ ਤੋਂ ਡੂੰਘਾ ਜ਼ਖਮ ਮੇਰੇ ਸੀਨੇ ਤੇ ਲਾਇਆ, ਉਹ ਅਜੇ ਇਸ ਤੋਂ ਵੱਖਰਾ ਹੈ।"

"ਕੀ — ਕੀ" ਸ਼ਫੀ ਦੀਆਂ ਅੱਖਾਂ ਵਿਚ ਸਤਨਾਮ ਲਈ ਹਮਦਰਦੀ ਦੇ ਭਾਵ ਚਮਕ ਰਹੇ ਸਨ।

"ਕੀ ਸੁਣਾਵਾਂ ਮਿਸਟਰ ਸ਼ਫੀ ਤੈਨੂੰ, ਦਿਲ ਚੀਰਿਆ ਜਾ ਰਿਹਾ ਹੈ। ਭਲੇ ਥਾਂ ਬੈਠੇ ਹਾਂ, ਕ੍ਰਿਸ਼ਨਾ ਨੂੰ ਤੂੰ ਅਜੇ ਤੀਕ ਵੇਖਿਆ ਨਹੀਂ। ਕਦੀ ਮੌਕਾ ਮਿਲਿਆ ਤਾਂ ਤੈਨੂੰ ਵਿਖਾਵਾਂਗਾ। ਉਸ ਦੀ ਸ਼ਖ਼ਸੀਅਤ ਦਾ ਅਸਰ ਕੁਝ ਐਸਾ ਹੈ ਕਿ ਇਕ ਗੁਨਾਹਗਾਰ ਤੋਂ ਗੁਨਾਹਗਾਰ ਆਦਮੀ ਵੀ ਉਸ ਨੂੰ ਤਕ ਕੇ ਆਪਣੇ ਗੁਨਾਹਾਂ ਤੋਂ ਤੋਬਾ ਕਰ ਉਠਦਾ ਹੈ।"

"ਬੇਸ਼ਕ — ਬੇਸ਼ਕ" ਕਿਸੇ ਅਤ ਹੁਲਸਾਊ ਜਿਹੇ ਅਸਰ ਵਿਚ ਭਿਜ ਕੇ ਸ਼ਫੀ ਬੋਲਿਆ — "ਮੈਂ ਭਾਵੇਂ ਕ੍ਰਿਸ਼ਨਾ ਜੀ ਨੂੰ ਵੇਖਿਆ ਨਹੀਂ, ਪਰ ਉਹਨਾਂ ਬਾਬਤ ਬਹੁਤ ਕੁਝ ਸੁਣ ਚੁਕਾ ਹਾਂ।"

"ਪਰ ਸ਼ਫੀ !" ਸਤਨਾਮ ਦਾ ਦਿਲ ਭਰਦਾ ਆਉਂਦਾ ਸੀ — "ਇਹੋ ਜਿਹੀ ਹਸਤੀ ਉਤੇ ਕੀ ਤੇਰਾ ਖ਼ਿਆਲ ਹੈ ਕਿ ਕੋਈ ਮੈਲੀ ਅੱਖ ਟਿਕ ਸਕਦੀ ਹੈ ?"

"ਤੋਬਾ, ਤੋਬਾ, ਤੋਬਾ !" ਦੁਹਾਂ ਕੰਨਾਂ ਨੂੰ ਛੋਂਹਦਾ ਹੋਇਆ ਸ਼ਫੀ ਬੋਲਿਆ — "ਖ਼ੁਦਾ ਗ਼ਾਰਤ ਨਾ ਕਰ ਦੇਵੇ ਐਸੇ ਆਦਮੀ ਨੂੰ ?"

"ਫਿਰ ਦਸ ਮੇਰੇ ਦੋਸਤ" ਸਤਨਾਮ ਦੇ ਦਿਲ ਦਾ ਅਰਮਾਨ ਜਿਵੇਂ ਪਾਣੀ ਦੀ ਇਕ ਲਹਿਰ ਬਣ ਕੇ ਉਸ ਦੀਆਂ ਅੱਖਾਂ ਵਿਚ ਆ ਟਿਕਿਆ, "ਕੀ ਸੁਦਰਸ਼ਨ ਨੇ ਇਹ ਨਾਕਾਬਿਲੇ-ਮੁਆਫ਼ੀ ਗੁਨਾਹ ਨਹੀਂ ਕੀਤਾ ਜੁ ਕ੍ਰਿਸ਼ਨਾ ਵਰਗੀ ਦੇਵੀ ਨਾਲ ਮੇਰੇ ਨਾਜਾਇਜ਼ ਤਅੱਲੁਕਾਤ ਦਸ ਕੇ..." ਤੇ ਸਤਨਾਮ ਆਪਣੀ ਗਲ ਨੂੰ ਪੂਰੀ ਨਾ ਕਰ ਸਕਿਆ। ਸ਼ਫੀ ਕਹਿਣ ਲਗਾ — "ਪਰ ਇਤਨੀ ਬੇਜ਼ਾਰੀ ਕਿਉਂ ? ਜੇ ਉਸ ਕਮਬਖਤ ਨੇ ਚੰਨ ਵਲ ਥੁਕਿਆ ਹੈ ਤਾਂ ਕੀ ਚੰਨ ਪਲੀਤ ਹੋ ਗਿਆ ?"

ਸਤਨਾਮ ਦੀ ਇਸ ਵਾਰਤਾ ਨੂੰ ਸੁਣ ਕੇ ਇਸ ਵਿਚ ਕੋਈ ਸ਼ੱਕ ਨਹੀਂ ਕਿ ਸ਼ਫੀ ਦੇ ਦਿਲ ਨੂੰ ਬੜਾ ਦੁਖ ਹੋਇਆ, ਪਰ ਇਸ ਵਾਰਤਾ ਨੇ ਗਲਾਂ ਕਥਾਂ ਦੇ ਸਿਲਸਿਲੇ ਵਿਚ ਕੋਈ ਨਿਘ ਜਿਹਾ ਭਰ ਦਿਤਾ। ਦੋਵੇਂ ਜਿਵੇਂ ਇਕ ਦੂਜੇ ਦੇ ਬਚਪਨ ਦੇ ਯਾਰ ਬਣੇ ਹੋਏ, ਤੇ ਇਕ ਦੂਜੇ ਦਾ ਦੁਖ ਦੂਰ ਕਰਨ ਖ਼ਾਤਰ ਸਿਰ ਧੜ ਦੀ ਬਾਜ਼ੀ ਲਾ ਦੇਣ ਨੂੰ ਤਿਆਰ ਹੋਣ।

ਗਲਾਂ ਹੋਰ ਥੋੜਾ ਚਿਰ ਜਾਰੀ ਰਹੀਆਂ। ਸਤਨਾਮ ਤੋਂ ਬਾਅਦ ਹੁਣ ਸ਼ਫੀ ਦੀ ਵਾਰੀ ਸੀ ਕਿ ਉਹ ਵੀ ਆਪਣੇ ਦਿਲ ਦੀ ਵੇਦਨਾ ਭਰੀ ਕੰਨੀ ਖੋਹਲ ਕੇ ਉਸ ਨੂੰ ਵਿਖਾਏ। ਉਹ ਬੋਲਿਆ — "ਇਸ ਵਿਚ ਕੋਈ ਸ਼ੱਕ ਨਹੀਂ ਕਿ ਅਸੀਂ ਦੋਵੇਂ ਇਕੋ ਅੰਜਮਨ ਦੇ ਮੈਂਬਰਾਂ ਦੇ ਤੌਰ ਤੇ ਹੀ ਕੱਠੇ ਹੋਏ ਹਾਂ, ਪਰ ਮੇਰੇ ਦਿਲ ਵਿਚ ਇਸ ਵੇਲੇ ਇਕ ਹੋਰ ਰੀਝ ਜਾਗ ਪਈ ਏ।"

"ਕੀ ?" ਸਤਨਾਮ ਨੇ ਪੁਛਿਆ।

"ਮੈਂ ਚਾਹੁੰਦਾ ਹਾਂ" ਸ਼ਫੀ ਬੋਲਿਆ — "ਜਿਸ ਤਰ੍ਹਾਂ ਤੂੰ ਬਿਲਕੁਲ ਨਿਝੱਕ ਹੋ ਕੇ ਆਪਣੇ ਦਿਲ ਦੀ ਤਸਵੀਰ ਮੈਨੂੰ ਵਿਖਾਈ ਏ, ਮੇਰਾ ਦਿਲ ਕਰਦਾ ਏ ਮੈਂ ਵੀ ਤੈਨੂੰ ਵਿਖਾਵਾਂ। ਪਰ ਮੇਰੀ

ਤਸਵੀਰ ਤੇਰੇ ਵਰਗੀ ਮੁਕੱਦਸ ਤੇ ਪਾਕੀਜ਼ਾ ਨਹੀਂ ਸਗੋਂ ਇਕ ਗੁਨਾਹ ਅਲੂਦਾ ਹੈ। ਸੁਣੇਂਗਾ ਤੂੰ ?"

"ਕਿਉਂ ਨਹੀਂ ਸੁਣਾਂਗਾ ਵੀਰ !" ਸਤਨਾਮ ਬੋਲਿਆ, "ਗੁਨਾਹ ਤੋਂ ਖਾਲੀ ਇਸ ਦੁਨੀਆ ਵਿਚ ਹੈ ਈ ਕਿਹੜਾ। ਗਲ ਸਿਰਫ ਇਤਨੀ ਹੈ ਮਿਸਟਰ ਸ਼ਫੀ ਕਿਸੇ ਦਾ ਗੁਨਾਹ ਢਕਿਆ ਰਿਹਾ, ਕਿਸੇ ਦਾ ਨਸ਼ਰ ਹੋ ਗਿਆ। ਜਿਸ ਦਾ ਢਕਿਆ ਰਿਹਾ, ਉਹ ਪਾਕੀਜ਼ਾ, ਤੇ ਜਿਸ ਦਾ ਨਸ਼ਰ ਹੋ ਗਿਆ ਉਹ ਗੁਨਾਹਗਾਰ। ਸੋ ਜੇ ਤੂੰ ਮੇਰੇ ਉਤੇ ਕਿਸੇ ਫਰਿਸ਼ਤਗੀ ਦੀ ਤਵੱਕਾ ਰਖਦਾ ਹੋਵੇਂ ਤਾਂ ਇਹ ਗਲਤ ਹੈ।"

"ਫਿਰ ਵੀ ਮੈਂ ਖਿਆਲ ਕਰਦਾ ਹਾਂ" ਸ਼ਫੀ ਬੋਲਿਆ — "ਕਿ ਮੇਰੀ ਤੇ ਤੇਰੀ ਜ਼ਿੰਦਗੀ ਵਿਚ ਇਕ ਬਹੁਤ ਵਡਾ ਫਰਕ ਹੈ — ਸ਼ਾਇਦ ਜ਼ਮੀਨ ਅਸਮਾਨ ਜਿੰਨਾ। ਪਰ ਮੈਨੂੰ ਇਸ ਗਲ ਦੀ ਕੋਈ ਪਰਵਾਹ ਨਹੀਂ। ਅਲਬੱਤਾ ਇਕ ਰਿਆਇਤ ਮੰਗਦਾ ਹਾਂ ਤੇਰੇ ਕੋਲੋਂ। ਦੁਨੀਆ ਵਿਚ ਮੇਰਾ ਕੋਈ ਦੋਸਤ ਨਹੀਂ — ਮੈਂ ਇਕ ਬੇਜ਼ਾਰ ਜਿਹੀ ਹਸਤੀ ਹਾਂ। ਇਸ ਤੋਂ ਸਿਵਾ ਆਪਣੇ ਦਿਲ ਉਤੇ ਇਕ ਬਹੁਤ ਭਾਰਾ ਬੋਝ ਲੱਦੀ ਫਿਰਦਾ ਹਾਂ। ਕਹਿ ਨਹੀਂ ਸਕਦਾ ਕਿ ਕਦੋਂ ਤੀਕ ਇਹ ਮੈਨੂੰ ਚੁਕੀ ਰਖਣਾ ਪਵੇਗਾ ਕੀ ਤੂੰ ਕੁਝ ਭਾਰ ਵੰਡਾ ਸਕੇਂਗਾ ਮੇਰਾ ?"

ਸ਼ਫੀ ਦੀਆਂ ਇਹ ਹਿਰਦੇ ਸਪਰਸ਼ੀ ਗਲਾਂ ਸੁਣ ਕੇ ਸਤਨਾਮ ਦਾ ਦਿਲ ਛਲਕ ਆਇਆ। ਉਸ ਨੇ ਬਾਹਾਂ ਵਧਾ ਕੇ ਉਸ ਨੂੰ ਜੱਫੀ ਵਿਚ ਘੁਟ ਲਿਆ, ਤੇ ਬੋਲਿਆ — "ਮੇਰੀ ਹਾਲਤ ਵੀ ਆਪਣੇ ਹੀ ਵਰਗੀ ਸਮਝ ਲੈ ਸ਼ਫੀ, ਹੋ ਸਕਦਾ ਹੈ ਤੇਥੋਂ ਵੀ ਜ਼ਿਆਦਾ ਹੋਵੇ, ਤੇ ਅਜੇ ਤਕ ਵੀ ਸ਼ਾਇਦ ਮੈਂ ਬਹੁਤ ਕੁਝ ਤੈਥੋਂ ਲੁਕਾਈ ਬੈਠਾ ਹੋਵਾਂ ! ਖੈਰ, ਇਹ ਗਲਾਂ ਕਦੀ ਫੇਰ ਸਹੀ, ਹਾਂ ਤੂੰ ਆਪਣੇ ਦਿਲ ਦੀ ਹਾਲਤ ਸੁਣਾ ਮੈਨੂੰ।"

"ਪਰ ਇਸ ਤੋਂ ਪਹਿਲਾਂ ਉਹ ਰਿਆਇਤ ਤੈਨੂੰ ਦੇਣੀ ਪਵੇਗੀ।"

"ਕੀ, ਜੇ ਮੈਂ ਕੁਝ ਦੇਣ ਜੋਗਾ ਹੋਇਆ ਤਾਂ ਦੇਣੋਂ ਕਦੀ ਦਰੇਗ ਨਾ ਕਰਾਂਗਾ।"

"ਮੈਨੂੰ ਇਕ ਦੋਸਤ ਦੀ ਲੋੜ ਹੈ — ਸਤਨਾਮ ! ਕੀ ਤੂੰ ਆਪਣੀ ਦੋਸਤੀ ਦਾ ਦਾਮਨ ਪਕੜਨ ਦੇਵੇਂਗਾ ਮੈਨੂੰ ? ਅਜ ਦੀਆਂ ਗਲਾਂ ਕਥਾਂ ਵਿਚ ਤੂੰ ਦੋ ਤਿੰਨ ਵਾਰੀ ਮੈਨੂੰ "ਮੇਰੇ ਦੋਸਤ" ਕਹਿ ਕੇ ਮੁਖ਼ਾਤਿਬ ਕੀਤਾ ਹੈ। ਤੇ ਜਿੰਨੀ ਵਾਰੀ ਤੇਰੇ ਮੂੰਹੋਂ ਇਹ ਲਫ਼ਜ਼ ਨਿਕਲਿਆ, ਸਚ ਜਾਣੀ, ਉਤਨੀ ਵਾਰੀ ਹੀ ਮੇਰੇ ਦਿਲੋਂ ਇਹੋ ਖ਼ਾਹਿਸ਼ ਉਠੀ — "ਖੁਦਾ ਕਰੇ, ਮੈਂ ਸਚ-ਮੁਚ ਤੇਰਾ ਦੋਸਤ ਹੋਵਾਂ।"

ਸਤਨਾਮ ਦਾ ਉਛਾਲਾ ਹੋਰ ਬੇਕਰਾਰ ਹੋ ਉਠਿਆ — "ਤੂੰ ਦੋਸਤੀ ਦਾ ਇਤਨਾ ਭੁਖਾ ਹੈਂ, ਤਾਂ ਯਕੀਨ ਰਖ ਸ਼ਫੀ, ਇਸ ਦਿਲ ਦੇ ਸਾਰੇ ਬੂਹੇ ਤੇਰੇ ਲਈ ਖੁਲ੍ਹੇ ਨੇ ਇਕ ਵਾਰੀ_ _" ਤੇ ਹੋਰ ਕੁਝ ਕਹਿਣ ਤੋਂ ਬਿਨਾਂ ਹੀ ਦੋਵੇਂ ਬਗਲਗੀਰੀ ਦੇ ਬੰਧਨ ਵਿਚ ਜਕੜੇ ਗਏ।

ਇਸੇ ਵੇਲੇ ਇਕ ਸਜਣ ਨੇ ਆ ਕੇ ਕਿਹਾ — "ਚਲੋ ਯਾਰ, ਤੁਸੀਂ ਤੇ ਕਥਾ ਈ ਛੇੜ ਬੈਠੇ ਹੋ। ਕੋਰਮ ਕਦੋ ਦਾ ਪੂਰਾ ਹੋ ਚੁਕਾ ਏ।"

"ਚਲ ਸਤਨਾਮ, ਫੇਰ ਕਿਸੇ ਵੇਲੇ ਸਹੀ" ਕਹਿੰਦਾ ਹੋਇਆ ਸ਼ਫੀ ਉਠ ਖੜੋਤਾ, ਤੇ ਸਤਨਾਮ ਵੀ। ਪੌੜੀਆਂ ਉਤਰਦਿਆਂ ਉਤਰਦਿਆਂ ਸਤਨਾਮ ਬੋਲਿਆ — "ਸ਼ਫੀ ! ਯਾਰ ਤੇਰੀ ਦਾਸਤਾਨ ਤਾਂ ਵਿਚੇ ਰਹਿ ਗਈ। ਬੜਾ ਦਿਲ ਕਰਦਾ ਸੀ ਸੁਣਨ ਨੂੰ। ਜੇ ਮੇਰੀ ਦਾਹਵਤ ਕਬੂਲ ਕਰੇਂ ਤਾਂ ਮੀਟਿੰਗ ਦੇ ਖ਼ਾਤਮੇ ਤੋਂ ਬਾਅਦ ਕਿਸੇ ਹੋਟਲ ਵਿਚ ਚਲ ਕੇ ਚਾਹ ਪੀਵੀਏ, ਨਾਲੇ ਆਰਾਮ ਨਾਲ ਤੂੰ ਆਪਣੀ ਦਾਸਤਾਨ ਵੀ ਸੁਣਾ ਸਕੇਂਗਾ।"

"ਮਨਜ਼ੂਰ ਹੈ" ਸ਼ਫੀ ਖੁਸ਼ ਹੋ ਕੇ ਬੋਲਿਆ — "ਤੇ ਇਹ ਦਾਹਵਤ ਸਾਡੀ ਦੋਸਤੀ ਦਾ ਪੇਸ਼-ਖ਼ੇਮਾ ਹੋਵੇਗੀ।"

"ਬੇਸ਼ਕ — ਬੇਸ਼ਕ।"

31

ਸਾਵਣ ਦਾ ਮਹੀਨਾ ਕਿਹੋ ਜਿਹਾ ਰੰਗੀਲਾ ਤੇ ਹੁਲਾਸ ਭਰਪੂਰ ਹੁੰਦਾ ਹੈ, ਜਿਸ ਨੂੰ ਸ਼ਹਿਰਾਂ ਵਿਚ ਰਹਿਣ ਵਾਲੇ ਪੂਰੀ ਤਰ੍ਹਾਂ ਨਹੀਂ ਸਮਝ ਸਕਦੇ। ਪਿੰਡ ਦੀਆਂ ਕੁੜੀਆਂ ਸਾਵਣ ਦੇ ਸਾਵੇਂ ਮਨਾਣ ਤੋਂ ਬਿਨਾਂ ਜਿਵੇਂ ਜੀਉਂਦੀਆਂ ਹੀ ਨਹੀਂ ਰਹਿ ਸਕਦੀਆਂ। ਪੀਘਾਂ ਦੇ ਹੁਲਾਰਿਆਂ ਤੇ ਚੜ੍ਹ ਕੇ ਉਹ ਉਸ ਦੇ ਇਕ ਇਕ ਝੂਟੇ ਤੋਂ ਹਜ਼ਾਰਾਂ ਸਵਰਗਾਂ ਨੂੰ ਵਾਰ ਸੁਟਣ, ਏਡਾ ਸੁਆਦ ਹੁੰਦਾ ਹੈ ਇਨ੍ਹਾਂ ਸਾਵਿਆਂ ਵਿਚ। ਕੀ ਨੱਢੀ ਤੇ ਕੀ ਬੱਚੀ ਕੋਈ ਵੀ ਇਸ ਸਵਰਗ ਤੋਂ ਵਾਂਝੀ ਰਹਿਣਾ ਨਹੀਂ ਚਾਹੁੰਦੀ। ਸਜ-ਵਿਆਹੀਆਂ ਕੁੜੀਆਂ ਦੇ ਸਹੁਰੇ ਭਾਵੇਂ ਸੌ ਕੋਹਾਂ ਤੇ ਹੋਣ, ਸਾਵਣ ਦੇ ਮਹੀਨੇ ਜ਼ਰੂਰ ਉਨ੍ਹਾਂ ਪੇਕੇ ਪਹੁੰਚਣਾ ਪੈਂਦਾ ਹੈ।

ਸਵੇਰ ਦਾ ਵਕਤ ਸੀ, ਬੱਦਲਾਂ ਦੀਆਂ ਕਾਲੀਆਂ ਘਟਾਵਾਂ ਨੇ ਅਕਾਸ਼ ਨੂੰ ਢਕਿਆ ਹੋਇਆ ਸੀ, ਸਵੇਰ ਤੋਂ ਮੀਂਹ ਨੇ ਛਹਿਬਰ ਲਾਈ ਹੋਈ ਸੀ। ਬਾਬਾ ਜੀ ਗਲੀ ਵਿਚ ਇਕ ਬੀਮਾਰ ਨੂੰ ਵੇਖਣ ਗਏ ਹੋਏ ਸਨ, ਕੌਸਰ ਕੌਰ ਆਪਣੀ ਗੁਆਂਢਣ ਠੇਕੇਦਾਰਨੀ ਦੇ ਘਰ ਬੈਠੀ ਗੱਪਾਂ ਮਾਰ ਰਹੀ ਸੀ। ਮੁੰਨੀ — ਜਿਹੜੀ ਥੋੜੇ ਹੀ ਦਿਨ ਹੋਏ, ਨਵਾਂ ਜਨਮ ਧਾਰ ਕੇ ਰੋਗ-ਵਿਛਾਈ ਤੋਂ ਉਠੀ ਸੀ — ਕ੍ਰਿਸ਼ਨਾ ਦੇ ਮੰਜੇ ਤੇ ਲੇਟੀ ਹੋਈ ਗਲਾਂ ਕਰਦੀ ਕਰਦੀ ਸੌਂ ਗਈ ਸੀ। ਬੀਮਾਰੀਓਂ ਉਠਣ ਤੋਂ ਬਾਅਦ ਉਸ ਕੁੜੀ ਨੂੰ ਪਤਾ ਨਹੀਂ ਕੀ ਹੋ ਗਿਆ ਸੀ ਕਿ ਕਿਸੇ ਵੇਲੇ ਵੀ ਕ੍ਰਿਸ਼ਨਾ ਦਾ ਵਿਸਾਹ ਨਹੀਂ ਸੀ ਕਰਦੀ। ਜ਼ਰਾ ਕੁ ਅੱਖੋਂ ਓਹਲੇ ਹੋਈ ਕਿ "ਭੈਣ ਜੀ — ਭੈਣ ਜੀ" ਦੀ ਰਟ ਲਾ ਦੇਂਦੀ।

ਜਿਸ ਤਰ੍ਹਾਂ ਫੋਟੋ ਖਿਚਾਣ ਲਈ ਪੋਜ਼ ਬਣਾ ਕੇ ਕੋਈ ਕੈਮਰੇ ਅਗੇ ਖੜਾ ਹੁੰਦਾ ਹੈ, ਇਹੋ ਜਿਹੇ ਕਿਸੇ ਪੋਜ਼ ਵਿਚ ਕ੍ਰਿਸ਼ਨਾ ਮੋਘ ਦੇ ਹੇਠਾਂ ਇਕ ਪਾਸੇ ਕਰ ਕੇ ਖਲੋਤੀ ਹੋਈ ਸੀ ਤੇ ਬਾਂਹ ਲੰਮੀ ਕਰਕੇ ਉਹ ਆਪਣੇ ਹਥ ਦੀ ਚੌੜੀ ਤਲੀ ਉਤੇ ਮੀਂਹ ਦੀਆਂ ਕਣੀਆਂ ਪਵਾ ਰਹੀ ਸੀ, ਜਿਹੜੀਆਂ ਉਤਲੇ ਮੋਘ ਦੀਆਂ ਸੀਖਾਂ ਥਾਣੀ ਆ ਰਹੀਆਂ ਸਨ। ਉਸ ਦੀ ਪਿਠ ਬਾਹਰਲੇ ਬੂਹੇ ਵਲ ਸੀ ਤੇ ਮੂੰਹ ਪਿਛਲੇ ਕਮਰੇ ਵਲ, ਜਿਸ ਵਿਚ ਮੁੰਨੀ ਲੇਟੀ ਹੋਈ ਸੀ। ਅੱਖਾਂ ਉਸ ਦੀਆਂ ਮੋਘ ਦੀਆਂ ਸੀਖਾਂ ਉਤੇ ਗਡੀਆਂ ਹੋਈਆਂ ਸਨ, ਪਰ ਇਹ ਵੇਖ ਰਹੀਆਂ ਸਨ ਕੋਈ ਹੋਰ ਦ੍ਰਿਸ਼ — ਆਪਣੇ ਪਿੰਡ ਦੇ ਦੋ ਸਾਵੇਂ।

ਅੱਥਰੂਆਂ ਵਾਂਗ ਮੀਂਹ ਦੀਆਂ ਮੋਟੀਆਂ ਕਣੀਆਂ ਉਸ ਦੇ ਹਥ ਤੇ ਡਿਗਦੀਆਂ ਤੇ ਫਿਰ ਮਹੀਨ ਜਿਹੀ ਫੁਹਾਰ ਬਣ ਕੇ ਉਡ ਜਾਂਦੀਆਂ ਸਨ ਕਿ ਅਚਾਨਕ ਉਹ ਤ੍ਰਭਕ ਪਈ, ਜਦ ਕਿਸੇ ਨੇ ਉਸ ਦਾ ਹਥ ਫੜ ਕੇ ਹੇਠਾਂ ਨੂੰ ਦਬਾਂਦਿਆਂ ਹੋਇਆਂ ਕੁਰੱਖਤ ਜਿਹੀ ਆਵਾਜ਼ ਵਿਚ ਕਿਹਾ — "ਤੂੰ ਨਹੀਂ ਬਾਜ਼ ਆਉਂਦੀ ਕੁੜੀਏ ? ਕਿੰਨੀ ਵਾਰੀ ਤੈਨੂੰ ਕਿਹਾ ਏ ਹਥ ਨਾ ਟਡਿਆ ਕਰ।"

ਮਿਠੇ ਤੇ ਪਿਆਰੇ ਬਾਪੂ ਦੇ ਬੁੱਲ੍ਹਾਂ 'ਚੋਂ ਏਡੇ ਸਖਤ ਲਹਿਜੇ ਵਿਚ ਇਹ ਵਾਕ ! ਤੇ ਉਸਦੀਆਂ ਅੱਖਾਂ ਵਿਚ ਏਡਾ ਗੁਸਾ ! ਆਪਣੀ ਜ਼ਿੰਦਗੀ ਵਿਚ, ਪਹਿਲੀ ਤੇ ਸ਼ਾਇਦ ਅਜ ਦੂਜੀ ਵੇਰਾਂ ਕ੍ਰਿਸ਼ਨਾ ਨੇ ਬਾਬੇ ਦੀਆਂ ਅੱਖਾਂ ਵਿਚ ਗੁਸੇ ਦੇ ਲਾਲ ਡੋਰੇ ਵੇਖੇ। ਪਹਿਲੀ ਵੇਰਾਂ ਉਸ ਨੇ ਇਹ ਅਜ ਤੋਂ ਚਾਰ ਪੰਜ ਮਹੀਨੇ ਪਹਿਲਾਂ ਓਦੋਂ ਵੇਖੇ ਸਨ, ਜਦ ਸਰਾਂ ਵਿਚ ਸਤਨਾਮ ਰੋਟੀਆਂ ਵਰਤਾਂਦਾ ਵਰਤਾਂਦਾ ਉਸ ਦੇ ਕੋਲ ਆਇਆ ਸੀ ਤੇ ਉਸ ਨੇ ਰੋਟੀ ਲੈਣ ਲਈ ਹਥ ਪਸਾਰੇ ਸਨ। ਓਦੋਂ ਵੀ ਬਾਬੇ ਨੇ ਗੁਸੇ ਵਿਚ ਆ ਕੇ ਉਸ ਦੇ ਫੈਲਾਏ ਹੋਏ ਹਥਾਂ ਨੂੰ ਪਿਛਾਂਹ ਧਕ ਦਿਤਾ ਸੀ ਤੇ ਅਜ ਫੇਰ ਉਸੇ ਤਰ੍ਹਾਂ।

ਉਹ ਘਬਰਾ ਕੇ ਦੋ ਕਦਮ ਪਿਛੇ ਹਟ ਗਈ। ਬਾਬੇ ਦੀਆਂ ਅੱਖਾਂ ਵਿਚ ਗੁਸੇ ਦੀ ਲਾਲੀ ਬਰਸਾਤੀ ਬਿਜਲੀ ਬਣ ਕੇ ਆਈ ਤੇ ਪੂਰੇ ਦੀ ਹਵਾ ਬਣ ਕੇ ਉਡ ਗਈ। ਹੁਣ ਉਨ੍ਹਾਂ ਵਿਚ

ਗੁਜ਼ਰੇ ਦੇ ਵਾ ਮਮਤਾ ਦੀ ਚਮਕ ਸੀ। ਉਸ ਨੇ ਅਚਾਨਕ ਹੀ ਕੇ ਕ੍ਰਿਸ਼ਨਾ ਨੂੰ ਰਖੀ ਨਾਲ ਘੁਟ ਲਿਆ। ਇਹ ਚਾਰ ਬੋਲਦਿਆਂ ਉਸ ਦੇ ਹੋਠ ਕੰਬ ਰਹੇ ਸਨ, "ਬੱਚਿਆ ! ਗੁੱਸਾ ਨਾ ਕਰੀਂ ਮੇਰੀ ਗੱਲ ਦਾ। ਗੱਲ ਇਹ ਵੇ ਪੁੱਤਰ ! ਪਈ ਮੈਂ ਇਨ੍ਹਾਂ ਅੱਖਾਂ ਨਾਲ ਤੈਨੂੰ ਝੂਠੀ ਮੂਠੀ ਦੀ ਹਰ ਟਕੀਆ ਨਹੀਂ ਵੇਖ ਸਕਦਾ। ਜਦੋਂ ਵੀ ਕਦੀ ਮੈਂ ਤੇਰਾ ਹਥ ਟੰਗਿਆ ਹੋਇਆ ਵੇਖਦਾ ਹਾਂ, ਤੇਰੀ ਅੰਮਾਂ ਦੇ ਉਹ ਲਫ਼ਜ਼ ਮੈਨੂੰ ਚੇਤੇ ਆ ਜਾਂਦੇ ਨੇ, ਜਿਹੜੇ ਉਸ ਮਰਨ ਤੋਂ ਕੁਝ ਚਿਰ ਪਹਿਲਾਂ ਆਖੇ ਸਨ, ਅਖੇ — ਮੇਰੇ ਬੱਚਿਆਂ ਨੂੰ ਹਥ ਨਾ ਅੱਡਣ ਦਈਂ।"

ਬਾਬੇ ਦੀ ਰਖੀ ਨਾਲ ਲਗੀ ਹੋਈ ਕ੍ਰਿਸ਼ਨਾ ਦੀਆਂ ਬਾਹਾਂ ਉਸ ਦੇ ਲਕ ਦੁਆਲੇ ਕੱਸੀਆਂ ਗਈਆਂ। ਪੁਰਾਣੀਆਂ ਯਾਦਾਂ ਦੀ ਕੋਈ ਦਬੀ ਹੋਈ ਅਗ ਉਸਦੇ ਹਿਰਦੇ ਵਿਚ ਇਕਦਮ ਚਮਕ ਉਠੀ।

ਥੋੜੀ ਦੇਰ ਦਵਾਈਆਂ ਦੀ ਫੋਲਾ ਫਾਲੀ ਕਰਨ ਤੋਂ ਬਾਅਦ ਬਾਬਾ ਫੇਰ ਘਰੋਂ ਬਾਹਰ ਨਿਕਲ ਗਿਆ। ਸ਼ਾਇਦ ਉਹ ਕੋਈ ਜ਼ਰੂਰੀ ਦੁਆਈ ਲੈਣ ਆਇਆ ਸੀ।

ਐਤਵਾਰ ਹੋਣ ਕਰਕੇ ਕ੍ਰਿਸ਼ਨਾ ਨੂੰ ਅਜ ਕਾਫ਼ੀ ਵਿਹਲ ਸੀ। ਕੁੜੀਆਂ ਨੂੰ ਪੜ੍ਹਾਣ ਗਈ ਤੇ ਹਸਪਤਾਲ ਵਲੋਂ ਵੀ ਬਾਬਾ ਜਿਉਂ ਹੀ ਬਾਹਰ ਨਿਕਲਿਆ ਕਿ ਉਹ ਅੰਦਰ ਜਾ ਕੇ ਮੰਜੇ ਤੇ ਲੇਟ ਗਈ ਤੇ ਲੰਮੀ ਪਈ ਪਈ ਉਹ ਅਜ ਦੀ ਹੋਣ ਵਾਲੀ ਮੀਟਿੰਗ ਬਾਰੇ ਸੋਚਾਂ ਨੂੰ ਉਧੇੜਨ ਲਗੀ। ਫ਼ਸਾਦਾਂ ਦਾ ਖ਼ਤਰਾ, ਜਿਹੜਾ ਦਿਨੋ ਦਿਨ ਵਧ ਰਿਹਾ ਸੀ, ਇਸਨੇ ਕ੍ਰਿਸ਼ਨਾ ਦੇ ਦਿਲ ਦੀ ਬੇਚੈਨੀ ਨੂੰ ਹੋਰ ਵੀ ਵਧਾ ਦਿਤਾ ਹੋਇਆ ਸੀ। ਕਈਆਂ ਦਿਨਾਂ ਤੋਂ ਇਸ ਬਾਰੇ ਉਹ ਏਸੇ ਸੋਚ ਵਿਚ ਗ਼ਲਤਾਨ ਰਹਿੰਦੀ ਸੀ। ਜਿੰਨਾ ਪਾਣੀ ਇਸ ਫ਼ਸਾਦੀ ਅਗ ਉਤੇ ਪਾਇਆ ਜਾਂਦਾ ਉਨੀ ਹੀ ਤੇਜ਼ੀ ਨਾਲ ਇਸ ਦੀਆਂ ਲਾਟਾਂ ਉਚੀਆਂ ਤੋਂ ਉਚੀਆਂ ਹੁੰਦੀਆਂ ਜਾ ਰਹੀਆਂ ਸਨ। ਕ੍ਰਿਸ਼ਨਾ ਤਨੋਂ ਮਨੋਂ ਇਹ ਚਾਹ ਰਹੀ ਸੀ ਕਿ ਉਸ ਨੂੰ ਕੋਈ ਐਸੀ ਰਬੀ ਤਾਕਤ ਮਿਲ ਜਾਵੇ, ਜਿਸ ਦੀ ਮਦਦ ਨਾਲ ਉਹ ਅਜੋ ਪਹਿਰਾਂ ਦੇ ਅੰਦਰ ਅੰਦਰ ਇਨ੍ਹਾਂ ਫ਼ਸਾਦਾਂ ਦੀ ਹਨੇਰੀ ਨੂੰ ਠੱਲ੍ਹ ਪਾ ਦੇਵੇ। ਪਰ ਇਹੋ ਜਿਹੀ ਕਿਸੇ ਤਾਕਤ ਦੀ ਪ੍ਰਾਪਤੀ, ਕੀ ਉਸ ਦੇ ਵਸ ਦੀ ਗੱਲ ਸੀ ?

ਉਸ ਦਾ ਦਿਲ ਅਜ ਸਵੇਰ ਤੋਂ ਹੀ ਸਖ਼ਤ ਬੇਚੈਨ ਸੀ। ਸ਼ਹਿਰ ਦੀ ਫ਼ਿਜ਼ਾ ਜਿਸ ਤਰ੍ਹਾਂ ਦਿਨੋ ਦਿਨ ਜ਼ਹਿਰੀਲੀ ਹੁੰਦੀ ਜਾ ਰਹੀ ਸੀ ਤੇ ਲਾਗੀ ਪਾਸੇ ਦੇ ਜ਼ਿਲ੍ਹਿਆਂ ਬਾਬਤ ਇਹੋ ਜਿਹੀਆਂ ਖ਼ਬਰਾਂ ਉਹ ਰੋਜ਼ ਅਖ਼ਬਾਰਾਂ ਵਿਚ ਪੜ੍ਹਦੀ, ਇਨ੍ਹਾਂ ਸਾਰੇ ਅਸਰਾਂ ਨੇ ਰਲ ਮਿਲਕੇ ਕ੍ਰਿਸ਼ਨਾ ਦੀ ਆਤਮਾ ਨੂੰ ਲਹੂ-ਲੁਹਾਨ ਕਰ ਦਿਤਾ ਸੀ ਤੇ ਜਿਉਂ ਹੀ ਬਾਬਾ ਜੀ ਨੇ ਪੁਰਾਣੀਆਂ ਯਾਦਾਂ ਦਾ ਇਕ ਨਿਕਾ ਜਿਹਾ ਝਟਕਾ ਉਸ ਦੇ ਸਾਹਮਣੇ ਲਿਆਂਦਾ ਕਿ ਕ੍ਰਿਸ਼ਨਾ ਕੁਝ ਚਿਰ ਲਈ ਜਿਵੇਂ ਅੱਡੀ ਤੋਂ ਚੋਟੀ ਤੀਕ ਕਿਸੇ ਹੋਰ ਹੀ ਦੇਸ਼ ਵਿਚ ਚਲੀ ਗਈ — ਮਾਨੋ ਉਸ ਦੀਆਂ ਸੁੰਦਰ ਤੇ ਕੋਰ ਪਈ ਜੀਵਨ-ਵੀਣਾ ਦੀਆਂ ਤਾਰਾਂ ਨੂੰ ਕਿਸੇ ਨੇ ਛੇੜ ਦਿਤਾ ਹੋਵੇ, ਜਿਹੜੀ ਅਜ ਦੇ ਕੁਝ ਚਿਰ ਹੀ ਕਿਸੇ ਅਲੌਕਿਕ ਦੁਨੀਆਂ ਵਿਚ ਲੈ ਗਈ ਕ੍ਰਿਸ਼ਨਾ ਨੂੰ। ਯਾਦਾਂ ਦੀ ਇਹ ਲੜੀ ਹੋਈ ਜਿਉਂ ਅਜੀਬ ਹੋਣੀ ਕਿ ਇਸਦਾ ਪਹਿਲਾ ਸਿਰਾ ਕਿਥੇ ਹੈ ਤੇ ਦੂਜਾ ਕਿਥੇ ? ਕ੍ਰਿਸ਼ਨਾ ਨੂੰ ਇਸ ਦੀ ਕੋਈ ਖ਼ਬਰ ਨਾ ਰਹੀ।

ਪਿਆਰ ਤੇ ਨਫ਼ਰਤ, ਮਿਲਾਪ ਤੇ ਵਿਛੋੜਾ, ਹਰਖ ਤੇ ਸੋਗ ਆਦਿ ਕਈਆਂ ਪ੍ਰਕਾਰ ਦੀਆਂ ਭਾਵਨਾਵਾਂ ਨੇ ਇਸ ਵੇਲੇ ਆਪੋ ਵਿਚ ਉਥਲ ਪੁਥਲ ਕੇ ਕ੍ਰਿਸ਼ਨਾ ਦੀ ਹਾਲਤ ਕੁਝ ਇਸ ਤਰ੍ਹਾਂ ਦੀ ਕਰ ਦਿਤੀ, ਮਾਨੋ ਉਹ ਅਕਾਸ਼ ਤੇ ਪਾਤਾਲ ਦੇ ਵਿਚਾਲੇ ਲਟਕ ਰਹੀ ਹੈ — ਇਕ ਪਾਸੇ ਉਚੇ ਮੰਡਲਾਂ ਵਿਚ ਉਡਣ ਦੀਆਂ ਉਮੰਗਾਂ, ਦੂਜੇ ਪਾਸੇ ਡੂੰਘੇ ਪਾਤਾਲ ਵਿਚ ਡਿਗ ਪੈਣ ਦਾ ਖ਼ਤਰਾ। ਇਸਦਾ ਹੀ ਥੋੜ੍ਹੇ ਚਿਰੀ ਪੜ੍ਹੀ ਕਵਿਤਾ ਵਿਚ ਦਰਸਾਇਆ ਉਹਦਾ ਚਿਤਰ ਸਜੀਵ ਜਿਹਾ ਹੋ ਉਠਿਆ।

ਲੰਮੀ ਪਿਆਂ ਪਿਆਂ ਜਦ ਉਸ ਲਈ ਦਿਲ ਦਾ ਇਹ ਬੋਝ ਚੁਕਣਾ ਮੁਸ਼ਕਲ ਹੋ ਗਿਆ ਤਾਂ ਉਠ ਕੇ ਬੈਠ ਗਈ ਤੇ ਫਿਰ ਅੰਦਰ ਜਾ ਕੇ ਇਕ ਛੋਟੀ ਜਿਹੀ ਕਿਤਾਬ ਚੁਕ ਲਿਆਈ, ਪਰ ਐਵੇਂ ਬੇ-ਦਿਲੇ ਜਿਹੇ ਰੌਂ ਵਿਚ। ਫਿਰ ਉਸੇ ਬੇ-ਦਿਲੀ ਨਾਲ ਉਸ ਨੇ ਕਿਤਾਬ ਖੋਲ੍ਹ ਕੇ ਇਕ ਸਫ਼ੇ ਉਤੇ ਨਜ਼ਰ ਟਿਕਾਈ। ਜਿਥੇ ਕਵਿਤਾ ਦੀ ਕੇਵਲ ਇਕੋ ਤੁਕ ਸੀ ਤੇ ਬਾਕੀ ਸਾਰਾ ਸਫ਼ਾ ਖਾਲੀ। ਉਹ ਸੋਚਣ ਲਗੀ — ਇਹ ਸਾਹਿਤ ਲੋਕ ਵੀ ਕਿਵੇਂ ਫ਼ਜ਼ੂਲ-ਖ਼ਰਚ ਹੁੰਦੇ ਨੇ। ਭਲਾ ਸਾਰਾ ਸਫ਼ਾ ਖਾਲੀ ਰਖਣ ਦੀ ਕੀ ਲੋੜ ਸੀ, ਏਸ ਇਕ ਤੁਕ ਕਰਕੇ ? ਪਰ ਜਿਉਂ ਹੀ ਤੁਕ ਨੂੰ ਪੜ੍ਹਨ ਤੋਂ ਬਾਅਦ ਇਸਦੇ ਅਰਥਾਂ ਵਲ ਉਸ ਦਾ ਧਿਆਨ ਗਿਆ, ਤਾਂ ਉਸ ਨੇ ਇਉਂ ਮਹਿਸੂਸ ਕੀਤਾ ਜਿਵੇਂ ਉਸਦੇ ਜੀਵਨ ਦਾ ਸਾਰਾ ਭੂਤ ਤੇ ਵਰਤਮਾਨ ਇਸ ਛੋਟੀ ਜਿਹੀ ਤੁਕ ਵਿਚ ਕਿਤੇ ਗੁਆਚ ਗਿਆ ਹੈ।

ਸਿਰਲੇਖ ਸੀ — 'ਡਾਰੋਂ ਵਿਛੜੀ ਕੂੰਜ' ਤੇ ਤੁਕ ਸੀ —

'ਮਿਠੇ ਤਾਂ ਲਗਦੇ ਮੈਨੂੰ ਝੂਲਾਂ ਦੇ ਹੁਲਾਰੇ,
ਜਾਨ ਮੇਰੀ ਪਰ ਖੁਸਦੀ।'

ਕਵਿਤਾ ਦੀ ਇਹ ਛੋਟੀ ਜਿਹੀ ਤੁਕ, ਕ੍ਰਿਸ਼ਨਾ ਦੇ ਵੇਖਦਿਆਂ ਹੀ ਵੇਖਦਿਆਂ ਕੂੰਜ ਦੇ ਰੂਪ ਵਿਚ ਬਦਲ ਗਈ। ਕੂੰਜ ਆਪਣੀ ਡਾਰ ਨਾਲੋਂ ਵਿਛੜ ਕੇ ਕਲਮ੍ਹੌਣੀ ਜਿਹੀ ਹੋ ਗਈ। ਜਾਪੇ ਤੇ ਜਿਸ ਤਰ੍ਹਾਂ ਤੁਕ ਕਲਮਮੂੰਹੀ ਸੀ, ਇਸੇ ਤਰ੍ਹਾਂ ਵਿਸ਼ਾਲ ਆਕਾਸ਼ ਦੀ ਹਿਕ ਉਤੇ ਇਹ ਇਕੱਲੀ ਕੂੰਜ ਕੁਰਲਾਂਦੀ ਫਿਰਦੀ ਸੀ। ਫਿਰ ਕਲਪਨਾ ਦੀ ਸਹਾਇਤਾ ਰਾਹੀਂ ਉਸ ਨੇ ਕੂੰਜ ਨੂੰ ਇਕ ਹਰੀ ਭਰੀ ਤੇ ਸੁਗੰਧਿਤ ਫੁਲਵਾੜੀ ਦੀਆਂ ਸ਼ਾਖ਼ਾਂ ਉਤੇ ਝੂਟਦਿਆਂ ਤੱਕਿਆ, ਪਰ ਝੂਟੇ ਲੈਂਦੀ ਕੂੰਜ ਨੂੰ ਜਿਉਂ ਹੀ ਆਪਣੀ ਗੁਆਚੀ ਹੋਈ ਡਾਰ ਦਾ ਸੁਆਦਲਾ ਜੀਵਨ ਯਾਦ ਤੇ ਆਪਣੇ ਵਤਨ ਦਾ ਨਵੀਂ ਨਿਆਰਾ ਚੇਤੇ ਆ ਜਾਂਦਾ ਉਸ ਦੇ ਅੰਦਰੋਂ ਕਸਕਾਂ ਪੈਣ ਲਗ ਪੈਂਦੀਆਂ ਤੇ ਉਹ ਮੁੜ ਪੁਕਾਰ ਉਠਦੀ —

'ਮਿਠੇ ਤਾਂ ਲਗਦੇ ਮੈਨੂੰ ਝੂਲਾਂ ਦੇ ਹੁਲਾਰੇ,
ਜਾਨ ਮੇਰੀ ਪਰ ਖੁਸਦੀ।'

ਕ੍ਰਿਸ਼ਨਾ ਨੇ ਮਹਿਸੂਸ ਕੀਤਾ, ਜਿਵੇਂ ਉਹ ਖ਼ੁਦ ਕੂੰਜ ਦੀ ਸ਼ਕਲ ਵਿਚ ਵਟ ਗਈ ਹੈ। ਪਿਸ਼ੌਰ ਦੀਆਂ ਸਰਸਬਜ਼ ਘਾਟੀਆਂ, ਸੂਆਂ ਦਾ ਠਾਠਾਂ ਮਾਰਦਾ ਕਿਨਾਰਾ, ਕੁੜੀਆਂ ਨਾਲ ਰਲ ਕੇ ਉਸ ਵਿਚ ਤਰਨਾ, ਫਿਰ ਬੈਠ ਚਟਾਨੀਆਂ ਰਾਹ ਵਿਚ ਅੜੀ ਅੜੀ ਕਰ ਤੇਜ਼ੀ ਨਾਲ ਨਸਣਾ ਤੇ ਪਿਪਲਾਂ ਹੇਠ ਖੇਡਣਾ। ਬਰਸਾਤ ਦੀ ਰੁਤ — ਕਿੱਕਰਾਂ, ਫਲਾਹੀਆਂ ਤੇ ਬੇਰੀਆਂ ਹੇਠ ਪੀਂਘਾਂ ਝੂਟਣੀਆਂ, ਪੂੜੇ ਤਲਣੇ ਤੇ ਬਰਸਾਤ ਦੇ ਮਿਠੇ ਮਿਠੇ ਗੀਤ ਗਾਣੇ ਇਹ ਸਾਰੀਆਂ ਯਾਦਾਂ ਵਾਰੀ ਵਾਰੀ ਉਸ ਦੇ ਸਾਹਮਣਿਓਂ ਲੰਘਣ ਲਗੀਆਂ।

'ਵਤਨ ! ਆਹ ! ਕਿਤਨਾ ਸੁਆਦ — ਕਿੰਨੀ ਮਧੁਰਤਾ ਹੈ ਇਸ ਦੋ ਅੱਖਰੀ ਸ਼ਬਦ — 'ਵਤਨ' ਵਿਚ।

ਕ੍ਰਿਸ਼ਨਾ ਦੇ ਸਾਹਮਣਿਓਂ ਕੁਝ ਚਿਰ ਲਈ ਜਿਵੇਂ ਇਹ ਸਜਦੀ ਫਬਦੀ ਦੁਨੀਆਂ, ਅਲੋਪ ਹੋ ਗਈ। ਫ਼ਸਾਦੀ ਘਟਨਾਵਾਂ, ਲਹੂ ਦੀਆਂ ਤਤੀਰੀਆਂ, ਅੱਗ ਦੇ ਭਾਂਬੜ ਤੇ ਹੋਰ ਇਹੋ ਜਿਹਾ ਸਭ ਕੁਝ ਗੁਆਚ ਗਿਆ। ਕ੍ਰਿਸ਼ਨਾ ਇਸ ਵੇਲੇ ਚੈਨ ਦੀ ਮੂਰਤ ਬਣੀ ਹੋਈ ਸੀ — "

ਜਿਉਂ ਹੀ ਇਹ ਪ੍ਰਸ਼ਨ ਉਠਿਆ ਕਿ ਇਸ ਦੇ ਨਾਲ ਹੀ ਉਸ ਦਾ ਵਤਨ ਕਿਸੇ ਕਾਲੀ, ਡਰਾਉਣੀ ਤੇ ਲਹੂ ਭਿੱਜੀ ਸ਼ਕਲ ਵਿਚ ਬਦਲਣ ਲਗਾ। ਉਸ ਦੇ ਅੰਦਰੋਂ ਕੋਈ ਪੁਕਾਰ ਉਠਿਆ — "ਕ੍ਰਿਸ਼ਨਾ ! ਕਿਹੜਾ ਵਤਨ ? ਕੀ ਉਹੀ ਵਤਨ ਤੇ ਉਸ ਵਤਨ ਦੇ ਵਾਸੀ, ਜਿਨ੍ਹਾਂ ਨੇ ਤੇਰੇ ਵੀਰਾਂ ਦੀ ਜੋੜੀ ਤੇਥੋਂ ਖੋਹ ਲਈ ? ਕੀ ਉਹੀ ਵਤਨ, ਜਿਸ ਨੇ ਤੇਰੇ ਧਰਮ ਪਿਤਾ

ਦਾ ਸਰਬੰਸ ਹਰ ਲਿਆ ? ਨਹੀਂ ਨਹੀਂ, ਕ੍ਰਿਸ਼ਨਾ ! ਉਹ ਤੇਰਾ ਵਤਨ ਨਹੀਂ — ਉਹ ਖ਼ੂਨੀਆਂ ਦਾ, ਕਾਤਲਾਂ ਦਾ ਤੇ ਲੁਟੇਰਿਆਂ ਦਾ ਵਤਨ ਸੀ... ..."

ਪਰ ਇਨ੍ਹਾਂ ਵਿਰੋਧੀ ਖ਼ਿਆਲਾਂ ਦੀ ਫਟਕਾਰ ਵੀ ਉਸ ਦੇ ਅੰਦਰੋਂ ਇਕ ਚੀਜ਼ ਨਾ ਕਢ ਸਕੀ — ਲੰਮੇ ਲੰਮੇ ਪੱਤਰਾਂ ਵਾਲਾ ਉਸ ਦੇ ਵਿਹੜੇ ਵਿਚ ਲਗਾ ਹੋਇਆ ਅੰਬ ਦਾ ਬੂਟਾ। ਕ੍ਰਿਸ਼ਨਾ ਹੋਰ ਸਭ ਕੁਝ ਭੁਲ ਕੇ — ਜਿਵੇਂ ਕੋਈ ਅੰਜਾਣਾ ਬਚਾ ਹੁੰਦਾ ਹੈ — ਕੇਵਲ ਇਸ ਸੋਚ ਵਿਚ ਉਤਰ ਗਈ — "ਉਹ ਐਤਕੀਂ ਜ਼ਰੂਰ ਫਲਿਆ ਹੋਵੇਗਾ। ਇਸ ਵੇਲੇ ਸੈਂਕੜੇ ਨੰਨ੍ਹੀਆਂ ਨੰਨ੍ਹੀਆਂ, ਹਰੀਆਂ ਹਰੀਆਂ ਅੰਬੀਆਂ ਉਸ ਨਾਲ ਝੂੰਮ ਰਹੀਆਂ ਹੋਣਗੀਆਂ। ਕਈਆਂ ਉਤੇ ਤਾਂ ਲਾਲੀ ਵੀ ਆਉਣੀ ਸ਼ੁਰੂ ਹੋ ਗਈ ਹੋਵੇਗੀ। ਕਿੰਨੇ ਮਿਠੇ ਅੰਬ ਬਣਨਗੇ, ਜਦੋਂ ਸਾਰੀਆਂ ਅੰਬੀਆਂ ਪੱਕ ਜਾਣਗੀਆਂ ! ਕੀ ਸਚਮੁਚ ਓਡੇ ਓਡੇ ਮੋਟੇ ਹੋਣਗੇ ਜਿੱਡਾ ਮੈਨੂੰ ਯੂਸਫ਼ ਨੇ ਇਕ ਚੰਨ ਚਾਨਣੀ ਰਾਤੀਂ ਲਿਆ ਕੇ ਚੁਪਾਇਆ ਸੀ — ਚਾਕੂ ਨਾਲ ਖਰਬੂਜ਼ੇ ਵਾਂਗ ਚੀਰ ਕੇ ਖਾਣ ਵਾਲਾ ਅੰਬ ?"

"ਚਾਕੂ ਨਾਲ ਚੀਰ ਕੇ ਖਾਣ ਵਾਲੇ ਅੰਬ" ਦੇ ਖ਼ਿਆਲ ਨੇ ਕ੍ਰਿਸ਼ਨਾ ਦੀ ਓਸ ਕਲਪਿਤ ਦੁਨੀਆਂ ਵਿਚ ਇਕ ਭੁਚਾਲ ਜਿਹਾ ਲੈ ਆਂਦਾ ਤੇ ਇਸ ਭੁਚਾਲ ਦੇ ਝਟਕਿਆਂ ਨਾਲ ਉਸ ਦੇ ਖ਼ਿਆਲਾਂ ਦੀ ਸਤਾਹ, ਘੁੰਮਣਘੇਰੀਆਂ ਵਿਚ ਬਦਲਣ ਲਗੀ। ਕ੍ਰਿਸ਼ਨਾ ਕਿਥੇ ਸੀ ਹੁਣ ? ਸ਼ਾਇਦ ਕਿਤੇ ਵੀ ਨਹੀਂ। ਨਾ ਉਸ ਦਾ ਸੂਖਮ ਤੇ ਨਾ ਹੀ ਸਥੂਲ ਸਰੀਰ। ਮਾਨੋਂ ਇਹ ਸਾਰਾ ਕੁਝ ਹੀ ਪਤਲੀ ਗਿਟਕ ਵਾਲੇ ਉਸ ਅੰਬ ਵਿਚ ਘੁਲ ਮਿਲ ਕੇ ਰਹਿ ਗਿਆ।

ਅਜ ਦੀ ਦਿਹਾੜ ਕ੍ਰਿਸ਼ਨਾ ਨੇ ਜਾਂ ਤਾਂ ਸਤਨਾਮ ਦੀ ਉਡੀਕ ਵਿਚ ਤੇ ਜਾਂ ਯਾਦਾਂ ਦੇ ਵਹਾਉ ਵਿਚ ਵਹਿੰਦਿਆਂ ਗੁਜ਼ਾਰ ਦਿਤੀ। ਸਤਨਾਮ ਅਜ ਇਤਿਹਾਦ ਸਭਾ ਦੀ ਮੀਟਿੰਗ ਵਿਚ ਗਿਆ ਹੋਇਆ ਸੀ। ਕ੍ਰਿਸ਼ਨਾ ਨਹੀਂ ਸੀ ਜਾ ਸਕੀ। ਕੁੜੀਆਂ ਜ਼ਨਾਨੀਆਂ ਦੇ ਬਾਹਰ ਨਿਕਲਣ ਦੀ ਹਕੂਮਤ ਵਲੋਂ ਸਖ਼ਤ ਮਨਾਹੀ ਕਰ ਦਿਤੀ ਗਈ ਸੀ।

ਸ਼ਾਮ ਤੋਂ ਬਆਦ ਰਾਤ ਪਈ। ਸਾਰਾ ਟੱਬਰ ਸਤਨਾਮ ਦੀ ਉਡੀਕ ਵਿਚ ਬੈਠਾ ਸੀ। ਰੋਟੀ ਪੱਕੀ ਪਈ ਸੀ, ਪਰ ਮੂੰਨੀ ਤੋਂ ਬਿਨਾਂ ਖਾਧੀ ਕਿਸੇ ਨਹੀਂ ਸੀ। ਸਤਨਾਮ ਨੇ ਅਜ ਕਿਉਂ ਇਤਨੀ ਦੇਰ ਲਾ ਦਿਤੀ। ਕ੍ਰਿਸ਼ਨਾ ਤੇ ਕੇਸਰ ਕੌਰ ਘੜੀ ਮੁੜੀ ਏਸੇ ਪ੍ਰਸੰਗ ਨੂੰ ਛੇੜ ਬਹਿੰਦੀਆਂ। ਜਿਉਂ ਜਿਉਂ ਅਵੇਰਾ ਹੁੰਦਾ ਗਿਆ, ਦੂਹਾਂ ਦੀ ਚਿੰਤਾ ਵਧਦੀ ਗਈ।

ਅਖ਼ੀਰ ਉਨ੍ਹਾਂ ਤਸੱਲੀ ਦਾ ਸਾਹ ਆਇਆ, ਜਦ ਬਾਜ਼ਾਰ ਵਿਚੋਂ ਜੀਪ ਕਾਰ ਦੇ ਹਾਰਨ ਦੀ ਪਛਾਤੀ ਹੋਈ ਆਵਾਜ਼ ਉਨ੍ਹਾਂ ਸੁਣੀ।

32

ਰੋਟੀ ਖਾਣ ਵਲੋਂ ਸਤਨਾਮ ਨੇ ਇਹ ਕਹਿ ਕੇ ਇਨਕਾਰ ਕਰ ਦਿਤਾ ਕਿ ਅਜ ਉਸ ਦਾ ਇਕ ਦੋਸਤ ਮਿਲ ਪਿਆ ਸੀ, ਜਿਸ ਨੇ ਹੋਟਲ ਵਿਚ ਲਿਜਾ ਕੇ ਉਸ ਨੂੰ ਚਾਹ ਦੇ ਨਾਲ ਇਤਨਾ ਕੁਝ ਖੁਆ ਦਿਤਾ ਕਿ ਇਕ ਗਰਾਹੀ ਦੀ ਵੀ ਉਸ ਨੂੰ ਭੁਖ ਨਹੀਂ ਰਹੀ।

ਕ੍ਰਿਸ਼ਨਾ ਦਾ ਖ਼ਿਆਲ ਸੀ ਕਿ ਘਰ ਵੜਦਿਆਂ ਹੀ ਸਤਨਾਮ ਸਭ ਤੋਂ ਪਹਿਲਾਂ ਉਸ ਨੂੰ ਅਜ ਦੀ ਮੀਟਿੰਗ ਦਾ ਹਾਲ ਸੁਣਾਵੇਗਾ, ਪਰ ਉਸ ਦਾ ਖ਼ਿਆਲ ਗ਼ਲਤ ਨਿਕਲਿਆ। ਸਤਨਾਮ ਛੇਤੀ ਨਾਲ ਉਪਰ ਆਪਣੇ ਕਮਰੇ ਵਿਚ ਚਲਾ ਗਿਆ, ਤੇ ਜਾਂਦਿਆਂ ਹੀ ਉਸ ਨੇ ਬੂਹਾ ਅੰਦਰੋਂ ਬੰਦ ਕਰ ਲਿਆ। ਕ੍ਰਿਸ਼ਨਾ ਤੱਕਦੀ ਹੀ ਰਹਿ ਗਈ।

ਕਮਰੇ ਅੰਦਰ ਪਹੁੰਚਕੇ ਸਤਨਾਮ ਨੇ ਬੱਤੀ ਜਗਾਈ ਤੇ ਫਿਰ ਮੰਜੇ ਤੇ ਲੇਟਦਿਆਂ ਅੱਖਾਂ ਉਸ ਨੇ ਬੰਦ ਕਰ ਲਈਆਂ।

ਮੰਜੇ ਦੀ ਬੁਣਤਰ ਜਿਵੇਂ ਉਭਰ ਆਈ ਸੀ, ਜਾਂ ਸਤਨਾਮ ਦੀ ਰੀੜ੍ਹ ਦੀ ਹੱਡੀ ਹੀ ਬਾਹਰ ਨੂੰ ਨਿਕਲ ਆਈ ਸੀ। ਕੁਝ ਨਾ ਕੁਝ ਜ਼ਰੂਰ ਐਸਾ ਸੀ ਜਿਹੜਾ ਅਜ ਮੰਜੇ ਨਾਲ ਉਸ ਦੀ ਪਿਠ ਨਹੀਂ ਸੀ ਲੱਗਣ ਦੇਂਦਾ — ਉਹ ਬਰਾਬਰ ਉਠਦਾ ਤੇ ਲੇਟਦਾ ਰਿਹਾ, ਤੇ ਸਰ੍ਹਾਂਦੀ ਵਲ ਲਗੇ ਹੋਏ ਬੈਡ-ਸਵਿੱਚ ਨੂੰ ਕਦੀ ਹੇਠਾਂ ਦਬਾ ਦੇਂਦਾ ਕਦੀ ਉਪਰ। ਜਿਸ ਦਾ ਫਲ ਰੂਪ ਕਦੀ ਕਮਰਾ ਜਗਮਗਾ ਉਠਦਾ, ਕਦੀ ਘੁੱਪ ਹਨ੍ਹੇਰਾ ਹੋ ਜਾਂਦਾ।

ਏਸੇ ਕ੍ਰਿਆ ਵਿਚ ਉਸ ਨੇ ਕਈ ਘੰਟੇ ਵਕਤ ਗੁਜ਼ਾਰ ਦਿਤਾ। ਉਸ ਦੀ ਹਲਾਤ ਇਸ ਵੇਲੇ ਉਸ ਪੰਛੀ ਵਰਗੀ ਸੀ ਜਿਸ ਦਾ ਇਕ ਖੰਭ ਕਿਸੇ ਨੇ ਕਟ ਦਿਤਾ ਹੋਵੇ, ਜਿਸ ਕਰ ਕੇ ਉਹ ਉੱਡਣ ਲਈ ਹੰਭਲਾ ਮਾਰਦਾ ਹੈ, ਪਰ ਥੋੜੀ ਉਚਿਆਈ ਤਕ ਜਾ ਕੇ ਹੀ ਫੜ ਫੜ ਕਰਦਾ ਹੋਇਆ ਮੁੜ ਭੁੰਜੇ ਆ ਡਿਗਦਾ ਹੈ।

"ਉਹ ! ਕਿਤਨੀ ਤਰਸਜੋਗ ਹਾਲਤ ਹੈ — ਕਿੰਨੀ ਅਸਹਿ !" ਹੇਠਾਂ ਵਿਚ ਬੁੜ-ਬੁੜਾਂਦਾ ਹੋਇਆ ਉਹ ਇਕ ਵਾਰੀ ਫੇਰ ਮੰਜੇ ਤੋਂ ਉਤਰ ਖੜੋਤਾ, ਤੇ ਝਟ ਹੀ ਸਵਿੱਚ ਨੇ ਟਿੱਚ ਕੀਤੀ। ਕਮਰੇ ਦਾ ਪੇਟ ਤੇਜ਼ ਚਾਨਣ ਨਾਲ ਉਸ ਨੂੰ ਆਫਰਿਆ ਆਫਰਿਆ ਜਾਪਣ ਲਗਾ। ਕਲਾਕ ਵਲ ਉਸ ਨੇ ਜਿਉਂ ਹੀ ਨਜ਼ਰ ਚੁਕ ਕੇ ਤਕਿਆ, ਕਿ ਹੈਰਾਨੀ ਨਾਲ ਉਸ ਦੇ ਮੂੰਹੋਂ ਨਿਕਲਿਆ — "ਹੈਂ ਸਵਾ ਦੋ ਵਜ ਗਏ ?"

ਉਹ ਬੂਹੇ ਵਲ ਵਧਿਆ, ਚਿਟਕਣੀ ਵਲ ਹਥ ਵਧਾਇਆ, ਤੇ ਜਿਉਂ ਹੀ ਉਸ ਨੂੰ ਛੁਹਣ ਲਗਾ ਕਿ ਝਟ ਹੀ ਉਸ ਦੇ ਅੰਦਰੋਂ ਕੁਝ ਪੁਕਾਰ ਉਠਿਆ — "ਸਤਨਾਮ ! ਕਿਧਰ ਜਾ ਰਿਹਾ ਹੈਂ ਤੂੰ ? ਇਸ ਵੇਲੇ ਕ੍ਰਿਸ਼ਨਾ ਦੇ ਕਮਰੇ ਵਿਚ ਜਾਣਾ ਠੀਕ ਨਹੀਂ ਉਸ ਦੀ ਨੀਂਦਰ ਵਿਚ ਖ਼ਲਲ ਪਵੇਗਾ।" ਤੇ ਉਹ ਓਵੇਂ ਹੀ ਪਿਛਾਂਹ ਮੁੜ ਆਇਆ। ਉਸ ਦਾ ਹਥ, ਜਿਹੜਾ ਚਿਟਕਣੀ ਵਲ ਵਧਿਆ ਸੀ — ਬੈਡ ਸਵਿਚ ਉਤੇ ਜਾ ਟਿਕਿਆ। ਕਮਰੇ ਵਿਚ ਫਿਰ ਹਨ੍ਹੇਰਾ ਹੋ ਗਿਆ।

ਮੰਜੇ ਤੇ ਲੇਟਦਿਆਂ ਹੀ ਉਸ ਨੂੰ ਕਈ ਤਰ੍ਹਾਂ ਦੀਆਂ ਤਸਵੀਰਾਂ ਦਿਖਾਈ ਦੇਣ ਲਗੀਆਂ। ਮਾਨੋ ਉਸ ਦੀ ਕਲਪਨਾ ਇਸ ਵੇਲੇ ਕਿਸੇ ਅਨੰਤ ਚਿਤ੍ਰਕਾਰ ਦੀ ਕੂਚੀ ਬਣੀ ਹੋਈ ਸੀ, ਜਿਹੜੀ ਅੱਖ ਦੇ ਇਕ ਪਲਕਾਰੇ ਵਿਚ ਕਈ ਕਈ ਤਸਵੀਰਾਂ ਬਣਾਈ ਤੇ ਮਿਟਾਈ ਜਾ ਰਹੀ ਸੀ।

ਤਸਵੀਰਾਂ ਬਣਦੀਆਂ ਗਈਆਂ, ਤੇ ਮਿਟਦੀਆਂ ਰਹੀਆਂ, ਜਦ ਤਕ ਕਿ ਬਾਹਰੋਂ ਆਉਣ ਵਾਲੀ ਕਿਸੇ ਸੁਰੀਲੀ ਤੇ ਟਿਕਾਉ ਭਰੀ ਆਵਾਜ਼ ਨੇ ਉਸ ਦੇ ਰੋਮ ਰੋਮ ਵਿਚ ਮਧੁਰਤਾ ਨਹੀ ਭਰ ਦਿਤੀ।

"ਹੈਂ ! ਕੌਣ ਗਾ ਰਿਹਾ ਹੈ ?" ਸੋਚਦਾ ਹੋਇਆ ਉਹ ਉਠ ਕੇ ਬੈਠ ਗਿਆ, ਤੇ ਪੂਰੇ ਧਿਆਨ ਨਾਲ ਸੁਣਨ ਲਗਾ — ਬਾਹਰ ਕੋਈ ਹੌਲੀ ਹੌਲੀ ਗੁਣਗੁਣਾ ਰਿਹਾ ਸੀ:

ਸਿਤਾਰੋਂ ਕੇ ਆਗੇ ਜਹਾਂ ਔਰ ਭੀ ਹੈਂ
ਅਭੀ ਇਸ਼ਕ ਕੇ ਇਮਤਿਹਾਂ ਔਰ ਭੀ ਹੈਂ

ਗੀਤ ਦੀ ਇਹ ਰਸ ਭਰੀ ਆਵਾਜ਼ ਉਸ ਲਈ ਆਕਾਸ਼ਬਾਣੀ ਦਾ ਦਰਜਾ ਪ੍ਰਾਪਤ ਕਰ ਗਈ। ਇਸ ਵੇਲੇ ਆਪਣੇ ਮਨ ਦੀ ਇਹੋ ਜਿਹੀ ਹਾਲਤ ਉਹ ਅਨੁਭਵ ਕਰ ਰਿਹਾ ਸੀ, ਮਾਨੋ ਸਚੇ ਅਰਥਾਂ ਵਿਚ ਇਹ ਦੋਵੇਂ ਤੁਕਾਂ ਉਸ ਦੀਆਂ ਸਾਰੀਆਂ ਉਲਝਣਾਂ ਦਾ ਹਲ ਸਨ। ਉਸ ਦੇ ਹਿਰਦੇ ਦੇ ਮਾਰੂਥਲ ਉਤੇ ਮਾਨੋ ਇਹ ਤੁਕਾਂ ਬੱਦਲ ਬਣ ਕੇ ਵਰ੍ਹ ਪਈਆਂ।

ਉਹ ਝਟ ਪਟ ਮੰਜੇ ਤੋਂ ਉਠਿਆ, ਤੇ ਲੰਮੇ ਲੰਮੇ ਤਿੰਨ ਚਾਰ ਕਦਮ ਪੁਟ ਕੇ ਬੂਹੇ ਦੇ ਨਾਲ ਆ ਲਗਾ। ਕ੍ਰਿਸ਼ਨਾ ਦੇ ਬਾਕੀ ਸਾਰੇ ਗੁਣਾਂ ਤੋਂ ਵਾਕਫ਼ ਹੁੰਦਿਆਂ ਹੋਇਆਂ ਵੀ ਇਹ ਗਲ ਅਜ ਤੀਕ ਉਸ ਤੋਂ ਲੁਕੀ ਰਹੀ ਸੀ ਕਿ ਉਸ ਦਾ ਗਲਾ ਇਤਨਾ ਸੁਰੀਲਾ ਤੇ ਮੁਗਧਕਾਰੀ ਹੈ।

ਉਸ ਦੀ ਸਲਾਹ ਬੂਹਾ ਖੋਲ੍ਹ ਦੇਣ ਦੀ ਹੋਈ। ਹਨ੍ਹੇਰੇ ਵਿਚ ਹੀ ਉਸ ਨੇ ਚਿਟਕਣੀ ਵਲ ਹੱਥ ਵਧਾਇਆ, ਪਰ ਐਤਕੀਂ ਵੀ ਉਸ ਨੂੰ ਛੂਹਣ ਤੋਂ ਬਿਨਾਂ ਪਿਛਾਂਹ ਮੋੜ ਲਿਆ। ਕ੍ਰਿਸ਼ਨਾ

ਬਾਹਰ ਮੀਂਹ ਵਿਚ ਭਿਜ ਰਹੀ ਹੋਵੇਗੀ, ਇਹ ਜਾਣਦਿਆਂ ਹੋਇਆਂ ਵੀ ਉਸ ਨੇ ਬੂਹਾ ਨਹੀਂ ਖੋਲ੍ਹਿਆ। ਸ਼ਾਇਦ ਗੀਤ ਦਾ ਬਾਕੀ ਹਿਸਾ ਸੁਣ ਲੈਣ ਦੇ ਲਾਲਚ ਨੇ ਉਸ ਨੂੰ ਮਜਬੂਰ ਕਰ ਦਿਤਾ ਸੀ।

ਉਸੇ ਲਰਜ਼ਦੀ ਤੇ ਮਿਠਾਸ ਭੂਹਾਰਦੀ ਆਵਾਜ਼ ਨੇ ਫਿਰ ਗੂੰਜਣਾ ਸ਼ੁਰੂ ਕੀਤਾ —

"ਕਨਾਇਤ ਨਾ ਕਰ ਆਲਮੇ ਰੰਗੋ ਬੂ ਪਰ
ਚਮਨ ਔਰ ਭੀ ਆਸ਼ਯਾਂ ਔਰ ਭੀ ਹੈਂ
ਅਗਰ ਖੋ ਗਿਆ ਇਕ ਨਸ਼ੇਮਨ ਤੋ ਕਯਾ ਗ਼ਮ
ਮਕਾਮਾਤ ਆਹੋ ਫ਼ੁਗਾਂ ਔਰ ਭੀ ਹੈਂ
ਤੂ ਸ਼ਾਹੀਂ ਹੈ ਪਰਵਾਜ਼ ਹੈ ਕਾਮ ਤੇਰਾ
ਤਿਰੇ ਸਾਹਮਣੇ ਆਸਮਾਂ ਔਰ ਭੀ ਹੈਂ
ਇਸੀ ਰੋਜ਼ੋ ਸ਼ਬ ਮੇਂ ਉਲਝ ਕਰ ਨਾ ਰਹਿ ਜਾ
ਕਿ ਤੇਰੇ ਜ਼ਮਾਨੋ ਮਕਾਂ ਔਰ ਭੀ ਹੈਂ
ਗਏ ਦਿਨ ਕਿ ਤਨਹਾਂ ਥਾ ਤੂ ਅੰਜਮਨ ਮੇਂ
ਯਹਾਂ ਅਬ ਤਿਰੇ ਰਾਜ਼ਦਾਂ ਔਰ ਭੀ ਹੈਂ"

ਸੁਣਦਿਆਂ ਸੁਣਦਿਆਂ ਸਤਨਾਮ ਦੇ ਅੰਦਰ ਦਾ ਸਾਰਾ ਹਨੇਰਾ ਇਕ ਜਗਮਗਾਹਟ ਵਿਚ ਬਦਲ ਗਿਆ। ਉਸ ਦੇ ਮਨ ਦੀ ਫ਼ਰਮ ਉਤੇ ਕਲਪਨਾ ਦੇ ਚਿਤ੍ਰਕਾਰ ਨੇ ਹੁਣ ਤੀਕ ਜਿੰਨੀਆਂ ਤਸਵੀਰਾਂ ਚਿੱਤਰੀਆਂ ਸਨ, ਕਵਿਤਾ ਦੀਆਂ ਇਨ੍ਹਾਂ ਗਿਣਤੀ ਦੀਆ ਤੁਕਾਂ ਨੇ ਇਕ ਨਵੇ ਚਿਤ੍ਰ ਦਾ ਰੂਪ ਧਾਰਨ ਕਰ ਕੇ ਇਨ੍ਹਾਂ ਸਭਨਾਂ ਨੂੰ ਮੇਟ ਦਿਤਾ। ਇਕ ਘੋੜਾ — ਜਿਹੜਾ ਹਵਾਵਾਂ, ਬੱਦਲਾਂ ? ਪਹਾੜਾਂ ਤੇ ਦਰਿਆਵਾਂ ਨੂੰ ਚੀਰਦਾ ਹੋਇਆ ਨਿਰੰਤਰ ਤੇ ਸਰਪੱਟ ਦੌੜਦਾ ਜਾ ਰਿਹਾ ਸੀ — ਸੈਂਕੜੇ ਅਸਮਾਨਾਂ, ਹਜ਼ਾਰਾਂ ਚੰਦ ਸੂਰਜਾਂ ਤੇ ਲੱਖਾਂ ਸਿਤਾਰਿਆਂ ਨੂੰ ਪਛਾੜਦਾ ਹੋਇਆ — ਕੇਵਲ ਇਕ ਉਚੀ ਚੋਟੀ — ਆਦਰਸ਼ ਦੀ ਚੋਟੀ ਦੀ ਸੇਧ ਵਲ।

ਗੀਤ ਖ਼ਤਮ ਹੋ ਗਿਆ, ਪਰ ਸਤਨਾਮ ਦੇ ਕੰਨਾਂ ਵਿਚ ਉਸ ਦੀ ਪੂਰੀ ਗੂੰਜ ਬਰਾਬਰ ਗੂੰਜ ਰਹੀ ਸੀ। ਸਰਪੱਟ ਦੌੜਦੇ ਹੋਏ ਘੋੜੇ ਦੀਆਂ ਟਾਪਾਂ ਦਾ ਰੂਪ ਧਾਰ ਕੇ। ਉਸ ਨੇ ਬੂਹਾ ਖੋਲ੍ਹ ਦਿਤਾ — ਬਿਨਾ ਬੱਤੀ ਜਗਾਇਆਂ ਹੀ, ਸ਼ਾਇਦ ਬੱਤੀ ਜਗਾਣ ਦਾ ਉਸ ਨੂੰ ਚੇਤਾ ਹੀ ਨਹੀਂ ਸੀ।

ਬੂਹਾ ਖੁਲ੍ਹਿਆ, ਤੇ ਹਨੇਰੇ ਵਿਚ ਹੀ ਇਕ ਪਤਲਾ ਜਿਹਾ — ਬਿਲਕੁਲ ਪਰਛਾਵਾਂ ਜਿਹਾ ਸਰੀਰ ਕੁਝ ਕੰਬਦਾ ਹੋਇਆ ਅੰਦਰ ਦਾਖ਼ਲ ਹੋਇਆ।

ਕ੍ਰਿਸ਼ਨਾ ਨੇ ਪਹਿਲਾਂ ਬੱਤੀ ਜਗਾਈ, ਫਿਰ ਬੂਹਾ ਬੰਦ ਕਰ ਕੇ ਚਿਟਕਣੀ ਅੜਾ ਦਿਤੀ। ਤੇ ਜਦ ਉਹ ਮੁੜ ਮੰਜੇ ਕੋਲ ਪਹੁੰਚੀ ਤਾਂ ਉਸ ਨੇ ਵੇਖਿਆ, ਸਤਨਾਮ ਦੀਆਂ ਅੱਖਾਂ ਵਿਚ ਸੁੰਨ ਛਾਈ ਹੋਈ ਸੀ। ਜਿਸ ਦੇ ਹੋਠਾਂ 'ਚੋਂ ਸਹਿਜੇ ਸਹਿਜੇ ਨਿਕਲਿਆ — "ਅਲਵਿਦਾ — ਅਲਵਿਦਾ !"

"ਕੀ ਕਿਹਾ ਜੇ — ਅਲਵਿਦਾ ?" ਉਸ ਦੇ ਕੋਲ ਬੈਠ ਕੇ ਕ੍ਰਿਸ਼ਨਾ ਨੇ ਪੁਛਿਆ। ਕਿਸੇ ਭਾਰੀ ਡਰ ਨੇ ਉਹਦੇ ਅੰਦਰ ਕਾਂਬਾ ਜਿਹਾ ਛੇੜ ਦਿਤਾ ਹੋਇਆ ਸੀ।

"ਤੂੰ ਅੰਤਰਯਾਮਣੀ ਏਂ ਕ੍ਰਿਸ਼ਨਾ" ਉਸ ਦੇ ਸਵਾਲ ਦਾ ਜਵਾਬ ਨਾ ਦੇ ਕੇ ਸਤਨਾਮ ਬੋਲਿਆ, "ਤੂੰ ਇਹ ਚੰਗੀ ਪੈਗ਼ਾਮ ਲਿਆਈ ਏਂ ਮੇਰੇ ਲਈ। ਇਕਬਾਲ ਦੀ ਇਹ ਨਜ਼ਮ ਮੈਨੂੰ ਯਾਦ ਹੈ, ਕਈ ਮੈਂ ਕਿਸੇ ਕੋਰਸ ਵਿਚ ਵੀ ਪੜ੍ਹ ਚੁਕਾ ਹਾਂ। ਪਰ ਅਜ ਜਿਸ ਹਾਲਤ ਵਿਚ ਇਹ ਮੈਂ ਤੇਰੇ ਮੂੰਹੋਂ ਸੁਣੀ ਹੈ, ਸਚਮੁਚ ਇਹ ਮੇਰੇ ਲਈ ਚੰਗੀ ਪੈਗ਼ਾਮ ਸਾਬਤ ਹੋਈ ਹੈ। ਮੈਂ ਅਜ ਇਤਨਾ ਘਬਰਾਇਆ ਹੋਇਆ ਸਾਂ ਕਿ ਸਮਝ ਨਹੀਂ ਸੀ ਆਉਂਦੀ, ਸਵੇਰ ਤੀਕ ਜੀਊਂਦਾ ਰਹਿ ਸਕਾਂਗਾ ਕਿ ਨਹੀਂ।"

"ਪਰ ਮੇਰੇ ਵੀਰ ਨੂੰ ਕੀ ਹੋ ਗਿਆ ਇਤਨੀ ਛੇਤੀ" ਬਿਲਕੁਲ ਉਸ ਦੇ ਨਾਲ ਲਗ ਕੇ — ਦੋਵੇਂ ਹੱਥ ਉਸ ਦੇ ਮੋਢਿਆਂ ਤੇ ਟਿਕਾ ਕੇ ਕ੍ਰਿਸ਼ਨਾ ਬੋਲੀ — "ਵਡੇ ਵੇਲੇ ਤੇ ਤੁਸੀਂ ਕੰਮੇ ਚਲੇ ਗਏ ਸਾਓ ਘਰੋਂ। ਤੇ ਇਹ 'ਅਲਵਿਦਾ' ਲਫ਼ਜ਼ ਕਿਉਂ ਕਿਹਾ ਜੇ, ਪਹਿਲਾਂ ਇਸ ਦਾ ਜਵਾਬ ਦਿਓ ਮੈਨੂੰ।"

"ਇਤਫ਼ਾਕੀਆ ਤੌਰ ਤੇ ਕ੍ਰਿਸ਼ਨਾ" ਸਤਨਾਮ ਬੋਲਿਆ — "ਇਕ ਨਹੀਂ ਇਕੱਠੇ ਦੋ ਵਾਕਿਆਤ ਐਸੇ ਪੇਸ਼ ਆ ਗਏ ਨੇ ਕਿ ਜਿਨ੍ਹਾਂ ਦੇ ਅਸਰਾਂ ਨੇ ਮੇਰੇ ਦਿਲ ਦਿਮਾਗ਼ ਨੂੰ ਅਜੀਬ ਚੱਕਰ ਵਿਚ ਪਾ ਦਿਤਾ ਹੈ। ਪਹਿਲਾ ਵਾਕਿਆ ਤਾਂ ਕੋਈ ਨਵਾਂ ਨਹੀਂ — ਉਹੀ ਸੁਦਰਸ਼ਨ ਵਾਲਾ ਰਟਾ ਹੈ। ਸਾਡੀ ਮੁਖ਼ਾਲਫ਼ਤ ਵਿਚ ਉਸ ਨੇ ਕਈ ਕੁਵੱਲੇ ਤਰੀਕੇ ਵਰਤਣੇ ਸ਼ੁਰੂ ਕਰ ਦਿਤੇ ਨੇ, ਜਿਸ ਕਰ ਕੇ ਤੇਰਾ ਹੁਣ ਮੇਰੇ ਕੋਲ ਰਹਿਣਾ ਇਕ ਤਰ੍ਹਾਂ ਨਾਲ ਨਾਮੁਮਕਿਨ ਹੋ ਗਿਆ ਹੈ। ਹੁਣ ਜ਼ਰੂਰ ਤੇਰੀ ਰਿਹਾਇਸ਼ ਲਈ ਮੈਨੂੰ ਕਿਤੇ ਵੱਖਰੇ ਥਾਂ ਦਾ ਇੰਤਜ਼ਾਮ ਕਰਨਾ ਪਵੇਗਾ। ਕੁਈਨ ਰੋਡ ਉਤੇ, ਜਿਥੇ ਸਾਡਾ ਦਫ਼ਤਰ ਹੈ, ਕਾਫ਼ੀ ਥਾਂ ਮੌਜੂਦ ਹੈ। ਜੇ ਤੂੰ ਚਾਹੇਂਗੀ ਤਾਂ ਤੇਰੀ ਤੇ ਬਾਪੂ ਜੀ ਦੀ ਰਿਹਾਇਸ਼ ਉਥੇ ਕਰਾ ਦਿਤੀ ਜਾਏਗੀ। ਇਸ ਦਾ ਇਕ ਫ਼ਾਇਦਾ ਇਹ ਵੀ ਹੋਵੇਗਾ ਕਿ ਤੂੰ ਜ਼ਾਤੀ ਤੌਰ ਤੇ ਇਤਿਹਾਦ ਸਭਾ ਦੇ ਕੰਮਾਂ ਦੀ ਦੇਖ ਭਾਲ ਕਰ ਸਕੇਂਗੀ।"

ਕ੍ਰਿਸ਼ਨਾ ਨੇ ਘਬਰਾ ਕੇ ਜਵਾਬ ਦਿਤਾ — "ਇਹੋ ਜਿਹੀਆਂ ਗੱਲਾਂ ਦੀ ਪਰਵਾਹ ਨਹੀਂ ਕਰਨੀ ਚਾਹੀਦੀ ਭਰਾ ਜੀ। ਨਿਰਾ ਜਜ਼ਬੇ ਦੇ ਪਿਛੇ ਲਗਿਆਂ ਗੁਜ਼ਾਰਾ ਨਹੀਂ ਹੋ ਸਕਦਾ। ਅਸਾਂ ਅਜੇ ਦੁਨੀਆਂ ਵਿਚ ਬਹੁਤ ਕੁਝ ਕਰਨਾ ਏ। ਸੁਦਰਸ਼ਨ ਜੇ ਆਪਣੀ ਬੇ-ਹੂਦਗੀ ਤੋਂ ਬਾਜ਼ ਨਹੀਂ ਆਉਂਦਾ ਤਾਂ ਕਰ ਲੈਣ ਦਿਓ ਉਸ ਨੂੰ। ਜਦ ਸਚ ਨੂੰ ਆਂਚ ਨਹੀਂ ਤਾਂ ਸਾਨੂੰ ਕਿਸੇ ਤੋਂ ਡਰਨ ਦੀ ਕੀ ਲੋੜ। ਬਾਕੀ ਰਹੀ ਰਿਹਾਇਸ਼ ਦੀ ਗਲ, ਸੋ ਇਥੇ ਜਾਂ ਉਥੇ ਰਹਿਣ ਵਿਚ ਮੈਨੂੰ ਕੋਈ ਫ਼ਰਕ ਨਹੀਂ ਮਲੂਮ ਹੁੰਦਾ। ਜਿਥੇ ਤੁਸੀਂ ਰਖਣਾ ਚਾਹੋਗੇ ਉਥੇ ਹੀ ਰਹਿਣ ਵਿਚ ਮੈਂ ਖੁਸ਼ ਹਾਂ। ਹੱਛਾ ਤੇ ਦੂਸਰਾ ਵਾਕਿਆ ਕੀ ਸੀ ?"

"ਦੂਸਰਾ ?" ਸਤਨਾਮ ਜ਼ਰਾ ਕੁ ਝਿਜਕ ਕੇ ਬੋਲਿਆ — "ਦੂਸਰਾ ਵਾਕਿਆ ਹੈ, ਜਿਹੜਾ ਤੈਨੂੰ ਹਮੇਸ਼ਾਂ ਲਈ ਮੇਥੋਂ ਖੋਹ ਲੈ ਜਾਏਗਾ। ਭਾਵੇਂ ਇਤਨੇ ਵਡੇ ਸਦਮੇ ਨੂੰ ਸੁਖਾਲਾ ਹੀ ਮੇਰਾ ਦਿਲ ਨਹੀਂ ਸਹਾਰ ਸਕੇਗਾ, ਇਹ ਮੈਂ ਜਾਣਦਾ ਹਾਂ, ਪਰ ਫਿਰ ਵੀ ਤੈਨੂੰ ਖੁਸ਼ ਹੋਣਾ ਚਾਹੀਦਾ ਹੈ ਕਿ ਅਜ ਮੈਂ ਇਸ ਦੁਨੀਆਂ ਵਿਚੋਂ ਇਕ ਐਸੀ ਚੀਜ਼ ਢੂੰਡੀ ਹੈ, ਜਿਹੜੀ ਤੇਰੇ ਲਈ ਬੜੀ ਹੀ ਕੀਮਤੀ ਹੈ।"

"ਕੀ ਬੁਝਾਰਤਾਂ ਪਾਈ ਜਾਂਦੇ ਹੋ ਤੁਸੀਂ ?" ਕ੍ਰਿਸ਼ਨਾ ਜ਼ਰਾ ਖਿਝ ਕੇ ਬੋਲੀ — "ਕਿਹੜੀ ਚੀਜ਼ ਤੁਸਾਂ ਢੂੰਡੀ ਹੈ ਤੇ ਕੌਣ ਮੈਨੂੰ ਤੁਹਾਡੇ ਪਾਸੋਂ ਖੋਹ ਸਕਦਾ ਹੈ ਇਸ ਦੁਨੀਆਂ ਵਿਚ ?"

"ਸ਼ਾਇਦ ਤੂੰ ਉਸ ਨੂੰ ਭੁਲ ਗਈ ਹੋਵੇਂ" ਸਤਨਾਮ ਮੂੰਹ ਪੀਡਾ ਕਰਕੇ ਬੋਲਿਆ — "ਪਰ ਉਹ ਤੈਨੂੰ ਨਹੀਂ ਭੁਲਾ ਸਕਿਆ।

"ਕੌਣ ਪਰ ?"

"ਜਿਸ ਨੂੰ ਕਦੀ ਤੂੰ ਪਿਆਰ ਵੀ ਕੀਤਾ ਸੀ ਤੇ ਨਫ਼ਰਤ ਵੀ।"

"ਮੈਨੂੰ ਸਾਫ਼ ਲਫ਼ਜ਼ਾਂ ਵਿਚ ਗੱਲ ਦਸੋ ਭਰਾ ਜੀ। ਇਹ ਬੁਝਾਰਤਾਂ ਨਹੀਂ ਮੇਰੀ ਸਮਝ ਵਿਚ ਆਉਂਦੀਆਂ।"

"ਕ੍ਰਿਸ਼ਨਾ ! ਤੂੰ ਕਦੀ 'ਯੂਸਫ਼' ਨਾਂ ਦੇ ਕਿਸੇ ਨੌਜਵਾਨ ਨੂੰ ਪਿਆਰ ਕੀਤਾ ਸੀ ?"

"ਹੈਂ !" ਤੇ ਇਹ ਇਕ ਅੱਖਰਾ ਸ਼ਬਦ ਕ੍ਰਿਸ਼ਨਾ ਦੇ ਮੂੰਹੋਂ ਇਉਂ ਨਿਕਲਿਆ, ਜਿਵੇਂ ਉਸ ਦੇ ਸਿਰ ਉਤੇ ਕਿਤੋਂ ਵਾਛੜ ਆ ਪਈ ਹੋਵੇ — ਤ੍ਰਪਾਉਣ ਦੇ ਨਾਲ ਹੀ ਠਾਰਨ ਵਾਲੀ ਵੀ।

ਉਸ ਨੇ ਇਕ ਵਾਰੀ ਪੂਰੇ ਜੋਸ਼ ਨਾਲ ਸਤਨਾਮ ਵਲ ਅੱਖਾਂ ਚੁਕੀਆਂ ਤੇ ਫੇਰ ਝਟ ਹੀ

ਝੁਕਾ ਲਈਆਂ। ਕੁਝ ਬੋਲਦੀ ਬੋਲਦੀ ਉਹ ਇਸ ਤਰ੍ਹਾਂ ਚੁੱਪ ਹੋ ਗਈ ਜਿਵੇਂ ਉਸ ਦੇ ਹੋਠਾਂ ਵਿਚੋਂ ਨਿਕਲਣ ਵਾਲੇ ਵਾਕਾਂ ਨੂੰ ਕਿਸੇ ਨੇ ਪਿਛਾਂਹ ਦੇ ਪਿਛਾਂਹ ਖਿਚ ਲਿਆ ਹੋਵੇ।

ਇਕ ਮਿੰਟ, ਡੇਢ ਮਿੰਟ, ਦੋ ਮਿੰਟ ਕੋਈ ਕੁਝ ਨਹੀਂ ਬੋਲਿਆ।

ਠੰਢਾ ਸਾਹ – ਬਹੁਤ ਡੂੰਘਾ ਤੇ ਲੰਮੇਰਾ ਸਾਹ ਭਰ ਕੇ ਕ੍ਰਿਸ਼ਨਾ ਨੇ ਇਕ ਵਾਰੀ ਫੇਰ ਸਿਰ ਚੁਕਿਆ। ਉਸ ਦੀਆਂ ਅੱਖਾਂ ਫਰਸ਼ ਤੋਂ ਉਠ ਕੇ ਹੁਣ ਸਤਨਾਮ ਦੇ ਚਿਹਰੇ ਉਤੇ ਜੰਮੀਆਂ ਹੋਈਆਂ ਸਨ। ਸਤਨਾਮ ਨੇ ਧਿਆਨ ਨਾਲ ਵੇਖਿਆ। ਕ੍ਰਿਸ਼ਨਾ ਦੀਆਂ ਅੱਖਾਂ ਵਿਚ ਇਸ ਵੇਲੇ ਕੋਈ ਐਸੇ ਭਾਵ ਆ ਉਪਸਥਿਤ ਹੋਏ ਸਨ, ਜਿਨ੍ਹਾਂ ਬਾਬਤ ਪੂਰੀ ਤਰ੍ਹਾਂ ਉਹ ਅਨੁਮਾਨ ਨਾ ਲਾ ਸਕਿਆ। ਕੇਵਲ ਇਤਨਾ ਹੀ ਉਸ ਦੀ ਸਮਝ ਵਿਚ ਆਇਆ ਕਿ ਨਿਰਾਸ਼ਾ ਤੇ ਕਰੁਣਾ ਆਪੋ ਵਿਚ ਰਲ ਮਿਲ ਗਈਆਂ ਹਨ। ਕ੍ਰਿਸ਼ਨਾ ਦੀ ਅਜ ਵਰਗੀ ਤਰਸਯੋਗ ਹਾਲਤ ਤਾਂ ਸ਼ਾਇਦ ਸਤਨਾਮ ਨੇ ਉਦਨ ਵਿਸਾਖੀ ਵਾਲੇ ਦਿਨ ਜਾਂ ਉਸ ਤੋਂ ਪਹਿਲਾਂ ਸਨਾਂ ਵਿਚ ਵੀ ਨਹੀਂ ਸੀ ਵੇਖੀ।

"ਕ੍ਰਿਸ਼ਨਾ !" ਉਸ ਦੀ ਪਿਠ ਨੂੰ ਥਾਪੜਦਿਆਂ ਸਤਨਾਮ ਨੇ ਪੁਛਿਆ – "ਮੈਂ ਤੇਰੇ ਦਿਲ ਨੂੰ ਸਦਮਾ ਪਹੁੰਚਾਇਆ ਹੈ ?"

"ਨਹੀਂ", ਕੇਵਲ ਇਤਨਾ ਹੀ ਜਵਾਬ ਦੇ ਕੇ ਕ੍ਰਿਸ਼ਨਾ ਚੁਪ ਹੋ ਗਈ।

"ਤਾਂ ਮੈਂ ਇਸ ਮਜ਼ਮੂਨ ਉਤੇ ਹੋਰ ਕੁਝ ਨਹੀਂ ਕਹਾਂਗਾ, ਮੈਨੂੰ ਮੁਆਫ਼ੀ ਦੇਹ ਕ੍ਰਿਸ਼ਨਾ।"

"ਨਾ ਨਾ ! ਤੁਸੀਂ ਸੁਣਾਓ ਮੈਂ ਸੁਣਾਂਗੀ।"

"ਕ੍ਰਿਸ਼ਨਾ ! ਅਜ ਇਕ ਐਸੇ ਆਦਮੀ ਦਾ ਮੇਰੇ ਨਾਲ ਮੇਲ ਹੋ ਗਿਆ ਸੀ, ਜਿਸ ਨੇ ਮੈਨੂੰ ਯੂਸਫ਼ ਦਾ ਹਾਲ ਸੁਣਾਇਆ।"

ਐਤਕੀ ਕ੍ਰਿਸ਼ਨਾ ਦੀ ਖ਼ਾਮੋਸ਼ੀ ਟੁਟੀ। ਉਹ ਬੋਲੀ – "ਕੀ ਕਿਹਾ ਜੇ, ਯੂਸਫ਼ ਬਾਰੇ ਕਿਸੇ ਨੇ ਤੁਹਾਨੂੰ ਕੁਝ ਦਸਿਆ ਸੀ ?"

"ਹਾਂ।"

"ਕੀ ਦਸਿਆ ਸੀ ?"

"ਯੂਸਫ਼ ਅਜੇ ਤਕ ਮੋਇਆ ਨਹੀਂ, ਜੀਊਂਦਾ ਹੈ।"

"ਜੀਊਂਦਾ ਹੈ ? ਪਰ… …ਪਰ… …ਉਹ… …" ਤੇ ਕ੍ਰਿਸ਼ਨਾ ਨੂੰ ਥਹੁ ਨਾ ਰਿਹਾ ਕਿ ਉਹ ਕੀ ਪੁੱਛਣਾ ਚਾਹੁੰਦੀ ਹੈ।

ਸਤਨਾਮ ਨੇ ਜਵਾਬ ਦਿਤਾ – "ਉਸ ਆਦਮੀ ਦੀ ਜ਼ਬਾਨੀ ਮੈਨੂੰ ਪਤਾ ਲਗਾ ਹੈ ਕਿ ਯੂਸਫ਼ ਨਾ ਸਿਰਫ਼ ਜੀਊਂਦਾ ਹੀ ਹੈ, ਬਲਕਿ ਨਸੀਮ ਦੇ ਨਾਮ ਦੀ ਮਾਲਾ ਫੇਰਨ ਲਈ ਜੀਊਂਦਾ ਹੈ।"

ਯੂਸਫ਼ ਦੇ ਜੀਊਂਦਾ ਹੋਣ ਦੀ ਖ਼ਬਰ ਨੇ ਕ੍ਰਿਸ਼ਨਾ ਦੇ ਦਿਲ ਉਤੇ ਜੋ ਫੁਲਾਂ ਦੀ ਵਰਖਾ ਕੀਤੀ ਸੀ, ਤਾਂ ਇਸ 'ਮਾਲਾ ਫੇਰਨ' ਵਾਲੀ ਗਲ ਨੇ ਉਸ ਨੂੰ ਅੰਗਿਆਰਾਂ ਦੇ ਢੇਰ ਵਿਚ ਦਬ ਦਿਤਾ।

ਆਪਣੇ ਉਸ ਬਾਲ-ਪ੍ਰੀਤਮ ਦੀ ਯਾਦ ਨੂੰ ਕ੍ਰਿਸ਼ਨਾ ਅਜੇ ਤੀਕ ਭੁਲ ਨਹੀਂ ਸਕੀ। ਹਮੇਸ਼ਾ ਇਹੋ ਇਕ ਗ਼ਮ, ਉਸ ਦੇ ਦਿਲ ਤੇ ਲਦਿਆ ਰਹਿੰਦਾ ਸੀ – ਯੂਸਫ਼ ਨੇ ਜ਼ਰੂਰ ਮੇਰੇ ਸਿਰ ਚੜ੍ਹ ਕੇ ਜਾਨ ਦੇ ਦਿਤੀ ਹੋਵੇਗੀ। ਤੇ ਅਜ ਜਿਉਂ ਹੀ ਉਸ ਨੇ ਸੁਣਿਆਂ ਕਿ ਯੂਸਫ਼ ਇਸ ਦੁਨੀਆਂ ਵਿਚ ਮੌਜੂਦ ਹੈ, ਕਿ ਪਲ ਝਲ ਵਿਚ ਉਸ ਨੂੰ ਆਪਣਾ ਦਿਲ ਹੌਲਾ ਹੌਲਾ ਜਾਪਣ ਲਗਾ, ਪਰ ਇਹ 'ਮਾਲਾ' ਵਾਲੀ ਗਲ ਸੁਣ ਕੇ ਉਸ ਦੇ ਤਨ ਬਦਨ ਨੂੰ ਇਕ ਵਾਰੀ ਫੇਰ ਲੂਹਣੀ ਜਿਹੀ ਲਗ ਉਠੀ।

"ਬਸ ਕਰੋ ਭਰਾ ਜੀ" ਯੂਸਫ਼ ਬਾਰੇ ਨਫ਼ਰਤ ਨਾਲ ਮੂੰਹ ਫੇਰ ਕੇ ਉਹ ਬੋਲੀ – "ਮੇਰੇ ਲਈ ਇਤਨਾ ਹੀ ਕਾਫ਼ੀ ਹੈ ਕਿ ਉਹ ਜੀਊਂਦਾ ਹੈ। ਮੈਂ ਸਿਰਫ਼ ਉਸ ਦੇ ਜੀਊਂਦਾ ਹੋਣ ਦੀ ਹੀ ਖ਼ਬਰ ਸੁਣਨਾ ਚਾਹੁੰਦੀ ਸਾਂ। ਇਸ ਤੋਂ ਅਗੇ ਹੋਰ ਮੈਨੂੰ ਉਸ ਬਾਬਤ ਕੁਝ ਨਾ ਕਹਿਣਾ।"

"ਤੇ ਮੈਂ ਉਸ ਬਾਬਤ ਹੋਰ ਕੁਝ ਕਹਿਣਾ ਵੀ ਨਹੀਂ ਚਾਹੁੰਦਾ ਕ੍ਰਿਸ਼ਨਾ। ਕਿਉਂਕਿ ਜੋ ਕੁਝ ਹੁਣ ਕਹਿਣਾ ਬਾਕੀ ਹੈ, ਇਹ ਸਭ ਕੁਝ ਉਹ ਆਪਣੀ ਜ਼ਬਾਨੀ ਤੈਨੂੰ ਕਹੇਗਾ, ਪਰ ਇਤਨਾ ਮੈਂ ਤੈਨੂੰ ਦਸ ਦਿਆਂ ਕਿ ਜੇ ਤੂੰ ਮੇਰਾ ਇਤਬਾਰ ਕਰਦੀ ਹੈਂ ਤਾਂ ਯਕੀਨ ਕਰ ਕਿ ਯੂਸਫ਼ ਹੁਣ ਉਹ ਅਗੇ ਵਾਲਾ ਯੂਸਫ਼ ਨਹੀਂ ਰਿਹਾ। ਉਸ ਨੇ ਤੇਰੇ ਨਾਲ ਜੋ ਜੋ ਜ਼ਿਆਦਤੀਆਂ ਤੇ ਜ਼ੁਲਮ ਕੀਤੇ ਨੇ ਉਹ ਸਾਰੇ ਉਸ ਦੇ ਦੋਸਤ ਨੇ ਮੈਨੂੰ ਸੁਣਾਏ ਨੇ। ਤੇ ਇਸ ਤੋਂ ਸਿਵਾ ਹੋਰ ਵੀ ਬਹੁਤ ਕੁਝ। ਤੇ ਮੈਂ ਇਸੇ ਨਤੀਜੇ ਤੇ ਪਹੁੰਚਿਆ ਹਾਂ ਕਿ ਇਸ ਵੇਲੇ ਉਹ ਸਿੱਧੇ ਪਾਸੇ ਜਾ ਰਿਹਾ ਹੈ। ਜੇ ਮੈਂ ਕਹਾਂ ਕਿ ਉਹ ਹਰ ਤਰ੍ਹਾਂ ਨਾਲ ਤੇਰਾ ਸਾਥੀ ਬਣਨ ਦੇ ਕਾਬਿਲ ਹੈ, ਤਾਂ ਇਸ ਵਿਚ ਕੁਝ ਵੀ ਮੁਬਾਲਗਾ ਨਹੀਂ ਹੋਵੇਗਾ।"

"ਨਹੀਂ ਭਰਾ ਜੀ" ਕ੍ਰਿਸ਼ਨਾ ਖਿਝ ਕੇ ਬੋਲੀ – "ਮੈਂ ਕਿਸੇ ਸੂਰਤ ਤੇ ਵੀ ਉਸ ਦੇ ਮਿਲਣ ਲਈ ਤਿਆਰ ਨਹੀਂ ਹਾਂ। ਪਾਸੇ ਦਾ ਸੋਨਾ ਛਡ ਕੇ ਭਾਵੇਂ ਉਹ ਹੀਰਿਆਂ ਦਾ ਤਾਜ ਬਣ ਕੇ ਹੀ ਕਿਉਂ ਨਾ ਆ ਜਾਵੇ। ਉਸ ਬਾਰੇ ਮੈਨੂੰ ਅਜ ਤੋਂ ਬਾਅਦ ਕੁਝ ਨਾ ਕਹਿਣਾ।"

"ਕਦੀ ਕੁਝ ਨਹੀਂ ਕਹਾਂਗਾ। ਪਰ ਇਕ ਵਾਰੀ ਤੈਨੂੰ ਉਸ ਨਾਲ ਮੁਲਾਕਾਤ ਜ਼ਰੂਰ ਕਰਨੀ ਪਵੇਗੀ।"

"ਨਹੀਂ ਭਰਾ ਜੀ, ਇਹ ਨਹੀਂ ਹੋ ਸਕਦਾ।"

"ਇਹ ਜ਼ਰੂਰ ਹੋ ਸਕਦਾ ਹੈ, ਜੇ ਤੂੰ ਚਾਹੇਂ।"

"ਮੈਂ ਬਿਲਕੁਲ ਨਹੀਂ ਚਾਹੁੰਦੀ।"

"ਸਿਰਫ਼ ਮੇਰੀ ਖ਼ਾਤਰ। ਮੈਂ ਜਾਣਦਾ ਹਾਂ ਕ੍ਰਿਸ਼ਨਾ ਤੂੰ ਆਪਣੇ ਭਰਾ ਦੀ ਆਖੀ ਕਦੀ ਨਹੀਂ ਮੋੜੇਂਗੀ।"

"ਰਬ ਨਾ ਕਰਾਏ ਕਿ ਮੈਂ ਤੁਹਾਡੇ ਹੁਕਮ ਦੀ ਨਾਫ਼ਰੀ ਕਰਾਂ, ਪਰ ਇਹ ਇਹੋ ਜਿਹੀ ਗਲ ਹੈ ਜਿਸ ਨੂੰ ਮੈਂ ਜੀਊਂਦਿਆਂ ਕਦੀ ਨਹੀਂ ਮੰਨ ਸਕਦੀ ਅਲਬੱਤਾ ਮੈਨੂੰ ਮਾਰ ਕੇ, ਲਾਸ਼ ਮੇਰੀ ਨੂੰ ਚੁਕ ਕੇ ਭਾਵੇਂ ਤੁਸੀਂ ਉਸ ਕੋਲ ਲੈ ਜਾਓ।"

"ਨਾ ਕ੍ਰਿਸ਼ਨਾ ! ਬੀਬੀ ਭੈਣ, ਆਪਣੇ ਭਰਾ ਦੀ ਬੇਇੱਜ਼ਤੀ ਨਾ ਕਰਾਈਂ। ਮੈਂ ਉਸ ਦੇ ਦੋਸਤ ਨਾਲ ਇਕਰਾਰ ਕਰ ਚੁਕਾ ਹਾਂ।"

ਖਿਝ ਕੇ ਕ੍ਰਿਸ਼ਨਾ ਬੋਲੀ – "ਚੰਗਾ, ਤਾਂ ਤੁਹਾਡੀ ਬੇਇੱਜ਼ਤੀ ਉਤੇ ਮੈਂ ਆਪਣੀ ਬੇਇੱਜ਼ਤੀ ਨੂੰ ਤਰਜੀਹ ਦਿਆਂਗੀ।"

"ਤੇਰੀ ਬੇਇੱਜ਼ਤੀ ?" ਸਤਨਾਮ ਨੇ ਗਲ ਦਾ ਮਤਲਬ ਨਾ ਸਮਝ ਕੇ ਪੁਛਿਆ।

"ਹਾਂ ਮੇਰੀ ਬੇਇੱਜ਼ਤੀ। ਉਸ ਆਦਮੀ ਪਾਸੋਂ ਇਸ ਤੋਂ ਜ਼ਿਆਦਾ ਹੋਰ ਕਿਸੇ ਚੀਜ਼ ਦੀ ਤਵੱਕੋ ਨਹੀਂ ਕੀਤੀ ਜਾ ਸਕਦੀ। ਜੇ ਤੁਸਾਂ ਉਸ ਦੇ ਦੋਸਤ ਪਾਸੋਂ ਉਸ ਬਾਰੇ ਹੋਰ ਸਾਰੀਆਂ ਗਲਾਂ ਸੁਣੀਆਂ ਨੇ, ਤਾਂ ਇਹ ਵੀ ਤੁਸਾਂ ਜ਼ਰੂਰ ਸੁਣਿਆ ਹੋਵੇਗਾ ਕਿ ਉਸ ਨੇ ਕਿੰਨੀ ਵਾਰੀ ਠੁਕਰਾਇਆ ਤੇ ਕਿੰਨੀ ਵਾਰੀ ਮੇਰੀ ਬੇਇੱਜ਼ਤੀ ਕੀਤੀ ਹੈ।"

"ਮੈਨੂੰ ਇਨ੍ਹਾਂ ਬਹਿਸਾਂ ਵਿਚ ਪੈਣ ਦੀ ਲੋੜ ਨਹੀਂ" ਗਲ ਖ਼ਤਮ ਕਰਨ ਦੇ ਇਰਾਦੇ ਨਾਲ ਸਤਨਾਮ ਬੋਲਿਆ – "ਮੇਰੀ ਤਾਂ ਤੇਰੇ ਪਾਸੋਂ ਇਕੋ ਮੰਗ ਹੈ ਕਿ ਇਕ ਵਾਰੀ ਤੂੰ ਉਸ ਨੂੰ ਜ਼ਰੂਰ ਮਿਲ।"

"ਇਸ ਦਾ ਜਵਾਬ ਮੈਂ ਦੇ ਚੁਕੀ ਹਾਂ।"

"ਕੀ ?"

"ਕਿ ਮੇਰੀ ਲਾਸ਼ ਨੂੰ ਚੁਕ ਕੇ ਤੁਸੀਂ ਉਸ ਪਾਸ ਲੈ ਜਾ ਸਕਦੇ ਹੋ।"

"ਕ੍ਰਿਸ਼ਨਾ ! ਤੂੰ ਸਖ਼ਤ ਭੁਲੇਖੇ ਵਿਚ ਹੈਂ।"

ਕੁਝ ਵੀ ਸਮਝ ਲਵੇ।"

"ਚੰਗਾ ਇਕ ਹੋਰ ਰਿਆਇਤ ਦੇਂਦਾ ਹਾਂ ਤੈਨੂੰ।"

"ਕੀ ?"

"ਜੇ ਘੁਮਰ ਨੂੰ ਨਹੀਂ ਮਿਲਣਾ ਚਾਹੁੰਦੀ ਤਾਂ ਨਾ ਸਹੀ, ਪਰ ਉਸ ਦੇ ਦੋਸਤ ਮਿਸਟਰ ਕਲੇ ਨੂੰ ਮਿਲਣ ਵਿਚ ਤਾਂ ਤੈਨੂੰ ਕੋਈ ਉਜ਼ਰ ਨਹੀਂ ਹੋਣਾ ਚਾਹੀਦਾ।"

"ਓਹੀ, ਜਿਹੜਾ ਤੁਸਾਂ ਦਸਿਆ ਸੀ ਕਿ ਨਵਾਂ ਮੈਂਬਰ ਬਣਿਆ ਹੈ ਸਾਡੀ ਸਭਾ ਦਾ ?"

"ਹਾਂ।"

"ਉਸ ਨੂੰ ਮਿਲਣ ਬਾਰੇ ਤਾਂ ਮੈਂ ਅਗੇ ਹੀ ਤੁਹਾਡੇ ਪਾਸ ਖ਼ਾਹਿਸ਼ ਜ਼ਾਹਿਰ ਕਰ ਚੁਕੀ ਹਾਂ।"

"ਤਾਂ ਉਸੇ ਨੂੰ ਮਿਲਣ ਨਾਲ ਸਾਰਾ ਮਾਮਲਾ ਹੱਲ ਹੋ ਜਾਏਗਾ।"

ਦੁਹਾਂ ਵਿਚ ਫ਼ੋਕਤ ਇਸੇ ਫ਼ੈਸਲੇ ਨੇ ਸਮਝੌਤਾ ਕਰਾਇਆ। ਥੋੜਾ ਚਿਰ ਹੋਰ ਇਧਰ ਉਧਰ ਦੀਆਂ ਗਲਾਂ ਕਰਨ ਤੋਂ ਬਾਅਦ ਜਦ ਕ੍ਰਿਸ਼ਨਾ ਬਾਹਰ ਨਿਕਲਣ ਲਈ ਉਠ ਕੇ ਖੜੀ ਹੋਈ, ਤਾਂ ਸਤਨਾਮ ਨੇ ਇਕ ਦੂਸਰਾ ਪ੍ਰਸੰਗ ਛੋੜਿਆ। ਉਹ ਕਹਿਣ ਲਗਾ — "ਕ੍ਰਿਸ਼ਨਾ ! ਬਾਪੂ ਜੀ ਅੱਖਾਂ ਦੇ ਓਪਰੇਸ਼ਨ ਬਾਰੇ ਕਈ ਵਾਰੀ ਕਹਿ ਚੁਕੇ ਨੇ। ਭਾਵੇਂ ਮੌਸਮ ਅਜੇ ਇਸ ਦੀ ਇਜਾਜ਼ਤ ਨਹੀਂ ਦੇਂਦਾ, ਪਰ ਅਜ ਅਚਾਨਕ ਹੀ ਡਾਕਟਰ ਸੋਹਣ ਸਿੰਘ ਦਾ ਮੇਲ ਹੋ ਗਿਆ। ਪਿਤਾ ਜੀ ਦਾ ਉਨ੍ਹਾਂ ਨਾਲ ਬੜਾ ਗੂੜ੍ਹਾ ਮੇਲ ਜੋਲ ਸੀ। ਓਪਰੇਸ਼ਨ ਬਾਰੇ ਮੈਂ ਉਨ੍ਹਾਂ ਨਾਲ ਸਲਾਹ ਕੀਤੀ ਹੈ। ਮੌਸਮ ਬਾਰੇ ਉਨ੍ਹਾਂ ਨੇ ਵੀ ਏਤਰਾਜ਼ ਕੀਤਾ ਸੀ। ਪਰ ਫਿਰ ਕਹਿਣ ਲਗੇ — ਕਲ੍ਹ ਸਵੇਰੇ ਉਨ੍ਹਾਂ ਨੂੰ ਹਸਪਤਾਲ ਲੈ ਆਉਣਾ ਜੇ ਨੁਕਸ ਜ਼ਿਆਦਾ ਨਾ ਹੋਇਆ ਤਾਂ ਓਪਰੇਸ਼ਨ ਕਰ ਦਿਤਾ ਜਾਵੇਗਾ। ਸੋ ਮੇਰੀ ਸਲਾਹ ਹੈ ਸਵੇਰੇ ਬਾਪੂ ਜੀ ਨੂੰ ਹਸਪਤਾਲ ਲੈ ਜਾਇਆ ਜਾਵੇ।"

ਸੁਣ ਕੇ ਕ੍ਰਿਸ਼ਨਾ ਦੇ ਦਿਲ ਨੂੰ ਬੇ ਓੜਕ ਖ਼ੁਸ਼ੀ ਹੋਈ। ਉਹ ਬੋਲੀ — "ਇਸ ਤੋਂ ਚੰਗਾ ਹੋਰ ਕੀ ਹੋ ਸਕਦਾ ਏ। ਹੁਣ ਤਾਂ ਵਿਚਾਰੇ ਢੀਠਪੁਣੇ ਦੇ ਤਾਣ ਹੀ ਤੁਰੇ ਫਿਰਦੇ ਨੇ। ਸਚ ਪੁਛੋ ਤਾਂ ਅੱਖਾਂ ਉਨ੍ਹਾਂ ਦੀਆਂ ਬਿਲਕੁਲ ਜਵਾਬ ਦੇ ਗਈਆਂ ਨੇ।"

"ਨਾਲੇ ਇਸ ਦਾ ਇਕ ਹੋਰ ਵੀ ਫ਼ਾਇਦਾ ਹੋਵੇਗਾ।"

"ਕੀ ?"

"ਤੈਨੂੰ ਕੁਝ ਦਿਨਾਂ ਲਈ ਇਥੋਂ ਹਟਾਣ ਦਾ ਕੰਮ ਵੀ ਆਪਣੇ ਆਪ ਹੋ ਜਾਵੇਗਾ, ਜਦ ਕਿ ਤੀਮਾਰਦਾਰੀ ਲਈ ਬਾਪੂ ਹੋਰਾਂ ਦੇ ਕੋਲ ਤੈਨੂੰ ਹਸਪਤਾਲ ਵਿਚ ਰਹਿਣਾ ਹੀ ਪੈਣਾ ਹੈ।"

ਕ੍ਰਿਸ਼ਨਾ ਸਮਝ ਗਈ ਕਿ ਸੁਦਰਸ਼ਨ ਦੇ ਕਿਸੇ ਉਪੱਦਰ ਤੋਂ ਬਚਣ ਲਈ ਹੀ ਸਤਨਾਮ ਨੇ ਇਹ ਤਜਵੀਜ਼ ਝਟ ਪਟ ਬਣਾਈ ਹੈ। ਸੋ 'ਏਕ ਪੰਥ ਦੋ ਕਾਜ' ਵਾਲੀ ਇਸ ਜੁਗਤ ਨੇ ਉਸ ਦੇ ਦਿਲ ਨੂੰ ਬਹੁਤ ਸਾਰੀ ਖ਼ੁਸ਼ੀ ਤੇ ਤਸੱਲੀ ਦਿਤੀ।

33

ਅਗਸਤ ਦਾ ਪਹਿਲਾ ਹਫ਼ਤਾ ਚੜ੍ਹ ਪਿਆ। ਪੰਦਰਾਂ ਅਗਸਤ, ਜਿਸ ਬਾਬਤ ਐਲਾਨ ਹੋ ਚੁਕਾ ਸੀ ਕਿ ਹਿੰਦੁਸਤਾਨ ਦੀ ਦੂੰਹ ਸਦੀਆਂ ਦੀ ਗ਼ੁਲਾਮੀ ਤੋਂ ਬਾਅਦ ਆਜ਼ਾਦੀ ਦਾ ਪੈਗ਼ਾਮ ਲੈ ਕੇ ਆਵੇਗਾ। ਉਸ ਦੇ ਆਉਣ ਵਿਚ ਹੁਣ ਗਿਣਤੀ ਦੇ ਦਿਨ ਬਾਕੀ ਸਨ, ਪਰ ਇਹ ਦਿਨ ਜਿਉਂ ਜਿਉਂ ਨੇੜੇ ਆਈ ਜਾਂਦਾ, ਪੰਜਾਬ ਦੀ ਧਰਤੀ ਉਤੇ ਲਹੂ ਦੀ ਲਾਲੀ ਸਗੋਂ ਜ਼ਿਆਦਾ ਤੋਂ ਜ਼ਿਆਦਾ ਫੈਲਦੀ ਚਲੀ ਜਾ ਰਹੀ ਸੀ।

ਅੰਮ੍ਰਿਤਸਰ ਸ਼ਹਿਰ ਤੇ ਉਸ ਦੇ ਦੇਹਾਤੀ ਸਰਕਲ ਵਿਚ ਛੁਰੇਬਾਜ਼ੀਆਂ, ਕ੍ਰਿਪਾਨਬਾਜ਼ੀਆਂ ਤੇ ਬੰਬਬਾਜ਼ੀਆਂ ਦਾ ਸ਼ੋਰ ਸ਼ਰਾਬਾ ਤੇਜ਼ੀ ਫੜਦਾ ਜਾਂਦਾ ਸੀ। ਆਮਦੋ ਰਫ਼ਤ ਦੇ ਰਸਤੇ ਰਾਹ ਪਏ ਖ਼ਾਲੀ ਭਾਂ ਭਾਂ ਕਰਦੇ ਸਨ। ਜੇ ਕੋਈ ਲੰਘਦਾ ਦਿਖਾਈ ਦੇਂਦਾ ਵੀ ਤਾਂ ਪੰਜਾਂ ਦਸਾਂ ਦੀ ਟੋਲੀ ਬਣ ਕੇ। ਰੇਲਾਂ ਮੋਟਰਾਂ ਦਾ ਸਫ਼ਰ ਕਰਨਾ ਮਾਨੋ ਮੌਤ ਦੀ ਗੋਦ ਵਿਚ ਬੈਠਣਾ ਸੀ। ਲਾਹੌਰ ਵਿਚ ਅਕਸਰ ਲਾਸ਼ਾਂ ਤਰਦੀਆਂ ਦਿਖਾਈ ਦੇਂਦੀਆਂ ਸਨ।

ਅੰਮ੍ਰਿਤਸਰ ਦਾ ਸਾਰਾ ਸ਼ਹਿਰ — ਕੀ ਬਾਹਰਲਾ ਹਿੱਸਾ ਤੇ ਕੀ ਅੰਦਰਲਾ — ਮੋਰਚਿਆਂ ਦੀ ਸ਼ਕਲ ਵਿਚ ਵਟ ਚੁਕਾ ਸੀ। ਕੋਈ ਗਲੀ ਕੂਚਾ ਐਸਾ ਨਹੀਂ ਸੀ, ਜਿਸ ਦੀ ਕਿਲ੍ਹਾਬੰਦੀ ਨਾ ਹੋ ਗਈ ਹੋਵੇ। ਇਥੋਂ ਤਕ ਕਿ ਇਨ੍ਹਾਂ ਦੀ ਚੁਣਾਈ ਵਿਚ ਬੰਦੂਕਾਂ ਟਿਕਾਉਣ ਲਈ ਝਰੋਖੇ ਵੀ ਬਣੇ ਗਏ ਸਨ। ਗੋਲੀ ਬਾਰੂਦ ਤੇ ਹੋਰ ਕਈ ਤਰ੍ਹਾਂ ਦਾ ਅਸਲਾ ਦਬਾ ਦਬ ਕੱਠਾ ਕੀਤਾ ਜਾ ਰਿਹਾ ਸੀ। ਇਹ ਗਲ ਆਮ ਸਮਝੀ ਜਾਣ ਲਗ ਪਈ ਸੀ ਕਿ ਇਸ ਅਸਲੇ ਦਾ ਬਹੁਤ ਭਾਰੀ ਹਿੱਸਾ ਰਿਆਸਤਾਂ ਵਲੋਂ ਸਪਲਾਈ ਕੀਤਾ ਜਾ ਰਿਹਾ ਹੈ। ਰਬ ਜਾਣੇ ਇਸ ਦੇ ਵਿਚ ਕਿੰਨੀ ਕੁ ਸਚਾਈ ਸੀ, ਪਰ 'ਹੈਦਰਾਬਾਦ' ਤੇ 'ਪਟਿਆਲੇ' ਦਾ ਜ਼ਿਕਰ ਇਸ ਬਾਰੇ ਆਮ ਸੀ।

ਸਵੇਰੇ ਉਠਦਿਆਂ ਹੀ ਕ੍ਰਿਸ਼ਨਾ ਦੇ ਕੰਨਾਂ ਵਿਚ ਅਖ਼ਬਾਰੀ ਹਾਕਰ ਦੀ ਆਵਾਜ਼ ਪਈ — "ਲਾਹੌਰ ਕੇ ਮੁਸਲਿਮ ਲੀਗੀਓਂ ਕੀ ਨਈ ਤਬਾਹਕਾਰੀਆਂ... ...ਹਿੰਦੂ ਸਿਖੋਂ ਕੇ ਕਈ ਮਹੱਲੇ ਪੂਰੇ ਆਤਸ਼ ਕਰ ਦੀਏ ਗਏ... ...ਰਾਵਲਪਿੰਡੀ ਕੇ ਮੁਸਲਮਾਨੋਂ ਨੇ ਹਿੰਦੂ ਸਿਖ ਲੜਕੀਓਂ ਕਾ ਬਰਹਿੱਨਾ (ਨੰਗਾ) ਜਲੂਸ ਨਿਕਾਲਾ... ..."

ਕ੍ਰਿਸ਼ਨਾ ਛੇਤੀ ਨਾਲ ਗਲੀ ਵਿਚ ਜਾ ਕੇ ਅਖ਼ਬਾਰ ਦਾ ਇਕ ਪਰਚਾ ਖ਼ਰੀਦ ਲਿਆਈ ਤੇ ਮੰਜੇ 'ਤੇ ਬੈਠ ਕੇ ਜਿਉਂ ਜਿਉਂ ਉਸ ਦੀਆਂ ਸੁਰਖ਼ੀਆਂ ਪੜ੍ਹਦੀ ਗਈ ਉਸ ਦੀਆਂ ਅੱਖਾਂ ਦੀ ਰੋਸ਼ਨੀ ਵਿਚ ਹਨ੍ਹੇਰੇ ਦੀ ਮਿਲਾਵਟ ਹੁੰਦੀ ਗਈ।

ਪੜ੍ਹਦੀ ਪੜ੍ਹਦੀ ਉਹ ਇਸ ਤਰ੍ਹਾਂ ਭੁੜਕ ਕੇ ਮੰਜੇ ਤੋਂ ਉਠ ਖੜੋਤੀ ਜਿਵੇਂ ਕੁਝ ਕਰ ਗੁਜ਼ਰਨ ਨੂੰ ਤਿਆਰ ਹੋ ਪਈ ਹੋਵੇ। ਮੁਠਾਂ ਮੀਟੀ ਹੋਠਾਂ ਨੂੰ ਦੰਦਾਂ ਵਿਚ ਘੁਟੀ ਉਹ ਕਿੰਨਾ ਹੀ ਚਿਰ ਕਮਰੇ ਵਿਚ ਫਿਰਦੀ ਰਹੀ। ਇਸ ਵੇਲੇ ਉਹ ਕਿਸੇ ਅਜਿਹੀ ਗ਼ੈਬੀ ਤਾਕਤ ਦੀ ਪ੍ਰਾਪਤੀ ਨੂੰ ਉਡੀਕ ਰਹੀ ਸੀ ਜਿਸ ਦੀ ਮਦਦ ਨਾਲ ਉਹ ਇਕੋ ਉਡਾਰੀ ਮਾਰ ਕੇ ਲਾਹੌਰ ਤੇ ਰਾਵਲਪਿੰਡੀ ਜਾ ਪੁਜੇ ਤੇ ਤਬਾਹਕਾਰੀਆਂ ਕਰਨ ਤੇ ਨੰਗੇ ਜਲੂਸ ਕਢਣ ਵਾਲਿਆਂ ਦਾ ਖੋਜ ਮਿਟਾ ਕੇ ਰਖ ਦੇਵੇ, ਪਰ ਕੀ ਇਹੋ ਜਿਹੀ ਪ੍ਰਾਪਤੀ ਕੋਈ ਉਸ ਦੇ ਵਸ ਦੀ ਚੀਜ਼ ਸੀ ? ਉਹ ਦੰਦ ਕਰੀਚਦੀ ਹੋਈ ਫੇਰ ਮੰਜੇ ਤੇ ਆ ਢਠੀ, ਤੇ ਸਿਰ ਦੇ ਵਾਲਾਂ ਨੂੰ ਦੁਹਾਂ ਮੁਠਾਂ ਵਿਚ ਭਰ ਕੇ "ਕਹਿਰ ਦਰਵੇਸ਼ ਬਰਜਾਨ ਦਰਵੇਸ਼" ਵਾਲਾ ਹਾਲ ਕਰਨ ਲਗੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਕ੍ਰਿਸ਼ਨਾ ਦੀ ਤਬੀਅਤ ਅਜ ਠੀਕ ਨਹੀਂ ਸੀ। ਇਕ ਤਾਂ ਸਾਰੀ ਰਾਤ ਦੇ ਜਗਰਾਤੇ ਕਰ ਕੇ ਉਸ ਦਾ ਸਿਰ ਭਾਰਾ ਤੇ ਸਰੀਰ ਅਲਸਾਇਆ ਹੋਇਆ ਸੀ। ਦੂਜਾ ਸਤਨਾਮ ਦੇ ਮੂੰਹੋਂ ਉਹ ਜੋ ਕੁਝ ਸੁਣਦੀ ਰਹੀ ਸੀ, ਇਸ ਨਾਲ ਵੀ ਉਸ ਦੀ ਸਿਹਤ ਉਤੇ ਕਾਫ਼ੀ ਭੈੜਾ ਅਸਰ ਪਿਆ। ਖ਼ਾਸ ਕਰ ਕੇ ਸਤਨਾਮ ਦੀਆਂ ਸੁਦਰਸ਼ਨ ਬਾਬਤ ਕਹੀਆਂ ਹੋਈਆਂ ਗਲਾਂ ਨੇ ਤਾਂ ਉਸ ਨੂੰ ਬਹੁਤ ਹੀ ਉਦਾਸ ਕਰ ਦਿਤਾ ਸੀ। ਸੁਦਰਸ਼ਨ ਵਰਗੇ ਜ਼ਿਦੀ ਤੇ ਹਠੀਲੇ ਗੱਭਰੂ ਦੇ ਸੁਭਾਉ ਤੋਂ ਉਹ ਕਾਫ਼ੀ ਜਾਣੂ ਸੀ, ਤੇ ਘੜੀ ਮੁੜੀ ਇਹੋ ਖ਼ਤਰਾ ਉਸ ਦੇ ਸੋਤਰ ਸੁਕਾਈ ਜਾਂਦਾ ਸੀ ਕਿ ਖ਼ਬਰੇ ਉਹ ਕੀ ਕਾਰਾ ਕਰਨ ਵਾਲਾ ਹੈ, ਜਿਸ ਦੇ ਡਰੋਂ ਸਤਨਾਮ ਦੀ ਇਹ ਹਾਲਤ ਹੋਈ ਕਿ ਉਹ ਮੈਨੂੰ ਵਖ ਕਰਨ ਲਈ ਤਿਆਰ ਹੋ ਖੜੋਤਾ !

ਕਰਫ਼ਿਊ ਖੁਲ੍ਹਦਿਆਂ ਹੀ ਬਾਬਾ ਜੀ ਨੂੰ ਨਾਲ ਲੈ ਕੇ ਕੇਸਰ ਕੌਰ ਦਰਬਾਰ ਸਾਹਿਬ ਚਲੀ ਗਈ ਸੀ। ਉਹ ਹੁਣ ਕਿਸੇ ਦੀ ਮਦਦ ਤੋਂ ਬਿਨਾਂ ਕਿਤੇ ਵੀ ਜਾ ਆ ਨਹੀਂ ਸੀ ਸਕਦੇ। ਕ੍ਰਿਸ਼ਨਾ ਨੇ ਕਿਉਂਕਿ ਸਵੇਰੇ ਹੀ ਸਕੂਲ ਜਾਣਾ ਹੁੰਦਾ ਸੀ, ਜਿਸ ਕਰ ਕੇ ਬਾਬਾ ਜੀ ਨੂੰ ਦਰਬਾਰ ਸਾਹਿਬ ਲੈ ਜਾਣਾ ਹੁਣ ਕੇਸਰ ਕੌਰ ਦੇ ਜ਼ਿੰਮੇ ਸੀ।

ਘਰ ਦੇ ਹੇਠਲੇ ਹਿੱਸੇ ਵਿਚ ਇਸ ਵੇਲੇ ਹੋਰ ਕੋਈ ਨਹੀਂ ਸੀ ਤੇ ਇਸ ਇਕੱਲ ਵਿਚ ਕ੍ਰਿਸ਼ਨਾ ਆਪਣੇ ਖ਼ਿਆਲਾਂ ਦੇ ਫੈਲਾਉ ਵਿਚ ਦੂਰ ਤੀਕ ਫੈਲਦੀ ਚਲੀ ਗਈ। ਕਈ ਮਨਸੂਬੇ ਉਸ ਨੇ ਬਣਾਏ ਤੇ ਕਈ ਢਾਹੇ, ਪਰ ਕਿਸੇ ਨੂੰ ਵੀ ਅਮਲੀ ਸ਼ਕਲ ਦੇਣ ਲਈ ਕੋਈ ਰਾਹ ਉਸ ਨੂੰ ਨਜ਼ਰੀ ਨਹੀਂ ਸੀ ਆਉਂਦਾ। ਖ਼ੁਦਾ ਦੀ ਖ਼ੁਦਾਈ ਨੂੰ ਇਸ ਤਰ੍ਹਾਂ ਬੇ-ਮੌਤੇ ਮਰਦੀ ਵੇਖ ਵੇਖ ਕੇ ਤੇ ਆਪਣੀਆਂ ਹਮਜਿਨਸਾਂ ਦੇ ਨੰਗੇ ਜਲੂਸਾਂ ਦੀਆਂ ਖ਼ਬਰਾਂ ਪੜ੍ਹ ਪੜ੍ਹ ਕੇ ਉਸ ਦੀ ਹਾਲਤ ਕੁਝ ਇਸ ਤਰ੍ਹਾਂ ਦੀ ਬਣ ਗਈ ਸੀ ਜਿਵੇਂ ਉਸ ਦਾ ਦਿਲ ਖੋਪਰੀ ਵਿਚ ਜਾ ਟਿਕਿਆ ਹੈ, ਤੇ ਦਿਮਾਗ਼ ਸੀਨੇ ਵਿਚ ਤੇ ਇਨ੍ਹਾਂ ਦੁਹਾਂ ਦੇ ਬੇਟਿਕਾਣਾ ਹੋ ਜਾਣ ਕਰ ਕੇ ਉਸ ਦੀਆਂ ਸੋਚਾਂ ਵਿਚਾਰਾਂ, ਉਸ ਦੇ ਜਜ਼ਬਿਆਂ ਤੇ ਖ਼ਿਆਲਾਂ ਨੇ ਸਤਨਾਜੇ ਜਿਹੇ ਦੀ ਸ਼ਕਲ ਅਖ਼ਤਿਆਰ ਕਰ ਲਈ ਸੀ। ਉਸ ਦੇ ਅੰਦਰ ਦੀ ਕਿਸੇ ਹਨੇਰੀ ਨੁੱਕਰ ਵਿਚੋਂ ਕੋਈ ਖ਼ਿਆਲ ਉਠਦਾ, ਤੇ ਮੁੜ ਹਨੇਰੇ ਵਿਚ ਹੀ ਟੁੱਭੀ ਮਾਰ ਜਾਂਦਾ।

ਘੰਟੇ ਸਵਾ ਘੰਟੇ ਦੀ ਏਸੇ ਉਖੜੀ ਪੁਖੜੀ ਹਾਲਤ ਤੋਂ ਬਾਅਦ ਕ੍ਰਿਸ਼ਨਾ ਇਕ ਐਸੇ ਨੁਕਤੇ ਤੇ ਜਾ ਖੜੀ ਹੋਈ, ਜਿਸ ਤੋਂ ਨਾ ਕੁਝ ਅਗੇ ਸੀ ਤੇ ਨਾ ਪਿਛੇ। ਸਭ ਕਾਸੇ ਦੀ ਉਪਜ, ਤੇ ਸਭ ਕਾਸੇ ਦਾ ਅੰਤ ਜਿਵੇਂ ਉਸ ਲਈ ਏਸੇ ਨੁਕਤੇ ਵਿਚ ਰਹਿ ਗਿਆ ਸੀ — ਮੌਤ !

"ਬਸ, ਮੇਰੇ ਲਈ ਇਹੋ ਆਖ਼ਰੀ ਫ਼ੈਸਲਾ ਹੈ। ਜੇ ਮੈਂ ਰਬ ਦੀ ਲੋਕਾਈ ਨੂੰ ਮੌਤ ਤੋਂ ਬਚਾ ਨਹੀਂ ਸਕਦੀ, ਜੇ ਮੈਂ ਆਪਣੀਆਂ ਭੈਣਾਂ ਨੂੰ ਨੰਗੀਆਂ ਕਰਨ ਵਾਲਿਆਂ ਦਾ ਮੂੰਹ ਨਹੀਂ ਵਲੂੰਧਰ ਸਕਦੀ ਤਾਂ ਮੇਰੇ ਜੀਊਂਦੇ ਰਹਿਣ ਦਾ ਕੋਈ ਹੱਕ ਨਹੀਂ — ਮੈਂ ਮਰਾਂਗੀ, ਤੇ ਜ਼ਰੂਰ ਮਰਾਂਗੀ।"

ਇਹ ਸੀ ਉਸ ਦਾ ਆਖ਼ਰੀ ਫ਼ੈਸਲਾ। ਇਸ ਤੋਂ ਬਾਅਦ ਉਸ ਦੇ ਸੋਚਣ ਸਮਝਣ ਲਈ ਜੇ ਕੁਝ ਬਾਕੀ ਸੀ ਤਾਂ ਇਹ ਸੀ ਬਾਬੇ ਦਾ ਦੰਮ।

"ਕੀ ਮੈਂ ਬਾਪੂ ਨੂੰ ਇਸ ਦੁਨੀਆਂ ਵਿਚ ਤਸੀਹੇ ਤੇ ਹਉਕੇ ਲੈਣ ਲਈ ਛਡ ਜਾਵਾਂਗੀ, ਜਿਹੜਾ ਘੜੀ ਭਰ ਦੀ ਮੇਰੀ ਦੂਰੀ ਨੂੰ ਸਹਾਰ ਨਹੀਂ ਸਕਦਾ ? ਕੀ ਉਹ ਦੁਨੀਆਂ ਵਿਚ ਹਮੇਸ਼ਾਂ ਲਈ ਇਕੱਲਾ ਹੋ ਜਾਏਗਾ ? ਨਹੀਂ ਨਹੀਂ। ਮੈਂ ਨਹੀਂ ਮਰਾਂਗੀ। ਜਦ ਤਕ ਬਾਪੂ ਦਾ ਦੰਮ ਹੈ, ਮੈਂ ਉਸ ਦੀਆਂ ਅੱਖਾਂ ਤੋਂ ਦੂਰ ਨਹੀਂ ਹਵਾਂਗੀ।"

ਦੂਜੇ ਫੈਸਲੇ ਨੇ ਪਹਿਲੇ ਨੂੰ ਕੱਟ ਦਿਤਾ। ਪਰ ਇਹ ਕਿਤਨਾ ਔਖਾ ਸਵਾਲ ਸੀ ਕ੍ਰਿਸ਼ਨਾ ਲਈ, ਜਦ ਕਿ ਜੀਊਂਦੀ ਰਹਿਣਾ ਚਾਹੁੰਦੀ ਹੋਈ ਵੀ ਉਹ ਆਪਣੇ ਆਪ ਨੂੰ ਇਸ ਦੀ ਹਕਦਾਰ ਨਹੀਂ ਸੀ ਸਮਝ ਰਹੀ ਤੇ ਹੱਕਦਾਰ ਕੀਕੁਣ ਬਣੇ, ਇਸੇ ਗਲ ਦੀ ਉਸ ਨੂੰ ਸਮਝ ਨਹੀਂ ਸੀ ਆਉਂਦੀ।

ਸਤਨਾਮ ਅਜ ਮੂੰਹ ਹਨ੍ਹੇਰੇ ਹੀ ਘਰੋਂ ਨਿਕਲ ਗਿਆ ਸੀ ਤੇ ਜਦ ਵਾਪਸ ਆ ਕੇ ਉਸ ਨੇ ਕ੍ਰਿਸ਼ਨਾ ਨੂੰ ਝਿੱਕੀ ਮੰਜੀ ਤੇ ਪਈ ਵੇਖਿਆ, ਤਾਂ ਉਪਰ ਜਾਣ ਦੇ ਥਾਂ ਉਹ ਉਸੇ ਦੇ ਕਮਰੇ ਵਿਚ ਚਲਾ ਆਇਆ।

ਉਸ ਦਾ ਖ਼ਿਆਲ ਸੀ ਕਿ ਰਾਤ ਦੇ ਅਨੀਂਦੇ ਕਰ ਕੇ ਕ੍ਰਿਸ਼ਨਾ ਸੌਂ ਗਈ ਹੋਵੇਗੀ, ਪਰ ਜਦ ਉਸ ਨੇ ਵੇਖਿਆ ਕਿ ਕ੍ਰਿਸ਼ਨਾ ਛਤ ਉਤੇ ਨਜ਼ਰ ਟਿਕਾਈ ਕਿਸੇ ਬਹੁਤ ਡੂੰਘੇ ਤੇ ਦਿਲ ਢਾਹੂ ਖ਼ਿਆਲ ਵਿਚ ਗੁਆਚੀ ਹੋਈ ਹੈ, ਤਾਂ ਉਸ ਦੇ ਕੋਲ ਬੈਠ ਕੇ ਉਸ ਨੇ ਪੁਛਿਆ — "ਕ੍ਰਿਸ਼ਨਾ! ਕੀ ਗਲ ਹੈ ?"

ਕ੍ਰਿਸ਼ਨਾ ਨਹੀਂ ਬੋਲੀ, ਸਤਨਾਮ ਵਲ ਤੱਕ ਲੈਣ ਤੇ ਵੀ ਨਹੀਂ ਬੋਲ ਸਕੀ।

"ਤੂੰ ਬੋਲਦੀ ਨਹੀਂ ਕ੍ਰਿਸ਼ਨਾ" ਸਤਨਾਮ ਨੇ ਦੋਬਾਰਾ ਉਸ ਨੂੰ ਬੁਲਾਇਆ। ਐਤਕਾਂ ਕ੍ਰਿਸ਼ਨਾ ਦੀਆਂ ਅੱਖਾਂ ਛਤ ਵਲੋਂ ਹਟ ਕੇ ਸਤਨਾਮ ਦੇ ਚੇਹਰੇ ਉਤੇ ਆ ਟਿਕੀਆਂ। ਉਹ ਉਠ ਕੇ ਬੈਠ ਗਈ, ਤੇ ਬੋਲੀ — "ਤੁਸੀਂ ਕਿਥੇ ਚਲੇ ਗਏ ਸਾਓ ਭਰਾ ਜੀ ਸਵੇਰੇ ਸਵੇਰੇ ?"

ਸਤਨਾਮ ਬੋਲਿਆ— "ਰਾਤੀਂ ਮੈਂ ਤੈਨੂੰ ਸੁਦਰਸ਼ਨ ਬਾਰੇ ਦਸਿਆ ਸੀ ਨਾ ? ਅਸਲ ਵਿਚ ਅੰਦਰੋਂ ਅੰਦਰ ਇਹ ਮਾਮਲਾ ਬੜਾ ਤੂਲ ਫੜ ਗਿਆ ਹੈ।"

"ਕਿਹੜਾ ਮਾਮਲਾ ?" ਕ੍ਰਿਸ਼ਨਾ ਨੇ ਪੁਛਿਆ।

"ਸੁਦਰਸ਼ਨ ਨੇ ਲੋਕਾਂ ਵਿਚ ਇਹ ਗਲ ਉਡਾਣੀ ਸ਼ੁਰੂ ਕਰ ਦਿਤੀ ਹੈ ਕਿ ਸਤਨਾਮ ਨੇ ਇਕ ਮੁਸਲਮਾਨਾਂ ਦੀ ਲੜਕੀ ਨੂੰ ਆਪਣੇ ਘਰ ਵਿਚ ਰਖਿਆ ਹੋਇਆ ਹੈ, ਜਿਹੜੀ ਪਾਕਿਸਤਾਨੀਆਂ ਦੀ ਮੁਖ਼ਬਰੀ ਕਰਦੀ ਹੈ।"

"ਹੈਂ !"

"ਹਾਂ ਕ੍ਰਿਸ਼ਨਾ।"

ਕ੍ਰਿਸ਼ਨਾ ਨੂੰ ਉੱਤਰਸਾਹੀ ਲਗ ਗਈ।

ਸਤਨਾਮ ਫੇਰ ਕਹਿਣ ਲਗਾ — "ਕ੍ਰਿਸ਼ਨਾ ! ਮੈਂ ਜਾਣਦਾ ਹਾਂ ਇਹ ਗਲ ਸੁਣ ਕੇ ਤੇਰੇ ਦਿਲ ਨੂੰ ਸਦਮਾ ਪਹੁੰਚਿਆ ਹੋਵੇਗਾ। ਪਰ ਤੂੰ ਮੇਰੇ ਦਿਲ ਦੀ ਹਾਲਤ ਪੁਛ ਕੇ ਵੇਖ ਨਾ ਜ਼ਰਾ। ਜਿਸ ਵੇਲੇ ਦੀ ਗਲ ਸੁਣੀ ਹੈ, ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕਣ ਲਗ ਪਈ ਹੈ। ਰਾਤੀਂ ਤੂੰ ਮੈਥੋਂ ਪੁਛਿਆ ਸੀ ਕਿ ਮੈਂ ਰੋਟੀ ਕਿਉਂ ਨਹੀਂ ਖਾਧੀ, ਜਾਂ ਕਿਸੇ ਨਾਲ ਗਲ ਕਥ ਕਿਉਂ ਨਹੀਂ ਸੀ ਕੀਤੀ। ਤੂੰ ਆਪ ਹੀ ਦਸ ਕ੍ਰਿਸ਼ਨਾ, ਇਸ ਹਾਲਤ ਵਿਚ ਕਿਸੇ ਪਾਸੋਂ ਰੋਟੀ ਖਾਧੀ ਜਾਂਦੀ ਜਾਂ ਬੋਲਿਆ ਜਾ ਸਕਦਾ ਹੈ ?"

ਕ੍ਰਿਸ਼ਨਾ ਇਕ ਵਾਰੀ ਫੇਰ ਡੂੰਘੀ ਸੋਚ ਵਿਚ ਡੁਬ ਗਈ, ਤੇ ਉਸ ਨੂੰ ਸਮਝਣ ਵਿਚ ਚਿਰ ਨਾ ਲਗਾ ਕਿ ਬਾਪੂ ਜੀ ਦੀਆਂ ਅੱਖਾਂ ਬਣਵਾਣ ਦਾ ਇਤਨਾ ਝਟ ਪਟ ਪ੍ਰਬੰਧ ਕਰਨ ਦੀ ਸਤਨਾਮ ਨੂੰ ਕਿਉਂ ਕਾਹਲ ਪੈ ਗਈ ਹੈ।

"ਕ੍ਰਿਸ਼ਨਾ !" ਸਤਨਾਮ ਦੀਆਂ ਅੱਖਾਂ ਵਿਚ ਯਤੀਮ ਬਚੇ ਵਰਗੀ ਕਰੁਣਾ ਸੀ — "ਜੇ ਤੇਰੇ ਵਲ ਕਿਸੇ ਨੇ ਉਂਗਲ ਵੀ ਕਰ ਦਿਤੀ ਤਾਂ ਮੈਂ ਜਾਨ ਤੇ ਖੇਡ ਜਾਵਾਂਗਾ। ਜੇ ਮੇਰੀ ਚੰਗੀ ਭੈਣ! ਹੁਣ ਤੈਨੂੰ ਆਪਣਾ ਆਪ ਵੀ ਬਚਾਣਾ ਹੋਵੇਗਾ ਤੇ ਮੇਰੀ ਜ਼ਿੰਦਗੀ ਨੂੰ ਵੀ। ਫ਼ਿਲਹਾਲ ਮੈਂ ਇਹੋ ਬਿਹਤਰ ਸਮਝਿਆ ਹੈ ਕਿ ਅਜ ਹੀ ਬਾਪੂ ਜੀ ਨੂੰ ਹਸਪਤਾਲ ਦਾਖ਼ਲ ਕਰਵਾ ਦਿਤਾ ਜਾਵੇ। ਇਕ ਤਾਂ ਉਨ੍ਹਾਂ ਦੀਆਂ ਅੱਖਾਂ ਬਣ ਜਾਣਗੀਆਂ, ਦੂਜਾ ਤੂੰ ਕੁਝ ਚਿਰ ਲਈ ਲੋਕਾਂ ਦੀਆਂ ਅੱਖਾਂ ਤੋਂ ਜ਼ਰਾ ਲਾਂਭੇ ਹੋ ਜਾਵੇਂਗੀ।"

"ਠੀਕ ਹੈ ਭਰਾ ਜੀ" ਕ੍ਰਿਸ਼ਨਾ ਇਸ ਤੋਂ ਵਧ ਕੁਝ ਨਾ ਕਹਿ ਸਕੀ। ਪਰ ਉਸ ਦੇ ਮਨ ਦੀ ਹਾਲਤ ਡਾਵਾਂਡੋਲ ਹੋ ਰਹੀ ਸੀ।

"ਨਾਲੇ ਇਕ ਗਲ ਹੋਰ ਵੀ ਹੈ" — ਮਿਸਟਰ ਸ਼ਫ਼ੀ ਬੜੀ ਖ਼ਾਹਿਸ਼ ਪ੍ਰਗਟ ਕਰ ਰਿਹਾ ਏ ਤੈਨੂੰ ਮਿਲਣ ਦੀ। ਉਸ ਨੂੰ ਘਰ ਲਿਆਉਣਾ ਠੀਕ ਨਹੀਂ।

ਸ਼ਫ਼ੀ ਬਾਰੇ ਇਸ ਤੋਂ ਪਹਿਲਾਂ ਵੀ ਤੇ ਰਾਤੀਂ ਵੀ ਕ੍ਰਿਸ਼ਨਾ ਬਹੁਤ ਕੁਝ ਸੁਣ ਚੁਕੀ ਸੀ। ਜਿਸ ਜਾਂ-ਨਿਸਾਰੀ ਤੇ ਦਲੇਰੀ ਨਾਲ ਇਸ ਵੇਲੇ ਉਹ ਮੁਸਲਮਾਨਾਂ ਵਿਚ ਏਕਤਾ ਦਾ ਪ੍ਰਚਾਰ ਕਰ ਰਿਹਾ ਸੀ। ਇਹ ਕਿਸੇ ਤਕੜੇ ਦਿਲ ਵਾਲੇ ਦਾ ਹੀ ਕੰਮ ਸੀ। ਉਸ ਦੀਆਂ ਇਨ੍ਹਾਂ ਖ਼ੂਬੀਆਂ ਨੂੰ ਸੁਣ ਸੁਣ ਕੇ ਕ੍ਰਿਸ਼ਨਾ ਦੇ ਦਿਲ ਵਿਚ ਕਈ ਵਾਰੀ ਉਸ ਨੂੰ ਮਿਲਣ ਤੇ ਮਿਲ ਕੇ ਸ਼ਾਬਾਸ਼ ਦੇਣ ਦੀ ਖ਼ਾਹਿਸ਼ ਪੈਦਾ ਹੋਈ ਸੀ, ਪਰ ਉਹ ਨਾ ਘਰੋਂ ਬਾਹਰ ਨਿਕਲੀ ਤੇ ਨਾ ਹੀ ਮੇਲ ਹੋ ਸਕਿਆ। ਉਸ ਦੀ ਮੁਲਾਕਾਤ ਬਾਰੇ ਸਤਨਾਮ ਪਾਸੋਂ ਸੁਣ ਕੇ ਕ੍ਰਿਸ਼ਨਾ ਦੇ ਦਿਲ ਨੂੰ ਖ਼ੁਸ਼ੀ ਹੋਈ।

ਸਤਨਾਮ ਨੇ ਸ਼ਫ਼ੀ ਦਾ ਬਿਆਨ ਜਾਰੀ ਰਖਦਿਆਂ ਕਿਹਾ — "ਉਸ ਵਿਚਾਰੇ ਦੀ ਹਾਲਤ ਵੀ ਕ੍ਰਿਸ਼ਨਾ, ਬਿਲਕੁਲ ਤੇਰੇ ਵਰਗੀ ਹੈ। ਉਸ ਦੇ ਆਲੇ ਦੁਆਲੇ ਵੀ ਦੁਸ਼ਮਨ ਪੈਦਾ ਹੋ ਗਏ ਨੇ। ਇਕ ਕੋਈ ਮੁਸਲਿਮ ਲੀਗੀ ਮੌਲਵੀ ਜਿਹਾ ਕਿਤੋਂ ਭੌਂਦਾ ਭੌਂਦਾ ਉਨ੍ਹਾਂ ਦੇ ਕਾਰਖ਼ਾਨੇ ਆ

ਉਤਰਿਆ ਹੈ ਤੇ ਐਸਾ ਪਥੱਲਾ ਮਾਰਿਆ ਸੂ ਕਿ ਹਿੱਲਣ ਦਾ ਨਾਂ ਨਹੀਂ ਲੈਂਦਾ। ਜੇ ਕਦੀ ਉਸ ਮੌਲਵੀ ਦਾ ਪੌਖਾ ਨਾ ਪੈ ਜਾਂਦਾ ਤਾਂ ਸ਼ਫੀ ਦੀ ਹਿੰਮਤ ਨਾਲ ਅਜ ਤੀਕ ਉਸ ਕਾਰਖਾਨੇ ਦੇ ਸੈਂਕੜੇ ਮੁਸਲਮਾਨ ਮਜ਼ਦੂਰ ਸਾਡੀ ਸਭਾ ਦੇ ਮੈਂਬਰ ਬਣ ਜਾਂਦੇ. ਕਮਬਖ਼ਤ ਨੇ ਐਸੀ ਪੁਠੀ ਪੱਟੀ ਪੜ੍ਹਾਣੀ ਸ਼ੁਰੂ ਕਰ ਦਿਤੀ ਹੈ ਕਿ ਵਿਚਾਰੇ ਸ਼ਫੀ ਨੂੰ ਸਗੋਂ ਜਾਨ ਬਚਾਉਣ ਦੀ ਫ਼ਿਕਰ ਸਵਾਰ ਰਹਿੰਦੀ ਹੈ।"

"ਉਸ ਨੂੰ ਜ਼ਰੂਰ ਮਿਲਾਣਾ ਭਰਾ ਜੀ" ਕ੍ਰਿਸ਼ਨਾ ਚਿੰਤਾਵਾਂ ਤੋਂ ਉਤਾਂਹ ਉਭਰ ਕੇ ਬੋਲੀ — "ਮੈਂ ਲਗਦੀ ਵਾਹ ਉਸ ਦਾ ਹੌਸਲਾ ਬੰਨ੍ਹਾਵਾਂਗੀ। ਨਾਲੇ ਉਸ ਨੂੰ ਕਹਾਂਗੀ ਕਿ ਜਿਥੇ ਤਕ ਹੋ ਸਕੇ. ਮੌਲਵੀ ਦੇ ਅਸਰ ਹੇਠ ਆਏ ਹੋਏ ਅਹਿਮਕਾਂ ਤੋਂ ਜ਼ਰਾ ਬਚ ਕੇ ਰਿਹਾ ਕਰੇ। ਕੀ ਪਤਾ ਕਿਹੜੇ ਵੇਲੇ ਕੋਈ ਵਾਰ ਹੀ ਕਰ ਬੈਠੇ।"

ਦੂਹਾਂ ਵਿਚ ਮਸੇ ਇਤਨੀਆਂ ਹੀ ਗਲਾਂ ਹੋਈਆਂ ਸਨ ਕਿ ਕੇਸਰ ਕੌਰ, ਬਾਬਾ ਜੀ ਦੀ ਡੰਗੋਰੀ ਫੜੀ ਅੰਦਰ ਆਈ ਤੇ ਇਸ ਤੋਂ ਬਾਅਦ ਚੋਖਾ ਚਿਰ ਬਾਬਾ ਜੀ ਨੂੰ ਹਸਪਤਾਲ ਲੈ ਜਾਣ ਦੀਆਂ ਤਿਆਰੀਆਂ ਹੁੰਦੀਆਂ ਰਹੀਆਂ।

ਓਪਰੇਸ਼ਨ ਲਈ ਮੌਸਮ ਭਾਵੇਂ ਅਜੇ ਪੂਰੀ ਤਰ੍ਹਾਂ ਅਨੁਕੂਲ ਨਹੀਂ ਸੀ, ਫਿਰ ਵੀ ਬਾਬਾ ਜੀ ਨੂੰ ਦਾਖ਼ਲ ਕਰਾ ਹੀ ਦਿਤਾ ਗਿਆ ਤੇ ਇਸ ਤੋਂ ਦੂਸਰੇ ਹੀ ਦਿਨ ਓਪਰੇਸ਼ਨ ਹੋ ਗਿਆ।

ਹਸਪਤਾਲ ਵਿਚ ਇਹਨੀ ਦਿਨੀ ਮਰੀਜ਼ਾਂ ਦਾ ਕੋਈ ਪਾਰਾਵਾਰ ਨਹੀਂ ਸੀ। ਕੀ ਅੱਖਾਂ ਦਾ ਵਾਰਡ, ਕੀ ਕੰਨਾਂ ਦਾ ਤੇ ਕੀ ਬਾਕੀ, ਸਭ ਫੱਟੜਾਂ ਨਾਲ ਭਰੇ ਹੋਏ ਸਨ। ਸਫਾਈ ਕਰਨ ਵਾਲੇ ਚੂਹੜੇ ਤੋਂ ਲੈ ਕੇ ਸਿਵਲ ਸਰਜਨ ਤੀਕ, ਕਿਸੇ ਨੂੰ ਸਿਰ ਖੁਰਕਣ ਦੀ ਵਿਹਲ ਨਹੀਂ ਸੀ। ਸਭ ਪਾਸੀਂ ਮਨੁਖੀ ਮਾਸ ਨੂੰ ਕੱਟਣ ਤਰਾਸ਼ਣ, ਟੁੱਟੀਆਂ ਹੱਡੀਆਂ ਜੋੜਨ ਤੇ ਮਲ੍ਹਮ ਪੱਟੀ ਦੇ ਨਜ਼ਾਰੇ ਦਿਖਾਈ ਦੇਂਦੇ ਸਨ।

ਹਸਪਤਾਲ ਵਿਚ ਵੀ ਕਿਤੇ ਹਿੰਦੂ ਮੁਸਲਿਮ ਫ਼ਸਾਦ ਨਾ ਹੋ ਪਵੇ। ਇਸ ਖਤਰੇ ਦੀ ਸੰਭਾਵਨਾ ਕਰ ਕੇ ਹਰ ਇਕ ਵਾਰਡ ਵਿਚ ਫੌਜੀਆਂ ਦੇ ਪਹਿਰੇ ਰਹਿੰਦੇ ਸਨ।

ਬਾਬਾ ਜੀ ਦੇ ਮੰਜੇ ਲਾਗੇ ਇਕ ਬਰਾਂਡੇ ਵਿਚ ਕ੍ਰਿਸ਼ਨਾ ਨੇ ਆਪਣਾ ਮੰਜਾ ਬਿਸਤਰਾ ਡਾਹ ਲਿਆ। ਹੁਣ ਝਗੜਾ ਇਕ ਹੋਰ ਖੜ੍ਹਾ ਹੋ ਗਿਆ ਕਿ ਮੁੰਨੀ ਕ੍ਰਿਸ਼ਨਾ ਤੋਂ ਬਗੈਰ ਘਰ ਵਿਚ ਰਹਿਣ ਨੂੰ ਤਿਆਰ ਨਹੀਂ ਸੀ। ਜਿਸ ਵੇਲੇ ਤੋਂ ਅੱਖਾਂ ਬਣਵਾਉਣ ਦਾ ਮਾਮਲਾ ਘਰ ਵਿਚ ਚਲਿਆ ਉਸੇ ਵੇਲੇ ਤੋਂ ਉਹ ਇਸ ਗਲ ਤੇ ਅੜੀ ਹੋਈ ਸੀ ਕਿ ਉਹ ਹਸਪਤਾਲ ਵਿਚ ਭੈਣ ਜੀ ਦੇ ਕੋਲ ਰਹੇਗੀ। ਆਖ਼ਰ ਉਸਦੀ ਜਿਦ ਸਭ ਨੂੰ ਕਬੂਲਣੀ ਪਈ।

ਸਭ ਜ਼ਰੂਰੀ ਸਾਮਾਨ ਹਸਪਤਾਲ ਵਿਚ ਪਹੁੰਚਾ ਦਿਤਾ ਗਿਆ। ਹੁਣ ਰਹਿ ਗਿਆ ਰੋਟੀ ਦਾ ਮਾਮਲਾ। ਇਹ ਜਾਂ ਤਾਂ ਹਸਪਤਾਲ ਲਾਗਲੇ ਤੰਦੂਰ ਤੋਂ ਤੇ ਜਾਂ ਘਰੋਂ ਲਿਆਂਦੀ ਜਾ ਸਕਦੀ ਸੀ। ਤੰਦੂਰ ਦਾ ਇੰਤਜ਼ਾਮ ਕਿਉਂਕਿ ਬੜਾ ਘਟੀਆ ਸੀ, ਜਿਸ ਲਈ ਇਸ ਕੰਮ ਨੂੰ ਸਤਨਾਮ ਨੇ ਆਪਣੇ ਜ਼ਿੰਮੇਂ ਲੈ ਲਿਆ ਸੀ। ਫਸਾਦਾਂ ਦੇ ਖੱਪਖਾਨੇ ਕਰ ਕੇ ਹੋਰ ਕਿਸੇ ਲਈ ਤਾਂ ਇਹ ਜਾਨ ਜੋਖੋਂ ਦਾ ਕੰਮ ਸੀ, ਪਰ ਸਤਨਾਮ ਲਈ ਖ਼ਤਰੇ ਵਾਲੀ ਕੋਈ ਗਲ ਨਹੀਂ ਸੀ, ਜਦ ਕਿ ਇਕ ਤਾ ਕਰਫ਼ਿਊ ਪਾਸ ਉਸ ਕੋਲ ਸੀ, ਦੂਜਾ ਜੀਪਕਾਰ ਦੀ ਸਹੂਲਤ।

ਮੁਢਲੇ ਦੋ ਦਿਨ ਬਾਬਾ ਜੀ ਨੇ ਕਾਫੀ ਗੁਜ਼ਾਰੇ। ਇਥੋਂ ਤਕ ਕਿ ਪਹਿਲੀਆਂ ਦੋ ਰਾਤਾਂ ਉਹ ਸੌਂ ਨਹੀਂ ਸਕੇ। ਤਾਜ਼ੇ ਜ਼ਖਮਾਂ ਦੀਆਂ ਤ੍ਰਾਟਾਂ ਨੇ ਉਹਨਾਂ ਦੇ ਭਾਅ ਦੀ ਬਣਾਈ ਰਖੀ, ਪਰ ਤੀਜੇ ਦਿਨ ਤਕਲੀਫ ਕੁਝ ਘਟਣੀ ਸ਼ੁਰੂ ਹੋ ਗਈ।

ਸਤਨਾਮ ਦੋਵੇਂ ਵੇਲੇ ਰੋਟੀ ਲੈ ਕੇ ਆਉਂਦਾ ਤੇ ਕਾਫੀ ਦੇਰ ਕ੍ਰਿਸ਼ਨਾ ਪਾਸ ਬੈਠ ਕੇ ਗਲਾਂ ਕਰਦਾ ਰਹਿੰਦਾ। ਜਿਨ੍ਹਾਂ ਦਾ ਵਿਸ਼ਾ ਸ਼ਹਿਰ ਦੀ ਹਾਲਤ ਤੇ ਇਤਿਹਾਦ ਸਭਾ ਦੇ ਪ੍ਰੋਗਰਾਮ ਹੀ

ਹੁੰਦਾ ਸੀ। ਜਿਸ ਨੂੰ ਸੁਣ ਕੇ ਕ੍ਰਿਸ਼ਨਾ ਦੀ ਚਿੰਤਾ ਵਿਚ ਰੋਜ਼ ਕੁਝ ਨਾ ਕੁਝ ਵਾਧਾ ਹੀ ਹੋਈ ਜਾਂਦਾ ਸੀ। ਕਿਉਂਕਿ ਇਕ ਪਾਸੇ ਤਾਂ ਸ਼ਹਿਰ ਵਿਚ ਮੌਤਾਂ ਤੇ ਅੱਗਾਂ ਲਗਣ ਦੀ ਗਿਣਤੀ ਦਿਨ ਦਿਨ ਵਧਦੀ ਜਾ ਰਹੀ ਸੀ, ਦੂਜਾ ਇਤਿਹਾਦ ਸਭਾ ਦੇ ਮੈਂਬਰ ਫੇਰ ਕਿਰਨ ਮਕਿਰਨੀ ਹੋਣੇ ਸ਼ੁਰੂ ਹੋ ਗਏ ਸਨ।

ਹਸਪਤਾਲ ਆਉਣ ਤੋਂ ਪਹਿਲਾਂ ਸਤਨਾਮ ਨੇ ਕ੍ਰਿਸ਼ਨਾ ਨੂੰ ਕਿਹਾ ਸੀ ਕਿ ਸ਼ਫੀ ਨੂੰ ਉਥੇ ਹੀ ਆ ਕੇ ਮਿਲੇਗਾ, ਪਰ ਇਨ੍ਹਾਂ ਚਹੁੰ ਦਿਨਾਂ ਵਿਚ ਕਈ ਵਾਰੀ ਕ੍ਰਿਸ਼ਨਾ ਦੀ ਚਿਤਾਵਨੀ ਦੇ ਬਾਵਜੂਦ ਵੀ ਉਸ ਨੂੰ ਲਿਆਂਦਾ ਨਹੀਂ ਸੀ ਜਾ ਸਕਿਆ। ਹਰ ਵਾਰੀ ਸਤਨਾਮ ਦਾ ਇਹੋ ਜਵਾਬ ਹੁੰਦਾ — "ਵਿਚਾਰੇ ਸ਼ਫੀ ਨੂੰ ਅਜ ਕਲ ਸਿਰ ਖੁਰਕਣ ਦੀ ਵਿਹਲ ਨਹੀਂ। ਸਾਰਾ ਸਾਰਾ ਦਿਨ ਤੇ ਸਾਰੀ ਸਾਰੀ ਰਾਤ ਉਹ ਇਤਿਹਾਦ ਸਭਾ ਦੇ ਕੰਮਾਂ ਵਿਚ ਲਗਾ ਫਿਰਦਾ ਹੈ।"

ਸਤਨਾਮ ਦੇ ਮੂੰਹੋਂ ਜਿਉਂ ਜਿਉਂ ਕ੍ਰਿਸ਼ਨਾ, ਸ਼ਫੀ ਦੇ ਕਾਰਨਾਮੇ ਸੁਣਦੀ, ਉਸ ਅਣਵੇਖੇ ਤੇ ਅਣਜਾਣੇ ਨੌਜਵਾਨ ਲਈ ਉਸ ਦਾ ਦਿਲ ਸ਼ਰਧਾ ਨਾਲ ਭਰ ਕੇ ਛਲਕਣ ਲਗ ਪੈਂਦਾ।

ਓਪਰੇਸ਼ਨ ਤੋਂ ਦਸ ਦਿਨ ਬਾਅਦ ਬਾਬਾ ਜੀ ਦੀਆਂ ਅੱਖਾਂ ਦੀ ਪੱਟੀ ਖੁਲ੍ਹਣੀ ਸੀ, ਜਿਸ ਨੂੰ ਕ੍ਰਿਸ਼ਨਾ ਵੀ ਤੇ ਬਾਬਾ ਜੀ ਵੀ ਬੇਸਬਰੀ ਨਾਲ ਉਡੀਕ ਰਹੇ ਸਨ।

ਵਕਤ ਜਿਉਂ ਜਿਉਂ ਛੋਟਾ ਹੁੰਦਾ ਗਿਆ, ਉਡੀਕਵਾਨਾਂ ਦੀ ਉਡੀਕ ਬੋਝਲ ਤੇ ਬੋਝਲ ਹੁੰਦੀ ਗਈ।

ਦੁਪਹਿਰਾਂ ਢਲ ਰਹੀਆਂ ਸਨ। ਹਸਪਤਾਲ ਦੇ ਬਰਾਂਡੇ ਵਿਚ ਖੜ੍ਹੀ ਕ੍ਰਿਸ਼ਨਾ, ਸਤਨਾਮ ਨੂੰ ਉਡੀਕ ਰਹੀ ਸੀ। ਜਿਸ ਨੇ ਰੋਟੀ ਪਹੁੰਚਾਣ ਵਿਚ ਦੇਰ ਕਰ ਦਿਤੀ ਸੀ।

ਕਾਫੀ ਉਡੀਕ ਦੇ ਬਾਅਦ ਕ੍ਰਿਸ਼ਨਾ ਨੇ ਜੀਪ ਨੂੰ ਦੂਰੋਂ ਆਉਂਦਿਆਂ ਤਕਿਆ। ਜਿਹੜੀ ਹਸਪਤਾਲ ਦੇ ਹਾਤੇ ਵਿਚ ਦਾਖ਼ਲ ਹੋ ਕੇ, ਉਸ ਦੀ ਵਿੰਗੀ ਟੇਢੀ ਸੜਕ ਉਤੇ ਰੁਕਦੀ ਵਿਖਾਈ ਦਿਤੀ ਪਰ ਉਸ ਦੇ ਅੰਦਰੋਂ ਸਤਨਾਮ ਦੇ ਥਾਂ ਸਿਰਫ਼ ਡਰਾਈਵਰ ਗਿਆਨ ਸਿੰਘ ਹੀ ਨਿਕਲਿਆ, ਜਿਸ ਦੇ ਹਥ ਵਿਚ ਰੋਟੀਆਂ ਵਾਲਾ ਡੱਬਾ ਸੀ।

ਸਤਨਾਮ ਬਾਬਤ ਜਦ ਕ੍ਰਿਸ਼ਨਾ ਨੇ ਪੁਛਿਆ ਤਾਂ ਗਿਆਨ ਸਿੰਘ ਇਤਨਾ ਹੀ ਕਹਿ ਕੇ ਕਾਰ ਵਿਚ ਜਾ ਬੈਠਾ — "ਉਨ੍ਹਾਂ ਨੂੰ ਅਜ ਕੋਈ ਜ਼ਰੂਰੀ ਕੰਮ ਪੈ ਗਿਆ ਸੀ — ਇਕ ਕੇਸ ਹੋ ਗਿਆ ਸੀ, ਜਿਸ ਕਰ ਕੇ ਸ਼ਾਇਦ ਸ਼ਾਮ ਤੋਂ ਪਹਿਲਾਂ ਨਾ ਆ ਸਕਣ।"

ਜੀਪ ਚਲੀ ਗਈ ਤੇ ਕ੍ਰਿਸ਼ਨਾ ਬਰਾਬਰ ਇਸੇ 'ਕੇਸ ਹੋ ਗਿਆ ਹੈ' ਬਾਰੇ ਚਿੰਤਾ ਵਿਚ ਡੁਬੀ ਰਹੀ। ਡਰਾਈਵਰ ਉਤੇ ਉਸ ਨੇ ਕੁਝ ਹੋਰ ਵੀ ਸਵਾਲ ਕਰਨੇ ਚਾਹੇ, ਪਰ ਉਸ ਨੇ ਮੌਕਾ ਹੀ ਨਾ ਦਿਤਾ ਤੇ ਜੀਪ ਨੂੰ ਘੁਮਾਂਦਾ ਹੋਇਆ ਹਸਪਤਾਲ ਦੇ ਹਾਤੇ 'ਚੋਂ ਬਾਹਰ ਨਿਕਲ ਗਿਆ।

ਸਾਰੇ ਦਿਨ ਦੀ ਚਿੰਤਾ ਭਰੀ ਉਡੀਕ ਤੋਂ ਬਾਅਦ ਆਖ਼ਰ ਕਿਤੇ ਸ਼ਾਮ ਨੂੰ ਸਤਨਾਮ ਨੇ ਆ ਦਿਖਾਲੀ ਦਿਤੀ। ਕ੍ਰਿਸ਼ਨਾ ਦਾ ਸਾਹ ਵਿਚ ਸਾਹ ਆਇਆ। ਉਸ ਨੂੰ ਕਈ ਤਰ੍ਹਾਂ ਦੇ ਹੌਲ ਪੈਂਦੇ ਰਹੇ ਨੇ — ਮਤੇ ਭਰਾ ਜੀ ਨੂੰ ਕੋਈ ਸੱਟ ਫੇਟ ਲਗ ਗਈ ਹੋਵੇ। ਉਹ ਜਾਣਦੀ ਸੀ ਕਿ ਕੋਈ ਵਡੀ ਤੋਂ ਵਡੀ ਰੋਕ ਵੀ ਸਤਨਾਮ ਨੂੰ ਇਸ ਰੋਟੀ ਪਹੁੰਚਾਣ ਦੀ ਨੌਕਰੀ ਤੋਂ ਗ਼ੈਰ-ਹਾਜ਼ਰ ਨਹੀ ਸੀ ਰਖ ਸਕਦੀ।

"ਕੀ ਗਲ ਸੀ ਭਰਾ ਜੀ ?" ਕਹਿੰਦੀ ਹੋਈ ਤੇ ਹਥਲੇ ਕੰਮ ਨੂੰ ਵਿਚੇ ਛਡ ਕੇ ਕ੍ਰਿਸ਼ਨਾ ਬਰਾਂਡੇ ਤੋਂ ਬਾਹਰ ਭੱਜੀ ਆਈ। ਉਸ ਨੇ ਵੇਖਿਆ, ਸਤਨਾਮ ਸਖ਼ਤ ਘਬਰਾਹਟ ਦੀ ਹਾਲਤ ਵਿਚ ਸੀ ਤੇ ਉਸ ਦਾ ਰੰਗ ਉਡਿਆ ਹੋਇਆ ਸੀ। ਨਾਲ ਹੀ ਕ੍ਰਿਸ਼ਨਾ ਦੀ ਨਜ਼ਰ ਕੁਝ ਲਹੂ ਦੇ ਛਿਟਿਆਂ ਉਤੇ ਜਾ ਪਈ, ਜਿਹੜੇ ਸਤਨਾਮ ਦੀ ਕਮੀਜ਼ ਉਤੇ ਪਏ ਹੋਏ ਸਨ।

"ਵਿਚਾਰੇ ਸ਼ਫੀ ਨੂੰ ਕਿਸੇ ਨੇ ਫੱਟੜ ਕਰ ਦਿਤਾ ਕ੍ਰਿਸ਼ਨਾ !"

"ਘਰੀ ਹੈ ?"

"ਹਾਂ।"

"ਕਿਸ ਨੇ ?"

"ਉਸ ਦੇ ਆਪਣੇ ਹੀ ਕਿਸੇ ਹਮ-ਮਜ਼ਹਬ ਨੇ।"

"ਕਿਉਂ ਪਰ ?"

"ਤੈਨੂੰ ਉਸ ਮੁਸਲਿਮ ਲੀਗੀ ਮੈਂਬਰੀ ਬਾਬਤ ਦਸਿਆ ਸੀ ਨਾ ਮੈਂ ? ਉਸੇ ਦੀ ਚਿੜ੍ਹ ਪ ਕੇ ਉਸੇ ਜਮਾਤਣ ਦੇ ਇਕ ਆਦਮੀ ਨੇ ਛੁਰਾ ਮਾਰ ਦਿਤਾ ਵਿਚਾਰੇ ਨੂੰ।"

"ਆਹ ! ਵਿਚਾਰਾ !" ਕ੍ਰਿਸ਼ਨਾ ਨੇ ਪੁਛਿਆ — "ਸੱਟ ਕੁਝ ਖ਼ਤਰਨਾਕ ਲਗੀ ਸੂ ਕਿ... ?"

"ਐਸੀ ਮੁਸ਼ਕਲ ਤਾਂ ਨਹੀਂ ਜਾਪਦੀ, ਡਾਕਟਰ ਨੇ ਤਸੱਲੀ ਕਾਫ਼ੀ ਦਿਵਾਈ ਏ। ਬੜਾ ਕੰਮ ਦਾ ਆਦਮੀ ਵਰਕਰ ਸੀ। ਪਰਮਾਤਮਾ ਕਰੇ, ਜਲਦੀ ਰਾਜ਼ੀ ਹੋ ਜਾਏ ਵਿਚਾਰਾ। ਇਸ ਵੇਲੇ ਸਾਡੀ ਸਭਾ ਲਈ ਉਸ ਦਾ ਇਕ ਇਕ ਮਿੰਟ, ਸੋਨੇ ਨਾਲੋਂ ਵਧ ਕੀਮਤੀ ਸੀ।"

"ਕਿਥੇ ਲਗੀ ਸੂ ਛੁਰਾ ਜੀ ?"

"ਵਾਰ ਕਰਨ ਵਾਲੇ ਨੇ ਤਾਂ ਛਾਤੀ ਦਾ ਨਿਸ਼ਾਨਾ ਕੀਤਾ ਸੀ, ਪਰ ਸ਼ਫ਼ੀ ਨੇ ਬੜੀ ਬਹਾਦਰੀ ਨਾਲ ਉਛਲ ਕੇ ਉਸ ਦਾ ਛੁਰਾ ਫੜ ਲਿਆ। ਫੜਦਿਆਂ ਫੜਦਿਆਂ ਵੀ ਮੋਢੇ ਦਾ ਕੁਝ ਹਿਸ ਕਟਿਆ ਗਿਆ, ਨਾਲੇ ਹਥ ਦੀਆਂ ਉਂਗਲਾਂ ਤੇ ਵੀ ਤਰਾਸ਼ ਆ ਗਈ ਸੂ।"

"ਇਸ ਵੇਲੇ ਕਿਥੇ ਹੈ ਉਹ ?"

"ਉਸੇ ਹਸਪਤਾਲ ਦੇ ਵਾਰਡ ਨੰਬਰ ਪੰਜ ਵਿਚ। ਸ਼ਾਇਦ ਅਜ ਰਾਤੀਂ ਤੈਨੂੰ ਉਸ ਪਾਸ ਰਹਿਣਾ ਪਵੇ ਕ੍ਰਿਸ਼ਨਾ। ਕੀ ਤੂੰ ਉਸ ਦੀ ਤੀਮਾਰਦਾਰੀ ਕਰ ਸਕੇਂਗੀ ? ਬਾਪੂ ਹੋਰਾਂ ਦਾ ਤੂੰ ਫ਼ਿਕਰ ਨਾ ਕਰੀਂ, ਉਨ੍ਹਾਂ ਪਾਸ ਮੈਂ ਰਹਿ ਪਵਾਂਗਾ।"

"ਮੈਂ ਖ਼ੁਸ਼ੀ ਨਾਲ ਰਹਿ ਸਕਾਂਗੀ ਭਰਾ ਜੀ। ਹੁਣ ਕਹੋ ਤਾਂ ਹੁਣੇ ਚਲੀ ਚਲਦੀ ਹਾਂ।"

"ਨਹੀਂ, ਹਾਲੇ ਤਾਂ ਉਸ ਪਾਸ ਕਾਫ਼ੀ ਆਦਮੀ ਮੌਜੂਦ ਨੇ। ਰਾਤੀਂ ਜ਼ਰੂਰਤ ਪਵੇਗੀ। ਮੈਂ ਵੀ ਅਜ ਉਸ ਕੋਲ ਠਹਿਰਾਂਗਾ, ਤੇ ਰਾਤੀਂ ਖਾਣ ਪੀਣ ਤੋਂ ਬਾਅਦ ਆ ਕੇ ਤੈਨੂੰ ਲੈ ਜਾਵਾਂਗਾ। ਡਾਕਟਰ ਨੇ ਤਾਕੀਦ ਕੀਤੀ ਹੈ ਕਿ ਮੋਢੇ ਦਾ ਜ਼ਖ਼ਮ ਜ਼ਰਾ ਡੂੰਘਾ ਹੈ, ਇਸ ਲਈ ਕੋਈ ਨਾ ਕੋਈ ਆਦਮੀ ਸਾਰੀ ਰਾਤ ਉਸ ਦੇ ਪਾਸ ਰਹਿਣਾ ਚਾਹੀਦਾ ਹੈ, ਜਿਸ ਕਰ ਕੇ ਉਸ ਨੂੰ ਬਹੁਤਾ ਹਿਲਣ ਜੁਲਣ ਨਾ ਦਿਤਾ ਜਾਵੇ।"

"ਉਸ ਦਾ ਕੋਈ ਰਿਸ਼ਤੇਦਾਰ ਵੀ ਹੈ ?"

"ਨਹੀਂ, ਕੋਈ ਵੀ ਨਹੀਂ ਕ੍ਰਿਸ਼ਨਾ। ਕਲਾ ਕਾਰਾ ਹੈ ਵਿਚਾਰਾ। ਚੰਗਾ ਹੁਣ ਮੈਂ ਜਾਂਦਾ ਹਾਂ। ਰਾਤੀਂ ਨੌਂ ਕੁ ਵਜੇ ਤੂੰ ਤਿਆਰ ਰਹੀਂ।"

"ਚੰਗਾ।"

ਸਤਨਾਮ ਜਿਧਰੋਂ ਆਇਆ ਸੀ, ਤੇਜ਼ ਤੇਜ਼ ਕਦਮੀਂ ਉਸੇ ਪਾਸੇ ਮੁੜ ਗਿਆ।

34

ਸਾਢੇ ਨੌ ਵਜੇ ਸਤਨਾਮ ਆਇਆ। ਉਸ ਨੇ ਕ੍ਰਿਸ਼ਨਾ ਨੂੰ ਦਸਿਆ ਕਿ ਉਸ ਦਾ ਸਾਥੀ ਇਸ ਵੇਲੇ ਜ਼ਰਾ ਚੰਗੀ ਹਾਲਤ ਵਿਚ ਹੈ, ਤੇ ਕ੍ਰਿਸ਼ਨਾ ਨੂੰ ਮਿਲਣ ਦੀ ਖ਼ਾਹਿਸ਼ ਪ੍ਰਗਟ ਕਰ ਰਿਹਾ ਹੈ।

ਕ੍ਰਿਸ਼ਨਾ ਨੇ ਪਹਿਲਾਂ ਹੀ ਬਾਬਾ ਜੀ ਪਾਸ ਰਾਤ ਦੀ ਗ਼ੈਰ ਹਾਜ਼ਰੀ ਲਈ ਪ੍ਰਵਾਨਗੀ ਲੈ ਲਈ ਸੀ। ਬਾਬੇ ਨੇ ਕੇਵਲ ਪ੍ਰਵਾਨਗੀ ਹੀ ਨਹੀਂ ਦਿਤੀ, ਇਸ ਦੇ ਨਾਲ ਹੀ ਉਸ ਦੇ ਹਿਰਦੇ

ਚੋਂ ਕ੍ਰਿਸ਼ਨਾ ਲਈ ਇਕ ਅਸੀਸ ਵੀ ਨਿਕਲੀ — "ਪਰਮਾਤਮਾ ਕਰੇ, ਇਹ ਚੰਗੀ ਸੇਵਕ-ਸੇਵਾ ਵਿਚ ਆਪਣੀ ਜ਼ਿੰਦਗੀ ਸਫ਼ਲੀ ਕਰ ਸਕੇ।"

ਮੰਜੀ ਨੂੰ ਬਾਬਾ ਜੀ ਪਾਸ ਬਿਠਾਲ ਕੇ ਸਤਨਾਮ ਨੇ ਕ੍ਰਿਸ਼ਨਾ ਨੂੰ ਨਾਲ ਲਿਆ, ਤੇ ਫਿਰ ਥੋੜੇ ਚਿਰ ਵਿਚ ਵਾਰਡ ਨੰਬਰ ਪੰਜ ਵਿਚ ਜਾ ਪਹੁੰਚੇ। ਕਮਰਾ ਕਾਫ਼ੀ ਲੰਮਾ ਸੀ। ਜਿਸ ਵਿਚ ਪੰਜਾਹ ਦੇ ਲਗ ਭਗ ਮੰਜੇ ਸਨ। ਛਤ ਨਾਲ ਵਡੇ ਸਾਈਜ਼ ਦੇ ਦੋ ਸੀਲਿੰਗ ਫ਼ੈਨ ਚਲ ਰਹੇ ਸਨ। ਜਿਨ੍ਹਾਂ ਦੀ ਹਵਾ ਨਾਲ ਬੀਮਾਰਾਂ ਦੇ ਕਪੜੇ ਹਿਲ ਰਹੇ ਸਨ। ਮਰੀਜ਼ਾਂ ਦੇ ਸਾਕ ਸਬੰਧੀ ਵਾਰਡ ਦੇ ਕੁਝ ਮੰਜਿਆਂ ਉਤੇ, ਕੁਝ ਭੁੰਜੇ ਹੀ ਕਪੜਾ ਲੇਤਾ ਵਿਛਾ ਕੇ ਲੇਟੇ ਹੋਏ ਸਨ। ਕਈ ਆਪੋ ਆਪਣੇ ਮਰੀਜ਼ਾਂ ਦੀ ਸੇਵਾ ਟਹਿਲ ਵਿਚ ਲਗੇ ਹੋਏ ਦਿਖਾਈ ਦੇਂਦੇ ਸਨ। ਬੀਮਾਰਾਂ ਦੇ ਔਖੇ ਔਖੇ ਹੌਂਗਿਆਂ, ਤੇ ਕਿਤੇ ਕਿਤੇ ਬਹੁਤ ਬੁਰੀ ਤਰ੍ਹਾਂ ਕਰਾਹੁਣ ਦੀਆਂ ਆਵਾਜ਼ਾਂ ਆ ਰਹੀਆਂ ਸਨ। ਹਰ ਇਕ ਤੀਮਾਰਦਾਰ ਆਪੋ ਆਪਣੀ ਧੁਨ ਵਿਚ ਲਗਾ ਹੋਇਆ ਸੀ। ਕਿਸੇ ਦਾ ਕਿਸੇ ਦੂਸਰੇ ਵਲ ਧਿਆਨ ਨਹੀਂ ਸੀ।

ਵਾਰਡ ਅੰਦਰ ਦਾਖ਼ਲ ਹੁੰਦਿਆਂ ਸਜੇ ਹਥ ਦੇ ਤਿੰਨ ਮੰਜੇ ਛਡ ਕੇ ਚੌਥਾ ਸ਼ਫ਼ੀ ਦਾ ਸੀ। ਸਤਨਾਮ ਅਗੇ ਅਗੇ ਸੀ, ਤੇ ਕ੍ਰਿਸ਼ਨਾ ਮਗਰ ਮਗਰ। ਨੇੜੇ ਪਹੁੰਚ ਕੇ ਜਿਉਂ ਹੀ ਕ੍ਰਿਸ਼ਨਾ ਦੀ ਨਜ਼ਰ ਮਰੀਜ਼ ਦੇ ਚਿਹਰੇ ਤੇ ਪਈ ਕਿ 'ਧੱਕ' ਕਰਕੇ ਰਹਿ ਗਿਆ ਉਸਦਾ ਦਿਲ। ਉਸ ਦੇ ਪੈਰ ਠਠੰਬਰ ਗਏ। ਉਸ ਦੇ ਮੂੰਹੋਂ ਬੇਵਸੇ ਹੀ ਚੀਕ ਨਿਕਲ ਜਾਂਦੀ, ਜੇ ਉਸ ਨੇ ਪੂਰੀ ਤਰ੍ਹਾਂ ਆਪਣੇ ਉਤੇ ਕਾਬੂ ਨਾ ਪਾ ਲਿਆ ਹੁੰਦਾ।

ਸਭ ਤੋਂ ਪਹਿਲਾਂ ਜਿਹੜਾ ਪ੍ਰਸ਼ਨ ਕ੍ਰਿਸ਼ਨਾ ਅੰਦਰੋਂ ਉਠਿਆ, ਉਹ ਸੀ — "ਤਾਂ ਕੀ ਕਰਤਾਰ ਜੀ ਨੇ ਮੈਨੂੰ ਭੁਲੇਖੇ ਵਿਚ ਰਖਿਆ ਹੈ ? ਕੀ 'ਸ਼ਫ਼ੀ' ਅਸਲ ਵਿਚ 'ਯੂਸਫ਼' ਦਾ ਹੀ ਦੂਸਰਾ ਨਾ ਹੈ ?"

ਮਰੀਜ਼ ਦੇ ਗਲੋਂ ਕਮੀਜ਼ ਲਥੀ ਹੋਈ ਸੀ। ਉਸ ਦਾ ਕਣਕ ਵੰਨਾ ਰੰਗ — ਗੁਲਾਬੀ ਤੇ ਗੁਦਗੁਦਾ ਸਰੀਰ ਬਿਜਲੀ ਦੇ ਚਾਨਣ ਵਿਚ ਸੋਨੇ ਵਾਂਗ ਚਮਕ ਰਿਹਾ। ਖਬੇ ਮੋਢੇ ਤੋਂ ਲੈ ਕੇ ਸਜੀ ਵੱਖੀ ਤਕ ਉਸਦੀ ਚੌੜੀ ਛਾਤੀ ਪਟੀਆਂ ਵਿਚ ਮੜ੍ਹੀ ਹੋਈ ਸੀ। ਇਸੇ ਤਰ੍ਹਾਂ ਉਸਦਾ ਸਜਾ ਹਥ ਵੀ ਗੁਟ ਤੀਕਰ ਪਟੀ ਵਿਚ ਵਲ੍ਹੇਟਿਆ ਹੋਇਆ ਸੀ। ਸਭ ਤੋਂ ਹੈਰਾਨੀ ਵਾਲੀ ਗਲ ਜਿਹੜੀ ਕ੍ਰਿਸ਼ਨਾ ਨੇ ਵੇਖੀ, ਇਹ ਮਰੀਜ਼ ਦੇ ਗਲ ਵਿਚ ਗਾਨੇ ਵਿਚ ਮੜ੍ਹਿਆ ਹੋਇਆ ਇਕ ਤਵੀਜ਼ ਸੀ। ਜਿਸ ਨੂੰ ਵੇਖਦਿਆਂ ਹੀ ਉਹ ਸੋਚਣ ਲਗੀ — "ਯੂਸਫ਼ ਤਾਂ ਸ਼ੁਰੂ ਤੋਂ ਹੀ ਧਾਗਿਆਂ ਤਵੀਜ਼ਾਂ ਦਾ ਕੱਟੜ ਵੈਰੀ ਸੀ। ਕੀ ਉਹ ਐਡਾ ਮੋਟਾ ਤਵੀਜ਼ ਗਲ ਵਿਚ ਪਾ ਸਕਦਾ ਸੀ ? ਕੀ ਇਹ ਸਭ ਮੇਰੇ ਦਿਲ ਦਾ ਵਹਿਮ ਹੈ ? ਕੀ ਇਹ ਯੂਸਫ਼ ਨਹੀਂ ?"

"ਮਿਸਟਰ ਸ਼ਫ਼ੀ !" ਸਤਨਾਮ ਨੇ ਮੰਜੇ ਪਾਸ ਪਹੁੰਚ ਕੇ ਉਸ ਦਾ ਧਿਆਨ ਕ੍ਰਿਸ਼ਨਾ ਵਲ ਮੋੜਿਆ — "ਇਹ ਹੈ ਮੇਰੀ ਧਰਮ ਦੀ ਭੈਣ ਬੀਬੀ ਕ੍ਰਿਸ਼ਨਾ ਕੁਮਾਰੀ" ਤੇ ਫਿਰ ਕ੍ਰਿਸ਼ਨਾ ਵਲ ਮੁੜ ਕੇ ਕਹਿਣ ਲਗਾ — "ਕ੍ਰਿਸ਼ਨਾ ! ਤੈਨੂੰ ਤਾਂ ਇਨ੍ਹਾਂ ਬਾਬਤ ਕੁਝ ਦਸਣ ਦੀ ਲੋੜ ਹੀ ਨਹੀਂ, ਜਦ ਕਿ ਤੂੰ ਆਪਣੀ ਪਾਰਟੀ ਦੇ ਇਸ ਸਰਗਰਮ ਮੈਂਬਰ ਨੂੰ ਚੰਗੀ ਤਰ੍ਹਾਂ ਜਾਣਦੀ ਹੈਂ, ਭਾਵੇਂ ਇਸ ਨੂੰ ਅਜ ਤੋਂ ਪਹਿਲਾਂ ਤੂੰ ਵੇਖਿਆ ਨਹੀਂ" ਗਲ ਕਰਦਿਆਂ ਕਰਦਿਆਂ ਸਤਨਾਮ ਦੇ ਚਿਹਰੇ ਉਤੇ ਸ਼ਰਾਰਤ ਦੀ ਇਕ ਸੋਖ਼ਮ ਜਿਹੀ ਮੁਸਕ੍ਰਾਹਟ ਦੌੜ ਗਈ। ਜਿਸ ਨੂੰ ਕ੍ਰਿਸ਼ਨਾ ਨੇ ਝਟ ਭਾਂਪ ਲਿਆ।

ਮਰੀਜ਼ ਦੀ ਨਜ਼ਰ ਜਿਉਂ ਹੀ ਕ੍ਰਿਸ਼ਨਾ ਉਤੇ ਪਈ, ਜਿਵੇਂ ਕਿਸੇ ਤੇਜ਼ ਲਿਸ਼ਕਾਰੇ ਦੇ ਅਸਰ ਨਾਲ ਉਸਦੀਆਂ ਅੱਖਾਂ ਚੁੰਧਿਆ ਗਈਆਂ। ਥੋੜਾ ਚਿਰ ਉਹ ਇਸ ਤਰ੍ਹਾਂ ਬਿਟਰ ਬਿਟਰ ਉਸ ਵਲ ਤੱਕਦਾ ਰਿਹਾ, ਜਿਵੇਂ ਆਪਣੀਆਂ ਅੱਖਾਂ ਦੀ ਗਵਾਹੀ ਉਤੇ ਉਸ ਨੂੰ ਪੂਰੀ ਤਰ੍ਹਾਂ ਯਕੀਨ ਨਹੀਂ ਸੀ ਆ ਰਿਹਾ।

ਜਿਵੇਂ ਕੋਈ ਸਦੀਆਂ ਤੋਂ ਦੱਬਿਆ ਹੋਇਆ ਜਜ਼ਬਿਆਂ ਦਾ ਜਵਾਲਾ ਪਿਆਰ ਦੇ ਉਸਦੇ ਜ਼ਬਾਨ ਵਾਣੀ ਫੁਟ ਨਿਕਲਿਆ ਹੋਵੇ, ਉਸਦੇ ਹੋਠ ਫਰਕੇ — "ਓਹ ! ਨਸੀ..." ਤੇ ਸ਼ਾਇਦ ਅਜੇ ਹੀ ਛਡ ਕੇ ਉਹ ਉਠ ਕੇ ਬੈਠ ਹੀ ਜਾਂਦਾ, ਜੇ ਸਤਨਾਮ ਉਸ ਨੂੰ ਫੜ ਕੇ ਰੋਕ ਨਾ ਲੈਂਦਾ।

ਕ੍ਰਿਸ਼ਨਾ ਦੇ ਦਿਲ ਵਿਚ ਕੋਈ ਭੁਲੇਖਾ ਨਾ ਰਿਹਾ। ਉਸ ਨੇ ਭੇਦ ਭਰੀ ਨਜ਼ਰ ਨਾਲ ਸਤਨਾਮ ਵਲ ਤਕਿਆ। ਮਾਨੋ ਜ਼ਬਾਨ ਦੇ ਥਾਂ ਉਸ ਦੀਆਂ ਅੱਖਾਂ ਕਹਿ ਰਹੀਆਂ ਸਨ — "ਭਰਾ ਜੀ, ਤੁਸੀਂ ਬੜੇ ਚਲਾਕ ਹੋ।" ਤੇ ਇਸ ਤਾਹਨੇ ਦਾ ਜਵਾਬ ਵੀ ਕ੍ਰਿਸ਼ਨਾ ਨੂੰ ਅੱਖਾਂ ਰਾਹੀਂ ਹੀ ਮਿਲਿਆ। ਸਤਨਾਮ ਦੀਆਂ ਅੱਖਾਂ ਵਿਚ ਸਤਿਕਾਰ ਤੇ ਸ਼ਰਮਿੰਦਗੀ ਮਿਲੀ ਮੁਸਕਣੀ ਸੀ, ਜਿਹੜੀ ਕਹਿ ਰਹੀ ਸੀ — "ਕ੍ਰਿਸ਼ਨਾ ! ਬੇਸ਼ਕ ਮੈਂ ਤੇਰੇ ਨਾਲ ਚਲਾਕੀ ਕੀਤੀ ਹੈ, ਪਰ ਆਦਰਸ਼ਕ ਚਲਾਕੀ।"

ਰਸਮੀ ਤੌਰ ਤੇ ਕ੍ਰਿਸ਼ਨਾ ਨੇ ਹਥ ਜੋੜੇ, ਥੋੜਾ ਜਿਹਾ ਸਿਰ ਝੁਕਾਇਆ, ਪਰ ਮੂੰਹੋਂ ਉਹ ਕੁਝ ਨਾ ਬੋਲ ਸਕੀ। ਆਪਣੀਆਂ ਅੱਖਾਂ ਅਗੇ ਉਹ ਜਿਸ ਆਦਮੀ ਨੂੰ ਤਕ ਰਹੀ ਸੀ, ਉਸ ਬਾਬਤ ਕ੍ਰਿਸ਼ਨਾ ਨੂੰ ਹੁਣ ਕੋਈ ਭਰਮ ਬਾਕੀ ਨਾ ਰਿਹਾ ਕਿ ਇਹੋ ਉਸ ਦਾ ਬਚਪਨ ਦਾ ਸਾਥੀ ਯੂਸਫ਼ ਏ।

ਕ੍ਰਿਸ਼ਨਾ ਲਈ ਇਹ ਘੜੀਆਂ ਕਿੰਨੀਆਂ ਸੰਕਟ ਦੀਆਂ ਸਨ, ਜਦ ਕਿ ਇਕ ਪਾਸੇ ਤਾਂ ਉਸ ਦੇ ਹਿਰਦੇ ਵਿਚੋਂ ਜਜ਼ਬਿਆਂ ਦਾ ਝਲਮਾ ਉਮਡ ਰਿਹਾ ਸੀ। ਪਰ ਦੂਜੇ ਪਾਸੇ ਉਸ ਦਾ ਧਰਮ-ਭਰਾ ਸਿਰ ਤੇ ਖੜਾ ਸੀ। ਅਖ਼ੀਰ ਉਸ ਨੇ ਆਪਣੇ ਅੰਦਰਲੇ ਭਾਵਾਂ ਨੂੰ ਲੁਕਾਉਣ ਵਿਚ ਕਿਵੇਂ ਤਰ੍ਹਾਂ ਸਫਲਤਾ ਪ੍ਰਾਪਤ ਕੀਤੀ ਤੇ ਆਪਣੀ ਆਵਾਜ਼ ਵਿਚੋਂ ਘਬਰਾਹਟ ਦੇ ਅੰਸ਼ ਨੂੰ ਦਬਾਉਂਦੀ ਹੋਈ ਮਰੀਜ਼ ਵਲ ਤੱਕ ਕੇ ਬੋਲੀ — "ਅਜ ਦੁਪਹਿਰੇ ਮੈਨੂੰ ਭਰਾ ਜੀ ਪਾਸੋਂ ਪਤਾ ਲਗਾ ਸੀ ਕਿ ਤੁਹਾਨੂੰ ਕਾਫੀ ਜ਼ਖ਼ਮ ਆਏ ਨੇ, ਤਬੀਅਤ ਹੁਣ ਕੁਝ ਅਰਾਮਤੀ ਜੇ ?"

"ਸ਼ੁਕਰੀਆ" ਮਰੀਜ਼ ਨੇ ਇਥਰ ਤੀਕ ਸ਼ਾਇਦ ਆਪਣਾ ਆਪ ਸੰਭਾਲ ਲਿਆ ਸੀ — "ਦਰਦ ਕੁਝ ਜ਼ਿਆਦਾ ਸ਼ੁਰੂ ਹੋ ਗਈ ਸੀ, ਪਰ ਜਿਸ ਵੇਲੇ ਦਾ ਡਾਕਟਰ ਟੀਕਾ ਲਾ ਕੇ ਗਿਆ ਹੈ, ਕਾਫ਼ੀ ਚੈਨ ਮਾਲੂਮ ਹੁੰਦਾ ਹੈ।" ਇਸ ਵੇਲੇ ਤਕ ਕ੍ਰਿਸ਼ਨਾ ਮੰਜੇ ਦੇ ਕੋਲ ਰਖੇ ਹੋਏ ਸਟੂਲ ਤੇ ਬੈਠ ਚੁਕੀ ਸੀ।

"ਕ੍ਰਿਸ਼ਨਾ !" ਜਿਵੇਂ ਅਚਾਨਕ ਕੁਝ ਯਾਦ ਆ ਜਾਂਦਾ ਹੈ ਸਤਨਾਮ ਬੋਲਿਆ — "ਮੁੰਨੀ ਵਿਚਾਰੀ ਇਕੱਲੀ ਕਾਹਲੀ ਪੈਂਦੀ ਹੋਵੇਗੀ। ਮੈਂ ਚਲਨਾ ਵਾਂ।" ਤੇ ਬਰਾਂਡੇ ਦੀ ਇਕ ਨੁੱਕਰ ਵਲ ਇਸ਼ਾਰਾ ਕਰ ਕੇ ਉਸ ਨੇ ਕਿਹਾ — "ਅਹੁ ਈ ਤੇਰਾ ਮੰਜਾ ਬਿਸਤਰਾ" ਤੇ ਫਿਰ ਕੋਲ ਪਈ ਹੋਈ ਜਾਲੀ ਦੀ ਡੋਲੀ ਵਲ ਉਸ ਨੂੰ ਤਕਾਂਦਾ ਹੋਇਆ ਕਹਿਣ ਲਗਾ — "ਥਰਮਸ ਵਿਚ ਦੁਧ ਪਿਆ ਈ। ਦਵਾਈ ਵਾਲੀ ਸ਼ੀਸ਼ੀ ਔਹ ਰਖੀ ਹੋਈ ਏ। ਪਾਣੀ ਦੀ ਝੱਜਰ ਤੇ ਗਲਾਸ ਔਹ ਸਰ੍ਹਾਂਦੀ ਵਲ ਪਏ ਈ। ਦਵਾਈ ਤਿੰਨ ਤਿੰਨ ਘੰਟੇ ਬਾਅਦ ਦੇਣੀ ਏ ਤੇ ਦੁਧ ਵੀ ਥੋੜਾ ਥੋੜਾ ਕਰ ਕੇ ਦੇਣੀ ਜਾਣਾ। ਜੇ ਡਾਕਟਰ ਨੂੰ ਸੱਦਣ ਦੀ ਲੋੜ ਪਵੇ ਤਾਂ ਉਹ ਸਾਹਮਣੇ ਕਮਰਾ ਈ ਉਸ ਦਾ।" ਇਹ ਸਾਰੀਆਂ ਗਲਾਂ ਸਮਝਾਉਣ ਤੋਂ ਬਾਅਦ ਉਹ ਉਠ ਕੇ ਚਲਦਾ ਬਣਿਆ।

ਉਸ ਦੇ ਨਿਕਲਦਿਆਂ ਹੀ ਦੋਹਾਂ ਨੇ ਦੋਹਾਂ ਵਲ ਖੁਲ੍ਹੀਆਂ ਨਜ਼ਰਾਂ ਨਾਲ ਤਕਿਆ।

"ਕ੍ਰਿਸ਼ਨਾ" ਮਰੀਜ਼ ਖੰਘੂਰਾ ਮਾਰ ਕੇ ਬੋਲਿਆ — "ਮੁਆਫ਼ ਕਰਨਾ, ਮੈਂ ਤੁਹਾਡਾ ਸਜਾ ਹਥ ਜ਼ਰਾ ਵੇਖ ਸਕਦਾ ਹਾਂ ?" ਤੇ ਕਹਿਣ ਤੋਂ ਬਾਅਦ ਉਹ ਕ੍ਰਿਸ਼ਨਾ ਵਲ ਇਹ ਜਾਚਣ ਲਈ ਤਕਿਆ ਕਿ ਉਸ ਨੇ ਗੁਸਾ ਤਾਂ ਨਹੀਂ ਕੀਤਾ। ਪਰ ਉਸ ਦਾ ਡਰ ਦੂਰ ਹੋ ਗਿਆ, ਜਦ ਕ੍ਰਿਸ਼ਨਾ ਨੇ ਆਪਣੀ ਕਮੀਜ਼ ਦੀ ਬਾਂਹ ਦਾ ਬਟਨ ਖੋਲ੍ਹਦਿਆਂ ਕਿਹਾ — "ਇਸ ਦੇ ਵੇਖਣ ਦੀ ਲੋੜ ਨਹੀਂ — ਮੈਂ ਓਹੀ ਹਾਂ ਜੋ ਤੁਸੀਂ ਸਮਝ ਰਹੇ ਹੋ।" ਤੇ ਉਸ ਨੇ ਆਪਣੀ ਕਲਾਈ ਉਸ ਨੂੰ ਵਿਖਾਲ ਦਿਤੀ, ਜਿਸ ਉਤੇ ਉਰਦੂ ਅੱਖਰਾਂ ਵਿਚ 'ਨਸੀਮ' ਖੁਦਿਆ ਹੋਇਆ ਸੀ।

"ਹਾਂ ! ਨਸੀਮ" ਕਹਿੰਦਿਆਂ ਕਹਿੰਦਿਆਂ ਮਰੀਜ਼ ਦੇ ਅੱਥਰੂ ਵਗ ਆਏ ਤੇ ਉਹ ਡੁਸਕਦਾ ਹੋਇਆ ਬੋਲਿਆ — "ਕੀ ਮੈਂ ਅਜ ਸਚ ਮੁਚ ਤੈਨੂੰ ਫਿਰ ਵੇਖ ਰਿਹਾ ਹਾਂ ?"

"ਏਤਨਾ ਹੀ ਯਕੀਨੀ" ਨਸੀਮ ਉਸ ਦੇ ਮੱਥੇ ਤੇ ਹਥ ਫੇਰਦੀ ਹੋਈ ਬੋਲੀ — "ਜਿੰਨਾ ਇਹ ਝੂਠ ਨਾਲ ਕਰ ਕਿਹਾ ਓਨਾ ਯਕੀਨੀ ਹੈ।"

"ਤੂੰ ਮੈਨੂੰ ਮੁਆਫ਼ ਨਹੀਂ ਕੀਤਾ ਅਜੇ ਤੀਕ ਨਸੀਮ ?" ਉਸ ਦੇ ਹਥ ਵਿਚੋਂ ਪਿਆਰ ਦਾ ਸਪਰਸ਼ (?) ਮਹਿਸੂਸ ਕਰਦਿਆਂ ਉਸ ਨੇ ਪੁਛਿਆ।

"ਇਨ੍ਹਾਂ ਗਲਾਂ ਨੂੰ ਹਾਲੇ ਰਹਿਣ ਦਿਓ" ਆਪਣੇ ਸਰੀਰ ਨੂੰ ਜ਼ਰਾ ਦੂਰ (?) ਉਸ ਉਤੇ ਝੁਕ ਕੇ ਕ੍ਰਿਸ਼ਨਾ ਬੋਲੀ — "ਤੁਸੀਂ ਬੜੇ ਕਮਜ਼ੋਰ ਹੋ।"

"ਮੈਂ ਹੋਰ ਕੁਝ ਨਹੀਂ ਪੁਛਾਂਗਾ ਨਸੀਮ" ਉਹ ਬੋਲਿਆ — "ਸਿਰਫ਼ ਏ ਮੈਨੂੰ ਇਤਨਾ ਯਕੀਨ ਹੋ ਜਾਏ ਕਿ ਤੂੰ ਮੈਨੂੰ ਮੁਆਫ਼ ਕਰ ਦਿਤਾ ਹੈ।"

ਨਸੀਮ ਆਹ ਭਰ ਕੇ ਉਸ ਦੀਆਂ ਤਰਸਦੀਆਂ ਅੱਖਾਂ ਵਿਚ ਤਕਦੀ ਹੋਈ ਬੋਲੀ — "ਯੂਸਫ਼ ਜੇ ਮੇਰਾ ਦਿਲ ਤੁਹਾਨੂੰ ਭੁਲਾ ਸਕਦਾ ਤਾਂ ਮੈਂ ਕਿੰਨੀ ਖੁਸ਼ੀ ਹੋਵੇਂਦੀ। ਪਰ... ਪਰ... " ਤੇ ਕ੍ਰਿਸ਼ਨਾ ਦੀਆਂ ਅੱਖਾਂ ਵਿਚੋਂ ਦੋ ਤੁਪਕੇ ਗਰਮ ਪਾਣੀ ਦੇ ਉਛਲ ਕੇ ਮਰੀਜ਼ ਦੇ ਮੱਥੇ ਤੇ ਜਾ ਡਿਗੇ।

ਹੋਰ ਕੁਝ ਵੀ ਪੁਛਣ ਦੀ ਯੂਸਫ਼ ਨੂੰ ਲੋੜ ਬਾਕੀ ਨਹੀਂ ਸੀ।

"ਨਸੀਮ !" ਡਰਦਿਆਂ ਡਰਦਿਆਂ ਉਸ ਦੇ ਹਥ ਤੇ ਆਪਣਾ ਹਥ ਟਿਕਾਂਦਿਆਂ ਯੂਸਫ਼ ਨੇ ਮਿੰਨਤਾਂ ਭਰੀ ਆਵਾਜ਼ ਵਿਚ ਕਿਹਾ — "ਅੱਲਾ ਕਿਤਨਾ ਕਾਰਸਾਜ਼ ਹੈ। ਉਸ ਨੇ ਮੈਨੂੰ ਇਕ ਵਾਰੀ ਫੇਰ ਉਹ ਚੀਜ਼ ਦਿਖਾ ਦਿਤੀ ਹੈ ਜਿਸ ਦੀ ਮੈਂ ਕਿਆਮਤ ਤਕ ਉਮੀਦ ਨਹੀਂ ਸਾਂ ਕਰ ਸਕਦਾ... " ਤੇ ਗਲ ਕਰਦਾ ਕਰਦਾ ਉਹ ਡਰ ਕੇ ਚੁਪ ਹੋ ਗਿਆ, ਜਦ ਉਸ ਦੀ ਨਜ਼ਰ ਇਕ ਵਾਰੀ ਫੇਰ ਕ੍ਰਿਸ਼ਨਾ ਦੀਆਂ ਅੱਖਾਂ ਉਸ ਲਈ ਅੰਮ੍ਰਿਤ ਵਰਸਾਂਦੀਆਂ ਦਿਸੀਆਂ ਸਨ, ਹੁਣ ਓਹੋ ਅੰਗਿਆਰ ਵਰ੍ਹਾ ਰਹੀਆਂ ਸਨ। ਅੱਖਾਂ ਤੋਂ ਲੈ ਕੇ ਦਿਲ ਤੀਕ ਕ੍ਰਿਸ਼ਨਾ ਨਫ਼ਰਤ ਨਾਲ ਭਰੀ ਦਿਸ ਰਹੀ ਸੀ।

"ਨਸੀਮ !" ਉਸ ਦੀ ਤੱਕਣੀ ਤੋਂ ਡਰ ਮਹਿਸੂਸ ਕਰਦਿਆਂ ਯੂਸਫ਼ ਨੇ ਅਵਾਜ਼ ਦਿਤੀ।

ਕ੍ਰਿਸ਼ਨਾ ਚੁਪ ਸੀ, ਪਰ ਉਸ ਦੇ ਅੰਦਰ ਇਸ ਵੇਲੇ ਸ਼ਾਇਦ ਕੋਈ ਚੀਜ਼ ਪੁਕਾਰ ਰਹੀ ਸੀ — "ਕਾਸ਼ ! ਕਦੀ ਯੂਸਫ਼, ਤੂੰ ਇਨਸਾਨ ਹੁੰਦੋਂ !"

ਉਸ ਦੀਆਂ ਅੱਖਾਂ ਦੀ ਤਾਬ ਨਾ ਸਹਿੰਦਾ ਹੋਇਆ ਯੂਸਫ਼ ਬੋਲਿਆ, "ਸ਼ਾਇਦ ਅਜੇ ਤੀਕ ਤੂੰ ਮੈਨੂੰ ਮੁਆਫ਼ ਨਹੀਂ ਕਰ ਸਕੀ ?"

ਕ੍ਰਿਸ਼ਨਾ ਲਈ ਇਹ ਅਜੀਬ ਉਲਝਣ ਸੀ। ਉਹ ਆਈ ਸੀ ਇਕ ਰੋਗੀ ਦੀ ਸੇਵਾ ਕਰਨ ਦੇ ਖ਼ਿਆਲ ਨਾਲ, ਪਰ ਇਥੇ ਉਸ ਦਾ ਵਾਹ ਪੈ ਗਿਆ ਉਸ ਪਠੀਮੀ ਨਾਲ ਜਿਸ ਬਾਬਤ ਬਚਪਨ ਵਰਗਾ ਹੀ ਅਜ ਵੀ ਉਹ ਯਕੀਨੀ ਤੌਰ ਤੇ ਫੈਸਲਾ ਨਹੀਂ ਸੀ ਕਰ ਸਕਦੀ ਕਿ ਉਹ ਉਸ ਨੂੰ ਮੁਹੱਬਤ ਕਰਦੀ ਹੈ ਕਿ ਨਫ਼ਰਤ। ਸ਼ਾਇਦ ਇਸ ਵੇਲੇ ਉਸ ਨੂੰ ਮੁਹੱਬਤ ਨਾਲੋਂ ਨਫ਼ਰਤ ਦਾ ਪਲੜਾ ਹੀ ਭਾਰਾ ਜਾਪਦਾ ਸੀ। ਪਰ ਯੂਸਫ਼ ਨੂੰ ਇਸ ਵੇਲੇ ਜਿਸ ਹਾਲਤ ਵਿਚ ਉਹ ਵੇਖ ਰਹੀ ਸੀ, ਕੀ ਉਹ ਸਚੋ ਸਚ ਉਸ ਨੂੰ ਕਹਿ ਸਕਦੀ ਸੀ ਕਿ "ਯੂਸਫ਼ ! ਮੈਂ ਤੈਨੂੰ ਨਫ਼ਰਤ ਕਰਦੀ ਹਾਂ ?" ਕੀ ਇਕ ਮੋਏ ਮੁਕੇ ਪਰਦੇਸੀ ਨੂੰ ਉਹ ਹੋਰ ਮਾਰਨ ਵਾਲਾ ਤਰੀਕਾ ਵਰਤੇ ?

ਸਪਸ਼ਟ ਗਲ ਨਾ ਦਸਣ ਦਾ ਵਿਚਾਰ ਕਰ ਕੇ ਉਹ ਬੋਲੀ — "ਯੂਸਫ਼ ! ਇਸ ਵੇਲੇ ਛਡ ਇਨ੍ਹਾਂ ਗਲਾਂ ਨੂੰ। ਫੇਰ ਕਦੀ ਸਹੀ।"

"ਨਹੀਂ ਨਸੀਮ" ਯੂਸਫ਼ ਦੇ ਤਰਲੇ ਵਿਚ ਪੱਥਰਾਂ ਨੂੰ ਪੰਘਾਰਨ ਵਾਲੀ ਗਰਮੀ ਸੀ — "ਕੀ ਪਤਾ ਇਹ ਜ਼ਖ਼ਮ ਮੇਰੀ ਮੌਤ ਦਾ ਪੈਗ਼ਾਮ ਬਣ ਕੇ ਆਏ ਹੋਣ। ਸ਼ਾਇਦ ਥੋੜੀ ਦੇਰ ਤਕ ਹੋਰ

ਜਵਾਬ ਮੈਨੂੰ ਜਵਾਬ ਦੇ ਜਾਣ, ਤੇ ਮੈਂ ਕੁਝ ਵੀ ਤੈਨੂੰ ਪੁੱਛ ਨਾ ਸਕਾਂ। ਜੇ ਐਸਾ ਮੌਕਾ ਨੇ ਇਸ ਜ਼ਿੰਦਗੀ ਵਿਚ ਤੇਰਾ ਮੇਰਾ ਸਾਥ ਕਰਾ ਦਿਤਾ ਹੈ ਤਾਂ ਹੁਣ ਮੇਰੀਆਂ ਕੁਝ ਗੱਲਾਂ ਤੈਨੂੰ ਜ਼ਰੂਰ ਸੁਣਨੀਆਂ ਪੈਣਗੀਆਂ। ਕੀ ਪਤਾ ਹੁਣ ਤੋਂ ਥੋੜਾ ਚਿਰ ਬਾਅਦ ਮੇਰੀ ਜ਼ਬਾਨ ਵਿਚੋਂ ਬੋਲਣ ਦੀ ਤਾਕਤ ਹੀ ਖ਼ਤਮ ਹੋ ਜਾਵੇ। ਫਿਰ ਸ਼ਾਇਦ... –"

ਟੁਟ ਕੇ ਜਿਵੇਂ ਦੋ ਟੋਟੇ ਹੋ ਗਿਆ ਕ੍ਰਿਸ਼ਨਾ ਦਾ ਦਿਲ। ਉਹ ਇਸ ਤੋਂ ਅੱਗੇ ਨਹੀਂ ਸੁਣ ਸਕੀ, ਤੇ ਉਸ ਨੇ ਯੂਸਫ਼ ਦੇ ਮੂੰਹ ਅੱਗੇ ਹੱਥ ਦੇ ਕੇ ਉਸ ਨੂੰ ਬੋਲਣੋਂ ਰੋਕ ਦਿਤਾ। ਪਰ ਤਾਂ ਵੀ ਉਹ ਰੁਕਿਆ ਨਹੀਂ। ਖੱਬੇ ਹੱਥ ਦੀ ਮਦਦ ਨਾਲ ਉਸ ਦੇ ਹੱਥ ਨੂੰ ਮੂੰਹ ਅੱਗੋਂ ਹਟਾਉਂਦਿਆਂ ਬੋਲੀ ਗਿਆ — "ਨਸੀਮ! ਜੋ ਜੋ ਜ਼ਿਆਦਤੀਆਂ ਤੇ ਜ਼ੁਲਮ ਮੈਂ ਤੇਰੇ ਨਾਲ ਕਰ ਚੁਕਾ ਹਾਂ, ਉਨ੍ਹਾਂ ਸਾਰਿਆਂ ਨੂੰ ਜ਼ਾਹਿਰ ਕਰੂੰ ਨਹੀਂ ਜਾਣਦੀ। ਖ਼ੁਦਾ ਤਾਲਾ ਜੇ ਸਤਾਂ ਦੋਜ਼ਖ਼ਾਂ ਦੀ ਅੱਗ ਵਿਚ ਮੈਂ ਸਾਰੀ ਉਮਰ ਮੈਨੂੰ ਸਾੜਦਾ ਰਹੇ ਤਾਂ ਵੀ ਉਨ੍ਹਾਂ ਜ਼ੁਲਮਾਂ ਦਾ ਕੁਫ਼ਾਰਾ ਮੇਰੀ ਗਰਦਨ ਤੋਂ ਉਤਰ ਨਹੀਂ ਸਕਦਾ, ਜਿਹੜੇ ਮੈਂ ਕਰ ਚੁਕਾ ਹਾਂ। ਪਰ ਇਕੋ ਚੀਜ਼ ਹੈ ਜਿਹੜੀ ਮੈਨੂੰ ਕੁਝ ਨਾ ਕੁਝ ਇਤਮੀਨਾਨ ਦੇਂਦੀ ਹੈ। ਸਾਡੇ ਪੈਗ਼ੰਬਰ ਸਾਹਿਬ ਨੇ ਕਿਹਾ ਹੈ ਕਿ 'ਤੋਬਾ ਕਰਨ ਵਾਲੇ ਦੇ ਸੰਗੀਨ ਤੋਂ ਸੰਗੀਨ ਗੁਨਾਹ ਵੀ ਅੱਲਾ ਤਾਲਾ ਬਖ਼ਸ਼ ਦੇਂਦਾ ਹੈ।' ਨਸੀਮ! ਭਾਵੇਂ ਤੇਰੇ ਸਾਹਮਣੇ ਮੈਂ ਕਈ ਵਾਰੀ 'ਤੋਬਾ' ਕੀਤੀ, ਤੇ ਕਈ ਵਾਰੀ ਉਸ ਤੋਂ ਫਿਰਿਆ ਹਾਂ, ਪਰ ਮੇਰੀ ਆਖ਼ਰੀ ਤੋਬਾ ਐਸੀ ਸੀ, ਜਿਸ ਤੋਂ ਬਾਅਦ ਅੱਜ ਤੀਕ ਮੈਂ ਮੁਨਹਰਫ਼ ਨਹੀਂ ਹੋਇਆ। ਉਸੇ ਤੋਬਾ ਨੇ ਮੇਰੇ ਪੁਲਸ ਦੀ ਨੌਕਰੀ ਛੁੜਾਈ, ਉਸੇ ਤੋਬਾ ਨੇ ਮੈਨੂੰ ਇਤਿਹਾਦ ਦੇ ਪਾਕ ਕੰਮ ਵਲ ਰਾਗ਼ਬ ਕੀਤਾ ਤੇ ਮੈਂ ਖ਼ਿਆਲ ਕਰਦਾ ਹਾਂ ਕਿ ਇਹ ਵੀ ਉਸੇ ਤੋਬਾ ਦੀ ਬਰਕਤ ਹੈ ਕਿ ਜ਼ਿੰਦਗੀ ਵਿਚ ਇਕ ਵਾਰੀ ਫੇਰ ਮੈਂ ਆਪਣੀ ਨਸੀਮ ਨੂੰ ਅੱਖਾਂ ਅੱਗੇ ਵੇਖ ਲਿਆ ਹਾਂ।

ਕ੍ਰਿਸ਼ਨਾ ਨੂੰ ਪਤਾ ਨਹੀਂ ਸੀ ਕਿ ਗੱਲਾਂ ਸੁਣਦੀ ਸੁਣਦੀ ਕਿਹੜੇ ਵੇਲੇ ਉਹ ਸਟੂਲ ਤੋਂ ਉਠ ਕੇ ਮੰਜੇ 'ਤੇ ਆ ਬੈਠੀ ਤੇ ਕਿਹੜੇ ਵੇਲੇ ਤੋਂ ਉਸ ਦਾ ਹੱਥ ਯੂਸਫ਼ ਦੇ ਸਿਰ ਤੇ ਫਿਰਨ ਲੱਗ ਪੈ ਗਿਆ। ਨਫ਼ਰਤ ਦੇ ਸਭਾਰੇ ਠੰਢੇ ਹੋ ਚੁਕੇ ਸਨ। ਜ਼ਾਹਿਰ ਯੂਸਫ਼ ਦੀਆਂ ਅੱਖਾਂ ਦੇ ਵਗਦੇ ਹੰਝੂਆਂ ਨੇ ਉਨ੍ਹਾਂ ਨੂੰ ਬੁਝਾ ਦਿਤਾ ਸੀ।

ਕਮਰੇ ਵਿਚ ਹੁਣ ਮਰੀਜ਼ਾਂ ਦੇ ਹੂੰਗਣ ਦੇ ਟਾਵੇਂ ਟਾਵੇਂ ਹੀ ਸੁਣਾਈ ਦੇਂਦੇ ਸਨ, ਤੇ ਤੀਮਾਰਦਾਰਾਂ ਦੀ ਆਵਾਜਾਈ ਵੀ ਨਾਮ ਮਾਤਰ ਹੀ ਬਾਕੀ ਰਹਿ ਗਈ ਸੀ। ਕਮਰੇ ਦੀ ਖ਼ਾਮੋਸ਼ੀ ਵਿਚ ਜਾਂ ਪੱਖਿਆਂ ਦੀ ਘੂੰ ਘੂੰ ਮਹਿਸੂਸ ਹੋ ਰਹੀ ਸੀ, ਤੇ, ਜਾਂ ਯੂਸਫ਼ ਤੇ ਕ੍ਰਿਸ਼ਨਾ ਦੀਆਂ ਗੱਲਾਂ।

"ਬਸ ਕਰੋ ਯੂਸਫ਼ ਜੀ, ਬਸ ਕਰੋ।" ਕਹਿੰਦੀ ਹੋਈ ਕ੍ਰਿਸ਼ਨਾ ਨੇ ਆਪਣਾ ਸਿਰ ਉਸ ਦੀ ਛਾਤੀ ਤੇ ਰਖ ਦਿਤਾ। ਉਸ ਦੇ ਅੱਥਰੂਆਂ ਨਾਲ ਪੱਟੀਆਂ ਦਾ ਕੁਝ ਹਿੱਸਾ ਗਿੱਲਾ ਹੋਣ ਲੱਗਾ।

"ਨਹੀਂ ਨਸੀਮ" ਉਸੇ ਵੇਗ ਵਿਚ ਯੂਸਫ਼ ਬੋਲਿਆ — "ਮੇਰੀ ਅਸਲ ਗਲ ਤਾਂ ਅਜੇ ਸ਼ੁਰੂ ਵੀ ਨਹੀਂ ਹੋਈ। ਰਾਤ ਆਪਣੀ ਹੈ। ਹੁਣ ਜਦ ਖ਼ੁਦਾ ਨੇ ਮੌਕਾ ਦਿਤਾ ਹੈ ਤਾਂ ਮੈਂ ਦਿਲ ਤੇ ਸਾਰਾ ਬੋਝ ਉਤਾਰ ਕੇ ਹੀ ਹਟਾਂਗਾ। ਬਾਕੀ ਮੇਰੀ ਬੀਮਾਰੀ ਤੋਂ ਤੂੰ ਨਾ ਡਰ ਨਸੀਮ। ਜਿਥੇ ਤੂੰ ਮੌਜੂਦ ਹੈਂ ਉਥੇ ਮੌਤ ਵੀ ਮੇਰਾ ਕੁਝ ਨਹੀਂ ਵਿਗਾੜ ਸਕਦੀ।"

"ਪਰ ਕਿਹੜਾ ਮੁਰਸ਼ਦ ਤੁਹਾਨੂੰ ਮਿਲ ਗਿਆ ਯੂਸਫ਼ ਜੀ, ਜਿਸ ਨੇ ਇਹੋ ਜਿਹੀ ਤੋਬਾ ਕਰਾਈ ਤੁਹਾਥੋਂ?" ਕ੍ਰਿਸ਼ਨਾ ਨੇ ਆਪਣੇ ਗੰਭੀਰ ਚਿਹਰੇ ਉਤੇ ਮੁਸਕਰਾਹਟ ਲਿਆ ਕੇ ਪੁੱਛਿਆ।

"ਮੈਨੂੰ ਇਕ ਕਾਮਲ ਮੁਰਸ਼ਦ ਮਿਲ ਪਿਆ ਸੀ।" ਉਸ ਨੇ ਖੱਬੇ ਹੱਥ ਨਾਲ ਆਪਣਾ ਗਲਾ ਟਟੋਲਦਿਆਂ ਜਵਾਬ ਦਿਤਾ।

ਕ੍ਰਿਸ਼ਨਾ ਬੋਲੀ — "ਬੜੀ ਖ਼ੁਸ਼ੀ ਵਾਲੀ ਗਲ ਹੈ। ਐਸਾ ਕਰੇ, ਸਾਰੀ ਦੁਨੀਆਂ ਨੂੰ ਇਹੋ ਜਿਹਾ ਮੁਰਸ਼ਦ ਮਿਲੇ।"

"ਦੁਨੀਆਂ ਔਖੀ ਹੈ ਨਸੀਮ" ਯੂਸਫ਼ ਬੋਲਿਆ — "ਦੁਨੀਆਂ ਪਾਸ ਮੁਰਸ਼ਦ ਨੂੰ ਵੇਖਣ ਵਾਲੀਆਂ ਅੱਖਾਂ ਹੀ ਕਿਥੇ ਨੇ।"

"ਤੁਹਾਡੇ ਪਾਸ ਹੈਨ?"

"ਬਹੁਤ, ਮੇਰੇ ਪਾਸ ਹੈਨ।"

"ਮੈਨੂੰ ਵੀ ਵਿਖਾ ਸਕਦੇ ਹੋ?"

"ਕਿਉਂ ਨਹੀਂ" ਕਹਿੰਦਿਆਂ ਕਹਿੰਦਿਆਂ ਯੂਸਫ਼ ਨੇ ਗਲ ਵਿਚ ਪਏ ਹੋਏ ਉਸ ਤਾਵੀਜ਼ ਨੂੰ ਹਥ ਕੇ ਕਿਹਾ — "ਔਹ ਵੇਖ।"

"ਇਹ ਤੇ ਤਾਵੀਜ਼ ਜਿਹਾ ਏ।"

"ਨਹੀਂ ਨਸੀਮ। ਇਹੋ ਨੇ ਮੇਰੀਆਂ ਅੱਖਾਂ ਜਿਨ੍ਹਾਂ ਨਾਲ ਮੈਂ ਆਪਣੇ ਕਾਮਲ ਮੁਰਸ਼ਦ ਨੂੰ ਵੇਖਿਆਂ। ਜੇ ਤੇਰੀ ਵੇਖਣ ਦੀ ਖ਼ਾਹਿਸ਼ ਹੈ ਤਾਂ ਮੇਰੇ ਗਲੇ 'ਚੋਂ ਜ਼ਰਾ ਖੋਲ੍ਹ ਲਿਆ ਤੂੰ।"

ਕ੍ਰਿਸ਼ਨਾ ਨੇ ਉਸ ਦੀ ਗਰਦਨ ਵਲ ਦੋਵੇਂ ਹਥ ਵਧਾ ਕੇ ਤਾਵੀਜ਼ ਉਸ ਦੇ ਗਲੇ ਖੋਲ੍ਹ ਲਿਆ ਤੇ ਉਸ ਨੂੰ ਹਥ ਵਿਚ ਫੜ ਕੇ ਵੇਖਣ ਲਗੀ।

"ਇਸ ਨੂੰ ਉਧੇੜ ਸੁਟ ਜ਼ਰਾ" ਯੂਸਫ਼ ਨੇ ਰੂਹ ਭਰੀ ਆਵਾਜ਼ ਵਿਚ ਕਿਹਾ।

ਕ੍ਰਿਸ਼ਨਾ ਬੋਲੀ — "ਤਾਵੀਜ਼ ਨੂੰ ਕੋਈ ਉਧੇੜਦਾ ਹੁੰਦਾ ਏ?"

"ਇਸ ਦੀ ਹੁਣ ਮੈਨੂੰ ਲੋੜ ਨਹੀਂ ਰਹੀ। ਤੈਨੂੰ ਲੋੜ ਹੈ — ਉਧੇੜ ਦੇ" ਯੂਸਫ਼ ਨੇ ਆਪਣੀ ਅੱਖ ਉਤੇ ਜ਼ੋਰ ਦੇਂਦਿਆਂ ਕਿਹਾ।

ਦੰਦਾਂ ਨਾਲ ਤੋਪੇ ਤੋੜ ਕੇ ਕ੍ਰਿਸ਼ਨਾ ਨੇ ਉਹ ਚਮੜੇ ਦਾ ਤਾਵੀਜ਼ ਖੋਲ੍ਹ ਸੁਟਿਆ ਤੇ ਵਿਚ ਉਸ ਵਿਚੋਂ ਨਿਕਲੇ ਮੋਮੀ ਕਾਗ਼ਜ਼ਾਂ ਦੇ ਦੋ ਇਕੋ ਜਿਹੇ ਪੁੜੀਆਂ ਦੀਆਂ ਤਹਿਆਂ ਖੋਲ੍ਹ ਕੇ ਵੇਖਣ ਲੱਗੀ, ਇਕ ਵਿਚ ਗਿਆਂ ਸਾਰਿਆਂ ਦੀ ਤੇ ਇਕ ਕੋਈ ਦਸ ਕੁ ਵਰ੍ਹੇ ਦੀਆਂ ਗੁੰਦੀਆਂ ਚਿੱਠੀਆਂ ਸਨ ਇਹ। ਪਹਿਲੀ ਨਜ਼ਰ ਪੈਂਦਿਆਂ ਹੀ ਕ੍ਰਿਸ਼ਨਾ ਨੇ ਇਨ੍ਹਾਂ ਨੂੰ ਪਛਾਣ ਲਿਆ ਤੇ ਹੈਰਾਨੀ ਨਾਲ ਉਸ ਦੀਆਂ ਅੱਖਾਂ ਇਕ ਵਾਰੀ ਫੇਰ ਯੂਸਫ਼ ਉਤੇ ਗੱਡੀਆਂ — "ਹੈਂ! ਇਹ ਚਿੱਠੀਆਂ ਤੇ ਉਹੀ ਨੇ — ਇਕ ਤੁਹਾਡੇ ਹਥ ਦੀ ਤੇ ਇਕ ਮੇਰੀ ਲਿਖੀ ਹੋਈ। ਪਰ ਇਹ ਤੁਹਾਡੇ ਹਥ ਕਿਵੇਂ ਆ ਗਈਆਂ! ਇਹ ਚਿੱਠੀਆਂ ਤੇ ਮੇਰੀ ਟਰੰਕੀ ਵਿਚ ਸਨ, ਜਿਹੜੀ ਮੈਂ ਘਰੋਂ ਨਿਕਲਣ ਵੇਲੇ ਨਾਲ ਲਿਆਂਦੀ ਸੀ, ਜਿਸ ਨੂੰ ਫ਼ਸਾਦੀਆਂ ਨੇ ਖੋਹ... –"

ਜ਼ਰਾ ਹੱਸ ਕੇ ਯੂਸਫ਼ ਬੋਲਿਆ — "ਘਬਰਾ ਨਾ। ਸਭ ਕੁਝ ਦਸਦਾ ਹਾਂ" ਕਹਿੰਦਿਆਂ ਕਹਿੰਦਿਆਂ ਯੂਸਫ਼ ਦੇ ਚਿਹਰੇ ਉਤੇ ਸ਼ਰਮਿੰਦਗੀ ਦੀ ਇਕ ਮੈਲੀ ਜਿਹੀ ਲੋਅ ਦੌੜ ਗਈ। ਉਸ ਦੀਆਂ ਅੱਖਾਂ ਝੁਕ ਗਈਆਂ।

ਇਧਰ ਕ੍ਰਿਸ਼ਨਾ ਇਸ ਕ੍ਰਿਆ ਨੂੰ ਮਦਾਰੀ ਦਾ ਤਮਾਸ਼ਾ ਜਿਹਾ ਸਮਝ ਕੇ ਉਸ ਵਲ ਹੈਰਾਨੀਆਂ ਦੇ ਵਿਚ ਪਈ ਹੋਈ ਸੀ।

"ਪਰ ਇਹ ਤੁਹਾਡੇ ਪਾਸ ਕਿਵੇਂ ਆ ਗਈਆਂ। ਇਹ ਤਾਂ ਮੈਂ ਆਪਣੇ ਟਰੰਕ ਵਿਚ ਰਖੀਆਂ ਸਨ" ਕ੍ਰਿਸ਼ਨਾ ਨੇ ਮੁੜ ਆਪਣੇ ਸਵਾਲ ਨੂੰ ਦੁਹਰਾਇਆ। "ਕਿਥੇ ਨਾ ਕਿਥੇ ਤਾਂ ਆ ਗਈਆਂ, ਤੇ ਤੇਰੇ ਉਸ ਟਰੰਕ ਸਮੇਤ ਮੇਰੇ ਹਥ ਆ ਗਈਆਂ।"

"ਮੇਰੇ ਉਸ ਛੋਟੇ ਟਰੰਕ ਸਮੇਤ?"

"ਹਾਂ"

"ਪਰ ਮੇਰਾ ਟਰੰਕ ਤੇ ਰਸਤੇ ਵਿਚ ਲੁਟਿਆ ਗਿਆ ਸੀ, ਜਦ ਮੈਂ ਬਾਪੂ ਜੀ ਨਾਲ ਜਿਹਲਮੋਂ ਨਿਕਲੀ ਸਾਂ।" ਬੇਸਬਰੀ ਜਿਹੀ ਹੋ ਕੇ ਕ੍ਰਿਸ਼ਨਾ ਆਪਣੇ ਕੀਤੇ ਹੋਏ ਸਵਾਲਾਂ ਨੂੰ ਮੁੜ ਮੁੜ ਕਰ ਰਹੀ ਸੀ।

"ਤੇਰਾ ਕਹਿਣਾ ਠੀਕ ਹੈ ਨਸੀਮ। ਜਿਨ੍ਹਾਂ ਲੋਕਾਂ ਨੇ ਤੁਹਾਡਾ ਕਾਫਲਾ ਲੁਟਿਆ ਸੀ, ਉਹਨਾ ਵਿਚ ਮੈਂ ਵੀ ਸ਼ਾਮਲ ਸਾਂ।" ਯੂਸਫ ਨੇ ਉਸੇ ਸ਼ਰਮਿੰਦਗੀ ਵਿਚ ਕਿਹਾ।

"ਤੁਸੀਂ ਵੀ ਉਨ੍ਹਾਂ ਵਿਚ ਸ਼ਾਮਲ ਸਾਓ ?"

"ਹਾਂ"

"ਤਾਂ ਤੁਹਾਡੀ ਹੀ ਧਾੜ ਨੇ ਮੇਰੇ ਦੂਹਾਂ ਭਰਾਵਾਂ ਨੂੰ ਕਤਲ ਕੀਤਾ, ਨਾਲੇ ਮੇਰੀ ਭਰਜਾਈ ਨੂੰ ਅਗਵਾ ਕੀਤਾ ਸੀ ?"

"ਮੇਰੀ ਪਾਰਟੀ ਤਾਂ ਉਹ ਨਹੀਂ ਸੀ, ਪਰ ਬਤੌਰ ਇਕ ਸਿਪਾਹੀ ਦੇ ਮੈਂ ਉਨ੍ਹਾਂ ਦੀ ਮਦਦ ਲਈ ਨਾਲ ਸ਼ਾਮਲ ਜ਼ਰੂਰ ਸਾਂ।"

"ਤੁਸੀਂ ਉਨ੍ਹਾਂ ਲੁਟੇਰਿਆਂ ਨਾਲ ?" ਹੱਕੀ ਬੱਕੀ ਹੋ ਕੇ ਕ੍ਰਿਸ਼ਨਾ ਉਸ ਵਲ ਤਕ ਰਹੀ ਸੀ। ਯੂਸਫ ਦੀਆਂ ਅੱਖਾਂ ਅਜੇ ਤਕ ਝੁਕੀਆਂ ਹੋਈਆਂ ਸਨ।

"ਮੈਂ ਆਪਣੇ ਗੁਨਾਹ ਨੂੰ ਲੁਕਾਂਦਾ ਨਹੀਂ ਨਸੀਮ" ਸ਼ਰਮਿੰਦਗੀ ਦੇ ਬੋਝ ਹੇਠ ਪੀਸਦਿਆਂ ਯੂਸਫ ਨੇ ਕਿਹਾ।

"ਪਰ ਇੰਤਨੀ ਗਿਰਾਵਟ ਦੀ ਤਾਂ ਤੁਹਾਡੇ ਕੋਲੋਂ ਮੈਨੂੰ ਉਮੀਦ ਨਹੀਂ ਸੀ।" ਕ੍ਰਿਸ਼ਨਾ ਦੇ ਗਲੇ 'ਚੋਂ ਜਿਵੇਂ ਅੱਥਰੂਆਂ ਨੇ ਇਹ ਸ਼ਬਦ ਬਾਹਰ ਕਢਾਏ।

ਯੂਸਫ ਨੇ ਆਪਣੀ ਸਫਾਈ ਵਿਚ ਕਹਿਣਾ ਸ਼ੁਰੂ ਕੀਤਾ, "ਮੈਨੂੰ ਵੀ ਉਮੀਦ ਨਹੀਂ ਸੀ, ਪਰ ਨਸੀਮ ! ਜਦ ਤੂੰ ਮੈਨੂੰ ਠੁਕਰਾ ਦਿਤਾ, ਜਦ ਪਿੰਡ ਵਾਲਿਆਂ ਨੇ ਮੈਨੂੰ ਧਿਰਕਾਰ ਕੇ ਕਢ ਦਿਤਾ, ਤੇ ਜਦ ਮੇਰੇ ਪਗ ਵੱਟ ਦੋਸਤ ਨੇ ਵੀ ਮੇਰੇ ਨਾਲੋਂ ਦੋਸਤੀ ਤੋੜ ਲਈ, ਤੇ ਮੈਂ ਸਭ ਪਾਸਿਆਂ ਤੋਂ ਮਾਯੂਸ ਹੋ ਗਿਆ, ਤਾਂ ਮੇਰੇ ਅੰਦਰ ਮਰਨ ਦੀ ਖ਼ਾਹਿਸ਼ ਪੈਦਾ ਹੋਈ, ਪਰ ਮਰਨ ਤੋਂ ਪਹਿਲਾਂ ਇਕ ਵਾਰੀ ਮੈਂ ਤੇਰੇ ਹਥ ਦੇ ਲਿਖੇ ਹੋਏ ਚਾਰ ਅੱਖਰ ਜ਼ਰੂਰ ਪੜ੍ਹਣੇ ਚਾਹੁੰਦਾ ਸਾਂ ਕਿ ਤੂੰ ਮੇਰਾ ਗੁਨਾਹ ਮੁਆਫ ਕਰ ਦਿਤਾ ਹੈ। ਇਸੇ ਮਤਲਬ ਲਈ ਮੈਂ ਇਹ ਛਿਆਂ ਸਫਿਆਂ ਦੀ ਚਿੱਠੀ ਤੇਰੇ ਵਲ ਲਿਖੀ ਸੀ। ਪਰ ਨਸੀਮ ! ਜਵਾਬ ਵਿਚ ਇਹ ਜਿਹੜੀ ਦਸਾਂ ਸਫਿਆਂ ਦੀ ਚਿੱਠੀ ਤੂੰ ਮੈਨੂੰ ਲਿਖੀ, ਕਦੀ ਇਹ ਮੇਰੇ ਤਕ ਪਹੁੰਚ ਜਾਂਦੀ ਤਾਂ ਨਾ ਮੈਂ ਆਦਮੀ ਤੋਂ ਸ਼ੈਤਾਨ ਬਣਦਾ, ਨਾ ਮੇਰੇ ਹਥ ਇਨਸਾਨੀ ਖ਼ੂਨ ਨਾਲ ਲਿਬੜਦੇ, ਤੇ ਨਾ ਹੀ ਮੈਂ ਡਾਕੇ ਚੋਰੀਆਂ ਦਾ ਹਿਸੇਦਾਰ ਬਣਦਾ। ਪਰ ਇਹ ਤੂੰ ਮੈਨੂੰ ਨਾ ਭੇਜੀ, ਜਿਸ ਕਰ ਕੇ ਮੈਂ ਅੰਦਾਜ਼ਾ ਲਾਇਆ ਕਿ ਜ਼ਰੂਰ ਤੈਨੂੰ ਬੂਟੇਸ਼ਾਹ!! (ਕਹਾਣੀ ਨਾਲ ਪਿਛਲੀਆਂ ਘਟਨਾਵਾਂ ਦਾ ਸੰਬੰਧ ਜੋੜਨ ਲਈ ਨਾਵਲ 'ਖ਼ੂਨ ਦੇ ਸੋਹਿਲੇ' ਪੜ੍ਹੋ।) ਨੇ ਹੀ ਚਿੱਠੀ ਪਾਣੋਂ ਰੋਕਿਆ ਤੇ ਮੇਰੇ ਵਲੋਂ ਮੁਤਨਫ਼ਰ ਕੀਤਾ ਹੋਵੇਗਾ। ਬਸ ਓਸ ਵੇਲੇ ਤੋਂ ਮੇਰੇ ਸਿਰ ਉਤੇ ਪਾਗਲਪੁਣਾ ਸਵਾਰ ਹੋ ਗਿਆ। ਓਦੋਂ ਰਾਵਲਪਿੰਡੀ ਵਿਚ ਹਿੰਦੂਆਂ ਸਿਖਾਂ ਦੇ ਖ਼ਿਲਾਫ਼ ਮੁਸਲਿਮ ਲੀਗ ਨੇ ਜਹਾਦ ਸ਼ੁਰੂ ਕੀਤਾ ਹੋਇਆ ਸੀ। ਇਧਰ ਮੇਰੇ ਅੰਦਰ ਅੱਗਾਂ ਬਲ ਬਲ ਉਠਦੀਆਂ ਸਨ। ਨਸੀਮ ! ਮੈਂ ਆਪਣੇ ਗੁਨਾਹਾਂ ਤੋਂ ਮੁਕਰਾਂਗਾ ਨਹੀਂ। ਦਿਲ ਨਾਲ ਪੱਕਾ ਫੈਸਲਾ ਕਰ ਲਿਆ ਕਿ ਨਸੀਮ ਨੂੰ ਸਮੇਤ ਬੂਟੇਸ਼ਾਹ ਦੇ ਤੇ ਸਮੇਤ ਉਨ੍ਹਾਂ ਦੇ ਘਰ ਬਾਰ ਦੇ, ਇਕ ਵਾਰੀ ਜਹੰਨਮ ਵਿਚ ਭੇਜ ਕੇ ਹੀ ਸਾਹ ਲਵਾਂਗਾ। ਪੁਲਸੀਆਂ ਨੂੰ ਡਰ ਤਾਂ ਕਿਸੇ ਦਾ ਹੈ ਈ ਨਹੀਂ ਸੀ, ਬਲਕਿ ਮੁਸਲਿਮ ਲੀਗ ਵਲੋਂ ਸਾਨੂੰ ਹੱਲਾਸ਼ੇਰੀਆਂ ਮਿਲ ਰਹੀਆਂ ਸਨ ਕਿ ਪਿੰਡਾਂ ਵਿਚ ਜਾ ਕੇ ਹਿੰਦੂਆਂ ਸਿਖਾਂ ਨੂੰ ਲੁੱਟਣ ਵਿਚ ਮੁਸਲਮਾਨ ਲੁਟੇਰਿਆਂ ਦੀ ਮਦਦ ਕਰੀਏ।"

ਕ੍ਰਿਸ਼ਨਾ ਸੁਣ ਰਹੀ ਸੀ। ਛਤ ਉਤੇ ਪੱਖਾ ਘੁੰਮਦਾ ਹੋਇਆ ਆਪਣੀ ਘੂੰ ਘੂੰ ਦਾ ਰਾਗ ਅਲਾਪ ਰਿਹਾ ਸੀ। ਕ੍ਰਿਸ਼ਨਾ ਨੂੰ ਜਾਪਦਾ ਕਿ ਇਹ ਪੱਖਾ ਨਹੀਂ, ਬੰਬ ਵਰ੍ਹਾਉਣ ਵਾਲਾ ਹਵਾਈ ਜਹਾਜ਼ ਅਸਮਾਨ ਵਿਚ ਚੱਕਰ ਲਾ ਰਿਹਾ ਹੈ ਜਿਹੜਾ ਹੁਣੇ ਘੜੀ ਪਲ ਨੂੰ ਬੰਬਬਾਰੀ ਨਾਲ ਇਸ ਜ਼ਮੀਨ ਉਤੇ ਰਹਿਣ ਵਾਲਿਆਂ ਨੂੰ ਪੁਰਜ਼ਾ ਪੁਰਜ਼ਾ ਕਰ ਦੇਵੇਗਾ। ਕ੍ਰਿਸ਼ਨਾ ਦਾ ਸਰੀਰ

ਜਿਵੇਂ ਮਾਸ ਦੇ ਥਾਂ ਪੱਥਰ ਦਾ ਬਣਦਾ ਜਾਂਦਾ ਸੀ। ਯੂਸਫ ਜਿਸ ਚਾਵਤ ਹੁਣੇ ਹੁਣੇ ਉਸ ਦਾ ਰਿਹਾ ਕੋਮਲਤਾ ਪਿਆਰ ਤੇ ਹਮਦਰਦੀ ਦੇ ਭਾਵਾਂ ਨਾਲ ਛਲਕ ਰਿਹਾ ਸੀ, ਮਾਨੋ ਤੋਪ ਵਿਚੋਂ ਫੁਟਣ ਵਾਲੇ ਗੋਲੇ ਦਾ ਰੂਪ ਧਾਰਨ ਕਰ ਰਿਹਾ ਸੀ। ਉਸ ਦੀਆਂ ਅੱਖਾਂ ਇਕ ਵਾਰੀ ਫੇਰ ਘ੍ਰਿਣਾ ਦੀ ਤਪਸ਼ ਨਾਲ ਸੜਨ ਲਗੀਆਂ।

ਯੂਸਫ ਜ਼ਰਾ ਕੁ ਰੁਕਿਆ, ਤੇ ਫਿਰ ਸਜੇ ਖਬੇ ਨਜ਼ਰ ਫੇਰੀ। ਸ਼ਾਇਦ ਇਹ ਜਾਚਣ ਲਈ ਕਿ ਕੋਈ ਹੋਰ ਤਾਂ ਉਸ ਦੀਆਂ ਗਲਾਂ ਨਹੀਂ ਸੁਣ ਰਿਹਾ ? ਪਰ ਖਤਰੇ ਵਾਲੀ ਉਸ ਨੂੰ ਕੋਈ ਗਲ ਨਾ ਜਾਪੀ। ਸਭ ਪਾਸੀਂ ਚੁਪ ਚਾਂ ਸੀ — ਸਭ ਸੁਤੇ ਹੋਏ ਸਨ। ਜੇ ਕੋਈ ਜਾਗਦਾ ਵੀ ਹੋਵੇ ਤੇ ਉਸ ਦੀਆਂ ਗਲਾਂ ਸੁਨਣ ਦੀ ਕੋਸ਼ਿਸ਼ ਕਰਦਾ, ਤਾਂ ਵੀ ਸ਼ਾਇਦ ਕਿਸੇ ਦੇ ਪਲੇ ਕੁਝ ਨਾ ਪੈਂਦਾ। ਪੱਖੇ ਦੀ ਅਵਾਜ਼ ਉਸ ਦੀ ਮਦਦ ਕਰ ਰਹੀ ਸੀ।

ਕਮਰੇ ਵਿਚ ਚੁਪਾਸੀਂ ਫਿਰਨ ਤੋਂ ਬਾਅਦ ਯੂਸਫ ਦੀ ਨਜ਼ਰ ਕ੍ਰਿਸ਼ਨਾ ਦੇ ਚਿਹਰੇ ਤੇ ਟਿਕੀ, ਤੇ ਉਸ ਦੇ ਅੰਦਰ ਦੀ ਹਾਲਤ ਨੂੰ ਸਮਝਦਾ ਹੋਇਆ ਉਹ ਬੋਲਿਆ — "ਨਸੀਮ ! ਮੈਨੂੰ ਸਿਰਫ ਥੋੜੇ ਜਿਹੇ ਮਿੰਟਾਂ ਦੀ ਹੋਰ ਮੋਹਲਤ ਦੇਹ ਫਿਰ ਜਿਹੜੀ ਸਜ਼ਾ ਤੂੰ ਮੈਨੂੰ ਦੇਣੀ ਚਾਹੇਂਗੀ ਮੈਂ ਖੁਸ਼ੀ ਨਾਲ ਉਸ ਨੂੰ ਕਬੂਲ ਕਰਾਂਗਾ। ਪਰ ਖ਼ੁਦਾ ਦੇ ਵਾਸਤੇ ਇਕ ਵਾਰੀ ਸੁਣ ਲੈ ਮੇਰੇ ਪਾਸੋਂ ਸਭ ਕੁਝ।"

"ਨਹੀਂ" ਕ੍ਰਿਸ਼ਨਾ ਹੁਲਾਰੇ ਨਾਲ ਉਠ ਕੇ ਖੜੀ ਹੋ ਗਈ — "ਮੈਂ ਹੋਰ ਕੁਝ ਨਹੀਂ ਸੁਣ ਸਕਦੀ। ਤੁਸਾਂ — ਤੁਸਾਂ ਜੋ ਕੁਝ ਕੀਤਾ ਬੜਾ ਨੇਕ ਕੰਮ ਕੀਤਾ। ਏਨੂੰ ਚੰਗੇ ਦੀ ਮੈਂ ਤੁਹਾਡੇ ਪਾਸੋਂ ਉਮੀਦ ਹੀ ਨਹੀਂ ਸਾਂ ਕਰ — —।" ਬੋਲਦਿਆਂ ਬੋਲਦਿਆਂ ਉਸ ਦੀ ਆਵਾਜ਼ ਇਸ ਤਰ੍ਹਾਂ ਥਰਥਰਾਹਟ ਲਗ ਪਈ, — ਜਿਵੇਂ ਗਲ ਪੂਰੀ ਕਰਨ ਤੋਂ ਪਹਿਲਾਂ ਹੀ ਇਹ ਰੋਣ ਵਿਚ ਬਦਲ ਜਾਏਗੀ ਤੇ ਇਸੇ ਕਰ ਕੇ ਉਹ ਅੱਧਵਾਟੇ ਹੀ ਚੁਪ ਹੋ ਗਈ। ਹੁਣ ਉਹ ਇਓਂ ਚਾਹ ਰਹੀ ਸੀ ਕਿ ਲੱਤਾਂ ਨਾਲ ਦੌੜ ਕੇ ਨਹੀਂ — ਖੰਭਾਂ ਨਾਲ ਉਡ ਕੇ ਇਸ ਕਮਰੇ 'ਚੋਂ ਬਾਹਰ ਨਿਕਲ ਜਾਏ, ਤਾਂ ਜੁ ਛੇਤੀ ਯੂਸਫ ਦੀ ਸ਼ਕਲ ਵੇਖਣੋਂ ਉਸ ਨੂੰ ਛੁਟਕਾਰਾ ਮਿਲੇ।

ਜਿਉਂ ਹੀ ਜਾਣ ਲਈ ਉਸ ਨੇ ਕਦਮ ਵਧਾਇਆ ਕਿ ਯੂਸਫ ਦਾ ਇਹ ਵਾਕ ਜ਼ੰਜੀਰ ਬਣ ਕੇ ਉਸ ਦੀਆਂ ਲੱਤਾਂ ਦੁਆਲੇ ਵਲਿਆ ਗਿਆ — "ਨਸੀਮ ! ਚੰਗਾ ਜਾਹ। ਜੇ ਤੂੰ ਮੇਰਾ ਜਨਾਜ਼ਾ ਹੀ ਵੇਖਣਾ ਚਾਹੁੰਦੀ ਹੈਂ ਤਾਂ ਇਨਸ਼ਾਅੱਲਾਤਾਲਾ ਦਿਨ ਚੜ੍ਹਦਿਆਂ ਹੀ ਇਸ ਦੀ ਖ਼ਬਰ ਤੈਨੂੰ— —"

ਕ੍ਰਿਸ਼ਨਾ ਮੁੜ ਆਈ ਤੇ ਉਥੇ ਹੀ ਬੈਠ ਗਈ ਜਿਥੋਂ ਉਠੀ ਸੀ, ਪਰ ਇਹ ਬੈਠਕ ਉਸ ਦੀ ਅੰਗ ਵਿਚ ਬੈਠਣ ਨਾਲੋਂ ਘਟ ਨਹੀਂ ਸੀ।

"ਹੱਛਾ" ਤਾਹਨੇ ਭਰੀ ਅਦਾ ਵਿਚ ਕ੍ਰਿਸ਼ਨਾ ਨੇ ਪੁਛਿਆ — "ਫਿਰ ਤੁਸਾਂ ਖੂਬ ਰੱਜ ਰੱਜ ਕੇ ਬਦਲੇ ਲਏ ਆਪਣੇ ਦੁਸ਼ਮਨਾਂ ਪਾਸੋਂ ?"

"ਤਾਹਨਾਬਾਜ਼ੀ ਦਾ ਵਕਤ ਨਹੀਂ ਨਸੀਮ" ਆਪਣੇ ਭਾਰ ਨਾਲ ਆਪ ਹੀ ਦਬਦਾ ਹੋਇਆ ਯੂਸਫ ਬੋਲਿਆ — "ਮੈਂ ਸਿਰਫ ਥੋੜੀਆਂ ਜਿਹੀਆਂ ਗਲਾਂ ਹੋਰ ਕਰਨੀਆਂ ਨੇ।"

"ਹੱਛਾ ਛੇਤੀ ਕਰੋ ਮੈਂ ਵਾਪਸ ਜਾਣਾ ਏ" ਕ੍ਰਿਸ਼ਨਾ ਨੇ ਸਖਤੀ ਭਰੀ ਬੇ-ਰਹਿਮੀ ਨਾਲ ਕਿਹਾ, ਜਿਸ ਦੇ ਜਵਾਬ ਵਿਚ ਯੂਸਫ ਨੇ ਆਪਣਾ ਛਡਿਆ ਹੋਇਆ ਬਿਆਨ ਫੇਰ ਜਾਰੀ ਕੀਤਾ — "ਇਕ ਮੈਂ ਤੇ ਦੋ ਮੇਰੇ ਹੋਰ ਸਾਥੀ, ਅਸੀ ਤਿੰਨੇ ਬਲਵਈਆਂ ਦੀ ਇਕ ਜਮਾਤ ਨਾਲ ਜਾ ਰਲੇ। ਵਰਦੀ ਤੇ ਬੰਦੂਕ ਵਾਲਾ ਸਿਪਾਹੀ ਭਾਵੇਂ ਪੁਲਸੀਆ ਹੋਵੇ ਭਾਵੇਂ ਮਿਲਟਰੀ ਦਾ, ਉਹਨਾਂ ਦਿਨਾਂ ਵਿਚ ਬੜੀ ਲੋੜੀਂਦੀ ਚੀਜ਼ ਹੁੰਦੀ ਸੀ ਬਲਵਈਆਂ ਲਈ। ਕਿਉਂਕਿ ਇਹਨਾਂ ਦੀ ਮਦਦ ਨਾਲ ਉਹ ਲੋਕ ਨਿਡੱਰ ਹੋ ਕੇ ਆਪਣਾ ਕੰਮ ਕਰ ਸਕਦੇ ਸਨ। ਇਸੇ ਕਰ ਕੇ ਉਹ ਲੁਟ ਦੇ

ਮਾਲ ਵਿਚੋਂ ਸਾਨੂੰ ਮੂੰਹ ਮੰਗਿਆ ਹਿਸਾ ਦੇਣ ਲਈ ਤਿਆਰ ਹੋ ਜਾਂਦੇ ਸਨ। ਅਸੀਂ ਰਾਤ ਪੀਰਿਆ ਰਤੇ ਪਿੰਡ ਤੋਂ (ਜਿਹੜਾ ਰਾਵਲਪਿੰਡੀ ਦੇ ਨਾਲ ਹੀ ਲਗਦਾ ਹੈ) ਟੁਰ ਪਏ ਤੇ ਮੂੰਹ ਹਨੇਰੇ ਹੀ 'ਸਰ-ਨਿਹਾਲੀ' ਦੇ ਕੋਲ ਜਾ ਪਹੁੰਚੇ, ਜਿਥੇ ਖਤਰੀਆਂ ਦੀ ਇਕ ਪਾਰਟੀ ਸਾਡੇ ਕਾਬੂ ਆ ਗਈ। ਜਿਸ ਨੂੰ ਅਸਾਂ ਸਾਰੀ ਦੀ ਸਾਰੀ ਨੂੰ ਜਾਂ ਤਾਂ ਖਤਮ ਕਰ ਦਿਤਾ, ਜਾਂ ਅਗਵਾ ਕਰ ਲਿਆ ਤੇ ਮਾਲ ਅਸਬਾਬ ਉਨ੍ਹਾਂ ਦਾ ਸਾਰਾ ਲੁਟ ਲਿਆ।

"ਆਹ ! ਜ਼ਾਲਮੋ ! !" ਕ੍ਰਿਸ਼ਨਾ ਨੇ ਬੈਠਿਆਂ ਹੀ ਬੈਠਿਆਂ ਆਹ ਦਾ ਨਾਹਰਾ ਮਾਰਿਆ ਤੇ ਫਿਰ ਬੋਲੀ — "ਤੁਸਾਂ ਬੜੀ ਬਹਾਦਰੀ ਕੀਤੀ। ਸ਼ਾਬਾਸ਼। ਹੱਛਾ ਫਿਰ ?"

ਪਰ ਯੂਸਫ ਨੇ ਆਪਣੇ ਬਿਆਨ ਦੀ ਲੜੀ ਨਹੀਂ ਤੋੜੀ। ਕ੍ਰਿਸ਼ਨਾ ਦੇ ਮਨ ਦੀ ਹਾਲਤ ਉਹ ਚੰਗੀ ਤਰ੍ਹਾਂ ਅਨੁਭਵ ਕਰ ਰਿਹਾ ਸੀ ਤੇ ਉਸ ਨੂੰ ਖ਼ਤਰਾ ਸੀ ਕਿ ਮਤੇ ਇਹ ਫੇਰ ਅਗੇ ਵਾਂਗ ਉਠ ਕੇ ਟੁਰ ਪਵੇ, ਇਸੇ ਖ਼ਿਆਲ ਨਾਲ ਉਹ ਆਪਣੇ ਬਿਆਨ ਨੂੰ ਸੰਖੇਪ ਕਰ ਕੇ ਸੁਣਾਨ ਲਗਾ — "ਝਟ ਪਟ ਹੀ ਇਹ ਕੰਮ ਖ਼ਤਮ ਹੋ ਗਿਆ। ਲੁਟਿਆ ਹੋਇਆ ਸਾਰਾ ਸਮਾਨ ਅਸਾਂ ਸਰ ਨਿਹਾਲੀ ਦੇ ਇਕ ਹੋਰ ਹਿਸੇ ਵਿਚ ਜਾ ਇਕੱਠਾ ਕੀਤਾ। ਇਸ ਵੇਲੇ ਸਾਡੇ ਵਿਚੋਂ ਕਿਸੇ ਨੇ ਆਕੇ ਦਸਿਆ ਕਿ ਮਿਲਟਰੀ ਦੀਆਂ ਕਈ ਪਾਰਟੀਆਂ ਏਸ ਇਲਾਕੇ ਵਿਚ ਫਿਰ ਰਹੀਆਂ ਨੇ। ਇਸ ਖ਼ਬਰ ਨੇ ਸਾਰਿਆਂ ਨੂੰ ਡਰਾ ਦਿਤਾ ਤੇ ਜਿੰਨੀ ਜਲਦੀ ਮੁਮਕਿਨ ਹੋ ਸਕਿਆ ਅਸਾਂ ਮਾਲ ਦੀ ਵੰਡ ਕਰ ਲਈ। ਵਕਤ ਕਿਉਂਕਿ ਬੜਾ ਤੰਗ ਸੀ ਤੇ ਸਭ ਨੂੰ ਫੜੇ ਜਾਣ ਦਾ ਖ਼ਤਰਾ ਪੈਦਾ ਹੋ ਗਿਆ ਸੀ, ਜਿਸ ਕਰ ਕੇ ਬਗ਼ੈਰ ਖੋਲ੍ਹਣ ਤੋਂ ਉਸੇ ਤਰ੍ਹਾਂ ਬੰਦ ਟਰੰਕਾਂ ਤੇ ਹੋਰ ਬਧੇ ਬਧਾਏ ਸਮਾਨ ਨੂੰ ਵਖੋ ਵਖ ਕਰ ਕੇ ਗੁਣੇ ਪਾ ਲਏ ਗਏ — ਜੋ ਜਿਸ ਦੇ ਹਿਸੇ ਆਇਆ ਬਗ਼ੈਰ ਖੋਲ੍ਹਿਆਂ ਚੁਕ ਕੇ ਟੁਰਦਾ ਬਣਿਆ। ਮੇਰੇ ਹਿਸੇ ਇਕ ਬਿਸਤਰਾ ਤੇ ਦੋ ਟਰੰਕ ਆਏ। ਉਨ੍ਹਾਂ ਦੂਹਾਂ ਵਿਚ ਨਸੀਮ ! ਇਕ ਤੇਰੀ ਟਰੰਕੀ ਸੀ ਤੇ ਦੂਜਾ ਬਾਪੂ ਭਾਨੋਸ਼ਾਹ ਦਾ ਭਾਰਾ ਟਰੰਕ... ...।"

ਭਾਰੇ ਟਰੰਕ ਦਾ ਜ਼ਿਕਰ ਸੁਣਦਿਆਂ ਹੀ ਕ੍ਰਿਸ਼ਨਾ ਦੀਆਂ ਅੱਖਾਂ ਚਮਕ ਪਈਆਂ, ਉਸ ਨੇ ਪੁਛਿਆ — "ਉਹ ਵੀ ਤੁਹਾਡੇ ਹਥ ਆ ਗਿਆ ? ਫਿਰ ਉਸ ਨੂੰ ਤੁਸਾਂ ਕੀ ਕੀਤਾ ? ਉਸ ਵਿਚ ਤਾਂ... ...।"

ਉਸ ਦੀ ਗਲ ਟੋਕ ਕੇ ਯੂਸਫ ਬੋਲਿਆ — "ਸਭ ਕੁਝ ਦਸਦਾ ਹਾਂ। ਆਪਣੇ ਟਿਕਾਣੇ ਲੈ ਜਾ ਕੇ ਤੇ ਕਮਰੇ ਦਾ ਬੂਹਾ ਅੰਦਰੋਂ ਬੰਦ ਕਰ ਕੇ ਸਭ ਤੋਂ ਪਹਿਲਾ ਮੈਂ ਉਸ ਭਾਰੇ ਟਰੰਕ ਦਾ ਜੰਦਰਾ ਤੋੜਿਆ। ਉਸ ਵਿਚੋਂ ਜਿੰਨਾ ਸੋਨਾ ਨਿਕਲਿਆ ਸ਼ਾਇਦ ਮੈਂ ਆਪਣੀ ਜ਼ਿੰਦਗੀ ਵਿਚ ਕਦੀ ਨਹੀਂ ਸੀ ਵੇਖਿਆ। ਸੋਨਾਂ ਮੂੰਹੀਂ ਸੋਨਾ ਆਪਣੇ ਕਬਜ਼ੇ ਵਿਚ ਵੇਖ ਕੇ ਖ਼ੁਸ਼ੀ ਨਾਲ ਮੈਂ ਪਾਗਲ ਜਿਹਾ ਹੋ ਗਿਆ। ਕਪੜਾ ਲਤਾ ਵੀ ਬੜਾ ਕੀਮਤੀ ਸੀ, ਪਰ ਮੈਨੂੰ ਹੋਰ ਕਿਸੇ ਚੀਜ਼ ਦੀ ਪਰਵਾਹ ਨਹੀਂ ਸੀ। ਸੋਚਣ ਲਗ ਪਿਆ — ਉਮਰ ਭਰ ਹੁਣ ਕੰਮ ਧੰਦਾ ਕਰਨ ਦੀ ਲੋੜ ਨਹੀਂ, ਬਸ ਮੇਰੀ ਜ਼ਿੰਦਗੀ ਐਸ਼ ਨਾਲ ਬੀਤੇਗੀ।

"ਟਰੰਕ ਵਿਚ ਕੁਝ ਅਸ਼ਟਾਮ ਤੇ ਹੋਰ ਕਾਗ਼ਤ ਪੱਤਰ ਵੀ ਸਨ, ਜਿਨ੍ਹਾਂ ਨੂੰ ਪੜ੍ਹਨ ਤੋਂ ਬਾਅਦ ਮੈਂ ਸਮਝ ਗਿਆ ਕਿ ਇਹ ਟਰੰਕ ਜ਼ਰੂਰ ਬਾਬਾ ਭਾਨੋਸ਼ਾਹ ਦਾ ਹੀ ਹੈ। ਮੈਂ ਸੋਚਿਆ — ਚਲੋ ਕਿਸੇ ਦਾ ਹੋਵੇ, ਇਸ ਨਾਲ ਮੈਨੂੰ ਕੀ ਮਤਲਬ। ਮੇਰੀ ਜ਼ਿੰਦਗੀ ਲਈ ਇਹ ਕਾਫ਼ੀ ਹੈ, ਉਸ ਕੁਨਬੇ ਪਾਸੋਂ ਬਦਲਾ ਲੈਣ ਦੀ ਜਿਹੜੀ ਅੱਗ ਮੇਰੇ ਅੰਦਰ ਲਗੀ ਹੋਈ ਸੀ, ਉਹ ਵੀ ਆਪਣੇ ਆਪ ਠੰਢੀ ਹੋ ਗਈ। ਬਦਲਾ ਲੈਣ ਦਾ ਮੇਰੇ ਖ਼ਿਆਲ ਵਿਚ ਇਸ ਤੋਂ ਕਾਮਯਾਬ ਤਰੀਕਾ ਹੋਰ ਕੋਈ ਨਹੀਂ ਸੀ ਹੋ ਸਕਦਾ, ਪਰ ਜਿਉਂ ਹੀ ਮੈਂ ਉਹ ਤੇਰੀ ਛੋਟੀ ਟਰੰਕੀ ਖੋਲ੍ਹੀ ਕਿ ਮੇਰੇ ਸਾਰੇ ਮਨਸੂਬੇ ਖ਼ਤਮ ਹੋ ਗਏ।"

"ਖਤਮ ਹੋ ਗਏ ?" ਕ੍ਰਿਸ਼ਨਾ ਨੇ ਨਫ਼ਰਤ ਭਰੀ ਨਜ਼ਰ ਨਾਲ ਉਸ ਵਲ ਤੱਕਦਿਆਂ ਪੁਛਿਆ— "ਖਤਮ ਕਿਉਂ ਹੋ ਗਏ ?"

"ਸੁਣ ਤੇ ਸਹੀ" ਯੂਸਫ ਨੇ ਦਸਣਾ ਸ਼ੁਰੂ ਕੀਤਾ — "ਟਰੰਕੀ ਵਿਚ ਮਾਲ ਮਤਾ ਤਾਂ ਕੁਝ ਹੈ ਨਹੀਂ ਸੀ, ਦੋ ਚਾਰ ਚਾਂਦੀ ਦੇ ਗਹਿਣੇ ਤੇ ਕੁਝ ਮਾਮੂਲੀ ਜਿਹੇ ਕਪੜੇ ਸਨ, ਪਰ ਜਿਸ ਚੀਜ਼ ਨੇ ਮੇਰਾ ਸਭ ਕੁਝ ਖਤਮ ਕਰ ਦਿਤਾ ਉਹ ਇਹੋ ਚਿਠੀਆਂ ਸਨ। ਪਹਿਲਾਂ ਤਾਂ ਮੈਂ ਕਦੀ ਉਮੀਦ ਹੀ ਨਹੀਂ ਸਾਂ ਕਰ ਸਕਦਾ ਕਿ ਨਸੀਮ ਮੇਰੀ ਚਿੱਠੀ ਨੂੰ ਇਤਨੀ ਹਿਫ਼ਾਜ਼ਤ ਨਾਲ ਸਾਂਭ ਕੇ ਰਖੇਗੀ, ਫਿਰ ਤੇਰੇ ਹਥਾਂ ਦੀ ਲਿਖੀ ਹੋਈ ਜਵਾਬੀ ਚਿੱਠੀ !" ਕਹਿੰਦਿਆਂ ਕਹਿੰਦਿਆਂ ਯੂਸਫ ਦੀ ਛਾਤੀ ਵਿਚ ਇਕ ਉਭਾਰ ਪੈਦਾ ਹੋਇਆ ਤੇ ਫਿਰ ਲੰਮਾ ਸਾਹ ਭਰ ਕੇ ਉਹ ਬੋਲਿਆ — "ਤੇਰੀ ਚਿੱਠੀ ਮੈਂ ਸ਼ੁਰੂ ਤੋਂ ਅਖ਼ੀਰ ਤਕ ਪੜ੍ਹੀ ਤੇ ਪੜ੍ਹਨ ਤੋਂ ਬਾਅਦ ਮੈਂ ਕੀ ਦਾ ਕੀ ਬਣ ਗਿਆ ? ਇਹ ਮੈਂ ਜ਼ਬਾਨ ਨਾਲ ਨਹੀਂ ਦਸ ਸਕਦਾ, ਚਿੱਠੀ ਉਹੋ ਕਰੇ ਨਾ ਚਾਰਾ।"

ਕ੍ਰਿਸ਼ਨਾ ਨੇ ਦੂਹਾਂ ਵਿਚੋਂ ਭਾਰੀ ਚਿੱਠੀ ਉਸ ਨੂੰ ਫੜਾ ਦਿਤੀ। ਯੂਸਫ ਦਾ ਕੇਵਲ ਖੱਬਾ ਹਥ ਹੀ ਕੰਮ ਕਰ ਸਕਦਾ ਸੀ, ਉਸ ਦੀ ਮਦਦ ਨਾਲ ਉਹ ਪੰਜ ਵਰਕੇ ਫੋਲਦਾ ਹੋਇਆ ਇਕ ਥਾਂ ਤੇ ਉਂਗਲ ਰਖ ਕੇ ਕ੍ਰਿਸ਼ਨਾ ਨੂੰ ਕਹਿਣ ਲਗਾ — "ਲੈ ਐਥੋਂ ਪੜ੍ਹ ਜ਼ਰਾ।"

ਕ੍ਰਿਸ਼ਨਾ ਨੇ ਵਰਕਾ ਫੜ ਲਿਆ, ਜਿਸ ਦੇ ਦੁਆਲੇ ਪੈਨਸਲ ਦੀ ਲੀਕ ਫੇਰ ਕੇ ਨਿਸ਼ਾਨ ਕੀਤਾ ਗਿਆ ਸੀ, ਉਹ ਪੜ੍ਹ ਕੇ ਸੁਣਾਨ ਲਗੀ — "ਆਹ ! ਯੂਸਫ ! ਕੀ ਤੂੰ ਸਮਝਦਾ ਹੈਂ ਕਿ ਨਸੀਮ ਦੇ ਸੀਨੇ ਵਿਚ ਪੱਥਰ ਦਾ ਦਿਲ ਹੈ ? ਕਾਸ਼ ! ਤੇਰੇ ਵਾਂਗ ਮੇਰਾ ਦਿਲ ਵੀ ਪੱਥਰ ਦਾ ਹੁੰਦਾ। ਯੂਸਫ ! ਮੈਂ ਜਿੰਨੀ ਵਾਰੀ ਵੀ ਦਿਲ ਨੂੰ ਪਿਆਰ ਨਾਲ ਭਰ ਕੇ ਤੇਰੇ ਕਦਮਾਂ ਤੇ ਵਾਰਨ ਲਈ ਤੇਰੇ ਵਲ ਵਧੀ, ਉਨੀ ਵਾਰੀ ਹੀ ਤੂੰ ਮੈਨੂੰ ਜਾਂ ਤਾਂ ਠੁਕਰਾ ਕੇ ਚਲਾ ਗਿਓਂ, ਜਾਂ ਤੇਰੀਆਂ ਬਦ-ਚਲਨੀਆਂ ਨੇ ਮੈਨੂੰ ਪਿਛਾਂਹ ਮੋੜ ਦਿਤਾ। ਕੀ ਤੂੰ ਕਦੀ ਇਕ ਵਾਰੀ ਵੀ ਸੋਚਿਆ ਕਿ ਕਮਬਖ਼ਤ ਨਸੀਮ ਦਾ ਦਿਲ ਤੇਰੇ ਲਈ ਕਿੰਨਾ ਤੜਫਦਾ — ਕਿੰਨਾ ਬੇ-ਕਰਾਰ ਰਹਿੰਦਾ ਹੈ ? ਪਰ ਯੂਸਫ ! ਤੂੰ ਕਦੀ ਵੀ ਮੇਰਾ ਨਾ ਬਣ ਸਕਿਓਂ।

"ਤੇਰੀ ਚਿੱਠੀ ਨੇ ਇਕ ਵਾਰੀ ਫੇਰ ਦਿਲ ਦੇ ਜ਼ਖ਼ਮਾਂ ਨੂੰ ਛੇੜ ਦਿਤਾ ਹੈ, ਪੀੜ ਨਾਲ ਮੇਰਾ ਅੰਗ ਅੰਗ ਕੁਰਲਾ ਰਿਹਾ ਹੈ ਤੇ ਮੇਰੇ ਜਿਸਮ ਦਾ ਹਰ ਰੋਮ ਰੋਮ 'ਯੂਸਫ - ਯੂਸਫ' ਪੁਕਾਰ ਰਿਹਾ ਹੈ, ਪਰ ਮੈਂ ਇਤਨੀ ਬਦ-ਨਸੀਬ ਹਾਂ ਕਿ ਯੂਸਫ ਨੂੰ ਕਦੀ ਵੀ ਮੈਂ 'ਅਸਲੀ ਯੂਸਫ' ਦੀ ਸ਼ਕਲ ਵਿਚ ਨਾ ਤੱਕ ਸਕੀ। ਮੇਰੀਆਂ ਅੱਖਾਂ ਵਿਚ ਜਿਹੜਾ ਯੂਸਫ ਸਮਾਇਆ ਹੋਇਆ ਸੀ, ਉਸ ਨੂੰ ਮੈਂ ਤੇਰੇ ਕਲਬੂਤ ਵਿਚ ਅਜ ਤੱਕ ਨਹੀਂ ਵੇਖ ਸਕੀ। ਜਿਸ ਯੂਸਫ ਦੀ ਤਸਵੀਰ ਮੇਰੀਆਂ ਅੱਖਾਂ ਵਿਚ ਸਮਾਈ ਹੋਈ ਹੈ, ਉਹ ਹੈ ਹਜ਼ਰਤ 'ਯਾਕੂਬ ਦਾ ਪੁੱਤਰ ਯੂਸਫ।' ਮੈਨੂੰ ਇਸ ਗਲ ਦੀ ਕੋਈ ਖ਼ਾਹਿਸ਼ ਨਹੀਂ ਕਿ ਜ਼ਰੂਰ ਮੇਰਾ ਯੂਸਫ ਮਿਸਰ ਦੇ ਤਾਜ ਤਖ਼ਤ ਦਾ ਵਾਲੀ ਹੋਵੇ, ਪਰ ਮੈਂ ਉਸ ਵਿਚ 'ਕਨਿਆਨੀ ਪੈਗੰਬਰ' ਵਾਲੀਆਂ ਸਿਫਤਾਂ ਵੇਖਣ ਲਈ ਤਰਸ ਰਹੀ ਹਾਂ — ਮੈਂ ਆਪਣੇ ਯੂਸਫ ਨੂੰ 'ਅਖਿ ਜੇਮਜ਼ੀਮ' ਵਰਗਾ ਪਾਕ ਤੇ ਬੇ-ਐਬ ਵੇਖਣ ਦੀਆਂ ਖ਼ਾਬ ਹਰ ਵੇਲੇ ਲੈਂਦੀ ਰਹਿੰਦੀ ਹਾਂ। ਕੀ ਮੇਰੇ ਚੰਗੇ ਯੂਸਫ ! ਕਦੀ ਤੂੰ ਮੇਰੀ ਤਮੰਨਾ ਪੂਰੀ ਕਰੇਂਗਾ ? ਫਿਰ ਮੈਂ ਤੈਨੂੰ ਯਕੀਨ ਦਿਵਾਂਦੀ ਹਾਂ ਕਿ ਇਹ ਨਸੀਮ ਹਮੇਸ਼ਾ ਲਈ ਤੇਰੀ ਕਨੀਜ਼ ਬਣ ਕੇ ਤੇਰੇ ਕਦਮਾਂ ਦੀ ਖ਼ਾਕ ਮਥੇ ਤੇ ਲਾਂਦਿਆਂ ਕਟੇਗੀ... ..."

ਵਰਕਾ ਖ਼ਤਮ ਹੋ ਗਿਆ ਤੇ ਪੜ੍ਹ ਚੁਕਣ ਤੋਂ ਬਾਅਦ ਕ੍ਰਿਸ਼ਨਾ ਨੇ ਇਸ ਨੂੰ ਮੱਥੇ ਤੇ ਰਖ ਕੇ ਇਕ ਵਾਰੀ ਫੇਰ ਯੂਸਫ ਵਲ ਤਕਿਆ। ਉਸ ਦੀਆਂ ਅੱਖਾਂ ਵਿਚ ਇਸ ਵੇਲੇ ਕ੍ਰਿਸ਼ਨਾ ਨੂੰ ਜ਼ਰੂਰ ਓਹੀ ਕੁਝ ਨਜ਼ਰੀ ਆਇਆ, ਜਿਹੜਾ ਕਿਸੇ ਨਸੀਮ ਨੂੰ ਆਪਣੀ ਦਾਸੀ ਤੇ ਖ਼ਾਕਸਾਰ ਬਣਨ ਦੀ ਰੂਹਾਨੀ ਸਮਰੱਥਾ ਰਖਦਾ ਹੋਵੇ। ਅਚਾਨਕ ਹੀ ਉਸ ਦੇ ਦਿਲ ਵਿਚੋਂ ਯੂਸਫ ਦੀ ਸ਼ਰਧਾ ਤੇ ਪਿਆਰ ਦੇ ਭਾਵ ਉਮਡਦੇ ਚਲੇ ਆ ਰਹੇ ਸਨ।

"ਚੰਗਾ ਫੇਰ ?" ਕ੍ਰਿਸ਼ਨਾ ਨੇ ਅਜੇ ਵਰਕਾ ਥਲਿਆ ਨਹੀਂ, ਪੂਰੇ ਨਸੀਮ ਕਰਿਆ ਸਵਾਲ ਕੀਤਾ।

ਯੂਸਫ ਨੇ ਥੋੜਾ ਜਿਹਾ ਪਾਸਾ ਹਿਲਾਉਣਾ ਚਾਹਿਆ, ਸ਼ਾਇਦ ਉਸਨੂੰ ਥਕਾਵਟ ਮਾਲੂਮ ਹੋਣ ਲਗ ਪਈ ਸੀ। ਕ੍ਰਿਸ਼ਨਾ ਨੇ ਦੋਹਾਂ ਹੱਥਾਂ ਨਾਲ ਉਸ ਦੇ ਸਰੀਰ ਨੂੰ ਚੁੱਕ ਕੇ ਬੜੀ ਨਰਮੀ ਨਾਲ ਉਸ ਦਾ ਪਾਸਾ ਮੋੜ ਦਿਤਾ। ਯੂਸਫ ਨੇ ਦਸਣਾ ਸ਼ੁਰੂ ਕੀਤਾ —

"ਨਸੀਮ ! ਤੇਰੀ ਚਿੱਠੀ ਪੜ੍ਹ ਕੇ ਮੈਨੂੰ ਜਿੰਨੀ ਰਾਹਤ ਤੇ ਰੂਹਾਨਗੀ ਮਿਲੀ, ਉਸ ਤੋਂ ਕਿਤੇ ਜ਼ਿਆਦਾ ਅਜ਼ਾਬ ਵਿਚ ਮੇਰਾ ਦਿਲ ਤੜਫਣ ਲਗਾ ਜਦ ਮੈਨੂੰ ਖ਼ਿਆਲ ਆਇਆ ਕਿ ਇਹ ਮੈਂ ਕੀ ਕਰ ਬੈਠਾ ਹਾਂ। ਇਹ ਤਾਂ ਮੈਂ ਮੰਨ ਹੀ ਨਹੀਂ ਸਾਂ ਸਕਦਾ ਕਿ ਨਸੀਮ ਬਾਬੇ ਭਾਨੇ ਸ਼ਾਹ ਦੇ ਨਾਲ ਹੀ ਘਰੋਂ ਚਲੀ ਆਈ ਹੋਵੇਗੀ। ਜ਼ਿਆਦਾ ਤੋਂ ਜ਼ਿਆਦਾ ਮੈਂ ਇਹ ਅੰਦਾਜ਼ਾ ਲਾਇਆ ਕਿ ਭਾਨੇ ਸ਼ਾਹ ਤੇ ਬੂਟੇ ਸ਼ਾਹ ਜਦ ਘਰੋਂ ਨਿਕਲੇ ਹੋਣਗੇ ਤਾਂ ਨਸੀਮ ਦਾ ਟਰੰਕ ਵੀ ਗਲਤੀ ਨਾਲ ਉਹਨਾਂ ਦੇ ਸਮਾਨ ਵਿਚ ਚਲਾ ਆਇਆ ਹੋਵੇਗਾ।

"ਜਿਸ ਨਸੀਮ ਪਈ ਬਦਲਾ ਲੈਣ ਲਈ ਮੈਂ ਬੇ-ਕਰਾਰ ਹੋ ਰਿਹਾ ਸਾਂ, ਉਸ ਨੂੰ ਮਿਲਣ ਦੀ ਬੇਕਰਾਰੀ ਨੇ ਮੇਰਾ ਅਰਾਮ ਹਰਾਮ ਕਰ ਦਿਤਾ। ਮੇਰੀ ਖ਼ਾਹਿਸ਼ ਹੋਈ ਕਿ ਹੁਣੇ 'ਚੱਕਰੀ' ਜਾ ਕੇ ਨਸੀਮ ਨੂੰ ਮਿਲਾਂ ਤੇ ਔਰਤੀ ਤੈਨੂੰ ਹਾਸਲ ਕਰਨਾ ਮੈਨੂੰ ਸੌਖਾ ਵੀ ਜਾਪਦਾ ਸੀ। ਕਿਉਂਕਿ ਇਕ ਤਾਂ ਮੈਂ ਸੋਚਦਾ ਸਾਂ ਕਿ ਸਾਡੇ ਦੁਹਾਂ ਦੇ ਰਸਤੇ ਵਿਚੋਂ ਭਾਨੇ ਸ਼ਾਹੀ ਰੁਕਾਵਟ ਦੂਰ ਹੋ ਗਈ ਹੈ, ਦੂਜਾ ਤੂੰ ਮੈਨੂੰ ਹਮੇਸ਼ਾਂ ਨਿਖੱਟੂ ਤੇ ਅਵਾਰਾ ਸਮਝਦੀ ਸੈਂ। ਮੈਂ ਸੋਚਿਆ ਜਦ ਤੈਨੂੰ ਪਤਾ ਲਗੇਗਾ ਕਿ ਯੂਸਫ ਇਸ ਵੇਲੇ ਵੀਹ ਪੰਝੀ ਹਜ਼ਾਰ ਦਾ ਮਾਲਕ ਹੈ ਤਾਂ ਤੇਰੀ ਮਾਂ ਖੁਦ ਹੀ ਮੇਰੇ ਤਰਲੇ ਕਰੇਗੀ ਕਿ ਮੈਂ ਨਸੀਮ ਨਾਲ ਨਿਕਾਹ ਕਰਾਵਾਂ। ਨਾਲੇ ਮੈਂ ਦਿਲ ਵਿਚ ਇਹ ਅਹਿਦ ਕਰ ਲਿਆ ਸੀ ਕਿ ਬਸ ਅਗੇ ਲਈ ਕਦੀ ਕੋਈ ਮਾੜਾ ਕੰਮ ਨਹੀਂ ਕਰਾਂਗਾ। ਨਸੀਮ ਲਈ ਮੈਂ ਅਸਲੀ ਮਹਿਨਿਆਂ ਵਿਚ ਉਹੀ ਕੁਝ ਬਣ ਕੇ ਦਸਾਂਗਾ, ਜਿਹੋ ਜਿਹਾ ਉਹ ਮੈਨੂੰ ਵੇਖਣਾ ਚਾਹੁੰਦੀ ਹੈ। ਜਿਥੇ ਉਸ ਨੇ ਪਹਿਲਾਂ ਮੇਰੇ ਇਤਨੇ ਗੁਨਾਹ ਮੁਆਫ਼ ਕਰ ਦਿਤੇ ਨੇ, ਉਥੇ ਇਕ ਹੋਰ ਵੀ ਬਖ਼ਸ਼ਵਾ ਲਵਾਂਗਾ ਤੇ ਇਹ ਗਲ ਉਸ ਨੂੰ ਦਸਾਂਗਾ ਹੀ ਨਹੀਂ ਕਿ ਜਿਹੜਾ ਮਾਲ-ਮਤਾ ਮੈਨੂੰ ਮਿਲਿਆ ਹੈ ਉਹ ਭਾਨੇ ਸ਼ਾਹ ਦਾ ਹੈ। ਹੋ ਸਕਦਾ ਹੈ ਕੁਝ ਗਹਿਣਿਆਂ ਕਪੜਿਆਂ ਨੂੰ ਨਸੀਮ ਪਛਾਣ ਲਵੇ, ਪਰ ਫ਼ਿਰ ਵੇਖੀ ਜਾਏਗੀ। ਇਸ ਦਾ ਕੋਈ ਹਲ ਲਭ ਹੀ ਪਵੇਗਾ।

"ਮੇਰੇ ਲਈ ਟਿਕ ਕੇ ਬੈਠਣਾ ਮੁਸ਼ਕਲ ਹੋ ਗਿਆ। ਇਹੋ ਦਿਲ ਕਰੇ ਕਿ ਉਡ ਕੇ ਚੱਕਰੀ ਜਾ ਪਹੁੰਚਾਂ। ਸਬੱਬ ਨਾਲ ਉਸੇ ਦਿਨ ਇਕ ਮਿਲਟਰੀ ਦਾ ਟਰੱਕ ਉਧਰ ਜਾਂਦਾ ਮੈਨੂੰ ਮਿਲ ਗਿਆ, ਜਿਸ ਵਿਚ ਬੈਠ ਕੇ ਦੋ ਘੰਟੇ ਬਾਅਦ ਮੈਂ ਚੱਕਰੀ ਜਾ ਪਹੁੰਚਿਆ।

"ਉਥੇ ਜਾ ਕੇ ਮੈਂ ਜੋ ਕੁਝ ਵੇਖਿਆ, ਵੇਖ ਕੇ ਮੈਂ ਹਵਾਸ ਬਾਖ਼ਤਾ ਹੋ ਗਿਆ। ਨਸੀਮ ! ਤੁਹਾਡਾ ਮਕਾਨ ਵੀ ਲੋਕਾਂ ਸਾੜ ਸੁਟਿਆ ਸੀ, ਜਦ ਉਨ੍ਹਾਂ ਨੂੰ ਪਤਾ ਲਗਾ ਕਿ ਤੁਸੀਂ ਦੋਵੇਂ ਬੇਟ ਭਰਾ ਭਾਨੇ ਸ਼ਾਹ ਦੇ ਕੁਨਬੇ ਨਾਲ ਚਲੇ ਗਏ ਹੋ। ਬਾਕੀ ਸਾਰਾ ਖਤਰੈਮਾ ਪਾਸਾ ਖੰਡਰ ਹੋਇਆ ਪਿਆ ਸੀ, ਗੁਲਾਬ ਸਿੰਘ ਦੇ ਗੁਰਦੁਆਰੇ ਦੀ ਵੀ ਇਹੋ ਹਾਲਤ ਸੀ। ਸਿਰਫ਼ ਇਕੋ ਚੀਜ਼ ਬਾਕੀ ਸੀ, ਜਿਸ ਨੂੰ ਵੇਖ ਕੇ ਸੜਦੇ ਤਪਦੇ ਦਿਲ ਨੂੰ ਕੁਝ ਠੰਢਕ ਮਾਲੂਮ ਹੁੰਦੀ ਸੀ, ਓਹੀ ਅੰਬ ਦਾ ਬੂਟਾ, ਜਿਸ ਨੂੰ ਅਜੇ ਤੀਕ ਕਿਸੇ ਨੇ ਨਹੀਂ ਸੀ ਛੇੜਿਆ। ਮੈਂ ਉਸ ਬੂਟੇ ਦੀ ਛਾਵੇਂ ਚੋਖਾ ਚਿਰ ਬੈਠਾ ਰਿਹਾ। ਗਿਰਾਂ ਦੇ ਇਕ ਦੋਂਹ ਆਦਮੀਆਂ ਮੈਨੂੰ ਘਰ ਲੈ ਜਾਣਾ ਚਾਹਿਆ, ਪਰ ਮੈਂ ਕਿਤੇ ਵੀ ਜਾਣਾ ਮਨਜ਼ੂਰ ਨਾ ਕੀਤਾ। ਉਨ੍ਹਾਂ ਦੇ ਮੂੰਹੋਂ ਜਦ ਸੁਣਿਆ ਕਿ ਨਸੀਮ ਤੇ ਅਜ਼ੀਜ਼ ਬਾਬੇ ਭਾਨੇ ਦੇ ਟੱਬਰ ਨਾਲ ਚਲੇ ਗਏ ਨੇ, ਤਾਂ ਮੇਰਾ ਐਸਾ ਦਿਲ ਟੁਟਿਆ ਕਿ ਕਿਸ ਨਾਲ ਬੋਲਣ ਚਾਲਣ ਨੂੰ ਮੇਰਾ ਦਿਲ ਨਾ ਕੀਤਾ। ਪਿੰਡ ਦੇ ਸਾਰੇ ਲੋਕੀ ਖੱਤਰੀਆਂ ਦੇ ਛਡੇ ਹੋਏ ਮਾਲ ਮਤਾਹ ਨੂੰ ਢੋ ਢੋ ਕੇ ਆਪੋ ਆਪਣੀ ਅੰਦਰੀ ਪਾਣ ਵਿਚ ਲਗੇ ਹੋਏ ਸਨ। ਕੋਈ ਪੱਠਿਆਂ ਉਤੇ ਅਨਾਜ ਦੀਆਂ ਬੋਰੀਆਂ ਲੱਦੀ ਲਿਜਾ ਰਿਹਾ ਸੀ, ਕੋਈ ਭਾਂਡਾ ਟੀਂਡਾ, ਕੋਈ ਕਪੜਿਆਂ ਦੀਆਂ ਗੰਢਾਂ ਚੁਕੀ ਲਈ ਜਾਂਦਾ ਸੀ। ਕਈ ਬੂਹਿਆਂ ਬਾਰੀਆਂ ਦੇ ਤਾਕਾਂ ਤੇ ਛਤਾਂ ਦੇ ਬਾਲਿਆਂ ਸ਼ਤੀਰਾਂ ਨੂੰ ਢੋਣ ਵਿਚ ਲਗੇ ਹੋਏ ਸਨ।

ਦੁਪਹਿਰ ਮੈਂ ਉਸੇ ਅੰਬ ਦੇ ਬੂਟੇ ਹੇਠ ਬਿਤਾਈ ਤੇ ਲਗਾਤਾਰ ਇਹੋ ਸੋਚਦਾ ਰਿਹਾ ਕਿ ਪਿੰਡੀ ਜਾਣ ਵਾਲੀ ਕੋਈ ਲਾਰੀ ਮਿਲ ਜਾਵੇ ਤਾਂ ਵਾਪਸ ਜਾ ਕੇ ਨਸੀਮ ਦਾ ਪਤਾ ਕਰਾਂ। ਫੇਰ ਵਿਚਾਰ ਮੇਰਾ ਖ਼ਿਆਲ ਸੀ ਕਿ ਨਸੀਮ ਜਦ ਉਸ ਕਾਫਲੇ ਨਾਲ ਸੀ, ਜਿਸ ਨੂੰ ਅਸਾਂ ਲੁਟਿਆ ਹੈ, ਤਾਂ ਜ਼ਰੂਰ ਉਹ ਉਨ੍ਹਾਂ ਅਗਵਾ ਕੀਤੀਆਂ ਹੋਈਆਂ ਕੁੜੀਆਂ ਵਿਚੋਂ ਲਭ ਪਵੇਗੀ, ਜਿਹੜੀਆਂ ਸੂਬੇਦਾਰ ਕਾਸਮ ਖਾਂ ਆਨਰੇਰੀ ਮੈਜਿਸਟਰੇਟ ਦੇ ਘਰ ਵਿਚ ਰਖੀਆਂ ਗਈਆਂ ਸਨ। ਮੈਨੂੰ ਘਬਰਾਉਣ ਵਾਲੀ ਕੋਈ ਗਲ ਨਹੀਂ ਸੀ ਜਾਪਦੀ। ਮੈਂ ਜਾਣਦਾ ਸਾਂ ਕਿ ਨਸੀਮ ਨੂੰ ਕਿਸੇ ਨੇ ਕੁਝ ਨਹੀਂ ਆਖਣਾ, ਜਦ ਉਨ੍ਹਾਂ ਨੂੰ ਉਸ ਦੇ ਮੁਸਲਮਾਨ ਹੋਣ ਦਾ ਪਤਾ ਲਗੇਗਾ। ਫਿਰ ਵੀ ਮੈਂ ਜਲਦੀ ਜਲਦੀ ਪਿੰਡੀ ਪਹੁੰਚਣਾ ਚਾਹੁੰਦਾ ਸਾਂ।

ਹਿੰਦੂ ਮਹੱਲਾ ਸਾਰਾ ਢਹਿ ਜਾਣ ਕਰ ਕੇ ਉਥੋਂ ਸੜਕ ਦਾ ਬਹੁਤ ਸਾਰਾ ਹਿੱਸਾ ਨਜ਼ਰੀ ਆਉਣ ਲਗ ਪਿਆ ਸੀ। ਸੋ ਮੈਂ ਉਥੇ ਹੀ ਅੰਬ ਦੇ ਬੂਟੇ ਹੇਠ ਬੈਠਾ ਲਾਰੀ ਦੀ ਉਡੀਕ ਕਰ ਰਿਹਾ ਸਾਂ ਕਿ ਅਚਾਨਕ ਪਿਛਲੇ ਪਾਸਿਓਂ ਕਿਸੇ ਦੇ ਪੈਰਾਂ ਦੀ ਖਿੜਕ ਸੁਣੀ। ਪਰਤ ਕੇ ਤਕਿਆ ਤਾਂ ਉਸ ਕੁੜੀ ਨੂੰ ਮੈਂ ਪਛਾਣ ਕੇ ਪੁਛਿਆ — "ਜੀਵਾਂ ! ਤੂੰ ਕਿਧਰ ?"

ਜੀਵਾਂ ਦੇ ਹਥ ਵਿਚ ਇਕ ਸਿਧ ਪਧਰਾ ਜਿਹਾ ਲਫਾਫਾ ਸੀ, ਜਿਹੜਾ ਕਿਸੇ ਨੇ ਆਪ ਹੀ ਕਤਰ ਕੇ ਬਣਾਇਆ ਹੋਇਆ ਮਲੂਮ ਹੁੰਦਾ ਸੀ। ਲਫਾਫਾ ਮੈਨੂੰ ਫੜਾ ਕੇ ਉਹ ਕਹਿਣ ਲਗੀ — "ਸੀਮਾ ਭੈਣ ਜਾਂਦੀ ਹੋਈ ਇਹ ਮੈਨੂੰ ਦੇ ਗਈ ਸੀ ਤੁਹਾਨੂੰ ਦੇਣ ਲਈ।"

"ਹੱਛਾ !" ਨਸੀਮ ਬੋਲ ਉਠੀ — "ਤੇ ਉਹ ਚਿੱਠੀ ਕਿਥੇ ਜੇ ? ਇਸ ਤਾਵੀਜ਼ ਵਿਚੋਂ ਤੇ ਨਹੀਂ ਨਿਕਲੀ।"

"ਇਸੇ ਵਿਚ ਹੈ" ਯੂਸਫ ਨੇ ਜਵਾਬ ਦਿਤਾ — "ਜ਼ਰਾ ਤਾਵੀਜ਼ ਦੀ ਹੇਠਲੀ ਤਹਿ ਦੇ ਤੋਪੇ ਤੋੜ ਕੇ ਵੇਖ।"

ਤਾਵੀਜ਼ ਮੰਜੇ ਤੇ ਪਿਆ ਸੀ। ਕ੍ਰਿਸ਼ਨਾ ਨੇ ਚੁਕ ਕੇ ਉਸ ਦੀ ਹੇਠਲੀ ਤਹਿ ਨੂੰ ਟਟੋਲਿਆ। ਸਚਮੁਚ ਉਸ ਵਿਚ ਕੁਝ ਸੀ। ਅਗੇ ਵਾਂਗ ਹੀ ਉਸ ਨੇ ਦੰਦਾਂ ਨਾਲ ਤੋਪੇ ਤੋੜ ਸੁਟੇ ਤੇ ਚਿੱਠੀ ਵਿਚੋਂ ਕਢ ਲਈ।

"ਕਿਉਂ ਹੈ ਨਾ ਉਹੋ ?" ਯੂਸਫ ਨੇ ਪੁਛਿਆ।

"ਬੇਸ਼ਕ" ਨਸੀਮ ਨੇ ਜਵਾਬ ਦਿਤਾ।

"ਤਾਂ ਇਸ ਨੂੰ ਵੀ ਇਕ ਵਾਰੀ ਪੜ੍ਹ ਕੇ ਸੁਣਾ ਦੇਹ ਜ਼ਰਾ" ਯੂਸਫ ਨੇ ਮਿੰਨਤ ਨਾਲ ਕਿਹਾ। ਚਿੱਠੀ ਬਹੁਤ ਲੰਮੀ ਨਹੀਂ ਸੀ ਤੇ ਅੱਖਰਾਂ ਤੋਂ ਇਹੋ ਜਾਪਦਾ ਸੀ ਜਿਵੇਂ ਬੜੀ ਕਾਹਲੀ ਦੀ ਹਾਲਤ ਵਿਚ ਲਿਖੀ ਗਈ ਹੈ। ਕ੍ਰਿਸ਼ਨਾ ਨੇ ਪੜ੍ਹਨੀ ਸ਼ੁਰੂ ਕੀਤੀ —

"ਯੂਸਫ !

ਇਸ ਵੇਲੇ ਜਦ ਕਿ ਮੈਂ ਆਪਣੇ ਘਰ ਤੇ ਵਤਨ ਨੂੰ ਹਮੇਸ਼ਾਂ ਲਈ ਅਲਵਿਦਾ ਕਹਿ ਰਹੀ ਹਾਂ, ਕਿਉਂ ਤੁਹਾਡੀ ਯਾਦ ਘੜੀ ਮੁੜੀ ਮੇਰਾ ਰਸਤਾ ਰੋਕ ਰਹੀ ਹੈ ? ਕਦੀ ਇਕ ਵਾਰੀ ਤੁਹਾਨੂੰ ਵੇਖ ਲੈਂਦੀ ਤਾਂ ਮੇਰਾ ਸਫ਼ਰ ਕਿੰਨਾ ਸੁਖਾਲਾ ਕਟਦਾ ! ਹੋਰ ਨਹੀਂ ਤਾਂ ਮੈਨੂੰ ਕੋਈ ਇਤਨੀ ਹੀ ਦਸ ਪਾ ਜਾਂਦਾ ਕਿ ਤੁਸੀਂ ਸਹੀ ਸਲਾਮਤ ਇਸ ਦੁਨੀਆਂ ਵਿਚ ਮੌਜੂਦ ਹੋ — ਤਾਂ ਇਹੋ ਤਸੱਲੀ ਮੇਰੇ ਲਈ ਕਾਫ਼ੀ ਹੁੰਦੀ, ਪਰ ਅਜ ਜਿਸ ਹਾਲਤ ਵਿਚ ਆਪਣੇ ਬਾਪੂ ਦੀ ਡੰਗੋਰੀ ਫੜ ਕੇ

ਅਜ਼ੀਜ਼ ਭਰਾ ਸਮੇਤ ਜਾ ਰਹੀ ਹਾਂ, ਕਿਤਨੇ ਯਾਦ ਆ ਰਹੇ ਹੋ ਤੁਸੀਂ। ਕਾਸ਼ ! ਮੈਂ ਤੁਹਾਡੀ ਚਿੱਠੀ ਦਾ ਜਵਾਬ ਹੀ ਦੇ ਸਕਦੀ। ਪਰ ਇਹ ਵੀ ਨਹੀਂ ਕਰ ਸਕੀ। ਆਪਣੀ ਚਿੱਠੀ ਵਿਚ ਤੁਸੀਂ ਕਿਤਨੇ ਖਤਰਨਾਕ ਲਫ਼ਜ਼ ਲਿਖੇ ਹਨ। ਆਹ ! ਮੇਰੇ ਯੂਸਫ਼ ! ਮੈਂ ਤੁਹਾਡੇ ਸਾਰੇ ਗੁਨਾਹ ਮੁਆਫ਼ ਕੀਤੇ, ਇਕ ਵਾਰੀ ਨਹੀਂ ਹਜ਼ਾਰ ਵਾਰੀ ਕਹਿੰਦੀ ਹਾਂ। ਰੱਬ ਕਰੇ ਮੇਰੀ ਇਹ ਚਿੱਠੀ ਤੁਹਾਡੇ ਹਥ ਆ ਸਕੇ, ਬਸ ਇਹੋ ਮੇਰੀ ਆਖ਼ਰੀ ਤਮੰਨਾ।

"ਯੂਸਫ਼ ! ਤੁਸਾਂ ਕਿਉਂ ਇਹ ਚੰਦਰੇ ਲਫ਼ਜ਼ ਲਿਖੇ ਸਨ ਮੌਤ ਨੂੰ ਜੱਫੀ ਪਾਣ ਵਾਲੇ ? ਅੱਲਾ ਦੇ ਵਾਸਤੇ — ਰਸੂਲ ਦੇ ਵਾਸਤੇ ਇਹੋ ਜਿਹੀ ਕੋਈ ਹਰਕਤ ਨਾ ਕਰ ਬੈਠਣੀ। ਨਸੀਮ ਅਜ ਵੀ ਤੁਹਾਡੀ ਬਾਂਦੀ ਬਣਨ ਲਈ ਤਾਂਘ ਰਹੀ ਹੈ ਤੇ ਉਸਦੀ ਇਹ ਤਾਂਘ ਕਬਰ ਵਿਚ ਜਾ ਕੇ ਵੀ ਨਹੀਂ ਮਿਟਣੀ, ਪਰ ਅਫ਼ਸੋਸ ਯੂਸਫ, ਤੁਸੀਂ ਇਸ ਬਦਨਸੀਬ ਕੁੜੀ ਨੂੰ ਬਾਂਦੀ ਨਾ ਬਣਾ ਸਕੇ। ਤੁਸੀਂ ਆਪਣੇ ਅੰਦਰ ਉਹ ਖ਼ਸਲਤਾਂ ਨਾ ਪੈਦਾ ਕਰ ਸਕੇ ਜਿਹੜੀਆਂ ਮੇਰੇ ਦਿਲ ਨੂੰ ਤੁਹਾਡੇ ਕਦਮਾਂ ਵਲ ਖਿਚ ਲੈਂਦੀਆਂ, ਪਰ ਯਕੀਨ ਰਖਣਾ ਯੂਸਫ, ਨਸੀਮ ਨੂੰ ਜੇ ਤੁਸੀਂ ਬਾਂਦੀ ਨਹੀਂ ਬਣਾ ਸਕੇ, ਤਾਂ ਦੁਨੀਆਂ ਵਿਚ ਇਸ ਨੂੰ ਕੋਈ ਹੋਰ ਵੀ ਕੋਈ ਨਹੀਂ ਬਣਾ ਸਕੇਗਾ।

"ਆਹ ਮੇਰੇ ਮਹਿਰਮ ! ਅਜ ਮੈਨੂੰ ਤੁਹਾਡੀ ਕਿੰਨੀ ਲੋੜ ਸੀ, ਜਦ ਕਿ ਮੈਂ ਆਪਣੇ ਪਿਆਰੇ ਬਾਪੂ ਤੇ ਉਸ ਦੇ ਕੁਨਬੇ ਨੂੰ ਜ਼ਾਲਮ ਲੁਟੇਰਿਆਂ ਦੇ ਹਥੋਂ ਬਚਾਣ ਦੇ ਬਿਲਕੁਲ ਨਾਕਾਬਲ ਮਹਿਸੂਸ ਕਰ ਰਹੀ ਹਾਂ। ਅਜ਼ੀਜ਼ ਭਰਾ ਭਾਵੇਂ ਮੇਰੇ ਨਾਲ ਹੈ, ਪਰ ਕੇਡਾ ਚੰਗਾ ਹੁੰਦਾ ਜੇ ਤੁਸੀਂ ਵੀ ਨਾਲ ਹੁੰਦੇ। ਜੇ ਆਪਣੀ ਬਹਾਦਰੀ ਦੇ ਜੌਹਰ ਵਿਖਾਂਦੇ ਹੋਏ ਤੁਸੀਂ ਮੇਰੇ ਬਾਪੂ ਦੇ ਕੁਨਬੇ ਨੂੰ ਸਹੀ ਸਲਾਮਤ ਕਿਸੇ ਮੰਜ਼ਲ ਤੇ ਪਹੁੰਚਾਣ ਵਿਚ ਮਦਦਗਾਰ ਹੁੰਦੇ, ਤਾਂ ਮੇਰਾ ਦਿਲ ਤੁਹਾਡੇ ਕਦਮਾਂ ਉਤੇ ਨਿਛਾਵਰ ਹੋ ਜਾਂਦਾ ਤੇ ਮੈਂ ਖੁਦ ਤੁਹਾਡੀ ਬਾਂਦੀ ਬਣਨ ਲਈ ਬਾਪੂ ਜੀ ਪਾਸੋਂ ਇਜਾਜ਼ਤ ਮੰਗਦੀ, ਪਰ ਮੇਰੀ ਕਿਸਮਤ ਵਿਚ ਏਡੀ ਖੁਸ਼ੀ ਕਿਥੇ ਸੀ।

"ਹੱਛਾ ਯੂਸਫ਼ ! ਜਿਥੇ ਰਹੋ ਸੁਖੀ ਰਹੁ, ਪਰ ਜੇ ਕਿਸੇ ਤਰ੍ਹਾਂ ਇਹ ਚਿੱਠੀ ਤੁਹਾਨੂੰ ਮਿਲ ਸਕੇ ਤਾਂ ਮੇਰੀ ਇਕ ਤਮੰਨਾ ਜ਼ਰੂਰ ਪੂਰੀ ਕਰਨੀ। ਦੁਨੀਆਂ ਅਜ ਕਤਲਗਾਹ ਬਣੀ ਹੋਈ ਹੈ, ਭਰਾ ਭਰਾ ਦਾ ਲਹੂ ਪੀ ਰਿਹਾ ਹੈ। ਇਹ ਜ਼ੁਲਮ ਨੂੰ ਮਿਟਾਣ ਲਈ ਤੁਸੀਂ ਜਿੰਨਾ ਕੁਝ ਵੀ ਕਰ ਸਕਦੇ ਹੋਵੇ, ਕਰਨਾ। ਆਪਣੇ ਪੰਜਾਬੀ ਭਰਾਵਾਂ ਦੇ ਦਿਲਾਂ ਵਿਚੋਂ ਇਸ ਜ਼ਹਿਰੀਲੇ ਮਾਦੇ ਨੂੰ ਕਢ ਕੇ ਜਿਥੋਂ ਤੀਕ ਮੁਮਕਿਨ ਹੋ ਸਕੇ ਇਤਿਹਾਦ ਦੇ ਜਜ਼ਬਾਤ ਭਰਨ ਦੀ ਕੋਸ਼ਿਸ਼ ਕਰਨੀ। ਜਦੋਂ ਤੁਸੀਂ ਆਪਣੀ ਜ਼ਿੰਦਗੀ ਦੀ ਗਡੀ ਨੂੰ ਏਸ ਪਾਸੇ ਮੋੜਨ ਦੀ ਕੋਸ਼ਿਸ਼ ਕੀਤੀ ਤਾਂ ਸਮਝ ਲੈਣਾ ਕਿ ਤੁਸਾਂ ਨਸੀਮ ਦੀ ਰੂਹ ਨੂੰ ਦੋਜ਼ਖ ਦੀ ਅਗ ਵਿਚ ਸੜਨ ਤੋਂ ਬਚਾ ਲਿਆ। ਫਿਰ ਕਿਆਮਤ ਤੀਕ ਨਸੀਮ ਤੁਹਾਡੀ ਹੋਵੇਗੀ ਤੇ ਤੁਸੀਂ ਨਸੀਮ ਦੇ।

"ਇਕ ਵਾਰੀ ਫੇਰ ਮਿਲਣ ਦੀ ਤਮੰਨਾ ਲੈ ਕੇ ਜਾ ਰਹੀ — ਤੁਹਾਡੀ ਨਸੀਮ।"

ਕ੍ਰਿਸ਼ਨਾ ਇਸ ਚਿਠੀ ਨੂੰ ਪੜ੍ਹਦੀ ਗਈ, ਤੇ ਯੂਸਫ ਸੁਣਦਾ ਗਿਆ। ਜਦ ਇਸ ਦਾ ਅੰਤਮ ਪੈਰ੍ਹਾ ਖ਼ਤਮ ਕਰਕੇ ਦੋਹਾਂ ਨੇ ਇਕ ਦੂਜੇ ਵਲ ਤਕਿਆ ਤਾਂ ਚਾਰੇ ਅੱਖਾਂ ਅੱਥਰੂਆਂ ਵਿਚ ਤ੍ਰਿਬ੍ਰਡ ਸਨ।

ਥੋੜਾ ਚਿਰ ਖ਼ਾਮੋਸ਼ੀ ਰਹੀ। ਕੇਵਲ ਪਖੇ ਦੀ ਘੂੰ ਘੂੰ ਹੀ ਸੁਣਾਈ ਦੇ ਰਹੀ ਸੀ। ਚੌਂਹਾਂ ਅੱਖਾਂ ਦੀ ਜੋਤ ਆਪੋ ਵਿਚ ਇਸ ਤਰ੍ਹਾਂ ਰਲ ਮਿਲ ਗਈ ਸੀ, ਜਿਵੇਂ ਛੱਤ ਨਾਲ ਚਲ ਰਹੇ ਦੋਹਾਂ ਪਖਿਆਂ ਦੀ ਹਵਾ। ਘ੍ਰਿਣਾ, ਸ਼ਰਮਿੰਦਗੀ, ਦੂਜੈਗੀ ਤੇ ਸੰਕੋਚ ਦੇ ਸਾਰੇ ਭਾਵ ਅੱਖਾਂ ਦੇ ਖਾਰੇ ਪਾਣੀ ਨਾਲ ਦਿਲਾਂ ਤੋਂ ਧੋਤੇ ਜਾ ਚੁਕੇ ਸਨ, ਪਰ ਕ੍ਰਿਸ਼ਨਾ ਦੇ ਮਨ ਦਾ ਕੋਈ ਲੁਕਵਾਂ ਹਿਸਾ ਅਜੇ ਵੀ ਸਸ਼ੰਕਿਤ ਜਿਹੀ ਅਵਾਜ਼ ਵਿਚ ਬੋਲ ਰਿਹਾ ਸੀ — ਪਰ... ...ਪਰ... ..."

"ਹਛਾ ਫੇਰ ?" ਕ੍ਰਿਸ਼ਨਾ ਨੇ ਕਹਾਣੀ ਦੇ ਅੰਤਮ ਹਿਸੇ ਨੂੰ ਜਾਣਨ ਦੀ ਖ਼ਾਹਿਸ਼ ਨਾਲ ਪੁਛਿਆ।

ਯੂਸਫ਼ ਦਸਣ ਲਗਾ — "ਇਸ ਚਿਠੀ ਨੂੰ ਪੜ੍ਹ ਕੇ ਮੇਰੇ ਦਿਲ ਦੀ ਰਹਿੰਦੀਖੂੰਹਦੀ ਮੈਲ ਵੀ ਧੋਤੀ ਗਈ, ਤੇ ਅੰਦਰੋਂ ਆਵਾਜ਼ ਉਠੀ — ਨਸੀਮ ! ਇਨਸ਼ਾਂਅਲਾਹਤਾਲਾ ਮੈਂ ਹੁਣ ਉਹੀ ਕੁਝ ਬਣ ਕੇ ਦਸਾਂਗਾ, ਜਿਸ ਦੀ ਤੜਪ ਦਿਲ ਵਿਚ ਲੈ ਕੇ ਤੂੰ ਘਰੋਂ ਨਿਕਲੀ ਹੈਂ। ਥੋੜੀ ਦੇਰ ਬਾਅਦ ਮਿਲਟਰੀ ਦੀ ਇਕ ਲਾਰੀ ਮਿਲੀ, ਜਿਸ ਉਤੇ ਸਵਾਰ ਹੋ ਕੇ ਮੈਂ ਪਿੰਡੀ ਪਹੁੰਚ ਕੇ ਸਭ ਤੋਂ ਪਹਿਲਾਂ ਸੂਬੇਦਾਰ ਰੁਸਤਮ ਖਾਂ ਦੇ ਮਕਾਨ ਤੇ ਗਿਆ। ਆਪਣਾ ਗਿਰਾਈਂ ਹੋਣ ਕਰਕੇ ਉਸ ਨਾਲ ਮੇਰੀ ਚੰਗੀ ਜਾਣ-ਪਛਾਣ ਸੀ। ਬਿਨਾ ਰੋਕ ਟੋਕ ਮੈਂ ਉਸ ਦੇ ਘਰ ਅੰਦਰ ਚਲਾ ਗਿਆ, ਜਿਥੇ ਉਹ ਅਗਵਾ ਕੀਤੀਆਂ ਹੋਈਆਂ ਕੁੜੀਆਂ ਮੌਜੂਦ ਸਨ। ਮੇਰਾ ਖ਼ਿਆਲ ਸੀ ਕਿ ਤੂੰ ਜ਼ਰੂਰ ਉਨ੍ਹਾਂ ਵਿਚ ਹੋਵੇਂਗੀ ਪਰ ਤੇਰੀ ਬਜਾਇ ਮੈਂ ਭਾਬੀ ਰੁਕਮਣ ਨੂੰ ਉਥੇ ਵੇਖਿਆ।"

"ਭਾਬੀ ਉਥੇ ਸੀ ? ਫਿਰ ਉਸ ਦਾ ਕੀ ਬਣਿਆ ? ਤੁਸਾਂ ਉਸਨੂੰ ਉਥੋਂ ਕਢਾਣ ਦੀ ਕੋਸ਼ਿਸ਼ ਨਾ ਕੀਤੀ ?" ਇਸ ਤਰ੍ਹਾਂ ਦੇ ਕਈ ਸਵਾਲ ਕ੍ਰਿਸ਼ਨਾ ਇਕੋ ਸਾਹ ਕਰ ਗਈ।

"ਜ਼ਰਾ ਹੌਸਲੇ ਨਾਲ ਸੁਣ" ਯੂਸਫ਼ ਬੋਲਿਆ — "ਸਭ ਕੁਝ ਤਰਤੀਬ ਵਾਰ ਦਸਦਾ ਹਾਂ। ਮੈਨੂੰ ਵੇਖਦਿਆਂ ਹੀ ਰੁਕਮਣ ਡਡਿਆ ਕੇ ਮੇਰੇ ਗਲ ਨਾਲ ਆ ਲਗੀ। ਉਸ ਵੇਲੇ ਲਾਗੇ ਪਾਸੇ ਕਈ ਹੋਰ ਆਦਮੀ ਸਨ, ਜਿਸ ਕਰ ਕੇ ਮੈਂ ਉਸ ਨੂੰ ਇਸ਼ਾਰੇ ਨਾਲ ਸਮਝਾ ਦਿਤਾ ਕਿ ਉਹ ਜ਼ਰਾ ਸਬਰ ਕਰੇ, ਮੈਂ ਛੇਤੀ ਹੀ ਉਸ ਨੂੰ ਬਚਾਣ ਦੀ ਕੋਸ਼ਿਸ਼ ਕਰਾਂਗਾ। ਪਰ ਜਿਸ ਦੀ ਤਲਾਸ਼ ਵਿਚ ਮੈਂ ਨਿਕਲਿਆ ਸਾਂ ਉਸ ਦਾ ਕੋਈ ਪਤਾ ਨਾ ਲਗ ਸਕਿਆ। ਛੇਕੜ ਮੈਂ ਇਸੇ ਨਤੀਜੇ ਤੇ ਪਹੁੰਚਿਆ ਕਿ ਵਿਚਾਰੀ ਨਸੀਮ ਭਾਵੇਂ ਉਥੇ ਹੀ ਸਰਨਿਹਾਲੀ ਦੀ ਖੁੰਧਰ ਵਿਚ ਕਤਲ ਕਰ ਦਿਤੀ ਗਈ ਹੋਵੇ।

"ਸੂਬੇਦਾਰ ਪਾਸ ਜਾਕੇ ਮੈਂ ਮਿੰਨਤ ਤਰਲਾ ਕੀਤਾ ਤੇ ਰੁਕਮਣ ਦੀ ਬੰਦ ਖਲਾਸੀ ਕਰਾ ਕੇ ਉਸ ਨੂੰ ਉਥੋਂ ਲੈ ਆਇਆ। ਕੀ ਦਸਾਂ, ਉਸ ਵੇਲੇ ਵਿਚਾਰੀ ਦੀ ਕੀ ਹਾਲਤ ਸੀ। ਰੋ ਰੋ ਕੇ ਉਸ ਨੇ ਬੁਰਾ ਹਾਲ ਕਰ ਲਿਆ ਸੀ। ਬੂਟੇ ਸ਼ਾਹ ਦੀ ਮੌਤ ਦਾ ਉਸ ਨੂੰ ਕਿਸੇ ਤਰ੍ਹਾਂ ਪਤਾ ਲਗ ਚੁਕਾ ਸੀ, ਪਰ ਬਾਬਾ ਜੀ ਜਾਂ ਤੇਰੀ ਬਾਬਤ ਉਸ ਨੂੰ ਕੋਈ ਖ਼ਬਰ ਨਹੀਂ ਸੀ ਕਿ ਤੁਸੀਂ ਕਿਥੇ ਹੋ।"

"ਤੇ ਫੇਰ ਭਾਬੀ ਕਿਥੇ ਗਈ ?" ਕ੍ਰਿਸ਼ਨਾ ਨੇ ਕਾਹਲਾ ਜਿਹਾ ਸਵਾਲ ਕੀਤਾ।

"ਕਿਤੇ ਨਹੀਂ ਗਈ" ਯੂਸਫ ਬੋਲਿਆ — "ਉਸ ਦਿਨ ਤੋਂ ਲੈ ਕੇ ਅਜ ਤੀਕ ਉਹ ਮੇਰੀ ਨਿਗਰਾਨੀ ਹੇਠ ਹੈ।"

"ਤੁਹਾਡੀ ਨਿਗਰਾਨੀ ਹੇਠ ? ਕਿਸ ਤਰ੍ਹਾਂ ?" ਕੁਝ ਡਰ ਕੇ ਤੇ ਕੁਝ ਘਬਰਾ ਕੇ ਕ੍ਰਿਸ਼ਨਾ ਨੇ ਪੁਛਿਆ।

"ਦਸਦਾ ਹਾਂ" ਯੂਸਫ ਨੇ ਆਪਣਾ ਬਿਆਨ ਜਾਰੀ ਰਖਿਆ— "ਧੀਰਜ ਦਿਲਾਸਾ ਦੇ ਕੇ ਮੈਂ ਉਸ ਦਾ ਦਿਲ ਕੁਝ ਟਿਕਾਣੇ ਕੀਤਾ। ਮੇਰਾ ਕਵਾਰਟਰ ਕੋਈ ਬਹੁਤਾ ਵਡਾ ਨਹੀਂ ਸੀ, ਪਰ ਗੁਜ਼ਾਰੇ ਜੋਗਾ ਹੈ ਸੀ। ਉਥੇ ਮੈਂ ਭਾਬੀ ਰੁਕਮਣ ਨੂੰ ਲੈ ਕੇ ਰਾਤ ਦੇ ਹਨ੍ਹੇਰੇ ਵਿਚ ਪੁਜਾ, ਤੇ ਰਾਤੋ ਰਾਤ ਉਸ ਲਈ ਮੁਸਲੱਕੇ ਕਪੜਿਆਂ ਦਾ ਇੰਤਜ਼ਾਮ ਕਰ ਕੇ ਦਿਨ ਚੜ੍ਹਦਿਆਂ ਤੀਕ ਮੈਂ ਆਪਣੇ ਗੁਆਂਢੀਆਂ ਵਿਚ ਇਹ ਮਸ਼ਹੂਰ ਕਰ ਦਿਤਾ ਕਿ ਮੇਰੀ ਵਡੀ ਭੈਣ ਪਿੰਡੋਂ ਮਿਲਣ ਲਈ ਆਈ ਹੈ। ਉਸਦੇ ਸਾਹਮਣੇ ਮੈਂ ਕਲਾਮਿ ਪਾਕ ਦੀ ਕਸਮ ਖਾਧੀ ਕਿ ਜਦ ਤੀਕ ਮੇਰੀ ਜ਼ਿੰਦਗੀ ਹੈ, ਉਸ ਨੂੰ ਸੱਕੀ ਭੈਣ ਦਾ ਦਰਜਾ ਦਿਤੀ ਰਖਾਂਗਾ, ਤੇ ਆਪਣਾ ਸਾਰਾ ਤਾਣ ਲਾ ਕੇ ਬਾਬਾ ਜੀ ਤੇ ਨਸੀਮ ਦੀ ਖੋਜ ਕਰਾਂਗਾ। ਇਸ ਤੋਂ ਬਾਅਦ ਮੈਂ ਉਹ ਸੋਨੇ ਚਾਂਦੀ ਨਾਲ ਭਰਿਆ ਹੋਇਆ ਟਰੰਕ ਉਸ ਦੇ ਹਵਾਲੇ ਕਰ ਦਿਤਾ।"

"ਯੂਸਫ ! ਆਹ ! ! ਮੇਰੇ ਚੰਗੇ ਯੂਸਫ ! !" ਬੇਤਹਾਸ਼ਾ ਇਹ ਕਹਿੰਦੀ ਹੋਈ ਕ੍ਰਿਸ਼ਨਾ ਨੇ

ਉਸਦਾ ਹਥ ਫੜ ਕੇ ਘੁਟ ਲਿਆ — 'ਤੁਸੀਂ ਸਚਮੁਚ ਯੂਸਫ਼ ਸਾਨੀ ਹੋ। ਅਜ ਤੁਸੀਂ ਮੈਨੂੰ ਹਜ਼ਰਤ ਯਾਕੂਬ' ਦੇ ਪੁੱਤਰ ਨਜ਼ਰੀ ਆ ਰਹੇ ਹੋ।'

ਉਸ ਪੁਛਿਆ — 'ਫੇਰ ਕੀ ਹੋਇਆ ? ਆਹ ! ਕਿਤਨੀ ਕੁਰਬਾਨੀ ਕੀਤੀ ਤੁਸਾਂ। ਜਲਦੀ ਛੇਤੀ ਛੇਤੀ ਅਗਲਾ ਹਾਲ ਸੁਣਾਓ। ਮੇਰਾ ਦਿਲ ਕਾਹਲਾ ਪੈ ਰਿਹਾ ਏ।'

ਯੂਸਫ਼ ਨੇ ਦਸਣਾ ਸ਼ੁਰੂ ਕੀਤਾ —'ਭਾਬੀ ਰੁਕਮਣ ਦੇ ਮਿਲਣ ਦੀ ਮੈਨੂੰ ਬੇਹੱਦ ਖੁਸ਼ੀ ਹੋਈ, ਪਰ ਨਸੀਮ ! ਤੇਰੇ ਲਭਣ ਵਿਚ ਜਿੰਨੀ ਦੇਰ ਹੁੰਦੀ ਜਾਂਦੀ ਸੀ, ਉਤਨੀ ਹੀ ਮੇਰੀ ਰੂਹ ਅਜ਼ਾਬ ਵਿਚ ਤੜਪੀਤੜੀਦੀ ਜਾ ਰਹੀ। ਦਿਲ ਮੇਰਾ ਘੜੀ ਮੁੜੀ ਇਹੋ ਕਹਿੰਦਾ ਸੀ ਕਿ ਉਹ ਜ਼ਰੂਰ ਮਾਰੀ ਗਈ ਹੋਵੇਗੀ।

ਉਸੇ ਦੁਪਹਿਰੇ ਮੈਂ ਸਰਨਿਹਾਲੀ ਵਲ ਟੁਰ ਪਿਆ। ਭਾਬੀ ਰੁਕਮਣ ਨੂੰ ਮੈਂ ਇਹ ਕਹਿ ਕੇ ਘਰ ਛਡ ਗਿਆ ਕਿ ਮੈਂ ਬਾਬਾ ਜੀ, ਨਸੀਮ ਤੇ ਅਜ਼ੀਜ਼ ਦਾ ਪਤਾ ਕਰਨ ਜਾ ਰਿਹਾ ਹਾਂ, ਉਹ ਆਪਣਾ ਨਾਮ 'ਫਾਤਮਾ' ਕਹਿ ਕੇ ਜ਼ਾਹਰ ਕਰੇ।

ਸਰ ਨਿਹਾਲੀ ਦੀ ਖੁੰਧਰ, ਜਿਹੜੀ ਕਈ ਮੀਲਾਂ ਵਿਚ ਫੈਲੀ ਹੋਈ ਸੀ, ਮੈਂ ਉਥੇ ਪਹੁੰਚ ਕੇ ਸਾਰੀ ਢੂੰਡੀ, ਪਰ ਕੋਈ ਪਤਾ ਨਾ ਲਗਾ। ਅਖੀਰ ਮੈਨੂੰ ਇਕ ਆਜੜੀ ਮੁੰਡੇ ਨੇ ਦਸ ਪਾਈ ਕਿ ਫਲਾਣੀ ਥਾਂ ਇਕ ਡੂੰਘੇ ਸਾਰੇ ਟੋਏ ਵਿਚ ਬਹੁਤ ਸਾਰੀਆਂ ਲਾਸ਼ਾਂ ਬੂਟੀ ਦੇ ਝਾੜਾਂ ਹੇਠ ਢੱਕੀਆਂ ਪਈਆਂ ਨੇ। ਮੈਂ ਉਸੇ ਮੁੰਡੇ ਦੀ ਮਦਦ ਨਾਲ ਸਾਰੀਆਂ ਲਾਸ਼ਾਂ ਕਢ ਕੇ ਵੇਖੀਆਂ। ਨਸੀਮ ! ਤੇਰਾ ਵੀਰ ਅਜ਼ੀਜ਼ ਵੀ ਉਹਨਾਂ ਵਿਚ ਸੀ, ਨਾਲੇ ਮੇਰਾ ਪਗ ਵੱਟ ਦੋਸਤ ਬੂਟੇਸ਼ਾਹ ਵੀ। ਇਸ ਤੋਂ ਛੁਟ ਚੌਧਰੀ ਦਾ ਪੁੱਤਰ ਫੱਤਾ ਵੀ। ਪਰ ਜਿਸ ਦੀ ਖੋਜ ਵਿਚ ਮੈਂ ਨਿਕਲਿਆ ਸਾਂ, ਉਹ ਉਨ੍ਹਾਂ ਵਿਚ ਨਹੀਂ ਸੀ।

"ਮੈਂ ਤੇ ਬਾਪੂ ਨੇ ਹੀ ਉਨ੍ਹਾਂ ਸਾਰੀਆਂ ਲਾਸ਼ਾਂ ਨੂੰ ਦਫ਼ਨਾਇਆ ਸੀ" ਕਹਿੰਦਿਆਂ ਕਹਿੰਦਿਆਂ ਕ੍ਰਿਸ਼ਨਾ ਨੇ ਅੱਖਾਂ ਪੂੰਝੀਆਂ।

"ਤੁਸਾਂ ਹੀ ਦਫ਼ਨਾਈਆਂ ਸਨ ?" ਯੂਸਫ਼ ਨੇ ਮੋਢੇ ਨੂੰ ਪੈ ਰਹੀਆਂ ਚੀਸਾਂ ਤੋਂ ਕਸੀਸ ਵਟ ਕੇ ਕਿਹਾ — "ਖ਼ੈਰ, ਦਿਲ ਛੋਟਾ ਨਾ ਕਰ ਨਸੀਮ ! ਉਨ੍ਹਾਂ ਵਿਚਾਰਿਆਂ ਦੀ ਹਯਾਤੀ ਇਤਨੀ ਹੀ ਲਿਖੀ ਸੀ।"

"ਹੱਛਾ ਫੇਰ ?" ਨਸੀਮ ਨੇ ਵਾਰਤਾ ਦਾ ਬਾਕੀ ਹਿੱਸਾ ਸੁਣਨ ਦੀ ਉਤਸੁਕਤਾ ਪ੍ਰਗਟ ਕਰਦਿਆਂ ਪੁੱਛਿਆ।

"ਫਿਰ ਕੀ ਹੋਣਾ ਸੀ' ਯੂਸਫ਼ ਨੇ ਅਫ਼ਸੋਸੀ ਹੋਈ ਅਵਾਜ਼ ਵਿਚ ਕਿਹਾ — " ਹੋਰ ਵੀ ਜਿਥੇ ਤੀਕ ਵਾਹ ਲਗੀ, ਮੈਂ ਕੋਸ਼ਿਸ਼ ਕੀਤੀ, ਪਰ ਤੈਨੂੰ ਢੂੰਡਣ ਵਿਚ ਮੈਂ ਕਾਮਯਾਬ ਨਾ ਹੋਇਆ। ਲਾਗ ਪਾਸ ਦੇ ਜਿੰਨੇ ਰਿਫ਼ੀਊਜੀ ਕੈਂਪ ਸਨ, ਸਾਰੇ ਗਾਹ ਮਾਰੇ, ਪਰ ਕਿਤੋਂ ਵੀ ਕੋਈ ਸੂਹ ਨਾ ਮਿਲੀ। ਅਖੀਰ ਮਾਯੂਸੀ ਨੇ ਮੇਰਾ ਦਿਲ ਤੋੜ ਦਿਤਾ। ਮੇਰੀ ਜ਼ਿੰਦਗੀ ਦਾ ਜੇ ਕੋਈ ਨਿਸ਼ਾਨਾ ਸੀ ਤਾਂ ਸਿਰਫ਼ ਇਹੋ ਕਿ ਤੇਰੀ ਯਾਦ ਤੇ ਖੋਜ ਵਿਚ, ਤੇ ਜਾਂ ਹੁਕਮਾਂ ਦੀ ਤਾਮੀਲ ਵਿਚ ਬਾਕੀ ਜ਼ਿੰਦਗੀ ਗੁਜ਼ਾਰ ਦਿਆਂ ! ਤੇਰੀਆਂ ਚਿਠੀਆਂ ਨੂੰ ਮੈਂ ਤਾਵੀਜ਼ ਵਿਚ ਮੜ੍ਹਾ ਕੇ ਗਲ ਪਾ ਲਿਆ ਸੀ, ਤੇ– –"

"ਤਾਵੀਜ਼ ਵਿਚ ਕਿਉਂ ?" ਗਲ ਟੋਕ ਕੇ ਕ੍ਰਿਸ਼ਨਾ ਨੇ ਸਵਾਲ ਕੀਤਾ।

ਯੂਸਫ਼ ਬੋਲਿਆ — "ਮੈਂ ਦਿਲ ਨਾਲ ਤਹੱਈਆ ਕਰ ਲਿਆ ਸੀ ਕਿ ਨਸੀਮ ਦਾ ਮੇਲ ਭਾਵੇਂ ਜ਼ਿੰਦਗੀ ਵਿਚ ਹੋਵੇ ਭਾਵੇਂ ਨਾ ਹੋਵੇ, ਪਰ ਇਕ ਵਾਰ ਮੈਂ ਆਪਣੀ ਜ਼ਿੰਦਗੀ ਜ਼ਰੂਰ ਉਸ ਸੱਚੇ ਵਿਚ ਢਾਲ ਕੇ ਛਡਾਂਗਾ, ਜਿਸ ਦੀ ਨਸੀਮ ਹਮੇਸ਼ਾਂ ਮੇਰੇ ਕੋਲੋਂ ਮੰਗ ਕਰਦੀ ਰਹੀ, ਤੇ ਆਪਣੀ ਆਖ਼ਰੀ ਨਿਸ਼ਾਨੀ, ਇਨ੍ਹਾਂ ਚਿਠੀਆਂ ਵਿਚ ਵੀ ਜਿਸ ਨੇ ਮੈਥੋਂ ਇਹੋ ਕੁਝ ਮੰਗਿਆ ਹੈ ਤੇ ਇਸ

(ਇਸ ਦਾ ਖੁਲਾਸਾ 'ਖ਼ੂਨ ਦੇ ਸੋਹਿਲੇ' ਵਿਚ ਪੜ੍ਹੋ।)

ਕੌਮ ਦਾ ਮੁਢ ਬੰਨ੍ਹਣ ਲਈ ਸਭ ਤੋਂ ਪਹਿਲਾਂ ਲੋੜ ਸੀ ਮੈਨੂੰ ਪੁਲਸ ਦੀ ਨੌਕਰੀ ਛਡਣ ਦੀ, ਜਿਸ ਚੋਂ ਨਸੀਮ ! ਤੈਨੂੰ ਸਭ ਤੋਂ ਜ਼ਿਆਦਾ ਨਫ਼ਰਤ ਸੀ। ਪਰ ਮੇਰੀ ਇਹ ਤਮੰਨਾ ਪੂਰੀ ਨਾ ਹੋ ਸਕੀ। ਹਜ਼ਾਰ ਕੋਸ਼ਿਸ਼ਾਂ ਕਰਨ ਦੇ ਬਾਵਜੂਦ ਵੀ ਮੈਂ ਨੌਕਰੀ ਤੋਂ ਖਹਿੜਾ ਨਾ ਛੁਡਾ ਸਕਿਆ। ਅਖੀਰ ਮੈਂ ਸਲਾਹ ਕਰ ਲਈ ਕਿ ਚੁਪ ਚੁਪਾਤਾ ਹੀ ਕਿਸੇ ਪਾਸੇ ਨਿਕਲ ਜਾਵਾਂਗਾ। ਉਨ੍ਹਾਂ ਦਿਨਾਂ ਵਿਚ ਹਰ ਪਾਸੇ ਲਾ ਕਾਨੂੰਨੀ ਵਰਤ ਰਹੀ ਸੀ। ਇਕ ਭਗੌੜੇ ਸਿਪਾਹੀ ਦਾ ਪਿੱਛਾ ਕਰਨ ਦੀ ਕਿਸਨੂੰ ਵਿਹਲ ਸੀ। ਸੋ ਉਸ ਤੋਂ ਦੋ ਚਾਰ ਦਿਨ ਬਾਅਦ ਹੀ ਮੈਂ ਆਪਣਾ ਲਦਾ ਪਦਾ ਸਾਂਭ ਕੇ ਤੇ ਰੁਕਮਣ ਭਾਬੀ ਨੂੰ ਨਾਲ ਲੈ ਕੇ ਸਫ਼ਰ ਲਈ ਤਿਆਰ ਹੋ ਪਿਆ। ਤੇਰੀਆਂ ਚਿਠੀਆਂ ਵਾਲਾ ਤਾਵੀਜ਼ ਕਦਮ ਕਦਮ ਤੇ ਮੇਰੀ ਮਦਦ ਕਰਦਾ ਸੀ। ਜਦ ਜਦ ਵੀ ਮੇਰੇ ਅੰਦਰ ਕੋਈ ਕਮਜ਼ੋਰੀ ਆਉਣ ਲਗੀ, ਮੈਂ ਇਸੇ ਤਾਵੀਜ਼ ਦੀ ਮਦਦ ਨਾਲ ਉਸ ਉਤੇ ਫਤਹ ਹਾਸਲ ਕਰ ਲੈਂਦਾ ਸਾਂ।"

"ਹਛਾ, ਫਿਰ ਰਾਵਲਪਿੰਡੀਓਂ ਚਲ ਕੇ ਤੁਸੀਂ ਕਿਥੇ ਪਹੁੰਚੇ ?"

"ਉਥੋਂ ਚਲ ਕੇ ਅਸੀਂ ਇਥੇ ਅੰਮ੍ਰਿਤਸਰ ਆਏ। ਇਥੇ ਪੁਤਲੀਘਰ ਦੇ ਇਕ ਕਾਰਖ਼ਾਨੇ ਵਿਚ ਨਿਕੇ ਹੁੰਦਿਆਂ ਦਾ ਮੇਰਾ ਇਕ ਦੋਸਤ ਮਿਸਤਰੀ ਲਗਾ ਹੋਇਆ ਸੀ, ਉਸੇ ਦੀ ਮਦਦ ਨਾਲ ਮੈਨੂੰ ਨੌਕਰੀ ਵੀ ਮਿਲ ਗਈ ਤੇ ਰਹਿਣ ਲਈ ਕਵਾਟਰ ਵੀ। ਅਸਲ ਵਿਚ ਅੰਮ੍ਰਿਤਸਰ ਆਉਣ ਦੇ ਮੇਰੇ ਦੋ ਵਡੇ ਮਕਸਦ ਸਨ। ਇਕ ਤਾਂ ਮੈਨੂੰ ਪਤਾ ਸੀ ਕਿ ਪੱਛਮੀ ਪੰਜਾਬ ਚੋਂ ਹਿਜਰਤ ਕਰ ਕੇ ਗਏ ਹੋਏ ਹਿੰਦੂ ਸਿਖ ਸਭ ਤੋਂ ਪਹਿਲਾਂ ਅੰਮ੍ਰਿਤਸਰ ਜਾ ਕੇ ਠਹਿਰਦੇ ਨੇ, ਤੇ ਮੈਂ ਤੇਰੀ ਭਾਲ ਕਰਨੀ ਚਾਹੁੰਦਾ ਸਾਂ। ਮੈਨੂੰ ਯਕੀਨ ਸੀ ਕਿ ਤੂੰ ਬਾਪੂ ਹੋਰਾਂ ਦਾ ਸਾਥ ਨਹੀਂ ਛਡਿਆ ਹੋਣਾ, ਤੇ ਉਨ੍ਹਾਂ ਦੇ ਨਾਲ ਹੀ ਕਿਸੇ ਨਾ ਕਿਸੇ ਕੈਂਪ ਵਿਚ ਹੋਵੇਂਗੀ। ਦੂਜਾ ਮਕਸਦ ਸੀ ਜਿਹੜਾ ਤੂੰ ਮੇਰੇ ਜ਼ਿੰਮੇ ਲਾਇਆ ਸੀ ਇਤਿਹਾਦ ਦੇ ਪ੍ਰਚਾਰ ਕਰਨ ਦਾ। ਸੋ ਇਹਨਾਂ ਹੀ ਦੂਹਾਂ– –"

ਗਲ ਟੋਕ ਕੇ ਕ੍ਰਿਸ਼ਨਾ ਨੇ ਪੁਛਿਆ — "ਤੇ ਤੁਸਾਂ ਆਪਣਾ ਨਾਂ ਕਿਉਂ ਬਦਲ ਲਿਆ ?"

"ਕਿਸੇ ਮਜਬੂਰੀ ਕਰ ਕੇ ਹੀ ਬਦਲਣਾ ਪਿਆ ਸੀ। ਤੂੰ ਵੀ ਤੇ ਬਦਲ ਹੀ ਚੁਕੀ ਏਂ ਨਾ।"

"ਮੇਰੀ ਮਜਬੂਰੀ ਤਾਂ ਜ਼ਾਹਿਰ ਸੀ ਕਿ ਮੈਂ ਬਾਪੂ ਜੀ ਦੇ ਨਾਲ ਰਹਿ ਨਹੀਂ ਸਾਂ ਸਕਦੀ ਜੇ ਇਸ ਤਰ੍ਹਾਂ ਨਾ ਕਰਦੀ, ਪਰ ਤੁਹਾਨੂੰ ਕੇਹੜੀ ਮਜਬੂਰੀ ਸੀ ?"

"ਮੇਰੀ ਮਜਬੂਰੀ ਇਸ ਤੋਂ ਵੀ ਵਡੀ ਸੀ। ਮੈਂ ਪੁਲੀਸ ਵਿਚੋਂ ਨਸ ਕੇ ਆਇਆ ਹੋਇਆ ਸਾਂ, ਤੇ ਮੈਨੂੰ ਫੜੇ ਜਾਣ ਦਾ ਖ਼ਤਰਾ ਸੀ।"

"ਹਛਾ, ਤੇ ਹੁਣ ਭਾਬੀ ਤੁਹਾਡੇ ਨਾਲ ਹੀ ਰਹਿੰਦੀ ਹੈ ?"

"ਨਹੀਂ, ਮੇਰੇ ਨਾਲ ਰਹਿਣ ਵਿਚ ਉਸ ਨੂੰ ਕਾਫ਼ੀ ਤਕਲੀਫ਼ ਸੀ। ਇਕ ਤਾਂ ਮੈਂ ਸਾਰਾ ਦਿਨ ਘਰੋਂ ਬਾਹਰ ਰਹਿੰਦਾ ਸਾਂ, ਤੇ ਉਹ ਘਰ ਵਿਚ ਇਕੱਲੀ ਬੈਠੀ ਬੈਠੀ ਉਦਾਸ ਹੋ ਜਾਂਦੀ ਸੀ, ਦੂਜਾ ਉਸ ਨੂੰ ਆਪਣਾ ਭੇਦ ਖੁਲ੍ਹ ਜਾਣ ਦਾ ਵੀ ਡਰ ਸੀ। ਜਿਨ੍ਹਾਂ ਕਵਾਟਰਾਂ ਵਿਚ ਅਸੀਂ ਰਹਿੰਦੇ ਸਾਂ, ਉਥੇ ਹੋਰ ਵੀ ਬਹੁਤ ਸਾਰੀਆਂ ਮੁਸਲਮਾਨ ਮਜ਼ਦੂਰਾਂ ਦੀਆਂ ਜ਼ਨਾਨੀਆਂ ਸਨ, ਉਹ ਕਿਸੇ ਨਾਲ ਵੀ ਬਹੁਤਾ ਖੁਲ੍ਹਦੀ ਪਤੀਜਦੀ ਨਹੀਂ ਸੀ। ਵੈਸੇ ਵੀ ਉਨ੍ਹਾਂ ਦੀ ਗ਼ਲੀਜ਼ ਜਿਹੀ ਰਹਿਣੀ ਬਹਿਣੀ ਤੋਂ ਉਸ ਨੂੰ ਨਫ਼ਰਤ ਸੀ। ਸੋ ਇਨ੍ਹਾਂ ਸਾਰੀਆਂ ਗਲਾਂ ਨੂੰ ਵੇਖ ਕੇ ਮੈਂ ਉਸ ਨੂੰ ਛੇਹਰਟੇ ਦੇ ਲਾਗੇ ਜਿਹੜਾ ਲਾਵਾਰਸ ਰਿਫ਼ੀਊਜੀ ਜ਼ਨਾਨੀਆਂ ਲਈ ਕੈਂਪ ਬਣਿਆ ਹੈ, ਉਸ ਵਿਚ ਦਾਖ਼ਲ ਕਰਾ ਦਿਤਾ। ਕੈਂਪ ਦੇ ਇਨਚਾਰਜ ਮੇਰੀ ਬੜੀ ਇੱਜ਼ਤ ਕਰਦੇ ਨੇ। ਕੰਮ ਤੋਂ ਬਾਅਦ ਮੇਰੇ ਕੋਲ ਜਿੰਨਾ ਵੀ ਵਕਤ ਹੁੰਦਾ ਹੈ, ਉਹ ਸਾਰਾ ਜਾਂ ਤਾਂ ਤੇਰੀ ਭਾਲ ਵਿਚ ਗੁਜ਼ਾਰਦਾ ਹਾਂ ਤੇ ਜਾਂ ਤੇਰੇ ਹੁਕਮਾਂ ਦੀ ਤਾਮੀਲ ਵਿਚ। ਪਹਿਲਾਂ ਤਾਂ ਮੈਂ ਇਨਫ਼ਰਾਦੀ ਤੌਰ ਤੇ ਮੁਸਲਮਾਨਾਂ ਦੇ ਗਲੀਆਂ ਮਹੱਲਿਆਂ ਵਿਚ ਜਾ ਕੇ ਇਤਿਹਾਦ ਦਾ ਪਰਚਾਰ ਕਰਦਾ ਹੁੰਦਾ ਸਾਂ, ਪਰ ਜਦ ਤੋਂ ਮੈਂ ਇਤਿਹਾਦ

ਸਭਾ ਵਿਚ ਸ਼ਾਮਲ ਹੋਇਆਂ, ਮੇਰਾ ਸ਼ੱਕ ਹੋਰ ਵੀ ਜ਼ੋਰ ਫੜ ਗਿਆ। ਹੁਣ ਤਾਂ ਮੇਰਾ ਦਿਲ ਇਹ ਕਰਦਾ ਹੈ ਕਿ ਹੋਰ ਸਾਰੇ ਲਟਾਕੇ ਛਡ ਕੇ ਬਸ ਏਸੇ ਕੰਮ ਵਿਚ ਲਗ ਪਵਾਂ, ਪਰ ਕੀ ਕਰਾਂ ਇਕ ਤਾਂ ਭਾਬੀ ਰੁਕਮਣ ਨੂੰ ਛਡ ਕੇ ਕਿਤੇ ਦੂਰ ਦਰਾਜ਼ ਨਹੀਂ ਸਾਂ ਜਾ ਸਕਦਾ, ਦੂਜਾ ਅਜੇ ਤਕ ਵੀ ਮੈਨੂੰ ਇਹੋ ਤਾਘ ਲਗੀ ਹੋਈ ਸੀ ਕਿ ਮਤੇ ਤੂੰ ਕਿਸੇ ਕੈਂਪ ਕਾਫ਼ਲੇ ਵਿਚੋਂ ਲਭ ਹੀ ਪਵੇਂ। ਬਾਕੀ ਜਿਸ ਤਰ੍ਹਾਂ ਮੇਰੇ ਉਤੇ ਇਹ ਹਮਲਾ ਹੋਇਆ, ਇਸ ਬਾਬਤ ਤਾਂ ਸਤਨਾਮ ਹੋਰਾਂ ਸਭ ਕੁਝ ਤੈਨੂੰ ਦਸ ਹੀ ਦਿਤਾ ਹੋਵੇਗਾ।"

"ਸੁਣ ਚੁਕੀ ਹਾਂ" ਕ੍ਰਿਸ਼ਨਾ ਬੋਲੀ — "ਹਛਾ, ਇਹ ਦਸੋ, ਉਸ ਮੀਟਿੰਗ ਵਾਲੇ ਦਿਨ ਭਰਾ ਜੀ (ਸਤਨਾਮ) ਨਾਲ ਤੁਹਾਡੀਆਂ ਕੀ ਗਲਾਂ ਹੋਈਆਂ ਸਨ ?"

"ਗੱਲਾਂ ?" ਯੂਸਫ਼ ਦਾ ਹਾਸਾ ਨਿਕਲ ਗਿਆ — "ਗਲਾਂ ਬੜੀਆਂ ਮਜ਼ੇਦਾਰ ਹੋਈਆਂ। ਮੀਟਿੰਗ ਸ਼ੁਰੂ ਹੋਣ ਵਿਚ ਕਾਫ਼ੀ ਦੇਰ ਸੀ, ਤੇ ਅਸੀ ਦੋਵੇਂ ਦਫ਼ਤਰ ਦੀ ਬਰਸਾਤੀ ਵਿਚ ਜਾ ਬੈਠੇ। ਪਤਾ ਨਹੀਂ ਕਿਉਂ ਸਤਨਾਮ ਮੈਨੂੰ ਸ਼ੁਰੂ ਤੋਂ ਹੀ ਚੰਗਾ ਲਗਦਾ ਸੀ, ਤੇ ਮੇਰਾ ਦਿਲ ਕਰਦਾ ਸੀ ਕਿ ਆਪਣੇ ਦਿਲ ਦੇ ਸਾਰੇ ਰਾਜ਼ ਉਸ ਪਾਸ ਖੋਲ੍ਹ ਦਿਆਂ। ਨਾਲੇ ਰੱਬ ਸਬੱਬੀ ਉਸ ਦਿਨ ਗਲਾਂ ਦਾ ਸਿਲਸਿਲਾ ਹੀ ਕੁਝ ਐਸੇ ਢੰਗ ਦਾ ਸ਼ੁਰੂ ਹੋ ਗਿਆ ਸੀ।

"ਸਤਨਾਮ ਨੇ ਮੁਦਰਸਨ ਦਾ ਜ਼ਿਕਰ ਕਰਦਿਆਂ ਦਸਿਆ ਸੀ ਕਿ ਉਹ ਜ਼ਾਲਮ ਕਿਸ ਤਰ੍ਹਾਂ ਉਸ ਦੀ ਧਰਮ ਭੈਣ ਬਾਰੇ ਉਸ ਉਤੇ ਝੂਠੇ ਇਲਜ਼ਾਮ ਥਪ ਰਿਹਾ ਹੈ। ਸੋ ਸਤਨਾਮ ਦੀਆਂ ਗਲਾਂ ਸੁਣ ਕੇ ਮੇਰੇ ਦਿਲ ਨੂੰ ਸਦਮਾ ਪਹੁੰਚਿਆ। ਮੈਂ ਉਸ ਨੂੰ ਦਿਲਾਸਾ ਦਿਤਾ, ਤੇ ਫਿਰ ਆਪਣੀ ਜ਼ਿੰਦਗੀ ਦੇ ਰਾਜ਼ ਮੈਂ ਉਸ ਪਾਸ ਖੋਲ੍ਹਣ ਨੂੰ ਤਿਆਰ ਹੋ ਪਿਆ। ਮੀਟਿੰਗ ਸ਼ੁਰੂ ਹੋਣ ਦਾ ਵਕਤ ਹੋ ਗਿਆ ਸੀ, ਜਿਸ ਕਰਕੇ ਗਲ ਕਥ ਦਾ ਸਿਲਸਿਲਾ ਇਥੇ ਹੀ ਖ਼ਤਮ ਹੋ ਗਿਆ। ਫਿਰ ਉਸੇ ਸ਼ਾਮ ਅਸੀ ਦੋਵੇਂ ਇਕ ਹੋਟਲ ਵਿਚ ਚਾਹ ਪੀਣ ਜਾ ਬੈਠੇ ਤੇ ਉਥੇ ਬੈਠਿਆਂ ਹੀ ਮੈਂ ਉਸ ਨੂੰ ਆਪਣੀ ਦਾਸਤਾਨ ਸੁਣਾਈ, ਪਰ ਐਵੇਂ ਮੁਖ਼ਤਸਰ ਜਿਹੀ, ਜਿਸ ਨੂੰ ਸੁਣਦਿਆਂ ਹੀ ਮੈਨੂੰ ਇਉਂ ਜਾਪਿਆ, ਜਿਵੇਂ ਸਤਨਾਮ ਕਿਸੇ ਬਹੁਤ ਡੂੰਘੇ ਖ਼ਿਆਲ ਵਿਚ ਡੁਬ ਗਿਆ। ਉਹ ਸਮਝ ਗਿਆ ਸੀ ਕਿ ਜਿਸ ਨਸੀਮ ਬਾਰੇ ਮੈਂ ਉਸ ਅਗੇ ਜ਼ਿਕਰ ਕਰ ਰਿਹਾ ਸਾਂ, ਉਹ ਉਸੇ ਦੀ ਧਰਮ ਭੈਣ ਹੈ।"

ਕ੍ਰਿਸ਼ਨਾ ਬੋਲੀ — "ਭਰਾ ਜੀ ਨੇ ਫਿਰ ਤੁਹਾਨੂੰ ਮੇਰਾ ਭੇਦ ਦਸ ਦਿਤਾ ਸੀ ?"

"ਨਹੀਂ, ਬਿਲਕੁਲ ਕੁਝ ਨਾ, ਉਹ ਐਸਾ ਪਕਾ ਪਿਆ, ਕਿ ਅਖ਼ੀਰ ਤਕ ਇਸ ਬਾਰੇ ਉਸ ਨੇ ਮੈਨੂੰ ਕੁਝ ਨਾ ਦਸਿਆ। ਸਿਰਫ਼ ਹੁਣ ਤੋਂ ਥੋੜਾ ਚਿਰ ਪਹਿਲਾਂ, ਜਦ ਮੈਂ ਤੈਨੂੰ ਵੇਖਿਆ ਤਾਂ ਸਾਰੀ ਗਲ ਇਕ ਦੰਮ ਮੇਰੀ ਸਮਝ ਵਿਚ ਆ ਗਈ।"

"ਓਹ !" ਕਲਾਕ ਦੀ ਅਵਾਜ਼ ਸੁਣ ਕੇ ਗਲਾਂ ਦੇ ਸਿਲਸਿਲੇ ਨੂੰ ਕੱਟਦਾ ਹੋਇਆ ਯੂਸਫ਼ ਬੋਲਿਆ — "ਤਿੰਨ ਵਜ ਗਏ ?"

"ਬੜਾ ਵਕਤ ਹੋ ਗਿਆ !" ਕ੍ਰਿਸ਼ਨਾ ਬੋਲੀ — "ਤਾਂ ਹੁਣ ਤੁਸੀਂ ਆਰਾਮ ਕਰੋ, ਪਰ ਦਵਾਈ ਤੇ ਤੁਹਾਨੂੰ ਹੁਣ ਤਕ ਦੋ ਵਾਰੀ ਪੀ ਲੈਣੀ ਚਾਹੀਦੀ ਸੀ, ਨਾਲੇ ਦੁਧ ਵੀ" ਕਹਿੰਦੀ ਹੋਈ ਕ੍ਰਿਸ਼ਨਾ ਉਠੀ ਤੇ ਦਵਾਈ ਪਾਣ ਲਗੀ।

"ਦਵਾਈ ਦੀ ਹੁਣ ਲੋੜ ਨਹੀਂ" ਉਸ ਦੇ ਹਥ 'ਚੋਂ ਗਿਲਾਸੀ ਫੜਦਾ ਹੋਇਆ ਯੂਸਫ਼ ਬੋਲਿਆ — "ਜਿਸ ਨੂੰ ਆਬਿਹਯਾਤ ਮਿਲ ਗਿਆ, ਉਸ ਨੂੰ ਹੋਰ ਦਵਾਈਆਂ ਦੀ ਕੀ ਲੋੜ ਰਹਿ ਗਈ।" ਤੇ ਗਿਲਾਸੀ ਉਸ ਨੇ ਹੋਠਾਂ ਨੂੰ ਲਾ ਲਈ। ਕ੍ਰਿਸ਼ਨਾ ਦੇ ਹੋਠਾਂ ਤੇ ਅਜ ਫੇਰ ਇਕ ਵਾਰੀ ਓਹ ਮੁਸਕ੍ਰਾਹਟ ਦੌੜ ਗਈ, ਜਿਹੜੀ ਸ਼ਾਇਦ ਯੂਸਫ਼ ਦੇ ਵਿਛੋੜੇ ਤੋਂ ਬਾਅਦ ਉਸ ਨੂੰ ਹਮੇਸ਼ਾਂ ਲਈ ਭੁਲ ਚੁਕੀ ਸੀ।

"ਤਾਂ ਹੁਣ ਆਰਾਮ ਕਰੋ ਤੁਸੀਂ" ਇਹ ਕਹਿ ਕੇ ਕ੍ਰਿਸ਼ਨਾ ਜਿਉਂ ਹੀ ਪਰੇ ਹੋਣ ਲਗੀ ਕਿ ਯੂਸਫ਼ ਨੇ ਉਸ ਨੂੰ ਮੁੜ ਬਿਠਾਂਦਿਆਂ ਹੋਇਆਂ ਕਿਹਾ — "ਨਾ ਨਾ ! ਇਹ ਇਨਸਾਫ਼ ਵਾਲੀ ਗਲ ਨਹੀਂ ਨਸੀਮ, ਕਿ ਦੂਸਰੇ ਦੀ ਦਾਸਤਾਨ ਸੁਣ ਕੇ ਆਪਣੀ ਵਾਰੀ ਤੂੰ ਖਿਸਕ ਜਾਵੇਂ।"

ਕ੍ਰਿਸ਼ਨਾ ਬੈਠ ਗਈ। ਵਕਤ ਦੀ ਤੰਗੀ ਦਾ ਬਹਾਨਾ ਪਾ ਕੇ ਉਸ ਨੇ ਇਸ ਕੰਮ ਨੂੰ ਕਿਸੇ ਹੋਰ ਦਿਨ ਉਤੇ ਪਾਣਾ ਚਾਹਿਆ, ਪਰ ਯੂਸਫ਼ ਦੀ ਜ਼ਿਦ ਅਗੇ ਉਸ ਦੀ ਕੋਈ ਪੇਸ਼ ਨਾ ਗਈ। ਉਹ ਬੋਲੀ — "ਜੇ ਨਾ ਸੁਣਾਵਾਂ ਤਾਂ ਕੀ ਕਰੋਗੇ ?" ਤੇ ਫਿਰ ਆਪ ਹੀ ਕਹਿਣ ਲਗੀ — "ਹੁਣ ਵੀ ਸਪੋੜ ਕਢ ਮਾਰੋਗੇ ?"

ਯੂਸਫ਼ ਉਤੇ ਸ਼ਰਮਿੰਦਗੀ ਦਾ ਆਲਮ ਛਾ ਗਿਆ। ਕ੍ਰਿਸ਼ਨਾ ਨੇ ਵੀ ਹੁਣ ਬਿਨਾ ਇਸ ਗਲ ਦੀ ਪਰਵਾਹ ਕੀਤਿਆਂ ਕਿ ਰਾਤ ਕਿੰਨੀ ਚਲੀ ਗਈ ਹੈ, ਉਸ ਦਿਨ ਤੋਂ ਲੈ ਕੇ ਆਪਣੀ ਜੀਵਨੀ ਨੂੰ ਉਸ ਅਗੇ ਦੁਹਰਾਣਾ ਸ਼ੁਰੂ ਕੀਤਾ, ਜਿਸ ਦਿਨ ਯੂਸਫ਼ ਉਸ ਨਾਲ ਲੜ ਘੁਲ ਕੇ, "(ਲੋਕ ਖੂਨ ਦੇ ਸੋਹਿਲੇ) ਉਸ ਨੂੰ ਵਲੂੰਧਰ ਕੇ, ਉਸ ਦੀਆਂ ਵੈਣਾਂ ਤੇਜ਼ ਕੇ ਚਲਾ ਗਿਆ ਸੀ।

... ...

ਤੇ ਜਦ ਕ੍ਰਿਸ਼ਨਾ ਨੇ ਆਪਣੀ ਹਡ ਬੀਤੀ ਦਾ ਭੋਗ ਪਾਇਆ ਤਾਂ ਹਸਪਤਾਲ ਦੀ ਘੜੀ ਨੇ ਛੇ ਦਾ ਘੰਟਾ ਵਜਾਇਆ। ਕਿਹੜੇ ਵੇਲੇ ਕਮਰੇ ਦੀਆਂ ਬਿਜਲੀਆਂ ਬੁਝੀਆਂ, ਤੇ ਕਦੋਂ ਬਾਹਰੋਂ ਰੋਸ਼ਨਦਾਨਾਂ ਥਾਣੀ ਦਿਨ ਦਾ ਚਿਟਾ ਚਾਨਣ ਵਾਰਡ ਵਿਚ ਦਾਖ਼ਲ ਹੋਣਾ ਸ਼ੁਰੂ ਹੋ ਗਿਆ, ਦੁਹਾਂ ਵਿਚੋਂ ਕਿਸੇ ਨੂੰ ਇਸ ਦਾ ਇਲਮ ਨਹੀਂ ਸੀ।

ਕ੍ਰਿਸ਼ਨਾ ਛੇਤੀ ਨਾਲ ਉਠੀ, ਤੇ ਯੂਸਫ਼ ਪਾਸੋਂ ਆਗਿਆ ਲੈ ਕੇ ਅੱਖਾਂ ਦੇ ਵਾਰਡ ਵਲ ਤੁਰ ਪਈ। ਉਹ ਅਜੇ ਬਰਾਂਡੇ ਤੋਂ ਦਸ ਪੰਦਰਾਂ ਹੀ ਕਦਮ ਬਾਹਰ ਹੋਈ ਸੀ ਕਿ ਸਾਹਮਣਿਉਂ ਉਸ ਨੂੰ ਸਤਨਾਮ ਆਉਂਦਾ ਦਿਸਿਆ।

ਦੁਹਾਂ ਦੀਆਂ ਅੱਖਾਂ ਮਿਲੀਆਂ ਤੇ ਬਿਨਾਂ ਬੋਲਿਆਂ ਚਾਲਿਆਂ ਉਹ ਬਾਹਰ ਭਜ ਗਈ। ਇਧਰ ਸਤਨਾਮ ਲੰਮੇ ਲੰਮੇ ਕਦਮ ਪੁਟਦਾ ਹੋਇਆ ਯੂਸਫ਼ ਉਰਫ਼ 'ਮਿਸਟਰ ਸ਼ਫ਼ੀ' ਪਾਸ ਜਾ ਪੁਜਾ।

35

"**ਤੁਸੀਂ** ਬੜੇ. ਧੋਖੇਬਾਜ਼ ਹੋ ਭਰਾ ਜੀ।"

"ਮੈਂ, ਕਿ ਤੂੰ ਕ੍ਰਿਸ਼ਨਾ ?"

"ਤੁਸੀਂ।"

"ਮੈਂ ਕਿਉਂ ?"

"ਤੁਸਾਂ ਇਹ ਸਾਰਾ ਰਾਜ਼ ਕਿਉਂ ਨਾ ਖੋਲ੍ਹ ਦਿਤਾ ਪਹਿਲਾਂ ਹੀ ? ਨਾਵਲ ਦੇ ਪਲਾਟ ਵਾਂਗ ਕਈ ਦੇ ਕਈ ਕਾਂਡ ਰਚਦੇ ਰਹੇ।"

"ਪਰ ਜੇ ਇਸ ਤਰ੍ਹਾਂ ਨਾ ਕਰਦਾ ਤਾਂ ਤੈਨੂੰ ਇਸ ਮਿਲਾਪ ਦਾ ਇਤਨਾ ਸੁਆਦ ਆਉਂਦਾ ਸੀ ? ਪਰ ਧੋਖੇਬਾਜ਼ ਮੈਂ ਨਹੀਂ, ਅਸਲ ਵਿਚ ਤੂੰ ਏਂ ਕ੍ਰਿਸ਼ਨਾ।"

"ਮੈਂ ਕਿਉਂ ?"

"ਪੁਛ ਹੁਣ ਆਪਣੇ ਦਿਲ ਕੋਲੋਂ।"

"ਮੈਨੂੰ ਤੇ ਕੁਝ ਪਤਾ ਨਹੀਂ ਲਗਦਾ ਤੁਹਾਡੀਆਂ ਬੁਝਾਰਤਾਂ ਦਾ।"

"ਹਛਾ ਮੈਂ ਦਸਾਂ।"

"ਦਸੋ।"

"ਤੂੰ ਇਸ ਲਈ ਧੋਖੇਬਾਜ਼ ਹੈਂ ਕਿ ਉਸ ਰਾਤੀ ਜਦ ਮੈਂ ਤੇਰੇ ਪਾਸ ਯੂਸਫ਼ ਦਾ ਜ਼ਿਕਰ ਕੀਤਾ

ਤਾਂ ਕਿੰਨਾ ਨੱਕ ਚੜ੍ਹਾਇਆ ਸੀ ਤੂੰ ਕਹਿੰਦੀ ਸੈਂ — ਭਰਾ ਜੀ, ਮੁੜ ਕੇ ਉਸ ਦਾ ਨਾਂ ਨਾ ਲੈਣਾ ਮੇਰੇ ਸਾਹਮਣੇ, ਤੇ ਹੋਰ ਪਤਾ ਨਹੀਂ ਕੀ ਕੀ ਕਹਿ ਗਈ ਸੈਂ। ਪਰ ਹੁਣ ਪਤਾ ਲਗਾ ਕਿ ਤੂੰ ਝੂਠ ਬੋਲਦੀ ਸੈਂ। ਸਚ ਦਸ, ਇਹ ਧੋਖਾ ਨਹੀਂ ਸੀ ?"

ਸਿਫ਼ਲ, ਉਦਾਸ ਤੇ ਨਿਰਾਸ ਜਿਹੇ ਧੁੰਧਲਕੇ ਤੋਂ ਬਾਅਦ ਕ੍ਰਿਸ਼ਨਾ ਦੀ ਜੀਵਨ-ਪ੍ਰਭਾਤ ਉਤੇ ਇਹ ਪਹਿਲਾ ਪਹੁ-ਫੁਟਾਲਾ ਸੀ। ਖ਼ੁਸ਼ੀਆਂ, ਉਮੰਗਾਂ ਤੇ ਸੱਧਰਾਂ ਦੇ ਸੁਨਹਿਰੀ ਖੰਭਾਂ ਨਾਲ ਅਜ ਕ੍ਰਿਸ਼ਨਾ ਦਾ ਮਨ ਸਵਰਗੀ ਅਰਸ਼ਾਂ ਵਿਚ ਉਡਾਰੀਆਂ ਮਾਰ ਰਿਹਾ ਸੀ। ਯੂਸਫ਼ — ਉਸ ਦੇ ਜੀਵਨ ਦੇ ਮੁਢ ਤੋਂ ਲੈ ਕੇ ਅਜ ਤੀਕ ਜਿਹੜਾ ਕਿਸੇ ਨਾ ਕਿਸੇ ਰੂਪ ਵਿਚ ਉਸ ਦੇ ਹਿਰਦੇ ਵਿਚ ਰੂਪਮਾਨ ਸੀ, ਅਜ ਅਰਸ਼ਾਂ ਦਾ ਦੇਵਤਾ ਬਣ ਕੇ ਉਸ ਦੇ ਦਿਲ ਦੇ ਸਿੰਘਾਸਨ ਉਤੇ ਬਿਰਾਜਮਾਨ ਸੀ, ਤੇ ਕ੍ਰਿਸ਼ਨਾ ਦਾ ਹਰ ਇਕ ਫੁਰਨਾ, ਸ਼ਰਧਾਂਜਲੀ ਤੇ ਪੁਸ਼ਪਾਂਜਲੀ ਦੀ ਸ਼ਕਲ ਵਿਚ ਵਟ ਕੇ ਅਜ ਉਸ ਦੇਵਤਾ ਲਈ ਪੂਜਾ ਦੀ ਸਾਮਗਰੀ ਬਣਿਆ ਹੋਇਆ ਸੀ। ਉਸਦੇ ਹਿਰਦੇ ਦੀਆਂ ਸਾਰੀਆਂ ਸੁੰਞੀਆਂ ਥਾਵਾਂ ਨਾ ਕੇਵਲ ਭਰ ਗਈਆਂ ਸਨ, ਸਗੋਂ ਉਛਲ ਉਛਲ ਕੇ ਕੰਢਿਆਂ ਨੂੰ ਉਲੰਘ ਰਹੀਆਂ ਸਨ। ਅਜ ਕ੍ਰਿਸ਼ਨਾ ਦਾ ਰੋਮ ਰੋਮ ਆਪਣੇ ਭਰਾ ਸਤਨਾਮ ਨੂੰ ਸਲਾਹ ਰਿਹਾ ਸੀ। ਇਸ ਦੇ ਨਾਲ ਹੀ ਉਸਦੇ ਅੰਦਰੋਂ ਇਸ ਭਾਵ ਦੇ ਖਿਆਲ ਵੀ ਉਠਦੇ ਸਨ — "ਮੈਂ ਬਹੁਤ ਵਡੀ ਕਰਾਮਾਤ ਕਰਕੇ ਦਿਖਾਈ ਹੈ। ਸਚ ਮੁਚ ਮੇਰੇ ਅੰਦਰ ਕੋਈ ਦੈਵੀ ਤਾਕਤ ਹੈ, ਜਿਸਦੀ ਮਦਦ ਨਾਲ ਜੇ ਮੈਂ ਚਾਹਾਂ ਤਾਂ ਦੁਨੀਆਂ ਦਾ ਤਖਤਾ ਉਲਟ ਕੇ ਰਖ ਦਿਆਂ" ਤੇ ਇਸ ਦੀ ਪੁਸ਼ਟੀ ਵਿਚ ਓਦਨ ਵਾਲੀ ਮੀਟਿੰਗ ਦਾ ਨਜ਼ਾਰਾ ਉਸ ਦੀਆਂ ਅੱਖਾਂ ਅਗੇ ਫਿਰ ਗਿਆ ਜਦ ਉਸ ਨੇ ਆਪਣੀ ਇਕੋ ਤਕਰੀਰ ਦੇ ਅਸਰ ਨਾਲ ਸਾਰੀ ਪਾਰਟੀ ਦਾ ਰੁਖ ਪਲਟ ਦਿਤਾ ਸੀ, ਤੇ ਦੂਜਾ ਇਹ ਯੂਸਫ਼ ਦੀ ਕਾਇਆ ਕਲਪ ਕਰਨ ਦਾ ਕ੍ਰਿਸ਼ਮਾ।

ਇਸ ਵੇਲੇ, ਜਦ ਕਿ ਵਡੇ ਵੇਲੇ ਉਹ ਹਸਪਤਾਲ ਦੇ ਅੱਖਾਂ ਵਾਲੇ ਵਾਰਡ ਵਿਚ ਪਏ ਬਾਪੂ ਦੇ ਇਕ ਕਿੱਤੇ ਤੇ ਬੈਠੀ ਸਤਨਾਮ ਨਾਲ ਬੀਤੀ ਰਾਤ ਦੇ ਜਗਰਾਤੇ ਬਾਰੇ ਗਲਾਂ ਕਰ ਰਹੀ ਸੀ, ਤਾਂ ਖ਼ੁਸ਼ੀਆਂ ਦਾ ਕੋਈ ਬੇ-ਪਨਾਹ ਅੰਬਾਰ ਸੀ ਜੇਹੜਾ ਉਸ ਦੇ ਅੰਦਰ ਮਿਟਾਇਆਂ ਨਹੀਂ ਸੀ ਮਿਟ ਸਕਦਾ। ਮੁੜ ਮੁੜ ਉਸ ਦੇ ਅੰਦਰੋਂ ਇਕ ਮਿਠੀ ਮਦਮੱਤੀ ਜਿਹੀ ਗੂੰਜਾਰ ਉਠਦੀ — "ਮੈਂ ਆਪਣਾ ਮਕਸਦ ਪਾ ਲਿਆ ਹੈ। ਅਜ ਮੇਰਾ ਯੂਸਫ਼ ਮਿਸਰ ਦੇ ਸੁਲਤਾਨ ਨਾਲੋਂ ਕਿਸੇ ਤਰ੍ਹਾਂ ਵੀ ਘਟ ਨਹੀਂ। ਅਜ ਮੈਂ ਆਪਣੇ ਸੋਹਣੇ ਯੂਸਫ਼ ਦੀ ਜ਼ੁਲੈਖਾਂ ਬਣਨ ਲਈ ਜਾ ਰਹੀ ਹਾਂ। ਪਰ ਇਤਨੀ ਦੇਰ ਕਿਉਂ ? ਇਹ ਘੜੀਆਂ ਪਲ, ਇਹ ਮਿੰਟ ਤੇ ਸਕਿੰਟ ਕਿਉਂ ਇਤਨੇ ਲੰਬੇ ਹੁੰਦੇ ਜਾਂਦੇ ਹਨ ? ਓਹ ਸੁਭਾਗ ਘੜੀ ਕਿੰਨੀ ਕੁ ਦੁਰਾਡੀ ਹੈ ਜਦ ਮੈਂ ਆਪਣੇ ਪ੍ਰੀਤਮ ਦੀ — ਆਪਣੇ ਯੂਸਫ਼ ਦੀ ਜ਼ੁਲੈਖਾਂ ਹੋਵਾਂਗੀ।"

ਸਤਨਾਮ ਦਾ ਤਾਹਨਾ ਸੁਣ ਕੇ ਕ੍ਰਿਸ਼ਨਾ ਸ਼ਰਮਾ ਗਈ, ਉਸ ਦਾ ਸਿਰ, ਜਿਹੜਾ ਰਾਤ ਤੋਂ ਹੀ ਖ਼ਿਆਲਾਂ ਦੇ ਭਾਰ ਨਾਲ ਭਾਰਾ ਹੋ ਰਿਹਾ ਸੀ, ਹੋਰ ਭਾਰਾ ਹੋ ਕੇ ਸਤਨਾਮ ਦੀ ਗੋਦੀ ਵਿਚ ਢਹਿ ਪਿਆ, ਤੇ ਅੱਖਾਂ ਉਸ ਦੀਆਂ ਬੰਦ ਹੋ ਗਈਆਂ।

"ਕ੍ਰਿਸ਼ਨਾ !" ਸਤਨਾਮ ਨੇ ਉਸਦਾ ਸਿਰ ਚੁਕ ਕੇ ਮੁੜ ਉਸਨੂੰ ਠੀਕ ਹਾਲਤ ਵਿਚ ਬਿਠਾਇਆਂ ਟਿਚਕਰ ਕੀਤੀ — "ਤਾਂ ਕੀ ਸਚਮੁਚ ਯੂਸਫ਼ ਤੈਨੂੰ ਪਸੰਦ ਨਹੀਂ ?"

"ਨਹੀਂ ਦਸਦੀ" ਬਣਾਵਟੀ ਗੁਸਾ ਦਰਸਾਂਦੀ ਹੋਈ ਕ੍ਰਿਸ਼ਨਾ ਉਠ ਖੜੋਤੀ, ਪਰ ਉਸ ਦੇ ਚੇਹਰੇ ਤੇ ਜਿਹੜੀਆਂ ਲਾਲੀਆਂ ਦਗ ਰਹੀਆਂ ਸਨ, ਇਨ੍ਹਾਂ ਨੇ ਬਿਨਾਂ ਉਸ ਦੇ ਦਸਿਆਂ ਹੀ ਸਭ ਕੁਝ ਦਸ ਦਿਤਾ।

"ਹੱਛਾ ਇਕ ਹੋਰ ਗਲ ਸੁਣ" ਉਸਨੂੰ ਬਾਹੋਂ ਫੜ ਕੇ ਬਿਠਾਂਦਾ ਹੋਇਆ ਸਤਨਾਮ ਬੋਲਿਆ — "ਬਾਪੂ ਜੀ ਨੂੰ ਦਸ ਦਿਆਂ ਹੁਣ ਇਹ ਸਾਰੀ ਗਲ ?"

"ਨਾ, ਨਾ !" ਕਹਿਕੇ ਕ੍ਰਿਸ਼ਨਾ ਨੇ ਮੂੰਹ ਦੂਜੇ ਪਾਸੇ ਮੋੜ ਲਿਆ।

"[illegible] ਕਿਉਂ" ਸਤਨਾਮ ਨੇ ਉਸ ਦੀ ਠੋਡੀ ਫੜ ਕੇ ਆਪਣੇ ਵਲ ਮੂੰਹ ਫੇਰਦਿਆਂ [illegible] "ਤੈਨੂੰ ਪਤਾ ਏ ਕ੍ਰਿਸ਼ਨਾ, ਅਜ ਕਲ੍ਹ ਰਾਸ਼ਨ ਦੀ ਕਿੰਨੀ ਤੰਗੀ ਏ ? ਇਸ ਹਾਲਤ ਵਿਚ [illegible] ਤੈਨੂੰ ਹੋਰ ਬਹੁਤਾ ਚਿਰ ਘਰ ਵਿਚ ਨਹੀਂ ਰਖ ਸਕਦੇ।"

"[illegible] ਖਿਲਾਂਦਾ ਕਿਉਂ ਸਾਜੇ ?" ਕ੍ਰਿਸ਼ਨਾ ਦੇ ਹੋਠਾਂ ਤੇ ਐਤਕੀਂ ਚੋਰ ਜਿਹੀ ਮੁਸਕਰਾਹਟ [illegible] ਰਹੀ ਸੀ।

"[illegible] ਖਿਲਾਂਦਾ ਇਸ ਕਰ ਕੇ ਤਾਂ ਤੈਨੂੰ ਨਹੀਂ ਸੀ ਕਿ ਸਾਰੀ ਉਮਰ ਲਈ [illegible] ਮਾਰ ਰਖੀਏ। [illegible] ਮਿਸਰ ਮੈਂ ਹੀ ਨਹੀਂ, ਬਾਪੂ ਹੋਰੀਂ ਵੀ ਤਾਂ ਤੈਨੂੰ ਪਕਾ ਦੇਣ ਦੇ ਫਿਕਰ ਵਿਚ ਨੇ।"

ਕ੍ਰਿਸ਼ਨਾ ਨੂੰ ਇਹ "ਪਕਾ ਦੇਣ" ਵਾਲੇ ਲਫ਼ਜ਼ ਜੇ ਕਿਸੇ ਹੋਰ ਵੇਲੇ ਕਹੇ ਜਾਂਦੇ ਤਾਂ ਉਹ [illegible] ਮਰਨਹਾਰੀ ਹੋ ਜਾਂਦੀ, ਪਰ ਇਸ ਵੇਲੇ, ਜਦ ਕਿ ਉਹ ਸਮਝ ਚੁਕੀ ਸੀ, ਕਿ ਇਹ ਪੱਕਾ [illegible] ਉਸ ਨੂੰ ਪ੍ਰੀਤਮ ਦੀਆਂ ਬਾਹਾਂ ਵਿਚ ਸੁਟਿਆ ਜਾਵੇਗਾ, ਖ਼ੁਸ਼ੀ ਤੇ ਚਾਓ ਦੀ ਇਕ ਗੁਦਗੁਦੀ ਉਸ ਦੀ ਰਗ ਰਗ ਵਿਚ ਫਿਰ ਗਈ।

"ਬਾਪੂ ਹੋਰੀਂ ਤੇ ਨਹੀਂ ਦੇਣਾ ਚਾਹੁੰਦੇ" ਕ੍ਰਿਸ਼ਨਾ ਦਬਵੇਂ ਜਿਹੇ, ਪਰ ਮਧੁਰਤਾ ਭਰੇ ਰੋਹ ਦਾ ਪ੍ਰਗਟਾ ਕਰਦੀ ਹੋਈ ਬੋਲੀ — "ਤੁਸੀ ਭਾਵੇਂ ਤੰਗ ਆ ਗਏ ਹੋਵੋ ਮੇਰੇ ਕੋਲੋਂ।"

"ਮੇਰਾ ਤੰਗ ਆਉਣਾ ਵੀ ਤਾਂ ਕੁਦਰਤੀ ਗਲ ਹੈ ਕ੍ਰਿਸ਼ਨਾ, ਜਦ ਕਿ ਤੂੰ ਜਾਣਦੀ ਏਂ ਕਿ [illegible] ਅਜ ਕਲ੍ਹ ਆਪਣੇ ਜੋਗਾ ਵੀ ਪੂਰਾ ਨਹੀਂ ਹੁੰਦਾ।"

ਜਵਾਬ ਵਿਚ ਕ੍ਰਿਸ਼ਨਾ ਨੇ ਕੁਝ ਕਹਿਣਾ ਚਾਹਿਆ, ਪਰ ਫੇਰ ਰੁਕ ਗਈ। ਸਤਨਾਮ ਫਿਰ ਬੋਲਿਆ — "ਬਾਪੂ ਜੀ ਦੀ ਪੱਟੀ ਖੁਲ੍ਹਣ ਵਿਚ ਤਿੰਨ ਚਾਰ ਦਿਨ ਬਾਕੀ ਨੇ। ਡਾਕਟਰ ਨੂੰ ਪੂਰਾ ਯਕੀਨ ਹੈ ਕਿ ਓਪਰੇਸ਼ਨ ਸੌ ਫ਼ੀ ਸਦੀ ਕਾਮਯਾਬ ਰਹੇਗਾ। ਜੇ ਮੇਰੀ ਸਲਾਹ ਤਾਂ ਇਹ ਸੀ ਕਿ ਜਿਸ ਦਿਨ ਬਾਪੂ ਜੀ ਦੀ ਪਟੀ ਖੁਲ੍ਹੇ ਉਸੇ ਦਿਨ ਤੇਰਾ ਡੋਲਾ ਵਦ ਦਿਤਾ ਜਾਵੇ, ਤਾਂ ਜੁ ਅੱਖਾਂ ਖੁਲ੍ਹਣ ਤੋਂ ਬਾਅਦ ਪਹਿਲਾ ਨਜ਼ਾਰਾ ਉਹ ਇਹੋ ਵੇਖਣ। ਆਪਣੀ ਕ੍ਰਿਸ਼ਨਾ ਨੂੰ ਦੁਲਹਨ ਦੀ ਸ਼ਕਲ ਵਿਚ ਸਜੀ ਹੋਈ ਵੇਖ ਕੇ ਕਿੰਨੇ ਖ਼ੁਸ਼ ਹੋਣਗੇ। ਪਰ ਮੁਸ਼ਕਲ ਇਹ ਹੈ ਕਿ ਵਿਚਾਰਾ ਯੂਸਫ਼ ਅਜੇ ਹਫ਼ਤਾ ਕੁ ਮੰਜਾ ਨਹੀਂ ਛਡ ਸਕਦਾ। ਖ਼ੈਰ ਦੇਖੀ ਜਾਏਗੀ।" ਤੇ ਇਸ ਪ੍ਰਸੰਗ ਨੂੰ ਬਦਲਦਾ ਹੋਇਆ ਉਹ ਬੋਲਿਆ — "ਕੁਈਨ ਰੋਡ ਵਾਲੀ ਕੋਠੀ ਵਿਚ, ਜਿਥੇ ਸਾਡੀ ਸਭਾ ਦਾ ਦਫ਼ਤਰ ਹੈ, ਦੋ ਤਿੰਨ ਕਮਰੇ ਮੈਂ ਤੁਹਾਡੇ ਲਈ ਖਾਲੀ ਕਰਵਾ ਲਏ ਨੇ, ਜਿਥੇ ਤੇਰਾ, ਬਾਪੂ ਜੀ ਦਾ ਤੇ ਨਾਲੇ ਭਾਬੀ ਰੁਕਮਣ ਦੀ ਰਿਹਾਇਸ਼ ਦਾ ਇੰਤਜ਼ਾਮ ਕੀਤਾ ਜਾਏਗਾ। ਨਾਲੇ ਉਸ ਅਜਨਬੀ ਮਿਸਟਰ ਸ਼ਫੀ ਨੂੰ ਵੀ ਸ਼ਾਇਦ ਤੁਹਾਡੇ ਨਾਲ ਹੀ ਰਹਿਣਾ ਪਵੇ," ਕਹਿੰਦਾ ਕਹਿੰਦਾ ਸਤਨਾਮ ਸ਼ਰਾਰਤ ਭਰਿਆ ਹਾਸਾ ਹਸਿਆ।

"ਮੈਨੂੰ ਨਹੀਂ ਪਤਾ ਇਹਨਾਂ ਗਲਾਂ ਦਾ, ਜਾਓ ਪਰੇ" ਕਹਿੰਦੀ ਹੋਈ ਕ੍ਰਿਸ਼ਨਾ ਫੇਰ ਉਠ ਖੜੋਤੀ ਤੇ ਸਤਨਾਮ ਦੇ ਰੋਕਦਿਆਂ ਰੋਕਦਿਆਂ ਵੀ ਉਹ ਨਠ ਕੇ ਬਾਪੂ ਦੇ ਮੰਜੇ ਪਾਸ ਅਪੜ ਗਈ।

— — —

ਉਡੀਕ ਦੇ ਇਹ ਦਸ ਦਿਨ, ਦਸਾਂ ਵਰ੍ਹਿਆਂ ਜਿੰਨਾ ਤਰਸਾ ਕੇ ਆਖ਼ਰ ਖ਼ਤਮ ਹੋਏ ਤੇ ਬਾਬਾ ਜੀ ਦੀਆਂ ਅੱਖਾਂ ਦੀ ਪਟੀ ਖੁਲ੍ਹੀ। ਜਿਉਂ ਹੀ ਹੌਲੀ ਹੌਲੀ ਪਪੋਟੇ ਉਠਣ ਤੋਂ ਬਾਅਦ ਉਹਨਾਂ ਪੂਰੀ ਤਰ੍ਹਾਂ ਅੱਖਾਂ ਖੋਲ੍ਹੀਆਂ ਕਿ ਖ਼ੁਸ਼ੀ ਨਾਲ ਬਾਬਾ ਦਾ ਦਿਲ ਨੱਚ ਉਠਿਆ। ਪਾਗਲਾਂ ਵਾਂਗ ਪੁਕਾਰੇ — "ਕ੍ਰਿਸ਼ਨਾ ! ਕ੍ਰਿਸ਼ਨਾ ! ਮੇਰੀਆਂ ਅੱਖਾਂ ਠੀਕ ਹੋ ਗਈਆਂ, ਬਿਲਕੁਲ ਨੌ ਬਰ ਨੌ। ਓਹ ! ਮੈਂ ਤੇਰੇ ਮਥੇ ਦੇ ਵਾਲ ਤਕ ਗਿਣ ਸਕਦਾ ਹਾਂ ਕ੍ਰਿਸ਼ਨਾ।"

"ਬਾਪੂ ਜੀ" ਝਲਿਆਂ ਵਾਂਗ ਕ੍ਰਿਸ਼ਨਾ ਉਸਦੀ ਝੋਲੀ ਵਿਚ ਆ ਡਿਗੀ — "ਸ਼ੁਕਰ ਏ, ਰਬ ਦਾ ਲਖ ਲਖ ਸ਼ੁਕਰ।"

"ਬਾਪੂ ਜੀ, ਵਧਾਈ" ਕੇਸਰ ਕੌਰ ਵੀ ਉਸ ਮੌਕੇ ਤੇ ਕੋਲ ਹੀ ਬੈਠੀ ਸੀ, ਬੋਲ ਉਠੀ – "ਧੰਨ ਗੁਰੂ ਰਾਮਦਾਸ – ਧੰਨ ਸੱਚਾ ਪਾਤਸ਼ਾਹ। ਬਿਲਕੁਲ ਠੀਕ ਦਿਸਦਾ ਜੇ ਬਾਪੂ ਜੀ ?"

"ਬੀਬੀ ਜੀ" ਖੁਸ਼ੀ ਵਿਚ ਖੀਵਾ ਹੋ ਕੇ ਬਾਬਾ ਬੋਲਿਆ – "ਵੀਹਾਂ ਵਰ੍ਹਿਆਂ ਦੇ ਜੁਆਨ ਵਰਗੀ ਨਜ਼ਰ ਮਿਲ ਗਈ ਏ। ਇਹ ਸਾਰਾ ਪਰਤਾਪ ਉਸ ਪਰਮਾਤਮਾ ਦਾ, ਤੇ ਜਾਂ ਤੁਹਾਡੇ ਪੁਰਸ਼ਾਰਥ ਦਾ ਸਦਕਾ ਏ ਬੀਬੀ ਜੀ।"

"ਕ੍ਰਿਸ਼ਨਾ !" ਸਤਨਾਮ ਬੋਲਿਆ – "ਲੈ ਫੜੀ, ਅਜ ਮੂੰਹ ਮਿਠਾ ਕਰਾ ਇਸ ਖੁਸ਼ੀ ਵਿਚ।"

"ਭਰਾ ਜੀ" ਖੁਸ਼ੀ ਨਾਲ ਕ੍ਰਿਸ਼ਨਾ ਦੀਆਂ ਅੱਖਾਂ ਵਿਚ ਅਥਰੂ ਉਤਰ ਆਏ – "ਧਰਵਾਓ ਤੁਸੀਂ ਜਿਨ੍ਹਾਂ ਦੀ ਘਾਲ ਥਾਂ ਪਈ ਏ।"

ਉਸੇ ਸ਼ਾਮ ਇਹ ਪਰਵਾਰ ਖੁਸ਼ੀ ਵਿਚ ਹੁਲਾਰੇ ਲੈਂਦਾ ਘਰ ਪਹੁੰਚਿਆ ਤੇ ਪਹੁੰਚਣ ਤੇ ਬਾਅਦ ਇਹ ਸਾਰੇ ਤੇ ਨਾਲ ਤਿੰਨ ਚਾਰ ਗਵਾਂਢੀ ਵੀ ਜਦ ਦਰਬਾਰ ਸਾਹਿਬ ਤੁਰੇ ਜਾਂਦੇ ਸਨ, ਤਾਂ ਕੜਾਹ ਪ੍ਰਸ਼ਾਦ ਦੀ ਭਰੀ ਹੋਈ ਪਰਾਤ ਕ੍ਰਿਸ਼ਨਾ ਦੇ ਮੋਢੇ ਤੇ ਡੋਲ ਰਹੀ ਸੀ। ਸਤਨਾਮ ਨੇ ਵੀ ਕਿਹਾ ਤੇ ਨਾਲ ਜਾ ਰਹੇ ਕਨ੍ਹਈਏ ਨੇ ਵੀ ਕਿ ਉਨ੍ਹਾਂ ਵਿਚੋਂ ਕਿਸੇ ਇਕ ਨੂੰ ਫੜਾ ਦੇਵੇ, ਪਰ ਕ੍ਰਿਸ਼ਨਾ ਨੇ ਕਿਸੇ ਦੀ ਗਲ ਨਹੀਂ ਸੁਣੀ।

ਬਾਬਾ ਜੀ ਨੇ ਨਵੀਆਂ ਅੱਖਾਂ ਦੇ ਰੂਪ ਵਿਚ ਮਿਲੀ ਹੋਈ ਕੁਦਰਤ ਦੀ ਇਸ ਅਮੋਲਕ ਦਾਤ ਨੂੰ ਪ੍ਰਾਪਤ ਕਰਨ ਤੋਂ ਬਾਅਦ ਸਾਰੇ ਚਿਹਰਿਆਂ ਨੂੰ ਵਾਰੋ ਵਾਰੀ ਤੇ ਰਜ ਰਜ ਕੇ ਤਕਿਆ। ਉਸ ਦਾ ਦਿਲ ਸ਼ੁਕਰ ਗੁਜ਼ਾਰੀ ਦੇ ਬੋਝ ਨਾਲ ਹੁਲਾਰੇ ਖਾ ਰਿਹਾ ਸੀ।

... ...

ਹੁਣ ਬਾਬਾ ਜੀ ਨੂੰ ਡੰਗੋਰੀ ਦੀ ਲੋੜ ਨਹੀਂ ਸੀ ਰਹੀ ਤੇ ਅਜੀਬ ਗਲ ਇਹ ਕਿ ਉਹ ਵਿਚਾਰੀ ਬਾਬੇ ਦੀ ਚਿਰ-ਸਾਥਣ ਡੰਗੋਰੀ ਹਸਪਤਾਲ ਵਾਲੇ ਕਮਰੇ ਦੀ ਕੰਧ ਨਾਲ ਹੀ ਖੜੀ ਖੜੋਤੀ ਰਹਿ ਗਈ ਸੀ, ਜਿਸ ਨੂੰ ਲਿਆਉਣ ਦਾ ਨਾ ਆਉਣ ਲਗਿਆਂ ਕਿਸੇ ਜ਼ਿਕਰ ਕੀਤਾ ਤੇ ਨਾ ਹੀ ਮੁੜ ਕੇ ਉਸ ਦਾ ਕਿਸੇ ਨੂੰ ਚੇਤਾ ਆਇਆ।

ਇਸ ਤੋਂ ਦੂਸਰੇ ਦਿਨ – ਅਗਸਤ ਦੀ ਤੇਰਾਂ ਤਾਰੀਖ ਨੂੰ – ਦੁਪਹਿਰੇ ਸਤਨਾਮ ਨੇ ਬਾਬਾ ਜੀ ਤੇ ਕ੍ਰਿਸ਼ਨਾ ਨੂੰ, ਸਣੇ ਮੁੰਨੀ, ਕੇਸਰ ਕੌਰ ਤੇ ਕਨ੍ਹਈਏ ਦੇ ਕਾਰ ਵਿਚ ਬਿਠਾਲ ਕੇ ਕੁਈਨ ਰੋਡ ਵਾਲੀ ਕੋਠੀ ਵਿਚ ਪਹੁੰਚਾ ਦਿਤਾ। ਜਿਥੇ ਪਹਿਲਾਂ ਤੋਂ ਹੀ ਕਮਰਿਆਂ ਆਦਿ ਦੀ ਸਫਾਈ ਹੋ ਚੁਕੀ ਤੇ ਲੋੜੀਂਦਾ ਸਾਮਾਨ ਉਨ੍ਹਾਂ ਵਿਚ ਇਕੱਠਾ ਕੀਤਾ ਗਿਆ ਸੀ।

ਕੋਠੀ ਵਿਚ ਪਹੁੰਚ ਕੇ ਜਦ ਕ੍ਰਿਸ਼ਨਾ ਨੇ ਵੇਖਿਆ ਕਿ ਸਭ ਕੁਝ ਉਨ੍ਹਾਂ ਦੀ ਹੀ ਰਿਹਾਇਸ਼ ਲਈ ਜੋੜਿਆ ਸੰਵਾਰਿਆ ਗਿਆ ਹੈ, ਤਾਂ ਖੁਸ਼ੀ ਨਾਲ ਉਸ ਦਾ ਦਿਲ ਨਚ ਉਠਿਆ, ਉਸ ਲਈ ਕੋਠੀ ਦਾ ਨਿਵਾਸ ਖੁਸ਼ੀਆਂ ਤੇ ਚਾਵਾਂ ਦਾ ਕੇਂਦਰ ਨਹੀਂ ਸੀ, ਬਲਕਿ ਇਸ ਦੇ ਓਹਲੇ ਹੋਰ ਕਈ ਚੀਜ਼ਾਂ ਸਨ, ਜਿਨ੍ਹਾਂ ਦੀ ਕਾਹਲੀ ਉਡੀਕ ਇਸ ਵੇਲੇ ਉਸ ਦੇ ਹਿਰਦੇ ਦੀਆਂ ਤਾਰਾਂ ਨੂੰ ਟੁਣਕਾਰਦੀ ਹੋਈ ਕੋਈ ਮਧੁਰ ਜਿਹਾ ਤਰਾਨਾ ਉਸ ਦੇ ਅੰਦਰ ਛੇੜ ਰਹੀ ਸੀ। ਆਪਣੇ ਹੋਣ ਵਾਲੇ ਜੀਵਨ ਸਾਥੀ ਦੇ ਪੁਨਰ ਮਿਲਣ ਦੀ ਬੇਕਰਾਰੀ, ਭਾਬੀ ਰੁਕਮਣ ਦੀ ਉਡੀਕ ਤੇ ਨਾਲ ਹੀ ਆਪਣੇ ਬਾਪੂ ਦੇ ਉਸ ਸੋਨੇ ਚਾਂਦੀ ਨਾਲ ਭਰੇ ਹੋਏ ਟਰੰਕ ਦੀ ਉਡੀਕ। ਇਸ ਸਭ ਕੁਝ ਬਾਬਤ ਸਤਨਾਮ ਨੇ ਉਸ ਨੂੰ ਇਕ ਛੋਟੀ ਜਿਹੀ ਸਕੀਮ ਦੇ ਰੂਪ ਵਿਚ ਸਮਝਾ ਦਿਤਾ ਹੋਇਆ ਸੀ, ਪਰ ਵਿਚਾਰਾ ਬਾਬਾ ਅਜੇ ਤੀਕ ਇਨ੍ਹਾਂ ਸਾਰੀਆਂ ਗਲਾਂ ਵਲੋਂ ਹਨ੍ਹੇਰੇ ਵਿਚ ਸੀ। ਹੁਣ ਤਕ ਉਸ ਨੂੰ ਕੁਝ ਵੀ ਪਤਾ ਨਹੀਂ ਸੀ ਕਿ ਏਧਰ ਕੁਝ ਦਿਨਾਂ ਤੋਂ ਏਸ ਪਰਵਾਰ ਵਿਚ ਕਿਹੜੀ ਨਵੀਂ ਸਾਜ਼ਸ਼ ਰਚੀ ਜਾ ਰਹੀ ਹੈ ਤੇ ਸ਼ਾਇਦ ਇਹ ਸਭ ਕੁਝ ਸਤਨਾਮ ਨੇ ਜਾਣ ਕੇ ਹੀ ਹੁਣ ਤੀਕ ਉਸ ਤੋਂ ਲੁਕਾਈ ਰਖਿਆ ਸੀ, ਉਸ ਦੀਆਂ ਅੱਖਾਂ ਖੁਲ੍ਹਣ ਦੀ ਉਡੀਕ ਵਿਚ।

ਕੋਠੀ ਵਿਚ ਜਦ ਚੰਗੀ ਤਰ੍ਹਾਂ ਟਿਕ ਟਿਕਾਉ ਹੋ ਗਿਆ, ਤਾਂ ਸਤਨਾਮ ਉਸ ਕਮਰੇ ਵਿਚ ਜਾ ਪਹੁੰਚਾ ਜਿਹੜਾ ਬਾਬਾ ਜੀ ਲਈ ਰਾਖਵਾਂ ਸੀ। ਇਸ ਵੇਲੇ ਸਾਰਾ ਟੱਬਰ ਬਾਬਾ ਜੀ ਨੂੰ ਘੇਰੀ ਬੈਠਾ ਸੀ।

"ਕਿਉਂ ਬਾਪੂ ਜੀ" ਸਤਨਾਮ ਨੇ ਕਮਰੇ ਵਿਚ ਦਾਖਲ ਹੁੰਦਿਆਂ ਹੀ ਸਵਾਲ ਕੀਤਾ – "ਇਹ ਥਾਂ ਪਸੰਦ ਜੇ ?"

"ਆਓ ਸਤਨਾਮ" ਕਹਿ ਕੇ ਬਾਬੇ ਨੇ ਉਸ ਨੂੰ ਆਪਣੇ ਕੋਲ ਬਿਠਾਇਆ। ਅਜ ਪਹਿਲਾ ਦਿਨ ਸੀ ਜਦ ਕਿਸੇ ਆਉਣ ਵਾਲੇ ਨੂੰ ਬਾਬਾ ਬਿਨਾਂ "ਕੌਣ ਏਂ – ਕਿਹੜਾ ਏ ?" ਦੇ ਸਵਾਲ ਤੋਂ ਪਹਿਚਾਣ ਸਕਿਆ।

ਤੇ ਜਦ ਸਤਨਾਮ ਬੈਠ ਗਿਆ, ਤਾਂ ਬਾਬੇ ਨੇ ਜਵਾਬ ਦਿਤਾ – "ਬੀਬਾ ! ਇਹ ਮੂੰਹ ਤੇ ਮਸਰਾਂ ਦੀ ਦਾਲ। ਭਲਾ ਅਸੀਂ ਪੇਂਡੂ ਲੋਕ ਚੰਗੇ ਲਗਨੇ ਆਂ ਇਹੋ ਜਿਹੇ ਸ਼ੀਸ਼ ਮਹੱਲਾਂ ਵਿਚ ? ਇਹ ਤੁਹਾਨੂੰ ਹੀ ਸੁਹੰਦਣੇ ਹੋਣ।"

"ਪਰ ਬਾਪੂ ਜੀ" ਸਤਨਾਮ ਨੇ ਵੀ ਹਾਸੇ ਦਾ ਜਵਾਬ ਹਾਸੇ ਵਿਚ ਦਿਤਾ – ਪਿੰਡਾਂ ਵਾਲਿਆਂ ਦੇ ਮਹਿਲ ਮਾੜੀਆਂ ਤੇ ਸਗੋਂ ਅਜ ਕਲ੍ਹ ਦੇ ਸ਼ਹਿਰੀ ਮਹੱਲਾਂ ਨਾਲੋਂ ਵੀ ਕੀਮਤੀ ਹੁੰਦੇ ਨੇ।"

"ਹੁੰਦੇ ਹੋਣਗੇ ਬਰਖੁਰਦਾਰ" ਬਾਬਾ ਕੁਝ ਗੰਭੀਰ ਹੋ ਕੇ ਬੋਲਿਆ – "ਪਰ ਸਾਡੇ ਵਰਗੇ ਖ਼ਾਨਾ ਬਦੋਸ਼ਾਂ ਦੀ ਗਿਣਤੀ ਤਾਂ ਉਨ੍ਹਾਂ ਵਿਚ ਨਹੀਂ ਨਾ।"

"ਤੁਸੀਂ ਖ਼ਾਨਾ ਬਦੋਸ਼ ਕਿਉਂ ਬਾਪੂ ਜੀ।" ਸਤਨਾਮ ਦੇ ਥਾਂ ਕੇਸਰ ਕੌਰ ਮੁਸਕਰਾਈ – "ਤੁਸੀਂ ਤੇ ਸੁਖ ਨਾਲ ਪੰਝੀ ਤੀਹ ਹਜ਼ਾਰ ਦੀ ਸਾਮੀ ਜੇ ਐਸ ਵੇਲੇ।"

"ਮੈਂ ਪੰਝੀ ਤੀਹ ਹਜ਼ਾਰ ਦੀ ਸਾਮੀ ?" ਬਾਬੇ ਨੇ ਇਸ ਅਨੋਖੇ ਮਜ਼ਾਕ ਤੋਂ ਜ਼ਰਾ ਕੁ ਛਿਥਿਆ ਹੋ ਕੇ ਕੇਸਰ ਕੌਰ ਵਲ ਤਕਦਿਆਂ ਪੁਛਿਆ।

"ਹਾਂ ਬਾਪੂ ਜੀ, ਤੁਸੀਂ" ਸਤਨਾਮ ਨੇ ਜਵਾਬ ਦਿਤਾ। ਕ੍ਰਿਸ਼ਨਾ ਇਸ ਵੇਲੇ ਵਾਰਤਾਲਾਪ ਵਿਚ ਕੋਈ ਹਿੱਸਾ ਨਹੀਂ ਸੀ ਲੈ ਰਹੀ – ਸਵੈਟਰ ਉਣਦੀ ਹੋਈ ਉਹ ਕੇਵਲ ਇਸ ਦੇ ਸੁਆਦ ਦੀ ਮਸਤੀ ਵਿਚ ਸਰਸ਼ਾਰ ਹੋ ਰਹੀ ਸੀ।

"ਉਹ !" ਕਹਿ ਕੇ ਬਾਬੇ ਨੇ ਇਸ ਬੇਜੋੜ ਜਿਹੀ ਮਖੌਲਬਾਜ਼ੀ ਤੋਂ ਬੇਜ਼ਾਰੀ ਪ੍ਰਗਟ ਕੀਤੀ। ਉਸ ਦੇ ਹੋਠਾਂ ਉਤੇ ਬੇਭਰੋਸਗੀ ਦਾ ਹਾਸਾ ਸੀ।

"ਤੁਹਾਨੂੰ ਯਕੀਨ ਨਹੀਂ ਆਉਂਦਾ ਬਾਪੂ ਜੀ ?" ਕੇਸਰ ਕੌਰ ਬੋਲੀ – "ਸਬੂਤ ਦਿਆਂ ?" ਤੇ ਉਸ ਨੇ ਸਤਨਾਮ ਵਲ ਇਸ਼ਾਰਾ ਕੀਤਾ, ਜਿਹੜਾ ਝਟ ਉਠ ਕੇ ਦੂਸਰੇ ਕਮਰੇ ਵਿਚ ਚਲਾ ਗਿਆ।

"ਹਛਾ ਛਡੋ ਹੁਣ ਇਨ੍ਹਾਂ ਬੇਸਿਰ ਪੈਰ ਦੀਆਂ ਗਲਾਂ ਨੂੰ" ਬਾਬੇ ਨੇ ਸਾਰਿਆਂ ਨੂੰ ਸੰਬੋਧਨ ਕੀਤਾ ਤੇ ਫਿਰ ਕੇਸਰ ਕੌਰ ਨੂੰ ਪੁਛਣ ਲਗਾ, "ਇਥੇ ਅਜ ਕਾਹਦੇ ਲਈ ਲਿਆਂਦਾ ਜੇ ਮੈਨੂੰ ? ਅਗੇ ਵੀ ਬੀਬੀ ਜੀ, ਇਕ ਦੋ ਵਾਰੀ ਪੁਛ ਚੁਕਾਂ ਵਾਂ ਤੁਹਾਨੂੰ।"

"ਇਕ ਵਿਆਹ ਏ ਬਾਪੂ ਜੀ" ਕੇਸਰ ਕੌਰ ਨੇ ਜਵਾਬ ਦਿਤਾ।

"ਤੁਹਾਡੇ ਕਿਸੇ ਰਿਸ਼ਤੇਦਾਰ ਦਾ ?" ਬਾਬੇ ਨੇ ਪੁਛਿਆ ਤੇ ਇਸ ਤੋਂ ਪਹਿਲਾਂ ਕਿ ਕੇਸਰ ਕੌਰ ਜਵਾਬ ਦੇਂਦੀ ਕਨ੍ਹਈਏ ਦੇ ਸਿਰ ਤੇ ਇਕ ਟਰੰਕ ਚੁਕਾਈ ਸਤਨਾਮ ਅੰਦਰ ਆ ਪਹੁੰਚਿਆ ਤੇ ਆਉਂਦਿਆਂ ਹੀ ਉਸ ਦਾ ਢਕਣ ਖੋਲ੍ਹ ਕੇ ਬਾਬਾ ਜੀ ਦੇ ਸਾਹਮਣੇ ਕਰਦਾ ਹੋਇਆ ਬੋਲਿਆ – "ਕਿਉਂ ਬਾਪੂ ਜੀ ! ਭਲਾ ਵੇਖੋ ਖਾਂ, ਇਹ ਟਰੰਕ ਤੁਹਾਡਾ ਤੇ ਨਹੀਂ ?"

"ਹੈਂ... ...ਇਹ... ...ਇਹ... ...ਤੇ... ..." ਬਾਬਾ ਜਿਉਂ ਜਿਉਂ ਟਰੰਕ ਵਿਚਲੀਆਂ ਚੀਜ਼ਾਂ ਨੂੰ ਤਕਦਾ ਗਿਆ, ਉਸ ਦੀ ਜ਼ਬਾਨ ਥਿੜਕਦੀ ਗਈ।

"ਹੁਣ ਦਸੋ ਬਾਪੂ ਜੀ" ਸਾਰੀਆਂ ਚੀਜ਼ਾਂ ਵਿਖਾਲ ਚੁਕਣ ਤੋਂ ਬਾਅਦ ਕੇਸਰ ਕੌਰ ਬੋਲੀ– "ਤੁਸੀਂ ਖ਼ਾਨਾਬਦੋਸ਼ ਹੋ ਕਿ ਰਾਜੇ ?"

ਬਾਬੇ ਦਾ ਦਿਮਾਗ਼ ਚਕਰਾਂਦਾ ਵੇਖ ਕੇ ਉਸ ਨੂੰ ਹੋਰ ਹਨੇਰੇ ਵਿਚ ਰਖਣਾ ਮੁਨਾਸਬ ਨਾ ਸਮਝਿਆ ਗਿਆ ਤੇ ਸਤਨਾਮ ਨੇ ਇਸ ਟਰੰਕ ਦੀ ਪ੍ਰਾਪਤੀ ਬਾਰੇ ਸੰਖੇਪ ਵਿਚ ਉਸ ਨੂੰ ਕੁਝ ਸਚ ਤੇ ਕੁਝ ਝੂਠ ਰਲਾ ਕੇ ਦਸਿਆ।

"ਇਕ ਹੋਰ ਚੀਜ਼ ਵਿਖਾਵਾਂ ਬਾਪੂ ਜੀ ਤੁਹਾਨੂੰ ?" ਤੇ ਬਿਨਾਂ ਇਸ ਦਾ ਜਵਾਬ ਉਡੀਕਿਆਂ ਹੀ ਕੇਸਰ ਕੌਰ ਉਠ ਕੇ ਬਾਹਰ ਨਿਕਲ ਗਈ।

ਇਸ ਤੋਂ ਦੋ ਹੀ ਮਿੰਟ ਬਾਅਦ ਰੁਕਮਣ ਬਾਬੇ ਦੇ ਪੈਰਾਂ ਤੇ ਸਿਰ ਰਖੀ ਸਿਜਦ ਰਹੀ ਸੀ, ਜਿਸ ਨੂੰ ਬਾਬਾ ਜੀ ਨੇ ਚੁਕ ਕੇ ਛਾਤੀ ਨਾਲ ਲਾਇਆ ਹੋਇਆ ਸੀ।

"ਈਸ਼੍ਵਰ ! ਤੇਰੀ ਲੀਲ੍ਹਾ ਨਿਆਰੀ ਹੈ !" ਬਾਬੇ ਦੇ ਅੰਦਰੋਂ ਪੂਰੇ ਜ਼ਰਵੇਂ ਸਾਹ ਨਾਲ ਇਹ ਵਾਕ ਨਿਕਲਿਆ, ਜਦ ਉਹ ਸਾਹਮਣੇ ਬੈਠੀ ਹੋਈ ਰੁਕਮਣ ਦੇ ਸਿਰ ਤੇ ਹਥ ਫੇਰ ਰਿਹਾ ਸੀ।

ਉਸੇ ਤਰ੍ਹਾਂ ਸੰਖੇਪ ਵਿਚ ਰੁਕਮਣ ਦੀ ਪ੍ਰਾਪਤੀ ਦਾ ਇਤਿਹਾਸ ਵੀ ਬਾਬਾ ਜੀ ਨੂੰ ਸੁਣਾ ਦਿਤਾ ਗਿਆ, ਪਰ ਜਿਸ ਆਦਮੀ ਦੀ ਹਿੰਮਤ ਨਾਲ ਇਹ ਦੋਵੇਂ ਚੀਜ਼ਾਂ – ਟਰੰਕ ਤੇ ਰੁਕਮਣ ਪ੍ਰਾਪਤ ਹੋਈਆਂ ਸਨ, ਉਸ ਦਾ ਨਾਂ ਅਜੇ ਤੀਕ ਰਾਜ਼ ਦੇ ਪਰਦੇ ਵਿਚ ਹੀ ਰਖਿਆ ਗਿਆ ਸੀ। ਪਤਾ ਨਹੀਂ ਇਹ ਕਰਨ ਤੋਂ ਸਤਨਾਮ ਦੀ ਕੀ ਮੁਰਾਦ ਸੀ।

ਬਾਬਾ ਜੀ ਦੇ ਦਿਲ ਵਿਚ ਇਕ ਦਮ ਤੇ ਇਕੋ ਵਾਰੀ ਇਤਨੀਆਂ ਖੁਸ਼ੀਆਂ ਦੀ ਸਮਾਈ ਮੁਸ਼ਕਲ ਹੋ ਗਈ। ਇਸ ਵੇਲੇ ਸਭ ਤੋਂ ਵਡੀ ਖ਼ਾਹਿਸ਼ ਜਿਹੜੀ ਉਸ ਦੇ ਹਿਰਦੇ ਨੂੰ ਟੁੰਬ ਰਹੀ ਸੀ, ਇਹ ਸੀ ਉਸ ਮਿਹਰਬਾਨ ਤੇ ਕੁਰਬਾਨੀ-ਪੁੰਜ ਸਜਣ ਦਾ ਦਰਸ਼ਨ ਕਰਨ ਦੀ, ਜਿਸ ਨੇ (ਸਤਨਾਮ ਦੀ ਜ਼ਬਾਨੀ) ਆਪਣੀ ਜਾਨ ਹੂਲ ਕੇ ਉਸ ਦੀ ਨੂੰਹ ਤੇ ਦੌਲਤ ਨੂੰ ਬਚਾਇਆ ਸੀ। ਉਸ ਨੇ ਸਤਨਾਮ ਪਾਸੋਂ ਉਸ ਮਹਾਂਪੁਰਸ਼ ਦਾ ਨਾਂ ਪਤਾ ਪੁਛਣ ਦੀ ਬੜੀ ਕੋਸ਼ਿਸ਼ ਕੀਤੀ, ਪਰ ਸਤਨਾਮ ਦਾ ਇਕੋ ਜਵਾਬ ਸੀ – "ਉਹ ਤੁਹਾਡੀ ਸੇਵਾ ਵਿਚ ਹਾਜ਼ਰ ਹੋ ਕੇ ਤੁਹਾਨੂੰ ਖ਼ੁਦ ਹੀ ਸਭ ਕੁਝ ਦਸੇਗਾ।"

ਕਿਤਨੀਆਂ ਸੁਖਦਾਈ – ਕਿਤਨੀਆਂ ਸੁਭਾਗ ਘੜੀਆਂ ਸਨ ਇਹ, ਇਸ ਪਰਵਾਰ ਲਈ।

ਦੌਲਤ ਦੀ ਪ੍ਰਾਪਤੀ ਨੂੰ ਤਾਂ ਬਾਬੇ ਨੇ ਕੋਈ ਬਹੁਤੀ ਵਿਸ਼ੇਸ਼ਤਾ ਨਾ ਦਿਤੀ, ਪਰ ਰੁਕਮਣ ਦੀ ਪ੍ਰਾਪਤੀ, ਇਹ ਤਾਂ ਜਿਵੇਂ ਪ੍ਰਤੱਖ ਵਿਚ ਉਸ ਨੂੰ ਕੋਈ ਰੱਬੀ ਬਖ਼ਸ਼ਸ਼ਾਂ ਦਾ ਖ਼ਜ਼ਾਨਾ ਮਿਲ ਗਿਆ। ਉਧਰ ਕ੍ਰਿਸ਼ਨਾ ਦੀ ਇਹ ਹਾਲਤ ਸੀ ਕਿ ਉਹ ਪੂਰੇ ਛਿਆਂ ਮਹੀਨਿਆਂ ਦੇ ਉਦਰੇਵੇਂ ਨੂੰ ਦੂਰ ਕਰਨ ਲਈ ਭਾਬੀ ਰੁਕਮਣ ਦੇ ਦਿਲ ਵਿਚ ਹੀ ਵੜ ਕੇ ਬੈਠ ਰਹਿਣ ਲਈ ਛਟਪਟਾ ਰਹੀ ਸੀ। ਅਖ਼ੀਰ ਉਸ ਪਾਸੋਂ ਜਦ ਨਾ ਰਿਹਾ ਗਿਆ, ਤਾਂ ਬਦੋ-ਬਦੀ ਰੁਕਮਣ ਨੂੰ ਬਾਹੋਂ ਖਿਚ ਕੇ ਦੂਸਰੇ ਕਮਰੇ ਵਿਚ ਲੈ ਗਈ, ਜਿਥੇ ਬੂਹਾ ਅੰਦਰੋਂ ਬੰਦ ਕਰ ਕੇ ਕਈ ਘੰਟੇ ਉਸ ਨੇ ਰੁਕਮਣ ਨਾਲ ਗਲਾਂਬਾਤਾਂ ਕਰਦਿਆਂ, ਰੋਂਦਿਆਂ ਤੇ ਸ਼ੁਕਰਗੁਜ਼ਾਰੀ ਦੇ ਹਉਕੇ ਭਰਦਿਆਂ ਗੁਜ਼ਾਰ ਦਿਤੇ।

36

ਪੰਦਰਾਂ ਅਗਸਤ, ਜਿਸ ਵਲ ਹਰ ਕਿਸੇ ਦੀਆਂ ਅੱਖਾਂ ਲਗੀਆਂ ਹੋਈਆਂ ਸਨ, ਨੇੜੇ ਹੁੰਦਾ ਹੁੰਦਾ ਫ਼ੇਕਤ ਕੁਝ ਥੋੜੀ ਜਿਹੀ ਵਿਥ ਤੇ ਆ ਖੜੋਤਾ – ਸਿਰਫ਼ ਦੋਹ ਦਿਨਾਂ ਦੀ ਵਿਥ ਰਹਿ ਗਈ ਸੀ ਇਸ ਦੇ ਆਉਣ ਵਿਚ।

ਪੂਰੀਆਂ ਦੋਹ ਸਦੀਆਂ ਦੀ ਗ਼ੁਲਾਮੀ ਤੋਂ ਬਾਅਦ, ਕਿਹਾ ਜਾਂਦਾ ਸੀ ਕਿ 15 ਅਗਸਤ ਦਾ ਸੂਰਜ ਹਿੰਦੀਆਂ ਲਈ ਆਜ਼ਾਦੀ ਦਾ ਪੈਗ਼ਾਮ ਲੈ ਕੇ ਉਦੈਮਾਨ ਹੋਵੇਗਾ, ਜਦ ਅੰਗਰੇਜ਼ੀ

ਹਕੂਮਤ ਦਾ ਦੌਰ ਦੌਰਾ ਖ਼ਤਮ ਹੋਕੇ ਮੁਲਕੀ ਇੰਤਜ਼ਾਮ ਦੀ ਵਾਗਡੋਰ ਹਿੰਦੁਸਤਾਨੀਆਂ ਦੇ ਹਥ ਵਿਚ ਆ ਜਾਵੇਗੀ। ਹਰ ਪਾਸੇ ਅੰਗਰੇਜ਼ ਹੁਕਮਰਾਨ ਦੀ ਫ਼ਰਾਖ਼ਦਿਲੀ ਦਾ ਚਰਚਾ ਸੁਣਾਈ ਦੇਂਦਾ ਸੀ, ਜਿਹੜਾ ਜੂਨ 1948 ਦੀ ਬਜਾਇ 15 ਅਗਸਤ 1947 ਨੂੰ ਹੀ ਅਰਥਾਤ ਆਪਣੇ ਵਾਇਦੇ ਤੋਂ ਵੀ ਪੌਣਾ ਸਾਲ ਪਹਿਲਾਂ ਸਾਡੇ ਗਲੋਂ ਗ਼ੁਲਾਮੀ ਦਾ ਤੌਕ ਉਤਾਰਨ ਨੂੰ ਤਿਆਰ ਹੋ ਗਿਆ ਸੀ।

ਇਹ ਪੰਦਰਾਂ ਅਗਸਤ ਦੀ ਖ਼ੁਸ਼ੀ ਵਿਚ ਜਸ਼ਨ ਮਨਾਉਣ ਲਈ ਅਜ ਤੋਂ ਕਈ ਹਫ਼ਤੇ ਪਹਿਲਾਂ ਹੀ ਸੂਬਕ ਤੇ ਸੈਂਟਰਲ ਹਕੂਮਤਾਂ ਵਲੋਂ ਜ਼ੋਰ ਸ਼ੋਰ ਨਾਲ ਤਿਆਰੀਆਂ ਸ਼ੁਰੂ ਹੋ ਗਈਆਂ ਸਨ। ਖ਼ਾਸ ਕਰ ਕੇ ਯੂ. ਪੀ., ਮਦਰਾਸ ਆਦਿ ਸੂਬਿਆਂ ਵਿਚ ਤਾਂ ਇਸ ਜਸ਼ਨ ਦਾ ਚਾਉ ਕਿਤੇ ਮਿਉਂਦਾ ਨਹੀਂ ਸੀ। ਉਨ੍ਹਾਂ ਨੇ ਇਸ ਸੁਭਾਗੀ ਦਿਨ ਦੀ ਖ਼ੁਸ਼ੀ ਵਿਚ ਆਪੋ ਆਪਣੇ ਸੂਬਿਆਂ ਦੀਆਂ ਜੇਲ੍ਹਾਂ ਵਿਚੋਂ ਹਜ਼ਾਰਾਂ ਦੀ ਗਿਣਤੀ ਵਿਚ ਕੈਦੀ ਰਿਹਾ ਕਰਨ ਦਾ ਵੀ ਫ਼ੈਸਲਾ ਕਰ ਦਿਤਾ ਸੀ, ਜਿਹੜੇ ਵਿਚਾਰੇ ਆਪਣੀ ਮਾਤਭੂਮੀ ਨੂੰ ਆਜ਼ਾਦ ਵੇਖਣ ਦੀ ਤਾਂਘ ਵਿਚ ਕਈਆਂ ਸਾਲਾਂ ਤੋਂ ਜੇਲ੍ਹੀਂ ਪਿਛੇ ਡੱਕੇ ਹੋਏ ਅਸਮਾਨ ਵਲ ਅੱਖਾਂ ਲਾਈ ਬੈਠੇ ਸਨ।

ਸਰਕਾਰੀ ਇਮਾਰਤਾਂ ਉਤੇ ਕੌਮੀ ਝੰਡੇ ਝੁਲਾਏ ਜਾਣਗੇ... ...ਤੇ ਉਹਨਾਂ ਦੇ ਬਨੇਰੇ ਦੀਪਮਾਲਾ ਨਾਲ ਰੌਸ਼ਨ ਕੀਤੇ ਜਾਣਗੇ... ...ਇਨ੍ਹਾਂ ਭਵਿਸ਼ਬਾਣੀਆਂ ਨੂੰ ਸੁਣ ਸੁਣ ਕੇ ਕਿਹੜਾ ਹਿੰਦੀ ਸੀ ਜਿਸ ਦੇ ਹਿਰਦੇ-ਸਾਗਰ ਵਿਚ ਉਤਸਾਹ ਤੇ ਖ਼ੁਸ਼ੀ ਦੀਆਂ ਲਹਿਰਾਂ ਨਾ ਉਠੀਆਂ ਹੋਣਗੀਆਂ।

ਪਰ ਇਧਰ ਸਾਡੀ ਪੰਜਾਂ ਦਰਿਆਵਾਂ, ਅਥਵਾ ਪੰਜਾਂ ਪਾਂਡਵਾਂ ਦੀ ਮੁਤਬਰਕ ਧਰਤੀ ਦਾ ਕੀ ਹਾਲ ਸੀ ? ਘਰ ਘਰ ਮਾਤਮ ਦੀਆਂ ਸਫ਼ਾਂ ਵਿਛੀਆਂ ਹੋਈਆਂ ਸਨ। ਕੌਮੀ ਗੀਤਾਂ ਤੇ ਹੁਬਲਵਤਨੀ ਦੇ ਤਰਾਨਿਆਂ ਦੇ ਥਾਂ ਵੈਣਾ ਤੇ ਚੀਕਾਂ ਦੀਆਂ ਕਲੇਜਾ ਵਿੰਨ੍ਹਵੀਆਂ ਆਵਾਜ਼ਾਂ ਹਰ ਗਲੀ ਮਹੱਲੇ ਚੋਂ ਸੁਣਾਈ ਦੇਂਦੀਆਂ ਸਨ। ਬੰਬਾਂ, ਗੋਲੀਆਂ, ਛੁਰਿਆਂ ਤੇ ਕਿਰਪਾਨਾਂ ਦੀ ...ਅਦਾਲਾ ਵਰਤੋਂ ਨੇ ਇਥੋਂ ਦੇ ਬਾਸ਼ਿੰਦਿਆਂ ਲਈ ਪਰਲੋ ਦਾ ਸਮਾਂ ਲੈ ਆਂਦਾ ਸੀ। ਫ਼ਸਾਦਾਂ ਦੀ ਅੱਗ ਜਿਹੜੀ ਭੜਕ ਭੜਕ ਕੇ ਬੁਝ ਚੁਕੀ ਸੀ, ਐਤਕੀਂ ਕਿਆਮਤ ਦੀਆਂ ਹਦਾਂ ਛੋਹਣ ਵਾਲੀ ਸੀ। ਸ਼ਾਇਦ ਇਹਨਾਂ ਹੀ ਖ਼ਤਰਿਆਂ ਨੂੰ ਮਹਿਸੂਸ ਕਰਦਿਆਂ ਹੋਇਆਂ ਕਾਂਗਰਸ ਨੇ ਐਲਾਨ ਕਰ ਦਿਤਾ ਸੀ ਕਿ ਖ਼ਤਰੇ ਵਾਲੇ ਇਲਾਕਿਆਂ ਵਿਚ ਹਿੰਦੂਆਂ ਸਿੱਖਾਂ ਨੂੰ ਪੰਦਰਾਂ ਅਗਸਤ ਦੇ ਕੌਮੀ ਜਸ਼ਨ ਵਿਚ ਕੋਈ ਹਿੱਸਾ ਨਹੀਂ ਲੈਣਾ ਚਾਹੀਦਾ, ਕਿਉਂਕਿ ਇਹ ਜਸ਼ਨ ਦਾ ਅੰਮ੍ਰਿਤ ਇਹਨਾਂ ਇਲਾਕਿਆਂ ਲਈ ਜ਼ਹਿਰ ਕਾਤਲ ਦਾ ਅਸਰ ਕਰ ਸਕਦਾ ਸੀ।

ਕੀ ਸਚਮੁਚ ਇਸ ਨੂੰ ਅਸੀਂ ਆਜ਼ਾਦੀ ਦਾ ਜਸ਼ਨ ਆਖ ਸਕਦੇ ਸਾਂ ? ਕੀ ਸਚਮੁਚ ਪੰਦਰਾਂ ਅਗਸਤ ਨੂੰ ਸਾਡੀ 'ਜਨਨੀ ਜਨਮ ਭੂਮੀ, ਆਜ਼ਾਦ ਹੋਵੇਗੀ ?' ਕਿਤਨਾ ਟੇਢਾ ਸੀ ਇਹ ਪ੍ਰਸ਼ਨ, ਜਦ ਕਿ ਸਾਡੀਆਂ ਅੱਖਾਂ ਦੇ ਸਾਹਮਣੇ ਹੀ ਇਸ ਆਜ਼ਾਦ ਮਾਂ ਦੀਆਂ ਲੱਤਾਂ ਬਾਹਾਂ ਵਢ ਕੇ ਨਾ ਕੇਵਲ ਉਨ੍ਹਾਂ ਦੀਆਂ ਵੰਡੀਆਂ ਹੀ ਪਾਈਆਂ ਜਾ ਰਹੀਆਂ ਸਨ, ਬਲਕਿ ਇਸ 'ਵੰਡੀਆਂ' ਦੇ ਤਨਾਜ਼ੇ ਪਿਛੇ ਹੀ ਪਿਛਲੇ ਇਕ ਲੰਮੇ ਸਮੇਂ ਤੋਂ ਅਸੀਂ ਆਪੋ ਵਿਚ ਲਹੂ ਤੇ ਅੰਗਾ ਨਾਲ ਖੇਡਦੇ ਆ ਰਹੇ ਸਾਂ। ਤੇ ਅਜ ਵੀ ਜਦ ਇਹ 'ਆਜ਼ਾਦੀ ਦਾ ਜਸ਼ਨ' ਮਨਾਣ ਦੀਆਂ ਤਿਆਰੀਆਂ ਹੋ ਰਹੀਆਂ ਸਨ, ਇਸ ਦੇ ਉਹਲੇ ਸਾਨੂੰ ਬੰਬਾਂ, ਬੰਦੂਕਾਂ, ਛੁਰਿਆਂ, ਬਰਛੀਆਂ ਤੇ ਕਿਰਪਾਨਾਂ ਦੇ ਅੰਬਾਰ ਉਸਰਦੇ ਦਿਖਾਈ ਦੇ ਰਹੇ ਸਨ।

ਬੇਸ਼ਕ ਇਹ ਮਨਾਏ ਜਾਣ ਵਾਲੀ ਆਜ਼ਾਦੀ ਦਾ ਜਸ਼ਨ ਬੜਾ ਸੁਹਾਵਣਾ ਸੀ, ਜਦ ਕਿ ਅਸੀਂ ਇਸ ਨੂੰ ਵੀਰਾਂ ਦੇ ਵਗੇ ਹੋਏ ਲਹੂ ਦੇ ਚਿੱਕੜ ਵਿਚ ਖਲੋਕੇ ਮਨਾਉਣ ਦੀਆਂ ਤਿਆਰੀਆਂ ਕਰ ਰਹੇ ਸਾਂ, ਜਦ ਕਿ ਹਲੇ ਤਕ ਵੀ ਹਜ਼ਾਰਾਂ ਦੀ ਗਿਣਤੀ ਵਿਚ ਬੰਬਾਂ ਦੇ ਖ਼ੋਲ, ਮਣਾਂਮੂੰਹੀ ਆਤਸ਼ੀ ਮਾਦਾ ਤੇ ਹੋਰ ਬੇਗਿਣਤ ਸਾਮਾਨ ਸਾਡੇ ਘਰਾਂ ਤੋਂ ਛੁਟ ਸਾਡੀਆਂ ਇਬਾਦਤਗਾਹਾਂ ਵਿਚੋਂ ਵੀ ਬਰਾਮਦ ਕੀਤਾ ਜਾ ਰਿਹਾ ਸੀ, ਵੀਰਾਂ ਲਈ ਵਰਤਣ ਨੂੰ ਜਿਹੜਾ ਸਾਂਭ ਸਾਂਭ ਰਖਦੇ ਰਹੇ ਸਾਂ।

ਜਦ ਅਸੀਂ ਇਸ ਆਜ਼ਾਦੀ ਦੇ ਜਸ਼ਨ ਦੀ ਜ਼ਬਰਦਸਤ ਤਿਆਰੀ ਵਲ ਧਿਆਨ ਮਾਰਦੇ ਹਾਂ ਤਾਂ ਹੈਰਾਨੀ ਨਾਲ ਸਾਡਾ ਦਿਮਾਗ਼ ਹੀ ਚਕਰਾ ਉਠਦਾ ਹੈ। ਪੰਜਾਬ ਦੇ ਧਾਰਾਂ ਜ਼ਿਲ੍ਹਿਆਂ ਵਿਚ ਨੀਮ ਮਾਰਸ਼ਲ-ਲਾ ਕੇਵਲ ਇਸ ਲਈ ਲਾਣ ਦੀਆਂ ਵਿਉਂਤਾਂ ਸੋਚੀਆਂ ਜਾ ਰਹੀਆਂ ਹਨ ਕਿ ਭਾਰਤ ਦੀ ਲਾਸ਼ ਦੀਆਂ ਵੰਡੀਆਂ ਸਮੇਂ ਮਤੇ ਕੋਈ ਗੜਬੜ ਮਚ ਜਾਏ। ਇਸ ਤੋਂ ਛੁਟ ਦੇਸ਼ ਦੀ ਉੱਘੀ ਫਿਰਕੂ ਜਮਾਤ 'ਮਹਾਂ ਸਭਾ' ਅਤੇ 'ਡਾਇਰੈਕਟ ਐਕਸ਼ਨ' ਦਾ ਛੁਰਾ ਇਸ ਲਈ ਦੇਸ਼ ਦੀ ਉੱਘੀ ... ਸਾਣ ਤੇ ਲਾ ਰਹੀ ਹੈ ਕਿ ਕਾਂਗਰਸ ਹਾਈ ਕਮਾਂਡ ਨੇ ਉਸ ਨਾਲ ਇਨਸਾਫ਼ ਨਹੀ ਕੀਤਾ — ਭਾਰਤ ਮਾਂ ਦਾ ਜਿੰਨਾ ਮਾਸ ਉਸ ਦੇ ਹਿਸੇ ਆਉਣਾ ਚਾਹੁੰਦਾ ਸੀ, ਉਸ ਤੋਂ ਅੱਧਾ ਵੀ ਉਸ ਦੇ ਪਲੇ ਨਹੀਂ ਪਾਇਆ ਗਿਆ। ਸਿਖ ਆਪਣੇ ਥਾਂ ਪੇਚੋਤਾਬ ਖਾ ਰਹੇ ਹਨ ਕਿ ਭਾਰਤ ਮਾਂ ਦੀ ਗੰਦ — ਜਿਹੜੀ ਪੰਜਾਬ ਦੇ ਹਿਸੇ ਆਈ ਸੀ — ਉਸ ਦਾ ਪੱਟ ਵਾਲਾ ਹਿਸਾ ਤਾਂ ਪਾਕਿਸਤਾਨੀਏ ਲੈ ਗਏ, ਤੇ ਉਨ੍ਹਾਂ ਕੋਲ ਰਹਿ ਗਈ ਮਾਸ ਤੋਂ ਸਖਣੀ ਹੱਡੀ ਮਾਤਰ ਪਿੰਨੀ। ਉਧਰ ਮੁਸਲਿਮ ਲੀਗ ਇਸ ਲਾਸ਼ ਵਿਚੋਂ ਆਪਣਾ ਹਿਸਾ ਵੰਡਾ ਕੇ ਜ਼ਰੂਰ ਕੁਝ ਤਸੱਲੀ ਭਰਪੂਰ ਜਾਪਦੀ ਹੈ, ਪਰ ਇਸ ਆਜ਼ਾਦੀ ਦੇ ਜਸ਼ਨ ਵਲ ਉਹ ਉਸੇ ਨਜ਼ਰ ਨਾਲ ਵੇਖ ਰਹੀ ਹੈ, ਜਿਸ ਨਾਲ ਕੋਈ ਆਪਣੇ ਦੁਸ਼ਮਣ ਦੇ ਘਰ ਵਿਚ ਵਿਆਹ ਰਚਿਆ ਤੱਕਦਾ ਹੈ।

ਕੀ ਇਹ ਖੁਸ਼ੀਆਂ ਦੇ ਤਰਾਨੇ ਉਨ੍ਹਾਂ ਅਭਾਗੇ ਕੰਨਾਂ ਨੂੰ ਵੀ ਖੁਸ਼ੀਆਂ ਦੇ ਤਰਾਨੇ ਹੀ ਸੁਣਾਈ ਦੇਣਗੇ, ਜਿਨ੍ਹਾਂ ਵਿਚ ਅਜ ਵੀ ਲੱਖਾਂ ਮਜ਼ਲੂਮਾਂ ਦੀ ਹਾਹਾਕਾਰ ਸੁਣਾਈ ਦੇ ਰਹੀ ਹੈ, ਬੰਬਾਂ ਤੇ ਗੋਲੀਆਂ ਦੀ ਠਾਹ ਠਾਹ ਅਜ ਵੀ ਜਿਨ੍ਹਾਂ ਦੇ ਪਰਦਿਆਂ ਨਾਲ ਟਕਰਾ ਰਹੀ ਹੈ ? ਯਕੀਨਨ ਉਨ੍ਹਾਂ ਲਈ ਇਹ 'ਖੁਸ਼ੀਆਂ ਦੇ ਤਰਾਨੇ' ਨਹੀਂ, ਖੂਨ ਦੇ ਸੋਹਿਲੇ ਹੋਣਗੇ — ਅੱਗ ਦੀ ਖੇਡ ਹੋਵੇਗੀ।

37

ਕਨ੍ਹੱਈਆ ਭਾਵੇਂ ਨੌਕਰ ਦੀ ਹੈਸੀਅਤ ਵਿਚ ਇਸ ਘਰ ਵਿਚ ਰਹਿੰਦਾ ਹੈ, ਪਰ ਮਿਸਾਲ ਮਸ਼ਹੂਰ ਹੈ ਕਿ 'ਚਾਕ ਪੁਰਾਣਾ, ਘਰ ਦਾ ਰਾਣਾ' ਇਸ ਘਰ ਦੇ ਹਰ ਦੁਖ ਸੁਖ ਤੇ ਗ਼ਮੀ ਸ਼ਾਦੀ ਨੂੰ ਉਹ ਉਸੇ ਤਰ੍ਹਾਂ ਸਮਝਦਾ ਹੈ, ਜਿਸ ਤਰ੍ਹਾਂ ਘਰ ਦੇ ਦੂਸਰੇ ਬੰਦੇ।

ਜਿਉਂ ਹੀ ਉਸ ਦੇ ਕੰਨਾਂ ਵਿਚ ਮੁੰਨੀ ਨੇ ਇਹ ਭਿਣਕ ਪਾਈ ਕਿ ਕ੍ਰਿਸ਼ਨਾ ਭੈਣ ਜੀ ਦਾ ਵਿਆਹ ਹੋਣ ਵਾਲਾ ਹੈ ਕਿ ਖੁਸ਼ੀ ਨਾਲ ਕਨ੍ਹੱਈਏ ਦਾ ਦਿਲ ਵਸੋਂ ਬਾਹਰ ਹੋ ਹੋ ਪੈਣ ਲਗਾ, ਜਿਵੇਂ ਉਸ ਨੇ ਕਿਸੇ ਆਪਣੇ ਹੀ ਸਕੇ ਸਨਬੰਧੀ ਦੇ ਵਿਆਹ ਦਾ ਪੈਗ਼ਾਮ ਸੁਣਿਆ ਹੋਵੇ।

ਦੁਪਹਿਰਾਂ ਢਲ ਚੁਕੀਆਂ ਸਨ। ਕਨ੍ਹਈਆ ਕੋਠੀ ਦੇ ਪਿਛਲੇ ਹਿਸੇ ਵਿਚ ਮੰਜੇ ਤੇ ਲੰਮਾ ਪਿਆ ਮਸਤੀ ਦੇ ਰੰਗ ਵਿਚ ਚੁਟਕੀਆਂ ਵਜਾਂਦਾ ਹੋਇਆ ਕੋਈ ਪਹਾੜੀ ਗੀਤ ਗਾ ਰਿਹਾ ਸੀ, ਤੇ ਪਰ੍ਹਿਉਂ ਆ ਰਹੀ ਕੇਸਰ ਕੌਰ ਨੂੰ ਉਸ ਦੇ ਗੀਤ ਦਾ ਕੇਵਲ ਥੋੜਾ ਜਿੰਨਾ ਹਿੱਸਾ ਹੀ ਸਪਸ਼ਟ ਸਮਝ ਵਿਚ ਆਇਆ, ਤੇ ਉਹ ਉਸ ਦੇ ਕੋਲ ਆਉਂਦੀ ਹੀ ਦਾਈਏ ਤੇ ਕੁਝ ਹਿਤ ਭਰੀ ਤਾੜਨਾ ਦੇ ਸੁਰ ਵਿਚ ਬੋਲੀ — "ਰੁੜ੍ਹ ਜਾਣੇ ਨੂੰ ਹਰ ਵੇਲੇ ਚੁਟਕੀਆਂ ਵਜਾਣ ਦੀ ਰਹਿੰਦੀ ਏ। ਚਲ ਉਧਰ ਚਲ ਕੇ ਕੰਮ ਕਰ। ਲਫੰਗਾ ਜਿਹਾ ਨਾ ਹੋਵੇ ਤੇ।" ਮਾਲਕਣ ਦੀ ਇਸ ਤਾੜਨਾ ਵਿਚੋਂ ਅਜ ਕਨ੍ਹੱਈਏ ਨੂੰ ਮਿਸਰੀ ਦੇ ਸ਼ਰਬਤ ਵਰਗਾ ਸੁਆਦ ਆਇਆ। ਕੇਸਰ ਕੌਰ ਦੇ ਚਿਹਰੇ ਉਤੇ ਜਿਹੜੀ ਖੁਸ਼ੀ ਦੀ ਲਾਲੀ ਭਾਹ ਮਾਰ ਰਹੀ ਸੀ, ਇਹ ਕਨ੍ਹਈਏ ਪਾਸੋਂ ਗੁਝੀ ਨਹੀਂ ਰਹਿ ਸਕੀ। ਉਹ ਮਟਕ ਵਿਚ ਬੋਲਿਆ — "ਬੀਬੀ ਜੀ ਮੈਂ ਤੇ ਭਜਨ ਗਾਇਆ ਕਰਦਾ !"

"ਭਜਨ ਨਾ ਨਾਲੇ ਝਾਟਾ ਤੇਰਾ।" ਕੇਸਰ ਕੌਰ ਨੇ ਛਿੱਤਰ ਵਾਂਗ ਇਹ ਜਵਾਬ ਉਸ ਦੇ ਮੂੰਹ ਤੇ ਮਾਰਿਆ।"

"ਗਊ ਦੀ ਸੌਂਹ ਬੀਬੀ ਜੀ।" ਕਨ੍ਹਈਆ ਆਪਣੀ ਨਿਰਦੋਸ਼ਤਾ ਦੇ ਸਬੂਤ ਵਿਚ ਗਵਾਹੀ ਪੇਸ਼ ਕਰਨ ਲਗਾ — "ਸਾੜ੍ਹੇ ਮੁਲਖੇ ਕਣੈ ਰਾਸਾਂ ਪੈਆ ਕਰਦੀਆਂ ਤੀਆਂ ਬੀਬੀ ਜੀ ਰਾਸਾਂ। ਕੱਤੇ ਦੇ ਮਹੀਨੇ ਮੰਝੇ ਇਕ ਬੇਰਾਂ ਆਏ ਜੀ ਸਾੜ੍ਹੇ ਗਿਰਾਵੇਂ ਕਣੈ ਰਾਸਧਾਰੀਏ। ਆ ਹਾ ਹਾ ਹਾ ! ਕਿਆ ਰੰਗ ਬੰਨ੍ਹਿਆ ਮਾਰੇ, ਉਸ ਬਾਮੁਣੇ ਦੇ ਛੋਹਰੂਏ ! ਕਿਆ ਗਲਾਵਾਂ ਬੀਬੀ ਜੀ ਤਿਸ ਦੀ ਸੂਰਤ, ਮਾਰੇ ਮਾਖ਼ਣੈ ਦਾ ਗਲੱਲੂ ਦਿਖਿਆ ਕਰੈ। ਦਿੱਖੀ ਦਿੱਖੀ ਚਿਤੈ ਕੀ ਮਰੇੜੂ ਪੈਨ। ਬੀਬੀ ਜੀ, ਸੁਰ ਉਸ ਦੀ ਕੇਸੀ, ਮਾਰੇ ਕੋਲ (ਕੋਇਲ) ਕਿਆ ਬੋਲੈ ਤਿਸਦੇ ਸਾਮਣੇ। ਪੈਰੀਂ ਬੰਨ੍ਹੀ ਲੈਂਟੇ ਜੀ ਉਸ ਛਣਕੂ (ਘੁੰਗਰੂ) ਤੇ ਪੈਲਾਂ ਪਾਣੀਆਂ ! ਮਾਰੇ ਮੋਰਾਂ ਕੀ ਬਾਰੀ ਸਟੀਐ। ਬਸ ਬੀਬੀ ਜੀ, ਉਸ ਬਰਗੀ ਰਾਸ ਮੈਂ ਆਪਣੀ ਉਮਰੇ ਵਿਚ ਕੁਤੈ ਨਹੀਂ ਦਿੱਖੀ।"

ਕੇਸਰ ਕੌਰ ਜੇ ਰੋਜ਼ ਵਾਲੇ ਰਉਂ ਵਿਚ ਹੁੰਦੀ ਤਾਂ ਜ਼ਰੂਰ ਉਸ ਦੀ ਜਨਮਸਾਖੀ ਦੇ ਜਵਾਬ ਵਿਚ ਦੋ ਚਾਰ ਤੱਤੀਆਂ ਠੰਢੀਆਂ ਸੁਣਾ ਦੇਂਦੀ, ਪਰ ਉਸ ਨੇ ਕਨ੍ਹੱਈਏ ਨੂੰ ਕੁਝ ਨਹੀਂ ਕਿਹਾ, ਸਗੋਂ ਪੂਰੇ ਸੁਆਦ ਨਾਲ ਉਸ ਦੀ ਬਕ ਬਕ ਸੁਣਦੀ ਰਹੀ, ਜਿਸ ਤੋਂ ਸ਼ਹਿ ਪਾ ਕੇ ਕਨ੍ਹੱਈਏ ਨੇ ਇਕ ਹੋਰ ਸਾਖੀ ਛੋੜ ਦਿਤੀ... ..."ਇਕ ਸਮੇਂ ਬੀਬੀ ਜੀ, ਮੈਂ ਮਰੀ ਗਿਆ ਮਰੀ। ਉਥੇ ਮਤੀਆਂ ਰਾਸਾਂ ਦਿਖੀਆਂ, ਪਰ... ..." ਉਸ ਦੀ ਗਲ ਨੂੰ ਟੋਕ ਕੇ ਕੇਸਰ ਕੌਰ ਉੱਚੀ ਸਾਰੀ ਹਸਦੀ ਹੋਈ ਬੋਲੀ — "ਮਰੀ ਗਿਆ ਸੈਂ ਤਾਂ ਫਿਰ ਮੜ੍ਹੀਆਂ 'ਚੋਂ ਨਿਕਲ ਆਇਓਂ ਰਾਸ ਵੇਖਣ ਲਈ ?"

"ਮਰਿਆ ਕੁਥੁ ਬੀਬੀ ਜੀ" ਕੇਸਰ ਕੌਰ ਦੀ ਉਲਟੀ ਸਮਝ ਉਤੇ ਹਸਦਾ ਹੋਇਆ ਉਹ ਬੋਲਿਆ — "ਮਰੀ ਇਕ ਪਹਾੜੇ ਦਾ ਨਾ ਐ, ਜਿਸ ਕੀ ਤੁਸੀਂ ਪੰਜਾਬੀ ਲੋਕ 'ਕੋਹਮਰੀ' ਗਲਾਇਆ ਕਰਦੇ।"

"ਹੱਛਾ ਸਿਰ ਨਾ ਖਾਹ" ਕੇਸਰ ਕੌਰ ਕਾਹਲੀ ਪੈ ਕੇ ਬੋਲੀ — "ਤੇਰੀ ਤੇ ਜ਼ਬਾਨ ਨੂੰ ਦਸਤ ਲਗੇ ਰਹਿੰਦੇ ਨੇ ਹਰ ਵੇਲੇ। ਚਲ ਬਜ਼ਾਰ ਮੇਰੇ ਨਾਲ। ਬੀਬੀ ਕ੍ਰਿਸ਼ਨਾ ਜੋਗੇ ਕਪੜੇ ਲਿਆਉਣੇ ਨੇ। ਤੈਨੂੰ ਪਤਾ ਨਹੀਂ, ਵਿਆਹ ਏ ਕ੍ਰਿਸ਼ਨਾ ਦਾ ?"

"ਬਿਆਹਾ... ... ?" ਕਨ੍ਹੱਈਏ ਨੇ ਬਿਆ... ...ਆਪਣੇ ਸ਼ਬਦ ਦਾ ਛੇਕੜਲਾ ਅੱਖਰ 'ਹਾ' ਨੂੰ ਬੋਲਦਿਆਂ ਇਤਨਾ ਚੌੜਾ ਮੂੰਹ ਟੱਡ ਲਿਆ ਕਿ ਉਸ ਦੇ ਸੰਘ ਦੇ ਛੇਕ ਦਿਖਾਈ ਦੇਣ ਲਗ ਪਏ।

ਉਸ ਨੇ ਝਟ ਪਟ ਆਪਣੀ ਟੇਟਰੀ ਤੇ ਹਥ ਫੇਰਿਆ, ਫਿਰ ਮੰਜੇ ਹੇਠ ਪਏ ਹੋਏ ਛਿੱਤਰਾਂ ਨੂੰ ਪੈਰੀਂ ਅੜਾ ਕੇ ਕੇਸਰ ਕੌਰ ਦੇ ਨਾਲ ਤੁਰ ਪਿਆ ਤੇ ਮਾਲਕਣ ਉਤੇ 'ਬਿਆਹ' ਬਾਰੇ ਕਈ ਤਰ੍ਹਾਂ ਦੇ ਸਵਾਲ ਕਰਦਾ ਚਲਾ ਗਿਆ।

ਇਧਰੋਂ ਇਹ ਦੋਵੇਂ ਕੋਠੀ ਤੋਂ ਬਾਹਰ ਨਿਕਲੇ, ਤੇ ਉਧਰ ਸਤਨਾਮ ਨੇ ਬਾਬੇ ਦੇ ਬੰਦ ਕਮਰੇ ਵਿਚ ਪ੍ਰਵੇਸ਼ ਕੀਤਾ। ਬਾਬਾ ਇਸ ਵੇਲੇ ਕਮਰੇ ਵਿਚ ਇਕੱਲਾ ਸੀ, ਤੇ ਅੱਖਾਂ ਮੀਟ ਕੇ ਪੂਰੀ ਮਸਤੀ ਦੇ ਰੰਗ ਵਿਚ ਗਾ ਰਿਹਾ ਸੀ —

"ਰਾਮ ਰਾਮ ਕਹਿਤੇ ਰਹੋ, ਧਰੇ ਰਹੋ ਮਨ ਧੀਰ।
ਕਾਰਜ ਆਪ ਸਵਾਰੇਂਗੇ, ਸ਼੍ਰਿਰੀ ਰਾਮਚੰਦ੍ਰ ਰਘਬੀਰ।"

"ਸਤਨਾਮ ਜੀ !" ਸਤਨਾਮ ਨੂੰ ਵੇਖਦਿਆਂ ਹੀ ਬਾਬੇ ਨੇ ਆਪਣਾ ਪਾਠ ਬੰਦ ਕਰਕੇ ਉਸ ਨੂੰ ਸੰਬੋਧਨ ਕੀਤਾ — "ਤੁਸੀਂ ਉਸ ਕੋਲ ਮੈਨੂੰ ਲੈ ਨਹੀਂ ਚਲਦੇ ਜ਼ਰਾ ?"

"ਕਿਸ ਕੋਲ ਬਾਪੂ ਜੀ ?"

"ਜਿਸਨੇ ਮੈਨੂੰ ਇਕ ਵਾਰੀ ਫਿਰ ਦੁਨੀਆਂ ਵਿਚ ਰਹਿਣ ਜੋਗਾ ਬਣਾ ਦਿਤਾ ਏ।"

"ਉਹ ਖੁਦ ਤੁਹਾਡੇ ਕੋਲ ਆਵੇਗਾ ਬਾਪੂ ਜੀ, ਪਰ ਏਡੀ ਕਾਹਲੀ ਕਿਉਂ ਕਰਦੇ ਜੇ ? ਉਹ ਕੁਝ ਤਗੜਾ ਨਹੀਂ, ਇਸ ਕਰ ਕੇ ਹੁਣ ਤੀਕ ਤੁਹਾਨੂੰ ਮਿਲਣ ਲਈ ਨਹੀਂ ਆ ਸਕਿਆ।"

"ਪਰ ਉਹ ਹੈ ਕੌਣ — ਉਸ ਦਾ ਨਾਂ ਕੀ ਏ ?"

ਉਹ ਤੁਹਾਡੇ ਲਈ ਓਪਰਾ ਨਹੀਂ, ਤੁਸੀਂ ਉਸ ਨੂੰ ਜਾਣਦੇ ਹੋ ਚੰਗੀ ਤਰ੍ਹਾਂ।"

"ਉਹ ਤੁਹਾਡੇ ਲਈ ਓਪਰਾ ਨਹੀਂ, ਤੁਸੀਂ ਬੁਝਾਰਤਾਂ ਕਿਉਂ ਪਾਈ ਜਾਂਦੇ ਹੋ ਸਾਰੇ ? ਦਸਦੇ ਕਿਉਂ ਨਹੀਂ ਜਾਣਦਾ ਹਾਂ ? ਫਿਰ ਤੁਸੀਂ ਬੁਝਾਰਤਾਂ ਕਿਉਂ ਪਾਈ ਜਾਂਦੇ ਹੋ। ਅਜਬ ਭੁਲ ਭੁਲਈਆਂ ਨਹੀਂ ? ਕ੍ਰਿਸ਼ਨਾ ਪਾਸੋਂ ਪੁਛਿਆ ਏ, ਉਹ ਵੀ ਅਜਲੋਂ ਟੇਲੋਂ ਕਰੀ ਜਾਂਦੀ ਏ। ਅਜਬ ਭੁਲ ਭੁਲਈਆਂ ਦਾ ਤਮਾਸ਼ਾ ਏ ਇਹ।"

"ਪਰ ਤੁਸਾਂ ਉਸ ਨੂੰ ਕਹਿਣਾ ਕੀ ਏ ?"

"ਪਰ ਤੁਸਾਂ ਉਸ ਨੂੰ ਕਹਿਣਾ ਏ। ਮੈਂ ਉਸ ਦੀ ਕਦਮ ਬੋਸੀ ਕਰਾਂਗਾ, ਜਿਸ ਨੇ ਆਪਣੀ ਸਿਦਕ ਸ਼ੁਕਰੀਆ ਹੀ ਅਦਾ ਕਰਨਾ ਏ। ਮੈਂ ਉਸ ਦੀ ਇੱਜ਼ਤ ਕਰ ਦਿਤੀ ਏ। ਅਜ ਸਮਾਂ ਸਰਦਾਰ ਜੀ, ਐਸਾ ਦਿਆਨਤਦਾਰੀ ਤੇ ਨੇਕ ਦਿਲੀ ਦੀ ਇੱਜ਼ਤ ਕਰ ਦਿਤੀ ਏ। ਜਦ ਕਿਸੇ ਦੇ ਹਥ ਆ ਜਾਣ, ਉਸ ਦਾ ਧਰਮ ਈਮਾਨ ਟਿਕਾਣੇ ਨਹੀਂ ਏ ਕਿ ਮਜ਼ਹਬ ਦੇ ਚਾਰ ਪੈਸੇ ਜਿਸ ਦੇ ਹਥ ਆ ਜਾਣ, ਉਸ ਦਾ ਧਰਮ ਈਮਾਨ ਟਿਕਾਣੇ ਨਹੀਂ ਰਹਿੰਦਾ। ਮੈਂ ਸੋਚਦਾਂ, ਉਹ ਇਨਸਾਨ ਕਿਹੋ ਜਿਹਾ ਹੋਵੇਗਾ ਜਿਸ ਨੇ ਤੀਹ ਹਜ਼ਾਰ ਦੀ ਮਾਲੀਅਤ ਦਾ ਚਾਂਦੀ ਸੋਨਾ ਪੂਰੇ ਛੇ ਮਹੀਨੇ ਅਮਾਨਤ ਸਮਝ ਕੇ ਸਾਂਭੀ ਰਖਿਆ, ਤੇ ਫਿਰ ਇਕ ਜੁਆਨ ਲੜਕੀ ਨੂੰ ਸਕੀਆਂ ਧੀਆਂ ਵਾਂਗ ਰਖਦਾ ਰਿਹਾ। ਮੈਨੂੰ ਇਹੋ ਸੋਚ ਘੜੀ ਮੁੜੀ ਆ ਰਹੀ ਏ ਕਿ ਉਹ ਮੁਕੱਦਸ ਹੀ ਰਾਜਾ ਬਿਕ੍ਰਮਾਜੀਤ ਵਰਗਾ ਪਰਉਪਕਾਰੀ ਏ, ਜਾਂ ਸਾਡੇ ਕੁਨਬੇ ਉਤੇ ਹੀ ਖਾਸ ਤੌਰ ਤੇ ਉਸ ਨੇ ਇਹ ਰਹਿਮਤ ਕੀਤੀ ਏ। ਮੈਨੂੰ ਤੁਸੀਂ ਹੁਣੇ ਦਸੋ ਉਹ ਕੌਣ ਏ।"

"ਹਛਾ ਬਾਪੂ ਜੀ, ਜੇ ਤੁਸੀਂ ਇਤਨੇ ਹੀ ਕਾਹਲੇ ਹੋ ਤਾਂ ਹੁਣੇ ਦਸ ਦੇਂਦਾ ਹਾਂ, ਪਰ ਪਹਿਲਾ ਮੇਰੀਆਂ ਦੋ ਚਾਰ ਗਲਾਂ ਸੁਣ ਲਓ, ਇਸ ਵੇਲੇ ਜਿਹੜੀਆਂ ਮੈਂ ਖਾਸ ਤੌਰ ਤੇ ਤੁਹਾਡੇ ਨਾਲ ਕਰਨ ਲਈ ਆਇਆ ਹਾਂ।"

"ਦਸੋ" ਬਾਬਾ ਸੁਣਨ ਲਈ ਤਿਆਰ ਹੋਇਆ।

"ਗੱਲਾਂ ਕ੍ਰਿਸ਼ਨਾ ਬਾਰੇ ਕਰਨੀਆਂ ਨੇ।"

"ਕ੍ਰਿਸ਼ਨਾ ਬਾਰੇ ? ਕੀ ?"

"ਇਹੋ ਕਿ ਉਹ ਹੁਣ ਸਿਆਣੀ ਹੋ ਗਈ ਏ।"

"ਹਾਂ, ਇਸ ਵਿਚ ਕੀ ਸ਼ੱਕ ਏ। ਇਸ ਅੱਸੂ ਤੋਂ ਉੱਨੀਵਾਂ ਵਰ੍ਹਾ ਲਗ ਪਵੇਗਾ ਸੂ।"

"ਫਿਰ ਹੁਣ ਸਾਨੂੰ ਉਸ ਦੇ ਵਿਆਹ ਬਾਰੇ ਕੁਝ ਸੋਚਣਾ ਚਾਹੀਦਾ ਏ।"

ਬਾਬੇ ਨੇ ਸੰਭਲਦੀ ਜਿਹੀ ਨਜ਼ਰ ਨਾਲ ਸਤਨਾਮ ਵਲ ਤਕ ਕੇ, ਕੁਝ ਘਬਰਾਈ ਜਿਹੀ ਅਵਾਜ਼ ਵਿਚ ਪੁਛਿਆ — "ਵਿਆਹ ਬਾਰੇ ?"

"ਹਾਂ" ਸਤਨਾਮ ਉਸਦੀ ਤੱਕਣੀ ਤੇ ਅਵਾਜ਼ ਤੋਂ ਕੁਝ ਭੈ-ਭੀਤ ਜਿਹਾ ਹੋ ਗਿਆ।

ਝਟ ਕੁ ਬਾਬਾ ਚੁਪ ਕੀਤਾ ਬੈਠਾ ਰਿਹਾ, ਫਿਰ ਬੋਲਿਆ — "ਤੁਹਾਡਾ ਖਿਆਲ ਠੀਕ ਏ ਸਤਨਾਮ ਜੀ, ਕੁੜੀ ਹੁਣ ਵਿਆਹ ਦੇ ਕਾਬਿਲ ਏ, ਪਰ ਅਜ ਕਲ੍ਹ ਲੜਕੇ ਲਭਣੇ ਵੀ ਤਾਂ ਸੌਖੇ ਨਹੀਂ ਨਾ।"

"ਸੌਖੇ ਹੋਣ ਭਾਵੇਂ ਔਖੇ, ਪਰ ਧੀਆਂ ਨੂੰ ਬਿਠਾਇਆ ਤਾਂ ਨਹੀਂ ਨਾ ਜਾ ਸਕਦਾ ਬਹੁਤਾ ਚਿਰ। ਆਖਰ ਕੁਝ ਤਾਂ ਸਾਨੂੰ ਕਰਨਾ ਹੀ ਪਵੇਗਾ।"

ਬਾਬਾ ਇਸ ਦੇ ਜਵਾਬ ਵਿਚ ਕੁਝ ਨਾ ਬੋਲਿਆ। ਗੁੰਮ ਸੁੰਮ ਕਿਸੇ ਬਹੁਤ ਡੂੰਘੇ ਖਿਆਲ ਵਿਚ ਡੁਬਿਆ ਰਿਹਾ।

ਸਤਨਾਮ ਨੇ ਆਪਣੇ ਸਵਾਲ ਨੂੰ ਇਕ ਵਾਰੀ ਫੇਰ ਦੁਹਰਾਇਆ। ਬਾਬੇ ਨੇ ਸਿਰ ਚੁਕਿਆ ਤੇ ਕਹਿਣ ਲਗਾ — "ਪਤਾ ਨਹੀਂ ਸਤਨਾਮ ਜੀ, ਇਸ ਕੁੜੀ ਦੇ ਭਾਗਾਂ 'ਚ ਕੀ ਲਿਖਿਆ ਹੋਇਆ ਏ। ਪਿੰਡ ਵੀ ਬਥੇਰੇ ਹੱਥ ਪੈਰ ਮਾਰੇ, ਪਰ ਕੋਈ ਵੀ ਚਜ ਦਾ ਮੁੰਡਾ ਨਾ ਲਭ ਸਕਿਆ। ਨੰਗੂ ਪੈਰੇ ਤਾਂ ਬਥੇਰੇ ਮਿਲਦੇ ਸਨ, ਪਰ ਕਿਸ ਤਰ੍ਹਾਂ ਮੇਰਾ ਦਿਲ ਮੰਨ ਸਕਦਾ ਸੀ ਕਿ ਏਡੀ ਸੁਘੜ ਸੁਚੱਜੀ ਧੀ ਨੂੰ ਕਿਸੇ ਫੂਸ ਦੇ ਗਲ ਬੰਨ੍ਹ ਦੇਂਦਾ। ਇਕ ਮੁੰਡਾ ਜ਼ਰਾ ਮੂੰਹ ਹਥ ਲਗਦਾ ਨਜ਼ਰੀਂ

ਪੈਂਦਾ ਸੀ, ਪਰ ਭਜੂਆ ਅਵਾਰਾ ਨਿਕਲਿਆ। ਨਹੀਂ ਤੇ ਜੇ ਕਦੀ ਮੁੰਡਾ ਕੌਮ ਦਾ ਉਹ ਮੋੜ ਸਭ ਤੋਂ ਚੰਗਾ ਸੀ। ਕ੍ਰਿਸ਼ਨਾ ਵੀ ਦਿਲੋਂ ਉਸ ਨੂੰ ਚਾਹੁੰਦੀ ਸੀ। ਦਿਨੇ ਰੂਹਿਆਂ ਨਾਲ ਇਕੱਠੇ ਹੀ ਖੇਡ ਕੇ ਵਡੇ ਹੋਏ ਸਨ।"

"ਕੌਣ ਸੀ ਉਹ ਬਾਪੂ ਜੀ ?"

ਬਾਬਾ ਫੇਰ ਸੋਚੀਂ ਪੈ ਗਿਆ।

ਸਤਨਾਮ ਨੇ ਫੇਰ ਪੁਛਿਆ, "ਕੋਈ ਰਿਸ਼ਤੇਦਾਰਾਂ ਵਿਚੋਂ ਸੀ ?"

ਬਾਬੇ ਨੇ ਫਿਰ ਵੀ ਜਵਾਬ ਨਾ ਦਿਤਾ।

"ਕੀ ਗਲ ਹੈ ਬਾਪੂ ਜੀ, ਤੁਸੀਂ ਚੁਪ ਹੋ ਗਏ ਹੋ ! ਜੇ ਕੋਈ ਦਸਣ ਵਾਲੀ ਗਲ ਨਹੀਂ ਤੇ ਮੈਂ ਨਹੀਂ ਪੁਛਦਾ।"

"ਸਤਨਾਮ !" ਬਾਬੇ ਨੇ ਇਸ ਤਰ੍ਹਾਂ ਸਤਨਾਮ ਵਲ ਤਕਿਆ, ਜਿਵੇਂ ਆਪਣੇ ਕਿਸੇ ਭਾਰੀ ਜੁਰਮ ਦਾ ਇਕਬਾਲ ਕਰਨ ਲਗਾ ਹੋਵੇ — "ਮੈਂ ਤੁਹਾਡੇ ਨਾਲ ਬੜਾ ਭਾਰੀ ਛਲ ਕੀਤਾ ਏ ਪੁੱਤ। ਪਤਾ ਨਹੀਂ ਈਸ਼ਵਰ ਮੈਨੂੰ ਇਸ ਦੀ ਕੀ ਸਜ਼ਾ ਦੇਵੇਗਾ। ਪਰ ਮੇਰੇ ਦਿਲ ਵਿਚ ਖੋਟ ਕੋਈ ਨਹੀਂ ਸੀ।"

"ਇਹ ਤੁਸੀਂ ਕੀ ਕਹਿ ਰਹੇ ਹੋ ਬਾਪੂ ਜੀ" ਸਤਨਾਮ ਨੇ ਹੋਰ ਉਸ ਦੇ ਨੇੜੇ ਸਰਕਦਿਆਂ ਕਿਹਾ।

"ਠੀਕ ਕਹਿ ਰਿਹਾਂ ਸਤਨਾਮ" ਬਾਬੇ ਦੇ ਚਿਹਰੇ ਉਤੇ ਸ਼ਰਮਿੰਦਗੀ ਦੀ ਝਲਕ ਪ੍ਰਤੱਖ ਸੀ। "ਮੈਨੂੰ ਡਰ ਹੈ।" ਬਾਬਾ ਓਸੇ ਸ਼ਰਮਿੰਦਗੀ ਦੇ ਰੰਗ ਵਿਚ ਫੇਰ ਬੋਲਿਆ— "ਤੁਸੀਂ ਸਾਰੇ ਮੈਨੂੰ ਤੇ ਕ੍ਰਿਸ਼ਨਾ ਨੂੰ ਨਫ਼ਰਤ ਕਰਨ ਲਗ ਪਓਗੇ, ਜਦ ਇਹ ਰਾਜ਼ ਤੁਹਾਡੇ ਉਤੇ ਖੁਲ੍ਹਿਆ।"

"ਵਾਹਿਗੁਰੂ ਨਾ ਕਰਾਏ ਕਿ ਐਸਾ ਹੋਵੇ। ਤੁਹਾਨੂੰ ਤੇ ਕ੍ਰਿਸ਼ਨਾ ਨੂੰ ਜਿਹੜਾ ਨਫ਼ਰਤ ਕਰੇ ਮੈਂ ਸਮਝਦਾ ਹਾਂ ਕਿ ਉਹ ਨਾਸਤਕ ਹੈ, ਖ਼ੁਦਾ ਦੀ ਖ਼ੁਦਾਈ ਤੋਂ ਮੁਨਕਰ ਹੈ। ਹਾਂ, ਦਸੋ ਕਿਹੜੀ ਗਲ ਹੈ ਇਹੋ ਜਿਹੀ ?"

"ਗਲ ਇਹ ਵੇ ਸਤਨਾਮ, ਕਿ ਜਿਸ ਕੁੜੀ ਨੂੰ ਤੁਸੀਂ 'ਕ੍ਰਿਸ਼ਨਾ' ਕਹਿ ਕੇ ਬੁਲਾਂਦੇ ਜੇ, ਇਸ ਦਾ ਅਸਲੀ ਨਾਂ ਹੋਰ ਹੈ।"

"ਲਓ ! ਗੱਲ ਕਢੀ ਜੇ ਬੜੀ ਭਾਰੀ। ਇਹ ਤਾਂ ਮੈਨੂੰ ਕਦੋਂ ਦਾ ਪਤਾ ਏ ਬਾਪੂ ਜੀ। ਉਸ ਦਾ ਨਾਂ ਜੇ 'ਨਸੀਮ', ਉਹ ਮੁਸਲਮਾਨਾਂ ਦੀ ਲੜਕੀ ਹੈ, ਜਿਸ ਨੂੰ ਤੁਸਾਂ ਆਪਣੀ ਔਲਾਦ ਵਾਂਗ ਪਾਲਿਆ ਏ। ਬਸ ਇਹੋ ਕੁਝ ? ਇਹ ਤਾਂ ਖ਼ੁਦ ਕ੍ਰਿਸ਼ਨਾ ਹੀ ਮੈਨੂੰ ਸਭ ਕੁਝ ਦਸ ਚੁਕੀ ਏ। ਭਲਾ ਇਸ ਵਿਚ ਛਲ ਕਪਟ ਵਾਲੀ ਕਿਹੜੀ ਗਲ ਹੋਈ। ਤੁਹਾਨੂੰ ਇਹੋ ਹੀ ਚਿੰਤਾ ਸਤਾ ਰਹੀ ਏ ਨਾ ਕਿ ਤੁਸਾਂ ਇਕ ਸਿਖ ਘਰਾਣੇ ਵਿਚ ਮੁਸਲਮਾਨ ਲੜਕੀ ਨੂੰ ਸ਼ਾਮਲ ਕਰ ਕੇ ਉਨ੍ਹਾਂ ਦਾ ਧਰਮ ਵਿਗਾੜਿਆ ਹੈ ? ਮੁਆਫ਼ ਕਰਨਾ, ਇਹ ਬਿਲਕੁਲ ਤੁਹਾਡੀ ਖ਼ਾਮ-ਖ਼ਿਆਲੀ ਹੈ। ਸਿਖ ਧਰਮ ਇਹੋ ਜਿਹੀ ਕਚੇ ਧਾਗੇ ਦੀ ਤੰਦ ਨਹੀਂ ਕਿ ਝਟ ਟੁਟ ਜਾਏਗੀ। ਨਾਲੇ ਸਾਡੇ ਘਰ ਵਿਚ ਤਾਂ ਮੁਢ ਤੋਂ ਇਹੋ ਜਿਹੇ ਭਰਮਾਂ ਨੂੰ ਫਟਕਣ ਨਹੀਂ ਦਿਤਾ ਜਾਂਦਾ। ਕਈ ਵਾਰੀ ਮੇਰੇ ਮੁਸਲਮਾਨ ਦੋਸਤ ਸਾਡੇ ਘਰ ਕੋਠੇ ਬੈਠ ਕੇ ਖਾ ਪੀ ਜਾਂਦੇ ਨੇ।"

ਸੁਣ ਕੇ ਜਿਵੇਂ ਬਾਬੇ ਦੇ ਸੀਨੇ ਤੋਂ ਹਜ਼ਾਰਾਂ ਮਣਾਂ ਦਾ ਭਾਰ ਉਤਰ ਗਿਆ। ਉਸ ਨੇ ਸਤਨਾਮ ਨੂੰ ਜੱਫੀ ਪਾ ਲਈ ਤੇ ਗਦ ਗਦ ਹੋ ਕੇ ਬੋਲਿਆ — "ਓਹ ! ਕਿੰਨੀ ਉਦਾਰਤਾ ਹੈ। ਪਰ ਸਤਨਾਮ ! ਬੀਬੀ (ਕੇਸਰ ਕੌਰ) ਨੂੰ ਵੀ ਇਸ ਗਲ ਦਾ ਪਤਾ ਹੈ ?"

"ਸਭ ਕੁਝ ਪਤਾ ਏ ਭਾਬੀ ਨੂੰ, ਕ੍ਰਿਸ਼ਨਾ ਨੇ ਆਪ ਉਸ ਨੂੰ ਸਾਰਾ ਕੁਝ ਸੁਣਾਇਆ ਸੀ। ਚੋਖੇ ਦਿਨ ਹੋ ਗਏ ਹੁਣ ਇਸ ਗਲ ਨੂੰ। ਮੈਂ ਆਖਿਆ ਖ਼ਬਰੇ ਕਿਹੜੀ ਨਵੀਂ ਨੇ ਤੁਸਾਂ ਗਲ ਸੁਣਾਨ।

ਪੁਟਿਆ ਪਹਾੜ ਤੇ ਨਿਕਲਿਆ ਚੂਹਾ। ਹਾਂ, ਅਸੀਂ ਹੋਰ ਹੋਰ ਗਲਾਂ ਵਿਚ ਲਗ ਪਏ। ਮੈਂ ਕ੍ਰਿਸ਼ਨਾ ਦੇ ਵਿਆਹ ਬਾਬਤ ਜ਼ਿਕਰ ਕਰ ਰਿਹਾ ਸਾਂ।"

ਬਾਬੇ ਨੇ ਸ਼ਾਇਦ ਸਤਨਾਮ ਦੀ ਗਲ ਸੁਣੀ ਹੀ ਨਹੀਂ। ਉਹ ਆਪਣੀ ਧੁਨ ਵਿਚ ਬੋਲਿਆ — "ਜੇ ਇਹ ਗਲ ਸੀ ਤਾਂ ਤੁਸਾਂ ਮੈਨੂੰ ਪਹਿਲਾਂ ਹੀ ਕਿਉਂ ਨਾ ਦਸ ਦਿਤਾ। ਮੈਂ ਤਾਂ ਦਿਨ ਰਾਤ ਇਸੇ ਚਿੰਤਾ ਵਿਚ ਘੁਲਦਾ ਰਹਿੰਦਾ ਸਾਂ ਕਿ ਖ਼ਬਰੇ ਕਿਹੜਾ ਕੁ ਪਾਪ ਮੈਂ ਕਰ ਰਿਹਾ ਹਾਂ ਕਿ ਜਿਨ੍ਹਾਂ ਦਸਿਆਂ ਇਕ ਮੁਸਲਮਾਨ ਲੜਕੀ ਇਨ੍ਹਾਂ ਦੇ ਘ... ..."

"ਛਡੋ ਬਾਪੂ ਜੀ ਹੁਣ ਇਨ੍ਹਾਂ ਕਿੱਸਿਆਂ ਨੂੰ। ਹਾਂ, ਮੈਂ ਕ੍ਰਿਸ਼ਨਾ ਦੇ ਵਿਆਹ ਬਾਬਤ ਤੁਹਾਡੇ ਪਾਸੋਂ ਪੁਛਿਆ ਸੀ।"

ਬਾਬਾ ਫੇਰ ਸੋਚੀਂ ਪੈ ਗਿਆ, ਪਰ ਅਗੇ ਵਾਂਗ ਨਿਰੁਤਰ ਨਹੀਂ ਰਿਹਾ। ਬੋਲਿਆ —

"ਅਸਲ ਵਿਚ ਸਤਨਾਮ ! ਜੇ ਮੇਰੇ ਦਿਲ ਦੀ ਪੁਛਦੇ ਹੋ ਤਾਂ ਮੈਂ ਇਸ ਕੁੜੀ ਲਈ ਕੋਈ ਮੁਸਲਮਾਨ ਮੁੰਡਾ ਲੱਭਣ ਦਾ ਖ਼ਾਹਿਸ਼ਮੰਦ ਸਾਂ। ਇਸ ਦੇ ਮਾਪਿਆਂ ਨੇ ਭਾਵੇਂ ਦੁਨੀਆਂ ਵਿਚ ਨਹੀਂ ਆਉਣਾ, ਨਾ ਹੀ ਕਿਸੇ ਕੰਮ ਤੋਂ ਵਰਜਣ ਲਈ ਉਹਨਾਂ ਆ ਕੇ ਮੇਰਾ ਹਥ ਫੜਨਾ ਏ, ਤੇ ਇਹ ਵੀ ਮੈਂ ਜਾਣਦਾ ਹਾਂ ਕਿ ਕ੍ਰਿਸ਼ਨਾ ਨੂੰ ਮੈਂ ਜਿਸ ਦੇ ਹਥ ਫੜਾ ਦਿਆਂਗਾ, ਉਸ ਵਿਚਾਰੀ ਨੇ ਬਗੈਰ ਚੂੰ-ਚਰਾਂ ਕੀਤਿਆਂ ਉਸੇ ਨਾਲ ਟੁਰ ਪੈਣਾ ਏ, ਪਰ ਜੇ ਮੈਂ ਕਿਸੇ ਗ਼ੈਰ ਮੁਸਲਿਮ ਲੜਕੇ ਨਾਲ ਇਸ ਨੂੰ ਵਿਆਹ ਦਿਤਾ ਤਾਂ ਉਮਰ ਭਰ ਲਈ ਮੇਰੀ ਆਤਮਾ ਕਲਪਦੀ ਰਹੇਗੀ ਕਿ ਮੈਂ ਆਪਣੇ ਫ਼ਰਜ਼ ਨੂੰ ਦਿਆਨਤਦਾਰੀ ਨਾਲ ਅਦਾ ਨਹੀਂ ਕੀਤਾ। ਅਗੋ ਜਿਸ ਤਰ੍ਹਾਂ ਤੁਸੀਂ ਕਹੋ ਉਸੇ ਤਰ੍ਹਾਂ ਕਰਨ ਨੂੰ ਤਿਆਰ ਹਾਂ। ਇਹ ਕੁੜੀ ਪਹਿਲਾਂ ਤੁਹਾਡੀ ਤੇ ਮਗਰੋਂ ਮੇਰੀ ਏ।"

"ਮੈਨੂੰ ਅਗੇ ਹੀ ਪਤਾ ਸੀ ਬਾਪੂ ਜੀ, ਕਿ ਤੁਸੀਂ ਕ੍ਰਿਸ਼ਨਾ ਲਈ ਮੁਸਲਮਾਨ ਮੁੰਡਾ ਲਭੋਗੇ ਤੇ ਮੈਂ ਤੁਹਾਨੂੰ ਯਕੀਨ ਦਿਵਾਂਦਾ ਹਾਂ ਕਿ ਇਸ ਬਾਰੇ ਮੈਂ ਜੋ ਕੁਝ ਵੀ ਕਰਾਂਗਾ, ਤੁਹਾਡੀ ਹੀ ਮਰਜ਼ੀ ਨੂੰ ਮਦੇ ਨਜ਼ਰ ਰਖ ਕੇ ਕਰਾਂਗਾ। ਹੁਣ ਤੀਕ ਮੈਂ ਜੋ ਕੁਝ ਕਰ ਚੁਕਾ ਹਾਂ, ਉਸ ਵਿਚ ਵੀ ਤੁਹਾਡੀ ਹੀ ਖ਼ਾਹਸ਼ ਨੂੰ ਸਾਹਮਣੇ ਰਖਿਆ ਹੈ।"

"ਜੇ ਇਹ ਗਲ ਹੈ" ਬਾਬਾ ਜਿਵੇਂ ਸਾਰੇ ਦਾ ਸਾਰਾ ਖ਼ੁਸ਼ੀ ਦੇ ਚਸ਼ਮੇ ਵਿਚ ਨਹਾਤਾ ਗਿਆ — "ਤਾਂ ਫਿਰ ਤੁਸੀਂ ਜ਼ਰੂਰ ਕੋਈ ਮੁੰਡਾ ਲਭੋ। ਜਿਹੜਾ ਵੀ ਤੁਸੀਂ ਪਸੰਦ ਕਰੋਗੇ ਮੈਨੂੰ ਮਨਜ਼ੂਰ ਹੋਵੇਗਾ। ਬਸ ਇਹੋ ਹੀ ਇਕ ਖਟਕਾ ਸੀ ਮੇਰੇ ਦਿਲ ਵਿਚ ਜਿਹੜਾ ਹਰ ਵੇਲੇ ਮੇਰਾ ਲਹੂ ਪੀਂਦਾ ਰਹਿੰਦਾ ਸੀ।" ਤੇ ਫਿਰ ਆਪ ਹੀ ਬਾਬੇ ਨੇ ਸਤਨਾਮ ਨੂੰ ਪੁਛਿਆ — "ਕੋਈ ਹੈ ਮੁੰਡਾ ਤੁਹਾਡੀ ਤੱਕ ਵਿਚ ?"

"ਹੈ ਤੇ ਸਹੀ ਇਕ"

"ਕੌਣ ਹੈ ?"

"ਮੁਸਲਮਾਨ"

"ਕਿਥੋਂ ਦੇ ਰਹਿਣ ਵਾਲਾ ?"

"ਪੋਠੋਹਾਰ ਦਾ"

"ਕਿਹੜੇ ਪਿੰਡ ਦਾ ?"

"ਚੱਕਰੀ ਦਾ"

"ਚੱਕਰੀ ਦਾ ? ਸਾਡੇ ਪਿੰਡ ਦਾ ?"

"ਜੀ ਹਾਂ।"

"ਇਹ ਕਿਸ ਤਰ੍ਹਾਂ ਮੁਮਕਿਨ ਹੋ ਸਕਦਾ ਏ ਸਤਨਾਮ ? ਕੀ ਨਾਂ ਏ ਉਸ ਦਾ ?"

"ਯੂਸਫ਼, ਤੁਸੀਂ ਉਸ ਨੂੰ ਜਾਣਦੇ ਹੋ ਚੰਗੀ ਤਰ੍ਹਾਂ।"

"ਯੂਸਫ਼ ? ਲੰਗੜੇ ਮਿਸਤਰੀ ਦਾ ਪੁੱਤਰ ਯੂਸਫ਼ ?"

"ਹਾਂ। ਤੇ ਜਿਥੋਂ ਤਕ ਮੇਰਾ ਖ਼ਿਆਲ ਹੈ, ਕ੍ਰਿਸ਼ਨਾ ਦੇ ਸਿਲਸਿਲੇ ਵਿਚ ਤੁਸਾਂ ਹੁਣੇ ਜਿਸ ਅਵਾਰਾ ਮੁੰਡੇ ਦਾ ਜ਼ਿਕਰ ਕੀਤਾ ਸੀ, ਇਹ ਉਹੋ ਮੁੰਡਾ ਹੈ।"

ਯੂਸਫ਼ ਦਾ ਨਾਂ ਸੁਣਦਿਆਂ ਹੀ ਬਾਬੇ ਨੇ ਨਫ਼ਰਤ ਨਾਲ ਮੂੰਹ ਮੋੜ ਲਿਆ। ਇਵੇਂ ਤਕ ਕਿ ਸਤਨਾਮ ਦੀ ਇਸ ਚੋਟ ਨੂੰ ਸਖ਼ਤ ਨਾਪਸੰਦਗੀ ਨਾਲ ਸਮਝ ਕੇ ਬਾਬੇ ਨੂੰ ਇਨ ਉਤੇ ਵੀ ਸ਼ੱਕ ਹੋਣ ਲਗਾ। ਉਹ ਇਸ ਗਲ ਦਾ ਕੀ ਜਵਾਬ ਦੇਵੇ, ਇਸੇ ਸਬੰਧੀ ਉਹ ਸੋਚ ਰਿਹਾ ਸੀ ਕਿ ਸਤਨਾਮ ਬੋਲਿਆ — "ਮਲੂਮ ਹੁੰਦਾ ਏ ਬਾਪੂ ਜੀ, ਤੁਸੀਂ ਯੂਸਫ਼ ਦਾ ਨਾਂ ਸੁਣ ਕੇ ਘਬਰਾ ਗਏ ਹੋ, ਪਰ ਤੁਹਾਡੇ ਉਸ ਕਦੀ ਵੇਖੇ ਹੋਏ ਯੂਸਫ਼ ਤੇ ਅਜ ਦੇ ਯੂਸਫ਼ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਹੁਣੇ ਹੁਣੇ ਤੁਸੀਂ ਜਿਸ ਉਪਕਾਰੀ ਤੇ ਰਾਜਾ ਵਿਕ੍ਰਮਾਜੀਤ ਸਾਨੀ ਦਾ ਨਾਮ ਮੈਥੋਂ ਪੁਛ ਰਹੇ ਸੀ, ਅਸਲ ਵਿਚ ਓਹੀ ਸੇ ਯੂਸਫ਼। ਉਸੇ ਦੀ ਬਹਾਦਰੀ ਤੇ ਜਾਂਨਿਸਾਰੀ ਦਾ ਸਦਕਾ ਅਜ ਤੁਸੀਂ ਜਾਈ ਕੁੜਮਣ ਨੂੰ ਵੇਖ ਸਕੇ ਹੋ, ਤੇ ਉਸੇ ਨੇ ਤੁਹਾਡਾ ਟਰੰਕ, ਜਿਸ ਨੂੰ ਪੂਰੇ ਛੇ ਮਹੀਨਿਆਂ ਤੋਂ ਉਹ ਤੁਹਾਡੇ ਹਵਾਲੇ ਕਰਨ ਲਈ ਸਾਂਭੀ ਫਿਰਿਆ ਸੀ, ਅਜ ਤੁਹਾਡੇ ਹਥ ਆਇਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅਜ ਤੋਂ ਛੇ ਮਹੀਨੇ ਪਹਿਲਾਂ ਉਹ ਪੱਕਾ ਫ਼ਸਾਦੀ ਸੀ, ਵਿਸ਼ਵਾਸਘਾਤੀ ਸੀ ਤੇ ਜੋ ਵੀ ਕਹੋ ਸੀ, ਪਰ ਅਜ ਇਸ ਗਲ ਦੀ ਜ਼ਮਾਨਤ ਮੈਂ ਖ਼ੁਦ ਦੇਣ ਨੂੰ ਤਿਆਰ ਹਾਂ ਕਿ ਯੂਸਫ਼ ਇਸ ਵੇਲੇ ਬਾਰਾਂ ਵੰਨੀ ਦਾ ਸੋਨਾ ਹੈ, ਉਹ ਮਨੁਖ ਨਹੀਂ ਦੇਵਤਾ ਹੈ। ਇਹ ਸਾਰੀਆਂ ਤਬਦੀਲੀਆਂ ਇਤਨੇ ਥੋੜੇ ਜਿਹੇ ਅਰਸੇ ਵਿਚ ਕੀਕੁਣ ਉਸ ਅੰਦਰ ਆ ਗਈਆਂ ? ਸਚ ਪੁਛੋ ਤਾਂ ਇਹ ਸਾਰੀ ਕਰਾਮਾਤ ਕ੍ਰਿਸ਼ਨਾ ਦੀ ਹੈ।" ਤੇ ਇਸ ਤੋਂ ਬਾਅਦ ਸਤਨਾਮ ਨੇ ਸੰਖੇਪ ਵਿਚ ਯੂਸਫ਼ ਦਾ ਪਿਛਲੇ ਛੇ ਮਹੀਨਿਆਂ ਦਾ ਇਤਿਹਾਸ ਬਾਬੇ ਪਾਸ ਦੁਹਰਾ ਦਿਤਾ। ਜਿਸ ਨੂੰ ਸੁਣ ਕੇ ਬਾਬੇ ਦੀਆਂ ਅੱਖਾਂ ਵਿਚੋਂ ਸ਼ਰਧਾ, ਪਿਆਰ ਤੇ ਸ਼ੁਕਰੀਏ ਦੇ ਹੰਝੂਆਂ ਦੀ ਨਦੀ ਜਾਰੀ ਹੋ ਗਈ।

ਸਤਨਾਮ ਜ਼ਰਾ ਕੁ ਠਹਿਰ ਕੇ ਫੇਰ ਬੋਲਿਆ — "ਕਿਉਂ ਬਾਪੂ ਜੀ, ਅਜੇ ਵੀ ਤੁਸੀਂ ਯੂਸਫ਼ ਨੂੰ ਏਸ ਗਲ ਦਾ ਮੁਸਤਹਿੱਕ ਨਹੀਂ ਸਮਝਦੇ ਕਿ ਉਹ ਤੁਹਾਡੇ ਪਾਸੋਂ 'ਨਸੀਮ' ਦੀ ਮੰਗ ਕਰ ਸਕੇ ?"

ਜਵਾਬ ਵਿਚ ਬਾਬੇ ਨੇ ਇਕ ਉੱਚੀ ਸਾਰੀ ਸਾਹ ਭਰਿਆ, ਜਿਸ ਦਾ ਸਾਫ਼ ਅਰਥ ਸੀ 'ਤਥ ਅਸਤੁ'. ਸ਼ਾਇਦ ਬਾਬੇ ਦੇ ਸੰਤਰ ਸਾਲਾ ਜੀਵਨ ਵਿਚ ਇਹ ਘੜੀਆਂ ਸਭ ਤੋਂ ਵਧੀਕ ਸੁਖਦਾਈ ਤੇ ਦਿਲ-ਵਧਾਊ ਸਨ। ਉਹ ਪੁਕਾਰਿਆ —

"ਈਸ਼ਵਰ ! ਤੂੰ ਕਿੰਨਾ ਕਾਰਸਾਜ਼ ਹੈਂ। ਤੇਰੇ ਖ਼ਜ਼ਾਨਿਆਂ ਵਿਚ ਕੀ ਹੈ। ਆਹ ! ਮੇਰੇ ਦਾਤਾ! ਅਜ ਮੈਂ ਨਿਹਾਲ ਹੋ ਗਿਆ।"

ਇਹ ਵਾਕ ਸਨ ਜਿਹੜੇ ਬਾਬੇ ਦੇ ਹਿਰਦੇ 'ਚੋਂ ਉਠ ਕੇ ਉਸ ਦੀ ਜ਼ਬਾਨੋਂ ਨਿਕਲੇ। ਬਾਬਾ ਇਸ ਵੇਲੇ ਕਿਸੇ ਮਸਤੀ ਵਿਚ ਗੜੂੰਦ ਸੀ। ਉਹ ਉਸੇ ਤਰ੍ਹਾਂ ਮਿੰਦੀਆਂ ਅੱਖਾਂ ਨਾਲ ਸਤਨਾਮ ਵਲ ਤੱਕਦਾ ਹੋਇਆ ਉਸ ਦੀ ਪਿਠ ਨੂੰ ਆਪਣੇ ਕੰਬਦੇ ਹਥ ਨਾਲ ਪਲੋਸ ਰਿਹਾ ਸੀ ਤੇ ਹੌਲੀ ਹੌਲੀ ਉਸ ਦੇ ਬੁੱਲ੍ਹਾਂ 'ਚੋਂ ਸੁਣਾਈ ਦੇਂਦਾ ਸੀ — "ਸਤਨਾਮ ! ਈਸ਼ਵਰ ਤੈਨੂੰ ਇਸ ਉਪਕਾਰ ਦਾ ਬਦਲਾ ਦੇਵੇਗਾ। ਮੈਨੂੰ ਯੂਸਫ਼ ਕੋਲ ਲੈ ਚਲ ਛੇਤੀ ! ਤੇ ਜਾਂ ਉਸ ਨੂੰ ਮੇਰੇ ਕੋਲ ਲੈ ਆ। ਅਗੇ ਮੈਂ ਉਸ ਦੇ ਪੈਰ ਚੁੰਮਣੇ ਸਨ, ਹੁਣ ਉਸ ਦਾ ਸਿਰ ਚੁੰਮਾਂਗਾ।"

38

ਫਿਰਕੂ ਗੜਬੜ ਦੇ ਅਸਰਾਂ ਤੋਂ ਹਸਪਤਾਲਾਂ ਦੀ ਫ਼ਿਜ਼ਾ ਵੀ ਸਾਫ਼ ਨਹੀਂ ਸੀ ਰਹੀ। ਕਈ ਇਕ ਡਾਕਟਰ ਕੰਪੌਂਡਰ ਵੀ ਇਸ ਮਨਹੂਸ ਅਸਰ ਵਿਚ ਰੰਗੇ ਗਏ ਸਨ, ਆਪਣੇ ਮਰੀਜ਼ਾਂ ਉਤੇ ਵੀ ਇਸ ਜ਼ਿਹਨੀਅਤ ਨੂੰ ਵਰਤਣੋਂ ਦਰੇਗ਼ ਨਹੀਂ ਸਨ ਕਰਦੇ। ਹਿੰਦੂ ਜਾਂ ਸਿਖ ਡਾਕਟਰ ਜੋ

ਕਿਸੇ ਮੁਸਲਮਾਨ ਮਰੀਜ਼ ਦੇ ਜ਼ਖਮ ਸੀਉਂ ਰਿਹਾ ਹੈ, ਤਾਂ ਉਸ ਦਾ ਲਾਇਆ ਹੋਇਆ ਹਰ ਇਕ ਤੋਪਾ ਰੋਗੀ ਨੂੰ ਸਿਹਤਯਾਬ ਕਰਨ ਦੇ ਥਾਂ ਜਹੰਨਮ ਰਸੀਦ ਕਰਨ ਦੀ ਕਾਮਨਾ ਕਰ ਰਿਹਾ ਹੁੰਦਾ। ਇਸੇ ਤਰ੍ਹਾਂ ਜੇ ਕਿਸੇ ਮੁਸਲਮਾਨ ਡਾਕਟਰ ਦਾ ਹਿੰਦੂ ਸਿਖ ਮਰੀਜ਼ ਨਾਲ ਵਾਹ ਪੈ ਜਾਂਦਾ ਤਾਂ ਅਕਸਰ ਉਨ੍ਹਾਂ ਦੀ ਵੀ ਇਹੋ ਕੋਸ਼ਿਸ਼ ਹੁੰਦੀ ਕਿ ਮਰੀਜ਼ ਨੂੰ ਤੰਦਰੁਸਤ ਕਰਨ ਦੇ ਥਾਂ ਮੁਰਦਾ ਕਿਉਂ ਨਾ ਬਣਾ ਦਿਤਾ ਜਾਵੇ।

ਬਦਕਿਸਮਤੀ ਨੂੰ ਇਸ ਹਸਪਤਾਲ ਵਿਚ ਮਰੀਜ਼ ਵੀ ਤਿੰਨਾਂ ਮਜ਼ਹਬਾਂ ਦੇ ਆਉਂਦੇ ਸਨ ਤੇ ਡਾਕਟਰ ਵੀ ਹਿੰਦੂ ਸਿਖ ਤੇ ਮੁਸਲਮਾਨ ਰਲੇ ਮਿਲੇ। ਜਿਸ ਦਾ ਫਲ ਰੂਪ ਇਹ ਅਫਵਾਹ ਸ਼ਹਿਰ ਵਿਚ ਆਮ ਚਕਰ ਲਾ ਰਹੀ ਸੀ ਕਿ ਜਿਹੜੇ ਫਟੜ ਕਾਤਲ ਦੀ ਛੁਰੀ ਜਾਂ ਕਿਰਪਾਨ ਤੋਂ ਬਚ ਜਾਂਦੇ ਹਨ, ਉਹ ਆਪਣੇ ਰਹਿਮ ਦਿਲ ਡਾਕਟਰ ਦੀ ਕ੍ਰਿਪਾ ਨਾਲ ਅਜ਼ਲ ਦਾ ਲੁਕਮਾ ਬਣ ਜਾਂਦੇ ਹਨ।

ਸਤਨਾਮ ਨੂੰ ਵੀ ਇਸ ਗਲ ਦਾ ਖ਼ਤਰਾ ਸੀ। ਸੋ ਉਸ ਨੇ ਯੂਸਫ ਦੀ ਮਲ੍ਹਮ ਪਟੀ ਲਈ ਖ਼ਾਸ ਤੌਰ ਤੇ ਆਪਣੇ ਇਕ ਦੋਸਤ ਡਾਕਟਰ ਦੀ, ਜਿਹੜਾ ਇਸੇ ਹਸਪਤਾਲ ਵਿਚ ਸੀ, ਡੀਊਟੀ ਲਾ ਦਿਤੀ ਤੇ ਇਸ ਤੋਂ ਛੁਟ ਆਪਣੀ ਪਾਰਟੀ ਦੇ ਦੋਹ ਆਦਮੀਆਂ ਨੂੰ ਉਸ ਨੇ ਨੀਯਤ ਕਰ ਦਿਤਾ, ਜਿਹੜੇ ਹਰ ਵੇਲੇ ਉਸਦੇ ਕੋਲ ਰਹਿਣ।

ਪਰ ਇਤਨਾ ਕੁਝ ਕਰਕੇ ਵੀ ਸ਼ਾਇਦ ਯੂਸਫ ਦੇ ਦੋਸਤਾਂ ਦੀ ਤਸੱਲੀ ਨਹੀਂ ਹੋ ਸਕੀ। ਇਸ ਲਈ ਵੀ ਕਿ ਯੂਸਫ ਹੁਣ ਨਿਰਾ ਉਨ੍ਹਾਂ ਦੀ ਇਤਿਹਾਦ ਸਭਾ ਦਾ ਰੁਕਨ ਹੀ ਨਹੀਂ ਸੀ, ਸਤਨਾਮ ਦਾ ਬਣਨ ਵਾਲਾ ਰਿਸ਼ਤੇਦਾਰ ਵੀ ਸੀ, ਜਿਸ ਲਈ ਉਨ੍ਹਾਂ ਦੀਆਂ ਨਜ਼ਰਾਂ ਵਿਚ ਯੂਸਫ ਦੀ ਜ਼ਿੰਦਗੀ ਹੋਰ ਵੀ ਕੀਮਤੀ ਸੀ। ਯੂਸਫ ਦੇ ਇਕ ਦੋਸਤ ਨੇ ਇਕ ਦੇਸੀ ਪਿਸਤੌਲ ਕਿਤੋਂ ਲਿਆ ਕੇ ਚੁਪ ਚੁਪਾਤੇ ਉਸ ਨੂੰ ਦੇ ਦਿਤਾ ਸੀ, ਤਾਂ ਜੁ ਕਿਸੇ ਖਤਰੇ ਵੇਲੇ ਉਹ ਇਸ ਦੀ ਮਦਦ ਨਾਲ ਆਪਣੀ ਜਾਨ ਬਚਾ ਸਕੇ। ਇਹਨਾਂ ਦਿਨਾਂ ਵਿਚ ਦੇਸੀ ਸਾਖ਼ਤ ਦੇ ਪਿਸਟਲ ਆਮ ਮਿਲਣ ਲਗ ਪਏ ਸਨ।

ਅਜ ਸਾਰਾ ਦਿਨ ਸਤਨਾਮ ਨੂੰ ਬੜੀ ਨਠ ਭਜ ਕਰਨੀ ਪਈ। ਕੋਠੀ ਵਿਚ ਬਾਬੇ ਤੇ ਕ੍ਰਿਸ਼ਨਾ ਦਾ ਉਤਾਰਾ, ਫਿਰ ਪੁਤਲੀਘਰ ਵਾਲੇ ਕੈਂਪ ਵਿਚੋਂ ਜਾ ਕੇ ਰੁਕਮਣ ਦੇ ਸਾਮਾਨ ਨੂੰ ਲਿਆਉਣਾ ਤੇ ਫਿਰ ਆਪਣੇ ਘਰੋਂ ਲੋੜੀਂਦਾ ਸਾਮਾਨ ਕੋਠੀ ਪਹੁੰਚਾਣਾ ਆਦਿ। ਇਨ੍ਹਾਂ ਨੂੰ ਆਪਣੇ ਘਰੋਂ ਲੈ ਜਾ ਕੇ ਕੋਠੀ ਵਿਚ ਇਨ੍ਹਾਂ ਦੀ ਰਿਹਾਇਸ਼ ਦਾ ਪ੍ਰਬੰਧ ਕਰਨਾ ਸਤਨਾਮ ਲਈ ਇਸ ਕਰ ਕੇ ਵੀ ਜ਼ਰੂਰੀ ਹੋ ਗਿਆ ਸੀ ਕਿ ਉਧਰ ਸੁਦਰਸ਼ਨ ਨੇ ਗਲੀ ਮਹੱਲੇ ਵਿਚ ਕਾਫੀ ਖਪ ਪਾ ਦਿਤੀ ਹੋਈ ਸੀ, ਜਿਸ ਕਰ ਕੇ ਸਤਨਾਮ ਨੂੰ ਕਈ ਤਰ੍ਹਾਂ ਦੇ ਖਤਰੇ ਨਜ਼ਰੀਂ ਆਉਣ ਲਗ ਪਏ ਸਨ। ਹੁਣ ਉਸ ਦੀ ਤੇ ਬਾਬੇ ਦੀ ਖ਼ਾਹਿਸ਼ ਇਹੋ ਸੀ ਕਿ ਯੂਸਫ ਦੇ ਸਿਹਤਯਾਬ ਹੁੰਦਿਆਂ ਹੀ ਕ੍ਰਿਸ਼ਨਾ ਨਾਲ ਉਸ ਦੀ ਸਿਵਲ ਮੈਰਿਜ ਹੋ ਜਾਵੇ।

ਤੇਰ੍ਹਾਂ ਅਗਸਤ ਦੀ ਸੀ ਇਹ ਰਾਤ — ਕਾਤਲ ਦੀ ਨੀਤ ਵਰਗੀ ਕਾਲੀ ਤੇ ਦੁਸ਼ਮਨ ਦੇ ਮਨਸੂਬਿਆਂ ਵਰਗੀ ਡਰਾਉਣੀ। ਅਸਮਾਨ ਦੀ ਹਿੱਕ ਉਤੇ ਫੈਲਦੇ ਜਾ ਰਹੇ ਬੱਦਲ, ਤਾਰਿਆਂ ਦੀ ਚਮਕ ਨੂੰ ਆਪਣੀ ਲਪੇਟ ਵਿਚ ਲੈਂਦੇ ਹੋਏ ਹਨੇਰੇ ਨੂੰ ਹੋਰ ਵੀ ਸੰਘਣਾ ਬਣਾ ਰਹੇ ਸਨ।

ਬੱਦਲਵਾਈ ਦੇ ਕਾਰਨ ਬਾਕੀ ਸਭਨਾਂ ਦੇ ਮੰਜੇ ਹੇਠਾਂ ਖੁਲ੍ਹੇ ਵਿਹੜੇ ਵਿਚ ਸਨ, ਪਰ ਕ੍ਰਿਸ਼ਨਾ ਨੇ ਕਹੌਂਟੀਏ ਨੂੰ ਕਹਿ ਕੇ ਆਪਣਾ ਮੰਜਾ ਛਤ ਤੇ ਡਹਾਇਆ ਸੀ।

ਵਕਤ ਨੌਂ ਦੇ ਲਗ ਪਗ ਹੋ ਚੁਕਾ ਸੀ, ਕ੍ਰਿਸ਼ਨਾ ਇਸ ਵੇਲੇ ਬਨੇਰੇ ਦੇ ਨਾਲ ਨਾਲ ਫਿਰਦੀ ਹੋਈ ਛਤ ਦਾ ਚੱਕਰ ਲਾ ਰਹੀ ਸੀ। ਸਤਨਾਮ ਸ਼ਾਮ ਦਾ ਹਸਪਤਾਲ ਗਿਆ ਅਜੇ ਤੀਕ ਨਹੀਂ ਸੀ ਮੁੜਿਆ, ਇਸੇ ਕਰ ਕੇ ਕ੍ਰਿਸ਼ਨਾ ਦੀ ਨਜ਼ਰ ਘੜੀ ਮੁੜੀ ਕੋਠੀ ਦੇ ਫਾਟਕ ਵਲ ਉਠ ਰਹੀ ਸੀ।

ਕੁਝ ਹਨੇਰਾ ਕੁਝ ਚਾਨਣ, ਅਥਵਾ ਕੁਝ ਉਤਸ਼ਾਹ ਕੁਝ ਨਿਰ-ਉਤਸ਼ਾਹਤਾ, ਇਹੋ ਜਿਹੇ ਹੀ ਰਲਵੇਂ ਮਿਲਵੇਂ ਮਨੋਭਾਵ ਇਸ ਵੇਲੇ ਕ੍ਰਿਸ਼ਨਾ ਦੇ ਅੰਦਰ ਦਰਿਆ ਦੀਆਂ ਲਹਿਰਾਂ ਵਾਂਗ ਉਠਦੇ ਤੇ ਬੈਠਦੇ ਸਨ, ਜਿਨ੍ਹਾਂ ਦੇ ਅਸਰਾਂ ਨਾਲ ਕਦੀ ਤਾਂ ਉਸ ਦੀਆਂ ਅੱਖਾਂ ਪ੍ਰਕਾਸ਼ਮਾਨ ਹੋ ਉਠਦੀਆਂ ਤੇ ਕਦੀ ਉਨ੍ਹਾਂ ਵਿਚ ਮਿੱਥਲਤਾ ਛਾ ਜਾਂਦੀ ਸੀ।

ਜੀਪਕਾਰ ਦਾ ਹਾਰਨ ਵਜਿਆ, ਫਿਰ ਕੋਠੀ ਦਾ ਫਾਟਕ ਖੜਕਿਆ ਤੇ ਫਿਰ ਸਤਨਾਮ ਦਾ ਆਕਾਰ ਕ੍ਰਿਸ਼ਨਾ ਨੂੰ ਦਿਖਾਈ ਦਿਤਾ। ਉਸ ਨੇ ਪਹਿਲਾਂ ਤਾਂ ਚਾਹਿਆ ਕਿ ਸਤਨਾਮ ਨੂੰ ਆਵਾਜ਼ ਦੇ ਕੇ ਉਪਰ ਸੱਦ ਲਵੇ, ਫੇਰ ਇਸ ਦੀ ਉਸ ਨੇ ਬਹੁਤੀ ਲੋੜ ਨਾ ਸਮਝੀ। ਉਹ ਜਾਣਦੀ ਸੀ ਕਿ ਬਿਨਾਂ ਸੱਦਣ ਤੋਂ ਹੀ ਉਹ ਹੁਣੇ ਦੋ ਘੜੀਆਂ ਨੂੰ ਉਸ ਦੇ ਪਾਸ ਆ ਪਹੁੰਚੇਗਾ।

ਤੇ ਉਸ ਦਾ ਖਿਆਲ ਠੀਕ ਹੀ ਨਿਕਲਿਆ। ਸਤਨਾਮ ਬਿਨਾ ਸੱਦਿਆਂ ਹੀ ਆ ਗਿਆ।

"ਭਰਾ ਜੀ" ਕ੍ਰਿਸ਼ਨਾ ਉਸ ਦੇ ਕੋਲ ਪਹੁੰਚ ਕੇ ਬੋਲੀ — "ਬੜੀ ਦੇਰ ਕਰ ਕੇ ਆਏ ਓ। ਤੁਸਾਂ ਤੇ ਜਾਣ ਲਗਿਆਂ ਕਿਹਾ ਸੀ ਅੱਠ ਵਜੇ ਤੋਂ ਪਹਿਲਾਂ ਮੁੜ ਆਵਾਂਗੇ।"

"ਜ਼ਰਾ ਕੰਮ ਪੈ ਗਿਆ ਸੀ।" ਇਤਨਾ ਹੀ ਕਹਿ ਕੇ ਸਤਨਾਮ ਮੰਜੇ ਤੇ ਆ ਬੈਠਾ। ਬਿਜਲੀ ਦਾ ਇਕ ਪਤਲਾ ਜਿਹਾ ਝਲਕਾਰਾ ਵਜਾ, ਜਿਸ ਦੀ ਰੋਸ਼ਨੀ ਵਿਚ ਕ੍ਰਿਸ਼ਨਾ ਨੇ ਸਤਨਾਮ ਦੇ ਚਿਹਰੇ ਵਲ ਤਕਿਆ, ਜਿਸ ਉਤੇ ਅਜ ਫੇਰ ਕੁਝ ਉਪਰਾਮਤਾ ਦੇ ਚਿੰਨ੍ਹ ਉਸ ਨੂੰ ਦਿਖਾਈ ਦਿਤੇ ਤੇ ਇਹ ਸਰਾਸਰ ਕ੍ਰਿਸ਼ਨਾ ਦੀ ਕਲਪਨਾ ਤੋਂ ਉਲਟ ਸੀ। ਉਸ ਦਾ ਖਿਆਲ ਸੀ ਕਿ ਸਤਨਾਮ ਦੇ ਚਿਹਰੇ ਉਤੇ ਅਜ ਉਹ ਪਿਛਲੇ ਸਾਰੇ ਦਿਨਾਂ ਨਾਲੋਂ ਬਹੁਤੀ ਖੁਸ਼ੀ ਤੇ ਬਸ਼ਾਸ਼ਤ ਵੇਖੇਗੀ, ਜਦ ਕਿ ਅਜ ਸਾਰੀ ਦਿਹਾੜੀ ਖੂਬ ਹੱਸਦਿਆਂ ਖੇਡਦਿਆਂ ਬੀਤੀ ਸੀ। ਬਾਬਾ ਜੀ ਦੀ ਤੰਦਰੁਸਤੀ ਦੀ ਖੁਸ਼ੀ, ਰੁਕਮਣ ਦੇ ਮਿਲਾਪ ਦੀ ਖੁਸ਼ੀ, ਬਾਬਾ ਜੀ ਪਾਸੋਂ ਯੂਸਫ ਨਾਲ ਕ੍ਰਿਸ਼ਨਾ ਦੇ ਵਿਆਹ ਦੀ ਪ੍ਰਵਾਨਗੀ ਦੀ ਖੁਸ਼ੀ ਤੇ ਬਾਬਾ ਜੀ ਦੀ ਹਜ਼ਾਰਾਂ ਦੀ ਪੂੰਜੀ ਮੁੜ ਆਉਣ ਦੀ ਖੁਸ਼ੀ। ਇਹ ਸਾਰੀਆਂ ਖੁਸ਼ੀਆਂ ਇਕਵਾਰਗੀ ਲਭ ਪੈਣ ਤੋਂ ਬਾਅਦ ਵੀ ਸਤਨਾਮ ਦੇ ਚਿਹਰੇ ਉਤੇ ਕੀ ਮਲਾਲ ਦੀ ਰੇਖ ਬਾਕੀ ਰਹਿ ਸਕਦੀ ਹੈ ? ਕ੍ਰਿਸ਼ਨਾ ਇਹੋ ਸੋਚਣ ਲਗੀ ਤੇ ਜਿਉਂ ਹੀ ਸਤਨਾਮ ਪਾਸ ਮੰਜੇ ਤੇ ਬੈਠਣ ਤੋਂ ਬਾਅਦ ਕ੍ਰਿਸ਼ਨਾ ਨੇ ਇਸ ਦਾ ਕਾਰਨ ਪੁੱਛਣ ਲਈ ਉਸ ਵਲ ਸਿਰ ਉਠਾਇਆ ਕਿ ਇਸ ਤੋਂ ਪਹਿਲਾਂ ਹੀ ਉਹ ਬੋਲ ਉਠਿਆ — "ਕ੍ਰਿਸ਼ਨਾ ! ਕੀ ਗਲ ਹੈ ? ਅਜ ਤੂੰ ਕੁਝ ਉਦਾਸ ਉਦਾਸ ਜਾਪਨੀ ਏਂ। ਅਜੇ ਵੀ ਉਦਾਸੀ ਦੀ ਕੋਈ ਵਜ੍ਹਾ ਬਾਕੀ ਏ।"

"ਪਰ ਇਹੋ ਸਵਾਲ ਤੇ ਮੈਂ ਤੁਹਾਡੇ ਉਤੇ ਕਰਨ ਲਗੀ ਸਾਂ।"

"ਕਿਉਂ, ਮੈਨੂੰ ਕੀ ਹੋ ਗਿਆ ਏ, ਮੈਂ ਤੇ ਅਜ ਇਤਨਾ ਖੁਸ਼ ਹਾਂ ਜਿਸ ਦਾ ਕੋਈ ਪਾਰਾਵਾਰ ਨਹੀਂ।"

"ਨਹੀਂ ਭਰਾ ਜੀ, ਝੂਠ ਨਾ ਬੋਲੋ। ਤੁਸੀਂ ਅਜ ਖੁਸ਼ ਨਹੀਂ ਹੋ।"

"ਕ੍ਰਿਸ਼ਨਾ ! ਤੂੰ ਕਿਤਨੀ ਵਹਿਮਣ ਹੋ ਗਈ ਏਂ।"

"ਵਹਿਮਣ ਸਮਝੋ ਭਾਵੇਂ ਕੁਝ ਸਮਝੋ, ਪਰ ਮੇਰਾ ਖਿਆਲ ਕਦੀ ਗਲਤ ਨਹੀਂ ਨਿਕਲਿਆ। ਅਗੇ ਕਈ ਵਾਰੀ ਤੁਸੀਂ ਅਜ਼ਮਾ ਚੁਕੇ ਹੋ।"

ਸਤਨਾਮ ਇਸ ਦੇ ਜਵਾਬ ਵਿਚ ਖ਼ਾਮੋਸ਼ ਰਿਹਾ।

"ਬੋਲਦੇ ਕਿਉਂ ਨਹੀਂ ?"

"ਤੂੰ ਸਚ-ਮੁਚ ਅੰਤਰਜਾਮਣੀ ਏਂ ਕ੍ਰਿਸ਼ਨਾ।"

"ਫਿਰ ਇਹ ਜਾਣਦੇ ਹੋਏ ਵੀ ਝੂਠ ਕਿਉਂ ਬੋਲਦੇ ਹੁੰਦੇ ਓ ਮੇਰੇ ਅਗੇ, ਜਦ ਕਿ ਮੇਰੇ ਜੋਤਸ਼ ਨੂੰ ਤੁਸੀਂ ਅਗੇ ਕਈ ਵਾਰੀ ਅਜ਼ਮਾ ਚੁਕੇ ਹੋ।"

"ਬੇਸ਼ਕ ਮੈਂ ਤੇਰੇ ਅਗੇ ਝੂਠ ਬੋਲਿਆ ਏ ਕ੍ਰਿਸ਼ਨਾ।"

"ਪਰ ਹੁਣ ਤਾਂ ਸਚ ਬੋਲੇਂ।"

"ਜ਼ਰੂਰ ਬੋਲਣਾ ਪਵੇਗਾ ?"

"ਜ਼ਰੂਰ।"

"ਤਾਂ ਸੁਣ !" ਸਤਨਾਮ ਜ਼ਰਾ ਚੇਤੰਨ ਹੋ ਬੈਠਾ — "ਕ੍ਰਿਸ਼ਨਾ ! ਜੇ ਤੂੰ ਸਚ ਮੁਚ ਅੰਤਰਯਾਮਣੀ ਏਂ ਤਾਂ ਜੋ ਕੁਝ ਮੈਥੋਂ ਪੁਛਣਾ ਚਾਹੁੰਦੀ ਏਂ ਉਹ ਵੀ ਆਪੇ ਬੁਝ ਲੈ।"।

"ਸ਼ਾਇਦ ਬੁਝ ਲਵਾਂ, ਜਾਂ ਬੁਝ ਹੀ ਲਿਆ ਹੋਵੇ, ਪਰ ਤੁਹਾਡੇ ਮੂੰਹੋਂ ਸੁਣਨ ਵਿਚ ਜੋ ਗਲ ਹੈ, ਉਹ ਆਪੇ ਬੁਝਣ ਵਿਚ ਨਹੀਂ ਹੋ ਸਕਦੀ।"

"ਤਾਂ ਉਰੇ ਕਰ ਹਥ" ਕ੍ਰਿਸ਼ਨਾ ਨੇ ਸੱਜਾ ਹਥ ਉਸ ਵਲ ਵਧਾਇਆ, ਸਤਨਾਮ ਨੇ ਇਸ ਨੂੰ ਫੜ ਕੇ ਆਪਣੀ ਛਾਤੀ ਦੇ ਖਬੇ ਪਾਸੇ ਉਤੇ ਟਿਕਾਂਦਿਆਂ ਪੁਛਿਆ— "ਇਥੇ ਕ੍ਰਿਸ਼ਨਾ ! ਤੇਰੇ ਹਥ ਨੂੰ ਕੋਈ ਧੜਕਣ ਮਹਿਸੂਸ ਹੁੰਦੀ ਏ ?"

"ਹੁੰਦੀ ਕਿਉਂ ਨਹੀਂ" ਕ੍ਰਿਸ਼ਨਾ ਬੋਲੀ — "ਜਿਥੇ ਦਿਲ ਹੋਵੇਗਾ ਉਥੇ ਧੜਕਣ ਜ਼ਰੂਰ ਹੋਵੇਗੀ।"

"ਤੇ ਜਿਥੇ ਦਿਲ ਹੀ ਨਾ ਹੋਵੇ ?"

"ਕਿਹੋ ਜਿਹੀਆਂ ਗੱਲਾਂ ਕਰ ਰਹੇ ਹੋ ਭਰਾ ਜੀ ?"

"ਮੈਂ ਗ਼ਲਤ ਨਹੀਂ ਕਹਿ ਰਿਹਾ ਕ੍ਰਿਸ਼ਨਾ ! ਮੈਂ ਅਜ ਤੈਨੂੰ ਆਪਣਾ ਦਿਲ ਨੰਗਾ ਕਰ ਕੇ ਦਿਖਾਵਾਂਗਾ। ਭਲਾ ਹੋਵੇ ਯੂਸਫ਼ ਦਾ, ਜਿਸ ਨੇ ਮੈਨੂੰ ਇਹ ਮੌਕਾ ਦਿਤਾ ਹੈ, ਨਹੀਂ ਤੇ ਆਪਣੇ ਦਿਲ ਦੇ ਇਸ ਭੇਦ ਨੂੰ ਮੈਂ ਮਸਾਣਾਂ ਤੀਕ ਨਾਲ ਹੀ ਲੈ ਕੇ ਜਾਣਾ ਸੀ।"

ਸਤਨਾਮ ਦਾ ਖ਼ਿਆਲ ਸੀ ਕਿ ਉਸ ਦੀ ਇਹ ਭੂਮਿਕਾ ਸੁਣ ਕੇ ਕ੍ਰਿਸ਼ਨਾ ਦੇ ਰੰਗ ਢੰਗ ਵਿਚ ਹੈਰਾਨ ਕਰਨ ਵਾਲੀ ਤਬਦੀਲੀ ਆ ਜਾਵੇਗੀ, ਪਰ ਉਸ ਦਾ ਕਿਆਸ ਗਲਤ ਨਿਕਲਿਆ। ਕ੍ਰਿਸ਼ਨਾ ਇਸ ਵਲੋਂ ਇਤਨੀ ਲਾ ਪਰਵਾਹ ਦਿਖਾਈ ਦੇ ਰਹੀ ਸੀ, ਜਿਵੇਂ ਸਤਨਾਮ ਦੀਆਂ ਗਲਾਂ ਨੂੰ ਉਕਾ ਸੁਣ ਹੀ ਨਾ ਰਹੀ ਹੋਵੇ।

"ਤੂੰ ਮੇਰੀਆਂ ਗਲਾਂ ਸੁਣ ਰਹੀ ਏਂ ਕ੍ਰਿਸ਼ਨਾ ?"

"ਹਾਂ" ਕਹਿ ਕੇ ਕ੍ਰਿਸ਼ਨਾ ਫੇਰ ਦੜ ਵਟ ਗਈ। ਸਤਨਾਮ ਨੇ ਖ਼ਿਆਲ ਕੀਤਾ ਸ਼ਾਇਦ ਬੱਦਲ ਗੱਜਣ ਦੀ ਡਰਾਉਣੀ ਜਿਹੀ ਆਵਾਜ਼ ਸੁਣ ਕੇ, ਕ੍ਰਿਸ਼ਨਾ ਦਾ ਖ਼ਿਆਲ ਉਸ ਦੀਆਂ ਗੱਲਾਂ ਵਲੋਂ ਹਟ ਕੇ ਓਧਰ ਚਲਾ ਗਿਆ ਹੈ। ਸੋ ਉਸ ਦੀ ਸਿਰਫ਼ 'ਹਾਂ' ਸੁਣ ਕੇ ਉਸ ਨੇ ਉਸ ਦਾ ਮੋਢਾ ਹਿਲਾਇਆ — "ਨਹੀਂ ਕ੍ਰਿਸ਼ਨਾ, ਤੇਰਾ ਧਿਆਨ ਕਿਸੇ ਹੋਰ ਪਾਸੇ ਹੈ।"

ਕ੍ਰਿਸ਼ਨਾ ਨੇ ਅੱਖਾਂ ਝਪਕੀਆਂ, ਜਿਹੜਾ ਇਸ ਗਲ ਦਾ ਇਕਬਾਲ ਸੀ ਕਿ ਸਚਮੁਚ ਉਸ ਦਾ ਖ਼ਿਆਲ ਕਿਸੇ ਹੋਰ ਪਾਸੇ ਸੀ।

"ਹੱਛਾ ਸੁਣਾਓ" ਆਪਣੇ ਆਪ ਨੂੰ ਚੇਤਨਤਾ ਵਿਚ ਲਿਆਉਣ ਦਾ ਯਤਨ ਕਰਦਿਆਂ ਕ੍ਰਿਸ਼ਨਾ ਨੇ ਕਿਹਾ — "ਦਰਅਸਲ ਮੇਰਾ ਖ਼ਿਆਲ ਉਖੜ ਗਿਆ ਸੀ। ਹਾਂ ਤੁਸੀਂ ਕੀ ਕਹਿ ਰਹੇ ਸਾਓ ?"

"ਤੂੰ ਸੁਣਨਾ ਹੀ ਨਹੀਂ ਚਾਹੁੰਦੀ ਤਾਂ ਮੈਂ ਸੁਣਾਵਾਂ ਕਿਸ ਨੂੰ।"

"ਨਹੀਂ ਨਹੀਂ, ਮੈਂ ਸੁਣਨਾ ਚਾਹੁੰਦੀ ਹਾਂ। ਸਿਰਫ਼ ਮੈਂ ਸੋਚ ਰਹੀ ਸਾਂ ਕਿ ਜੋ ਕੁਝ ਤੁਸੀਂ ਮੈਨੂੰ ਸੁਣਾਨਾ ਚਾਹੁੰਦੇ ਹੋ, ਇਸ ਦਾ ਕਿੰਨਾ ਕੁ ਹਿਸਾ ਮੈਂ ਆਪਣੇ ਜੋਤਸ਼ ਦੀ ਤਾਕਤ ਨਾਲ ਬੁਝ ਸਕੀ ਹਾਂ।

"ਫੇਰ ਓਹੀ ਜੋਤਸ਼ ਦਾ ਕਿੱਸਾ।"

"ਹਾਂ, ਭਰਾ ਜੀ। ਮੈਂ ਤੁਹਾਨੂੰ ਕਿਹਾ ਏ ਨਾ ਕਿ ਮੈਂ ਜੋਤਸ਼ ਵਿਦਿਆ ਜਾਣਦੀ ਹਾਂ।"

"ਤਾਂ ਫਿਰ ਪਹਿਲਾਂ ਤੂੰਹੀਓਂ ਦਸ ਲੈ, ਤਾਂ ਜੋ ਤੇਰੇ ਜੋਤਸ਼ ਦਾ ਇਮਤਿਹਾਨ ਹੋ ਜਾਵੇ।"

ਕ੍ਰਿਸ਼ਨਾ ਇਕ ਅਧ ਮਿੰਟ ਚੁਪ ਰਹੀ ਤੇ ਫਿਰ — ਜਿਵੇਂ ਕਹਿਣ ਦੀ ਪੂਰੀ ਤਿਆਰੀ ਕਰ ਕੇ ਬੋਲੀ — "ਆਪਣੇ ਦਿਲ ਉਤੇ ਮੇਰਾ ਹਥ ਰਖਾ ਕੇ ਤੁਸੀ ਮੈਨੂੰ ਇਹੋ ਦਸਣਾ ਚਾਹੁੰਦੇ ਸਾਓ ਨਾ ਕਿ ਇਹ ਕਿਸੇ ਦੀ ਮੁਹੱਬਤ ਨਾਲ ਲਬਰੇਜ਼ ਹੈ ?"

ਸਤਨਾਮ ਨਹੀਂ ਬੋਲਿਆ — ਉਸ ਦੀਆਂ ਅੱਖਾਂ ਬੋਲ ਰਹੀਆਂ ਸਨ।

"ਦਸੋ, ਮੇਰਾ ਜੋਤਸ਼ ਠੀਕ ਹੈ ਕਿ ਗਲਤ ?"

"ਇਤਨਾ ਕੁਝ ਤਾਂ ਤੂੰ ਮੇਰੇ ਹੀ ਕਹਿਣ ਤੋਂ ਸਮਝ ਸਕਦੀ ਸੈਂ ਕ੍ਰਿਸ਼ਨਾ। ਭਲਾ ਤੇਰੀ ਜੋਤਸ਼ ਵਿਦਿਆ ਨੇ ਇਸ ਵਿਚ ਕੇਹੜੀ ਮੱਲ ਮਾਰੀ।

ਗੱਲ ਦੀ ਲੜੀ ਵਿਚ ਜਦ ਵੀ ਇਹ 'ਜੋਤਸ਼' ਲਫ਼ਜ਼ ਆਉਂਦਾ, ਝਟ ਹੀ ਗੰਭੀਰ ਵਾਤਾਵਰਣ ਵਿਚ ਤਾਜ਼ਗੀ ਤੇ ਰਵਾਨੀ ਆ ਜਾਂਦੀ। ਸੋ ਹੁਣ ਫੇਰ ਇਸ 'ਜੋਤਸ਼' ਦੇ ਜ਼ਿਕਰ ਨੇ ਗਲਾਂ ਵਿਚ ਨਵਾਂ ਸੁਆਦ ਭਰ ਦਿਤਾ। ਕ੍ਰਿਸ਼ਨਾ ਦਾ ਚੇਹਰਾ, ਜਿਹੜਾ ਇਸ ਵੇਲੇ ਬਹੁਤ ਗਹਿਰੀ ਮਾਨਸਿਕ ਉਲਝਨ ਦੀ ਕਿਤਾਬ ਬਣਿਆ ਹੋਇਆ ਸੀ, ਇਕ ਵਾਰੀ ਫੇਰ ਉਸ ਉਤੇ ਮੁਸਕਰਾਹਟ ਦੀ ਛਟਾ ਛਾ ਗਈ, ਤੇ ਇਸ ਰੰਗ ਵਿਚ ਉਸ ਦੇ ਹੋਠ ਮੁਸਕਰਾ ਪਏ — "ਤਾਂ ਤੁਸੀਂ ਮੇਰੇ ਜੋਤਸ਼ ਦਾ ਅਜੇ ਹੋਰ ਚਮਤਕਾਰ ਵੇਖਣਾ ਚਾਹੁੰਦੇ ਹੋ ?"

"ਬੇਸ਼ਕ" ਸਤਨਾਮ ਨੇ ਵੀ ਓਸੇ ਹਾਸ ਰਲਵੇਂ ਗੰਭੀਰ ਰਉਂ ਵਿਚ ਜਵਾਬ ਦਿਤਾ।

ਕ੍ਰਿਸ਼ਨਾ ਬੋਲੀ — "ਤੁਸੀਂ ਮੇਰੇ ਕੋਲੋਂ ਪੁੱਛਣਾ ਚਾਹੁੰਦੇ ਹੋ ਕਿ ਮੈਂ ਉਸ ਕੁੜੀ ਦਾ ਨਾਂ ਦਸਾਂ ਜਿਸ ਦੀ ਮੁਹੱਬਤ ਨਾਲ ਤੁਹਾਡਾ ਦਿਲ ਲਬਰੇਜ਼ ਹੈ — ਕਿਉਂ ਠੀਕ ਹੈ ਨਾ ਮੇਰਾ ਜੋਤਸ਼ ?"

ਸਤਨਾਮ ਨੇ ਖਿੜਕਵੀਂ ਅਵਾਜ਼ ਵਿਚ ਕਿਹਾ — "ਠੀਕ ਹੈ"

"ਤਾਂ ਹੁਣ ਉਸ ਕੁੜੀ ਦਾ ਨਾਂ ਦਸ ਦਿਆਂ ?"

ਜਵਾਬ ਵਿਚ ਕੁਝ ਕਹਿੰਦਾ ਕਹਿੰਦਾ ਸਤਨਾਮ ਰੁਕ ਗਿਆ। ਕ੍ਰਿਸ਼ਨਾ ਦੇ ਮੂੰਹੋਂ ਨਿਕਲਣ ਵਾਲੇ ਜਵਾਬ ਦਾ ਅਗੇਤਰਾ ਅਨੁਮਾਨ ਲਾਉਣ ਲਈ ਉਸ ਨੇ ਇਕ ਖੋਜਵੀਂ ਨਜ਼ਰ ਕ੍ਰਿਸ਼ਨਾ ਦੇ ਚੇਹਰੇ ਤੇ ਸੁਟੀ। ਤੇ ਇਥੋਂ ਜੋ ਕੁਝ ਉਹ ਸਮਝ ਸਕਿਆ ਉਹ ਇਹੋ ਸੀ ਕ੍ਰਿਸ਼ਨਾ ਉਸ ਨਾਲ ਨਿਰਾ ਪੁਰਾ ਮਜ਼ਾਕ ਕਰ ਰਹੀ ਹੈ — ਸ਼ਾਇਦ ਮੰਗੇਤਰ ਦਾ ਨਾਂ ਲੈ ਕੇ ਉਹ ਉਸ ਨੂੰ ਚਿੜਾਉਣ ਜਾਂ ਹਸਾਉਣ ਦੀ ਕੋਸ਼ਿਸ਼ ਕਰੇਗੀ। ਉਹ ਇਸੇ ਗਲ ਨੂੰ ਸੋਚ ਰਿਹਾ ਸੀ ਕਿ ਕ੍ਰਿਸ਼ਨਾ ਫਿਰ ਬੋਲੀ — "ਹਛਾ ਕੀ ਇਨਾਮ ਦਿਓਗੇ ਜੇ ਦਸ ਦਿਆਂ ?"

"ਇਨਾਮ ?" ਸਤਨਾਮ ਉਤੇ ਇਕਵਾਰਗੀ ਸੰਜੀਦਗੀ ਦਾ ਅਸਰ ਛਾ ਗਿਆ। ਉਹ ਬੋਲਿਆ — "ਇਨਾਮ ਦੇਣ ਲਈ ਜੇ ਮੇਰੇ ਕੋਲ ਕੁਝ ਬਾਕੀ ਬਚਿਆ ਹੋਇਆ ਤਾਂ ਜ਼ਰੂਰ ਦੇ ਦਿਆਂਗਾ, ਪਰ ਮੈਂ ਇਸ ਵੇਲੇ ਹਾਸੇ ਮਜ਼ਾਕ ਦੇ ਮੂਡ ਵਿਚ ਨਹੀਂ ਹਾਂ ਕ੍ਰਿਸ਼ਨਾ।"

"ਇਹ ਤਾਂ ਮੈਂ ਉਸੇ ਵੇਲੇ ਵੇਖ ਰਹੀ ਹਾਂ ਜਦ ਦੇ ਤੁਸੀਂ ਜੀਪ 'ਚੋਂ ਉਤਰ ਕੇ ਕੋਠੀ ਵਿਚ ਦਾਖ਼ਲ ਹੋਏ ਸਾਓ। ਪਰ ਡਰੋ ਨਾ, ਮੈਂ ਬਿਲਕੁਲ ਮਜ਼ਾਕ ਨਹੀਂ ਕਰ ਰਹੀ। ਹਾਂ ਦਸੋ, ਕੀ ਇਨਾਮ ਦਿਓਗੇ ?"

ਜਿਵੇਂ ਅਚਾਨਕ ਹੀ ਕੋਈ ਭੁਲੀ ਹੋਈ ਗਲ ਯਾਦ ਆ ਗਈ ਹੋਵੇ, ਸਤਨਾਮ ਬੋਲਿਆ — "ਬੜਾ ਵਧੀਆ ਇਨਾਮ ਦਿਆਂਗਾ ਜੇ ਤੇਰਾ ਜੋਤਸ਼ ਸੱਚਾ ਨਿਕਲਿਆ।"

"ਕੀ ?"

"ਇਹ ਅਜੇ ਨਹੀਂ ਦਸਾਂਗਾ।"

"ਚਲੋ ਕੋਈ ਗਲ ਨਹੀਂ। ਮੈਂ ਤੁਹਾਡਾ ਇਤਬਾਰ ਕਰ ਲੈਂਦੀ ਹਾਂ। ਹੱਛਾ ਸੁਣੋ। ਜਿਸ ਕੁੜੀ

ਨੂੰ ਤੁਸੀਂ ਪਿਆਰ ਕਰਦੇ ਹੋ, ਉਸ ਦਾ ਨਾਂ ਜੇ ਤੁਹਾਨੂੰ ਦੱਸਣਾ ਪੈਂਦਾ ਤਾਂ ਤੁਸਾਂ ਕਦੀ ਮਸਾਲੇ ਲਾ ਕੇ ਦਸਣਾ ਸੀ। ਪਰ ਮੈਂ ਤੁਹਾਨੂੰ ਇਕੋ ਲਫ਼ਜ਼ ਵਿਚ ਦਸ ਦੇਂਦੀ ਹਾਂ।"

"ਹੱਛਾ ਦਸ" ਸਤਨਾਮ ਦੇ ਦਿਲ ਦੀ ਧੜਕਣ ਉਚੇਰੀ ਹੋਣ ਲਗੀ।

"ਇਕ ਨਹੀਂ, ਉਸ ਕੁੜੀ ਦੇ ਦੋ ਨਾਂ ਨੇ।"

ਧਰਤੀ ਵਿਚ ਗਡਿਆ ਗਿਆ ਜਿਵੇਂ ਸਤਨਾਮ ਦਾ ਸਾਰਾ ਸਰੀਰ। ਕ੍ਰਿਸ਼ਨਾ ਵੀ ਸ਼ਾਇਦ ਭਾਂਪ ਗਈ, ਉਹ ਫਿਰ ਬੋਲੀ, "ਅਜੇ ਹੋਰ ਤਸ਼ਰੀਹ ਚਾਹੁੰਦੇ ਹੋ ਤੁਸੀਂ, ਤਾਂ ਲਓ ਇਹ ਵੀ ਸੁਣ ਲਓ। ਉਸ ਕੁੜੀ ਦਾ ਪਹਿਲਾ ਨਾਂ ਏ 'ਨਸੀਮ' ਤੇ ਦੂਜਾ 'ਕ੍ਰਿਸ਼ਨਾ'।"

ਸਤਨਾਮ ਦੀਆਂ ਝੁਕੀਆਂ ਹੋਈਆਂ ਅੱਖਾਂ ਇਕ ਵਾਰੀ ਫੇਰ ਕ੍ਰਿਸ਼ਨਾ ਦੇ ਚੇਹਰੇ ਵਲ ਉਠੀਆਂ। ਸ਼ਾਇਦ ਇਹ ਭੇਦ ਲਭਣ ਲਈ ਕਿ ਜਿਸ ਕੁੜੀ ਨੇ ਇਤਨੇ ਨਿਝੱਕਪੁਣੇ ਨਾਲ ਇਸ ਅਸਲੀਅਤ ਨੂੰ ਖੋਲ੍ਹ ਦਿਤਾ ਏ, ਉਸ ਦਾ ਮਕਸੱਦ ਕੀ ਹੈ। ਕੋਈ ਕੁਆਰੀ ਲੜਕੀ ਅਜਿਹਾ ਸ਼ਬਦ ਜ਼ਬਾਨ ਤੇ ਲਿਆ ਸਕਦੀ ਹੈ, ਭਾਵੇਂ ਕਿੰਨੀ ਹੀ ਲਾ ਤਕੱਲਫ਼ੀ ਕਿਉਂ ਨਾ ਹੋਵੇ ? ਜਿਵੇਂ ਇਸ ਸਾਰੇ ਕਿੱਸੇ ਨਾਲ ਕ੍ਰਿਸ਼ਨਾ ਦੀ ਆਪਣੀ ਸ਼ਖ਼ਸੀਅਤ ਦਾ ਕੋਈ ਸਬੰਧ ਨਹੀਂ ਹੁੰਦਾ।

ਸਤਨਾਮ ਦੇ ਦੂਹਾਂ ਬੁੱਲ੍ਹਾਂ ਨੂੰ ਕਿਸੇ ਗੂੰਦ ਨਾਲ ਜੋੜ ਦਿਤਾ। ਉਸ ਦੀ ਖ਼ਾਮੋਸ਼ੀ ਵੇਖ ਕੇ ਕ੍ਰਿਸ਼ਨਾ ਬੋਲੀ — "ਕਿਉਂ ਭਰਾ ਜੀ, ਹੁਣ ਦਸੋ, ਠੀਕ ਹੈ ਮੇਰਾ ਜੋਤਸ਼ ?"

"ਮੈਂ ਬੜਾ ਹੈਰਾਨ ਹਾਂ ਕ੍ਰਿਸ਼ਨਾ" ਸਤਨਾਮ ਖੰਘੂਰੇ ਨਾਲ ਗਲਾ ਸਾਫ਼ ਕਰ ਕੇ ਬੋਲਿਆ — "ਕਿ ਤੂੰ ਕੀ ਹੈਂ ?"

"ਮੈਂ ?" ਕ੍ਰਿਸ਼ਨਾ ਨਿੰਮ੍ਹੀ ਜਿਹੀ ਮੁਸਕਰਾਹਟ ਵਿਚ ਬੋਲੀ — "ਮੈਂ ਉਹੀ ਕੁਝ ਹਾਂ ਜਿਸ ਨੂੰ ਤੁਸਾਂ ਕਦੀ ਵੀ ਸਮਝਣ ਦੀ ਕੋਸ਼ਸ਼ ਨਹੀਂ ਕੀਤੀ।"

"ਇਹ ਨਹੀਂ" ਸਤਨਾਮ ਬੋਲਿਆ — "ਬਲਕਿ ਇਹ ਕਿ ਜਿਸ ਨੂੰ ਸਮਝਣ ਦੀਆਂ ਕਈ ਕੋਸ਼ਸ਼ਾਂ ਕਰਨ ਦੇ ਬਾਵਜੂਦ ਮੈਂ ਸਮਝ ਨਹੀਂ ਸਕਿਆ।

"ਤਾਂਹੀਏਂ ਤੇ ਕਹਿੰਦੀ ਹਾਂ ਕਿ ਮੇਰਾ ਜੋਤਸ਼ ਕਮਾਲ ਹੈ। ਤੁਸਾਂ ਜੋ ਕੁਝ ਕਦੀ ਵੀ ਮੈਨੂੰ ਜ਼ਬਾਨ ਬੋਲ ਕੇ ਨਹੀਂ ਦਸਿਆ, ਤੁਹਾਡਾ ਦਿਲ ਸੌ ਜ਼ਬਾਨਾਂ ਬਣ ਕੇ ਮੈਨੂੰ ਹਮੇਸ਼ਾਂ ਸਭ ਕੁਝ ਦਸ ਦੇਂਦਾ ਰਿਹਾ ਹੈ ?"

"ਬੇਸ਼ਕ ਕ੍ਰਿਸ਼ਨਾ, ਤੇਰਾ ਜੋਤਸ਼ ਠੀਕ ਹੈ।"

"ਤਾਂ ਲਿਆਓ ਮੇਰਾ ਇਨਾਮ।"

"ਇਨਾਮ ਮੰਗਣ ਤੋਂ ਪਹਿਲਾਂ ਇਸ ਗਲ ਨੂੰ ਜ਼ਰਾ ਹੋਰ ਸਾਫ਼ ਕਰ ਦੇਹ ਕ੍ਰਿਸ਼ਨਾ।"

"ਦਸੋ"।

"ਤੂੰ ਜੋ ਕੁਝ ਸਮਝਿਆ, ਇਹ ਸੌ ਫੀ ਸਦੀ ਸਚ ਹੈ, ਪਰ ਇਕ ਗਲ ਮੈਨੂੰ ਦਸ ਕਿ ਮੈਨੂੰ ਤੂੰ ਕਿਹੋ ਜਿਹਾ ਆਦਮੀ ਸਮਝਦੀ ਹੈਂ ?"

"ਕਿਹੋ ਜਿਹਾ ਤੋਂ ਤੁਹਾਡਾ ਕੀ ਮਤਲਬ।"

"ਮਤਲਬ ਇਹ ਕਿ ਤੂੰ ਮੈਨੂੰ ਕਿੰਨਾ ਕੁ ਭੈੜਾ ਆਦਮੀ ਖਿਆਲ ਕਰਦੀ ਹੈਂ। ਸਚੋ ਸਚ ਕਹੀਂ ਕ੍ਰਿਸ਼ਨਾ, ਤੈਨੂੰ ਮੇਰੀ ਸਹੁੰ ਜੇ ਕੁਝ ਲੁਕਾਂ ਕਰੇਂ।"

"ਲੁਕਾਂ ਕਰਨ ਵਾਲੀ ਤਾਂ ਇਸ ਵਿਚ ਗਲ ਹੀ ਕੋਈ ਨਹੀਂ, ਜਦ ਕਿ ਮੈਂ ਤੁਹਾਨੂੰ ਆਦਮੀ ਨਹੀਂ, ਫ਼ਰਿਸ਼ਤਾ ਸਮਝਦੀ ਹਾਂ।"

"ਫ਼ਰਿਸ਼ਤਾ ਕਿ ਸ਼ੈਤਾਨ ?"

ਕ੍ਰਿਸ਼ਨਾ ਨੂੰ ਗੁਸਾ ਆ ਗਿਆ। ਉਹ ਤੜਫ ਕੇ ਬੋਲੀ — "ਬਸ ਭਰਾ ਜੀ, ਮੁੜ ਕੇ ਇਹੋ ਜਿਹਾ ਲਫ਼ਜ਼ ਮੂੰਹੋਂ ਨਾ ਕਢਣਾ। ਹੋਰ ਕੋਈ ਮੇਰੇ ਵੀਰ ਬਾਬਤ ਇਹੋ ਜਿਹੀ ਗਲ ਕਹਿੰਦਾ ਤਾਂ ਮੈਂ ਉਸ ਦੀ ਜ਼ਬਾਨ ਖਿਚ ਸੁਟਦੀ।"

"ਆਹ ! ਕ੍ਰਿਸ਼ਨਾ ! !" ਸਤਨਾਮ ਹਉਕਾ ਭਰ ਕੇ ਬੋਲਿਆ — "ਫ਼ਰਿਸ਼ਤਿਆਂ ਦੀਆਂ ਸਾਰੀਆਂ ਖੂਬੀਆਂ ਤੇਰੇ ਵਿਚ ਨੇ, ਜਦ ਕਿ ਤੂੰ ਇਕ ਏਡੇ ਘਟੀਆ ਦਿਲ ਵਾਲੇ ਆਦਮੀ ਨੂੰ ਵੀ ਮੁਆਫ਼ ਕਰ ਸਕਦੀ ਹੈਂ।"

"ਨਾ ਨਾ" ਕ੍ਰਿਸ਼ਨਾ ਬੋਲੀ — "ਮੈਂ ਮੁਬਾਲਗਾ ਨਹੀਂ ਕਰ ਰਹੀ। ਇਹ ਮੇਰੇ ਦਿਲ ਦੀ ਆਵਾਜ਼ ਹੈ ਕਿ ਤੁਸੀਂ ਅਸਲੀ ਮਹਿਨਿਆਂ ਵਿਚ ਫ਼ਰਿਸ਼ਤਾ ਹੋ।"

"ਪਰ ਕੀ ਫ਼ਰਿਸ਼ਤਿਆਂ ਦੀਆਂ ਇਹੋ ਖ਼ਸਲਤਾਂ ਹੁੰਦੀਆਂ ਨੇ ਕਿ ਜਿਸ ਕੁੜੀ ਦਾ "ਭਰਾ ਜੀ ਭਰਾ ਜੀ" ਕਹਿੰਦਿਆਂ ਮੂੰਹ ਸੁਕਦਾ ਹੋਵੇ, ਉਸੇ ਉਤੇ ਪਿਆਰ ਮੁਹੱਬਤ ਦੇ ਦਾਈਏ ਬੰਨ੍ਹੇ ?"

"ਬੇਸ਼ਕ। ਜੇ ਇਕ ਭਰਾ ਆਪਣੀ ਭੈਣ ਉਤੇ ਪਿਆਰ ਮੁਹੱਬਤ ਦਾ ਦਾਈਆ ਨਹੀਂ ਬੰਨ੍ਹ ਸਕਦਾ, ਤਾਂ ਫਿਰ ਇਹ ਹੱਕ ਹੋਰ ਕਿਸ ਨੂੰ ਹੋ ਸਕਦਾ ਏ।"

"ਕ੍ਰਿਸ਼ਨਾ ! ਮੇਰਾ ਖ਼ਿਆਲ ਹੈ ਤੂੰ ਜਾਂ ਤੇ ਬਿਲਕੁਲ ਭੋਲੀ ਹੈਂ, ਤੇ ਜਾਂ ਸਚ ਮੁਚ ਕਿਸੇ ਰੂਹਾਨੀ ਦੁਨੀਆਂ ਦੀ ਰਹਿਣ ਵਾਲੀ। ਮੈਂ ਆਪਣੇ ਦਿਲ ਦਾ ਪਾਪ ਲੁਕਾਂਦਾ ਨਹੀਂ ਤੇਰੇ ਕੋਲੋਂ। ਮੇਰਾ ਪਿਆਰ— ਮੇਰਾ ਪਿਆਰ ਕਦੀ ਕਦੀ ਭਰਾਵਾਂ ਵਾਲਾ ਨਹੀਂ ਸੀ ਰਹਿੰਦਾ ਹੁੰਦਾ।"

"ਮੈਂ ਇਹ ਵੀ ਜਾਣਦੀ ਹਾਂ"।

"ਇਹ ਵੀ ਜਾਣਦੀ ਹੈਂ ?

"ਹਾਂ"।

"ਤੇ ਫਿਰ ਵੀ ਤੂੰ ਮੈਨੂੰ ਨਫ਼ਰਤ ਨਹੀਂ ਕਰਦੀ ?"

"ਨਫ਼ਰਤ ਕਿਉਂ ਕਰਾਂ, ਜਦ ਕਿ ਮੈਂ ਜਾਣਦੀ ਹਾਂ ਕਿ ਹਰ ਇਕ ਨੌਜਵਾਨ ਦੇ ਦਿਲ ਵਿਚ ਜ਼ਿੰਦਗੀ ਦਾ ਚੰਗੀ ਤੋਂ ਚੰਗਾ ਸਾਥੀ ਚੁਣਨ ਦੀ ਖ਼ਾਹਿਸ਼ ਹੁੰਦੀ ਹੈ।"

"ਤੇ ਜਿਸ ਦਾ ਸਾਥੀ ਚੁਣਿਆਂ ਜਾ ਚੁਕਾ ਹੋਵੇ।"

"ਬੇਸ਼ਕ ਤੁਹਾਡਾ ਸਾਥੀ ਚੁਣਿਆ ਜਾ ਚੁਕਾ ਹੈ, ਤੁਹਾਡੀ ਮੰਗਣੀ ਹੋ ਚੁਕੀ ਹੈ, ਤੇ ਜਲਦੀ ਹੀ ਤੁਹਾਡਾ ਵਿਆਹ ਵੀ ਹੋਣ ਵਾਲਾ ਹੈ, ਇਹ ਮੈਂ ਸਭ ਕੁਝ ਜਾਣਦੀ ਹਾਂ।"

"ਫਿਰ ਇਹ ਜਾਣਦੀ ਹੋਈ ਵੀ, ਤੂੰ— —"

ਗਲ ਟੋਕ ਕੇ ਕ੍ਰਿਸ਼ਨਾ ਬੋਲੀ — "ਇਸ ਨੂੰ ਤਾਂ ਮੈਂ ਬਿਲਕੁਲ ਆਮ ਗਲ ਸਮਝਦੀ ਹਾਂ।"

"ਕੀ ਮਤਲਬ ?"

"ਮਤਲਬ ਇਹ ਕਿ ਤੁਹਾਡੇ ਦਿਲ ਦੀ ਹਾਲਤ ਤੋਂ ਮੈਂ ਪੂਰੀ ਤਰ੍ਹਾਂ ਵਾਕਫ਼ ਸਾਂ, ਤੁਸੀਂ ਅਕਸਰ ਇਹੋ ਜਿਹੀਆਂ ਗੱਲਾਂ ਸੋਚਦੇ ਰਹਿੰਦੇ ਸਾਓ ਕਿ ਜੇ ਕ੍ਰਿਸ਼ਨਾ ਦਾ ਬਾਪੂ ਰਜ਼ਾਮੰਦ ਹੋ ਸਕੇ ਤਾਂ ਤੁਸੀਂ ਮਾਸੀ ਜੀ ਉਤੇ ਜ਼ੋਰ ਪਾ ਕੇ ਪਹਿਲਾ ਰਿਸ਼ਤਾ ਤੋੜ ਦਿਓ, ਪਰ ਇਸ ਦੇ ਨਾਲ ਹੀ ਤੁਹਾਨੂੰ ਆਪਣੀ ਇਨਸਾਨੀਅਤ ਦਾ ਵੀ ਬੜਾ ਪਾਸ ਸੀ। ਤੁਸੀਂ ਇਹ ਵੀ ਸੋਚਦੇ ਸਾਓ ਕਿ ਕ੍ਰਿਸ਼ਨਾ ਨੂੰ ਜੇ ਤੁਹਾਡੀ ਨੀਤ ਦਾ ਪਤਾ ਲਗ ਗਿਆ ਤਾਂ ਉਹ ਤੁਹਾਨੂੰ ਨਫ਼ਰਤ ਕਰਨ ਲਗ ਪਵੇਗੀ ਤੇ ਕ੍ਰਿਸ਼ਨਾ ਨੂੰ ਤੁਸੀਂ ਕਿਸੇ ਵੀ ਤਰ੍ਹਾਂ ਮੁਤਨਫ਼ਰ ਨਹੀਂ ਸਾਓ ਕਰਨਾ ਚਾਹੁੰਦੇ। ਫ਼ੇਕਤ ਤੁਸਾਂ ਆਪਣੇ ਦਿਲ ਨਾਲ ਇਹੋ ਸਮਝੌਤਾ ਕਰ ਲਿਆ ਕਿ ਭਾਵੇਂ ਕੁਝ ਵੀ ਕਿਉਂ ਨਾ ਹੋ ਜਾਵੇ, ਜਾਨ ਉਤੇ ਹੀ ਤੁਹਾਨੂੰ ਕਿਉਂ ਨਾ ਖੇਡਣਾ ਪਵੇ, ਤੁਸੀਂ ਦਿਲ ਦੇ ਇਸ ਖ਼ਿਆਲ ਨੂੰ ਕਦੀ ਵੀ ਅਮਲੀ ਸ਼ਕਲ ਵਿਚ ਨਹੀਂ ਆਉਣ ਦਿਓਗੇ। ਇਹ ਤਾਂ ਸੀ ਤੁਹਾਡੇ ਦਿਲ ਦੀ ਹਾਲਤ। ਹੁਣ ਸੁਣੋ ਮੇਰੇ ਦਿਲ ਦਾ ਕਿੱਸਾ। ਇਸ ਬਾਬਤ ਮੈਂ ਬਹੁਤਾ ਕੁਝ ਨਹੀਂ ਕਹਿਣਾ, ਸਿਰਫ਼ ਇਤਨਾ ਹੀ ਸਮਝ ਲਓ ਕਿ ਜੇ ਤੁਹਾਡਾ ਦਿਲ ਮੇਰੇ ਪਿਆਰ ਨਾਲ ਲਬਰੇਜ਼ ਸੀ ਤਾਂ ਕ੍ਰਿਸ਼ਨਾ ਦਾ ਦਿਲ ਤੁਹਾਡੇ ਪਿਆਰ ਨਾਲ ਹਰ ਵੇਲੇ ਛਲਕਦਾ ਰਹਿੰਦਾ ਸੀ। ਪਰ ਫਿਰ ਵੀ ਮੈਂ ਫ਼ਰਜ਼ ਸ਼ੱਨਾਸੀ ਦੇ ਰਸਤੇ

ਤੇ ਕਦੀ ਨਹੀਂ ਸਾਂ ਭਟਕੀ। ਮੈਂ ਜਾਣਦੀ ਸਾਂ ਕਿ ਇਕ ਤਾਂ ਮਜ਼ਬੀਅਤ ਦੇ ਤੌਰ ਤੇ ਤੁਹਾਡਾ ਮੇਰਾ ਜੋੜ ਜੁੜਨਾ ਮੁਸ਼ਕਲ ਹੈ। ਭਲਾ ਜੇ ਮਜ਼ਹਬੀਅਤ ਦੀਆਂ ਹੱਦਾਂ ਤੋੜ ਵੀ ਦਿਤੀਆਂ ਜਾਣ, ਤਾਂ ਦੂਸਰੀ ਰੁਕਾਵਟ ਵੀ ਮੈਂ ਸਮਝਦੀ ਸਾਂ ਕਿ ਤੁਹਾਡਾ ਰਿਸ਼ਤਾ ਹੋ ਚੁਕਾ ਹੋਇਆ ਸੀ। ਤੀਜੀ ਗਲ ਸੀ ਹੈਸੀਅਤ ਦੀ। ਮੈਂ ਮੰਨਦੀ ਹਾਂ ਕਿ ਹੈਸੀਅਤ ਦਾ ਖ਼ਿਆਲ ਨਾ ਤੁਹਾਡੇ ਦਿਲ ਵਿਚ ਆ ਸਕਦਾ ਸੀ ਨਾ ਮੇਰੇ ਦਿਲ ਵਿਚ, ਪਰ ਤੁਹਾਡਾ ਕੁਨਬਾ ਤਾਂ ਜ਼ਰੂਰ ਇਨ੍ਹਾਂ ਗੱਲਾਂ ਨੂੰ ਸੋਚਦਾ। ਇਨ੍ਹਾਂ ਸਾਰੀਆਂ ਗੱਲਾਂ ਤੋਂ ਸਿਵਾ ਇਕ ਰੁਕਾਵਟ ਹੋਰ ਵੀ ਸੀ। ਹੋਰ ਸਾਰੀਆਂ ਰੁਕਾਵਟਾਂ ਭਾਵੇਂ ਟੁਟ ਜਾਂਦੀਆਂ, ਇਹ ਨਹੀਂ ਸੀ ਟੁਟ ਸਕਦੀ।"

"ਉਹ ਕੀ ?" ਸਤਨਾਮ ਨੇ ਪੁਛਿਆ।

"ਉਹ ਸੀ ਬਾਪੂ ਜੀ ਦਾ ਮਾਮਲਾ। ਇਹ ਤਾਂ ਮੈਂ ਤੁਹਾਨੂੰ ਦਸ ਹੀ ਚੁਕੀ ਹਾਂ ਕਿ ਮੇਰੇ ਅੱਬਾ ਦਾ ਤੇ ਇਨ੍ਹਾਂ ਦਾ ਸਕੇ ਭਰਾਵਾਂ ਵਾਲਾ ਪਿਆਰ ਸੀ। ਅੱਬਾ ਅਸਾਂ ਦੋਹਾਂ ਭੈਣ ਭਰਾਵਾਂ ਦੀ ਬਾਂਹ ਇਨ੍ਹਾਂ ਦੇ ਹਥ ਫੜਾ ਗਿਆ ਸੀ। ਹੋਰ ਤਾਂ ਸਭ ਕੁਝ ਖ਼ਤਮ ਹੋ ਗਿਆ, ਮਾਂ ਵੀ ਫ਼ੌਤ ਹੋ ਗਈ ਤੇ ਅਜ਼ੀਜ਼ ਭਰਾ ਨੂੰ ਵੀ ਰਬ ਨੇ ਆਪਣੇ ਕੋਲ ਸੱਦ ਲਿਆ, ਜਿਸ ਕਰ ਕੇ ਬਾਪੂ ਜੀ ਦੇ ਸਿਰ ਤੋਂ ਉਨ੍ਹਾਂ ਦੇ ਫ਼ਰਜ਼ ਆਪਣੇ ਆਪ ਹੀ ਲਥ ਗਏ, ਪਰ ਮੈਂ ਜਿਹੜੀ ਅਜੇ ਤੀਕ ਮੌਜੂਦ ਸਾਂ, ਮੇਰੀ ਬਾਬਤ ਬਾਪੂ ਜੀ ਹਰ ਵੇਲੇ ਗੋਤਿਆਂ ਵਿਚ ਪਏ ਰਹਿੰਦੇ ਸਨ। "

"ਗੋਤਿਆਂ ਵਿਚ ਕਿਉਂ ਪਏ ਰਹਿੰਦੇ ਸਨ ?"

"ਇਸ ਲਈ ਕਿ ਇਕ ਤਾਂ ਉਨ੍ਹਾਂ ਦੇ ਹਥ ਪੱਲੇ ਕੁਝ ਨਹੀਂ ਸੀ ਰਿਹਾ, ਜਦ ਕਿ ਉਨ੍ਹਾਂ ਦੇ ਦਿਲ ਵਿਚ ਬੜੀਆਂ ਰੀਝਾਂ ਸਨ। ਹੁਣ ਵੀ ਕਈ ਵਾਰੀ ਬੈਠੇ ਬੈਠੇ ਕਹਿੰਦੇ ਨੇ — "ਘਰੋਂ ਜਿਹੜਾ ਪੰਝੀ ਤੀਹ ਹਜ਼ਾਰ ਦਾ ਅਸਾਸਾ ਲਿਆਏ ਸਾਂ, ਜੇ ਕਦੀ ਉਹੀ ਬਚਿਆ ਰਹਿੰਦਾ ਤਾਂ ਤੇਰੇ ਦਾਜ ਵਿਚ ਦੇ ਕੇ ਮੈਂ ਸੁਰਖ਼ਰੂ ਹੋ ਜਾਂਦਾ, ਪਰ ਹੁਣ ਕੀ ਦੇ ਕੇ ਤੈਨੂੰ ਡੋਲੇ ਪਾਵਾਂਗਾ ?" ਮੈਂ ਬਥੇਰਾ ਸਮਝਾਂਦੀ ਹਾਂ ਕਿ ਬਾਪੂ ਜੀ, ਛਡੋ ਪਰੇ ਇਹੋ ਜਿਹੇ ਵਹਿਮਾਂ ਨੂੰ। ਮੇਰੇ ਲਈ ਤੁਸੀਂ ਹੀ ਸਾਰੀ ਦੁਨੀਆਂ ਦੀ ਦੌਲਤ ਹੋ, ਪਰ ਉਨ੍ਹਾਂ ਦਾ ਦਿਲ ਨਹੀਂ ਖਲੋਂਦਾ। ਮੈਨੂੰ ਗਲ ਲਾ ਕੇ ਰੋਣ ਲਗ ਪੈਂਦੇ, ਕਹਿੰਦੇ — ਕਿਸ ਬਦਨਸੀਬ ਦੇ ਪੇਟੇ ਪਾ ਦਿਤਾ ਕਿਸਮਤ ਨੇ ਤੈਨੂੰ, ਕਿ ਕਚ ਦੀਆਂ ਚਾਰ ਵੰਗਾਂ ਵੀ ਤੇਰੇ ਹਥੀਂ ਪਾਣ ਜੋਗਾ ਨਹੀਂ ਰਿਹਾ ਮੈਂ।

ਗਲ ਕਰਦੀ ਕਰਦੀ ਕ੍ਰਿਸ਼ਨਾ ਰੋ ਪਈ, ਜਿਸ ਕਰ ਕੇ ਥੋੜਾ ਚਿਰ ਖ਼ਾਮੋਸ਼ੀ ਛਾਈ ਰਹੀ। ਫਿਰ ਉਸ ਨੇ ਕਹਿਣਾ ਸ਼ੁਰੂ ਕੀਤਾ — "ਇਹ ਵੀ ਕੋਈ ਐਸੀ ਗਲ ਨਹੀਂ ਸੀ, ਦੂਸਰੀ ਜਿਹੜੀ ਖ਼ਾਹਿਸ਼ ਬਾਪੂ ਜੀ ਦੇ ਦਿਲ ਵਿਚ ਸਮਾਈ ਹੋਈ ਸੀ, ਉਸ ਦਾ ਤਾਂ ਕੋਈ ਵੀ ਇਲਾਜ ਨਹੀਂ ਸੀ।"

"ਕੀ ?" ਸਤਨਾਮ ਨੇ ਪੁਛਿਆ।

"ਉਹ ਮੇਰਾ ਵਿਆਹ ਕਿਸੇ ਮੁਸਲਮਾਨ ਘਰਾਣੇ ਵਿਚ ਕਰਨਾ ਚਾਹੁੰਦੇ ਸਨ, ਜਿਹਾ ਅਜ ਤੁਸੀਂ ਆਪ ਹੀ ਉਹਨਾਂ ਦੀ ਜ਼ਬਾਨੀ ਸੁਣ ਚੁਕੇ ਹੋ। ਸ਼ਾਮੀ ਜਦ ਤੁਸੀਂ ਬਾਪੂ ਹੋਰਾਂ ਨਾਲ ਗਲਾਂ ਕਰਦੇ ਸਾਓ, ਮੈਂ ਦੂਸਰੇ ਕਮਰੇ ਵਿਚ ਬੈਠੀ ਸਭ ਕੁਝ ਸੁਣਦੀ ਰਹੀ ਸਾਂ।"

"ਬੇਸ਼ਕ" ਸਤਨਾਮ ਕਿਸੇ ਬੇਖ਼ੁਦੀ ਜਿਹੀ ਦੀ ਹਾਲਤ ਵਿਚ ਬੋਲ ਉਠਿਆ — "ਕੁਦਰਤ ਜੋ ਕੁਝ ਕਰਦੀ ਹੈ, ਸਾਡੀ ਬਿਹਤਰੀ ਲਈ ਹੀ ਕਰਦੀ ਹੈ। ਮੈਨੂੰ ਬਹੁਤੀ ਖ਼ੁਸ਼ੀ ਇਸ ਗਲ ਦੀ ਹੈ ਕਿ ਆਖ਼ਰ ਪ੍ਰਮਾਤਮਾ ਨੇ ਤੇਰੀਆਂ ਨਜ਼ਰਾਂ ਵਿਚ ਮੈਨੂੰ ਵੀ ਸੁਰਖ਼ਰੂ ਕਰ ਦਿਤਾ ਤੇ ਬਾਪੂ ਜੀ ਨੂੰ ਵੀ। ਮੈਨੂੰ ਹਰ ਵੇਲੇ ਇਸ ਗਲ ਸਦਾ ਖ਼ਤਰਾ ਬਣਿਆਂ ਰਹਿੰਦਾ ਸੀ ਕਿ ਮਤੇ ਮੇਰੇ ਅੰਦਰ ਕੋਈ ਅਖ਼ਲਾਕੀ ਕਮਜ਼ੋਰੀ ਆ ਜਾਵੇ — ਮਤੇ ਕ੍ਰਿਸ਼ਨਾ ਦੀਆਂ ਨਜ਼ਰਾਂ ਵਿਚ ਮੈਂ ਨੀਵਾਂ ਹੋ ਜਾਵਾਂ। ਸੋ ਵਾਹਿਗੁਰੂ ਨੇ ਆਪ ਹੀ ਐਨ ਮੌਕੇ ਤੇ ਆ ਕੇ ਸਾਰਾ ਜੋੜ ਜੋੜ ਦਿਤਾ। ਪਰ ਇਕ ਗਲ ਯਾਦ ਰਖੀਂ ਕ੍ਰਿਸ਼ਨਾ। ਇਹ ਨਾ ਸਮਝੀਂ ਕਿ ਆਪਣੇ ਫ਼ਰਜ਼ ਤੋਂ ਤੂੰ ਸੁਬਕਦੋਸ਼ ਹੋ ਗਈ ਹੈਂ।

ਆਪਣਾ ਹਥ ਮੇਰੇ ਸਿਰ ਤੋਂ ਕਦੀ ਨਾ ਚੁਕੀਂ, ਨਹੀਂ ਤੇ... ..." ਤੇ ਬੋਲਦਿਆਂ ਬੋਲਦਿਆਂ ਸਤਨਾਮ ਦਾ ਗਲਾ ਭਰ ਆਇਆ। ਕ੍ਰਿਸ਼ਨਾ ਨੇ ਝਟ ਪਟ ਅਗਾਂਹ ਹੋ ਕੇ ਇਹ ਕਹਿੰਦਿਆਂ ਹੋਇਆਂ ਉਸ ਦੇ ਸਿਰ ਨੂੰ ਬਾਹਾਂ ਵਿਚ ਜਕੜ ਲਿਆ — "ਮੈਂ ਆਪਣੇ ਵੀਰੇ ਨੂੰ ਤੱਤੀ 'ਵਾ ਨਾ ਲਗਣ ਦਿਆਂਗੀ"। ਤੇ ਉਸ ਦੀਆਂ ਅੱਖਾਂ ਗਿਲੀਆਂ ਹੋ ਗਈਆਂ।

ਆਪਣੇ ਆਪ ਨੂੰ ਸੰਭਾਲ ਕੇ ਸਤਨਾਮ ਬੋਲਿਆ — "ਪਰ ਜਿਹੜੀ ਗਲ ਮੈਂ ਆਉਂਦਿਆਂ ਹੀ ਤੈਥੋਂ ਪੁਛੀ ਸੀ, ਉਹ ਤੇ ਵਿਚੇ ਰਹਿ ਗਈ ਕ੍ਰਿਸ਼ਨਾ।"

"ਕੀ ?"

"ਮੈਂ ਤੈਨੂੰ ਪੁਛਿਆ ਸੀ ਕਿ ਤੂੰ ਅਜ ਉਦਾਸ ਕਿਉਂ ਨਜ਼ਰੀਂ ਆਉਂਦੀ ਏਂ ?"

"ਮੈਂ ਆਪਣੇ ਜੋਤਸ਼ ਦੀ ਤਾਕਤ ਨਾਲ ਤੁਹਾਡੀ ਉਦਾਸੀ ਬੁਝ ਲਈ, ਤੁਸੀਂ ਆਪਣੇ ਜੋਤਸ਼ ਦੀ ਤਾਕਤ ਨਾਲ ਮੇਰੀ ਬੁਝ ਲਓ।"

"ਨਾ ਨਾ ! ਤੇਰੇ ਜੋਤਸ਼ ਦੇ ਸਾਹਮਣੇ ਮੇਰੇ ਜੋਤਸ਼ ਦੀ ਕੁਝ ਨਹੀਂ ਵਟੀਂਦੀ। ਤੂੰ ਆਪ ਹੀ ਦਸ ਮਿਹਰਬਾਨੀ ਕਰ ਕੇ।"

"ਮੈਂ ਕੀ ਦਸਾਂ ਭਰਾ ਜੀ" ਉੱਚੀ ਸਾਰੀ ਸਾਹ ਭਰ ਕੇ ਕ੍ਰਿਸ਼ਨਾ ਬੋਲੀ — "ਸਚ ਪੁਛੋ ਤਾਂ ਮੇਰੀ ਉਦਾਸੀ ਦੇ ਅਸਲ ਸਬੱਬ ਤੁਸੀਂ ਹੋ।"

"ਮੈਂ ?"

"ਹਾਂ।"

"ਕਿਸ ਤਰ੍ਹਾਂ ਕ੍ਰਿਸ਼ਨਾ ?"

"ਤੁਸੀਂ ਜੁ ਮੈਨੂੰ ਘਰੋਂ ਕਢਣ ਤੇ ਉਤਾਰੂ ਹੋਏ ਬੈਠੇ ਹੋ, ਤੁਸੀਂ ਨਹੀਂ ਜਾਣਦੇ ਕਿ ਤੁਹਾਡੇ ਘਰ ਨਾਲ ਮੇਰਾ ਕਿੰਨਾ ਮੋਹ ਪੈ ਗਿਆ ਹੈ ? ਜਦੋਂ ਹੀ ਮੈਂ ਇਸ ਗਲ ਦਾ ਖ਼ਿਆਲ ਕਰਦੀ ਹਾਂ, ਮੇਰੇ ਦਿਲ ਵਿਚ ਛੁਰੀਆਂ ਚਲਣ ਲਗ ਪੈਂਦੀਆਂ ਨੇ।"

"ਓਹ ! ਝੱਲੀ ਨਾ ਹੋਵੇ ਤੇ" ਸਤਨਾਮ ਉਸ ਦੇ ਸਿਰ ਤੇ ਹੱਥ ਫੇਰਦਾ ਹੋਇਆ ਬੋਲਿਆ — "ਇਹ ਤੇ ਇਕ ਨਾ ਇਕ ਦਿਨ ਹੋਣਾ ਸੀ। ਸਗੋਂ ਸਾਨੂੰ ਸਾਰਿਆਂ ਨੂੰ ਵਾਹਿਗੁਰੂ ਦਾ ਸ਼ੁਕਰ ਕਰਨਾ ਚਾਹੀਦਾ ਹੈ ਕਿ ਉਸ ਨੇ ਓਹੀ ਤਾਜ ਸਾਨੂੰ ਦਿਤਾ ਹੈ, ਜਿਸ ਵਿਚ ਇਹ ਹੀਰਾ ਜੜਿਆ ਜਾ ਸਕਦਾ ਸੀ।"

ਕ੍ਰਿਸ਼ਨਾ ਦੇ ਚਿਹਰੇ ਉਤੇ ਸ਼ਰਮ ਦੀ ਲਾਲੀ ਦੌੜ ਗਈ, ਉਸ ਦੀਆਂ ਅੱਖਾਂ ਨਿਉਂ ਗਈਆਂ।

"ਮੈਂ ਆਖਿਆ" ਸਤਨਾਮ ਉਸ ਨੂੰ ਛੇੜਨ ਦੇ ਖ਼ਿਆਲ ਨਾਲ ਬੋਲਿਆ — "ਖ਼ਬਰੇ ਕਿਹੜਾ ਥੋਹਾਂ ਚੋਂ ਘਾਟਾ ਪੈ ਗਿਆ ਸੂ, ਸ਼ੁਕਰ ਨਹੀਂ ਕਰਦੀ ਜੁ ਚੰਨ ਵਰਗਾ ਮੁੰਡਾ ਲਭ ਦਿਤਾ ਏ।"

"ਜਾਓ ਪਰੇ" ਉਸ ਦੇ ਮੋਢੇ ਤੇ ਧੱਪਾ ਮਾਰ ਕੇ ਕ੍ਰਿਸ਼ਨਾ ਬੋਲੀ — "ਮੈਂ ਨਹੀਂ ਬੋਲਣਾ ਤੁਹਾਡੇ ਨਾਲ।"

ਗੱਲਾਂ ਦੀ ਲੜੀ ਅਜੇ ਇਥੇ ਤਕ ਹੀ ਅਪੜੀ ਸੀ ਕਿ ਕੁਝ ਡਰਾਉਣੀਆਂ ਜਿਹੀਆਂ ਆਵਾਜ਼ਾਂ ਨੇ ਦੋਹਾਂ ਨੂੰ ਚੁਪ ਕਰਾ ਦਿਤਾ, "ਠਾਹ ਠਾਹ" ਕਈ ਬੰਬ ਤੇ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਨੇ। ਇਸ ਤੋਂ ਬਾਅਦ ਰੌਲੇ ਦਾ ਇਕ ਲੰਮਾ ਤੇ ਅਮੁਕ ਸਿਲਸਿਲਾ "ਮਾਰ ਦਿਓ... ਲਾ ਦਿਓ ਅੱਗ... ...ਇਕ ਵੀ ਮੁਸਲੇ ਨੂੰ ਜੀਊਂਦਾ ਨਾ ਛਡੋ... ...।" ਜਾਰੀ ਹੋ ਗਿਆ।

ਸੁਣਦਿਆਂ ਹੀ ਸਤਨਾਮ ਬਿਨਾਂ ਹੋਰ ਕੋਈ ਗਲ ਕੀਤਿਆਂ ਹੇਠਾਂ ਵਲ ਉਠ ਭਜਾ ਤੇ ਓਵੇਂ ਹੀ ਦੌੜਦਾ ਹੋਇਆ ਕੋਠੀਓਂ ਬਾਹਰ ਨਿਕਲ ਗਿਆ।

ਧੜਕਦੇ ਦਿਲ ਤੇ ਡੋਲਦੀਆਂ ਲੱਤਾਂ ਨਾਲ ਕ੍ਰਿਸ਼ਨਾ ਬਨੇਰੇ ਤੇ ਖੜ੍ਹੀ ਰਹਿ ਗਈ।

39

ਹਿੰਦੁਸਤਾਨ ਤੇ ਪਾਕਿਸਤਾਨ ਦੀ ਵੰਡ ਮੁਕੰਮਲ ਹੋ ਚੁਕੀ ਸੀ ਤੇ ਇਧਰ ਪੰਜਾਬ ਦੀ ਵੰਡ ਦਾ ਝਗੜਾ ਵੀ ਨੇਪਰੇ ਚੜ੍ਹਨ ਵਾਲਾ ਸੀ, ਫ਼ਿਰਕੂ ਖਿਚੋਤਾਨ ਦਾ ਚਾਹਰਾ ਤੌਰ ਤੇ ਹੁਣ ਕੋਈ ਖ਼ਤਰਾ ਨਹੀਂ ਸੀ ਦਿਖਾਈ ਦੇਂਦਾ। ਛੇ ਮਹੀਨਿਆਂ ਤੋਂ ਕਟ ਵਢ ਤੇ ਸਾੜ ਫੂਕ ਦੀਆਂ ਉਪਰੋਥਲੀ ਹੋ ਰਹੀਆਂ ਵਾਰਦਾਤਾਂ ਨੇ ਹਰ ਇਕ ਪੰਜਾਬੀ ਦੇ ਅੰਦਰ ਇਹੋ ਖ਼ਾਹਿਸ਼ ਪੈਦਾ ਕਰ ਦਿਤੀ ਸੀ ਕਿ ਰਬ ਕਰੇ, ਛੇਤੀ ਅਮਨ ਕਾਇਮ ਹੋਵੇ। ਮਹਾਤਮਾ ਗਾਂਧੀ, ਮਿਸਟਰ ਜਿਨਾਹ ਤੇ ਮਾਸਟਰ ਤਾਰਾ ਸਿੰਘ ਆਦਿ ਲੀਡਰਾਂ ਦੇ ਸਾਂਝੇ ਦਸਤਖ਼ਤਾਂ ਹੇਠ ਅਮਨ ਦੀਆਂ ਅਪੀਲਾਂ ਛਾਪ ਕੇ ਵੰਡੀਆਂ ਤੇ ਹਵਾਈ ਜਹਾਜ਼ਾਂ ਰਾਹੀਂ ਸੁਟੀਆਂ ਜਾ ਰਹੀਆਂ ਸਨ, ਜਿਸ ਦਾ ਫਲ ਰੂਪ ਭਵਿਸ਼ ਦੇ ਆਸਾਰ ਕੁਝ ਕੁਝ ਤਸੱਲੀ ਭਰਪੂਰ ਜਾਪਣ ਲਗ ਪਏ ਸਨ। ਹਰ ਕਿਸੇ ਦਾ ਇਹੋ ਕਿਆਸ ਸੀ ਕਿ ਹੁਣ ਜਦ ਕਿ ਹਕੂਮਤਾਂ ਵੰਡੀਆਂ ਜਾ ਚੁਕੀਆਂ ਹਨ, ਦੋਹਾਂ ਮੁਲਕਾਂ, ਪਾਕਿਸਤਾਨ ਤੇ ਹਿੰਦੁਸਤਾਨ ਦੀਆਂ ਹੱਦਾਂ ਬੰਨੇ ਵੀ ਲਗ ਪਗ ਮੁਕੰਮਲ ਹੋਣ ਵਾਲੇ ਹਨ, ਤਾਂ ਫਿਰ ਝਗੜਾ ਹੀ ਕਿਹੜੀ ਗਲ ਦਾ ਬਾਕੀ ਰਹਿ ਜਾਵੇਗਾ। ਯਕੀਨਨ ਦੋਹਾਂ ਡੁਮੀਨੀਅਨਾਂ ਦੀ ਰਾਜ ਛਤਰ ਦੇ ਅਧੀਨ ਦੋਹਾਂ ਮੁਲਕਾਂ ਦੇ ਵਾਸੀ ਸੁਖ ਦੀ ਨੀਂਦਰ ਸੌਂ ਸਕਣਗੇ। ਪਾਕਿਸਤਾਨੀ ਹਕੂਮਤ ਆਪਣੀ ਗੈਰ ਮੁਸਲਿਮ ਰਿਆਇਆ ਦੇ ਜਾਨ ਮਾਲ ਨੂੰ ਮਹਿਫ਼ੂਜ਼ ਰਖੇਗੀ, ਤੇ ਹਿੰਦ ਯੂਨੀਅਨ ਆਪਣੀ ਮੁਸਲਿਮ ਪਰਜਾ ਦੇ ਸਿਰ ਤੇ ਹਥ ਰਖ ਕੇ ਹਰ ਖਤਰੇ ਤੋਂ ਉਨ੍ਹਾਂ ਦੀ ਰਾਖੀ ਕਰੇਗੀ।

ਲਾਹੌਰ, ਅੰਮ੍ਰਿਤਸਰ ਤੇ ਪੰਜਾਬ ਦੇ ਦੂਸਰੇ ਸ਼ਹਿਰਾਂ ਵਿਚ ਫ਼ਰੇਬਾਜ਼ੀ ਤੇ ਆਤਸ਼ਬਾਜ਼ੀ ਦੀਆਂ ਵਾਰਦਾਤਾਂ ਭਾਵੇਂ ਅਜੇ ਤਕ ਵੀ ਪੂਰੀ ਤਰ੍ਹਾਂ ਬੰਦ ਨਹੀਂ ਸਨ ਹੋਈਆਂ, ਪਰ ਕਈਆਂ ਦਾ ਯਕੀਨ ਸੀ ਕਿ ਪੰਦਰਾਂ ਅਗਸਤ ਤੋਂ ਬਾਅਦ ਇਹੋ ਜਿਹੇ ਦ੍ਰਿਸ਼ਾਂ ਦਾ ਕਿਤੇ ਨਾਮ ਨਿਸ਼ਾਨ ਬਾਕੀ ਨਹੀਂ ਰਹੇਗਾ। ਮਾਨੋਂ ਪੰਦਰਾਂ ਅਗਸਤ ਨੂੰ ਰਾਤ ਦੇ ਬਾਰਾਂ ਵਜ ਕੇ ਇਕ ਮਿੰਟ ਉਤੇ ਅਮਨ ਦਾ ਫ਼ਰਿਸ਼ਤਾ ਕਿਸੇ ਅਰਸ਼ ਤੋਂ ਉਤਰ ਆਵੇਗਾ, ਜਿਹੜਾ ਆਉਂਦਿਆਂ ਹੀ ਵਗਦੇ ਹੰਝੂਆਂ, ਰਿਸਦੇ ਜ਼ਖਮਾਂ ਤੇ ਬਲਦੇ ਭਾਂਬੜਾਂ ਨੂੰ ਆਪਣੀ ਰਹਿਮਤ ਦੇ ਛਿਟਿਆਂ ਨਾਲ ਮਿਟਾ ਦੇਵੇਗਾ।

ਬਾਰਾਂ ਅਗਸਤ ਤੀਕ ਵਾਯੂ ਮੰਡਲ ਵਿਚ ਕੋਈ ਵਖਰੀ ਕਿਸਮ ਦਾ ਬੁੱਲਾ ਨਹੀਂ ਸੀ ਭਾਸਿਆ, ਪਰ ਜਿਉਂ ਹੀ ਤੇਰਾਂ ਦਾ ਸੂਰਜ ਡੁਬਿਆ, ਕ੍ਰਿ ਹੋਣੀ ਨੇ ਆਪਣੇ ਤਰਕਸ਼ ਵਿਚੋਂ ਨਵੇਂ ਤੇ ਅਛੂਤੇ ਉਨ੍ਹਾਂ ਤੀਰਾਂ ਦਾ ਮੁੱਠਾ ਕਢ ਕੇ ਤੀਰ ਚਿਲ੍ਹੇ ਚੜ੍ਹਾਣੇ ਸ਼ੁਰੂ ਕੀਤੇ, ਜਿਹੜੇ ਪੰਜਾਬ ਜਾਂ ਭਾਰਤ ਛਡ ਕੇ, ਸਾਰੀ ਦੁਨੀਆਂ ਦੇ ਇਤਿਹਾਸ ਨੇ ਕਦੀ ਨਹੀਂ ਸਨ ਵੇਖੇ।

ਅੰਮ੍ਰਿਤਸਰ ਦੇ ਗਲੀਆਂ ਬਾਜ਼ਾਰਾਂ ਵਿਚ ਸਾਰਾ ਦਿਨ ਹੱਛੀ ਖ਼ਾਸੀ ਰੌਣਕ ਰਹੀ। ਜਿਸ ਵਿਚੋਂ ਕਿਸੇ ਲੁੱਕਵੀਂ ਜਿਹੀ ਘੁਸਰ ਮੁਸਰ ਤੇ ਕਿਸੇ ਭੇਦਾਂ ਭਰੀ ਸਾਜ਼ਸ਼ ਦੇ ਚਿੰਨ੍ਹ ਦਿਖਾਈ ਦੇਣ ਲਗ ਪਏ ਸਨ। ਹਰ ਛੋਟੇ ਵਡੇ ਦੀ ਜ਼ਬਾਨ ਤੇ ਕਰੀਬਨ ਇਹੋ ਜਿਹੇ ਸ਼ਬਦ ਸਨ — "ਅਜ ਪੋਲੀਸ ਦਾ ਮਹਿਕਮਾ ਰਲਗੱਡ ਦੇ ਥਾਂ ਖ਼ਾਲਿਸ ਹੋ ਜਾਏਗਾ। ਪਾਕਿਸਤਾਨੀ ਇਲਾਕਿਆਂ ਵਿਚੋਂ ਗ਼ੈਰ ਮੁਸਲਿਮ ਮੁਲਾਜ਼ਮਾਂ ਦੇ ਹਥਿਆਰ ਰਖਵਾ ਲਏ ਜਾਣਗੇ, ਤੇ ਭਾਰਤੀ ਇਲਾਕਿਆਂ ਵਿਚੋਂ ਮੁਸਲਿਮ ਮੁਲਾਜ਼ਮਾਂ ਨੂੰ ਬੇ-ਹਥਿਆਰ ਕਰ ਦਿਤਾ ਜਾਵੇਗਾ।"

ਅੰਮ੍ਰਿਤਸਰ ਦੇ ਗੁੰਡਿਆਂ ਦੇ ਚਿਹਰਿਆਂ ਉਤੇ ਅਜ ਕਿਸੇ ਨਵੇਂ ਉਤਸ਼ਾਹ ਦੀ ਝਲਕ ਸੀ। ਇਸ ਗਲ ਦਾ ਸ਼ਾਇਦ ਬਹੁਤ ਥੋੜੇ ਲੋਕਾਂ ਨੂੰ ਪਤਾ ਸੀ ਕਿ ਪੁਲਸੀ ਮਹਿਕਮੇ ਦੀ ਰਦੋ ਬਦਲ ਦਾ ਪ੍ਰਤੀਕਰਮ ਕੀ ਹੋਵੇਗਾ।

ਦੁਪਹਿਰਾਂ ਬੀਤੀਆਂ, ਸ਼ਾਮ ਹੋਈ ਤੇ ਇਸ ਤੋਂ ਬਾਅਦ ਰਾਤ ਦਾ ਮਾਤਮੀ ਜਿਹਾ ਹਨੇਰਾ ਹਰ ਪਾਸੇ ਛਾ ਗਿਆ। ਖਾਓ ਪੀਓ ਤੋਂ ਵਿਹਲੇ ਹੋ ਕੇ ਲੋਕੀ ਅਜੇ ਸੌਣ ਦੀ ਤਿਆਰੀ ਹੀ ਕਰ ਰਹੇ ਸਨ ਕਿ ਇਕ ਦੰਮ ਬੰਬਾਂ ਤੇ ਗੋਲੀਆਂ ਦੀ ਗੂੰਜ ਸਾਰੇ ਸ਼ਹਿਰ ਵਿਚ ਗੂੰਜ ਉਠੀ। ਵੇਖਦਿਆਂ

ਹੀ ਵੇਖਦਿਆਂ ਬੀਤੇ ਪੰਜ ਮਾਰਚ ਵਾਂਗ ਇਕ ਵਾਰੀ ਫੇਰ ਸ਼ਹਿਰ ਦਾ ਵਿਚਲਾ ਹਿੱਸਾ ਅੱਗ ਦੀ ਲਪੇਟ ਵਿਚ ਆ ਗਿਆ। ਲੋਕੀਂ ਘਰਾਂ ਤੋਂ ਉਠ ਭੱਜੇ। ਹਿੰਦੂਆਂ ਸਿੱਖਾਂ ਨੂੰ ਅਜ ਕਿਸੇ ਦਾ ਡਰ ਭਉ ਨਹੀਂ ਸੀ। ਹਰ ਕੋਈ ਇਹੋ ਕਹਿੰਦਾ ਸੁਣਾਈ ਦੇਂਦਾ ਸੀ, "ਅਜ, ਤਖ਼ਤੇ ਤੇ ਪਰਜਾ ਆਪਣਾ ਰਾਜ ਹੈ।"

ਮੁਸਲਮਾਨਾਂ ਤੇ ਭਾਅ ਦੀ ਕਿਆਮਤ ਆ ਗਈ। ਹਰ ਇਕ ਮੁਸਲਿਮ ਮਹੱਲੇ ਨੂੰ ਨਜ਼ਰ ਆਤਸ਼ ਕੀਤਾ ਜਾਣ ਲਗਾ। ਸ਼ਹਿਰ ਦੀ ਲਗ ਪਗ ਸਾਰੀ ਪੋਲੀਸ ਅਜ ਸਿੱਖਾਂ ਹਿੰਦੂਆਂ ਦੀ ਮਦਦ ਉਤੇ ਸੀ। ਮੁਸਲਮਾਨ ਸਿਪਾਹੀ ਤਾਂ ਅਜ ਕਿਤੇ ਨਾਂ ਨੂੰ ਨਹੀਂ ਸੀ ਦਿਸਦਾ, ਤੇ ਹਿੰਦੂ ਸਿੱਖ ਪੁਲਸੀਆਂ ਦੀ ਇਹ ਹਾਲਤ ਸੀ ਕਿ ਕੁਝ ਕੇਤਿਆਂ ਨੂੰ ਛਡ ਕੇ ਬਾਕੀ ਸਭ ਸਿਪਾਹੀਆਂ ਤੇ ਲੈ ਕੇ ਅਹੁਦੇਦਾਰਾਂ ਨੇ ਵੰਗਾਰ ਕੇ ਸ਼ਹਿਰ ਦੇ ਹਿੰਦੂਆਂ ਸਿੱਖਾਂ ਨੂੰ ਕਹਿ ਦਿਤਾ ਕਿ — "ਅਜ ਤੁਹਾਨੂੰ ਮੁਸਲਮਾਨਾਂ ਨੂੰ ਤਬਾਹ ਕਰਨ ਦੀ ਨਾ ਕੇਵਲ ਖੁਲ੍ਹੀ ਛੁਟੀ ਹੈ, ਸਗੋਂ ਅਸੀਂ ਖੁਦ ਤੁਹਾਡੀ ਮਦਦ ਲਈ ਮੌਜੂਦ ਹਾਂ।"

ਤੇ ਇਸ ਸ਼ਹਿ ਦਾ ਨਤੀਜਾ ? ਸਾਰੇ ਸ਼ਹਿਰ ਵਿਚ ਅਭਾਗੀ ਮੁਸਲਮਾਨਾਂ ਦੀ ਕਤਲਿ-ਆਮ ਸ਼ੁਰੂ ਹੋ ਗਈ। ਇਕ ਪਾਸੇ ਰਾਸ਼ਟਰੀ ਸੰਘ ਵਾਲੇ "ਜੈ ਹਰ ਹਰ ਮਹਾਦੇਵ" ਦੇ ਨਾਹਰੇ ਛਡਦੇ ਹੋਏ ਮੁਸਲਮਾਨਾਂ ਦਾ ਘਾਟ ਬਚਾ ਪੀੜਣ ਲਈ ਕਮਰਕਸਤਾ ਹੋ ਗਏ ਸਨ, ਤਾਂ ਦੂਜੇ ਪਾਸੇ ਖ਼ਾਲਸਾ ਫ਼ੌਜਾਂ ਵੀ "ਅਕਾਲ ਅਕਾਲ" ਦੀਆਂ ਗੂੰਜਾਂ ਵਿਚ ਤੁਰਕੜਿਆਂ ਦਾ ਨਾਸ਼ ਕਰਨ ਲਈ ਕਿਰਪਾਨਾਂ ਚਮਕਾਂਦੀ ਫਿਰਦੀਆਂ ਸਨ।

ਸਾਰੀ ਰਾਤ ਇਹੋ ਕਹਿਰ ਵਰਤਦਾ ਰਿਹਾ। ਮਜ਼ਲੂਮਾਂ ਦੀ ਰਖਿਆ ਕਰਨ ਦੇ ਦਾਹਵੇਦਾਰ ਤੇ ਸਰਬੱਤ ਦਾ ਭਲਾ ਚਾਹੁਣ ਵਾਲੇ ਬਹਾਦਰ ਅਜ ਆਪਣੀਆਂ ਕੌਮੀ ਰਵਾਇਤਾਂ ਨੂੰ ਚਾਰ ਚੰਨ ਲਾਉਣ ਦੇ ਇਰਾਦਿਆਂ ਨਾਲ ਘਰੋਂ ਨਿਕਲੇ। ਉਨ੍ਹਾਂ ਨੇ ਬੱਚਾ ਨਹੀਂ ਵੇਖਿਆ, ਬੁਢਾ ਨਹੀਂ ਤਕਿਆ। ਤੀਵੀਂ ਦਾ ਲਿਹਾਜ਼ ਨਹੀਂ ਕੀਤਾ, ਕਿਸੇ ਰੋਗੀ ਬੀਮਾਰ ਤੇ ਤਰਸ ਨਹੀਂ ਖਾਧਾ। ਬਸ ਜੋ ਅਗੋ ਆਇਆ, ਪਾਰ ਬੁਲਾਇਆ। ਉਨ੍ਹਾਂ ਦੇ ਜ਼ਾਲਮ ਹਥਿਆਰਾਂ ਦੀ ਮਾਰ ਤੋਂ ਇਸ ਰਾਤ ਓਹੀ ਬਚਿਆ, ਜਿਹੜਾ ਨਸ ਗਿਆ ਜਾਂ ਲੁਕ ਗਿਆ।

ਤੇਰਾਂ ਚੌਦਾਂ ਤੇ ਪੰਦਰਾਂ ਤਾਰੀਖ਼ ਤਕ ਸ਼ਹਿਰ ਵਿਚ ਇਹੋ ਕੁਝ ਹੁੰਦਾ ਰਿਹਾ — ਕਤਲ, ਅੱਗ, ਲੁਟ ਤੇ ਅਗਵਾ।

ਕਿਹਾ ਨਹੀਂ ਜਾ ਸਕਦਾ ਕਿ ਇਨ੍ਹਾਂ ਸੱਤਰਾਂ ਅੱਸੀਆਂ ਘੰਟਿਆਂ ਵਿਚ ਕਿੰਨੇ ਗਭਰੂ ਵਢੇ ਗਏ, ਕਿੰਨੇ ਬਚਿਆਂ ਨੂੰ ਜ਼ਬ੍ਹਾ ਕੀਤਾ ਗਿਆ, ਕਿੰਨੀਆਂ ਮਾਸੂਮ ਬਚੀਆਂ ਦੀ ਅਸਮਤਦਰੀ ਕੀਤੀ ਗਈ ਤੇ ਕਿੰਨੇ ਮਹੱਲੇ ਅੱਗ ਦੀ ਭੇਟ ਕੀਤੇ ਗਏ। ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਦਰਾਂ ਅਗਸਤ ਨੂੰ ਸ਼ਹਿਰ ਵਿਚ ਕੋਈ ਵੀ ਮੁਸਲਮਾਨ ਕਿਤੇ ਦਿਖਾਈ ਨਹੀਂ ਸੀ ਦੇਂਦਾ। ਉਹ ਜਾਂ ਤਾਂ ਮਾਰੇ ਗਏ ਸਨ, ਜਾਂ ਜਾਨਾਂ ਬਚਾ ਕੇ ਭਜ ਗਏ ਸਨ, ਤੇ ਜਾਂ ਫਿਰ ਜਮਾਤੀ ਤੌਰ ਤੇ ਸ਼ਰੀਫ਼ਪੁਰਾ ਆਦਿ ਸ਼ਹਿਰ ਤੋਂ ਬਾਹਰਲੀਆਂ ਵਸਤੀਆਂ ਵਿਚ ਲੁਕੇ ਬੈਠੇ ਸਨ। ਜਿਨ੍ਹਾਂ ਨੂੰ ਰੇਲਾਂ ਤੇ ਟਰੱਕਾਂ ਦੀ ਮਦਦ ਨਾਲ ਹਕੂਮਤ ਵਲੋਂ ਦਬਾਦਬ ਕਢਿਆ ਜਾ ਰਿਹਾ ਸੀ।

ਜਨੂੰਨੀ ਤੇ ਬੁਜ਼ਦਿਲ ਲੋਕਾਂ ਦੀ ਖੂਨੀ ਤਲਵਾਰ ਕੇਵਲ ਅੰਮ੍ਰਿਤਸਰ ਵਿਚ ਹੀ ਚਲੀ ਹੋਵੇ, ਇਹੋ ਨਹੀਂ ਬਲਕਿ ਪੰਜਾਬ ਦੇ ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤੀਕ — ਕੀ ਪੂਰਬੀ ਪੰਜਾਬ ਤੇ ਕੀ ਪੱਛਮੀ, ਸਭਨੀ ਥਾਂਈਂ ਇਸੇ ਤਰ੍ਹਾਂ ਦੇ ਕਹਿਰੀ ਸਾਕੇ ਵਰਤਣੇ ਸ਼ੁਰੂ ਹੋ ਗਏ। ਲਾਹੌਰ ਤੋਂ ਜਿਹੜੀਆਂ ਖ਼ਬਰਾਂ ਆ ਰਹੀਆਂ ਸਨ ਉਹ ਏਦੂੰ ਵੀ ਜ਼ਿਆਦਾ ਰੋਮਾਂਚਕਾਰੀ ਸਨ। ਮੁਸਲਮਾਨਾਂ ਦਾ ਉਥੇ ਉਂਜ ਹੀ ਜ਼ੋਰ ਸੀ। ਫਿਰ ਆ ਗਿਆ ਇਹ ਪਾਕਿਸਤਾਨ ਵਿਚ। ਹਿੰਦੂ ਸਿਖ ਭਾਵੇਂ ਕਾਫ਼ੀ ਗਿਣਤੀ ਵਿਚ ਨਿਕਲ ਆਏ ਸਨ, ਫਿਰ ਵੀ ਅਜੇ ਲਖਾਂ ਬਾਕੀ ਸਨ, ਜਿਨ੍ਹਾਂ ਦੇ ਚਿਤ

ਬੈਠੇ ਹੀ ਨਹੀਂ ਸੀ ਕਿ ਕੇਵਲ ਤਿੰਨ ਦਿਨਾਂ ਵਿਚ ਉਨ੍ਹਾਂ ਨਹੀਂ ਪੂਰੀ ਆ ਜਾਵੇਗੀ। ਜਿਸ ਬੇਚੈਨੀ ਨਾਲ ਉਨ੍ਹਾਂ ਦੇ ਮੁਸਲਮਾਨਾਂ ਨੇ ਹਿੰਦੂਆਂ ਸਿੱਖਾਂ ਨੂੰ ਕੱਢਿਆ, ਤੇ ਉਨ੍ਹਾਂ ਦੇ ਘਰ ਤੇ ਕੁਰਬਾਨੀ ਨਾਲ ਉਸ ਦੇ ਮੁਸਲਮਾਨਾਂ ਨੇ ਅੰਮ੍ਰਿਤਸਰ ਦੇ ਜ਼ੁਲਮਾਂ ਨੂੰ ਵੀ ਮਾਤ ਪਾ ਦਿੱਤਾ। ਛੋਟੇ ਬੱਚਿਆਂ ਨੂੰ ਨੇਜ਼ਿਆਂ ਤੇ ਟੰਗਿਆ, ਜਿਸ ਨੇ ਹਿੰਦੂ ਸਿੱਖ ਤੀਵੀਆਂ ਨੂੰ ਨੰਗਿਆਂ ਕਰ ਕੇ ਜਲੂਸ ਕੱਢੇ, ਖ਼ਤਮ ਕਰ ਕੇ ਜਿਸ ਬੇਰਹਿਮੀ ਨਾਲ ਉਨ੍ਹਾਂ ਦੀਆਂ ਛਾਤੀਆਂ ਵਢ ਵਢ ਕੇ ਹਾਰ ਬਣਾਏ ਗਏ, ਤੇ ਹੋਰ ਕਈ ਅਜਿਹੇ ਜ਼ੁਲਮ ਜਿਹੜੇ ਉਨ੍ਹਾਂ ਵਿਚਾਰੀਆਂ ਉਤੇ ਕੀਤੇ ਗਏ ਜਿਸ ਦੀ ਮਿਸਾਲ ਇਨਸਾਨ ਦੀ ਤਵਾਰੀਖ਼ ਵਿਚ ਕਿਤੇ ਨਹੀਂ ਮਿਲਦੀ।

ਇਕਾਦਾ ਤਿੰਨ ਦਿਨਾਂ ਵਿਚ ਪੰਜਾਬ ਦੇ ਇਨਸਾਨ ਨੇ ਜਿਸ ਵਹਿਸ਼ਤ ਦੇ ਨਜ਼ਾਰੇ ਦਿਖਾਏ, ਉਹ ਅਜ ਤੀਕ ਕਿਸੇ ਦੇ ਚੇਤਟ ਵਿਚ ਤਾਂ ਕੀ, ਸੁਪਨ ਵਿਚ ਵੀ ਨਹੀਂ ਆਏ ਹੋਣੇ। ਕਸੂਰਵਾਰ ਦੀ ਮਜ਼ਲੂਮੀ ਦੇਖ ਕੀ ਤੇ ਉਧਰ ਦੀ ਆਵਾਜ਼ ਹੋ ਚੁਕੀ ਸੀ, ਤੇ ਇਸ ਦਾ ਅਹਿਸਾਸ ਹੋਣ ਤੋਂ ਵੀ ਤਾਂ ਕੁਦਰਤੀ ਨਾਲ ਸੀ ਜਦ ਕਿ ਵਰਤੀਕਨ ਹਰ ਮੌਕਿਆਂ ਦੇ ਅਸਰਾ ਤੋਂ ਹੀ ਕੇ ਆਪ ਹੋ ਵੀ ਤਾਂ ਕੁਦਰਤੀ ਨਾਲ ਸੀ ਜਦ ਕਿ ਵਰਤੀਕਨ ਹਰ ਮੌਕਿਆਂ ਦੇ ਅਸਰਾ ਤੋਂ ਹੀ ਕੇ ਆਪ ਹੋ ਰਹੇ ਸਨ। ਪੁਲਿਸ ਕਰਮਚਾਰੀ ਇਸ ਵੇਲੇ ਖ਼ੁਦ ਫ਼ਸਾਦਾਂ ਦੀ ਅੰਗ ਨਹੀਂ ਹੋਣ ਦਾ ਕੰਮ ਕਰ ਰਹੇ ਸਨ। ਪੁਲਿਸ ਦੇ ਜ਼ਿੰਮੇਵਾਰ ਕਰਮਚਾਰੀ ਇਨ੍ਹਾਂ ਦਿਨਾਂ ਵਿਚ ਸੁਣੇਹਿਆਂ ਦੀਆਂ ਧਾੜਾਂ ਦੇ ਮੋਹਰੀ ਬਣੇ ਹੋਏ ਸਨ, ਤੇ ਖ਼ੁਦ ਨਾਲ ਹੋ ਕੇ ਉਹ ਇਹੋ ਜਿਹੇ ਕਾਰੇ ਕਰਦਾ ਰਹੇ ਸਨ। ਫਿਰ ਇਸ ਹਾਲਤ ਵਿਚ ਜੇ ਕਸੂਰਵਾਰ ਉਹੋ ਕੋਈ ਆਸ ਰਖੀ ਜਾਂਦੀ ਤਾਂ ਕਿਸ ਨਾਲ ਦੀ? ਮਹਾਤਮਾ ਗਾਂਧੀ ਦੇ ਦਿਲ ਦੇ ਕਸੂਰਵਾਰ ਉਹੋ ਕੋਈ ਆਸ ਰਖੀ ਜਾਂਦੀ ਤਾਂ ਕਿਸ ਨਾਲ ਦੀ? ਮਾਸਟਰ ਤਾਰਾ ਸਿੰਘ ਤੇ ਜਿਨਾਹ ਆਦਿ ਲੀਡਰਾਂ ਦੀਆਂ ਐਲਾਨ ਧਰੇ ਧਰਾਏ ਰਹਿ ਗਏ, ਮਾਸਟਰ ਤਾਰਾ ਸਿੰਘ ਤੇ ਜਿਨਾਹ ਆਦਿ ਲੀਡਰਾਂ ਦੀਆਂ ਅਪੀਲਾਂ ਹੋਈ ਕਤਲ ਦੇ ਪ੍ਰਤੀਆਂ ਤੋਂ ਵਧ ਅਹਿਮੀਅਤ ਨਹੀਂ ਸਨ ਰਖਦੀਆਂ। ਕਾਂਗਰਸ ਤੇ ਮੁਸਲਿਮ ਲੀਗ ਦੀਆਂ ਇਤਿਹਾਦ ਤੇ ਮਿਲਵਰ ਦੀਆਂ ਸੁਗਾਤੀਆਂ ਨੂੰ ਲੋਕੀ ਬੇਸੁਰਾ ਰਾਗ ਸਮਝ ਕੇ ਕੋਈ ਉਹਲਾ ਦੇ ਬੋਲੇ ਸਨ।

ਬੇਗੁਨਾਹਾਂ ਦੇ ਲਹੂ ਦੇ ਦਰਿਆ ਵਗਾਏ ਗਏ, ਘੁਸਤਾ ਤੋਂ ਤੀਲਾ ਤੀਲਾ ਜੋੜ ਕੇ ਬਣਾਏ ਹੋਏ ਘਰ ਬੇਰਹਿਮੀ ਨਾਲ ਫੂਕੇ ਜਾਂਦੇ ਰਹੇ, ਮਾਸੂਮ ਬਾਲੜੀਆਂ ਤੇ ਕੰਜੀਆਂ ਦੀ ਅਸਮਤ ਨਾਲ ਖੇਡਿਆ ਜਾਂਦਾ ਰਿਹਾ ਤੇ ਲੁਟ ਦਾ ਮਾਲ ਢੋ ਢੋ ਕੇ ਅੰਦਰੀ ਭਰਿਆ ਜਾਂਦਾ ਰਿਹਾ। ਨਾ ਕੋਈ ਹਟਕਣ ਵਾਲਾ ਸੀ ਨਾ ਦਬਕਣ ਵਾਲਾ। ਜੋ ਜਿਸ ਦਾ ਜੀ ਆਵੇ ਕਰ ਗੁਜ਼ਰਦਾ। ਇਸ ਵੇਲੇ ਇਹ ਸਭ ਕੁਝ ਉਨ੍ਹਾਂ ਲੋਕਾਂ ਲਈ ਕਾਨੂੰਨ ਸੀ, ਉਨ੍ਹਾਂ ਦੀਆਂ ਮਜ਼ਹਬੀ ਹਦਾਇਤਾਂ ਦੇ ਅਨੁਕੂਲ ਸੀ, ਤੇ ਉਨ੍ਹਾਂ ਦੀ ਕੌਮੀਅਤ ਨੂੰ ਚਾਰ ਚੰਨ ਲਾਣ ਵਾਲਾ ਸੀ।

40

ਵੰਡੀ ਦੇ ਸਿਵਲਾਟ ਲਗਿਆਂ ਸਤਨਾਮ ਦੇ ਖ਼ਾਬ ਵਿਚ ਵੀ ਨਹੀਂ ਸੀ ਆਇਆ ਕਿ ਇਹ ਅੰਤ ਦੀ ਫ਼ਸਾਦੀ ਹਨੇਰੀ ਇਤਨੀ ਖ਼ਤਰਨਾਕ ਸ਼ਕਲ ਅਖ਼ਤਿਆਰ ਕਰ ਲਵੇਗੀ। ਉਸ ਦਾ ਖ਼ਿਆਲ ਸੀ ਕਿ ਪਿਛਲੇ ਛੇ ਮਹੀਨਿਆਂ ਤੋਂ ਜਿਹੜੀ ਜਿਹੀ ਖਪ ਪੈਂਦੀ ਚਲੀ ਆ ਰਹੀ ਹੈ ਉਸੇ ਤਰ੍ਹਾਂ ਇਹ ਵੀ ਕਿਸੇ ਥੋੜਾ ਪਰਤੀ ਦਾ ਖ਼ਤੂਰ ਹੋਵੇਗਾ, ਪਰ ਜਦ ਪਨ ਪਹੁੰਚ ਕੇ ਜਦ ਉਸ ਨੂੰ ਅਸਲੀਅਤ ਦਾ ਪਤਾ ਲਗਾ ਤਾਂ ਉਹ ਉਵੇਂ ਹੀ ਹਥ ਪੈਰ ਛਡ ਬੈਠਾ। ਹਿੰਦੂਆਂ ਸਿੱਖਾਂ ਦੇ ਕਤਲਾਂ ਹੋਣੇ ਉਸ ਨੇ ਇਧਰ ਉਧਰ ਲਗਾਤ ਲਗਾਤ ਵਰਤੇ ਤੱਕੇ, ਕਈਆਂ ਥਾਵਾਂ ਨਾਲ ਤਾਂ ਪੁਲਿਸ ਤੇ ਮਿਲਟਰੀ ਦੇ ਕਾਰਿੰਦੇ ਆਪਣੀ ਮੌਜੂਦ ਸਨ, ਜਿਹੜੇ ਹਰ ਤਰੀਕੇ ਨਾਲ ਮੁਸਲਮਾਨਾਂ ਨੂੰ ਲੁੱਟਣ ਮਾਰਨ ਲਈ ਗੁੰਡਿਆਂ ਨੂੰ ਉਕਸਾ ਰਹੇ ਸਨ।

ਸਤਨਾਮ ਨੇ ਸਭ ਤੋਂ ਪਹਿਲਾਂ ਆਪਣੀ ਕੰਪ ਜਾ ਫੜੀ, ਫਿਰ ਜਿਥੇ ਜਿਥੇ ਇਤਿਹਾਦ ਸਭਾ ਦੇ ਮੈਂਬਰ ਰਹਿੰਦੇ ਸਨ, ਉਹਨਾਂ ਨੂੰ ਘਰਾਂ ਚੋਂ ਕੱਢਿਆ, ਪਰ ਸੰਗਤ ਦੀ ਜਿਹੀ ਜਿਹੀ ਹਾਲਤ

ਉਹ ਅਜ ਤੀਕ ਕਿਹਾ ਸੀ, ਇਸ ਤੋਂ ਉਸ ਨੇ ਅਜਨਾਲਾ ਤਹਿਸੀਲ ਦੇ ਨਵੇਂ ਥਾਣੇ ਵਿਚ ਜਾ ਕੇ ਆ ਜਾਏ ਤਾਂ ਵੀ ਇਨ੍ਹਾਂ ਲੋਕਾਂ ਨੇ ਆਪਣੀ ਜਾਣੇ ਤੇ ਨਹੀਂ ਜਾਣਾ।

ਰਾਤ ਤੋਂ ਲੈਕੇ ਸਵੇਰ ਤਕ ਉਹ ਆਪਣੇ ਕੁਝ ਸਾਥੀਆਂ ਸਮੇਤ ਲੋਕਾਂ ਦੇ ਘਰ ਘਰ ਟੋਲੀਆਂ ਵਿਚ ਕੈਂਪ ਨੂੰ ਜਾਣਦੀ ਇਕੱਠਾ ਕਿਹਾ, ਪਰ ਇਹ ਉਸ ਨੂੰ ਇਹੋ ਜੀ ਸਕਦੇ ਸਨ ਮਦਦ ਜਿਹੀ ਮਿਲ ਸਕਦੀ। ਜੇ ਇਨ੍ਹਾਂ ਨੂੰ ਕੋਈ ਕੀਮ ਮਿਲਦੀ, ਤਾਂ ਉਹ ਸੀ ਜਿਹੀ ਜਾਂ ਸਕਦੀ। ਲੁੱਟਣ ਤੇ ਮਾਰਨ ਦੇ ਮਹੌਲ ਵਿਚ ਸਾਰਾ ਦੇਸ਼ ਕਰ ਉਧਰ ਭੀ ਹਰ ਮਹੀਨੇ ਦੇ ਸਮਾਜ ਵਿਚ ਅਮਨਾਰ ਕਿਹੋ ਜਿਹਾ ਜਾਪਦਾ ਸੀ — "ਹਰ ਸ਼ਹਿਰ ਮਾਰੋ ਕਟਾ ਵਿਚ ਨਹੀਂ ਤੇ ਗੁਲੀ ਦੀ ਟੋਲੀ ਦਾ ਇਕਰਾਰ ਬਣਾ ਲਿਆ ਅਸੀਂ..."

ਸਾਰੀ ਰਾਤ ਮੁਸਲਮਾਨਾਂ ਦੇ ਅਜਿਹੇ ਜਥਾ ਰਹੇ, ਉਨ੍ਹਾਂ ਦੇ ਘਰ ਘਰ ਲੁੱਟੀਆਂ ਗਈਆਂ ਤੇ ਕਰ ਤੋਂ ਲੈ ਕੇ ਬੁਢੇ ਤਕ ਜੋ ਵੀ ਕਿਸੇ ਦੇ ਹਥ ਆਇਆ, ਜਿਸ ਦੇ ਘਰ ਇਕੱਠਿਆਂ ਜਾਣ ਕਿਹਾ, ਪਰ ਫ਼ਸਾਦੀ ਦੀ ਕਾਲਮ ਅੰਗ — ਜਿਹੜੀ ਲੋਕਾਂ ਦੇ ਦਿਲਾਂ ਵਿਚ ਜਿਹੀ ਕਤਲ ਮਹੀਨਿਆਂ ਤੋਂ ਬਣਦੀ ਰਹੀ ਸੀ, ਇਸ ਇਕੋ ਰਾਤ ਵਿਚ ਕਿਵੇਂ ਬੁਝ ਸਕਦੀ ਸੀ।

ਸਾਰੀ ਰਾਤ ਹੀ ਠੰਢੀ ਸੀ ਤੇ ਸਾਰਾ ਸ਼ਿਹਾਰਤ ਤੇ ਬਾਅਦ ਸਤਨਾਮ ਜਾ ਕੁਟੀਆ ਦੀ ਫੜੀ ਹਵਾਲੀ ਵਿਚ ਜਾ ਪਹੁੰਚਿਆ। ਪਰ ਦੀਆਂ ਚਾਰੀਆਂ ਸਵੇਰ ਨਾਲ ਉਸ ਦੀ ਲੋੜ ਵਿਚ ਸਨ।

ਪਹਿਲਾਂ ਤਾਂ ਉਸ ਦੀ ਸਲਾਹ ਕਾਹਲ ਕੋਈ ਦਿਲ ਲਈ ਜਾਣ ਦੀ ਹੋਈ, ਪਰ ਫਿਰ ਉਸ ਨੇ ਇਰਾਦਾ ਬਦਲ ਦਿਤਾ। ਕਿਉਂਕਿ ਉਸ ਨੇ ਇਸ ਬਹੁਤੇ ਦਿਲ ਹੋਰ ਜੀਵਨ ਕਰ ਦੇਣ ਦੀ ਫ਼ਿਕਰ ਬਣਾ ਲਈ ਸੀ। ਉਸ ਨੇ ਆਪਣੇ ਸਾਥੀਆਂ ਨਾਲ ਰਲ ਕੇ ਇਹ ਫ਼ੈਸਲਾ ਕਿ ਜਦ ਤਕ ਉਨ੍ਹਾਂ ਸਾਰੇ ਲੀਡਰਾਂ ਪਾਸ ਇਕ ਡੈਪੂਟੇਸ਼ਨ ਨੇ ਜਾਣਿਆ ਜਾਵੇ, ਜਿਹੜੇ ਇਸ ਵੇਲੇ ਇਸ ਤਬਾਹੀ ਦੇ ਮੋਢੀ ਬਣੇ ਹੋਏ ਹਨ। ਜੇ ਇਹੋ ਜਿਹੇ ਕੇ ਉਹ ਕੋਈ ਨਹੀਂ ਜਾ ਸਕਿਆ।

ਘਰ ਜਾ ਕੇ ਉਸ ਨੇ ਆਪਣਾ ਕਮਰਾ ਸੰਭਾਲਿਆ, ਅੰਗ ਕਮਰਾ ਬੰਦ ਤੇ ਜਿਸ ਦੇ ਫ਼ਿਕਰ ਫ਼ਸਾਦਾਂ ਕੀਤਿਆਂ ਤੇ ਕਿਨਾ ਕਾਹਦੇ ਉਤਰਿਆਂ ਲੋਟ ਗਿਆ, ਪਰ ਜਿਸਮ ਦੀ ਥੀਕਾ ਤੇ ਲੱਗੇ ਦਾ ਆਰਾਮ। ਅੰਗ ਨਹੀਂ ਜਿਵੇਂ ਉਸ ਦੇ ਹੱਥ ਕੋਈ ਅੱਗਿਆਕਾਰਾਂ ਦਾ ਦੋਸ਼ ਸੀ, ਜਿਸ ਉਹ ਉਸ ਦੇ ਸਰੀਰ ਦਾ ਹਰ ਇਕ ਅੰਗ ਚੁਭ ਚੁਭ ਕਰਦਾ ਹੋਇਆ ਸਭ ਕਿਹਾ ਸੀ। ਜਿਸ ਦੇ ਫ਼ਸਾਦ ਵੀ ਉਸ ਨੇ ਤੱਕੇ ਸਨ ਤੇ ਉਸ ਤੋਂ ਬਾਅਦ ਹੋਰ ਵੀ ਛੋਟੇ ਮੋਟੇ ਕਈ ਵਾਰ ਦੇ ਕਾਂਡ ਪਹਿਲਾਂ ਵਿਚ ਜੋ ਕੁਝ ਉਸ ਦੀਆਂ ਅੱਖਾਂ ਨੇ ਤੱਕਿਆ, ਕਿਨਾ ਭਿਆਨਕ ਸੀ — ਕਿੰਨ ਦੇ ਹੈਵਾਨੀਅਤ ਭਰਿਆ ਤੇ ਮਨੁੱਖਤਾ ਦੀਆਂ ਹੱਦਾਂ ਤੋਂ ਟੱਪਿਆ ਹੋਇਆ।

ਕਿਉਂ ਹੀ ਲੰਮੇ ਪਿਆਂ ਪਿਆਂ ਉਸ ਨੂੰ ਪ੍ਰਿਤਮਾ ਦਾ ਖ਼ਿਆਲ ਆਇਆ ਕਿ ਜੇ ਤੇ ਪੇਟ ਉਸ ਲਈ ਮੁਸ਼ਕਲ ਹੋ ਗਿਆ। ਉਹ ਉਠ ਕੇ ਬੈਠ ਗਿਆ ਤੇ ਸੋਚਣ ਲਗਾ — "ਮੈਨੂੰ ਕਦੀ ਜਾਣਾ ਚਾਹੀਦਾ ਸੀ। ਵਿਚਾਰੀ ਪ੍ਰਿਤਮਾ ਦੇ ਦਿਲ ਤੇ ਪਤਾ ਨਹੀਂ ਕੀ ਕੀ ਗੁਜ਼ਰ ਰਹੀ ਹੋਵੇਗੀ।" ਖ਼ਬਰੇ ਕਿਹੜੀਆਂ ਹਾਲਤਾਂ ਵਿਚ ਉਸ ਨੇ ਰਾਤ ਗੁਜ਼ਾਰੀ ਹੋਵੇਗੀ। ਉਸ ਦਾ ਦਿਲ ਕੀਤਾ ਕਿ ਪੁਟੇ ਉਠ ਕੇ ਚਲਾ ਜਾਵੇ, ਪਰ ਜਿਸ ਕੰਮ ਦੀ ਜ਼ਿੰਮੇਵਾਰੀ ਉਹ ਲੈ ਚੁਕਾ ਸੀ ਉਸ ਦੇ ਇਹਸਾਸ ਨੇ ਉਸ ਨੂੰ ਮੰਜੀ ਨਾਲ ਬੰਨ੍ਹੀ ਰਖਿਆ।

ਦਿਨ ਚੜ੍ਹਿਆ। ਕਾਹਲੇ ਕੁਝ ਲੰਮੀ ਪਾਣੀ ਪੀ ਕੇ ਉਸ ਨੇ ਪਹਿਲਾਂ ਆਪਣੇ ਸਾਥੀ ਕੋਲੋ ਜੇ ਤੇ ਫਿਰ ਉਨ੍ਹਾਂ ਨੂੰ ਕੈਂਪ ਵਿਚ ਇਕੱਠਾ ਕਰ ਕੇ ਵਾਰੋ ਵਾਰੀ ਲੀਡਰਾਂ ਦੇ ਘਰਾਂ ਤੇ ਦਫ਼ਤਰਾਂ ਦੇ ਚੱਕਰ ਲਾਣੇ ਸ਼ੁਰੂ ਕੀਤੇ ਪਰ ਏਸ ਕੰਮ ਵਿਚ ਵੀ ਉਸ ਦੇ ਹਥ ਪਲੇ ਕੁਝ ਨਾ ਪਿਆ। ਪਹਿਲਾਂ ਤਾਂ ਇਨ੍ਹਾਂ ਲੀਡਰਾਂ ਤੀਕ ਰਸਾਈ ਹੀ ਅਜ ਕਲ ਬੜੀ ਮੁਸ਼ਕਲ ਸੀ, ਜਦ ਕਿ ਸੰਗਤ

ਦੀ ਕਿਸ਼ਤੀ ਦੇ ਇਹ ਮੁਹਾਣੇ ਆਪਣੇ ਵਕਤ ਦਾ ਇਕ ਇਕ ਮਿੰਟ ਫ਼ਿਰਕੂ ਅੱਗ ਭੜਕਾਉਣ
ਵਿਚ ਖਰਚ ਕਰ ਰਹੇ ਸਨ ਤੇ ਜੇ ਧਕੇ ਧੁਕੇ ਖਾ ਕੇ ਕਿਸੇ ਦੀ ਇਨ੍ਹਾਂ ਲੋਕਾਂ ਤੀਕ ਪਹੁੰਚ ਹੋਈ
ਵੀ ਤਾਂ ਉਥੋਂ ਛੁਟ ਧੋਤੇ ਮੂੰਹ ਚਪੇੜ ਖਾਣ ਤੋਂ ਹੋਰ ਇਨ੍ਹਾਂ ਨੂੰ ਕੁਝ ਨਾ ਲਭਾ।
ਸ਼ਾਮ ਹੋ ਚਲੀ ਸੀ। ਸੂਰਜ ਆਪਣੇ ਲਹੂ ਭਰੇ ਜਬ੍ਹਾੜਿਆਂ ਨੂੰ ਚਟਦਾ ਹੋਇਆ ਪੱਛਮ ਵਲ
ਜਾ ਰਿਹਾ ਸੀ ਤੇ ਸੰਧਿਆ ਦੀ ਸੁਆਹ ਰੰਗੀ ਕਾਲਕ ਉਸ ਦੇ ਚਿਹਰੇ ਉਤੇ ਫੈਲਦੀ ਹੋਈ ਲਹੂ
ਦੇ ਦਾਗਾਂ ਨੂੰ ਲੁਕਾਉਣ ਦਾ ਯਤਨ ਕਰ ਰਹੀ ਸੀ। ਆਕਾਸ਼ ਵਿਚ ਚੀਲ੍ਹਾਂ ਤੇ ਗਿਧਾਂ ਦੀਆਂ
ਮਨਹੂਸ ਡਾਰਾਂ ਉਡ ਰਹੀਆਂ ਸਨ, ਸ਼ਾਇਦ ਧਰਤੀ ਉਤੇ ਲਗ ਰਹੇ ਲੋਕਾਂ ਦੇ ਢੇਰਾਂ ਵਿਚੋਂ ਉਨ੍ਹਾਂ
ਨੂੰ ਆਪਣੀ ਖੁਰਾਕ ਦੀ ਮੁਸ਼ਕ ਆ ਗਈ ਸੀ।
ਸਤਨਾਮ ਤੇ ਉਸ ਦੇ ਸਾਥੀ ਇਸ ਵੇਲੇ ਜੀਪ ਵਿਚ ਬੈਠੇ ਘੰਟਾ ਘਰ ਵਲ ਜਾ ਰਹੇ ਸਨ।
ਜਿਉਂ ਜਿਉਂ ਉਹਨਾਂ ਦੀ ਜੀਪ ਅਗੇ ਟੁਰੀ ਗਈ, ਲੁਟ ਦਾ ਮਾਲ ਢੋਣ ਵਾਲਿਆਂ ਦੀ ਭੀੜ
ਵਧੀਕ ਤੋਂ ਵਧੀਕ ਹੁੰਦੀ ਚਲੀ ਗਈ। ਇਉਂ ਜਾਪਦਾ ਸੀ, ਜਿਕਣ ਸਿਰਾਂ ਦੀ ਇਕ ਵਿਸ਼ਾਲ
ਤਹਿ ਉਤੇ ਇਹ ਮਾਲ ਤਰਦਾ ਜਾ ਰਿਹਾ ਹੋਵੇ।
ਬਿਜਲੀ ਵਾਲਾ ਚੌਂਕ ਆ ਗਿਆ। ਇਥੇ ਭੀੜ ਇਤਨੀ ਜ਼ਿਆਦਾ ਸੀ ਕਿ ਮਜਬੂਰ ਹੋ
ਕੇ ਉਨ੍ਹਾਂ ਨੂੰ ਜੀਪ ਰੋਕਣੀ ਪਈ। ਹੋਰ ਵੀ ਕਈ ਮੋਟਰਾਂ ਟਾਂਗੇ ਰੁਕੇ ਹੋਏ ਸਨ। ਹਜੂਮ ਦੀ ਇਥੇ
ਇਹ ਹਾਲਤ ਸੀ ਕਿ ਮੋਢੇ ਨਾਲ ਮੋਢਾ ਖਹਿੰਦਾ ਸੀ।
"ਇਥੇ ਹੈ ਕੀ ?" ਇਹੋ ਸੋਚ ਕੇ ਸਤਨਾਮ ਤੇ ਉਸ ਦੇ ਚਾਰੇ ਪੰਜੇ ਸਾਥੀ ਜੀਪ 'ਚੋਂ ਉਤਰੇ
ਤੇ ਭੀੜ ਨੂੰ ਧੁਸਦੇ ਹੋਏ ਉਸ ਦੇ ਵਿਚਕਾਰ ਜਾ ਪਹੁੰਚੇ। ਇਥੇ ਉਨ੍ਹਾਂ ਨੇ ਜੋ ਕੁਝ ਡਿਠਾ, ਸ਼ਰਮ
ਤੇ ਗ਼ੈਰਤ ਨਾਲ ਉਹਨਾਂ ਦੀਆਂ ਅੱਖਾਂ ਹਿਕ ਵਿਚ ਗਡੀਆਂ ਗਈਆਂ। ਅਠਾਰ੍ਹਾਂ ਵੀਹਾਂ ਵਰ੍ਹਿਆਂ
ਦੀ ਇਕ ਮੁਸਲਮਾਨ ਲੜਕੀ, ਜਿਸ ਨੂੰ ਅਲਫ਼ ਨੰਗੀ ਕਰ ਕੇ ਕਿਤੋਂ ਲਿਆਂਦਾ ਗਿਆ ਸੀ
ਤੇ ਹੁਣ ਇਸ ਨੂੰ ਜਲੂਸ ਦੀ ਸ਼ਕਲ ਵਿਚ ਗੁਰਦੁਆਰਾ ਕਮੇਟੀ ਦੇ ਦਫਤਰ ਵਲ ਲੈ ਜਾਇਆ
ਜਾ ਰਿਹਾ ਸੀ।
ਹੋਰ ਧਿਆਨ ਨਾਲ ਵੇਖਣ ਤੋਂ ਸਤਨਾਮ ਨੂੰ ਪਤਾ ਲਗਾ ਕਿ ਲੜਕੀ ਇਕ ਨਹੀਂ ਸਗੋਂ
ਦੋ ਸਨ। ਵਡੀ ਦੇ ਦੁਆਲੇ ਕੋਈ ਕਪੜਾ ਨਹੀਂ ਸੀ, ਪਰ ਛੋਟੀ, ਜਿਸ ਦੀ ਉਮਰ ਦਸਾਂ ਯਾਰ੍ਹਾਂ
ਸਾਲਾਂ ਦੀ ਹੋਵੇਗੀ ਉਸ ਦੇ ਕਪੜੇ ਪਹਿਨੇ ਹੋਏ ਸਨ। ਸ਼ਕਲ ਸੂਰਤ ਤੋਂ ਦੋਵੇਂ ਭੈਣਾਂ ਮਾਲੂਮ
ਹੁੰਦੀਆਂ ਸਨ।
ਇਸ ਵੇਲੇ ਇਹ ਦੋਵੇਂ ਬਦਨਸੀਬ ਬਚੀਆਂ ਕਿਹੜੀ ਹਲਾਤ ਵਿਚ ਸਨ ? ਇਨ੍ਹਾਂ ਦੇ ਦਿਲਾਂ
ਵਿਚ, ਇਨ੍ਹਾਂ ਦੀਆਂ ਅੱਖਾਂ ਵਿਚ, ਇਨ੍ਹਾਂ ਦੀਆਂ ਜ਼ਬਾਨਾਂ ਵਿਚ ਕੀ ਕੁਝ ਸੀ ? ਸਤਨਾਮ ਨੂੰ ਇਹ
ਸਭ ਜਾਣਨ ਜਾਂ ਵੇਖਣ ਦੀ ਹੋਸ਼ ਨਹੀਂ ਸੀ। ਇਸ ਵੇਲੇ ਉਸ ਦੇ ਅੰਦਰ ਜੇ ਕੋਈ ਤਮੰਨਾ ਵਿਲਕ
ਰਹੀ ਸੀ ਤਾਂ ਇਹੋ ਕਿ ਦੋਬਾਰਾ ਉਸ ਨੰਗੀ ਕੁੜੀ ਵਲ ਤੱਕਣ ਤੋਂ ਪਹਿਲਾਂ ਹੀ ਕੋਈ ਉਸ
ਦੀ ਛਾਤੀ ਵਿਚ ਗੋਲੀ ਮਾਰ ਦੇਵੇ।
ਉਸ ਨੇ ਤੇ ਉਸ ਦੇ ਸਾਥੀਆਂ ਨੇ ਬਥੇਰਾ ਗਲਾ ਫਾੜਿਆ, ਅਨੇਕਾਂ ਵਾਸਤੇ ਪਾਏ, ਸਿਖ
ਤੇ ਹਿੰਦੂ ਗੁਰੂਆਂ ਅਵਤਾਰਾਂ ਦੀਆਂ ਰਵਾਇਤਾ ਸੁਣਾ ਸੁਣਾ ਕੇ ਲੋਕਾਂ ਨੂੰ ਇਸ ਸ਼ਰਮਨਾਕ
ਪਸ਼ੂ-ਪੁਣੇ ਤੋਂ ਬਾਜ਼ ਰੱਖਣ ਦੀਆਂ ਅਪੀਲਾਂ ਕੀਤੀਆਂ, ਪਰ ਕੌਣ ਸੀ ਇਥੇ ਸੁਣਨ ਵਾਲਾ। ਅਖ਼ੀਰ
ਨਿਰਾਸ ਹੋ ਕੇ ਸਤਨਾਮ ਆਪਣੇ ਸਾਥੀਆਂ ਸਮੇਤ ਭੀੜ 'ਚੋਂ ਬਾਹਰ ਨਿਕਲ ਆਇਆ ਸੀ ਤੇ
ਜੀਪ ਤੇ ਸਵਾਰ ਹੋ ਕੇ ਇਹ ਗੁਰਦੁਆਰਾ ਕਮੇਟੀ ਦੇ ਦਫਤਰ ਵਲ ਉਠ ਭਜੇ।
ਉਸ ਤੋਂ ਅੱਧਾ ਘੰਟਾ ਬਾਅਦ ਜਦ ਦਰਿੰਦਿਆਂ ਦਾ ਉਹ ਜਲੂਸ ਗੁਰੂ ਰਾਮਦਾਸ ਦੀ ਸਰਾਂ
ਕੋਲ ਆ ਪਹੁੰਚਿਆਂ ਤਾਂ ਸਰਾਂ ਦੇ ਬੂਹੇ ਅਗੇ ਨਲਕੇ ਦੀ ਥੜੀ ਉਤੇ ਦੋ ਆਦਮੀ ਖੜੋਤੇ ਗਲਾ

ਫਾੜ ਫਾੜ ਕੇ ਹਜੂਮ ਨੂੰ ਸੰਬੋਧਨ ਕਰ ਰਹੇ ਸਨ — ਇਕ ਸੀ ਗੁਰਦੁਆਰਾ ਕਮੇਟੀ ਦਾ ਸਕੱਤਰ
ਤੇ ਦੂਸਰਾ ਸਤਨਾਮ।
ਹਜੂਮ ਨੂੰ ਰੁਕ ਜਾਣ ਦਾ ਬਾਹਾਂ ਨਾਲ ਇਸ਼ਾਰਾ ਕਰਦਾ ਹੋਇਆ ਸਕੱਤਰ ਦਬਦਬੇ ਤੇ
ਜੋਸ਼ ਭਰੀ ਆਵਾਜ਼ ਵਿਚ ਕਹਿ ਰਿਹਾ ਸੀ — "ਠਹਿਰ ਜਾਓ ! ਰੁਕ ਜਾਓ ਇਥੇ ਹੀ।"
ਹਜੂਮ ਰੁਕ ਗਿਆ। ਸਕੱਤਰ ਬਰਾਬਰ ਬਿਜਲੀ ਵਾਂਗ ਕੜਕ ਰਿਹਾ ਸੀ — "ਖਾਲਸਾ
ਜੀ ! ਮੈਂ ਪੁਛਦਾ ਹਾਂ, ਇਹ ਸ਼ਰਮਨਾਕ ਕਰਤੂਤ ਤੁਸਾਂ ਕਿਸ ਦੀ ਆਗਿਆ ਨਾਲ ਕੀਤੀ
ਹੈ ? ਤੁਹਾਨੂੰ ਗ਼ੈਰਤ ਨਾਲ ਡੁਬ ਕੇ ਮਰ ਜਾਣਾ ਚਾਹੀਦਾ ਹੈ ਸਾਰਿਆਂ ਨੂੰ। ਆਹ ! ਅਜ ਤੁਸੀ
ਕਿਤਨੇ ਗਿਰ ਗਏ ਹੋ। ਮੈਂ ਪੁਛਦਾ ਹਾਂ ਇਨ੍ਹਾਂ ਮਾਸੂਮ ਕੁੜੀਆਂ ਨੇ ਤੁਹਾਡਾ ਕੀ ਵਿਗਾੜਿਆ
ਹੈ ਕਿ ਤੁਸੀਂ ਇਨ੍ਹਾਂ ਦੀ ਬੇਹੁਰਮਤੀ... ..."
ਹਜੂਮ ਵਿਚੋਂ ਕਈ ਆਵਾਜ਼ਾਂ ਆਈਆਂ — "ਇਨ੍ਹਾਂ ਨੇ ਆਪਣੇ ਘਰ ਵਿਚ ਬੈਠ ਕੇ ਸਾਡੇ
ਆਦਮੀਆਂ ਉਤੇ ਗੋਲੀਆਂ ਚਲਾਈਆਂ ਸਨ।"
"ਇਸ ਗਲ ਦਾ ਜਵਾਬ ਮੈਂ ਫੇਰ ਦਿਆਂਗਾ" ਸਕੱਤਰ ਨੇ ਲਲਕਾਰਿਆ— "ਪਹਿਲਾਂ ਇਨ੍ਹਾਂ
ਨੂੰ ਛਡ ਕੇ ਪਿਛਾਂਹ ਹਟ ਜਾਓ।"
ਦਿਲੋਂ ਨਾ ਚਾਹੁੰਦੇ ਹੋਏ ਵੀ ਲੋਕੀ ਥੋੜੇ ਥੋੜੇ ਪਿਛਾਂਹ ਹਟ ਗਏ। ਸਕੱਤਰ ਦਾ ਰੋਹਬ
ਹੀ ਕੁਝ ਇਸੇ ਤਰ੍ਹਾਂ ਦਾ ਸੀ। ਪਿੜ ਜ਼ਰਾ ਮੋਕਲਾ ਹੋਇਆ ਵੇਖ ਕੇ ਸਤਨਾਮ ਝਟ ਪਟ ਥੜੀ
ਤੋਂ ਉਤਰ ਕੇ ਅਗਾਂਹ ਵਧਿਆ ਤੇ ਸਿਰ ਤੋਂ ਪਗ ਸਲਾਹ ਕੇ ਉਸ ਨੇ ਬਿਜਲੀ ਦੀ ਤੇਜ਼ੀ ਨਾਲ
ਉਸ ਨੂੰ ਹੱਥਾਂ ਵਿਚ ਚੁਣ ਕੇ ਉਸ ਦੇ ਵਟ ਕਢੇ, ਤੇ ਫਿਰ ਇਸ ਨੂੰ ਚੌੜੀ ਕਰ ਕੇ ਉਸ ਨੰਗੀ
ਕੁੜੀ ਦੇ ਲਕ ਤੇ ਛਾਤੀ ਦੁਆਲੇ ਲਪੇਟ ਦਿਤਾ।
ਸਕੱਤਰ ਦੀ ਆਵਾਜ਼ ਆਈ — "ਇਨ੍ਹਾਂ ਦੁਹਾਂ ਬੀਬੀਆਂ ਨੂੰ ਮਹਿਮਾਨ ਘਰ ਵਿਚ ਲੈ ਜਾਓ
ਸਤਨਾਮ ਸਿੰਘ ਜੀ, ਤੇ ਪਾਣੀ ਧਾਣੀ ਪੁਛੋ ਇਨ੍ਹਾਂ ਨੂੰ" ਫਿਰ ਉਸ ਨੇ ਦੁਹਾਂ ਕੁੜੀਆਂ ਵਲ ਤਕ
ਕੇ ਕਿਹਾ — "ਬੱਚੀਓ ! ਤੁਸੀਂ ਦੋਵੇਂ ਇਸ ਵੇਲੇ ਗੁਰੂ ਰਾਮਦਾਸ ਦੀ ਹਿਫ਼ਾਜ਼ਤ ਵਿਚ ਹੋ ਕੋਈ
ਤੁਹਾਡੀ ਵਾਂ ਵਲ ਨਹੀਂ ਤੱਕ ਸਕਦਾ।"
ਕੁੜੀਆਂ ਨੂੰ ਨਾਲ ਲੈ ਕੇ ਸਤਨਾਮ ਭੀੜ 'ਚੋਂ ਬਾਹਰ ਨਿਕਲਿਆ ਤੇ ਮਹਿਮਾਨ ਘਰ ਵਲ
ਚਲਾ ਗਿਆ। ਇਧਰ ਸਕੱਤਰ ਇਕ ਵਾਰੀ ਫੇਰ ਇਹ ਕਹਿੰਦਾ ਹੋਇਆ ਭੀੜ ਉਤੇ
ਵਰ੍ਹਿਆ — "ਯਾਦ ਰਖੋ, ਇਹ ਗੁਰੂ ਰਾਮਦਾਸ ਜੀ ਦਾ ਦਰ ਹੈ, ਮੱਸੇ ਰੰਘੜ ਦਾ ਨਹੀਂ। ਤੁਸਾਂ
ਕਿਹਾ ਹੈ ਕਿ ਇਨ੍ਹਾਂ ਕੁੜੀਆਂ ਨੇ ਤੁਹਾਡੇ ਆਦਮੀਆਂ ਉਤੇ ਗੋਲੀ ਚਲਾਈ ਹੈ। ਮੈਂ ਮੰਨਦਾ ਹਾਂ
ਕਿ ਕਿਸੇ ਬੇ-ਕਸੂਰ ਉਤੇ ਗੋਲੀ ਚਲਾਣਾ ਜੁਰਮ ਹੈ, ਪਰ ਕੀ ਤੁਸੀ ਦਸ ਸਕਦੇ ਹੋ ਕਿ ਇਨ੍ਹਾਂ
ਨੇ ਕਿਉਂ ਗੋਲੀ ਚਲਾਈ ਸੀ ਤੁਹਾਡੇ ਉਤੇ ?"
ਜਵਾਬ ਵਿਚ ਕੋਈ ਜ਼ਬਾਨ ਨਹੀਂ ਖੁਲ੍ਹੀ। ਸਕੱਤਰ ਦਾ ਗੁੱਸਾ ਐਤਕੀਂ ਕਹਿਰ ਢਾਹ ਰਿਹਾ
ਸੀ। ਉਹ ਬੋਲਿਆ — "ਤਾਂ ਇਸ ਦਾ ਮਤਲਬ ਇਹ ਹੋਇਆ ਕਿ ਲੁੱਟਣ ਮਾਰਨ ਜਾਂ ਉਨ੍ਹਾਂ
ਦੀ ਬੇਇੱਜ਼ਤੀ ਕਰਨ ਦੇ ਇਰਾਦੇ ਨਾਲ ਤੁਸਾਂ ਲੋਕਾਂ ਨੇ ਉਨ੍ਹਾਂ ਦੇ ਘਰ ਤੇ ਹਮਲਾ ਕੀਤਾ ਤੇ
ਆਪਣੀ ਇੱਜ਼ਤ ਤੇ ਜਾਨਾਂ ਬਚਾਉਣ ਲਈ ਉਨ੍ਹਾਂ ਤੁਹਾਡੇ ਉਤੇ ਗੋਲੀ ਚਲਾਈ। ਮੈਂ ਪੁਛਦਾ
ਹਾਂ, ਜੇ ਤੁਹਡੀਆਂ ਧੀਆਂ ਜਾਂ ਭੈਣਾਂ ਉਤੇ ਕੋਈ ਇਹੋ ਜਿਹਾ ਵਕਤ ਆ ਬਣਦਾ ਤਾਂ ਉਹ ਕੀ
ਕਰਦੀਆਂ ?"
ਹਜੂਮ ਖ਼ਾਮੋਸ਼ ਸੀ।
"ਚਲੋ ਇਸ ਗਲ ਨੂੰ ਵੀ ਨਜ਼ਰ ਅੰਦਾਜ਼ ਕਰ ਦਿਓ" ਸਕੱਤਰ ਬੋਲਦਾ ਗਿਆ — "ਮੰਨ
ਲਓ ਕਿ ਇਨ੍ਹਾਂ ਨੇ ਕਸੂਰ ਕੀਤਾ ਸੀ। ਤਾਂ ਕੀ ਉਸ ਕਸੂਰ ਦੀ ਸਜ਼ਾ ਇਹੋ ਹੋਣੀ ਚਾਹੀਦੀ

ਸੀ ਜਿਹੜੀ ਤੁਸਾਂ ਇਨ੍ਹਾਂ ਨੂੰ ਦਿਤੀ ਹੈ ? ਮੈਨੂੰ ਤੁਹਾਡੇ ਉੱਤੇ ਘਟ ਅਫਸੋਸ ਹੁੰਦਾ ਜੇ ਤੁਸੀਂ ਇਨ੍ਹਾਂ ਨੂੰ ਕਤਲ ਕਰ ਕੇ ਸਿਰਫ ਆਪਣੀ ਬੁਜ਼ਦਿਲੀ ਦਾ ਹੀ ਸਬੂਤ ਦੇਂਦੇ। ਪਰ ਉਨ੍ਹਾਂ ਨੰਗਿਆਂ ਕਰ ਕੇ ਜਲੂਸ ਦੀ ਸ਼ਕਲ ਵਿਚ ਬਾਜ਼ਾਰਾਂ ਵਿਚ ਫਿਰਾਣਾ, ਤੇ ਫਿਰ ਉਨ੍ਹਾਂ ਨੂੰ ਇਸੇ ਹਾਲਤ ਵਿਚ ਦਰਬਾਰ ਸਾਹਿਬ ਦੀ ਹਦੂਦ ਵਿਚ ਲੈ ਆਉਣਾ। ਮੈਂ ਪੁੱਛਦਾ ਹਾਂ ਇਹ ਜ਼ੁਲਮ ਕਰਨ ਵੇਲੇ ਤੁਹਾਨੂੰ ਇਸ ਗਲ ਦਾ ਜ਼ਰਾ ਵੀ ਇਹਸਾਸ ਨਾ ਹੋਇਆ ਕਿ ਇਹ ਕਿਸ ਦਾ ਦਰਬਾਰ ਹੈ ? ਕੀ ਇਹ ਉਸੇ ਪਾਤਸ਼ਾਹ ਦੀ ਦਰਗਾਹ ਨਹੀਂ ਜਿਸ ਨੂੰ ਤੁਸੀਂ ਹਰ ਰੋਜ਼ 'ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ ਤੇ ਨਿਆਸਰਿਆਂ ਦਾ ਆਸਰਾ' ਕਹਿ ਕੇ ਮਥਾ ਟੇਕਦੇ ਹੋ ?"

ਹਜੂਮ ਵਿਚੋਂ ਇਕ ਜੋਸ਼ੀਲੀ ਆਵਾਜ਼ ਆਈ — "ਮੁਸਲਮਾਨਾਂ ਨੇ ਕੇਹੜੀ ਸਾਡੇ ਨਾਲ ਘਟ ਕੀਤੀ ਏ। ਉਹ ਵੀ ਤਾਂ ਸਾਡੀਆਂ ਹਜ਼ਾਰਾਂ ਭੈਣਾਂ ਨਾਲ ਇਹੋ ਵਰਤਾਉ ਕਰ ਚੁਕੇ ਨੇ। ਅਸਾਂ ਨੇ ਇਕ ਨਾਲ ਓਹੀ ਵਰਤਾਓ ਕਰ ਲਿਆ ਤਾਂ ਕਿਧਰ ਦਾ ਹਨੇਰ ਆ ਗਿਆ।"

ਸਕੱਤਰ ਦੀ ਆਵਾਜ਼ ਹੋਰ ਤੇਜ਼ ਹੋ ਕੇ ਕੜਕੀ — "ਖਾਲਸਾ ਜੀ ! ਇਹ ਗਲਤ ਹੈ ਕਿ ਤੁਹਾਡਾ ਦੁਸ਼ਮਨ ਜੇ ਕੋਈ ਇਨਸਾਨੀਅਤ ਤੋਂ ਗਿਰਿਆ ਹੋਇਆ ਕੰਮ ਕਰੇ ਤਾਂ ਤੁਸੀਂ ਵੀ ਉਸੇ ਦੀ ਰੀਸ ਕਰੋ। ਬੁਰਿਆਈ ਹਰ ਹਾਲਤ ਵਿਚ ਬੁਰਿਆਈ ਹੈ, ਭਾਵੇਂ ਉਸ ਨੂੰ ਕੋਈ ਸੱਜਣ ਕਰੇ ਭਾਵੇਂ ਦੁਸ਼ਮਨ। ਧੀਆਂ ਭੈਣਾਂ ਤੇ ਬੱਚੇ, ਇਹ ਸਭ ਦੀ ਸਾਂਝੀ ਚੀਜ਼ ਹੈ ਸੱਜਣੋ। ਜੇ ਮੈਂ ਇਕ ਵਾਰੀ ਨਹੀਂ ਹਜ਼ਾਰ ਵਾਰੀ ਕਹਾਂਗਾ ਕਿ ਇਹ ਤੁਸਾਂ ਕਾਇਰਪੁਣਾ ਕੀਤਾ ਹੈ, ਤੁਸਾਂ ਬੁਜ਼ਦਿਲੀ ਵਿਖਾਈ ਹੈ, ਤੁਸੀਂ ਇਹ ਕੰਮ ਕਰਕੇ ਸਤਿਗੁਰੂ ਰਾਮਦਾਸ ਜੀ ਦੇ ਸਰਾਪ ਦੇ ਭਾਗੀ ਬਣੇ ਹੋ। ਤੁਸੀਂ ਅਜ ਓਹ ਪਾਪ ਕੀਤਾ ਹੈ ਜਿਹੜਾ ਕਦੀ ਵੀ ਬਖ਼ਸ਼ਿਆ ਨਹੀਂ ਜਾ ਸਕਦਾ।"

ਇਤਨਾ ਹੀ ਕਹਿ ਕੇ ਸਕੱਤਰ ਹੇਠਾਂ ਉਤਰ ਆਇਆ, ਤੇ ਓਧਰ ਭੀੜ ਵੀ ਕਿਰਨ ਮਕਿਰਨੀ ਹੋਣੀ ਸ਼ੁਰੂ ਹੋ ਗਈ।

— — —

ਉਸ ਤੋਂ ਦੂਸਰੇ ਦਿਨ ਸਤਨਾਮ ਦੀ ਜੀਪ ਬੜੀ ਤੇਜ਼ੀ ਨਾਲ ਗ੍ਰੈਂਡ ਟਰੰਕ ਰੋਡ ਉਤੇ ਘੂਕਦੀ ਹੋਈ ਲਾਹੌਰ ਵਲ ਜਾ ਰਹੀ ਸੀ, ਜਿਸ ਵਿਚ ਸਤਨਾਮ ਸੀ, ਉਹ ਦੋਵੇਂ ਕੁੜੀਆਂ ਸਨ, ਤੇ ਨਾਲ ਮਿਲਟਰੀ ਦੇ ਦੋ ਤਿੰਨ ਹਥਿਆਰਬੰਦ ਕਰਮਚਾਰੀ। ਲੜਕੀਆਂ ਦੀਆਂ ਅੱਖਾਂ ਵਿਚ ਸ਼ੁਕਰ ਗੁਜ਼ਾਰੀ ਦੇ ਅਥਰੂ ਡਲ੍ਹਕ ਰਹੇ ਸਨ।

— — — —

41

ਦੂਹਾਂ ਕੁੜੀਆਂ ਨੂੰ ਸਹੀ ਸਲਾਮਤ ਲਾਹੌਰ — ਉਨ੍ਹਾਂ ਦੇ ਹਮ ਮਜ਼ਹਬਾਂ ਪਾਸ ਪਹੁੰਚਾ ਕੇ ਜਦ ਸਤਨਾਮ ਮੁੜਿਆ ਤਾਂ ਲਉਢਾ ਵੇਲਾ ਹੋ ਚੁਕਾ ਸੀ। ਸਾਰੇ ਰਾਹ ਉਹ ਕ੍ਰਿਸ਼ਨਾ ਦੀ ਚਿੰਤਾ ਵਿਚ ਗੋਤੇ ਖਾਂਦਾ ਆਇਆ ਸੀ। ਪਰਸੋਂ ਤੋਂ — ਜਿਸ ਵੇਲੇ ਤੋਂ ਸ਼ਹਿਰ ਉਤੇ ਇਹ ਸ਼ੈਤਾਨੀ ਕਹਿਰ ਨਵੇਂ ਸਿਰੇ ਨਾਜ਼ਲ ਹੋਣਾ ਸ਼ੁਰੂ ਹੋਇਆ, ਉਹ ਕ੍ਰਿਸ਼ਨਾ ਨੂੰ ਨਹੀਂ ਸੀ ਵੇਖ ਸਕਿਆ, ਜਦ ਕਿ ਉਹ ਜਾਣਦਾ ਸੀ ਕਿ ਇਸ ਕਹਿਰੀ ਹੋਣੀ ਦਾ ਉਸ ਵਿਚਾਰੀ ਦੇ ਦਿਲ ਤੇ ਕੀ ਅਸਰ ਹੋ ਰਿਹਾ ਹੋਵੇਗਾ।

ਜਦ ਉਹ ਕੋਠੀ ਵਿਚ ਪੁਜਾ ਤਾਂ ਰੁਕਮਣ ਉਸ ਨੂੰ ਕਮਰੇ ਦੇ ਬੂਹੇ ਵਿਚ ਮਿਲੀ, ਜਿਹੜੀ ਸਤਨਾਮ ਨੂੰ ਵੇਖਦਿਆਂ ਹੀ ਇਸ ਤਰ੍ਹਾਂ ਫਿਸ ਪਈ, ਜਿਵੇਂ ਉਸ ਦੀਆਂ ਅਖਾਂ ਦੇ ਅਥਰੂ ਸਤਨਾਮ ਦੀ ਹੀ ਉਡੀਕ ਵਿਚ ਰੁਕੇ ਹੋਏ ਸਨ। ਉਹ ਡਡਿਆ ਕੇ ਬੋਲੀ — "ਭਰਾ ਜੀ ! ਉਸ ਨੂੰ ਰੋਕੋ ਕਿਸੇ ਤਰ੍ਹਾਂ !"

"ਕਿਸ ਨੂੰ ਭਰਜਾਈ ?" ਸਤਨਾਮ ਨੇ ਘਬਰਾ ਕੇ ਪੁਛਿਆ।

"ਕ੍ਰਿਸ਼ਨਾ ਜਾ ਰਹੀ ਜੇ ਭਰਾ ਜੀ — ਭਗਵਾਨ ਦਾ ਵਾਸਤਾ ਜੇ ਉਸ ਨੂੰ ਰੋਕੋ।"

ਸਤਨਾਮ ਮੂੰਹ ਤੱਕਦਾ ਰਹਿ ਗਿਆ। ਇਸ ਬੁਝਾਰਤ ਜਿਹੀ ਦਾ ਕੁਝ ਵੀ ਮਤਲਬ ਉਸ ਦੇ ਪਿੜ ਪੱਲੇ ਨਾ ਪਿਆ। ਉਸ ਨੇ ਰੁਕਮਣ ਦੇ ਹੋਰ ਨੇੜੇ ਹੋ ਕੇ ਪੁਛਿਆ — "ਕਿਥੇ ਜਾ ਰਹੀ ਏ ਕ੍ਰਿਸ਼ਨਾ ? ਉਹ ਹੈ ਕਿਥੇ ਇਸ ਵੇਲੇ ?"

"ਕਪੜਾ ਲਤਾ ਸਾਂਭ ਰਹੀ ਏ ਨਾਲ ਦੇ ਕਮਰੇ ਵਿਚ" ਰੁਕਮਣ ਦੇ ਅੱਥਰੂ ਬਰਾਬਰ ਜਾਰੀ ਸਨ।

ਸਤਨਾਮ ਨੇ ਹੋਰ ਕੁਝ ਨਹੀਂ ਪੁਛਿਆ, ਤੇ ਦੂਸਰੇ ਕਮਰੇ ਵਿਚ ਪਹੁੰਚ ਕੇ ਹੀ ਉਸ ਨੇ ਡੂੰਘਾ ਸਾਹ ਲਿਆ।

ਉਸ ਵੇਖਿਆ, ਓਹੀ ਛੋਟੀ ਟਰੰਕੀ ਕ੍ਰਿਸ਼ਨਾ ਦੇ ਸਾਹਮਣੇ ਖੁਲ੍ਹੀ ਪਈ ਸੀ, ਜਿਹੜੀ ਉਸ ਦਿਨ ਸਤਨਾਮ ਨੇ ਯੂਸਫ ਦੇ ਮਕਾਨ ਤੋਂ ਬਾਕੇ ਵਾਲੇ ਵਡੇ ਟਰੰਕ ਦੇ ਨਾਲ ਲਿਆਂਦੀ ਸੀ, ਤੇ ਕ੍ਰਿਸ਼ਨਾ ਏਧਰੋਂ ਓਧਰੋਂ ਆਪਣਾ ਕਪੜਾ ਲੱਤਾ ਕੱਠਾ ਕਰ ਕੇ ਉਸ ਵਿਚ ਭਰ ਰਹੀ ਸੀ।

ਜਿਉਂ ਹੀ ਸਤਨਾਮ ਉਤੇ ਉਸ ਦੀ ਨਜ਼ਰ ਪਈ ਕਿ ਹਥਲੇ ਕੰਮ ਨੂੰ ਵਿਚੇ ਛਡ ਕੇ ਉਹ ਇਹ ਕਹਿੰਦੀ ਹੋਈ ਉਸ ਦੇ ਗਲ ਨਾਲ ਆ ਲਗੀ — "ਤੁਸੀਂ ਆ ਗਏ ਭਰਾ ਜੀ ? ਸ਼ੁਕਰ।"

ਪਰ ਜਵਾਬ ਵਿਚ ਸਤਨਾਮ ਨਾ ਬੋਲਿਆ, ਨਾ ਹਿਲਿਆ, ਤੇ ਨਾ ਹੀ ਉਸ ਦੀਆਂ ਅੱਖਾਂ ਵਿਚ ਕੋਈ ਹਰਕਤ ਪੈਦਾ ਹੋਈ। ਮਾਨੋ ਕ੍ਰਿਸ਼ਨਾ ਇਸ ਵੇਲੇ ਪੱਥਰ ਦੇ ਕਿਸੇ ਬੁੱਤ ਨੂੰ ਜੱਫੀ ਵਿਚ ਘੁਟ ਰਹੀ ਸੀ।

"ਭਰਾ ਜੀ, ਭਰਾ ਜੀ ! ਮੈਂ ਕਹਿਨੀ ਆਂ, ਕੀ ਹੋ ਗਿਐ ਤੁਹਾਨੂੰ ਭਰਾ ਜੀ — ਬੋਲੋ ਨਾ।"

ਔੜਕੀਂ ਸਤਨਾਮ ਦੇ ਹੋਠ ਖੁਲ੍ਹੇ— "ਕਿਥੇ ਜਾ ਰਹੀ ਏਂ ਕ੍ਰਿਸ਼ਨਾ ?"

ਬਜਾਇ ਜਵਾਬ ਦੇਣ ਦੇ ਕ੍ਰਿਸ਼ਨ ਨੇ ਪਰਲੇ ਆਲੇ ਵਿਚੋਂ ਕੁਝ ਤਹਿ ਕੀਤੇ ਹੋਏ ਕਾਗਜ਼ ਲਿਆ ਕੇ ਉਸ ਨੂੰ ਫੜਾ ਦਿਤੇ ਤੇ ਕਹਿਣ ਲਗੀ — "ਪਹਿਲਾ ਇਹ ਪੜ੍ਹ ਲਓ। ਬਾਕੀ ਗਲਾਂ ਫੇਰ ਕਰਾਂਗੇ। ਜਾਓ ਦੂਜੇ ਕਮਰੇ ਵਿਚ ਬੈਠ ਕੇ ਪੜ੍ਹੋ, ਤੇ ਮੈਂ ਉਥੇ ਹੀ ਆਈ ਜੇ" ਤੇ ਕਹਿੰਦਿਆਂ ਕਹਿੰਦਿਆਂ ਜ਼ੋਰੋ ਜ਼ੋਰੀ ਉਸ ਨੇ ਸਤਨਾਮ ਨੂੰ ਬੂਹੇ ਚੋਂ ਬਾਹਰ ਧੱਕ ਦਿਤਾ।

ਅੰਦਰ ਜਾ ਕੇ ਸਤਨਾਮ ਇਕ ਕੁਰਸੀ ਤੇ ਬੈਠ ਗਿਆ ਤੇ ਚਿੱਠੀ ਪੜ੍ਹਨੀ ਉਸ ਸ਼ੁਰੂ ਕੀਤੀ:-

"ਮੇਰੇ ਮਿਠੇ ਵੀਰ !

ਆਹ ! ਇਸ ਚਿੱਠੀ ਨੂੰ ਪੜ੍ਹ ਕੇ, ਤੇ ਮੈਨੂੰ ਨਾ ਦੇਖ ਕੇ ਤੁਹਾਡੀ ਕੀ ਹਾਲਤ ਹੋਵੇਗੀ ? ਇਸ ਦਾ ਜਦ ਖ਼ਿਆਲ ਕਰਦੀ ਹਾਂ ਤਾਂ ਦਿਲ ਟੁਕੜੇ ਹੋ ਹੋ ਜਾਂਦਾ ਹੈ ਪਰ ਕੀ ਕਰਾਂ, ਬੇਵਸੀ ਨੇ ਇਹੋ ਕੁਝ ਕਰਨ ਲਈ ਮਜਬੂਰ ਕਰ ਦਿਤਾ ਹੈ।

"ਪਰਸੋਂ ਰਾਤ ਤੁਸੀਂ ਚਲੇ ਗਏ, ਤੇ ਉਸ ਤੋਂ ਬਾਅਦ ਹੁਣ ਤੀਕ ਜੋ ਕੁਝ ਸ਼ਹਿਰ ਵਿਚ ਹੋ ਰਿਹਾ ਹੈ, ਇਸ ਨੇ ਮੇਰੇ ਦਿਲ ਦੀ ਕੀ ਹਾਲਤ ਕੀਤੀ ? ਦਸਣ ਦੀ ਤਾਕਤ ਨਾ ਜ਼ਬਾਨ ਵਿਚ ਹੈ ਨਾ ਕਲਮ ਵਿਚ ਤੇ ਮੈਂ ਬੇਵਸੀ ਦੀ ਤਸਵੀਰ ਬਣੀ ਹੋਈ ਅਜੇ ਤਕ ਜੀਊਂਦੀ ਹਾਂ। ਕਾਸ਼ ! ਕਿਤੋਂ ਕੋਈ ਗੋਲੀ ਜਾਂ ਬੰਬ ਆਕੇ ਮੇਰੀ ਵੀ ਅਲਖ ਮੁਕਾ ਜਾਂਦਾ।

"ਤੇਰ੍ਹਾਂ ਤਾਰੀਖ ਦੀ ਸਾਰੀ ਰਾਤ ਤੇ ਚੌਦਾਂ ਦਾ ਸਾਰਾ ਦਿਨ ਮੈਂ ਇਸੇ ਦਿਮਾਗ਼-ਸੋਜ਼ੀ ਵਿਚ ਗੁਜ਼ਾਰ ਦਿਤੇ ਕਿ ਆਖਰ ਮੈਂ ਕਿਸ ਮਰਜ਼ ਦੀ ਦਵਾ ਹਾਂ, ਜਦ ਕਿ ਮੇਰੀਆਂ ਅੱਖਾਂ ਦੇ ਸਾਹਮਣੇ ਇਹ ਕਿਆਮਤ ਵਰਤ ਰਹੀ ਹੈ ਤੇ ਮੈਂ ਫਿਰ ਵੀ ਬੇਗ਼ੈਰਤਾਂ ਵਾਂਗ ਜੀਊਂਦੀ ਬੈਠੀ ਹਾਂ। ਸੋਚ ਸੋਚਕੇ ਅਖੀਰ ਮੈਨੂੰ ਇਕ ਰਸਤਾ ਲਭ ਹੀ ਪਿਆ, ਜਿਸ ਉਤੇ ਟੁਰਨ ਤੋਂ ਬਿਨਾਂ ਹੁਣ ਮੇਰੇ ਲਈ ਹੋਰ ਕੋਈ ਚਾਰਾ ਬਾਕੀ ਨਹੀਂ ਰਹਿ ਗਿਆ ਜਾਪਦਾ।

'ਇਹ ਕੁਸਤੇ ਖ਼ੂਨ ਦਾ ਸਿਲਸਿਲਾ ਜਿਸ ਤਰੀਕੇ ਨਾਲ ਇਥੇ ਤੀਕ ਪੁਜਾ ਹੈ, ਇਹ ਉਹੀ ਤਰੀਕਾ ਹੈ ਜਿਸ ਦਾ ਮੈਂ ਤੁਹਾਡੇ ਪਾਸ ਕਈ ਵਾਰੀ ਜ਼ਿਕਰ ਕਰ ਚੁਕੀ ਹਾਂ — ਇਹ ਸਭ ਬਦਲੇ ਦੀ ਅੱਗ ਹੈ, ਜਿਹੜੀ ਇਸ ਵੇਲੇ ਲੋਕਾਂ ਦੇ ਦਿਲਾਂ ਵਿਚ ਭੜਕ ਉਠੀ ਹੈ। ਪੱਛਮੀ ਪੰਜਾਬ ਵਿਚ ਮੁਸਲਮਾਨਾਂ ਨੇ ਜਿਹੜੇ ਜ਼ੁਲਮ ਤਸ਼ੱਦਦ ਹਿੰਦੂਆਂ ਸਿਖਾਂ ਉਤੇ ਕੀਤੇ, ਉਹਨਾਂ ਦਾ ਬਦਲਾ ਅਜ ਪੂਰਬੀ ਪੰਜਾਬ ਦੇ ਹਿੰਦੂ ਸਿਖ ਮੁਸਲਮਾਨਾਂ ਪਾਸੋਂ ਲੈ ਰਹੇ ਨੇ। ਪਰ ਕੀ ਇਹ ਸਿਲਸਿਲਾ ਇਥੇ ਹੀ ਖ਼ਤਮ ਹੋ ਜਾਏਗਾ ? ਇਸ ਦੇ ਬਦਲੇ ਦੀ ਸ਼ਕਲ ਵਿਚ ਪੱਛਮੀ ਪੰਜਾਬ ਦੇ ਮੁਸਲਮਾਨ ਜੋ ਕੁਝ ਹਿੰਦੂਆਂ ਸਿਖਾਂ ਨਾਲ ਕਰਨਗੇ, ਉਸ ਦਾ ਖ਼ਿਆਲ ਕਰ ਕੇ ਹੀ ਇਸ ਵੇਲੇ ਰੌਂਗਟੇ ਖੜ੍ਹੇ ਹੋ ਰਹੇ ਹਨ।

'ਸੋ ਮੈਂ ਜੋ ਫ਼ੈਸਲਾ ਆਪਣੇ ਦਿਲ ਨਾਲ ਕੀਤਾ ਹੈ, ਉਹ ਇਹ ਹੈ ਕਿ ਮੈਂ ਪੱਛਮੀ ਪੰਜਾਬ ਵਿਚ ਜਾਵਾਂਗੀ। ਮੈਂ ਪੋਠੋਹਾਰ ਵਿਚ, ਹਜ਼ਾਰੇ ਵਿਚ ਤੇ ਹੋਰ ਮੁਸਲਿਮ ਇਲਾਕਿਆਂ ਵਿਚ ਫਿਰ ਫਿਰ ਕੇ ਉਨ੍ਹਾਂ ਵਹਿਸ਼ੀਆਂ ਨੂੰ ਜ਼ਿਹਨਨਸ਼ੀਨ ਕਰਾਵਾਂਗੀ ਕਿ ਇਹ ਬਦਲੇ ਦੀ ਅੱਗ ਦੂਹਾਂ ਲਈ ਹੀ ਇਕੋ ਜਿੰਨੀ ਖ਼ਤਰਨਾਕ ਹੈ, ਦੂਹਾਂ ਧਿਰਾਂ ਦਾ ਇਹ ਬੇੜਾ ਗ਼ਰਕ ਕਰ ਕੇ ਛਡੇਗੀ।

'ਮੈਂ ਵੇਖਦੀ ਹਾਂ ਮੇਰੇ ਵੀਰ, ਕਿ ਇਥੇ ਰਹਿ ਕੇ ਮੈਂ ਖ਼ੁਦਾ ਦੀ ਖ਼ਲਕਤ ਦਾ ਦੁਖ ਨਹੀਂ ਵੰਡਾ ਸਕਦੀ। ਪਰ ਵਤਨ ਵਿਚ ਜਾ ਕੇ ਮੈਂ ਆਪਣੇ ਵਤਨੀਆਂ, ਆਪਣੇ ਹਮ-ਮਜ਼੍ਹਬਾਂ ਵਿਚ ਫਿਰਾਂਗੀ, ਮੈਂ ਉਨ੍ਹਾਂ ਦੇ ਦਿਲਾਂ ਨੂੰ ਬਦਲਣ ਦੀ ਕੋਸ਼ਿਸ਼ ਕਰਾਂਗੀ। ਮੇਰਾ ਦਿਲ ਪੁਕਾਰ ਪੁਕਾਰ ਕੇ ਕਹਿ ਰਿਹਾ ਹੈ ਕਿ ਇਸ ਵਿਚ ਮੈਂ ਜ਼ਰੂਰ ਕਾਮਯਾਬ ਹੋਵਾਂਗੀ।

'ਮੇਰੇ ਵੀਰ, ਮੈਂ ਇਸ ਵੇਲੇ ਦੋ ਹੀ ਨੁਕਤੇ ਅੱਖਾਂ ਅਗੇ ਰਖ ਕੇ ਜਾ ਰਹੀ ਹਾਂ — ਜਾਂ ਕਾਮਯਾਬੀ, ਜਾਂ ਮੌਤ ਤੇ ਇਹ ਮੈਂ ਤੁਸਾਂ ਸਾਰਿਆਂ ਨੂੰ ਯਕੀਨ ਦਿਵਾਂਦੀ ਹਾਂ ਕਿ ਨਾਕਾਮੀ ਦੀ ਹਾਲਤ ਵਿਚ ਮੈਂ ਕਦੀ ਜੀਉਂਦੀ ਨਹੀਂ ਰਹਾਂਗੀ। ਜੇ ਮੈਂ ਕੁਝ ਨਾ ਕਰ ਸਕੀ ਤਾਂ ਮੌਤ ਨੂੰ ਜੱਫੀ ਪਾ ਲਵਾਂਗੀ। ਸੋ ਮੇਰੇ ਚੰਗੇ ਵੀਰ, ਮੈਂ ਤੁਹਾਡੇ ਪਾਸੋਂ ਮੰਗ ਕਰਦੀ ਹਾਂ ਕਿ ਇਸ ਵੇਲੇ ਮੇਰੇ ਰਸਤੇ ਵਿਚ ਕੋਈ ਰੋਕ ਨਾ ਪਾਣੀ। ਕੋਈ ਜ਼ਰਾ ਜਿੰਨੀ ਵੀ ਜਜ਼ਬਾਤੀ ਗਲ ਮੇਰੇ ਨਾਲ ਨਾ ਕਰਨੀ। ਮੈਂ ਆਪਣੇ ਆਪ ਨੂੰ ਤੇ ਆਪਣੇ ਦਿਲ ਨੂੰ ਪੱਥਰ ਬਣਾ ਲਿਆ ਹੈ ਤੇ ਇਹ ਤਦ ਤੀਕ ਪੱਥਰ ਹੀ ਰਹੇਗਾ, ਜਦ ਤੀਕ ਮੇਰੀ ਮੰਜ਼ਲ ਨੇੜੇ ਨਹੀਂ ਆ ਜਾਂਦੀ।

'ਮੇਰੀ ਦਿਲੀ ਤਮੰਨਾ ਸੀ ਕਿ ਤੁਹਾਨੂੰ ਮਿਲ ਕੇ ਜਾਂਦੀ, ਇਸੇ ਲਈ ਪਰਸੋਂ ਤੋਂ ਉਡੀਕ ਕਰ ਰਹੀ ਹਾਂ, ਪਰ ਤੁਸੀਂ ਨਹੀਂ ਮੁੜੇ। ਯਕੀਨਨ ਤੁਸੀਂ ਕਿਸੇ ਜ਼ਰੂਰੀ ਕੰਮ ਵਿਚ ਲਗੇ ਹੋਏ ਹੋਵੋਗੇ, ਜਦ ਕਿ ਇਸ ਵੇਲੇ ਸ਼ਹਿਰ ਨੂੰ ਤੁਹਾਡੀ ਬੜੀ ਲੋੜ ਹੈ। ਸੋ ਇਕ ਗਲੋਂ ਚੰਗਾ ਹੀ ਹੋਇਆ ਕਿ ਜਾਣ ਤੋਂ ਪਹਿਲਾਂ ਤੁਸੀਂ ਮੈਨੂੰ ਨਹੀਂ ਮਿਲ ਸਕੇ। ਤੁਹਾਡਾ ਭਰਿਆ ਹੋਇਆ ਦਿਲ ਵੇਖ ਕੇ ਤੁਹਾਡੀਆਂ ਅੱਖਾਂ ਵਿਚ ਗਲੇਡੂ ਤਕ ਕੇ ਮੁਮਕਿਨ ਸੀ ਮੇਰਾ ਦਿਲ ਲਰਜ਼ਸ਼ ਖਾ ਜਾਂਦਾ। ਇਹੋ ਵਜ੍ਹਾ ਹੈ ਕਿ ਮੈਂ ਆਪਣੇ ਜਾਣ ਦਾ ਭੇਦ ਸਿਰਫ਼ ਭਾਬੀ ਰੁਕਮਣ ਅਗੇ ਹੀ ਖੋਲ੍ਹਿਆ ਹੈ। ਮੈਂ ਬਾਪੂ ਜੀ ਨੂੰ ਵੀ ਕੁਝ ਨਹੀਂ ਦਸਿਆ, ਕਿਉਂਕਿ ਆਪਣੇ ਦਿਲ ਦੀ ਕਮਜ਼ੋਰੀ ਤੋਂ ਹਾਲੇ ਮੈਂ ਬੇਖ਼ਬਰ ਨਹੀਂ ਹਾਂ।

'ਸੋ ਮੈਂ ਜਾ ਰਹੀ ਹਾਂ ਵੀਰ, ਤੇ ਜਾਂਦੀ ਹੋਈ ਆਪਣੇ ਬਾਪੂ ਤੇ ਭਾਬੀ ਰੁਕਮਣ ਨਾਲ ਹੀ ਯੂਸਫ਼ ਦੀ ਵੀ ਸੌਂਪਣੀ ਤੁਹਾਨੂੰ ਕਰ ਚਲੀ ਹਾਂ। ਦਿਲ ਕਰਦਾ ਸੀ ਕਿ ਜਾਣ ਤੋਂ ਪਹਿਲਾਂ ਇਕ ਵਾਰੀ ਹਸਪਤਾਲ ਜਾ ਕੇ ਵਿਚਾਰੇ ਯੂਸਫ਼ ਦੀ ਬੀਮਾਰ ਪੁਰਸ਼ੀ ਕਰ ਆਉਂਦੀ, ਪਰ ਡਰ ਹੈ ਕਿ ਮਤੇ ਯੂਸਫ਼ ਦੀ ਮੁਹੱਬਤ ਮੇਰੇ ਰਸਤੇ ਵਿਚ ਰੁਕਾਵਟ ਬਣ ਜਾਵੇ।

'ਸੜਕ ਤੋਂ ਮੁਸਲਿਮ ਮੁਹਾਜਰੀਨ ਦੀਆਂ ਲਾਰੀਆਂ ਤੇ ਟਰੱਕ ਆਮ ਲੰਘ ਰਹੇ ਨੇ, ਮੈਂ ਕਿਸੇ ਉਤੇ ਵੀ ਚੜ੍ਹ ਜਾਵਾਂਗੀ। ਮਤੇ ਤੁਸੀਂ ਇਹ ਖ਼ਿਆਲ ਕਰੋ ਕਿ ਇਕ ਅਨਜਾਣ ਕੁੜੀ ਸਫ਼ਰ ਵਿਚ ਔਖੀ ਹੋਵੇਗੀ। ਇਸ ਵੇਲੇ ਮੈਂ ਆਪਣੇ ਅੰਦਰ ਦੋ ਸੌ ਆਦਮੀਆਂ ਜਿੰਨੀ ਤਾਕਤ

ਮਹਿਸੂਸ ਕਰ ਰਹੀ ਹਾਂ, ਤੇ ਵਕਤ ਆਉਣ ਤੇ ਦਸਾਂਗੀ ਕਿ ਮੈਂ ਕੀ ਕੁਝ ਕਰ ਸਕਦੀ ਹਾਂ, ਸੋ ਮੇਰੀ ਵਲੋਂ ਬਿਲਕੁਲ ਬੇਫ਼ਿਕਰ ਰਹਿਣਾ।

'ਬਾਪੂ ਜੀ ਪਾਸੋਂ ਮੈਂ ਜਾਣ ਦੀ ਇਜਾਜ਼ਤ ਨਹੀਂ ਲੈ ਸਕੀ, ਉਨ੍ਹਾਂ ਨੂੰ ਮਿਲ ਕੇ ਵੀ ਨਹੀਂ ਜਾਵਾਂਗੀ — ਸ਼ਾਇਦ ਉਨ੍ਹਾਂ ਦੀ ਹਾਲਤ ਵੇਖ ਕੇ ਮੈਂ ਆਪਣੇ ਆਪ ਨੂੰ ਬਰਕਰਾਰ ਨਾ ਰਖ ਸਕਾਂ। ਤੁਸੀਂ ਇਹ ਚਿੱਠੀ ਉਨ੍ਹਾਂ ਨੂੰ ਸੁਣਾ ਕੇ, ਜਿਥੋਂ ਤਕ ਹੋ ਸਕੇ ਧੀਰਜ ਦਿਲਾਸਾ ਦੇਣਾ। ਮੈਂ ਜਿਥੇ ਜਿਥੇ ਵੀ ਜਾਵਾਂਗੀ ਤੇ ਜੋ ਕੁਝ ਵੀ ਕਰਾਂਗੀ, ਚਿੱਠੀਆਂ ਰਾਹੀਂ ਸਭ ਕੁਝ ਤੁਹਾਨੂੰ ਲਿਖਦੀ ਰਹਾਂਗੀ। ਰਬ ਨੇ ਚਾਹਿਆ ਤਾਂ ਅਸੀਂ ਫਿਰ ਮਿਲਾਂਗੇ।

'ਮੇਰੇ ਮਿੱਠੇ ਵੀਰ !

—ਤੁਹਾਡੀ ਨਿੱਕੀ ਭੈਣ
ਕ੍ਰਿਸ਼ਨਾ।'

ਚਿੱਠੀ ਖ਼ਤਮ ਕਰ ਕੇ ਜਦ ਸਤਨਾਮ ਨੇ ਸਿਰ ਚੁਕਿਆ ਤਾਂ ਕ੍ਰਿਸ਼ਨਾ ਉਸ ਨੂੰ ਪਿਠ ਪਿਛੇ ਖੜ੍ਹੀ ਦਿਖਾਈ ਦਿਤੀ।

ਸਤਨਾਮ ਨੇ ਉਸ ਵਲ ਅੱਖਾਂ ਚੁਕੀਆਂ, ਕੁਝ ਬੋਲਣ ਲਈ ਬੁੱਲ੍ਹ ਖੋਲ੍ਹੇ, ਪਰ ਬੋਲਣ ਵਿਚ ਉਹ ਕਾਮਯਾਬ ਨਾ ਹੋ ਸਕਿਆ।

ਕ੍ਰਿਸ਼ਨਾ ਆਪਣੇ ਥਾਂ ਤੋਂ ਅਗਾਂਹ ਵਧੀ ਤੇ ਵਧ ਕੇ ਉਸ ਨੇ ਸਤਨਾਮ ਦਾ ਸਿਰ ਆਪਣੀਆਂ ਬਾਹਾਂ ਵਿਚ ਘੁਟ ਲਿਆ। ਅੰਞਾਣੇ ਬਚੇ ਵਾਂਗ ਸਤਨਾਮ ਫੁਟ ਫੁਟ ਕੇ ਰੋ ਰਿਹਾ ਸੀ। ਕ੍ਰਿਸ਼ਨਾ ਦੁਪੱਟੇ ਦੇ ਪਲੇ ਨਾਲ ਉਸ ਦੀਆਂ ਅੱਖਾਂ ਪੂੰਝ ਰਹੀ ਸੀ, ਤੇ ਉਸ ਦੀਆਂ ਆਪਣੀਆਂ ਅੱਖਾਂ, ਜਿਹੜੀਆਂ ਇਸ ਹਾਲਤ ਵਿਚ ਕਦੀ ਵੀ ਸੁਕੀਆਂ ਨਹੀਂ ਸਨ ਰਹਿ ਸਕਦੀਆਂ, ਓਸੇ ਤਰ੍ਹਾਂ ਖੁਸ਼ਕ ਸਨ — ਜਜ਼ਬੇ ਦੀ ਪਹੁੰਚ ਤੋਂ ਬਹੁਤ ਦੂਰ। ਕਿਸੇ ਦੂਰ ਦਿਸਦੇ ਆਦਰਸ਼ ਵਲ ਲਗੀਆਂ ਹੋਈਆਂ ਉਸ ਦੀਆਂ ਹਰ ਅਸਰ ਤੋਂ ਅਟਭਿਜ ਅੱਖਾਂ।

ਉਧਰ ਰੁਕਮਣ ਬੂਹੇ ਵਿਚ ਖੜੀ ਸ਼ਾਇਦ ਪਹਿਰਾ ਦੇ ਰਹੀ ਸੀ, ਚੁ ਮਤੇ ਕੋਈ ਅਚਾਨਕ ਏਧਰ ਆ ਕੇ ਇਨ੍ਹਾਂ ਦੂਹਾਂ ਨੂੰ ਵੇਖ ਲਵੇ — ਜਾਂ ਸਤਨਾਮ ਦੀਆਂ ਸਿਸਕੀਆਂ ਸੁਣ ਲਵੇ।

"ਕ੍ਰਿਸ਼ਨਾ !" ਸਤਨਾਮ ਦੀ ਹਾਲਤ ਜਦ ਜ਼ਰਾ ਸੰਭਲੀ ਤਾਂ ਉਸ ਨੇ ਦਰਦ ਭਰੀ ਅਵਾਜ਼ ਵਿਚ ਕਿਹਾ — "ਤੂੰ ਅਸਮਾਨ ਵਿਚੋਂ ਤਾਰਿਆਂ ਨੂੰ ਫੜਨ ਦੀ ਇਹ ਜਿਹੜੀ ਕੋਸ਼ਸ਼ ਕਰ ਰਹੀ ਏਂ ਇਸ ਨੂੰ ਮੈਂ ਸਿਵਾਇ 'ਬਚਪਨ' ਜਾਂ 'ਝੱਲਪਣੇ' ਤੋਂ ਹੋਰ ਕੁਝ ਨਹੀਂ ਕਹਿ ਸਕਦਾ। ਮੈਂ ਤੈਨੂੰ ਰੋਕਦਾ ਨਹੀਂ, ਪਰ ਕ੍ਰਿਸ਼ਨਾ ! ਮੇਰੀ ਦਰਖ਼ਾਸਤ ਹੈ ਕਿ ਤੂੰ ਆਪਣੇ ਫ਼ੈਸਲੇ ਨੂੰ ਇਕ ਵਾਰੀ ਫਿਰ ਸੋਚ।"

"ਮੈਂ ਸੋਚ ਲਿਆ ਏ ਭਰਾ ਜੀ।" ਕ੍ਰਿਸ਼ਨਾ ਦੇ ਲਫ਼ਜ਼ਾਂ ਵਿਚ ਪੱਥਰ ਵਰਗਾ ਕੁਰੱਖਤ ਲਹਿਜਾ ਸੀ — ਮੈਂ ਜੋ ਸੋਚਣਾ ਸੀ ਸੋਚ ਬੈਠੀ ਹਾਂ। ਇਹ ਗਲਤ ਹੈ ਭਾਵੇਂ ਠੀਕ, ਪਰ ਰਬ ਦੇ ਵਾਸਤੇ ਹੁਣ ਮੈਨੂੰ ਰੋਕੋ ਨਾ ਮੇਰੇ ਇਰਾਦੇ ਤੋਂ। ਕੋਈ ਗਲ ਨਹੀਂ ਜੇ ਮੇਰੀ ਕਿਸਮਤ ਵਿਚ ਨਾਕਾਮੀ ਦਾ ਹੀ ਮੂੰਹ ਵੇਖਣਾ ਲਿਖਿਆ ਹੋਵੇਗਾ ਤਾਂ ਇਹ ਯਕੀਨ ਜਾਣੋਂ ਕਿ ਫਿਰ ਮੇਰੀ ਜ਼ਿੰਦਗੀ ਦਾ ਕੋਈ ਮੁੱਲ ਨਹੀਂ, ਬਸ। "

"ਰਬ ਦੇ ਵਾਸਤੇ ਕ੍ਰਿਸ਼ਨਾ" ਸਤਨਾਮ ਸਖ਼ਤ ਘਬਰਾਹਟ ਵਿਚ ਬੋਲਿਆ — "ਇਕਦਮ ਇਤਨੀ ਜਲਦੀ ਨਾ ਮਚਾ। ਆਖ਼ਰ ਮੇਰਾ ਵੀ ਤਾਂ ਤੇਰੇ ਉਤੇ ਕੁਝ ਦਾਈਆ ਹੈ। 'ਕ੍ਰਿਸ਼ਨਾ ! ਇਸ ਤਰ੍ਹਾਂ ਤੂੰ ਮੇਰਾ ਦਿਲ ਤੋੜ ਕੇ ਉਠ ਟੁਰੇਂਗੀ, ਇਸ ਦੀ ਤਾਂ ਮੈਨੂੰ- -" ਤੇ ਅਥਰੂਆਂ ਨੇ ਇਕ ਵਾਰੀ ਫੇਰ ਉਸ ਦਾ ਗਲਾ ਰੋਕ ਦਿਤਾ। ਪਰ ਕ੍ਰਿਸ਼ਨਾ ਉਸੇ ਤਰ੍ਹਾਂ ਅਟਭਿਜ ਸੀ, ਬੇ-ਦਰਦ ਤੇ ਬੇ-ਅਸਰ। ਕੇਵਲ ਉਸ ਨੇ ਇਕ ਵਾਰੀ ਫੇਰ ਸਤਨਾਮ ਦਾ ਸਿਰ ਹਿਕ ਨਾਲ ਲਾ ਲਿਆ।

ਸਤਨਾਮ ਨੇ ਫੇਰ ਅੱਖਾਂ ਚੁਕੀਆਂ, ਉਸ ਦਾ ਖਿਆਲ ਸੀ ਕਿ ਉਸ ਦੇ ਅਥਰੂਆਂ ਨੇ ਐਤਕੀ
ਜ਼ਰੂਰ ਕ੍ਰਿਸ਼ਨਾ ਦੇ ਦਿਲ ਨੂੰ ਕੁਝ ਨਾ ਕੁਝ ਪੰਘਾਰਿਆ ਹੋਵੇਗਾ, ਪਰ ਕ੍ਰਿਸ਼ਨਾ ਉਸੇ ਤਰ੍ਹਾਂ ਬੇ-
ਲਚਕ ਸੀ।

"ਜਾਹ, ਪਰਮਾਤਮਾ ਤੈਨੂੰ ਕਾਮਯਾਬ
"ਹੱਛਾ ਕ੍ਰਿਸ਼ਨਾ" ਸਤਨਾਮ ਨਿਰਾਸ ਹੋ ਕੇ ਬੋਲਿਆ — ਇਕ ਦਾਨ ਤਾਂ ਦੇਂਦੀ ਜਾ। ਇਕ ਤਾਂ ਮੈਂ ਚਾਹੁੰਦਾ
ਕਰੇ। ਪਰ ਜਾਣ ਲਗੀ ਆਪਣੇ ਵੀਰ ਨੂੰ ਜ਼ਰੂਰ ਮਿਲ ਲਵੇਂ। ਦੂਜਾ ਮੇਰੀ ਇਹ
ਹਾਂ ਕਿ ਜਾਣ ਤੋਂ ਪਹਿਲਾਂ ਇਕ ਵਾਰੀ ਤੂੰ ਯੂਸਫ ਨੂੰ
ਵੀ ਖ਼ਾਹਿਸ਼ ਹੈ ਕਿ ਜੇ ਤੂੰ ਜ਼ਰੂਰ ਜਾਣਾ ਹੀ ਹੈ, ਤਾਂ ਮੈਂ ਤੇਰੇ ਲਈ ਕੁਝ ਸਹੂਲਤਾਂ ਪੈਦਾ ਕਰ
ਸਕਾਂ। ਬਹੁਤਾ ਕੁਝ ਤਾਂ ਫਿਲਹਾਲ ਮੈਂ ਸੋਚ ਨਹੀਂ ਸਕਿਆ, ਪਰ ਇਤਨਾ ਕਰਨ ਦੀ ਮੇਰੀ ਸਲਾਹ
ਹੈ ਕਿ ਮੈਂ ਤੈਨੂੰ ਜੀਪ ਵਿਚ ਲੈ ਜਾਕੇ ਲਾਹੌਰ ਪਹੁੰਚਾ ਦਿਆਂ। ਉਥੇ ਮੇਰੇ ਕਈ ਮੁਸਲਮਾਨ ਦੋਸਤ
ਹਨ, ਜਿਨ੍ਹਾਂ ਨੂੰ ਮੈਂ ਤੇਰੀ ਸੌਂਪਣੀ ਕਰ ਦਿਆਂਗਾ। ਮੇਰਾ ਯਕੀਨ ਹੈ ਕਿ ਉਹ ਤੇਰੇ ਲਈ ਬੜੇ
ਮਦਦਗਾਰ ਸਾਬਤ ਹੋਣਗੇ।"

ਕ੍ਰਿਸ਼ਨਾ ਭਾਵੇਂ ਆਪਣੇ ਫੈਸਲੇ ਵਿਚ ਕੋਈ ਜ਼ਰਾ ਜਿੰਨੀ ਵੀ ਮੁਦਾਖਲਤ ਨਹੀਂ ਸੀ ਚਾਹੁੰਦਾ,
ਪਰ ਸਤਨਾਮ ਦੀ ਇਹ ਤਜਵੀਜ਼ ਕਿਸੇ ਹਦ ਤਕ ਉਸ ਨੂੰ ਪਸੰਦ ਆਈ। ਦੋ ਕੁ ਮਿੰਟ ਉਹ
ਸੋਚਦੀ ਰਹੀ, ਤੇ ਫਿਰ ਬੋਲੀ — "ਚਲੋ ਮਨਜ਼ੂਰ ਹੈ, ਪਰ ਜੇ ਮੇਰੀ ਇਕ ਸ਼ਰਤ ਮੰਨੋ। ਮੇਰੇ ਜਾਣ
ਬਾਬਤ ਘਰ ਵਿਚ ਕਿਸੇ ਨੂੰ ਵੀ ਭਿਣਕ ਤਕ ਨਾ ਪਵੇ।"

ਨਿੰਮੋਝੂਣੀ ਜਿਹੀ ਆਵਾਜ਼ ਵਿਚ ਸਤਨਾਮ ਨੇ ਜਵਾਬ ਦਿਤਾ — "ਚੰਗਾ"।

ਇਸ ਵੇਲੇ ਬਾਹਰੋਂ ਕੇਸਰ ਕੌਰ ਤੇ ਮੁੰਨੀ ਨੂੰ ਏਸੇ ਪਾਸੇ ਆਉਂਦਿਆਂ ਤਕ ਕੇ ਬੂਹੇ ਵਿਚ
ਖੜੋਤੀ ਰੁਕਮਣ ਨੇ ਇਹਨਾਂ ਵਲ ਇਸ਼ਾਰਾ ਕਰ ਦਿਤਾ। ਦੋਵੇਂ ਇਸ ਵਾਰਤਾਲਾਪ ਨੂੰ ਵਿਚੇ
ਛਡ ਕੇ ਹੋਰ ਗਲਾਂ ਕਰਨ ਲੱਗ ਪਏ।

42

ਰਾਤ ਦੇ ਨੌ ਕੁ ਵਜੇ ਦਾ ਵਕਤ ਸੀ। ਗ੍ਰੈਂਡ ਟਰੰਕ ਰੋਡ ਦੀ ਕਾਲੀ ਚਮਕੀਲੀ ਲਕੀਰ
ਇਸ ਵੇਲੇ ਚੌਦਸ ਦੇ ਹਨੇਰੇ ਵਿਚ ਡੁਬੀ ਹੋਈ ਸੀ। ਉਸ ਦੇ ਕੰਢਿਆਂ ਦੀਆਂ ਬੱਤੀਆਂ ਬੁਝੀਆਂ
ਹੋਈਆਂ ਸਨ।

ਇਸੇ ਵੇਲੇ ਇਕ ਜੀਪ ਪੂਰੀ ਤੇਜ਼ੀ ਨਾਲ ਸਿਵਲ ਹਸਪਤਾਲ ਵਲ ਜਾ ਰਹੀ ਸੀ, ਜਿਹੜੀ
ਫਾਟਕ ਅਗੇ ਜਾ ਕੇ ਰੁਕੀ, ਤੇ ਰੁਕਦਿਆਂ ਹੀ ਬੜੀ ਕਾਹਲੀ ਕਾਹਲੀ ਉਸ ਵਿਚੋਂ ਸਵਾਰੀਆਂ
ਉਤਰੀਆਂ — ਸਤਨਾਮ, ਕ੍ਰਿਸ਼ਨਾ, ਬਾਬਾ ਜੀ, ਰੁਕਮਣ ਤੇ ਕੇਸਰ ਕੌਰ। ਕੇਵਲ ਮੁੰਨੀ ਹੀ
ਇਨ੍ਹਾਂ ਵਿਚ ਨਹੀਂ ਸੀ, ਜਿਸ ਨੂੰ ਜਾਣ ਕਰ ਕੇ ਕਨ੍ਹਈਏ ਦੀ ਸਪੁਰਦਗੀ ਵਿਚ ਛਡਿਆ
ਗਿਆ ਸੀ।

ਫਾਟਕ ਉਤੇ ਬਿਜਲੀ ਦੀ ਬੱਤੀ ਜਗ ਰਹੀ ਸੀ, ਜਿਸ ਦੇ ਚਾਨਣ ਵਿਚ ਇਹ ਪੰਜੇ ਬੰਦੇ
ਚੁਪ ਚਾਪ ਪਰਛਾਂਵਿਆਂ ਵਾਂਗ ਹਾਤੇ ਵਿਚ ਦਾਖਲ ਹੋ ਕੇ ਵਾਰਡ ਨੰਬਰ ਪੰਜ ਵਲ ਟੁਰ ਪਏ।

ਪੰਜ ਤੋਂ ਉਰਲੇ ਚਾਰ ਨੰਬਰ ਵਾਰਡ ਕੋਲ ਪਹੁੰਚ ਕੇ ਹੁਣ ਇਹ ਇਕ ਐਸੇ ਥਾਂ ਤੋਂ ਲੰਘ
ਰਹੇ ਸਨ, ਜਿਥੇ ਘੁੱਪ ਹਨ੍ਹੇਰਾ ਸੀ। ਵਾਰਡਾਂ ਵਿਚ ਜਗ ਰਹੀਆਂ ਬਤੀਆਂ ਦਾ ਚਾਨਣ ਇਸ
ਥਾਂ ਨਹੀਂ ਸੀ ਪਹੁੰਚ ਸਕਦਾ।

ਜਿਉਂ ਹੀ ਇਹ ਪਾਰਟੀ ਇਥੇ ਪਹੁੰਚੀ ਕਿ ਅਚਾਨਚੱਕ 'ਠਾਹ' ਦੀ ਅਵਾਜ਼, ਤੇ ਇਸ ਦੇ
ਨਾਲ ਹੀ ਇਕ ਉੱਚੀ ਸਾਰੀ ਚੀਕ 'ਹਾਏ ਮੈਂ ਮਰ ਗਈ !' ਸੁਣ ਕੇ ਸਭਨਾਂ ਦੇ ਪੈਰ ਠਠੰਬਰ
ਕੇ ਰੁਕ ਗਏ, ਤੇ ਰੁਕਦਿਆਂ ਹੀ ਉਨ੍ਹਾਂ ਵਿਚੋਂ ਦਾੜ ਕਰ ਕੇ ਕ੍ਰਿਸ਼ਨਾ ਭੁੰਜੇ ਡਿਗ ਪਈ, ਜਿਸ
ਤੋਂ ਬਾਅਦ 'ਹਾਏ ਮੇਰੀ ਬੱਚੀ !' ਪੁਕਾਰਦੇ ਹੋਏ ਬਾਬਾ ਜੀ, ਵੀ ਉਸ ਉਤੇ ਵਿਛ ਗਏ।

"ਓ ! ਗਜ਼ਬ ਹੋ ਗਿਆ ! ਕ੍ਰਿਸ਼ਨਾ ਨੂੰ ਗੋਲੀ ਵਜ ਗਈ !" ਕਹਿੰਦਾ ਹੋਇਆ ਸਤਨਾਮ
ਉਧਰ ਭਜਿਆ, ਜਿਧਰ ਗੋਲੀ ਚਲੌਣ ਵਾਲਾ ਛੂਟ ਵਟ ਕੇ ਨੱਠਾ ਜਾ ਰਿਹਾ ਸੀ ਪਰ ਤੇਜ਼ੀ
ਨਾਲ ਅਗਾਂਹ ਵਧ ਕੇ ਕੇਸਰ ਕੌਰ ਨੇ ਉਸ ਨੂੰ ਜੱਫੀ ਵਿਚ ਜਕੜ ਲਿਆ ਤੇ ਪੁਕਾਰੀ — "ਵੇ
ਪੁੱਤਰ, ਉਸ ਨੇ ਗੋਲੀ ਦਾਗ਼ ਦੇਣੀ ਊ ਤੇਰੇ ਵੀ।" ਤੇ ਇਸ ਤੋਂ ਪਹਿਲਾਂ ਹੀ ਕਿ ਮਾਂ ਦੀ ਜੱਫੀ
ਚੋਂ ਆਪਣੇ ਆਪ ਨੂੰ ਛੁੜਾ ਕੇ ਉਹ ਦੌੜਦਾ ਕਿ ਕਾਤਲ ਹਨ੍ਹੇਰੇ ਵਿਚ ਛਾਈਂ ਮਾਈਂ ਹੋ ਗਿਆ।
ਫਿਰ ਵੀ ਉਸ ਦੇ ਕੱਦ ਬੁਤ ਤੇ ਨੁਹਾਰ ਪ੍ਰਕਾਰ ਨੂੰ ਵੇਖ ਕੇ ਸਤਨਾਮ ਨੂੰ ਸਮਝਣ ਵਿਚ ਚਿਰ
ਨਾ ਲਗਾ ਕਿ ਗੋਲੀ ਚਲਾਉਣ ਵਾਲਾ 'ਸੁਦਰਸ਼ਨ' ਤੋਂ ਬਿਨਾਂ ਹੋਰ ਕੋਈ ਨਹੀਂ ਸੀ।

"ਆਹ ! ਕ੍ਰਿਸ਼ਨਾ !" ਕਹਿੰਦਾ ਹੋਇਆ ਸਤਨਾਮ ਵੀ ਉਸ ਉਤੇ ਝੁਕ ਗਿਆ। ਕੇਸਰ ਕੌਰ
ਤੇ ਰੁਕਮਣ ਚੀਕਾਂ ਮਾਰਨ ਲਗੀਆਂ। ਗੋਲੀ ਚਲਣ ਤੇ ਫਿਰ ਰੌਲਾ ਪੈਣ ਦੀਆਂ ਅਵਾਜ਼ਾਂ ਸੁਣ
ਕੇ ਦਬਾ ਦਬ ਲੋਕੀਂ ਭਜੇ ਆਏ। ਇਕ ਦੋ ਲਾਲਟੈਨਾਂ ਵਾਲੇ ਵੀ ਕਿਤੋਂ ਆ ਪਹੁੰਚੇ। ਕ੍ਰਿਸ਼ਨਾ
ਦਾ ਸਰੀਰ ਲਹੂ ਵਿਚ ਲੱਥ ਪੱਥ ਸੀ। ਗੋਲੀ ਉਸ ਦੇ ਸੀਨੇ ਦੇ ਖੱਬੇ ਪਾਸੇ ਦਿਲ ਦੇ ਐਨ ਉਤੇ
ਵਜੀ ਸੀ। ਇਕ ਕੁਰਲਾਟ ਜਿਹਾ ਮਚ ਗਿਆ। ਬਾਬਾ ਉਸੇ ਤਰ੍ਹਾਂ ਕ੍ਰਿਸ਼ਨਾ ਦੀ ਲੋਥ ਉਤੇ ਮੂਹਦੇ
ਮੂੰਹ ਡਿਗਾ ਪਿਆ ਸੀ।

ਇਚਰ ਤੀਕ ਹਸਪਤਾਲ ਦੇ ਕਰਮਚਾਰੀ ਵੀ — ਸਣੇ ਇਕ ਅੱਧ ਡਾਕਟਰ ਦੇ ਆ ਪਹੁੰਚੇ।
ਡਾਕਟਰ ਨੇ ਸਤਨਾਮ ਨੂੰ ਮੋੜ ਕੇ ਕਿਸੇ ਦੂਸਰੇ ਕਮਰੇ ਵਲ ਲੈ ਜਾਣ ਦੀ ਬਥੇਰੀ ਕੋਸ਼ਿਸ਼ ਕੀਤੀ,
ਪਰ ਉਹ ਨਹੀਂ ਮੁੜਿਆ। ਉਸ ਨੇ ਕ੍ਰਿਸ਼ਨਾ ਦੇ ਸਰੀਰ ਨੂੰ ਬਾਹਾਂ ਉਤੇ ਚੁਕ ਲਿਆ ਤੇ ਪੰਜ
ਨੰਬਰ ਵਲ ਤੁਰਿਆ ਗਿਆ।

ਫ਼ਾਸਲਾ ਭਾਵੇਂ ਕੋਈ ਬਹੁਤਾ ਲੰਮਾ ਨਹੀਂ ਸੀ, ਮਸੇਂ ਦੋ ਕੁ ਸੌ ਗਜ਼ ਦਾ ਹੋਵੇਗਾ, ਪਰ ਇਸ
ਵੇਲੇ ਸਤਨਾਮ ਨੂੰ ਇਹ ਫਾਸਲਾ ਦੋ ਸੌ ਮੀਲ ਦਾ ਜਾਪ ਰਿਹਾ ਸੀ।

ਉਸ ਨੂੰ ਆਪਣੇ ਪਿਛੇ ਇਸ ਤਰ੍ਹਾਂ ਦਾ ਰੌਲਾ ਸੁਣਾਈ ਦੇਣ ਲਗਾ — "ਖੂਨੀ ਨੂੰ
ਫੜੋ... ...ਐਸ ਪਾਸੇ ਗਿਆ... ...ਲੰਮੇ ਜਿਹੇ ਕੱਦ ਦਾ ਸਿਖ... ...ਦੌੜੋ, ਜਲਦੀ ਕਰੋ... ...!"

ਵਾਰਡ ਦੇ ਨੇੜੇ ਪਹੁੰਚ ਕੇ ਜਿਥੇ ਕਾਫ਼ੀ ਚਾਨਣ ਸੀ, ਸਤਨਾਮ ਨੇ ਇਕ ਵਾਰੀ ਨਜ਼ਰ ਭਰ
ਕੇ ਕ੍ਰਿਸ਼ਨਾ ਵਲ ਤੱਕਿਆ, ਤੇ ਉਸ ਦੀਆਂ ਅੱਖਾਂ ਵਿਚ ਜੀਉਂਦੇ ਆਦਮੀ ਵਰਗੀ ਚਮਕ ਵੇਖ
ਕੇ ਉਸ ਦੇ ਦਿਲ ਨੂੰ ਜ਼ਰਾ ਮਾਸਾ ਤਸੱਲੀ ਹੋਈ। ਪਰ ਇਹ ਤਸੱਲੀ ਬਿਲਕੁਲ ਉਸੇ ਤਰ੍ਹਾਂ ਦੀ
ਸੀ, ਜਿੰਨੀ ਕੁ ਡੁਬ ਚੁਕੀ ਬੇੜੀ ਦੇ ਮਸਤੂਲ ਨੂੰ ਵੇਖ ਕੇ ਕਿਸੇ ਮਲਾਹ ਨੂੰ ਹੁੰਦੀ ਹੈ। ਉਸਦੇ
ਕਦਮਾਂ ਵਿਚ ਸਿੱਥਲਤਾ ਆਉਣ ਲਗੀ, ਜਦ ਚਾਨਣ ਵਿਚ ਉਸ ਨੇ ਕ੍ਰਿਸ਼ਨਾ ਦੇ ਹੋਠ ਫਰਕਦੇ
ਤੇ ਅੱਖਾਂ ਆਪਣੇ ਉਤੇ ਗਡੀਆਂ ਹੋਈਆਂ ਤਕੀਆਂ।

"ਕਿਸ਼ਨਾ ! ਕ੍ਰਿਸ਼ਨਾ ! !" ਦੋ ਵਾਰੀ ਉਸ ਪੁਕਾਰਿਆ। ਕ੍ਰਿਸ਼ਨਾ ਦੇ ਹੋਠਾਂ ਵਿਚੋਂ ਕੇਵਲ
"ਭ" ਅੱਖਰ ਹੀ ਮਸੇਂ ਨਿਕਲ ਸਕਿਆ, ਤੇ ਉਸ ਦਾ ਪਿਛਾਂਹ ਨੂੰ ਲਮਕਿਆ ਹੋਇਆ ਹਥ ਉਤਾਹ
ਉਠਦਾ ਸੀਨੇ ਤੇ ਆ ਕੇ ਟਿਕ ਗਿਆ।

ਇਸ ਹਰਕਤ ਨੇ ਸਤਨਾਮ ਦੀ ਚਾਲ ਹੋਰ ਵੀ ਮੱਠੀ ਕਰ ਦਿਤੀ। ਕ੍ਰਿਸ਼ਨਾ ਦਾ ਹੱਥ ਆਪਣੇ
ਸੀਨੇ ਦੇ ਉਸ ਥਾਂ ਤੇ ਟਿਕਿਆ ਹੋਇਆ ਸੀ, ਜਿਥੋਂ ਗੋਲੀ ਵਜਣ ਕਰ ਕੇ ਅਜੇ ਤੀਕ ਲਹੂ
ਨਿਕਲ ਰਿਹਾ ਸੀ। ਕ੍ਰਿਸ਼ਨਾ ਦੀਆਂ ਉਂਗਲਾਂ ਹੌਲੀ ਹੌਲੀ ਆਪਣੀ ਕਮੀਜ਼ ਦੀ ਜੇਬ ਟਟੋਲ
ਰਹੀਆਂ ਸਨ।

ਸਤਨਾਮ ਨੇ ਵੇਖਿਆ, ਕ੍ਰਿਸ਼ਨਾ ਦੀਆਂ ਉਂਗਲਾਂ ਆਪਣੀ ਜੇਬ ਚੋਂ ਇਕ ਕਾਗਜ਼ ਕੱਢਣ
ਵਿਚ ਸਫ਼ਲ ਹੋ ਗਈਆਂ, ਤੇ ਹੌਲੀ ਹੌਲੀ ਮੁੜ ਉਸ ਦਾ ਹਥ ਸੀਨੇ ਤੋਂ ਉਠ ਕੇ ਸਤਨਾਮ ਵਲ
ਵਧਿਆ। ਸਤਨਾਮ ਨੇ ਧਿਆਨ ਨਾਲ ਤਕਿਆ, ਇਹ ਓਹੀ ਕਾਗਜ਼ ਸੀ, ਉਸ ਦੇ ਪੇਡ ਨਾਲ
ਲੱਥਾ ਹੋਇਆ, ਜਿਸ ਉਤੇ ਉਸ ਦੇ ਹਥ ਦੀ ਉਹ ਦੂਸਰੀ ਕਵਿਤਾ ਲਿਖੀ ਹੋਈ ਸੀ। ਕਾਗਜ਼

ਵਹੀ ਤਹਿਆਂ ਵਿਚ ਠੱਪਿਆ ਹੋਇਆ ਸੀ, ਜਿਸ ਦੇ ਵਿਚਕਾਰ ਕਰਕੇ ਚੋਟੀ ਦਾ ਫੈਂਕ ਸੀ ਤੇ ਉਸ ਦਾ ਕਾਫ਼ੀ ਹਿੱਸਾ ਲਹੂ ਨਾਲ ਲਿਬੜਿਆ ਹੋਇਆ ਸੀ। ਜਿਉਂ ਹੀ ਸਤਨਾਮ ਨੇ ਕਾਗਜ਼ ਉਸ ਦੇ ਹੱਥੋਂ ਫੜਿਆ ਕਿ ਕ੍ਰਿਸ਼ਨਾ ਦਾ ਹੱਥ ਬੇਹਿਸ ਹੋ ਕੇ ਮੁੜ ਪਿਛਾਂਹ ਵੱਲ ਨੂੰ ਲਟਕ ਗਿਆ ਤੇ ਸਤਨਾਮ ਦੇ ਚਿਹਰੇ ਉਤੇ ਗਡੀ ਹੋਈ ਉਸ ਦੀ ਨਜ਼ਰ ਇਹਨਾਂ ਦੇ ਅੱਖਰਾਂ "ਬਾ... ਪੂ..." ਉਤੇ ਆ ਕੇ ਪਥਰਾ ਗਈ, ਜਿਹੜੇ ਅੰਤਮ ਵੇਰ ਉਸ ਦੇ ਬੁੱਲ੍ਹਾਂ ਚੋਂ ਸਤਨਾਮ ਨੇ ਸੁਣੇ।

ਇਹੋ ਸੀ ਕ੍ਰਿਸ਼ਨਾ ਦੀ ਆਖ਼ਰੀ ਹਰਕਤ ਤੇ ਆਖ਼ਰੀ ਆਵਾਜ਼। ਕ੍ਰਿਸ਼ਨਾ ਦੇ ਸਰੀਰ (ਸਰੀਰ ਹੀ ਕਹਿਣਾ ਚਾਹੀਦਾ) ਨੂੰ ਸੰਭਾਲਦੀ ਸਤਨਾਮ ਪੂਰੀ ਤੇਜ਼ੀ ਨਾਲ ਵਾਰਡ ਨਹੀਂ ਲਿਜਾ ਨੂੰ ਹੁਣ ਛੇਤ ਵੀ ਕਹਿਣਾ ਚਾਹੀਦਾ ... ਹੈਡ ਸ਼ਾਇਦ ਇਸ ਲਈ ਪਿਆ ਕਿ ਹੁਣ ਉਸ ਨੂੰ ਇਹ ਮਕਾਨ ਨੰਬਰ ਪੰਜ ਵਲ ਦੌੜ ਪਿਆ। ਦੌੜ ਸ਼ਾਇਦ ਇਸ ਲਈ ਪਿਆ ਕਿ ਦੌੜਨ ਨਾਲ ਕ੍ਰਿਸ਼ਨਾ ਦੇ ਜ਼ਖ਼ਮ ਨੂੰ ਤਕਲੀਫ਼ ਪਹੁੰਚੇਗੀ — ਤਕਲੀਫ਼ ਨਹੀਂ ਸੀ ਰਿਹਾ ਕਿ ਦੌੜਨ ਨਾਲ ਕ੍ਰਿਸ਼ਨਾ ਦੇ ਜ਼ਖ਼ਮ ਨੂੰ ਮਹਿਸੂਸਣ ਵਾਲੀ ਚੀਜ਼ ਕ੍ਰਿਸ਼ਨਾ ਦਾ ਸਾਥ ਛਡ ਚੁਕੀ ਸੀ।

ਵਾਰਡ ਨੰਬਰ ਪੰਜ ਆ ਗਿਆ, ਸਤਨਾਮ ਉਸ ਦੇ ਬਰਾਂਡੇ ਵਿਚ ਦਾਖ਼ਲ ਹੋਇਆ ਤੇ ਫੇਰ ਉਸ ਲੰਮੇ ਕਮਰੇ ਵਿਚ।

ਪ੍ਰਮਦ ਇਸ ਵੇਲੇ ਆਪਣੇ ਮੰਜੇ ਤੇ ਲੇਟਿਆ ਹੋਇਆ ਨੀਂਦਰ ਜਾਂ ਅਧ ਨੀਂਦੇ ਦੀ ਹਾਲਤ ਵਿਚ ਸ਼ਾਇਦ ਕੋਈ ਰੰਗੀਨ ਸੁਪਨਾ ਵੇਖ ਰਿਹਾ ਸੀ ਕਿ ਅਚਾਨਕ ਹੀ ਕਮਰੇ ਵਿਚ ਰੌਲੇ ਦੀ ਆਵਾਜ਼ ਸੁਣ ਕੇ ਉਸ ਦੀ ਸੁਪਨਾ ਜਾਂ ਡੌਰਾ, ਜੋ ਕੁਝ ਵੀ ਸੀ, ਸੋਤੀਆਂ ਦੀ ਲੜੀ ਵਾਂਗ ਟੁਟ ਕੇ ਖਿਲਰ ਗਈ। ਉਠਣ ਦੀ ਅਜੇ ਵੀ ਉਸ ਨੂੰ ਮਨਾਹੀ ਸੀ, ਜਿਸ ਕਰਕੇ ਲੰਮਾ ਪਿਆ ਪਿਆ ਹੀ ਉਹ ਬੂਹੇ ਵਲ ਮੂੰਹ ਕਰਕੇ ਇਸ ਰੌਲੇ ਦਾ ਜਾਇਜ਼ਾ ਲੈਣ ਦੀ ਕੋਸ਼ਿਸ਼ ਕਰਨ ਲਗਾ, ਕਿ ਬੂਹੇ ਵਿਚੋਂ ਉਸ ਨੇ ਸਤਨਾਮ ਨੂੰ ਆਉਂਦਿਆਂ ਤਕਿਆ, ਜਿਸ ਦੀਆਂ ਬਾਹਾਂ ਉਤੇ ਕ੍ਰਿਸ਼ਨਾ ਦਾ ਸਰੀਰ ਫੈਲਿਆ ਹੋਇਆ ਸੀ, ਜਿਸ ਦੀਆਂ ਲੱਤਾਂ ਬਾਹਾਂ ਦੁਪਾਸੀਂ ਲਟਕੀਆਂ ਹੋਈਆਂ ਤੇ ਜਿਸ ਦੀ ਲੰਮੀ ਗੁਤ ਇਸ ਵੇਲੇ ਫਰਸ਼ ਉਤੇ ਰੁਲਕਦੀ ਆ ਰਹੀ ਸੀ। ਕ੍ਰਿਸ਼ਨਾ ਦੇ ਸੀਨੇ ਵਿਚੋਂ ਲਹੂ ਅਜੇ ਤੀਕ ਨਿਕਲ ਨਿਕਲ ਕੇ ਉਸ ਦੀ ਕਮੀਜ਼ ਨੂੰ ਲਾਲ ਕਰ ਰਿਹਾ ਸੀ।

"ਹੈਂ। ਨਸੀਮ। ਮੇਰੀ ਨ...ਨ..." ਘਬਰਾਂਦਾ, ਹਫਦਾ ਤੇ ਥਰਥਰਾਂਦਾ ਹੋਇਆ ਪ੍ਰਮਦ ਬਿਨਾ ਆਪਣੇ ਜ਼ਖ਼ਮ ਦੀ ਪਰਵਾਹ ਕੀਤਿਆਂ ਉਠ ਨਸਿਆ — "ਸਤਨਾਮ। ਇਹ ਇਹ..."

"ਕੁਝ ਨਹੀਂ ਦੋਸਤ" ਸਤਨਾਮ ਦੇ ਚਿਹਰੇ ਉਤੇ ਪਾਗਲਾਂ ਵਾਲਾ ਹਾਸਾ ਸੀ — "ਇਹ ਤੇਰੀ ਦੁਲਹਨ ਹੈ। ਆ ਇਸ ਨੂੰ ਤੇਰੀ ਸੁਹਾਗ-ਸੇਜ ਤੇ ਲਿਟਾਵਾਂ" ਤੇ ਝਟਪਟ ਅਗਾਂਹ ਹੋ ਕੇ ਉਸ ਨੇ ਕ੍ਰਿਸ਼ਨਾ ਦੀ ਲਾਸ਼ ਨੂੰ ਪ੍ਰਮਦ ਦੇ ਮੰਜੇ ਤੇ ਲਿਟਾ ਦਿਤਾ।

ਪ੍ਰਮਦ ਨੇ ਉਸ ਦੀ ਕੋਈ ਗਲ ਨਹੀਂ ਸੁਣੀ, ਨਾ ਹੀ ਕ੍ਰਿਸ਼ਨਾ ਦੀ ਲੋਥ ਨੂੰ ਤੱਕ ਕੇ ਉਹ ਚੀਕਿਆ ਚਿੱਲਾਇਆ। ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ। ਉਹ ਪਥਰਾਈ ਨਜ਼ਰ ਨਾਲ ਕ੍ਰਿਸ਼ਨਾ ਦੇ ਬੇਜਾਨ ਚਿਹਰੇ ਉਤੇ ਨੀਝ ਲਾਈ ਤਕ ਰਿਹਾ ਸੀ ਤੇ ਜਾਂ ਉਸ ਦਾ ਖੱਬਾ ਹਥ ਹੌਲੀ ਹੌਲੀ ਕ੍ਰਿਸ਼ਨਾ ਦੇ ਲਹੂ ਲੁਹਾਨ ਪਿੰਡੇ ਉਤੇ ਫਿਰ ਰਿਹਾ ਸੀ।

ਕਮਰੇ ਦੀ ਛੱਤ ਨਾਲ ਚਲ ਰਹੇ ਪੱਖੇ ਦੀ ਆਵਾਜ਼ ਨੂੰ ਚੀਰ ਕੇ ਕੇਸਰ ਕੌਰ ਦੀ ਇਹ ਦੁਹਾਈ ਗੂੰਜ ਉਠੀ — "ਬਾਪੂ ਜੀ ਕਿਥੇ ਗਏ — ਵੇ ਸਤਨਾਮ। ਬਾਪੂ ਜੀ ਨਜ਼ਰੀਂ ਨਹੀਂ ਆਉਂਦੇ ਕਿਤੇ। ਜਾਓ ਵੇ ਕੋਈ ਸਾਰ ਲਓ ਉਨ੍ਹਾਂ ਦੀ।"

ਪਰ ਬਾਬੇ ਨੂੰ ਢੂੰਡਣ ਲਈ ਕਿਸੇ ਨੂੰ ਵੀ ਜਾਣਾ ਨਾ ਪਿਆ ਜਦ ਬੂਹੇ ਵਲੋਂ ਹਸਪਤਾਲ ਦੇ ਦੋ ਕਰਮਚਾਰੀ ਉਸ ਨੂੰ ਦੋਹਾਂ ਬਾਹਾਂ ਤੋਂ ਥੰਮ੍ਹੀ ਲਿਆਉਂਦੇ ਦਿਸੇ, ਜਿਨ੍ਹਾਂ ਦੀ ਜ਼ਬਾਨੀ ਪਤਾ ਲਗਾ ਕਿ ਬਾਬਾ ਜੀ ਨੂੰ ਫਿਟ ਆ ਗਿਆ ਸੀ। ਬਾਬਾ ਜੀ ਦੀ ਪਗ ਲਥ ਕੇ ਗਲ ਵਿਚ ਪਈ ਹੋਈ ਸੀ ਤੇ ਉਨ੍ਹਾਂ ਦੇ ਸਿਰ ਦੇ ਰੂੰ ਵਰਗੇ ਚਿੱਟੇ ਵਾਲ ਪਖੇ ਦੀ ਹਵਾ ਨਾਲ ਇਧਰ ਉਧਰ

ਉਡ ਰਹੇ ਸਨ। ਉਹਨਾਂ ਦੀਆਂ ਅੱਖਾਂ ਵਿਚ ਅੱਥਰੂ ਸਨ, ਪਰ ਬੁੱਲ੍ਹਾਂ ਵਿਚੋਂ ਹੌਲੀ ਹੌਲੀ ਉਚਾਰਣ ਨਿਕਲ ਰਿਹਾ ਸੀ, "ਸ੍ਰੀ ਏਨਮੋ ਭਗਵਤੇ ਵਾਸਦੇਵਾ, ਸ੍ਰੀ ਏਨਮੋ ਭਗਵਤੇ ਵਾਸਦੇਵਾ"।

ਪ੍ਰਮਦ ਵਲੋਂ ਹਟ ਕੇ ਸਤਨਾਮ ਜਿਉਂ ਹੀ ਬਾਬਾ ਜੀ ਵਲ ਦੌੜਨ ਲਗਾ ਕਿ ਠਾਹ ਠਾਹ ਦੀ ਆਵਾਜ਼ ਨੇ ਕਮਰੇ ਵਿਚ ਅਧੇ ਸਭਨਾਂ ਦੇ ਕੰਨਾਂ ਨੂੰ ਝੰਜੋੜ ਸੁਟਿਆ ਦਿਤੇ।

ਪਿਛਾਂਹ ਮੁੜ ਕੇ ਸਤਨਾਮ ਨੇ ਵੇਖਿਆ, ਪ੍ਰਮਦ ਦੀ ਲੋਥ, ਕ੍ਰਿਸ਼ਨਾ ਦੀ ਲੋਥ ਦੇ ਸਜੇ ਪਾਸੇ ਪਈ ਸੀ, ਜਿਸ ਵਿਚ ਦੋ ਕੁ ਕੰਬਣੀਆਂ ਜਿਹੀਆਂ ਪੈਦਾ ਹੋਈਆਂ, ਤੇ ਫਿਰ ਸਦਾ ਲਈ ਠੰਢੀ ਹੋ ਗਈ।

"ਆਹ! ਪ੍ਰਮਦ" ਸਤਨਾਮ ਪੁਕਾਰ ਉਠਿਆ — "ਤੂੰ ਖ਼ੁਦਕੁਸ਼ੀ ਕਰ ਲਈ, ਤੂੰ ਅਖ਼ੀਰ ਤਕ ਬਾਜ਼ ਨਾ ਆਇਓਂ ਆਪਣੀਆਂ ਜਲਦਬਾਜ਼ੀਆਂ ਤੋਂ।"

ਸੀਨੇ ਦੇ ਖਬੇ ਪਾਸੇ, ਐਨ ਉਸੇ ਥਾਂ ਤੇ, ਜਿਥੇ ਕ੍ਰਿਸ਼ਨਾ ਨੂੰ ਗੋਲੀ ਵਜੀ ਸੀ, ਪ੍ਰਮਦ ਦੀ ਛਾਤੀ ਛੇਕੀ ਹੋਈ ਸੀ। ਪਿਸਤੌਲ ਦਾ ਦਸਤਾ ਅਜੇ ਤੀਕ ਉਸ ਦੇ ਹਥ ਵਿਚ, ਤੇ ਉਸ ਦੀ ਨਾਲੀ ਅਜੇ ਤੀਕ ਉਸ ਦੇ ਸੀਨੇ ਨਾਲ ਸੀ। ਸਾਰਾ ਕਮਰਾ ਸੜੇ ਹੋਏ ਬਾਰੂਦ ਦੀ ਮੁਸ਼ਕ ਨਾਲ ਤੇ ਧੂੰਏਂ ਨਾਲ ਭਰ ਗਿਆ।

ਸਤਨਾਮ ਦੇ ਚਿਹਰੇ ਉਤੇ ਇਕ ਵਾਰੀ ਫੇਰ ਉਹੀ ਪਾਗਲਪਣ ਦੇ ਚਿੰਨ੍ਹ ਪ੍ਰਗਟ ਹੋਏ, ਤੇ ਉਚੀ ਸਾਰੀ ਕਹਿਕਾ ਮਾਰਦਿਆਂ ਉਸ ਨੇ ਕਹਿਣਾ ਸ਼ੁਰੂ ਕੀਤਾ — "ਕਿਤਨੀ ਸ਼ਾਨਦਾਰ ਹੈ ਮੇਰੀ ਭੈਣ ਦੀ ਸੁਹਾਗ ਰਾਤ" ਤੇ ਇਸ ਪਾਗਲਪਣੇ ਦੀ ਹਾਲਤ ਵਿਚ ਉਸ ਨੇ ਕੇਸਰ ਕੌਰ ਵਲ ਤਕਿਆ, ਜਿਹੜੀ ਭੁਬਕ ਭੁਬਕ ਕੇ ਰੋ ਰਹੀ ਸੀ। ਫਿਰ ਉਸ ਨੇ ਬਾਬਾ ਜੀ ਵਲ ਤਕਿਆ, ਜਿਨ੍ਹਾਂ ਦਾ "ਸ੍ਰੀ ਏਨਮੋ... ..." ਉਚਾਰਨ ਹੁਣ ਅੱਥਰੂਆਂ ਵਿਚ ਨਹਾ ਨਹਾ ਕੇ ਉਨ੍ਹਾਂ ਦੇ ਗਲੇ ਚੋਂ ਨਿਕਲ ਰਿਹਾ ਸੀ।

ਦੋਹਾਂ ਵਲ ਤੱਕਦਾ ਹੋਇਆ ਸਤਨਾਮ ਬੋਲਿਆ — "ਬੀਬੀ! ਬਾਪੂ ਜੀ! ਤੁਸੀਂ ਰੋ ਰਹੇ ਹੋ? ਹਾਂ ਹਾਂ, ਖੂਬ ਰਜ ਕੇ ਰੋਵੋ। ਧੀ ਨੂੰ ਡੋਲੇ ਚਾੜ੍ਹਨ ਲਗਿਆਂ ਮਾਪੇ ਰੋਂਦੇ ਹੀ ਹੁੰਦੇ ਨੇ ਕਿ।"

"ਵੇ ਸਤਨਾਮ! ਵੇ ਤੈਨੂੰ ਕੀ ਹੋ ਗਿਆ।" ਕਹਿੰਦਿਆਂ ਕਹਿੰਦਿਆਂ ਮਾਂ ਨੇ ਪੁੱਤਰ ਨੂੰ ਘੁਟ ਕੇ ਹਿੱਕ ਨਾਲ ਲਾ ਲਿਆ।

ਬਾਬਾ ਜੀ ਦਾ ਪਾਠ ਹੁਣ ਪੂਰੀ ਰਵਾਨੀ ਵਿਚ ਪਖੇ ਦੀ ਘੂੰ ਘੂੰ ਵਿਚ ਰਲ ਕੇ ਕਮਰੇ ਵਿਚ ਗੂੰਜ ਰਿਹਾ ਸੀ —

"ਸ੍ਰੀ ਏਨਮੋ ਭਗਵਤੇ ਵਾਸਦੇਵਾ,
ਸ੍ਰੀ ਏਨਮੋ ਭਗਵਤੇ ਵਾਸਦੇਵਾ"

ਚਹੁੰ ਤਹਿਆਂ ਵਿਚ ਠਪਿਆ ਹੋਇਆ ਸੀ, ਜਿਸ ਦੇ ਵਿਚਕਾਰ ਕਰਕੇ ਗੋਲੀ ਦਾ ਛੇਕ ਸੀ ਤੇ ਉਸ ਦਾ ਕਾਫ਼ੀ ਹਿਸਾ ਲਹੂ ਨਾਲ ਲਿਬੜਿਆ ਹੋਇਆ ਸੀ। ਜਿਉਂ ਹੀ ਸਤਨਾਮ ਨੇ ਕਾਗ਼ਜ਼ ਉਸ ਦੇ ਹਥੋਂ ਫੜਿਆ ਕਿ ਕ੍ਰਿਸ਼ਨਾ ਦਾ ਹਥ ਬੇਹਿਸ ਹੋ ਕੇ ਮੁੜ ਪਿਛਾਂਹ ਵਲ ਨੂੰ ਲਟਕ ਗਿਆ ਤੇ ਸਤਨਾਮ ਦੇ ਚਿਹਰੇ ਉਤੇ ਗਡੀ ਹੋਈ ਉਸ ਦੀ ਨਜ਼ਰ ਇਨ੍ਹਾਂ ਦੋ ਅਖਰਾਂ "ਭਾ... ...ਪ੍ਰ... ..." ਉਤੇ ਆ ਕੇ ਪਥਰਾ ਗਈ, ਜਿਹੜੇ ਅੰਤਮ ਵੇਰ ਉਸ ਦੇ ਬੁੱਲ੍ਹਾਂ ਚੋਂ ਸਤਨਾਮ ਨੇ ਸੁਣੇ।

ਇਹੋ ਸੀ ਕ੍ਰਿਸ਼ਨਾ ਦੀ ਆਖ਼ਰੀ ਹਰਕਤ ਤੇ ਆਖ਼ਰੀ ਆਵਾਜ਼। ਕ੍ਰਿਸ਼ਨਾ ਦੇ ਸਰੀਰ (ਸਰੀਰ ਨਹੀਂ ਇਸ ਨੂੰ ਹੁਣ ਲੋਥ ਕੀ ਕਹਿਣਾ ਚਾਹੀਦਾ) ਨੂੰ ਸੰਭਾਲੀ ਸਤਨਾਮ ਪੂਰੀ ਤੇਜ਼ੀ ਨਾਲ ਵਾਰਡ ਨੰਬਰ ਪੰਜ ਵਲ ਦੌੜ ਪਿਆ। ਦੌੜ ਸ਼ਾਇਦ ਇਸ ਲਈ ਪਿਆ ਕਿ ਹੁਣ ਉਸ ਨੂੰ ਇਹ ਖ਼ਤਰਾ ਨਹੀਂ ਸੀ ਰਿਹਾ ਕਿ ਦੌੜਨ ਨਾਲ ਕ੍ਰਿਸ਼ਨਾ ਦੇ ਜ਼ਖ਼ਮ ਨੂੰ ਤਕਲੀਫ਼ ਪਹੁੰਚੇਗੀ — ਤਕਲੀਫ਼ਾਂ ਨੂੰ ਮਹਿਸੂਸਣ ਵਾਲੀ ਚੀਜ਼ ਕ੍ਰਿਸ਼ਨਾ ਦਾ ਸਾਥ ਛਡ ਚੁਕੀ ਸੀ।

ਵਾਰਡ ਨੰਬਰ ਪੰਜ ਆ ਗਿਆ, ਸਤਨਾਮ ਉਸ ਦੇ ਬਰਾਂਡੇ ਵਿਚ ਦਾਖ਼ਲ ਹੋਇਆ ਤੇ ਫੇਰ ਉਸ ਲੰਮੇ ਕਮਰੇ ਵਿਚ।

ਪ੍ਰਮਦ ਇਸ ਵੇਲੇ ਆਪਣੇ ਮੰਜੇ ਤੇ ਲੇਟਿਆ ਹੋਇਆ ਨੀਂਦਰ ਜਾਂ ਅਧ ਨੀਂਦੇ ਦੀ ਹਾਲਤ ਵਿਚ ਸ਼ਾਇਦ ਕੋਈ ਰੰਗੀਨ ਖ਼ਾਬ ਵੇਖ ਰਿਹਾ ਸੀ ਕਿ ਅਚਾਨਕ ਹੀ ਕਮਰੇ ਵਿਚ ਰੌਲੇ ਦੀ ਅਵਾਜ਼ ਸੁਣ ਕੇ ਉਸ ਦੀ ਖ਼ਾਬ ਜਾਂ ਤੰਦਰਾ, ਜੋ ਕੁਝ ਵੀ ਸੀ, ਮੋਤੀਆਂ ਦੀ ਲੜੀ ਵਾਂਗ ਟੁਟ ਕੇ ਖਿਲਰ ਗਈ। ਉਠਣ ਦੀ ਅਜੇ ਵੀ ਉਸ ਨੂੰ ਮਨਾਹੀ ਸੀ, ਜਿਸ ਕਰਕੇ ਲੰਮਾ ਪਿਆ ਪਿਆ ਹੀ ਉਹ ਬੂਹੇ ਵਲ ਮੂੰਹ ਕਰਕੇ ਇਸ ਰੌਲੇ ਦਾ ਜਾਇਜ਼ਾ ਲੈਣ ਦੀ ਕੋਸ਼ਿਸ਼ ਕਰਨ ਲਗਾ, ਕਿ ਬੂਹੇ ਵਿਚੋਂ ਉਸ ਨੇ ਸਤਨਾਮ ਨੂੰ ਆਉਂਦਿਆਂ ਤਕਿਆ, ਜਿਸ ਦੀਆਂ ਬਾਹਾਂ ਉਤੇ ਕ੍ਰਿਸ਼ਨਾ ਦਾ ਸਰੀਰ ਫੈਲਿਆ ਹੋਇਆ ਸੀ, ਜਿਸ ਦੀਆਂ ਲੱਤਾਂ ਬਾਹਾਂ ਦੁਪਾਸੀਂ ਲਟਕੀਆਂ ਹੋਈਆਂ ਤੇ ਜਿਸ ਦੀ ਲੰਮੀ ਗੁਤ ਇਸ ਵੇਲੇ ਫ਼ਰਸ਼ ਉਤੇ ਰੁਲਕਦੀ ਆ ਰਹੀ ਸੀ। ਕ੍ਰਿਸ਼ਨਾ ਦੇ ਸੀਨੇ ਵਿਚੋਂ ਲਹੂ ਅਜੇ ਤੀਕ ਨਿਕਲ ਨਿਕਲ ਕੇ ਉਸ ਦੀ ਕਮੀਜ਼ ਨੂੰ ਲਾਲ ਕਰ ਰਿਹਾ ਸੀ।

"ਹੈਂ !, ਨਸੀਮ ! ਮੇਰੀ ਨ...ਨ..." ਥਥਲਾਂਦਾ, ਹਫਦਾ ਤੇ ਬੜਬੜਾਂਦਾ ਹੋਇਆ ਪ੍ਰਮਦ ਬਿਨਾ ਆਪਣੇ ਜ਼ਖ਼ਮ ਦੀ ਪਰਵਾਹ ਕੀਤਿਆਂ ਉਠ ਨਸਿਆ — "ਸਤਨਾਮ ! ਇਹ ਇਹ..."

"ਕੁਝ ਨਹੀਂ ਦੋਸਤ" ਸਤਨਾਮ ਦੇ ਚਿਹਰੇ ਉਤੇ ਪਾਗਲਾਂ ਵਾਲਾ ਹਾਸਾ ਸੀ — "ਇਹ ਤੇਰੀ ਦੁਲਹਨ ਹੈ। ਆ ਇਸ ਨੂੰ ਤੇਰੀ ਸੁਹਾਗ-ਸੇਜ ਤੇ ਲਿਟਾਵਾਂ" ਤੇ ਝਟਪਟ ਅਗਾਂਹ ਹੋ ਕੇ ਉਸ ਨੇ ਕ੍ਰਿਸ਼ਨਾ ਦੀ ਲਾਸ਼ ਨੂੰ ਪ੍ਰਮਦ ਦੇ ਮੰਜੇ ਤੇ ਲਿਟਾ ਦਿਤਾ।

ਪ੍ਰਮਦ ਨੇ ਉਸ ਦੀ ਕੋਈ ਗਲ ਨਹੀਂ ਸੁਣੀ, ਨਾ ਹੀ ਕ੍ਰਿਸ਼ਨਾ ਦੀ ਲੋਥ ਨੂੰ ਤੱਕ ਕੇ ਉਹ ਚੀਕਿਆ ਚਿੱਲਾਇਆ। ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ। ਉਹ ਪਥਰਾਈ ਨਜ਼ਰ ਨਾਲ ਕ੍ਰਿਸ਼ਨਾ ਦੇ ਬੇਜਾਨ ਚਿਹਰੇ ਉਤੇ ਨੀਝ ਲਾਈ ਤਕ ਰਿਹਾ ਸੀ ਤੇ ਜਾਂ ਉਸ ਦਾ ਖੱਬਾ ਹਥ ਹੌਲੀ ਹੌਲੀ ਕ੍ਰਿਸ਼ਨਾ ਦੇ ਲਹੂ ਲੁਹਾਨ ਪਿੰਡੇ ਉਤੇ ਫਿਰ ਰਿਹਾ ਸੀ।

ਕਮਰੇ ਦੀ ਛੱਤ ਨਾਲ ਚਲ ਰਹੇ ਪੱਖੇ ਦੀ ਆਵਾਜ਼ ਨੂੰ ਚੀਰ ਕੇ ਕੇਸਰ ਕੌਰ ਦੀ ਇਹ ਦੁਹਾਈ ਗੂੰਜ ਉਠੀ — "ਬਾਪੂ ਜੀ ਕਿਥੇ ਗਏ — ਵੇ ਸਤਨਾਮ। ਬਾਪੂ ਜੀ ਨਜ਼ਰੀਂ ਨਹੀਂ ਆਉਂਦੇ ਕਿਤੇ। ਜਾਓ ਵੇ ਕੋਈ ਸਾਰ ਲਓ ਉਨ੍ਹਾਂ ਦੀ।"

ਪਰ ਬਾਬੇ ਨੂੰ ਢੂੰਡਣ ਲਈ ਕਿਸੇ ਨੂੰ ਵੀ ਜਾਣਾ ਨਾ ਪਿਆ ਜਦ ਬੂਹੇ ਵਲੋਂ ਹਸਪਤਾਲ ਦੇ ਦੋ ਕਰਮਚਾਰੀ ਉਸ ਨੂੰ ਦੋਹਾਂ ਬਾਹਾਂ ਤੋਂ ਥੰਮ੍ਹੀ ਲਿਆਉਂਦੇ ਦਿਸੇ, ਜਿਨ੍ਹਾਂ ਦੀ ਜ਼ਬਾਨੀ ਪਤਾ ਲਗਾ ਕਿ ਬਾਬਾ ਜੀ ਨੂੰ ਫ਼ਿਟ ਆ ਗਿਆ ਸੀ। ਬਾਬਾ ਜੀ ਦੀ ਪਗ ਲਥ ਕੇ ਗਲ ਵਿਚ ਪਈ ਹੋਈ ਸੀ ਤੇ ਉਨ੍ਹਾਂ ਦੇ ਸਿਰ ਦੇ ਰੂੰ ਵਰਗੇ ਚਿੱਟੇ ਵਾਲ ਪਖੇ ਦੀ ਹਵਾ ਨਾਲ ਏਧਰ ਓਧਰ

ਉਡ ਰਹੇ ਸਨ। ਉਹਨਾਂ ਦੀਆਂ ਅੱਖਾਂ ਵਿਚ ਅੱਥਰੂ ਸਨ, ਪਰ ਬੁੱਲ੍ਹਾਂ ਵਿਚੋਂ ਹੌਲੀ ਹੌਲੀ ਉਚਾਰਣ ਨਿਕਲ ਰਿਹਾ ਸੀ, "ਸ਼ਿਰੀ ਏਨਮੋ ਭਗਵਤੇ ਵਾਸਦੇਵਾ, ਸ਼ਿਰੀ ਏਨਮੋ ਭਗਵਤੇ ਵਾਸਦੇਵਾ"।

ਪ੍ਰਮਦ ਵਲੋਂ ਹਟ ਕੇ ਸਤਨਾਮ ਜਿਉਂ ਹੀ ਬਾਬਾ ਜੀ ਵਲ ਦੌੜਨ ਲਗਾ ਕਿ ਹੋਰ 'ਠਾਹ' ਦੀ ਆਵਾਜ਼ ਨੇ ਕਮਰੇ ਵਿਚ ਆਕੇ ਸਭਨਾਂ ਦੇ ਕੰਨਾਂ ਨੂੰ ਝਪੇ ਚਾੜ੍ਹ ਦਿਤੇ।

ਪਿਛਾਂਹ ਮੁੜ ਕੇ ਸਤਨਾਮ ਨੇ ਵੇਖਿਆ, ਪ੍ਰਮਦ ਦੀ ਲੋਥ, ਕ੍ਰਿਸ਼ਨਾ ਦੀ ਲੋਥ ਦੇ ਸਜੇ ਪਾਸੇ ਪਈ ਸੀ, ਜਿਸ ਵਿਚ ਦੋ ਕੁ ਕੰਬਣੀਆਂ ਜਿਹੀਆਂ ਪੈਦਾ ਹੋਈਆਂ, ਤੇ ਫਿਰ ਸਦਾ ਲਈ ਠੰਢੀ ਹੋ ਗਈ।

"ਆਹ ! ਪ੍ਰਮਦ" ਸਤਨਾਮ ਪੁਕਾਰ ਉਠਿਆ — "ਤੂੰ ਖ਼ੁਦਕੁਸ਼ੀ ਕਰ ਲਈ, ਤੂੰ ਅਖ਼ੀਰ ਤਕ ਬਾਜ਼ ਨਾ ਆਇਓਂ ਆਪਣੀਆਂ ਜਲਦਬਾਜ਼ੀਆਂ ਤੋਂ।"

ਸੀਨੇ ਦੇ ਖਬੇ ਪਾਸੇ, ਐਨ ਉਸੇ ਥਾਂ ਤੋਂ, ਜਿਥੇ ਕ੍ਰਿਸ਼ਨਾ ਨੂੰ ਗੋਲੀ ਵਜੀ ਸੀ, ਪ੍ਰਮਦ ਦੀ ਛਾਤੀ ਛੇਕੀ ਹੋਈ ਸੀ। ਪਿਸਤੌਲ ਦਾ ਦਸਤਾ ਅਜੇ ਤੀਕ ਉਸ ਦੇ ਹਥ ਵਿਚ, ਤੇ ਉਸ ਦੀ ਨਾਲੀ ਅਜੇ ਤੀਕ ਉਸ ਦੇ ਸੀਨੇ ਨਾਲ ਸੀ। ਸਾਰਾ ਕਮਰਾ ਸੜੇ ਹੋਏ ਬਾਰੂਦ ਦੀ ਮੁਸ਼ਕ ਨਾਲ ਤੇ ਧੂੰਏਂ ਨਾਲ ਭਰ ਗਿਆ।

ਸਤਨਾਮ ਦੇ ਚਿਹਰੇ ਉਤੇ ਇਕ ਵਾਰੀ ਫੇਰ ਓਹੀ ਪਾਗਲਪਣੇ ਦੇ ਚਿੰਨ੍ਹ ਪ੍ਰਗਟ ਹੋਏ, ਤੇ ਉਹੀ ਸਾਰੀ ਕਹਿਕਾ ਮਾਰਦਿਆਂ ਉਸ ਨੇ ਕਹਿਣਾ ਸ਼ੁਰੂ ਕੀਤਾ — "ਕਿਤਨੀ ਸ਼ਾਨਦਾਰ ਹੈ ਮੇਰੀ ਭੈਣ ਦੀ ਸੁਹਾਗ ਰਾਤ" ਤੇ ਇਸ ਪਾਗਲਪਣੇ ਦੀ ਹਾਲਤ ਵਿਚ ਉਸ ਨੇ ਕੇਸਰ ਕੌਰ ਵਲ ਤਕਿਆ, ਜਿਹੜੀ ਬੁਸਕ ਬੁਸਕ ਕੇ ਰੋ ਰਹੀ ਸੀ। ਫਿਰ ਉਸ ਨੇ ਬਾਬਾ ਜੀ ਵਲ ਤਕਿਆ, ਜਿਨ੍ਹਾਂ ਦਾ "ਸ਼ਿਰੀ ਏਨਮੋ... ..." ਉਚਾਰਨ ਹੁਣ ਅੱਥਰੂਆਂ ਵਿਚ ਨਹਾ ਨਹਾ ਕੇ ਉਨ੍ਹਾਂ ਦੇ ਗਲੇ ਚੋਂ ਨਿਕਲ ਰਿਹਾ ਸੀ।

ਦੋਹਾਂ ਵਲ ਤੱਕਦਾ ਹੋਇਆ ਸਤਨਾਮ ਬੋਲਿਆ — "ਭਾਬੀ ! ਬਾਪੂ ਜੀ ! ਤੁਸੀਂ ਰੋ ਰਹੇ ਹੋ ? ਹਾਂ ਹਾਂ, ਖ਼ੂਬ ਰਜ ਕੇ ਰੋਵੋ। ਧੀ ਨੂੰ ਡੋਲੇ ਚਾੜ੍ਹਨ ਲਗਿਆਂ ਮਾਪੇ ਰੋਂਦੇ ਹੀ ਹੁੰਦੇ ਨੇ ਕਿ।"

"ਵੇ ਸਤਨਾਮ ! ਵੇ ਤੈਨੂੰ ਕੀ ਹੋ ਗਿਆ।" ਕਹਿੰਦਿਆਂ ਕਹਿੰਦਿਆਂ ਮਾਂ ਨੇ ਪੁੱਤਰ ਨੂੰ ਘੁਟ ਕੇ ਹਿੱਕ ਨਾਲ ਲਾ ਲਿਆ।

ਬਾਬਾ ਜੀ ਦਾ ਪਾਠ ਹੁਣ ਪੂਰੀ ਰਵਾਨੀ ਵਿਚ ਪਖੇ ਦੀ ਘੂੰ ਘੂੰ ਵਿਚ ਰਲ ਕੇ ਕਮਰੇ ਵਿਚ ਗੂੰਜ ਰਿਹਾ ਸੀ —

"ਸ਼ਿਰੀ ਏਨਮੋ ਭਗਵਤੇ ਵਾਸਦੇਵਾ,
ਸ਼ਿਰੀ ਏਨਮੋ ਭਗਵਤੇ ਵਾਸਦੇਵਾ"